
ਸ੍ਰੀ ਗੁਰੂ ਅਰਜਨ ਦੇਵ ਜੀ ਦੀ ਚੌਥੀ ਸ਼ਹੀਦੀ ਸ਼ਤਾਬਦੀ



ਲੇਖਕ :
ਸਰੂਪ ਸਿੰਘ ਨਾਰੰਗ (ਯੂ.ਕੇ)

ਮੀਤੁ ਕਰੈ ਸੋਈ ਹਮ ਮਾਨਾ॥
ਮੀਤ ਕੇ ਕਰਤਬ ਕੁਸਲ ਸਮਾਨਾ॥ (ਪੰਨਾ 187)

ਸ਼੍ਰੀ ਗੁਰੂ ਅਰਜਨ ਦੇਵ ਜੀ
ਦੀ
ਚੌਥੀ ਸ਼ਹੀਦੀ ਸ਼ਤਾਬਦੀ

ਲੇਖਕ: ਸਰੂਪ ਸਿੰਘ ਨਾਰੰਗ (ਯੂਕੇ)

ਗੁਰੂ ਅਰਜਨ ਦੇਵ ਜੀ
ਦੀ
ਚੌਥੀ ਸ਼ਹੀਦੀ ਸ਼ਤਾਬਦੀ

ਲੇਖਕ: ਸਰੂਪ ਸਿੰਘ ਨਾਰੰਗ (ਯੂਕੇ)

ਪਹਿਲੀ ਵਾਰ ਦਸੰਬਰ 2006

ਕੁਲ ਪੁਸਤਕਾਂ 3000

ਭੇਟਾ:- ਪੜ੍ਹਨਾ, ਵਿਚਾਰਨਾ ਤੇ ਅਮਲ ਕਰਨਾ

ਪ੍ਰਕਾਸ਼ਕ:

ਸੇਵਾ ਸਿੰਘ (ਸੰਤ)

ਗੁਰਦੁਆਰਾ ਰਾਮਪੁਰ ਖੇੜਾ

ਡਾਕਖਾਨਾ: ਗੜ੍ਹਦੀਵਾਲਾ

ਜ਼ਿਲ੍ਹਾ ਹੁਸ਼ਿਆਰਪੁਰ - 144207

ਫੋਨ 01886-260334

ਤਤਕਰਾ

ਪੁਸਤਕ ਬਾਰੇ ਵਿਚਾਰ 1

ਪ੍ਰਕਾਸ਼ਕ ਵਲੋਂ ਮੁੱਢਲੇ ਸ਼ਬਦ 4

ਲੇਖਕ ਵਲੋਂ ਮੁੱਢਲੇ ਸ਼ਬਦ 6

ਭਾਗ 1

ਗੁਰੂ ਅਰਜਨ ਸਾਹਿਬ ਸਬੰਧੀ ਸੰਖੇਪ ਜਾਣਕਾਰੀ

1. ਗੁਰੂ ਸਾਹਿਬ ਦੀ ਮਹਾਨ ਪਰਉਪਕਾਰੀ ਸ਼ਖਸੀਅਤ 15
2. ਗੁਰੂ ਅਰਜਨ ਸਾਹਿਬ ਦੀਆਂ ਪਰਉਪਕਾਰੀ ਲੋਕ ਸੇਵਾਵਾਂ 22
3. ਗੁਰੂ ਅਰਜਨ ਸਾਹਿਬ – ਮਹਾਨ ਉਸਰੱਈਏ 28
4. ਗੁਰੂ ਗਰੰਥ ਸਾਹਿਬ ਦੀ ਸੰਪਾਦਨਾ – ਸਾਹਿਤਕ ਪ੍ਰਤਭਾ 32

ਭਾਗ 2

5. ਸਿੱਖ ਧਰਮ 'ਚ ਸ਼ਹਾਦਤ ਦਾ ਸੰਕਲਪ 49
6. ਸ਼ਹੀਦ ਮੌਤ ਤੋਂ ਕਿਉਂ ਨਹੀਂ ਡਰਦੇ? 59
7. ਸ਼ਹਾਦਤ ਦੀ ਲੋੜ ਕਿਉਂ ਪੈਂਦੀ ਹੈ? 66
8. ਸ਼ਹੀਦਾਂ ਦਾ ਖੂਨ ਕਦੀ ਅਜਾਈਂ ਨਹੀਂ ਜਾਂਦਾ 71

ਭਾਗ 3

9. ਸਿੱਖਾਂ ਵਲੋਂ ਆਪਣੇ ਬੇਮਿਸਾਲ ਇਤਿਹਾਸ ਦੀ ਅਣਗਹਿਲੀ 77
10. ਸਮੇਂ ਦੇ ਹਾਕਮਾਂ ਨੂੰ ਸਿੱਖੀ 'ਚ ਵਾਧਾ ਨਾ ਸੁਖਾਇਆ 84
11. ਗੁਰੂ ਸਾਹਿਬ ਦੀ ਸ਼ਹਾਦਤ 'ਚ ਜਹਾਂਗੀਰ ਦਾ ਰੋਲ 94
12. ਸ਼ੇਖ ਅਹਿਮਦ ਸਰਹੰਦੀ ਤੇ ਸ਼ੇਖ ਫਰੀਦ ਬੁਖਾਰੀ ਦਾ ਰੋਲ 101
13. ਪ੍ਰਿਥੀ ਚੰਦ ਦਾ ਰੋਲ 105
14. ਚੰਦੂ ਦਾਂ ਰੋਲ 109
15. ਜੁਰਮਾਨਾ ਕਿਸ ਨੂੰ? 114
16. ਜਹਾਂਗੀਰ ਦਾ ਸ਼ਹਾਦਤ ਬਾਰੇ ਹੁਕਮ ਫਾਰਸੀ 'ਚ 117
17. 'ਸਿਯਾਸਤ' ਤੇ 'ਯਾਸਾ' ਦੇ ਸਹੀ ਅਰਥ ਕੀ ਹਨ ? 118
18. ਗੁਰੂ ਅਰਜਨ ਸਾਹਿਬ ਦੀ ਸ਼ਹਾਦਤ 125

ਭਾਗ 4

19. ਗੁਰੂ ਅਰਜਨ ਸਾਹਿਬ ਦਾ ਗੁਰੂ ਨਾਨਕ ਮਿਸ਼ਨ ਦੇ ਪਹਿਲੇ ਪੜਾਅ ਦੀ ਸੰਪੂਰਨਤਾ ਵਿੱਚ ਪਾਇਆ ਯੋਗਦਾਨ 137

20. ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਤੇ ਚੁਰਾਸੀ ਦੇ ਘੱਲੂਘਾਰੇ 144

ਭਾਗ 5

21. ਸਿੱਖ ਕੌਮ ਦੀ ਵਰਤਮਾਨ ਹਾਲਤ? 174

22. ਅੱਜ ਦੇ ਪਦਾਰਥਵਾਦ 'ਚ 'ਹਲੇਮੀ ਰਾਜ' ਦੀ ਲੋੜ 189

23. ਆਓ, ਆਪਣਾ ਫ਼ਰਜ਼ ਪਛਾਣੀਏ 200

24. ਆਓ, ਗੁਰਮਤਿ ਅਨੁਸਾਰ ਅਮਲੀ ਜੀਵਨ ਜੀਵੀਏ 208

25. ਸ਼ਰਧਾਂਜਲੀ 215

26. ਅੰਤਿਕਾ- ਗੁਰੂ ਅਰਜਨ ਸਾ: ਹਬ ਸਬੰਧੀ ਜਾਣਕਾਰੀ 219

ਪੁਸਤਕ ਬਾਰੇ ਵਿਚਾਰ

ਸਰਦਾਰ ਸਰੂਪ ਸਿੰਘ ਨਾਰੰਗ ਯੂਕੇ ਵਲੋਂ ਗੁਰੂ ਅਰਜਨ ਦੇਵਜੀ ਦੀ ਚਾਰ ਸੌ ਸਾਲਾ ਸ਼ਹੀਦੀ ਸਮਾਰੋਹ 'ਤੇ ਲਿਖੀ ਹੱਥਲੀ ਪੁਸਤਕ ਬੜੀ ਸ਼ਲਾਘਾ ਯੋਗ ਰਚਨਾ ਹੈ। ਆਪ ਜੀ ਨੇ ਇਸ ਨਿੱਕੀ ਜਿਹੀ ਪੁਸਤਕ 'ਚ ਜਿੱਥੇ ਗੁਰੂ ਅਰਜਨ ਸਾਹਿਬ ਦੇ ਜੀਵਨ, ਉਹਨਾਂ ਦੇ ਉਸਾਰੂ ਤੇ ਪਰਉਪਕਾਰੀ ਕੰਮਾਂ, ਲੋਕਾਂ ਦੀ ਲੁੱਟ-ਖਸੁਟ ਕਰ ਰਹੇ ਬ੍ਰਾਹਮਣਾਂ ਤੇ ਕਾਜ਼ੀਆਂ, ਵਕਤ ਦੇ ਹਾਕਮਾਂ ਦੇ ਤਅੱਸੁਬੀ ਫਤਵਿਆਂ ਅਤੇ ਗੁਰੂ ਸਾਹਿਬ ਦੀ ਸ਼ਹਾਦਤ ਸਬੰਧੀ ਪਏ ਭੁਲੇਖਿਆਂ 'ਤੇ ਚਾਨਣਾ ਪਾਉਣ ਦਾ ਖੋਜ ਭਰਪੂਰ ਉਪਰਾਲਾ ਕੀਤਾ ਹੈ। ਆਪ ਜੀ ਦੀ ਲਿਖਤ 'ਚ ਸਰਲਤਾ ਹੈ, ਸੰਜਮਤਾ ਹੈ, ਸੱਪਸ਼ਟਤਾ ਹੈ ਅਤੇ ਗੰਭੀਰਤਾ ਹੈ। ਇਸ ਨਿੱਕੀ ਪਰ ਤਿੱਖੀ ਲਿਖਤ ਲਈ ਮੈਂ ਲੇਖਕ ਨੂੰ ਮੁਬਾਰਕਬਾਦ ਵੀ ਦਿੰਦਾ ਹਾਂ ਅਤੇ ਪਾਠਕਾਂ ਨੂੰ ਇਸ ਨੂੰ ਪੜ੍ਹਨ ਦੀ ਸਲਾਹ ਵੀ।

ਹਰਬਿੰਦਰ ਸਿੰਘ ਯੂਕੇ

'ਗੁਰੂ ਅਰਜਨ ਦੇਵਜੀ ਦੀ 400 ਸਾਲਾ ਸ਼ਹਾਦਤ ਨੂੰ ਸਮਰਪਿਤ ਇਸ ਪੁਸਤਕ ਰਾਹੀਂ ਲੇਖਕ ਸਰਦਾਰ ਸਰੂਪ ਸਿੰਘ ਨਾਰੰਗ ਯੂਕੇ ਨੇ ਜਿੱਥੇ ਗੁਰੂ ਅਰਜਨ ਸਾਹਿਬ ਦੇ ਪਰਉਪਕਾਰੀ ਤੇ ਲੋਕ-ਹਿਤਸ਼ੀ ਕਾਰਜਾਂ ਜਿਵੇਂ ਕਿ ਹਰਿਮੰਦਰ ਸਾਹਿਬ ਦੀ ਸਥਾਪਨਾ, ਗੁਰੂ ਗਰੰਥ ਸਾਹਿਬ ਦੀ ਅਦੁੱਤੀ ਸੰਪਾਦਨਾ ਆਦਿਕ ਦੇਣਾਂ 'ਤੇ ਚਾਨਣਾ ਪਾਇਆ ਹੈ, ਉਥੇ ਉਸ ਸਮੇਂ ਦੇ ਧਾਰਮਕ, ਸਮਾਜਕ ਅਤੇ ਰਾਜਨੀਤਕ ਪਿਛੋਕੜ 'ਤੇ ਵੀ ਸੰਖੇਪ ਝਾਤ ਪੁਆਈ ਹੈ।

ਲੇਖਕ ਨੇ ਬੜੀ ਲਗਨ ਤੇ ਖੋਜ ਦੁਆਰਾ ਗੁਰੂ ਸਾਹਿਬ ਦੀ ਸ਼ਹਾਦਤ ਸਬੰਧੀ ਪਏ ਭੁਲੇਖਿਆਂ ਨੂੰ ਦੂਰ ਕਰ ਕੇ ਸੱਚ ਸਾਹਮਣੇ ਲਿਆਉਣ ਦਾ ਸ਼ਲਾਘਾ ਯੋਗ ਉਪਰਾਲਾ ਕੀਤਾ ਹੈ ਜਿਸ ਲਈ ਉਹ ਵਧਾਈ ਦੇ ਪਾਤਰ ਹਨ।'

ਸਿਮਰਨ ਕੌਰ ਯੂਕੇ

"ਭਗਤਾਂ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥" ਦੇ ਮਹਾਨ ਵਾਕ ਅਨੁਸਾਰ ਭਗਤਾਂ ਤੇ ਦੁਨੀਆਦਾਰਾਂ ਭਾਵਧਰਮੀ ਬਾਬਿਆਂ ਕਿਆਂ ਅਤੇ

ਜਾਬਰ ਬਾਬਰ ਕਿਆਂ ਦਾ ਮੇਲ ਕਦੀ ਨਹੀਂ ਹੋਇਆ। ਨਿਮਰਤਾ, ਨਿਰਮਾਣਤਾ ਅਤੇ ਸ਼ਾਂਤੀ ਦੇ ਪੁੰਜ ਗੁਰੂ ਅਰਜਨ ਦੇਵਜੀ, ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਸਿਮਰਨ, ਲੋਕ ਸੇਵਾ ਅਤੇ ਪਰਉਪਕਾਰੀ ਕੰਮਾਂ 'ਚ ਗੁਜ਼ਾਰਿਆ, ਨੂੰ ਜਾਬਰ ਜਹਾਂਗੀਰ ਨੇ ਆਪਣੀ ਅਗਿਆਨਤਾ, ਹੰਕਾਰ ਅਤੇ ਰਾਜਸੀ ਬਲ ਅੱਗੇ ਝੁਕਾਉਣਾ ਚਾਹਿਆ, ਪਰ ਗੁਰੂ ਸਾਹਿਬ ਉਸ ਦੀ ਮੂੜ੍ਹਤਾ ਤੇ ਰਾਜਸੀ ਤਾਕਤ ਅੱਗੇ ਨਾ ਝੁੱਕੇ ਭਾਵੇਂ ਉਹਨਾਂ 'ਤੇ ਕਿਤਨੇ ਹੀ ਜ਼ਿਆਦਾ ਅਜ਼ਾਬ ਢਾਹੇ ਗਏ ਅਤੇ ਸ਼ਹੀਦ ਕਰ ਦਿੱਤਾ ਗਿਆ। ਸਰਦਾਰ ਸਰੂਪ ਸਿੰਘ ਨਾਰੰਗ ਨੇ ਹੱਥਲੀ ਪੁਸਤਕ "ਗੁਰੂ ਅਰਜਨ ਦੇਵਜੀ ਦੀ ਚੌਥੀ ਸ਼ਹੀਦੀ ਸ਼ਤਾਬਦੀ" ਵਿੱਚ ਸਤਿਗੁਰਾਂ ਦੀ ਸ਼ਹਾਦਤ, ਇਤਿਹਾਸ ਦੀ ਖੋਜ ਕਰਕੇ, ਬਹੁਤ ਹੀ ਢੁਕਵੇਂ ਅਖਰਾਂ 'ਚ ਬਿਆਨੀ ਹੈ। ਆਪ ਜੀ ਦੀ ਸੂਝ-ਬੂਝ ਅਤੇ ਖੋਜ, ਸੁਤੇ ਹੀ ਆਪ ਜੀ ਦੀ ਲਿਖਤ 'ਚੋਂ ਉਘੜ ਆਉਂਦੀ ਹੈ। ਇਸ ਸੋਹਣੇ ਯਤਨ ਲਈ ਨਾਰੰਗ ਜੀ ਮੁਬਾਰਕ ਦੇ ਹੱਕਦਾਰ ਨੇ।

ਪ੍ਰਿੰਸੀਪਲ ਰਾਜਿੰਦਰ ਸਿੰਘ ਗਿੱਲ, MSc.
(Founder Chairman Spirituality Seekers Foundation)

ਸ੍ਰ. ਸਰੂਪ ਸਿੰਘ ਨਾਰੰਗ ਸਿੱਖ ਇਤਿਹਾਸ ਤੇ ਗੁਰਬਾਣੀ ਦੇ ਸੁਹਿਰਦ ਖੋਜੀ ਅਤੇ ਇਕ ਸੱਚੇ ਤੇ ਉੱਘੇ ਵਿਦਵਾਨ ਹਨ। ਆਪ ਨੇ ਇਸ ਪੁਸਤਕ 'ਚ ਸ਼ਹੀਦਾਂ ਦੇ ਸਿਰਤਜ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵਜੀ ਦੇ ਸੇਵਾ, ਸਿਮਰਨ ਤੇ ਪ੍ਰੇਮ ਭਰਪੂਰ ਜੀਵਨ ਅਤੇ ਲਾਸਾਨੀ ਸ਼ਹਾਦਤ ਦੀ ਸੱਚੀ ਤੇ ਗੰਭੀਰ ਵਾਰਤਾ ਲਿਖ ਕੇ ਪਾਠਕਾਂ ਨੂੰ ਗੁਰੂ ਸਾਹਿਬ ਦੇ ਸ਼ਾਂਤੀ, ਸਬਰ ਤੇ ਸੰਤੋਖ ਨਾਲ ਹੱਕ ਤੇ ਸੱਚ ਦੀ ਜੱਦੋਜਹਿਦ ਕਰਨ ਲਈ ਪਾਏ ਪੂਰਨਿਆਂ ਤੇ ਚੱਲਣ ਲਈ ਬੜੀ ਸਫਲਤਾ ਨਾਲ ਪ੍ਰੇਰਿਆ ਹੈ।

ਬਲਦੇਵਸਿੰਘ ਸਾਬਰ
ਕਨਵੀਨਰ ਸਿੱਖ ਸਟੱਡੀ ਫੋਰਮ ਯੂ ਕੇ

ਗੁਰੂ ਅਰਜਨ ਦੇਵਜੀ ਦੀ ਲਾਸਾਨੀ ਸ਼ਹਾਦਤ ਇਕ ਨਵੇਕਲੀ ਕਿਸਮ ਦੀ ਕੁਰਬਾਨੀ ਦਾ ਬੇਮਿਸਾਲ ਸਾਕਾ ਸੀ। ਇਹ, ਅਨਿਆਂ, ਜ਼ੁਲਮ ਤੇ ਤਸ਼ੱਦਦ ਦੀ ਸਬਰ, ਸਿਦਕ, ਦ੍ਰਿੜਤਾ ਤੇ ਅਡੋਲਤਾ ਨਾਲ ਟੱਕਰ ਸੀ। ਜਹਾਂਗੀਰ ਦੀ ਹਕੂਮਤ ਤੱਤੀ, ਮੌਸਮ ਤੱਤਾ, ਤਵੀ ਤੱਤੀ, ਰੇਤਾ ਤੱਤਾ, ਦੇਗ ਤੱਤੀ, ਪਾਣੀ ਤੱਤਾ, ਚੰਦੂ ਦੇ ਜ਼ੁਲਮ ਤੱਤੇ, ਗੱਲ ਕੀ ਸਭ ਕੁਝ ਹੀ ਤੱਤਾ ਸੀ, ਅਗਰ ਠੰਡੇ ਸਨ, ਤਾਂ ਸ਼ਾਂਤੀ ਦੇ ਪੁੰਜ ਗੁਰੂ ਅਰਜਨ ਦੇਵਜੀ। ਗੁਰੂ ਸਾਹਿਬ ਨੇ ਸੱਚ ਦੇ

ਧਰਮ ਲਈ ਲਾਸਾਨੀ ਤੇ ਬੇਮਿਸਾਲ ਸ਼ਹਾਦਤ ਦੇ ਕੇ ਆਉਣ ਵਾਲੀਆਂ ਸਿੱਖ ਨਸਲਾਂ ਨੂੰ ਸੱਚ ਦੀ ਖਾਤਰ ਕੁਰਬਾਨੀ ਦੇਣ ਦਾ ਅਜਿਹਾ ਰਾਹ ਵਿਖਾਇਆ ਕਿ ਅੱਜ ਤਕ ਸਿੱਖ ਸ਼ਹੀਦੀਆਂ ਦੇਂਦੇ ਆ ਰਹੇ ਹਨ। ਸ੍ਰ. ਨਾਰੰਗ ਨੇ ਜਿੱਥੇ ਗੁਰੂ ਸਾਹਿਬ ਦੇ ਪਰਉਪਕਾਰੀ ਜੀਵਨ ਨੂੰ ਚਿਤਰਿਆ ਹੈ, ਉਥੇ ਅਜੋਕੀ ਸਿੱਖ ਹਾਲਤ 'ਤੇ ਵੀ ਚਾਨਣਾ ਪਾਇਆ ਹੈ। ਅਜਿਹੀਆਂ ਲਿਖਤਾਂ ਨਾਲ ਹੀ ਕੌਮਾਂ 'ਚ ਜਾਗਰਤੀ ਆਉਂਦੀ ਹੈ। ਵਾਹਿਗੁਰੂ ਸਰਦਾਰ ਨਾਰੰਗ ਨੂੰ ਇਸੇ ਤਰ੍ਹਾਂ ਕੌਮ ਦੀ ਸੇਵਾ ਕਰਦੇ ਰਹਿਣ ਦਾ ਬਲ ਬਖਸ਼ਣ।

ਤਰਸੇਮ ਸਿੰਘ ਦਿਉਲ, ਗੁਰੂ ਨਾਨਕ ਪ੍ਰਕਾਸ਼ਨ ਅਕੈਡਮੀ

ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵਜੀ ਦੀ 400 ਸਾਲਾ ਸ਼ਹਾਦਤ ਸ਼ਤਾਬਦੀ ਨਮਿਤ ਲਿਖੀ ਗਈ ਹੱਥਲੀ ਪੁਸਤਕ ਬੜੀ ਖੋਜ ਭਰਪੂਰ ਰਚਨਾ ਹੈ, ਜਿਸ 'ਚ ਲੇਖਕ ਸ੍ਰ. ਸਰੂਪ ਸਿੰਘ ਨਾਰੰਗ ਯੂਕੇ ਨੇ ਮਨੁੱਖ ਹਿਤੈਸ਼ੀ ਤੇ ਪਰਉਪਕਾਰੀ ਗੁਰੂ ਅਰਜਨ ਦੇਵਜੀ ਵਲੋਂ ਗੁਰਬਾਣੀ ਵਿਚਲੇ ਗੁਰਮਤਿ ਸਿਧਾਂਤਾਂ ਨੂੰ ਅਮਲੀ ਰੂਪ ਦੇਂਦਿਆਂ ਅਸਹਿ ਤੇ ਅਕਹਿ ਤਸੀਹੇ ਝਲਦਿਆਂ ਦਿੱਤੀ ਮਹਾਨ ਸ਼ਹਾਦਤ ਨੂੰ ਬੜੇ ਢੁਕਵੇਂ ਸ਼ਬਦਾਂ 'ਚ ਚਿਤਰਿਆ ਹੈ। ਸਰਦਾਰ ਨਾਰੰਗ ਨੇ ਜਿੱਥੇ ਕੌਮ ਦੀ ਵਰਤਮਾਨ ਹਾਲਤ ਦੀ ਸਹੀ ਤਸਵੀਰ ਪੇਸ਼ ਕੀਤੀ ਹੈ, ਉਥੇ ਅਜੋਕੇ ਹਾ:ਲਾ:ਤ :ਵੱਚ :ਸੱਖ ਕੌਮ ਆ:ਪਣੀ :ਨਆ:ਰੀ ਪਛਾ:ਣ ਤੇ :ਨਆ:ਰੇ ਗੌਰਵਨੂੰ :ਕਵੇਂ ਬਹਾ:ਲ ਕਰੇ? ਬਾ:ਰੇ ਵੀ ਭਾ:ਵਪੂਰਤ ਸੁਝਾ:ਅ ਪੇਸ਼ ਕੀਤੇ ਹਨ ਜਿਸ ਲਈ ਸਰਦਾਰ ਨਾਰੰਗ ਵਧਾਈ ਦੇ ਪਾਤਰ ਹਨ।

ਜਸ ਕੌਰ ਪਨੇਸਰ (ਡਾ:) ਲੰਡਨ

ਪ੍ਰਕਾਸ਼ਕ ਵਲੋਂ ਮੁੱਢਲੇ ਸ਼ਬਦ

ਦੋ ਸ਼ਬਦ

ਇਤਿਹਾਸ ਕੌਮਾਂ ਦੀ ਜਿੰਦ ਜਾਨ ਹੋਇਆ ਕਰਦਾ ਹੈ। ਜਿਸ ਕੌਮ ਦੇ ਵਿਦਵਾਨ ਆਪਣੇ ਇਤਿਹਾਸ ਨੂੰ ਮਿਲਾਵਣ ਪੈਣ ਤੋਂ ਬਚਾ ਕੇ ਸਹੀ ਰੂਪ ਵਿੱਚ ਸਾਂਭ ਲੈਂਦੇ ਹਨ, ਐਸੀਆਂ ਕੌਮਾਂ ਕਦੇ ਵੀ ਗਿਰਾਵਟ ਵਿੱਚ ਨਹੀਂ ਜਾਂਦੀਆਂ। ਜੇ ਕਦੇ ਸੰਸਾਰ ਵਿੱਚ ਵਿਚਰਦਿਆਂ ਉਨ੍ਹਾਂ ਦੇ ਮੰਜਲੇ-ਪੰਧ ਵਿੱਚ ਕੋਈ ਰੁਕਾਵਟ ਆ ਬਣੇ ਤਦ ਉਹ ਆਪਣੇ ਵਡੇਰਿਆਂ ਦੇ ਇਤਿਹਾਸ ਵਿੱਚੋਂ ਸੇਧ ਲੈ ਕੇ ਉਸ ਰੁਕਾਵਟ ਨੂੰ ਪਾਰ ਕਰ, ਆਪਣੀ ਕੌਮੀਂ ਮੰਜਲ ਨੂੰ ਸੁਖੈਨ ਹੀ ਪ੍ਰਾਪਤ ਕਰ ਲੈਂਦੀਆਂ ਹਨ।

ਸਿੱਖ ਕੌਮ ਦੀ ਇੱਕ ਬਹੁਤ ਵਡੀ ਤ੍ਰਾਸਦੀ ਇਹ ਰਹੀ ਹੈ ਕਿ ਸਿੱਖ ਕੌਮ ਨੇ ਇਤਿਹਾਸ ਬਣਾਇਆ ਬਹੁਤ ਹੈ, ਪਰ ਬਣਾਏ ਇਤਿਹਾਸ ਨੂੰ ਸਾਂਭਿਆ ਬਹੁਤ ਘੱਟ ਹੈ। ਗੈਰਾਂ ਦੇ ਹਥੀਂ ਲਿਖੇ ਹੋਏ ਸਿੱਖ ਇਤਿਹਾਸ ਵਿੱਚ ਬਹੁਤ ਹੀ ਵਾਧਾ ਘਾਟਾ ਹੋਇਆ ਹੈ। ਅਜ ਪੰਜ ਸੌ ਸਾਲ ਤੋਂ ਉਪਰ ਦਾ ਸਮਾਂ ਬੀਤ ਜਾਣ ਉਪਰਾਤ ਵੀ ਸਿਖ ਕੌਮ ਜਥੇਬੰਦਕ ਤੌਰ ਤੇ ਆਪਣੇ ਇਤਿਹਾਸ ਨੂੰ ਸਹੀ ਰੂਪ ਵਿੱਚ ਸਾਂਭਣ ਲਈ ਕੋਈ ਨਿੱਗਰ ਉਦਮ ਉਪਰਾਲਾ ਨਹੀਂ ਕਰ ਰਹੀ ਜੋ ਕੌਮ ਲਈ ਬਹੁਤ ਹੀ ਨਿਰਾਸ਼ਾਵਾਦੀ ਅਤੇ ਚਿੰਤਾਜਨਕ ਵਿਸ਼ਾ ਹੈ।

ਆਪੋ ਆਪਣੇ ਨਿਜੀ ਬਲ-ਬੋਤੇ ਦੇ ਆਧਾਰਿਤ ਕੁਝ ਇੱਕ ਪੰਥ ਦਰਦੀ ਵਿਦਿਵਾਨ, ਆਪਣੇ ਇਤਿਹਾਸ ਨੂੰ ਸਾਂਭਣ ਦਾ ਅਤੇ ਇਤਿਹਾਸ ਵਿਚ ਪਏ ਰਲੇਵਿਆਂ ਨੂੰ ਦੂਰ ਕਰਨ ਦਾ ਸ਼ਾਲਘਾਯੋਗ ਉਦਮ ਕਰ ਰਹੇ ਹਨ, ਜੋ ਵਧਾਈ ਦੇ ਪਾਤਰ ਹਨ। ਐਸੇ ਪੰਥ ਦਰਦੀ ਅਤੇ ਖੋਜ ਵਿਦਵਾਨਾਂ ਵਿਚੋਂ ਸ: ਸਰੂਪ ਸਿੰਘ ਨਾਰੰਗ ਵੀ ਇੱਕ ਐਸੇ ਖੋਜੀ ਵਿਦਵਾਨ ਹਨ। ਜੋ ਸਮੇਂ-ਸਮੇਂ ਗੁਰਬਾਣੀ ਅਤੇ ਸੱਚ ਦੀ ਕਸਵਟੀ ਉੱਤੇ ਇਤਿਹਾਸ ਨੂੰ ਪਰਖ ਕੇ ਨਿਧੱੜਕਤਾ ਨਾਲ ਰਲੇਵੇਂ ਨੂੰ ਦੂਰ ਕਰਕੇ ਸਹੀ ਇਤਿਹਾਸ ਦਾ ਦਰਪਣ ਕੌਮ ਸਾਹਮਣੇ ਪੇਸ਼ ਕਰਦੇ ਹਨ। ਪਿਛਲੇ ਦਹਾਕਿਆਂ ਵਿੱਚ ਆਪਣੇ ਕਈ ਪੁਸਤਕਾਂ ਲਿਖੇ ਕੌਮ ਨੂੰ ਦਰਪੇਸ਼ ਚਨੌਤੀਆਂ ਬਾਰੇ ਜਾਣੂ ਕਰਵਾ ਕੇ ਅਤੇ ਉਨ੍ਹਾਂ ਮੁਸ਼ਕਲਾਂ ਵਿਚੋਂ ਨਿਕਲਣ ਦੇ ਹਲ ਦਰਸਾ ਦੇ ਕੌਮ ਨੂੰ ਬਹੁਤ ਵੱਡੀ ਸੇਧ ਦਿੱਤੀ ਹੈ। ਉਸੇ ਇਤਿਹਾਸਕ ਕੜੀ ਵਿੱਚ ਆਪਣੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਚਾਰ ਸੌਂ ਸਾਲਾ

ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਪਾਠਕਾਂ ਦੇਂ ਹੱਥਲੀ ਪੁਸਤਕ ਲਿਖੀ ਹੈ। ਇਸ ਪੁਸਤਕ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਮੁੱਚਾ ਸੰਖੇਪ ਜੀਵਨ, ਪਰਉਪਕਾਰ, ਸਮੁਚੀ ਲੋਕਾਈ ਨੂੰ ਦੇਣ ਅਤੇ ਲਾਸਾਨੀ ਸ਼ਹੀਦੀ ਦੇ ਕਾਰਣ ਦਰਸਾ ਦੇ ਕੌਮ ਨੂੰ ਦਰਪੇਸ਼ ਚਨੌਤੀਆਂ ਤੋਂ ਜਾਣੂ ਕਰਵਾ ਕੇ ਗੁਰੂ ਅਗਵਾਈ (ਗੁਰਬਾਣੀ) ਅਤੇ ਇਤਿਹਾਸ ਦੀ ਰੋਸ਼ਨੀ ਵਿੱਚ ਚਲਣ ਦੀ ਪ੍ਰੇਰਨਾ ਦਿੱਤੀ ਹੈ। ਜੋ ਬਹੁਤ ਹੀ ਸੁਲਾਘਾਜੋਗ ਉਦਮ ਹੈ।

ਦਾਸ ਗੁਰਦੁਆਰਾ ਰਾਮ ਪੁਰ ਖੇੜਾ ਸਾਹਿਬ ਵਲੋਂ ਨਾਰੰਗ ਸਾਹਿਬ ਦੀ "ਗੁਰੂ ਅਰਜਨ ਦੇਵ ਜੀ ਚੌਥੀ ਸ਼ਹੀਦੀ ਸ਼ਤਾਬਦੀ" ਪੁਸਤਕ ਛਪਵਾ ਕੇ ਸੰਗਤਾਂ ਵਿੱਚ ਸੋਖ ਰਹਿਤ ਵੰਡਣ ਦੀ ਪ੍ਰਸੰਨਤਾ ਲੈ ਰਿਹਾ ਹਾਂ। ਆਸ ਹੈ ਸੰਗਤਾ ਸ: ਸਰੂਪ ਸਿੰਘ ਹੋਰਾਂ ਦੀ ਖੋਜ ਭਰਪੂਰ ਪੁਸਤਕ ਨੂੰ ਪੜ੍ਹਕੇ ਲਾਭ ਪ੍ਰਾਪਤ ਕਰਨਗੀਆਂ।

ਗੁਰੂ ਪੰਥ ਦਾ ਦਾਸ
ਸੇਵਾ ਸਿੰਘ (ਸੰਤ)
ਗੁਰਦੁਆਰਾ ਰਾਮਪੁਰ ਖੇੜਾ

ਲੇਖਕ ਵਲੋਂ ਮੁੱਢਲੇ ਸ਼ਬਦ

ਜ਼ਰੂਰੀ ਨੋਟ:

ਇਸ ਪੁਸਤਕ 'ਚ ਅਕਾਲੀਆਂ ਤੋਂ ਮੇਰਾ ਭਾਵਉਹਨਾਂ ਖੁਦ.ਗਰਜ਼ ਅਕਾਲੀ ਲੀਡਰਾਂ ਤੋਂ ਹੈ ਜਿਹੜੇ ਕੌਮ ਦੀਆਂ ਬੇੜੀਆਂ ਰੋੜ੍ਹਦੇ ਆ ਰਹੇ ਹਨ। ਸਾਧਾਰਨ ਅਕਾਲੀ ਵਰਕਰ ਤਾਂ ਕੌਮ ਖਾਤਰ ਜ਼ਾਨਾਂ ਵਾਰਨ ਵਾਲੇ ਹਨ ਅਤੇ ਸਤਿਕਾਰ ਦੇ ਪਾਤਰ ਹਨ। 'ਹਿੰਦੂਤਵੀ' ਤੋਂ ਮੇਰਾ ਭਾਵਹਿੰਦੂ ਸਾਮਰਾਜੀ ਅਤੇ 'ਬ੍ਰਾਹਮਣ' ਤੋਂ ਮੇਰਾ ਭਾਵਮਨੂਵਾਦੀ ਬ੍ਰਾਹਮਣਵਾਦ ਹੈ, ਜਿਹੜੇ ਸਿੱਖੀ ਦੀ ਫੱਟੀ ਪੋਚ ਦੇਣ 'ਤੇ ਤੁਲੇ ਹੋਏ ਹਨ। ਇਵੇਂ ਹੀ 'ਮੁ.ਗਲ' ਤੋਂ ਮੇਰਾ ਭਾਵਜ਼ਾਲਮ ਮੁ.ਗਲਸ਼ਾਹੀ ਹੈ। ਸਾਧਾਰਨ ਹਿੰਦੂ, ਮੁਸਲਮਾਨ, ਈਸਾਈ ਜਾਂ ਯਹੂਦੀ, ਮਨੁੱਖ ਹੋਣ ਦੇ ਨਾਤੇ ਸਭ ਸਤਿਕਾਰ ਦੇ ਪਾਤਰ ਹਨ।

ਮੈਂ ਕਿਸੇ ਵੀ ਜਥੇਬੰਦੀ, ਪਾਰਟੀ ਜਾਂ ਸੰਸਥਾ ਦਾ ਮੈਂਬਰ ਨਹੀਂ ਅਤੇ ਨਾ ਹੀਂ ਕਿਸੇ ਵੀ ਜਥੇਬੰਦੀ ਦਾ ਪੱਖ ਪੂਰਨਾ ਮੇਰੀ ਲਿਖਤ ਦਾ ਨਿਸ਼ਾਨਾ ਹੀ ਹੈ। ਮੈਂ ਗੁਰਮਤਿ ਅਨੁਕੂਲ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਕੌਮੀ ਦ੍ਰਿਸ਼ਟੀਕੋਨ ਤੋਂ ਲਿਖਣ ਦੀ ਨਿਸ਼ਕਾਮ ਸੇਵਾ ਕਰਦਾ ਹਾਂ। ਸਚਾਈ ਨਾਲ ਆਪਣੇ ਖਿਆਲ ਬੜੇ ਅਦਬ ਨਾਲ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਇਹਨਾਂ ਦੇ ਠੀਕ ਹੋਣ ਦਾ ਕੋਈ ਦਾਅਵਾ ਨਹੀਂ ਕਰਦਾ। ਸੁਹਿਰਦ ਤੇ ਕਦਰਦਾਨ ਪਾਠਕਾਂ ਵਲੋਂ ਆਏ ਸੁਝਾਵਾਂ ਲਈ ਧੰਨਵਾਦੀ ਹੋਵਾਂਗਾ।

ਅਸੀਂ ਇਸ ਗਲੋਂ ਖੁਸ਼ਕਿਸਮਤ ਹਾਂ ਕਿ ਅਸੀਂ ਗੁਰ ਇਤਿਹਾਸ ਤੇ ਸਿੱਖ ਇਤਿਹਾਸ ਦੀਆਂ ਮਹਾਨ ਘਟਨਾਵਾਂ – ਖਾਲਸੇ ਦੀ ਸਾਜਨਾ ਦੀ ਤੀਜੀ ਸ਼ਤਾਬਦੀ, ਗੁਰੂ ਗਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦਿਹਾੜੇ ਦੀ ਚੌਥੀ ਸ਼ਤਾਬਦੀ, ਗੁਰੂ ਗੋਬਿੰਦ ਸਿੰਘ ਸਾਹਿਬ ਦੇ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਤੀਜੀ ਸ਼ਤਾਬਦੀ ਮਨਾਈ ਅਤੇ ਹੁਣ ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵਜੀ ਦੀ ਸ਼ਹੀਦੀ ਦੀ ਚੌਥੀ ਸ਼ਤਾਬਦੀ ਮਨਾ ਰਹੇ ਹਾਂ। ਅਜਿਹੀਆਂ ਲਾਸਾਨੀ ਘਟਨਾਵਾਂ ਸਿੱਖ ਫਲਸਫੇ ਤੇ ਸਿੱਖ ਸੋਚ ਦਾ ਬੇਮਿਸਾਲ ਅਮਲੀ ਪੱਖ ਪੇਸ਼ ਕਰਦੀਆਂ ਹਨ। ਮਾਨਵੀ ਭਲਾਈ ਨੂੰ ਸਮਰਪਤ ਅਜਿਹੀਆਂ ਮਹਾਨ ਸ਼ਖਸੀਅਤਾਂ ਹੀ ਹਾਲਾਤ ਦੇ ਵੇਗ ਨੂੰ ਮੋੜਾ ਦਿਆ ਕਰਦੀਆਂ ਹਨ।

ਅਜਿਹੇ ਇਤਿਹਾਸਕ ਦਿਹਾੜੇ ਕਿਸੇ ਕੌਮ ਲਈ ਆਤਮਚੀਨਣ ਦਾ ਸੁਨਹਿਰੀ ਮੌਕੇ ਹੋਇਆ ਕਰਦੇ ਹਨ। ਸਿਆਣੀਆਂ ਕੌਮਾਂ ਆਪਣੀਆਂ ਬੇਮਿਸਾਲ ਇਤਿਹਾਸਕ ਘਟਨਾਵਾਂ ਨੂੰ ਸਾਹਮਣੇ ਰੱਖ ਕੇ ਆਪਣੇ ਉਜਲੇ ਭਵਿੱਖ ਲਈ ਸੋਚਦੀਆਂ ਹਨ ਅਤੇ

ਉਹਨਾਂ ਦੀ ਸੋਚ ਦਾ ਹਮੇਸ਼ਾ ਇਹ ਕੇਂਦਰ ਬਿੰਦੂ ਹੁੰਦਾ ਹੈ ਕਿ ਉਹਨਾਂ ਦਾ ਸਭਿਆਚਾਰ ਵਧੇ ਫੁੱਲੇ ਅਤੇ ਉਹਨਾਂ ਦੀਆਂ ਮਹਾਨ ਰਵਾਇਤਾਂ ਤੇ ਪਰੰਪਰਾਵਾਂ ਕਾਇਮ ਦਾਇਮ ਰਹਿਣ।

ਉਹ ਕੌਮਾਂ ਹੀ ਸੰਸਾਰ 'ਚ ਆਪਣੀ ਹੋਂਦ ਕਾਇਮ ਰੱਖ ਸਕਦੀਆਂ ਹਨ, ਜਿਨ੍ਹਾਂ ਦਾ ਸ਼ਾਨਦਾਰ ਇਤਿਹਾਸਕ ਵਿਰਸਾ ਹੋਵੇ ਅਤੇ ਗੌਰਵਮਈ ਰਵਾਇਤਾਂ ਹੋਣ। ਆਪਣੇ ਗੌਰਵਮਈ ਇਤਿਹਾਸ ਦੀ ਰੋਸ਼ਨੀ 'ਚ ਹੀ ਕੌਮਾਂ ਆਪਣਾ ਭਵਿੱਖ ਰੋਸ਼ਨ ਬਣਾ ਸਕਦੀਆਂ ਹਨ। ਜ਼ਿੰਦਾ ਕੌਮਾਂ ਨੂੰ ਢਹਿੰਦੀ ਆਂ ਕਲਾ 'ਚੋਂ ਉਹਨਾਂ ਦਾ ਸ਼ਾਨਦਾਰ ਇਤਿਹਾਸ ਹੀ ਉਠਾ ਕੇ ਆਪਣੇ ਪੈਰਾਂ 'ਤੇ ਖੜਾ ਕਰਦਾ ਹੈ। ਸਿੱਖ ਇਤਿਹਾਸ ਨੂੰ ਪਰਸਾਰਨਾ, ਖੋਜ ਦਾ ਪਾਤਰ ਬਣਾਨਾ ਅਤੇ ਇਸ ਦੀ ਪੁਣ-ਛਾਣ ਕਰਕੇ ਇਸ ਨੂੰ ਆਉਣ ਵਾਲੀ ਨਵੀਂ ਪਨੀਰੀ ਤਕ ਪਹੁੰਚਾਣਾ ਵਕਤ ਦੀ ਮੰਗ ਹੈ। ਮੇਰੀ ਲਿਖਤ ਦਾ ਵਿਸ਼ਾ ਇਤਿਹਾਸਕ ਖੋਜ ਦੀ ਬਜਾਏ ਗੁਰਮਤਿ ਸਿਧਾਂਤ ਅਤੇ ਸਿੱਖ ਸਿਆਸਤ ਹੀ ਰਿਹਾ ਹੈ, ਜਿਸ ਕਰਕੇ ਮੈਂ ਇਥੇ ਰਲਗੱਡ ਹੋਏ ਪਏ ਸਿੱਖ ਇਤਿਹਾਸ ਵਿੱਚੋਂ ਹੀ ਹਵਾਲੇ ਪੇਸ਼ ਕੀਤੇ ਹਨ। ਹੋ ਸਕਦਾ ਹੈ ਕਿ ਪਾਠਕ ਇਸ ਨਾਲ ਸਹਿਮਤ ਨਾ ਹੋਣ, ਜਿਸ ਲਈ ਮੈਂ ਪਹਿਲਾਂ ਹੀ ਖਿਮਾ ਮੰਗ ਲੈਂਦਾ ਹਾਂ।

ਇਤਿਹਾਸ ਕੌਮਾਂ ਦਾ ਵੱਡਮੁਲਾ ਖ਼ਜ਼ਾਨਾ ਹੁੰਦਾ ਹੈ। ਜੀਉਂਦੀਆਂ ਜਾਗਦੀਆਂ ਕੌਮਾਂ ਆਪਣੇ ਮਹਾਂਪੁਰਖਾਂ ਅਤੇ ਸ਼ਹੀਦਾਂ ਦੀ ਯਾਦ ਆਪਣੇ ਦਿਲ 'ਚ ਤਾਜ਼ਾ ਰੱਖਣ ਦੇ ਉਪਰਾਲੇ ਕਰਦੀਆਂ ਰਹਿੰਦੀਆਂ ਹਨ। ਮਹਾਂਪੁਰਸ਼ਾਂ ਦੇ ਕਾਰਨਾਮੇ ਇਕ ਐਸੀ ਕਰਾਮਾਤੀ ਸ਼ਕਤੀ ਹੈ ਜਿਸ ਨਾਲ ਠੰਡੇ ਲਹੂ 'ਚ ਮੁੜ ਤਪਸ਼ ਅਤੇ ਮੁਰਦਾ ਰੱਗਾਂ 'ਚ ਨਵੀਂ ਜੀਵਨ ਸ਼ਕਤੀ ਛਲਕਾਂ ਮਾਰਨ ਲੱਗ ਜਾਂਦੀ ਹੈ। ਸਿੱਖ ਇਤਿਹਾਸ ਆਪਣੀ ਬੁੱਕਲ ਵਿੱਚ ਅਜਿਹੀਆਂ ਸ਼ਾਨਦਾਰ ਤੇ ਲਾਸਾਨੀ ਕੁਰਬਾਨੀਆਂ ਦੀਆਂ ਘਟਨਾਵਾਂ, ਬਹਾਦਰੀ ਦੇ ਬੇਮਿਸਾਲ ਕਾਰਨਾਮਿਆਂ, ਦੂਜਿਆਂ ਦੀ ਰਾਖੀ ਲਈ ਆਪਣੀਆਂ ਜਾਨਾਂ ਵਾਰ ਦੇਣ ਦੀਆਂ ਕੁਰਬਾਨੀਆਂ ਅਤੇ ਇਨਕਲਾਬੀ ਘੱਲੂਘਾਰਿਆਂ ਨੂੰ ਸਮੇਟੀ ਬੈਠਾ ਹੈ, ਜਿਸ ਨੂੰ ਪੜ੍ਹਨ ਸੁਨਣ ਵਾਲਾ ਦੰਗ ਰਹਿ ਜਾਂਦਾ ਹੈ।

ਸਿੱਖ ਕੌਮ ਦੀ ਇਹ ਬਦਕਿਸਮਤੀ ਅਤੇ ਅਵੇਸਲਾਪਨ ਹੀ ਹੈ ਕਿ ਹੋਰਨਾਂ ਕੌਮਾਂ ਤੋਂ ਵਿਲੱਖਣਤਾ ਤੇ ਵਿਸ਼ੇਸ਼ਤਾ ਰੱਖਣ ਵਾਲੇ ਸਿੱਖ ਇਤਿਹਾਸ 'ਚ ਰਲਾ ਪਾ ਕੇ, ਇਸ ਨੂੰ ਵਿਗਾੜ ਕੇ, ਭੁਲੇਖੇ ਪਾ ਕੇ, ਪੇਸ਼ ਕਰਨ ਵਾਲਿਆਂ ਵਿਰੁੱਧ ਕੋਈ ਐਕਸ਼ਨ ਨਹੀਂ ਲੈ ਰਹੀ। ਸਾਡੀ ਕੇਂਦਰੀ ਸੰਸਥਾ ਸ਼੍ਰੋ. ਗੁ. ਪ੍ਰ. ਕਮੇਟੀ ਨਾ ਤਾਂ ਇਸ ਪਾਸੇ ਕੋਈ ਧਿਆਨ ਦੇ ਰਹੀ ਹੈ, ਨਾ ਹੀਂ ਸਿੱਖ ਇਤਿਹਾਸ ਬਾਰੇ ਖੋਜ ਕਰਕੇ ਸਿੱਖ ਇਤਿਹਾਸ ਨੂੰ ਸਹੀ ਰੂਪ 'ਚ ਪੇਸ਼ ਕਰਨ ਲਈ ਕੌਮੀ ਇਤਿਹਾਸਕਾਰਾਂ ਨੂੰ ਉਤਸ਼ਾਹਿਤ ਕਰ ਰਹੀ ਹੈ ਅਤੇ ਨਾ ਹੀਂ ਸੋਧੇ ਹੋਏ ਸਿੱਖ ਇਤਿਹਾਸ ਨੂੰ ਛਾਪਣ ਜਾਂ ਛਪਵਾਉਣ ਪ੍ਰਤੀ ਆਪਣਾ ਫਰਜ਼ ਨਿਭਾ ਰਹੀ ਹੈ।

ਅਸੀਂ ਸ਼ਤਾਬਦੀਆਂ ਮਨਾਉਂਦੇ ਜ਼ਰੂਰ ਹਾਂ, ਪਰ ਰਵਾਇਤੀ ਢੰਗ ਨਾਲ। ਅਖੰਡ ਪਾਠਾਂ ਦੀਆਂ ਲੜੀਆਂ, ਕੀਰਤਨ ਦਰਬਾਰਾਂ ਅਤੇ ਨਗਰ ਕੀ ਰਤਨਾਂ ਦੇ ਢੋਲ ਢੱਮਕਿਆਂ ਰਾਹੀਂ ਬੜੇ ਜ਼ੋਰ-ਸ਼ੋਰ ਨਾਲ ਪ੍ਰਦਰਸ਼ਨੀ ਕਰਦੇ ਹਾਂ ਪਰ ਆਪੋ ਆਪਣੀ ਹਉਮੈ ਨੂੰ ਪੱਠੇ ਪਾਉਣ ਲਈ। ਇਸ ਨਾਲ ਸਿੱਖੀ ਦਾ ਕੋਈ ਪ੍ਰਚਾਰ ਨਹੀਂ ਹੁੰਦਾ। ਹਮੇਸ਼ਾ ਵਾਂਗ ਰਸਮੀ ਧੂਮ-ਧੜੱਕੇ ਅਤੇ ਫੋਕੀ ਠਾਠ-ਬਾਠ ਵਿੱਚ ਹੀ ਅਜਿਹਾ ਯਾਦਗਾਰੀ ਮੌਕਾ ਗਵਾ ਦੇਣਾ ਗੁਰੂ ਨਾਨਕਮਿਸ਼ਨ ਨਾਲ ਧ੍ਰੋਹ ਕਰਨਾ ਹੋਵੇਗਾ।

ਪਿਛੇ ਜਿਹੇ ਸਿੱਖ ਪੰਥ ਨੇ ਗੁਰੂ ਗਰੰਥ ਸਾਹਿਬ ਦੀ ਚਾਰ ਸੌ ਸਾਲਾ ਸ਼ਤਾਬਦੀ ਬੜੀ ਧੂਮਧਾਮ ਨਾਲ ਮਨਾਈ। ਪਰ ਗੁਰੂ ਗਰੰਥ ਸਾਹਿਬ ਦਾ ਬ੍ਰਹਮੰਡਵਾਦੀ ਸੰਦੇਸ਼ ਉਭਾਰਨ, ਵਿਚਾਰਨ ਤੇ ਪਰਸਾਰਨ ਕਰਨ ਦੀ ਬਜਾਏ ਹਮੇਸ਼ਾ ਵਾਂਗ ਆਪਣੀ ਚੌਧਰ ਦੀ ਸਿਆਸੀ ਪ੍ਰਦਰਸ਼ਨੀ ਕਰਨ ਲਈ ਹੀ ਮਨਾਈ ਗਈ। ਸਿੱਖੀ ਦੀ ਫੱਟੀ ਪੋਚਣ ਵਾਲੇ ਪੰਥ ਦੋਖੀਆਂ ਨੂੰ ਸਟੇਜ 'ਤੇ ਸ਼ਸ਼ੋਭਤ ਕੀਤਾ ਗਿਆ। ਸ੍ਰੀ ਅੰਮ੍ਰਿਤਸਰ 'ਚ ਦੀਪਮਾਲਾ, ਵਾਜੇ ਗਾਜੇ ਅਤੇ ਨਗਰ ਕੀ ਰਤਨ ਦੇ ਪ੍ਰੋਗਰਾਮ ਬੜੇ ਧੂਮਧਾਮ ਨਾਲ ਮਨਾਏ ਗਏ। ਇਕ ਅੰਦਾਜ਼ੇ ਮੁਤਾਬਕ ਇਕੱਲੇ ਅੰਮ੍ਰਿਤਸਰ 'ਚ ਸਿੱਖ ਕੌਮ ਦਾ ਤੀਹ ਤੋਂ ਚਾਲੀ ਕਰੋੜ ਰੁਪਿਆ ਬਰਬਾਦ ਕੀਤਾ ਗਿਆ। ਕੀ ਵਿਦਿਅਕ ਪੱਖੋਂ ਪਛੜੀ ਹੋਈ ਸਿੱਖ ਕੌਮ ਦੇ ਮਨ ਦੀ ਪਮਾਲਾ ਨਾਲ ਰੌਸ਼ਨ ਹੋ ਜਾਣਗੇ? ਇਸ ਤਰ੍ਹਾਂ ਕੌਮ ਦਾ ਅਥਾਹ ਪੈਸਾ ਰੋੜ੍ਹਿਆ ਗਿਆ। ਕਾਸ਼! ਸ਼ਰਧਾਵਾਨ ਸਿੱਖ ਸੰਗਤਾਂ ਦਾ ਪੈਸਾ ਕੌਮ ਅੰਦਰ ਜਾਗਰਤੀ ਪੈਦਾ ਕਰਨ ਅਤੇ ਗੁਰੂ ਗਰੰਥ ਸਾਹਿਬ ਦੇ ਬ੍ਰਹਮੰਡਵਾਦੀ ਸੰਦੇਸ਼ ਨੂੰ ਵਿਚਾਰਨ ਤੇ ਪਰਸਾਰਨ 'ਤੇ ਲਾਇਆ ਜਾਂਦਾ।

ਇਹਨਾਂ ਮਹਾਨ ਦਿਹਾੜਿਆਂ ਨੇ ਸਿੱਖ ਲਹਿਰ ਦੇ ਵੇਗ ਨੂੰ ਤਿੱਖਾ ਕਰਨ 'ਚ ਕੀ ਭੂਮਿਕਾ ਨਿਭਾਈ ਅਤੇ ਉਸ ਤੋਂ ਅੱਜ ਦੇ ਹਾਲਾਤ 'ਚ ਸਿੱਖ ਕੌਮ ਕੀ ਸਬਕ ਸਿਖ ਸਕਦੀ ਹੈ ਅਤੇ ਆਪਣੇ ਭਵਿੱਖ ਨੂੰ ਕਿਵੇਂ ਸੰਵਾਰ ਸਕਦੀ ਹੈ, ਆਦਿਕ ਵਿਸ਼ਿਆਂ ਨੂੰ ਹਮੇਸ਼ਾ ਵਾਂਗ ਧਿਆਨ ਗੋਚਰੇ ਲਿਆਂਦਾ ਹੀ ਨਹੀਂ ਗਿਆ। ਬਾਣੀ ਦੇ ਬੋਹਿਥ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਮੌਕੇ ਗੁਰਮਤਿ ਪਰਸਾਰ ਲਈ ਨਾ ਕੋਈ ਕਾਲਜ, ਨਾ ਕੋਈ ਅਖਬਾਰ, ਨਾ ਕੋਈ ਯੂਨੀਵਰਸਿਟੀ ਖੋਲ੍ਹੀ ਗਈ, ਨਾ ਕੋਈ ਪੁਸਤਕ ਕੱਢੀ ਗਈ, ਨਾ ਕੋਈ ਕਿਤਾਬਚੇ ਕੱਢੇ ਗਏ ਤੇ ਘਰ ਘਰ ਪਹੁੰਚਾਏ ਗਏ। ਬਦਕਿਸਮਤੀ ਨਾਲ ਇਸ ਪਾਸੇ ਵਲ ਸਾਡੇ ਪ੍ਰਬੰਧਕਾਂ ਦਾ ਧਿਆਨ ਘਟ ਵੱਧ ਹੀ ਜਾਂਦਾ ਹੈ।

ਮੈਂ ਇਸ ਪੁਸਤਕ ਨੂੰ ਪੰਜ ਭਾਗਾਂ 'ਚ ਵੰਡਿਆ ਹੈ। ਪਹਿਲੇ ਹਿੱਸੇ 'ਚ ਗੁਰੂ ਅਰਜਨ ਸਾਹਿਬ ਸਬੰਧੀ ਜਾਣਕਾਰੀ, ਦੂਜੇ ਹਿੱਸੇ 'ਚ ਸਿੱਖ ਧਰਮ 'ਚ ਸ਼ਹਾਦਤ ਦਾ ਸੰਕਲਪ ਅਤੇ ਸ਼ਹਾਦਤ ਨਾਲ ਸਬੰਧਤ ਜਾਣਕਾਰੀ, ਤੀਜੇ ਹਿੱਸੇ 'ਚ ਗੁਰੂ ਸਾਹਿਬ ਦੀ ਸ਼ਹਾਦਤ ਬਾਰੇ ਜਾਣਕਾਰੀ, ਚੌਥੇ ਹਿੱਸੇ 'ਚ ਗੁਰੂ ਅਰਜਨ ਸਾਹਿਬ ਵਲੋਂ ਗੁਰੂ

ਨਾਨਕ ਮਿਸ਼ਨ ਦੇ ਪਹਿਲੇ ਪੜਾਅ ਦੀ ਸੰਪੂਰਨਤਾ 'ਚ ਪਾਏ ਯੋਗਦਾਨ, ਗੁਰੂ ਸਾਹਿਬ ਦੀ ਸ਼ਹੀਦੀ ਤੇ ਚੁਰਾਸੀ ਦੇ ਘੱਲੂਘਾਰੇ ਅਤੇ ਪੰਜਵੇਂ ਹਿੱਸੇ 'ਚ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਸਾਡੀ ਇਤਨੀ ਦੁਰਦਸ਼ਾ ਕਿਉਂ ਹੋਈ? ਹੁਣ ਕੀ ਕਰੀਏ, ਅੱਜ ਸਾਡਾ ਕੀ ਫ਼ਰਜ਼ ਬਣਦਾ ਹੈ? ਅਤੇ ਗੁਰੂ ਸਾਹਿਬ ਨੂੰ ਕਿਵੇਂ ਸ਼ਰਧਾਂਜਲੀ ਪੇਸ਼ ਕਰੀਏ?

ਮੈਂ ਇਥੇ ਸੰਤ ਸੇਵਾ ਸਿੰਘ ਜੀ ਦਾ ਧੰਨਵਾਦ ਕਰਨ ਦਾ ਮੌਕਾ ਲੈਂਦਾ ਹਾਂ ਜਿਨ੍ਹਾਂ ਨੇ ਮੇਰਾ ਅੰਗਰੇਜ਼ੀ ਦਾ ਕਿਤਾਬਚਾ (Cosmic Divinity of Adi Guru Granth Sahib) ਛਪਵਾ ਕੇ ਵੰਡਿਆ ਹੈ। ਹੁਣ ਇਸ ਹੱਥਲੀ ਪੁਸਤਕ ਨੂੰ ਛਪਵਾਉਣ-ਵੰਡਣ ਦੀ ਜ਼ਿਮੇਵਾਰੀ ਲੈਕੇ ਆਪ ਜੀ ਨੇ ਮੇਰਾ ਕਾਫ਼ੀ ਭਾਰ ਹਲਕਾ ਕੀਤਾ ਹੈ। ਇਹ ਇਕ ਬੜੀ ਵੱਡੀ ਜ਼ਿਮੇਵਾਰੀ ਹੈ ਜਿਸ ਨੂੰ ਨਿਭਾਉਣਾ ਸੁਖਾਲਾ ਕੰਮ ਨਹੀਂ। ਆਪ ਜੀ ਗੁਰਮਤਿ ਦੇ ਤਕੜੇ ਲੇਖਕ ਹੋਣ ਕਾਰਨ ਪੁਸਤਕ ਨੂੰ ਛਪਵਾਉਣ-ਵੰਡਣ ਦੀਆਂ ਮੁਸ਼ਕਲਾਂ ਨੂੰ ਵੀ ਚੰਗੀ ਤਰ੍ਹਾਂ ਸਮਝਦੇ ਹਨ। ਇਹਨਾਂ ਦੇ ਇਸ ਉਪਰਾਲੇ ਨਾਲ ਮੈਂ ਅਗਲੀ ਪੁਸਤਕ ਨੂੰ ਜਲਦੀ ਸਿਰੇ ਚਾੜ੍ਹ ਸਕਾਂਗਾ। ਮੈਂ ਸੰਤ ਸੇਵਾ ਸਿੰਘ ਜੀ ਦਾ ਇਸ ਉਪਰਾਲੇ ਲਈ ਦਿਲੋਂ ਰਿਣੀ ਹਾਂ ਅਤੇ ਅਰਦਾਸ ਕਰਦਾ ਹਾਂ ਕਿ ਵਾਹਿਗੁਰੂ ਆਪ ਜੀ ਨੂੰ ਅਜਿਹੇ ਕੌਮੀ ਕੰਮਾਂ ਨੂੰ ਸਿਰੇ ਚਾੜ੍ਹਨ 'ਚ ਹੋਰ ਜ਼ਿਆਦਾ ਬਲ ਬਖਸ਼ੇ। ਮੈਂ ਉਹਨਾਂ ਸਾਰੇ ਵਿਦਵਾਨਾਂ ਤੇ ਰਿਸਾਲਿਆਂ ਦੇ ਅਦਾਰਿਆਂ ਦਾ ਦਿਲੋਂ ਰਿਣੀ ਹਾਂ, ਜਿਨ੍ਹਾਂ ਦੇ ਹਵਾਲੇ ਮੈਂ ਇਸ ਪੁਸਤਕ 'ਚ ਵਰਤੇ ਹਨ।

ਸਭ ਤੋਂ ਪਹਿਲਾਂ ਮੈਂ ਭਾਈ ਸਾਹਿਬ ਹਰਬਿੰਦਰ ਸਿੰਘ ਜੀ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਸੰਤ ਸੇਵਾ ਸਿੰਘ ਜੀ ਨਾਲ ਮੇਲ ਕਰਾਇਆ। ਆਪ ਜੀ ਕੌਮੀ ਸੇਵਾ ਲਈ ਹਮੇਸ਼ਾ ਤਤਪਰ ਰਹਿੰਦੇ ਹਨ। ਆਪ ਜੀ ਨੂੰ ਜਦ ਕਦੀ ਵੀ ਮੈਂ ਕਿਸੇ ਪੁਸਤਕ ਦੇ ਖਰੜੇ ਦੀ ਸੁਧਾਈ ਲਈ ਬੇਨਤੀ ਕੀਤੀ, ਹਮੇਸ਼ਾ ਹੀ ਉਸ ਨੂੰ ਪਰਵਾਨ ਕਰਕੇ ਸੁਧਾਈ ਕਰਦੇ ਆ ਰਹੇ ਹਨ। ਆਪ ਜੀ ਦਾ ਧੰਨਵਾਦੀ ਹਾਂ ਕਿ ਆਪ ਜੀ ਨੇ ਆਪਣਾ ਕੀਮਤੀ ਸਮਾਂ ਦੇਕੇ ਇਸ ਖਰੜੇ ਦੀ ਸੁਧਾਈ ਕਰਨ 'ਚ ਬਹੁਤ ਵੱਡਾ ਯੋਗਦਾਨ ਪਾਇਆ, ਭਾਵਪੂਰਤ ਸੁਝਾਅ ਵੀ ਦਿੱਤੇ ਅਤੇ ਪੁਸਤਕ ਸਬੰਧੀ ਆਪਣੇ ਵਿਚਾਰ ਵੀ ਲਿਖੇ ਹਨ, ਜਿਸ ਲਈ ਮੈਂ ਆਪ ਜੀ ਦਾ ਦਿਲੋਂ ਧੰਨਵਾਦ ਕਰਦਾ ਹਾਂ।

ਮੈਂ ਸ੍ਰ. ਰਾਜਿੰਦਰ ਸਿੰਘ ਜੀ ਭਸੀਨ ਅਤੇ ਇਸ ਸਮੁੱਚੇ ਭਸੀਨ ਗੁਰਸਿਖ ਘਰਾਣੇ ਦਾ ਇਥੇ ਦਿਲੋਂ ਧੰਨਵਾਦ ਕਰਨ ਦਾ ਮੌਕਾ ਲੈਂਦਾ ਹਾਂ ਜੋ ਹਮੇਸ਼ਾ ਹੀ ਮੇਰੀਆਂ ਪੁਸਤਕਾਂ ਦੇ ਛਪਵਾਉਣ 'ਚ ਮਾਇਕ ਯੋਗਦਾਨ ਪਾਉਂਦੇ ਰਹਿੰਦੇ ਹਨ। ਆਪ ਜੀ ਨੇ ਪਿੱਛੇ ਜਿਹੇ ਮੇਰਾ Cosmic Divinity of Adi Guru Granth Sahib ਨਾਂ ਦਾ

ਇਕ ਹਜ਼ਾਰ ਕਿਤਾਬਚਾ ਛਪਵਾ ਕੇ ਵੰਡਿਆ। ਹੁਣ ਇਸ ਪੁਸਤਕ ਦੇ ਛਪਵਾਉਣ 'ਚ 250 ਪੌਂਡ ਦਾ ਯੋਗਦਾਨ ਪਾ ਰਹੇ ਹਨ। ਵਾਹਿਗੁਰੂ ਆਪ ਜੀ ਨੂੰ ਸਦਾ ਚੜ੍ਹਦੀਆਂ ਕਲਾ 'ਚ ਰੱਖੇ। ਆਪ ਜੀ ਨੇ ਆਪਣਾ ਕੀਮਤੀ ਸਮਾਂ ਦੇ ਕੇ ਖਰੜੇ ਦੀ ਸੁਧਾਈ 'ਚ ਵੀ ਬਹੁਤ ਵੱਡਾ ਯੋਗਦਾਨ ਪਾਇਆ ਜਿਸ ਲਈ ਆਪ ਜੀ ਦਾ ਰਿਣੀ ਹਾਂ।

ਸਰਦਾਰ ਅਮਰਜੀਤ ਸਿੰਘ ਜੀ ਪੱਡਾ, ਜੋ ਕਿ ਸਿੱਖੀ ਭਾਵਨਾ ਵਾਲੇ ਗੁਰਸਿੱਖ ਹਨ, ਦਾ ਦਿਲੋਂ ਧੰਨਵਾਦ ਕਰਨ ਦਾ ਮੌਕਾ ਲੈਂਦਾ ਹਾਂ ਜਿਨ੍ਹਾਂ ਨੇ ਇਸ ਪੁਸਤਕ ਦੇ ਛਪਵਾਉਣ ਲਈ 51 ਪੌਂਡ ਦਿੱਤੇ ਹਨ।

ਮੈਂ ਸ੍ਰ. ਤਰਸੇਮ ਸਿੰਘ ਦਿਓਲ ਸਾਹਿਬ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਗੁਰੂ ਅਰਜਨ ਸਾਹਿਬ ਦੇ ਚਾਰ ਸੌ ਸਾਲਾ ਸ਼ਹੀਦੀ ਦਿਹਾੜੇ 'ਤੇ ਕਿਤਾਬਚਾ ਕੱਢਣ ਦੀ ਪ੍ਰੇਰਨਾ ਦਿੱਤੀ। ਆਪ ਜੀ ਮੇਰੀਆਂ ਬਹੁਤ ਸਾਰੀਆਂ ਪੁਸਤਕਾਂ ਛਪਵਾਉਣ ਤੇ ਵੰਡਣ ਦੀ ਸੇਵਾ ਕਾਫੀ ਚਿਰ ਤੋਂ ਕਰਦੇ ਆ ਰਹੇ ਹਨ। ਵਾਹਿਗੁਰੂ ਆਪ ਜੀ ਨੂੰ ਸਦਾ ਚੜ੍ਹਦੀ ਕਲਾ 'ਚ ਰੱਖੇ, ਤਾਂ ਜੋ ਆਪ ਜੀ ਇਸੇ ਤਰ੍ਹਾਂ ਸੇਵਾ ਕਰਦੇ ਰਹਿਣ।

ਮੈਂ ਪ੍ਰਿੰਸੀਪਲ ਰਾਜਿੰਦਰ ਸਿੰਘ ਜੀ ਗਿਲ, ਜਿਹੜੇ ਕਿ ਲੇਖਕ ਤੇ ਪ੍ਰਚਾਰਕ ਵੀ ਹਨ, ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਪੁਸਤਕ ਦੀ ਸੁਧਾਈ 'ਚ ਬਹੁਤ ਵੱਡਾ ਯੋਗਦਾਨ ਪਾਇਆ, ਆਪ ਜੀ ਨੇ ਸੁਝਾਅ ਵੀ ਦਿੱਤੇ ਅਤੇ ਪੁਸਤਕ ਬਾਰੇ ਵੱਡਮੁੱਲੇ ਵਿਚਾਰ ਵੀ ਲਿਖੇ। ਮੈਂ ਸਿੱਖ ਸਟੱਡੀ ਫੋਰਮ ਦੇ ਕਨਵੀਨਰ ਸ੍ਰ. ਬਲ ਦੇਵਸਿੰਘ ਸਾਬਰ ਜੀ ਦਾ ਦਿਲੋਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਨਾ ਕੇਵਲ ਇਸ ਖਰੜੇ ਦੀ ਸੁਧਾਈ 'ਚ ਹੀ ਯੋਗਦਾਨ ਪਾਇਆ, ਸਗੋਂ ਪੁਸਤਕ ਲਈ ਆਪਣੇ ਵੱਡਮੁੱਲੇ ਵਿਚਾਰ ਵੀ ਲਿਖੇ ਹਨ।

ਮੈਂ ਇਥੇ ਸ੍ਰ. ਅਵਤਾਰ ਸਿੰਘ ਜੀ ਦਾ ਵੀ ਦਿਲੋਂ ਧੰਨਵਾਦ ਕਰਨ ਦਾ ਮੌਕਾ ਲੈਂਦਾ ਹਾਂ, ਜਿਨ੍ਹਾਂ ਨੇ ਖਰੜੇ ਦੀ ਸੁਧਾਈ 'ਚ ਯੋਗਦਾਨ ਪਾਇਆ। ਆਪ ਜੀ ਬੜੇ ਸੁਲਝੇ ਹੋਏ ਲੇਖਕ ਵੀ ਹਨ।

ਮੈਂ ਡਾ. ਜਸ ਕੌਰ ਜੀ ਦਾ ਇਥੇ ਖਾਸ ਤੌਰ ਤੇ ਧੰਨਵਾਦ ਕਰਨ ਦਾ ਮੌਕਾ ਲੈਂਦਾ ਹਾਂ ਜਿਨ੍ਹਾਂ ਨੇ ਬੜੇ ਥੋੜੇ ਜਿਹੇ ਸਮੇਂ 'ਚ ਹੀ ਖਰੜੇ ਨੂੰ ਪੜ੍ਹ ਕੇ ਪੁਸਤਕ ਸਬੰਧੀ ਆਪਣੇ ਵੱਡਮੁੱਲੇ ਵਿਚਾਰ ਲਿਖੇ। ਮੈਂ ਬੀਬੀ ਸਿਮਰਨ ਕੌਰ ਜੀ ਦਾ ਦਿਲੋਂ ਧੰਨਵਾਦ ਕਰਨ ਦਾ ਮੌਕਾ ਲੈਂਦਾ ਹਾਂ, ਜਿਨ੍ਹਾਂ ਨੇ ਆਪਣਾ ਕੀਮਤੀ ਸਮਾਂ ਕੱਢ ਕੇ ਇਸ ਪੁਸਤਕ ਦੇ ਖਰੜੇ ਦੀ ਸੁਧਾਈ 'ਚ ਵੀ ਯੋਗਦਾਨ ਪਾਇਆ ਅਤੇ ਕੁਝ ਸ਼ਬਦ ਪੁਸਤਕ ਸਬੰਧੀ ਵੀ ਲਿਖੇ ਹਨ।

ਮੈਂ ਗਿਆਨੀ ਪ੍ਰੀਤਮ ਸਿੰਘ ਜੀ ਦਾ ਇਥੇ ਧੰਨਵਾਦ ਕਰਨ ਦਾ ਮੌਕਾ ਲੈਂਦਾ ਹਾਂ, ਜੋ ਗੁਰਬਾਣੀ ਦੀਆਂ ਟੂਕਾਂ ਦੀ ਸੁਧਾਈ 'ਚ ਹਮੇਸ਼ਾ ਯੋਗਦਾਨ ਪਾਉਂਦੇ ਹਨ। ਮੈਂ ਸ੍ਰ. ਗੁਰਵਿੰਦਰ ਸਿੰਘ ਸਮਰਾ ਜੀ ਦਾ ਇਕ ਵਾਰ ਫੇਰ ਦਿਲੋਂ ਧੰਨਵਾਦ ਕਰਨ ਦਾ ਮੌਕਾ ਲੈਂਦਾ ਹਾਂ ਜਿਨ੍ਹਾਂ ਨੇ ਮੈਨੂੰ ਨਾ ਕੇਵਲ ਇਤਨਾ ਸੁੰਦਰ ਪੰਜਾਬੀ ਫੌਂਟ ਬਣਾ ਕੇ ਦਿੱਤਾ, ਸਗੋਂ ਮੇਰੀ ਲੋੜ ਮੁਤਾਬਕ ਬਹੁਤ ਸਾਰੀਆਂ ਤਬਦੀਲੀਆਂ ਕਰ ਕੇ ਮੇਰੇ ਲਈ ਟਾਈਪ ਕਰਨਾ ਸੁਖਾਲਾ ਵੀ ਬਣਾਇਆ।

ਮੈਂ ਡਾ. ਅਮਰਜੀਤ ਕੌਰ ਜੀ ਦਾ ਧੰਨਵਾਦ ਕਰਦਾ ਹਾਂ, ਜੋ ਮੇਰੀ ਸਿਹਤ ਠੀਕ ਰੱਖਣ 'ਚ ਸਹਾਇਕ ਬਣਦੇ ਹਨ।

ਮੈਂ ਹੇਠ ਲਿਖੇ ਸੁਹਿਰਦ ਲੇਖਕਾਂ, ਵਿਦਵਾਨਾਂ, ਸਨੇਹੀਆਂ ਅਤੇ ਸਮੁੱਚੇ ਪਾਠਕਾਂ ਦਾ ਰਸਮੀ ਤੌਰ ਤੇ ਨਹੀਂ ਸਗੋਂ ਦਿਲੋਂ ਸਤਿਕਾਰ ਸਹਿਤ ਧੰਨਵਾਦ ਕਰਨ ਦਾ ਮੌਕਾ ਲੈਂਦਾ ਹਾਂ, ਜੋ ਮੇਰੀ ਕਲਮ ਨੂੰ ਚੱਲਦਿਆਂ ਰੱਖਣ 'ਚ ਕਿਸੇ ਨਾ ਕਿਸੇ ਰੂਪ 'ਚ ਸਹਾਇਕ ਬਣਦੇ ਰਹਿੰਦੇ ਹਨ ਅਤੇ ਜਿਨ੍ਹਾਂ ਦੇ ਉਤਸ਼ਾਹ ਤੇ ਉਦਮ ਨਾਲ ਇਹ ਪੁਸਤਕ ਵਜੂਦ 'ਚ ਆਈ ਹੈ। ਇਹਨਾਂ ਤੋਂ ਬਿਨਾਂ ਹੋਰ ਜਿਸ ਕਿਸੇ ਨੇ ਵੀ ਇਸ ਪੁਸਤਕ ਦੇ ਛਪਵਾਉਣ 'ਚ ਯੋਗਦਾਨ ਪਾਇਆ ਅਤੇ ਮੈਂ ਉਹਨਾਂ ਦੇ ਨਾਂ ਨਹੀਂ ਦੇ ਸਕਿਆ, ਉਹਨਾਂ ਸਭਨਾਂ ਦਾ ਵੀ ਇਥੇ ਹਾਰਦਿਕ ਧੰਨਵਾਦ ਕਰਨ ਦਾ ਮੌਕਾ ਲੈਂਦਾ ਹਾਂ:

ਗਿਆਨੀ ਜਸਵੰਤ ਸਿੰਘ ਜੀ, ਸ੍ਰ. ਪਰਮਿੰਦਰ ਸਿੰਘ ਜੀ, ਸਰਦਾਰਨੀ ਅਮਰਜੀਤ ਕੌਰ, ਸ੍ਰ. ਕੁਲਦੀਪ ਸਿੰਘ ਭੋਗਲ, ਸ੍ਰ. ਜਸਵੰਤ ਸਿੰਘ ਅਜ਼ਾਦ, ਸ੍ਰ. ਕੁਲਵੰਤ ਸਿੰਘ ਜੀ ਢੇਸੀ, ਸ੍ਰ. ਹਰਚਰਨ ਸਿੰਘ ਗਰੇਵਾਲ, ਸ੍ਰ. ਮਖਨ ਸਿੰਘ ਸਿੱਧੂ, ਸਰਦਾਰਨੀ ਰਵਿੰਦਰ ਕੌਰ ਸਿੱਧੂ, ਸ੍ਰ. ਸਰਤਾਜ ਸਿੰਘ ਰੰਧਾਵਾ, ਸ੍ਰ. ਪਰਮਿੰਦਰ ਸਿੰਘ ਰੰਧਾਵਾ, ਬੀਬੀ ਧੀਰਜ ਕੌਰ ਜੀ, ਭਾਈ ਜਸਵੀਰ ਸਿੰਘ ਜੀ, ਬੀਬੀ ਪ੍ਰਕਾਸ਼ ਕੌਰ ਜੀ, ਸ੍ਰ. ਜਗਮਨ ਸਿੰਘ ਸਿਰਾ, ਸਰਦਾਰਨੀ ਰਸ਼ਪਾਲ ਕੌਰ ਸੇਹਰਾ, ਸ੍ਰ. ਗਿਆਨ ਸਿੰਘ ਜੀ, ਸਰਦਾਰਨੀ ਸੁਖਵਿੰਦਰਜੀਤ ਕੌਰ ਦਿਓਲ, ਬੀਬੀ ਪ੍ਰਕਾਸ਼ ਕੌਰ, ਸ੍ਰ. ਮਹਿੰਦਰ ਸਿੰਘ ਜੀ, ਸ੍ਰ. ਸੁਰਜੀਤ ਸਿੰਘ ਗਿਲ, ਸਰਦਾਰਨੀ ਅਮਰਜੀਤ ਕੌਰ ਗਿਲ, ਸਰਦਾਰਨੀ ਜਸਬੀਰ ਕੌਰ ਸਿੱਧੂ, ਬੀਬੀ ਜਸਵਿੰਦਰ ਕੌਰ, ਸਰਦਾਰਨੀ ਸੁਰਿੰਦਰਪਾਲ ਕੌਰ ਗੁਲਾਟੀ, ਬੀਬੀ ਕੁਲ ਦੀਪ ਕੌਰ, ਸ੍ਰ. ਦਲੀਪ ਸਿੰਘ ਧਾਰੀਵਾਲ, ਸਰਦਾਰਨੀ ਅਮਰਜੀਤ ਕੌਰ ਧਾਰੀਵਾ, ਭਾਈ ਸਤਨਾਮ ਸਿੰਘ ਜੀ, ਸਰਦਾਰਨੀ ਜਤਿੰਦਰ ਕੌਰ ਓਬਰਾਏ, ਸ੍ਰ. ਸਰੂਪ ਸਿੰਘ ਜੀ, ਸ੍ਰ. ਸਤਵੰਤ ਸਿੰਘ ਜੀ, ਡਾ. ਹਰੀਬਾਲਾ (ਰਾਨੀ)ਕੌਰ ਵੈਦ, ਯੂਕੇ, ਭਾਈ ਦਲ ਜੀਤ ਸਿੰਘ ਜੀ, ਸਰਦਾਰਨੀ ਮਨਜੀਤ ਕੌਰ ਅਹੂਜਾ, ਭੈਣ ਇੰਦਰਜੀਤ ਕੌਰ, ਸ੍ਰ. ਮਾਨ ਸਿੰਘ ਜੀ, ਸ੍ਰ. ਕੁਲਦੀਪ ਸਿੰਘ ਜੀ ਅਹੂਜਾ, ਸਰਦਾਰਨੀ ਦਲਜੀਤ ਕੌਰ ਖ਼ਾਲ ਸਾ, ਡਾ. ਖੜਕ ਸਿੰਘ ਜੀ, ਡਾ. ਬਲਜੀਤ ਕੌਰ ਜੀ, ਡਾ. ਪਰਮਿੰਦਰ

ਕੌਰ, ਡਾ. ਹਰਜਿੰਦਰ ਸਿੰਘ ਜੀ ਦਿਲਗੀਰ, ਡਾ. ਪਰਮਜੀਤ ਕੌਰ ਜੀ, ਪ੍ਰਿੰਸੀਪਲ ਅਮਰਜੀਤ ਸਿੰਘ ਜੀ, ਸ੍ਰ. ਬਲਵੰਤ ਸਿੰਘ ਜੀ, ਇੰਡੀਆ।


ਮੈਂ ਅਦਾਰਾ ਸਿੱਖ ਸ਼ਹਾਦਤ, ਅਦਾਰਾ ਸਿੱਖ ਵਿਰਸਾ ਅਤੇ ਅਦਾਰਾ ਸਿੱਖ ਬੁਲੇਟਨ ਦਾ ਧੰਨਵਾਦ ਕਰਦਾ ਹਾਂ ਜੋ ਮੈਨੂੰ ਕਾਫੀ ਸਮੇਂ ਤੋਂ ਆਪਣੇ ਪਰਚੇ ਮੁਫ਼ਤ ਭੇਜ ਰਹੇ ਹਨ। ਬੜੇ ਹੀ ਸਤਿਕਾਰ ਸਹਿਤ ਇਹ ਪੁਸਤਕ ਪਾਠਕਾਂ ਦੀ ਸੇਵਾ ਵਿੱਚ ਹਾਜ਼ਰ ਹੈ। ਆਸ ਕਰਦਾ ਹਾਂ ਕਿ ਇਹ ਪੁਸਤਕ ਪਾਠਕਾਂ ਦੀ ਜਾਣਕਾਰੀ ਵਿਚ ਕੁਝ ਨਾ ਕੁਝ ਜ਼ਰੂਰ ਵਾਧਾ ਕਰੇਗੀ। ਹਰ ਪਾਠਕ ਦੇ ਵਿਚਾਰਾਂ ਦਾ ਸਤਿਕਾਰ ਕਰਨ ਵਾਲਾ।

ਬੜੇ ਹੀ ਸਤਿਕਾਰ ਸਹਿਤ,

S.S.Narang U.K.
19 Manor Ave; Hounslow, Middx; U.K.
Tel/Fax: 020 8230 0888
s_s_narang@hotmail.com

ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਚੌਥੀ
ਸ਼ਹੀਦੀ ਸ਼ਤਾਬਦੀ



ਲੇਖਕ :
ਸਰੂਪ ਸਿੰਘ ਨਾਰੰਗ (ਯੂ.ਕੇ)

ਭਾਗ 1

ਗੁਰੂ ਅਰਜਨ ਸਾਹਿਬ ਸਬੰਧੀ ਸੰਖੇਪ ਜਾਣਕਾਰੀ

1) ਗੁਰੂ ਸਾਹਿਬ ਦੀ ਮਹਾਨ ਪਰਉਪਕਾਰੀ ਸ਼ਖਸੀਅਤ

ਗੁਰੂ ਅਰਜਨ ਸਾਹਿਬ ਦਾ ਪ੍ਰਕਾਸ਼, ਸੇਵਾ ਤੇ ਦ੍ਰਿੜਤਾ ਦੀ ਮੂਰਤ ਸਤਿਕਾਰ ਯੋਗ ਮਾਤਾ ਭਾਨੀ ਜੀ ਦੀ ਕੁੱਖੋਂ 15 ਅਪ੍ਰੈਲ ਸੰਨ 1563 ਨੂੰ ਗੋਇੰਦਵਾਲ, ਤਹਿਸੀਲ ਤਰਨਤਾਰਨ, ਜ਼ਿਲਾ ਅੰਮ੍ਰਿਤਸਰ ਵਿਖੇ ਹੋਇਆ ਆਪ ਜੀ ਦੀ ਸਿੱਖਿਆ ਦਾ ਸੋਹਣਾ ਪ੍ਰਬੰਧ ਕੀ ਤਾ ਗਿਆ ਗੁਰੂ ਅਰਜਨ ਸਾਹਿਬ ਨੂੰ ਜਨਮ ਤੋਂ ਹੀ ਗੁਰੂ-ਛੁਹ, ਗੁਰੂ ਪਿਆਰ, ਗੁਰੂ-ਮਤਿ ਦੀ ਸਿੱਖਿਆ ਮਿਲਣੀ ਸ਼ੁਰੂ ਹੋ ਗਈ ਸੀ।

ਆਪ ਜੀ ਨੂੰ ਗੁਰੂ ਜੋਤਿ ਦੇ ਪ੍ਰਕਾਸ਼ ਦੀ ਪਛਾਣ ਕਰਵਾਉਣ 'ਚ ਸਭ ਤੋਂ ਵੱਧ ਯੋਗਦਾਨ ਗੁਰੂ ਅਮਰਦਾਸ ਸਾਹਿਬ ਦਾ ਹੈ। ਗੁਰੂ ਅਮਰਦਾਸ ਸਾਹਿਬ ਆਪ ਜੀ ਦੇ ਨਾਨਾ ਜੀ ਸਨ, ਜਿਨ੍ਹਾਂ ਨੇ ਮੁੱਢ ਤੋਂ ਹੀ ਜਾਣ ਲਿਆ ਸੀ ਕਿ ਸਾਡਾ ਇਹ ਦੋਹਤਾ ਧੁਰ ਦਰਗਾਹੋਂ ਗੁਰ-ਗੱਦੀ ਲਈ ਅੰਗਿਆ ਹੋਇਆ ਆਇਆ ਹੈ। ਜਿਵੇਂ ਪੰਜਾਬੀ ਸਭਿਆਚਾਰ 'ਚ ਦਾਦੇ ਤੇ ਪੋਤਰੇ ਦਾ ਅਤੇ ਨਾਨੇ ਤੇ ਦੋਹਤਰੇ ਦਾ ਅੰਤਰੀਵੀ ਰਿਸ਼ਤਾ ਪ੍ਰਸਿੱਧ ਹੈ, ਇਵੇਂ ਹੀ ਦੋਹਿਤਾ ਅਰਜਨ ਦੇਵਜੀ ਦਾ ਆਪਣੇ ਨਾਨੇ ਗੁਰੂ ਅਮਰਦਾਸ ਸਾਹਿਬ ਨਾਲ ਬੜਾ ਗੂੜ੍ਹਾ ਪਿਆਰ ਸੀ।

ਗੁਰੂ ਅਰਜਨ ਸਾਹਿਬ ਸਭ ਤੋਂ ਪਹਿਲੇ ਗੁਰੂ ਸਨ ਜਿਨ੍ਹਾਂ ਨੂੰ ਜੰਮਦਿਆਂ ਹੀ ਗੁਰਮਤਿ ਦੀ ਗੁੜ੍ਹਤੀ ਮਿਲੀ ਸੀ। ਆਪ ਜੀ ਆਪਣੇ ਨਾਨਕੇ ਪਿੰਡ ਜੰਮੇ ਅਤੇ ਨਾਨਾ ਗੁਰੂ ਅਮਰਦਾਸ ਸਾਹਿਬ ਦੀ ਗੋਦੀ 'ਚ ਹੀ ਪਲੇ। ਪਲੇ ਤਾਂ ਦੋਵੇਂ ਵੱਡੇ ਭਰਾ ਬਾਬਾ ਪ੍ਰਿਥੀ ਚੰਦ ਤੇ ਬਾਬਾ ਮਹਾਂਦੇਵਜੀ ਵੀ ਗੁਰਗੋਦ 'ਚ ਹੀ ਸਨ, ਪਰ ਦੂਜਿਆਂ ਨਾਲ ਪਿਆਰ ਹੁੰਦਿਆਂ ਹੋਇਆਂ ਵੀ ਪਿਆਰ ਦੀ ਅਸਲ ਬਾਜ਼ੀ (ਗੁਰੂ) ਅਰਜਨ ਦੇਵਜੀ ਹੀ ਲੈ ਗਏ। ਨਾਨੇ ਦੋਹਤਰੇ ਦਾ ਪਿਆਰ ਇਤਨਾ ਵਧਿਆ ਕਿ ਇਸ ਦੀ ਬਰਕਤ ਨਾਲ ਉਚੀ ਮਨੁੱਖਤਾ ਦੇ ਸਾਰੇ ਗੁਣਾਂ ਦੇ ਅੰਕੁਰ ਇਹਨਾਂ ਦੇ ਅੰਦਰ ਫੁੱਟਣ ਲੱਗ ਪਏ ਸਨ। ਇਹਨਾਂ ਅੰਦਰੋਂ ਫੁੱਟਦੀ ਹੋਣਹਾਰਤਾ ਨੂੰ ਗੁਰੂ ਅਮਰਦਾਸ ਸਾਹਿਬ ਹੋਰ ਵਧੀਕ ਪਿਆਰ-ਜਲ ਪਾਂਦੇ ਰਹੇ। ਇਸ ਤਰ੍ਹਾਂ ਇਹਨਾਂ ਨੂੰ ਸਾਢੇ ਯਾਰਾਂ ਸਾਲ ਗੁਰੂ ਅਮਰਦਾਸ ਸਾਹਿਬ ਤੋਂ ਗੁਰਮਤਿ ਦੀ ਖੁਰਾਕ ਮਿਲਦੀ ਰਹੀ।

ਇਕ ਦਿਨ (ਗੁਰੂ) ਅਰਜਨ ਦੇਵਜੀ ਰਿੜ੍ਹਦੇ ਰਿੜ੍ਹਦੇ ਗੁਰੂ ਅਮਰਦਾਸ

ਸਾਹਿਬ ਦੀ ਗੱਦੀ ਤੇ ਚਲੇ ਗਏ। ਗੁਰੂ ਸਾਹਿਬ ਨੇ ਮੁਸਕਰਾ ਕੇ ਕਿਹਾ ਕਿ 'ਪੁੱਤਰਾ' ਅਜੇ ਵੇਲਾ ਨਹੀਂ ਆਇਆ। ਇਕ ਵਾਰ ਅਰਜਨ ਦੇਵਜੀ ਨੂੰ ਕੁੱਛੜ ਚੁੱਕ ਕੇ ਗੁਰੂ ਅਮਰਦਾਸ ਸਾਹਿਬ ਨੇ ਕਿਹਾ ਸੀ, ਦੋਹਿਤਾ, ਬਾਣੀ ਕਾ ਬੋਹਿਥਾ। ਨਾਨਾ-ਗੁਰੂ ਅਮਰਦਾਸ ਸਾਹਿਬ ਦੇ ਅਰਜਨ ਦੇਵਜੀ ਬਾਰੇ ਇਹ ਬੋਲ "ਦੋਹਿਤਾ ਬਾਣੀ ਕਾ ਬੋਹਿਥਾ" ਨਿਸਚੇ ਹੀ ਉਹਨਾਂ ਦੀ ਬਣਨ ਵਾਲੀ 'ਗੁਰ-ਪ੍ਰਤਿਭਾ' ਦੇ ਪਛਾਣ ਚਿੰਨ੍ਹ ਦਾ ਪ੍ਰਗਟਾਵਾ ਸਨ। ਮਾਤਾ ਭਾਨੀ ਜੀ ਸਮਝ ਗਏ ਸਨ ਕਿ ਇਹ ਮਨੋਹਰ ਬਾਲ ਗੁਰਤਾ ਦੀਆਂ ਜ਼ਿਮੇਵਾਰੀਆਂ ਨਿਭਾਹੁਣ ਲਈ ਨੀਅਤ ਹੋ ਕੇ ਆਇਆ ਹੈ।

ਗੁਰੂ ਰਾਮਦਾਸ ਸਾਹਿਬ ਸਤੰਬਰ 1574 'ਚ ਗੁਰੂ ਬਣੇ ਅਤੇ ਆਪ ਜੀ ਨੇ ਗੁਰੂ ਅਮਰਦਾਸ ਸਾਹਿਬ ਦੀ ਤਜਵੀਜ਼ ਮੁਤਾਬਕ ਮਾਝੇ ਦੀ ਧੁੰਨੀ 'ਚ ਨਵਾਂ ਨਗਰ 'ਗੁਰੂ-ਚੱਕ' ਵਸਾਣਾ ਸ਼ੁਰੂ ਕੀਤਾ, ਜਿਹੜਾ ਕਿ ਇਕ ਬਹੁਤ ਵੱਡਾ ਕੰਮ ਸੀ। ਲੱਖਾਂ ਕ੍ਰੋੜਾਂ ਇੱਟਾਂ, ਮਣਾਂ-ਮੂੰਹੀ ਚੂਨਾਂ, ਲੱਖਾਂ ਮਣ ਲੱਕੜਾਂ ਅਤੇ ਕੰਮ 'ਤੇ ਲੱਗੇ ਬੰਦਿਆਂ ਲਈ ਰਿਹਾਇਸ਼ ਤੇ ਹਜ਼ਾਰਾਂ ਮਣ ਅੰਨ ਦੀ ਲੋੜ ਸੀ। ਇਸ ਮਹਾਨ ਕੰਮ ਲਈ ਜਥੇਬੰਦ ਮਿਹਨਤ ਦੀ ਵੀ ਲੋੜ ਸੀ।

ਗੁਰੂ ਰਾਮਦਾਸ ਸਾਹਿਬ ਦਾ ਵਿਚਕਾਰਲਾ ਸ਼ਹਿਜ਼ਾਦਾ ਮਹਾਂਦੇਵਤਾਂ ਮਸਤ ਸੁਭਾ ਦੇ ਸਨ ਅਤੇ ਬਾਬਾ ਪ੍ਰਿਥੀ ਚੰਦ ਜੀ ਦੁਨਿਆਵੀ ਕੰਮਾਂ 'ਚ ਹੀ ਚੁਸਤ ਸਾਬਤ ਹੋਏ। ਉਹ ਗੁਰੂ ਰਾਮਦਾਸ ਸਾਹਿਬ ਨੂੰ ਪਿਤਾ ਹੀ ਜਾਣ ਸਕੇ, ਗੁਰੂ ਨਹੀਂ। (ਗੁਰੂ)ਅਰਜਨ ਦੇਵਜੀ ਦਾ ਬਾਣੀ ਵਾਲਾ ਇਸ਼ਕ ਤਾਂ ਹੁਣ ਤਕ ਉੱਘੜ ਚੁੱਕਾ ਸੀ ਅਤੇ ਉਹਨਾਂ ਅੰਦਰ ਆਤਮਕ ਚਾਨਣ ਵੀ ਹੋ ਚੁੱਕਾ ਸੀ। ਇਸ ਦੇ ਨਾਲ ਹੀ ਸ਼ਹਿਰ ਦੀਆਂ ਇਮਾਰਤਾਂ ਦੀ ਉਸਾਰੀ, ਸ਼ਹਿਰ 'ਚ ਹਰ ਕਿੱਤੇ ਦੇ ਲੋਕ ਲਿਆ ਕੇ ਵਸਾਣੇ, ਸਰੋਵਰ ਦੀ ਪੁਟਾਈ ਅਤੇ ਉਸਾਰੀ ਆਦਿਕ ਕੰਮਾਂ 'ਚ ਵੀ ਪੂਰੀ ਦਿਲਚਸਪੀ ਦਿਖਾਉਣੀ ਸ਼ੁਰੂ ਕਰ ਦਿੱਤੀ ਸੀ। ਗੁਰੂ ਰਵਾਇਤ ਮੁਤਾਬਕ ਗੁਰੂ ਰਾਮਦਾਸ ਸਾਹਿਬ ਨੇ ਹੌਲੀ ਹੌਲੀ ਪਰਖ ਦੇ ਪਰਚੇ ਪਾਉਣੇ ਸ਼ੁਰੂ ਕਰ ਦਿੱਤੇ।

ਗੁਰੂ ਰਾਮਦਾਸ ਸਾਹਿਬ ਦੇ ਵੱਡੇ ਸਪੁੱਤਰ ਬਾਬਾ ਪ੍ਰਿਥੀ ਚੰਦ ਜੀ ਸਨ, ਜੋ ਸੰਸਾਰਕ ਕੰਮਾਂ 'ਚ ਬੜੇ ਹੁਸ਼ਿਆਰ ਸਨ। ਆਮਦਨ ਖਰਚ ਦਾ ਹਿਸਾਬ-ਕਿਤਾਬ, ਸਰੋਵਰ ਆਦਿਕ ਦੀ ਉਸਾਰੀ, ਸੰਗਤਾਂ ਦੀ ਰਿਹਾਇਸ਼ ਅਤੇ ਲੰਗਰ ਆਦਿਕ ਦਾ ਪ੍ਰਬੰਧ ਬੜੀ ਮਿਹਨਤ ਨਾਲ ਕਰਦੇ ਸਨ। ਉਹ ਆਪਣੇ ਆਪ ਨੂੰ ਇਕ ਹੁਸ਼ਿਆਰ ਪ੍ਰਬੰਧਕ ਅਤੇ ਵੱਡਾ ਪੁੱਤਰ ਹੋਣ ਦੇ ਨਾਤੇ ਗੁਰਗੱਦੀ ਦੇ ਅਧਿਕਾਰੀ ਸਮਝਦੇ ਸਨ। ਪਰ ਉਸ ਦੀਆਂ ਸੁਆਰਥਕ ਰੁਚੀਆਂ ਪਿਤਾ-ਗੁਰੂ ਤੋਂ ਉਸ ਨੂੰ ਦੂਰ ਲਿਜਾਂਦੀਆਂ ਗਈਆਂ। ਆਪ ਜੀ ਦੇ ਵਿਚਕਾਰਲੇ ਸਪੁੱਤਰ ਬਾਬਾ ਮਹਾਂਦੇਵਜੀ ਦੁਨਿਆਵੀ ਕੰਮਾਂ-ਕਾਜਾਂ ਤੋਂ ਅਟੰਕ ਰਹਿੰਦੇ ਸਨ। (ਗੁਰੂ) ਅਰਜਨ ਦੇਵ'ਚ ਸੁਹਿਰਤਾ, ਨਿਸ਼ਕਾਮਤਾ ਅਤੇ ਸੇਵਾ

ਭਾਵਨਾ ਸੀ, ਜੋ ਉਹਨਾਂ ਨੂੰ ਹੌਲੀ ਹੌਲੀ ਪਿਤਾ-ਗੁਰੂ ਦੇ ਨੇੜੇ ਲੈ ਜਾਂਦੀ ਗਈ।

ਗੁਰੂ ਰਾਮਦਾਸ ਸਾਹਿਬ ਨੇ ਇਮਤਿਹਾਨ ਦਾ ਇਕ ਪਰਚਾ ਪਾਇਆ। ਪਹਿਲਾਂ ਪ੍ਰਿਥੀ ਚੰਦ ਨੂੰ ਕਿਹਾ ਕਿ ਉਹ ਆਪਣੇ ਤਾਏ ਦੇ ਸਪੁੱਤਰ ਦੀ ਸ਼ਾਦੀ 'ਤੇ ਜਾਏ। ਉਸ ਨੇ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਉਸ ਕੋਲ ਅਜਿਹੇ ਕੰਮਾਂ ਲਈ ਵਿਹਲ ਨਹੀਂ, ਉਸ ਨੇ ਇਥੋਂ ਦਾ ਸਾਰਾ ਪ੍ਰਬੰਧ ਸੰਭਾਲਿਆ ਹੋਇਆ ਹੈ। ਫੇਰ ਵਿਚਕਾਰਲੇ ਸਪੁੱਤਰ ਮਹਾਂਦੇਵਨੂੰ ਆਖਿਆ ਕਿ ਉਹ ਚਲਾ ਜਾਏ। ਉਸ ਨੇ ਉੱਤਰ ਦਿੱਤਾ ਕਿ ਉਹ ਦੁਨੀਆਦਾਰੀ ਦੇ ਕੰਮਾਂ 'ਚ ਨਹੀਂ ਪੈਣਾ ਚਾਹੁੰਦਾ। ਫੇਰ ਗੁਰੂ ਰਾਮਦਾਸ ਸਾਹਿਬ ਨੇ (ਗੁਰੂ)ਅਰਜਨ ਦੇਵਜੀ ਨੂੰ ਆਖਿਆ, ਜਿਸ ਨੂੰ ਅਰਜਨ ਦੇਵਜੀ ਨੇ ਸਤ ਬਚਨ ਕਹਿ ਕੇ ਸਿਰ ਨਿਵਾਇਆ। ਇਸ ਤਰ੍ਹਾਂ ਗੁਰੂ ਰਾਮਦਾਸ ਸਾਹਿਬ ਨੇ (ਗੁਰੂ)ਅਰਜਨ ਦੇਵਜੀ ਨੂੰ ਤਾਇਆ ਸਹਾਰੀ ਮੱਲ ਦੇ ਸਪੁੱਤਰ ਦੀ ਸ਼ਾਦੀ 'ਤੇ ਲਾਹੌਰ ਭੇਜਿਆ ਤੇ ਆਦੇਸ਼ ਦਿੱਤਾ ਕਿ ਉਹ ਉਤਨਾ ਚਿਰ ਉਥੇ ਹੀ ਰਹਿਣ, ਜਿਤਨਾ ਚਿਰ ਕਿ ਉਹਨਾਂ ਨੂੰ ਬੁਲਾਇਆ ਨਹੀਂ ਜਾਂਦਾ।

ਇਹ ਪਰਖ ਦਾ ਸਮਾਂ ਸੀ। ਗੁਰੂ ਸਾਹਿਬ ਨੇ ਕਾਫੀ ਚਿਰ ਨਾ ਬੁਲਾਇਆ। (ਗੁਰੂ) ਅਰਜਨ ਸਾਹਿਬ ਅੰਦਰ ਦਰਸ਼ਨਾਂ ਲਈ ਪਰਬਲ ਖਿਚ ਪੈਦਾ ਹੋਈ। ਇਸ ਖਿਚ ਨਾਲ ਉਹਨਾਂ ਅੰਦਰ ਇਤਨਾ ਪਿਤਾ-ਪੁੱਤਰ ਮੋਹ ਨਹੀਂ ਸੀ ਜਾਗਿਆ, ਜਿਤਨਾ ਕਿ ਗੁਰੂ ਦਰਸ਼ਨ ਅਤੇ ਗੁਰੂ ਦਰਬਾਰ ਦੇਖਣ ਦੀ ਭਾਵਨਾ ਜਾਗੀ ਸੀ। ਵਾਪਸੀ ਲਈ ਜਿਸ ਤੜਪ ਤੇ ਲੋਚਾ ਦਾ ਪ੍ਰਗਟਾਵਾ ਆਪਣੀਆਂ ਚਿੱਠੀਆਂ ਰਾਹੀਂ ਗੁਰੂ ਅਰਜਨ ਸਾਹਿਬ ਕਰ ਰਹੇ ਸਨ, ਉਹ ਇੰਨਾ ਸੰਸਾਰਕ ਜਾਂ ਉਦਾਸ ਕ੍ਰਿਆ ਵਾਲਾ ਨਹੀਂ ਸੀ, ਸਗੋਂ ਗੁਰੂ-ਦਰਸ਼ਨ ਤੇ ਗੁਰੂ ਦਰਬਾਰ ਨੂੰ ਵੇਖਣ ਲਈ ਚਾਤ੍ਰਿਕ ਵਾਂਗ ਤੜਪਨ ਦੀ ਅਵਸਥਾ ਅਤੇ ਸਿੱਖ ਤੇ ਗੁਰੂ ਦੇ ਆਤਮਕ-ਰਿਸ਼ਤੇ ਦੀ ਅਵਸਥਾ ਸੀ ਕਿਉਂਕਿ ਅਕਾਲ ਅਨੁਭਵੀ ਜੋਤਿ ਦੇ ਰਿਸ਼ਤੇ ਕਦੀ ਸਰੀਰਕ ਜਾਂ ਖ਼ੂਨੀ ਨਹੀਂ ਹੁੰਦੇ। ਗੁਰੂ ਜੋਤਿ ਦੇ ਪ੍ਰਕਾਸ਼ ਤੇ ਪ੍ਰਭਾਵ ਨਾਲ ਇਕਸੁਰ ਤੇ ਇਕ-ਰੂਪ ਹੋਣ ਕਾਰਨ ਹੀ (ਗੁਰੂ)ਅਰਜਨ ਦੇਵਜੀ ਪਿਤਾ-ਗੁਰੂ ਦੀ ਨਦਰਿ 'ਚ ਪਰਵਾਨ ਚੜ੍ਹੇ ਸਨ:

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ॥
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ॥
– – – – – – –
ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ॥
– – – –
ਭਾਗੁ ਹੋਆ ਗੁਰਿ ਸੰਤੁ ਮਿਲਾਇਆ॥ ਪ੍ਰਭੁ ਅਬਿਨਾਸੀ ਘਰ ਮਹਿ ਪਾਇਆ॥ (ਪੰਨਾ 96)

ਗੁਰੂ ਅਰਜਨ ਸਾਹਿਬ ਸਿਮਰਨ ਤੇ ਸੇਵਾ, ਸਬਰ ਤੇ ਸਿਦਕ ਅਤੇ ਸਹਿਜ ਤੇ ਸਾਹਸ ਦੇ ਰੱਬੀ ਗੁਣਾਂ ਦਾ ਮੁਜੱਸਮਾ ਸਨ। ਆਪ ਜੀ ਜਨਮ ਤੋਂ ਹੀ ਗੁਰੂ ਦੀ ਰਹਿਮਤ ਅਤੇ ਰਜ਼ਾ 'ਚ ਰਹਿਣ ਵਾਲੇ ਸੰਤ ਸਰੂਪ ਸਨ। ਸਿਮਰਨ, ਸੇਵਾ, ਸ਼ਾਂਤੀ ਅਤੇ ਸਹਿਜ 'ਚ ਰਹਿਣਾ ਆਪ ਜੀ ਦੇ ਜਮਾਂਦਰੂ ਪ੍ਰਧਾਨ ਗੁਣ ਸਨ। ਉਹਨਾਂ 'ਚ ਨਾ ਹਉਮੈਂ-ਹੰਕਾਰ ਸੀ ਅਤੇ ਨਾ ਹੀਂ ਲੋਭ-ਲਾਲਚ ਹੀ ਸੀ। ਸਭ ਅੰਦਰ ਇਕੋ ਜੋਤਿ ਦਾ ਪ੍ਰਕਾਸ਼ ਮੰਨ ਕੇ, ਆਪ ਜੀ ਸਭ ਨੂੰ ਆਪਣਾ ਮੀਤ ਸਮਝ ਕੇ, ਸਭ ਨੂੰ ਪਿਆਰ ਕਰਦੇ ਸਨ। ਆਪਣਾ ਤਨ, ਮਨ ਅਤੇ ਧੰਨ ਗੁਰੂ-ਦਰਬਾਰ ਤੇ ਮਾਨਵ-ਸੇਵਾ ਪ੍ਰਤੀ ਸਮਰਪਤ ਕੀਤੀ ਰੱਖਿਆ ਸੀ।

ਆਪ ਜੀ ਸਮ-ਦ੍ਰਿਸ਼ਟੀ ਦੇ ਮਾਲਕ ਸਨ ਅਤੇ ਆਪ ਜੀ ਦੇ ਦਿਲ ਅੰਦਰ ਸਮੁੱਚੀ ਮਨੁੱਖਤਾ ਲਈ ਅਮਿਣਵਾਂ ਪਿਆਰ ਸੀ। ਆਪਣੇ ਪਰਾਏ ਦਾ ਕੋਈ ਭਿੰਨ-ਭੇਦ ਨਹੀਂ ਸੀ। ਲੋਕਾਂ ਦੇ ਦੁੱਖ ਦੂਰ ਕਰਨ ਲਈ ਆਪਣੇ ਆਪ ਨੂੰ ਕੁਰਬਾਨ ਕਰ ਦੇਣਾ ਆਪ ਜੀ ਦੀ ਮਹਾਨ ਸ਼ਖਸੀਅਤ ਦਾ ਵਿਸ਼ੇਸ਼ ਗੁਣ ਸੀ। ਆਪ ਜੀ ਦੇ ਸਿੱਖਾਂ 'ਚ ਹਿੰਦੂ ਮੁਸਲਮਾਨ ਦੋਵੇਂ ਸਨ। ਆਪ ਜੀ ਦੀ ਬਿਰਤੀ ਸਦਾ ਸ਼ਾਂਤ, ਅਡੋਲ ਅਤੇ ਸਹਿਜ 'ਚ ਨਿਰੰਤਰ ਜੁੜੀ ਰਹਿੰਦੀ ਸੀ। ਆਪ ਜੀ ਨੇ ਆਪਣੀ ਸਮੁੱਚੀ ਬਾਣੀ 'ਚ ਦਾਸ, ਸੇਵਕ ਜਾਚਕ, ਢਾਡੀ, ਚੇਰੀ, ਗਰੀਬ ਆਦਿਕ ਨਿਰਮਾਣਤਾ ਤੇ ਨਿਮਰਤਾ ਭਰੇ ਸ਼ਬਦਾਂ ਨਾਲ ਆਪਣੇ ਆਪ ਨੂੰ ਸੰਬੋਧਨ ਕੀਤਾ ਹੈ। ਗੋਕਲ ਚੰਦ ਨਾਰੰਗ ਲਿਖਦਾ ਹੈ ਕਿ 'ਇਸ ਸਮੇਂ ਇਕ ਅਜਿਹੇ ਵਿਅਕਤੀ ਦਾ ਆਭਾਸ ਹੋਇਆ ਜੋ ਜਮਾਂਦਰੂ ਕਵੀ ਸੀ, ਅਮਲੀ ਦਾਰਸ਼ਨਿਕ, ਸ਼ਕਤੀਸ਼ਾਲੀ ਪ੍ਰਬੰਧਕ ਅਤੇ ਮਹਾਨ ਰਾਜਨੀਤਕ ਸੀ।'

ਆਪ ਜੀ ਗੁਰੂ ਹੋਣ ਤੋਂ ਬਿਨਾਂ ਪਵਿੱਤਰ ਆਤਮਾ ਵਾਲੇ ਬ੍ਰਹਮ ਗਿਆਨੀ ਵੀ ਸਨ। ਆਪ ਜੀ ਦੀ ਮਿੱਠੀ ਜਿਹੀ ਤੱਕਣੀ ਜੀਵਨ ਤੋਂ ਟੁੱਟੇ ਹੋਏ ਮਨੁੱਖ ਨੂੰ ਜ਼ਿੰਦਗੀ ਦਾ ਰਾਣਾ ਬਣਾ ਦਿੰਦੀ ਸੀ। ਦਿਲਾਂ ਨੂੰ ਮੋਹ ਲੈਣ ਵਾਲੀ ਰੂਹਾਨੀ ਸ਼ਖਸੀਅਤ ਆਪ ਜੀ ਨੂੰ ਵਿਰਸੇ 'ਚ ਹੀ ਮਿਲੀ ਸੀ। ਆਪ ਜੀ ਦੇ ਆਲੇ ਦੁਆਲੇ ਕਣ-ਕਣ 'ਚ ਪਿਆਰ, ਸੁਹਿਰਦਤਾ ਅਤੇ ਹਮਦਰਦੀ ਖਿਲਰੀ ਰਹਿੰਦੀ ਸੀ, ਜਿਸ ਤੋਂ ਸਰਸ਼ਾਰ ਹੋਕੇ ਲੋਕ ਸਦਾ ਅਨੰਦ ਦੀ ਮਸਤੀ 'ਚ ਖੀਵੇ ਹੋਏ ਰਹਿੰਦੇ ਸਨ।

ਆਪ ਜੀ ਦਾ ਵਿਆਹ ਸੋਲਾਂ ਸਾਲ ਦੀ ਉਮਰ 'ਚ ਮਉ ਪਿੰਡ, ਤਸੀਲ ਫਲੌਰ, ਜ਼ਿਲਾ ਜਲੰਧਰ ਦੇ ਵਸਨੀਕ, ਸ੍ਰੀ ਕ੍ਰਿਸ਼ਨ ਚੰਦ ਦੀ ਸਪੁੱਤਰੀ ਮਾਤਾ ਗੰਗਾ ਦੇਵੀ ਜੀ ਨਾਲ ਹੋਇਆ। ਜਦ ਵੱਡੇ ਭਰਾ ਪ੍ਰਿਥੀ ਚੰਦ ਵਲੋਂ ਵਿਰੋਧ ਵੱਧਿਆ ਤਾਂ ਆਪ ਜੀ ਅੰਮ੍ਰਿਤਸਰ ਛੱਡ ਕੇ 'ਗੁਰੂ ਕੀ ਵਡਾਲੀ' ਆ ਗਏ, ਜਿਥੇ ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ ਹੋਇਆ ਸੀ।

ਗੁਰੂ ਦਰਬਾਰ 'ਤੇ ਕਬਜ਼ਾ ਕਰਨ ਲਈ ਜਿੰਨਾ ਘਰੋਗੀ ਤੇ ਸਰਕਾਰੀ ਵਿਰੋਧ ਗੁਰੂ ਅਰਜਨ ਸਾਹਿਬ ਦਾ ਹੋਇਆ, ਉਤਨਾ ਕਿਸੇ ਹੋਰ ਗੁਰੂ ਸਾਹਿਬ ਦਾ ਨਹੀਂ ਸੀ ਹੋਇਆ। ਆਪ ਜੀ ਵੈਰ-ਵਿਰੋਧ, ਵੰਡ-ਵਿਤਕਰੇ, ਮੰਦੇ-ਬੁਰੇ ਅਤੇ ਦੁਸ਼ਮਣੀ ਭਾਵਾਂ ਦੀਆਂ ਰੁਚੀਆਂ ਤੋਂ ਉਚੇਰੇ ਸਨ ਅਤੇ ਗੁੱਸੇ-ਗਿਲੇ, ਉਲਾਂਭੇ ਅਤੇ ਬਦਲਾ ਲੈਣ ਦੀਆਂ ਪ੍ਰਵਿਰਤੀਆਂ ਤੋਂ ਮੁਕਤ ਸਨ। ਆਪ ਜੀ ਦਾ ਸਾਰਾ ਜੀਵਨ ਤੇ ਸਾਰੀ ਬਾਣੀ-ਰਚਨਾ ਵਰਗ-ਵਿਸ਼ੇਸ਼ ਦੇ ਵਿਤਕਰਿਆਂ ਤੋਂ ਮੁਕਤ ਹੈ।

ਆਪ ਜੀ ਦੀ ਬਾਣੀ ਦਾ ਹਰ ਸ਼ਬਦ ਸੱਚ ਤੇ ਸਚਾਈ 'ਤੇ ਕੇਂਦਰਤ ਹੈ। ਅਮਰ ਤੇ ਅੰਮ੍ਰਿਤ ਬੋਲਾਂ ਵਾਲਾ ਬਾਣੀਕਾਰ ਕਦੇ ਕਿਸੇ ਗਰੁੱਪ ਜਾਂ ਵਿਸ਼ੇਸ਼ ਵਰਗ ਨੂੰ ਮੁੱਖ ਰੱਖ ਕੇ ਇਲਾਹੀ ਰਚਨਾ ਨਹੀਂ ਕਰਦਾ, ਸਗੋਂ ਉਸ ਦੀ ਦ੍ਰਿਸ਼ਟੀ ਸਮ ਤੇ ਸਰਬ-ਵਿਆਪੀ ਹੁੰਦੀ ਹੈ। ਆਪ ਜੀ ਨੇ ਗੁਰੂ ਗਰੰਥ ਸਾਹਿਬ ਦੀ ਸੰਪਾਦਨਾ ਕੀਤੀ, ਤਾਂ ਸਮੁੱਚੇ ਭਾਰਤ ਦੇ ਅਕਾਲ ਪੁਰਖ ਨਾਲ ਜੁੜੇ ਸੰਤਾਂ, ਭਗਤਾਂ, ਭੱਟਾਂ ਤੇ ਰਬਾਬੀਆਂ ਨੂੰ ਕੇਵਲ ਪੂਰਨ ਪ੍ਰਤੀਨਿਧਤਾ ਹੀ ਨਹੀਂ ਦਿੱਤੀ, ਸਗੋਂ ਆਪਣੇ ਨਾਲ ਬਰਾਬਰ ਬਿਠਾ ਕੇ ਉਹਨਾਂ ਦੇ ਬੋਲਾਂ ਨੂੰ ਅੰਮ੍ਰਿਤ ਤੇ ਅਮਰ ਹੋਣ ਦੀ ਮੁਹਰ-ਛਾਪ ਵੀ ਲਾਈ।

ਸਹਿਨ-ਸ਼ੀਲਤਾ ਦੇ ਪੁੰਜ

ਗੁਰੂ ਗਰੰਥ ਸਾਹਿਬ 'ਚ ਆਈ ਗੁਰੂ ਅਰਜਨ ਸਾਹਿਬ ਦੀ ਬਾਣੀ ਉਹਨਾਂ ਦੀ ਸ਼ਖਸੀਅਤ ਦਾ ਸਹੀ ਪ੍ਰਤੀਬਿੰਬ ਹੈ। ਆਪ ਜੀ ਆਪਣੇ ਜੀਵਨ ਦੇ ਮੁੱਢਲੇ ਸਾਲਾਂ ਤੋਂ ਹੀ ਉੱਚ-ਬਿਰਤੀ, ਸ਼ਾਂਤ-ਮੂਰਤ ਅਤੇ ਨਿਮ੍ਰਤਾ ਦੇ ਪੁੰਜ ਸਨ। ਮਿਠਾਸ ਤੇ ਪਰਉਪਕਾਰ ਆਪ ਜੀ ਦੇ ਰੋਮ-ਰੋਮ 'ਚ ਸਮਾਇਆ ਹੋਇਆ ਸੀ। ਆਪ ਜੀ ਦੀ ਸਾਰੀ ਬਾਣੀ 'ਆਸ਼ਾਵਾਦ' ਨਾਲ ਭਰੀ ਪਈ ਹੈ। ਗੁਰੂ ਅਰਜਨ ਸਾਹਿਬ ਦੀ ਸਾਰੀ ਬਾਣੀ 'ਚੋਂ ਇਕ ਅਡੋਲ, ਸੰਤੁਸ਼ਟ, ਵਿਜਈ ਅਤੇ ਸੂਰਮੇ ਵਾਲੀ ਪ੍ਰਤਿੱਭਾ ਉਜਾਗਰ ਹੁੰਦੀ ਹੈ। ਆਪ ਜੀ ਦੀ ਸ਼ਹਾਦਤ ਵੀ ਉਹਨਾਂ ਦੀ ਅਡੋਲ ਸੂਰਮੇ ਹੋਣ ਦੀ ਸਾਖੀ ਭਰਦੀ ਹੈ।

ਆਪ ਜੀ ਦੀ ਸ਼ਖਸ਼ੀਅਤ ਸੱਚ ਦਾ ਪ੍ਰਕਾਸ਼ ਬਣ ਕੇ ਆਈ। ਸੱਚ ਹੀ ਉਹ ਪਰਚਾਰਦੇ ਰਹੇ, ਸੱਚ ਦਾ ਹੀ ਉਹਨਾਂ ਜੀਵਨ ਜੀਵਿਆ ਅਤੇ ਸੱਚ ਦੀ ਖਾਤਰ ਹੀ ਤਸੀਹਿਆਂ ਭਰੀ ਲਾਸਾਨੀ ਸ਼ਹਾਦਤ ਦਿੱਤੀ। ਆਪ ਜੀ ਨੇ ਜੋ ਜਹਾਂਗੀਰ ਦੀ ਤਅੱਸੁਬੀ ਇਕ-ਵਰਗੀ ਸੋਚ ਅਤੇ ਜ਼ੁਲਮਾਂ ਵਿਰੁੱਧ ਸ਼ਹਾਦਤ ਦਿੱਤੀ ਹੈ, ਤਾਂ ਉਹ ਵੀ ਸੱਚ ਤੇ ਸਰਬ-ਪ੍ਰਵਾਨਿਤ ਭਾਵਨਾਵਾਂ ਦੀ ਸੁਰੱਖਿਆ ਲਈ ਦਿੱਤੀ ਹੈ। ਆਪ ਜੀ ਦੀ ਸਾਰੀ ਜੀਵਨ ਕ੍ਰਿਆ ਅਧਿਆਤਮਕ, ਸਰਬ-ਹਿਤੈਸ਼ੀ ਅਤੇ ਸਿਰਜਨਾਤਮਕ ਕੰਮਾਂ 'ਚ ਹੀ ਜੁੱਟੀ ਰਹੀ। ਇਸੇ ਕਰਕੇ ਗੁਰੂ ਜੋਤਿ ਦੇ ਪ੍ਰਕਾਸ਼ ਨੂੰ ਪਛਾਣਨ

ਵਾਲੇ ਸਮਕਾਲੀ ਸਿੱਖ ਵਿਦਵਾਨ ਭਾਈ ਗੁਰਦਾਸ ਜੀ ਗੁਰੂ ਅਰਜਨ ਸਾਹਿਬ ਨੂੰ ਸੱਚ ਸਿਰਜਣਹਾਰ ਦੱਸਦੇ ਹਨ:

'ਗੁਰੂ ਅਰਜਨੁ ਸਚੁ ਸਿਰਜਨਹਾਰਾ'

ਪ੍ਰਮਾਤਮ ਜੋਤਿ ਦੇ ਨੇੜੇ ਹੋਣ ਦਾ ਅਹਿਸਾਸ ਕੇਵਲ ਅਨੁਭਵ'ਚ ਹੀ ਆ ਸਕਦਾ ਹੈ, ਜੋ ਖੇੜੇ ਤੇ ਵਿਗਾਸ ਵਾਲਾ ਅਨੁਭਵਹੈ। ਅਜਿਹੇ ਅਨੁਭਵਵਾਲੇ ਮਨੁੱਖਾਂ ਦਾ ਕੁਦਰਤੀ ਸੁਭਾਵਪ੍ਰਸੰਨ, ਵਿਗਾਸ ਵਾਲਾ ਅਤੇ ਹਸਮੁਖ ਹੁੰਦਾ ਹੈ। ਉਤਸ਼ਾਹ ਤੇ ਸੁਤੰਤਰ ਬਿਰਤੀ ਉਹਨਾਂ ਦੀ ਸੂਰਤ ਦਾ ਅੰਗ ਹੁੰਦੇ ਹਨ। ਬੱਚਿਆਂ ਵਰਗਾ ਉਹਨਾਂ ਦਾ ਨਿਰਛਲ ਤੇ ਨਿਰਦੋਸ਼ ਸੁਭਾਅ ਹੁੰਦਾ ਹੈ। ਉਹ ਜੀਵਨ 'ਚ ਸੰਤੁਸ਼ਟ ਹੁੰਦੇ ਹਨ ਅਤੇ ਕੋਈ ਕਿਸੇ ਕਿਸਮ ਦਾ ਗਿਲਾ-ਸ਼ਿਕਵਾ ਨਹੀਂ ਕਰਦੇ, ਸਗੋਂ ਹਮੇਸ਼ਾ ਸ਼ੁਕਰਗੁਜ਼ਾਰ ਰਹਿੰਦੇ ਹਨ। ਦੂਜਿਆਂ ਦੇ ਕੰਮ ਆ ਸਕਣ ਲਈ ਹਮੇਸ਼ਾ ਤਤਪਰ ਰਹਿੰਦੇ ਹਨ। ਉਹ ਕੁਦਰਤ ਦੀ ਸਮੁੱਚੀ ਸ਼ਕਤੀ ਦਾ ਹਿੱਸਾ ਬਣ ਜਾਂਦੇ ਹਨ। ਕਿਸੇ ਵੀ ਔਕੜ 'ਤੇ ਕਾਬੂ ਪਾਉਣ ਲਈ ਬੇਅੰਤ ਸ਼ਕਤੀ ਦਾ ਭੰਡਾਰ ਉਹਨਾਂ ਕੋਲ ਮੌਜੂਦ ਹੁੰਦਾ ਹੈ। ਨਿਰਾਸ਼ਾ ਤੇ ਦੁਖ ਕਲੇਸ਼ ਦੀ ਉਹਨਾਂ ਦੇ ਜੀਵਨ 'ਚ ਕੋਈ ਥਾਂ ਨਹੀਂ ਹੁੰਦੀ। ਉਹ ਹਰ ਸਮੇਂ ਚੜ੍ਹਦੀਆਂ ਕਲਾ 'ਚ ਰਹਿੰਦੇ ਹਨ। ਉਹਨਾਂ ਅੰਦਰੋਂ ਬੁਰਾਈ ਤੇ ਨਿਰਾਸ਼ਾ ਖੰਭ ਲਾ ਕੇ ਉਡ ਚੁੱਕੀ ਹੁੰਦੀ ਹੈ:

ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ॥
ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ॥
ਸੋਗੁ ਨਾਹੀ ਸਦਾ ਹਰਖੀ ਹੈ ਰੇ, ਛੋਡਿ ਨਾਹੀ ਕਿਛੁ ਲੇਤੈ॥ (ਪੰਨਾ 1302)

ਅਜਿਹੇ ਮਹਾਂਪੁਰਸ਼ ਨੂੰ ਹਰੇਕ ਚੀਜ਼ ਚੰਗੀ ਲੱਗਦੀ ਹੈ। ਉਸ ਲਈ ਗੁਲਾਬ ਦਾ ਫੁੱਲ ਜਾਂ ਸੂਰਜਮੁਖੀਏ ਜਾਂ ਹੋਰ ਕੋਈ ਵੀ ਛੋਟਾ ਮੋਟਾ ਫੁੱਲ ਇਕ ਬਰਾਬਰ ਹੁੰਦਾ ਹੈ। ਉਹਨੂੰ ਕੁਦਰਤ ਦੀ ਹਰ ਚੀਜ਼ ਪ੍ਰਸੰਨਤਾ ਦਿੰਦੀ ਹੈ ਕਿਸੇ ਵੀ ਪਸ਼ੂ, ਪੰਛੀ, ਕੀੜੇ-ਮਕੌੜੇ ਜਾਂ ਬੇਜਾਨ ਚੀਜ਼ ਬਾਰੇ ਗਿਲਾ-ਸ਼ਿਕਵਾ ਨਹੀਂ ਕਰਦਾ। ਉਹਨੂੰ ਕੁਦਰਤ ਦੀ ਹਰ ਸ਼ੈ 'ਚੋਂ ਕੁਦਰਤ ਦੀ ਕਾਰੀਗਰੀ ਨਜ਼ਰ ਆਉਂਦੀ ਹੈ ਅਤੇ ਹਰ ਚੀਜ਼ ਉਸ ਨੂੰ ਖੇੜਾ ਦੇਂਦੀ ਹੈ। ਉਹ ਆਪਣੇ ਆਪ ਨੂੰ ਅਨੰਤ ਜੀਵਨ ਦਾ ਇਕ ਹਿੱਸਾ ਮਹਿਸੂਸ ਕਰ ਕੇ ਵਿਗਾਸ ਤੇ ਖੇੜੇ 'ਚ ਰਹਿੰਦਾ ਹੈ। ਅਜਿਹੀ ਸਹਿਜ ਦੀ ਅਵਸਥਾ ਤਾਂ ਬਣਦੀ ਹੈ ਜੇ ਮਨੁੱਖ ਆਪਣੇ ਮਨ ਨੂੰ ਸ਼ਬਦ ਬੋਧ ਨਾਲ ਰੁਸ਼ਨਾ ਲਵੇ।

ਮਨ ਨੂੰ ਸ਼ਬਦ ਬੋਧ ਨਾਲ ਰੁਸ਼ਨਾਇਆਂ ਹੀ ਆਪਣੇ ਅੰਦਰੋਂ ਰੱਬੀ ਸ਼ਕਤੀ ਰੁਸ਼ਨਾਈ ਜਾ ਸਕਦੀ ਹੈ। ਆਪਣੇ ਅੰਦਰ ਉਸ ਨੂਰਾਨੀ ਸ਼ਕਤੀ ਨੂੰ ਰੁਸ਼ਨਾਉਣ ਲ ਈ ਸੂਰਤ ਨੂੰ ਕੁਦਰਤ ਨਾਲ ਇਕਮਿਕ ਕਰਨਾ ਪੈਂਦਾ ਹੈ। ਆਪਣੀ ਰੱਬੀਅਤ ਨੂੰ ਪਛਾਣਨਾ ਅਤੇ ਵਿਸ਼ਵਆਤਮਾ ਨਾਲ ਆਪਣਾ ਡੂੰਘਾ ਸਬੰਧ ਅਨੁਭਵ ਕਰਨ ਦਾ

ਮਤਲਬ ਆਪਣੀ ਮਸ਼ੀਨ ਦੀਆਂ ਤਾਰਾਂ ਤੇ ਪਟੇ ਪਾਵਰ ਹਾਊਸ ਨਾਲ ਜੋੜ ਦੇਣਾ ਹੁੰਦਾ ਹੈ। ਜਦੋਂ ਕਦੀ ਵੀ ਅਸੀਂ ਅਜਿਹਾ ਕਰਨ ਦਾ ਫੈਸਲਾ ਕਰ ਲੈਂਦੇ ਹਾਂ, ਤਾਂ ਬ੍ਰਹਮੰਡ ਦੀਆਂ ਸਾਰੀਆਂ ਸ਼ਕਤੀਆਂ ਇਕੱਠੀਆਂ ਹੋ ਕੇ ਸਾਡੀਆਂ ਸਹਾਇਕ ਹੋ ਜਾਂਦੀਆਂ ਹਨ। ਜਿਸ ਹਦ ਤੀਕ ਅਸੀਂ ਪਰਮ ਜੋਤਿ ਦੀ ਸ਼ਕਤੀ 'ਚ ਵਿਸ਼ਵਾਸ ਕਰਕੇ ਉਸ ਨਾਲ ਆਪਣਾ ਆਪ ਜੋੜ ਲੈਂਦੇ ਹਾਂ, ਉਸ ਹਦ ਤਕ ਹੀ ਸਾਡੇ ਅੰਦਰ ਰੱਬੀ ਸ਼ਕਤੀ ਦੀ ਸੂਝ-ਸਮਝ ਦੇ ਸੋਮੇ ਖੁਲ੍ਹ ਜਾਂਦੇ ਹਨ।

ਅਜਿਹੀ ਹਾਲਤ 'ਚ ਬੀਮਾਰੀ, ਬੇਚੈਨੀ ਅਤੇ ਅਸ਼ਾਂਤੀ ਤੰਦਰੁਸਤੀ, ਚੈਨ ਅਤੇ ਸ਼ਾਂਤੀ 'ਚ ਬਦਲ ਜਾਂਦੀਆਂ ਹਨ। ਸਾਡੀਆਂ ਸਾਰੀਆਂ ਬੀਮਾਰੀਆਂ ਤੇ ਕਮਜ਼ੋਰੀਆਂ ਦਾ ਮੁਖ ਕਾਰਨ ਇਹ ਹੁੰਦਾ ਹੈ ਕਿ ਅਸੀਂ ਆਪਣੇ ਆਪ ਨੂੰ ਉਸ ਰੱਬੀ ਕੁਦਰਤੀ ਜੀਵਨ ਤੋਂ ਵੱਖ ਸਮਝਦੇ ਹਾਂ। ਗੁਰਮਤਿ ਦੇ ਫੁਰਮਾਨ 'ਮਨੁ ਤੂੰ ਜੋਤ ਸਰੂਪ ਹਹਿ ਅਪਨਾ ਮੂਲ ਪਛਾਣ' ਅਨੁਸਾਰ ਅਸੀਂ ਨਾ ਤਾਂ ਆਪਣੇ ਆਪੇ ਦੀ ਪਛਾਣ ਹੀ ਕਰਦੇ ਹਾਂ ਅਤੇ ਨਾ ਹੀਂ ਰੱਬ ਦੇ ਵਰਤਾਰੇ ਨੂੰ ਸਮਝਣ ਦੀ ਹੀ ਕੋਸ਼ਿਸ਼ ਕਰਦੇ ਹਾਂ। ਸਾਰੀ ਅਸਲੀਅਤ ਦਾ ਸਾਰੰਸ਼ ਇਹ ਹੈ ਕਿ ਅਸੀਂ ਸਾਰੇ ਉਸ ਪਰਮ ਆਤਮਾ ਦਾ ਹੀ ਹਿਸਾ ਹਾਂ ਅਤੇ ਸਾਨੂੰ ਆਪਣੇ ਆਪੇ ਦੀ ਪਛਾਣ ਕਰਨ ਦੀ ਲੋੜ ਹੈ। ਗੁਰੂ ਅਰਜਨ ਸਾਹਿਬ ਨੂੰ ਵਿਰੋਧੀ ਤਾਕਤਾਂ ਵਲੋਂ ਕਈ ਪ੍ਰਕਾਰ ਦੀਆਂ ਮੁਸ਼ਕਲਾਂ ਤੇ ਕਠਨਾਈਆਂ ਦਾ ਸਾਹਮਣਾ ਕਰਨਾ ਪਿਆ ਸੀ, ਪਰ ਉਹ ਹਮੇਸ਼ਾ ਸ਼ਾਂਤਚਿਤ ਰਹੇ।

ਵੱਡੇ ਭਰਾ ਬਾਬਾ ਪ੍ਰਿਥੀ ਚੰਦ ਦੀ ਵਿਰੋਧਤਾ ਸਧਾਰਨ ਹੱਦਾਂ ਟੱਪ ਕੇ ਨਿਰਦਈ ਵੈਰ ਤਕ ਅੱਪੜ ਚੁੱਕੀ ਸੀ। ਉਸ ਨੇ (ਗੁਰੂ)ਹਰਿਗੋਬਿੰਦ ਸਾਹਿਬ 'ਤੇ ਤਿੰਨ ਮਾਰੂ ਵਾਰ ਕਰਵਾਏ। ਪਹਿਲਾ ਵਾਰ ਇਕ ਦਾਈ ਰਾਹੀਂ ਕਰਵਾਇਆ ਗਿਆ, ਜੋ ਥਣਾਂ ਨੂੰ ਜ਼ਹਿਰ ਲਾ ਕੇ ਆਈ ਸੀ। ਫਿਰ ਇਕ ਸਪੇਰੇ ਨੂੰ ਘੱਲਿਆ ਗਿਆ, ਜਿਸ ਨੇ ਬਾਲ (ਗੁਰੂ) ਹਰਿਗੋਬਿੰਦ ਸਾਹਿਬ ਨੂੰ ਸੱਪ ਲੜਾਣ ਦੀ ਕੋਸ਼ਿਸ਼ ਕੀਤੀ। ਪ੍ਰਭੂ ਦੀ ਕਿਰਪਾ ਨਾਲ ਉਹ ਦੋਵੇਂ ਵਾਰ ਖਾਲੀ ਗਏ। ਫਿਰ ਤੀਜਾ ਮਾਰੂ ਵਾਰ ਕਰਾਇਆ ਗਿਆ। ਇਕ ਖਿਡਾਵੇ (ਬ੍ਰਾਹਮਣ)ਰਾਹੀਂ ਜ਼ਹਿਰ ਦਿਵਾਣ ਦੀ ਕੋਸ਼ਿਸ਼ ਕੀਤੀ ਗਈ। ਖਿਡਾਵੇ ਨੇ ਜ਼ਹਿਰ ਦਹੀਂ 'ਚ ਰਲਾਇਆ, ਪਰ ਬਾਲ (ਗੁਰੂ) ਹਰਿਗੋਬਿੰਦ ਸਾਹਿਬ ਨੇ ਖਾਣ ਤੋਂ ਨਾਂਹ ਕਰ ਦਿੱਤੀ। ਉਸ ਦੁਸ਼ਟ ਨੇ ਬਦੋ-ਬਦੀ ਖੁਆਣੀ ਚਾਹੀ, ਤਾਂ ਉਹਨਾਂ ਬਾਲਾਂ ਵਾਂਗ ਚੀਕ-ਚਿਹਾੜਾ ਪਾ ਦਿੱਤਾ। ਗੁਰੂ ਅਰਜਨ ਸਾਹਿਬ ਮੌਕੇ 'ਤੇ ਪਹੁੰਚ ਗਏ। ਖਿਡਾਵੇ ਨੂੰ ਆਪਣੀ ਨੀਚ ਕਰਤੂਤ 'ਤੇ ਇਤਨਾ ਹੌਲ ਪਿਆ ਕਿ ਉਸ ਨੂੰ ਸੂਲ ਪੈ ਗਿਆ ਅਤੇ ਸੂਲ ਨਾਲ ਤੜਪ ਤੜਪ ਕੇ ਮਰਦਿਆਂ ਸਾਰਾ ਭੇਦ ਦੱਸ ਗਿਆ।

ਜਿਵੇਂ ਕਿ ਅੱਗੇ ਹੀ ਦੱਸ ਆਏ ਹਾਂ, ਗੁਰੂ ਅਰਜਨ ਸਾਹਿਬ ਦੇ ਇਕੋ ਇਕ

ਸ਼ਾਹਿਬਜ਼ਾਦੇ (ਗੁਰੂ)ਹਰਿਗੋਬਿੰਦ ਸਾਹਿਬ ਦੀ ਬਾਲ ਜਿੰਦ 'ਤੇ ਬਾਬਾ ਪ੍ਰਿਥੀ ਚੰਦ ਵਲੋਂ ਤਿੰਨ ਵਾਰੀ ਨਿਰਦਈ ਵਾਰ ਕਰਾ ਕੇ ਆਂਦਰਾਂ ਨੂੰ ਇਤਨਾ ਨਿਰਦਈ ਹੱਥ ਪਾਇਆ ਗਿਆ ਸੀ, ਪਰ ਕੀ ਮਜਾਲ ਕਿ ਗੁਰੂ ਸਾਹਿਬ ਦੇ ਮੱਥੇ ਤੇ ਤੀਊੜੀ ਤਕ ਪਈ ਹੋਵੇ। ਅੰਮ੍ਰਿਤਸਰ ਦੇ ਵਸਨੀਕਾਂ 'ਚ ਇਤਨੀ ਹਾਹਾਕਾਰ ਮੱਚੀ ਸੀ ਕਿ ਸ਼ਰਮ ਦੇ ਮਾਰੇ ਪ੍ਰਿਥੀ ਚੰਦ ਸ਼ਹਿਰ ਛੱਡ ਕੇ ਆਪਣੇ ਸਹੁਰੇ ਪਿੰਡ ਹੇਹਰੀਂ ਚਲੇ ਗਏ। 'ਪਰ ਕਾ ਬੁਰਾ ਨ ਰਾਖਹੁ ਚੀਤ' ਦੇ ਦੈਵੀ ਆਦੇਸ਼ ਦੀ ਪਾਲਨਾ ਕਰਨ ਵਾਲੇ ਸਤਿਗੁਰੂ ਜੀ ਨਾ ਕ੍ਰੋਧਿਤ ਹੋਏ ਅਤੇ ਨਾ ਹੀਂ ਉਹਨਾਂ ਅੰਦਰ ਕਿਸੇ ਕਿਸਮ ਦੇ ਬਦਲੇ ਦੀ ਭਾਵਨਾ ਹੀ ਜਾਗੀ, ਸਗੋਂ ਉਸ ਦੇ ਬੀਮਾਰ ਹੋਣ ਤੇ ਹਜ਼ੂਰ ਦੇ ਹਿਰਦੇ 'ਚੋਂ 'ਰਾਖਿ ਲੈਹੁ ਭਾਈ ਮੇਰੇ ਕਉ ਪ੍ਰਭ ਆਗੈ ਅਰਦਾਸਿ' ਦੇ ਸ਼ਬਦ ਨਿਕਲੇ।

ਬੀਰਬਲ ਅਦਿਕ ਜ਼ਾਤਿ-ਅਭਿਮਾਨੀ ਬ੍ਰਾਹਮਣਾਂ ਦੀ ਸ਼ਹਿ ਅਤੇ ਨਿੱਜੀ ਈਰਖਾ ਦੇ ਕਾਰਨ ਬਾਬਾ ਪ੍ਰਿਥੀ ਚੰਦ ਨੇ ਗੁਰੂ ਅਰਜਨ ਸਾਹਿਬ ਨਾਲ ਅਨੇਕਾਂ ਵਧੀਕੀਆਂ ਕੀਤੀਆਂ, ਪਰ ਉਹ ਹਮੇਸ਼ਾ ਖਿੜੇ-ਮੱਥੇ ਜਰਦੇ ਰਹੇ। ਪ੍ਰਿਥੀ ਚੰਦ ਨੇ ਕਈ ਮਹੀਨੇ ਅੰਮ੍ਰਿਤਸਰ ਗੁਰੂ-ਘਰ ਦੀ ਨਾਕਾਬੰਦੀ ਕੀਤੀ ਰੱਖੀ ਸੀ। ਗੁਰੂ ਸਾਹਿਬ ਦੀ ਇਹ ਸਹਿਨ-ਸ਼ੀਲਤਾ ਹੀ ਸੀ, ਜਿਸ ਦੇ ਅਸਰ ਹੇਠ ਕੋਈ ਵੀ ਸਿੱਖ ਵਿਰੋਧੀਆਂ ਨਾਲ ਖਰ੍ਹਵਾ ਨਹੀਂ ਸੀ ਹੋਇਆ।

ਇਕ ਉਹ ਵੇਲਾ ਵੀ ਆਇਆ ਕਿ ਗੁਰੂ-ਘਰ ਦੀ ਆਮਦਨ ਨਾਮ-ਮਾਤਰ ਹੀ ਰਹਿ ਗਈ ਸੀ ਅਤੇ ਸੱਤਾ ਬਲਵੰਡ ਰਬਾਬੀ ਵੀ ਹੋਛੇ ਰਵੱਈਏ ਤੇ ਆ ਉਤਰੇ ਸਨ, ਤਦ ਵੀ ਗੁਰੂ ਸਾਹਿਬ ਨੇ ਉਸ ਨਿਰਾਦਰੀ ਨੂੰ ਬੜੇ ਠੰਢੇ ਜਿਗਰੇ ਤੇ ਗੰਭੀਰਤਾ ਨਾਲ ਸਹਾਰਿਆ। ਉਸ ਵੇਲੇ ਗੁਰੂ ਸਾਹਿਬ ਦੀ ਉਮਰ ਅਠਾਰ੍ਹਾਂ ਉੱਨੀ ਸਾਲ ਦੀ ਹੀ ਸੀ। ਇਸ ਉਮਰ ਦੇ ਗੱਭਰੂ ਦਾ ਲਹੂ ਰਤਾ ਵੀ ਹੌਲੇ ਸਲੂਕ ਨਾਲ ਜੋਸ਼ 'ਚ ਆ ਜਾਇਆ ਕਰਦਾ ਹੈ। ਪਰ ਉਹਨਾਂ ਅੰਦਰ ਰੱਬੀ ਨੂਰ ਦਾ ਪਰਕਾਸ਼ ਹੋਣ ਕਰਕੇ ਉਹ ਹਰ ਅਜਿਹੇ ਮੌਕੇ ਤੇ ਸ਼ਾਂਤ ਰਹਿੰਦੇ ਰਹੇ।

2) ਗੁਰੂ ਅਰਜਨ ਸਾਹਿਬ ਦੀਆਂ ਪਰਉਪਕਾਰੀ ਲੋਕ ਸੇਵਾਵਾਂ

ਸਿੱਖ ਚਿੰਤਨ ਦੀ ਇਕ ਖਾਸ ਵਿਸ਼ੇਸ਼ਤਾ ਇਹ ਹੈ ਕਿ ਇਸ ਦੇ ਸਿਧਾਂਤ ਜਿਤਨੇ ਜ਼ਰੂਰੀ ਇਕ ਸਿੱਖ ਲਈ ਹਨ, ਉਤਨੇ ਹੀ

ਜ਼ਰੂਰੀ ਉਸ ਦੇ ਗੁਰੂ ਲਈ ਵੀ ਹਨ। ਜਿਵੇਂ ਕੁਦਰਤ ਦੇ ਕਾਨੂੰਨ ਸਭ ਲ ਈ ਇਕੋ ਜਿਹੇ ਹਨ, ਉਵੇਂ ਹੀ ਸਿੱਖ ਸਿਧਾਂਤ ਛੋਟੇ ਵੱਡੇ ਸਭ ਲਈ ਇਕੋ ਜਿਹੇ ਹਨ। ਸੇਵਾ ਕਰਨੀ ਜਿਤਨੀ ਜ਼ਰੂਰੀ ਇਕ ਸਿੱਖ ਲਈ ਹੈ, ਉਸ ਦੇ ਗੁਰੂ ਲਈ ਵੀ ਉਤਨੀ ਹੀ ਜ਼ਰੂਰੀ ਹੈ। ਸਿੱਖ ਧਰਮ ਦੇ ਆਗੂਆਂ ਨੇ ਮਨੁੱਖਤਾ ਲਈ ਜਿਹੜੇ ਸਿਧਾਂਤ, ਨਿਯਮ, ਜ਼ਬਤ ਅਤੇ ਆਦਰਸ਼ ਨਿਯਤ ਕੀਤੇ, ਉਹਨਾਂ ਨੂੰ ਪਹਿਲਾਂ ਆਪਣੇ

ਜੀਵਨ 'ਚ ਸਮੋਇਆ ਅਤੇ ਫੇਰ ਹੋਰਨਾਂ ਨੂੰ ਅਮਲ ਕਰਨ ਲਈ ਪ੍ਰੇਰਿਆ। ਹੋਰਨਾਂ ਧਰਮ ਚਿੰਤਨਾਂ 'ਚ ਜਿੱਥੇ ਅਮਲ ਰਹਿਤ ਵਿਚਾਰਧਾਰਾ ਦੀ ਰੁਚੀ ਭਾਰੂ ਹੈ, ਉਥੇ ਸਿੱਖ ਚਿੰਤਨ 'ਚ ਸਿਧਾਂਤ ਤੇ ਅਮਲ ਦਾ ਸੁਮੇਲ ਹੈ।

ਸਿੱਖ ਧਰਮ ਅਸਲ ਕੁਦਰਤੀ ਮਨੁੱਖ ਦਾ ਬਿੰਬ ਪੇਸ਼ ਕਰਦਾ ਹੈ ਅਤੇ ਅਸਲ ਮਨੁੱਖ ਦੀ ਸਿਰਜਨਾ ਕਰਨਾ ਹੀ ਗੁਰਮਤਿ ਚਿੰਤਨ ਦੀ ਕਸਵਟੀ ਹੈ। ਸਾਰੀ ਮਨੁੱਖਤਾ ਨੂੰ ਅਸਲ ਮਨੁੱਖ ਹੋਣ ਦੀ ਪ੍ਰੇਰਨਾ ਦੇਣਾ ਹੀ ਇਸ ਦੇ ਬ੍ਰਹਿਮੰਡਵਾਦੀ ਸੰਦੇਸ਼ ਦਾ ਉਦੇਸ਼ ਹੈ। ਇਹ, ਆਪਣੇ ਸੰਦੇਸ਼ 'ਚ ਕੇਵਲ ਸਿੱਖਾਂ ਨੂੰ ਹੀ ਨਹੀਂ, ਸਮੁੱਚੀ ਮਨੁੱਖੀ ਨਸਲ ਨੂੰ ਮੁਖ਼ਾਤਬ ਹੁੰਦਾ ਹੈ।

ਸਿੱਖ ਚਿੰਤਨ ਦੀ ਇਕ ਵਿੱਲਖਣਤਾ ਇਹ ਹੈ ਕਿ ਇਸ ਦੇ ਸਿਧਾਂਤ ਸਭ ਜੀਵ-ਜੰਤੂਆਂ ਲਈ ਹਨ, ਸਮੁੱਚੀ ਮਨੁੱਖਤਾ ਲਈ ਹਨ ਅਤੇ ਸਭ ਧਰਮਾਂ ਦੇ ਮਨੁੱਖਾਂ ਲਈ ਹਨ। ਭਾਵੇਂ ਕੋਈ ਮੋਮਨ ਹੈ ਜਾਂ ਕਾਫਰ; ਕੋਈ ਹਿੰਦੂ ਹੈ ਜਾਂ ਮੁਸਲ ਮਾਨ; ਈਸਾਈ ਹੈ ਜਾਂ ਯਹੂਦੀ; ਪੁੰਨੀ ਹੈ ਜਾਂ ਪਾਪੀ; ਇਸ ਸਾਹਮਣੇ ਸਭ ਇਕੋ ਜਿਹੇ ਬਰਾਬਰ ਮਨੁੱਖ ਹਨ। ਇਸ ਦੇ ਸਿਧਾਂਤ, ਊਚ ਨੀਚ, ਜ਼ਾਤ ਪਾਤ ਅਤੇ ਮਜ਼ਹਬੀ ਵੰਡੀਆਂ ਦੀਆਂ ਵਲਗਣਾਂ ਤੋਂ ਉਚੇਰੇ ਹਨ।

ਸਿੱਖ ਚਿੰਤਨ ਦੀ ਇਕ ਹੋਰ ਵਿਸ਼ੇਸ਼ ਖੂਬੀ ਇਹ ਹੈ ਕਿ ਇਹ ਬ੍ਰਹਿਮੰਡਵਾਦੀ ਚਿੰਤਨ ਹੈ ਅਤੇ ਇਹ ਕਿਸੇ ਦਾ ਵਿਰੋਧੀ ਨਹੀਂ। ਦੂਜਿਆਂ ਦੀ ਸਹਿਹੋਂਦ, ਸਹਿਯੋਗ ਅਤੇ ਹਮਦਰਦੀ ਦਾ ਇਹ ਧਾਰਨੀ ਹੈ। ਇਸ ਨੂੰ ਚੰਗਾ ਹਿੰਦੂ, ਚੰਗਾ ਮੁਸਲ ਮਾਨ, ਚੰਗਾ ਜੋਗੀ, ਚੰਗਾ ਈਸਾਈ ਅਤੇ ਚੰਗਾ ਯਹੂਦੀ ਸਭ ਪਰਵਾਨ ਹਨ, ਪਰ ਭੇਖੀ ਪਰਵਾਨ ਨਹੀਂ। ਇਹ ਭੇਖ ਦਾ ਵਿਰੋਧੀ ਹੈ ਭਾਵੇਂ ਉਹ ਕਿਸੇ ਵੀ ਧਰਮ ਨਾਲ ਸਬੰਧਤ ਕਿਉਂ ਨਾ ਹੋਵੇ। ਇਹ ਭੇਖ ਦਾ ਕੇਵਲ ਖੰਡਨ ਹੀ ਨਹੀਂ ਕਰਦਾ, ਸਗੋਂ ਇਕ ਚੰਗੇ ਹਿੰਦੂ, ਚੰਗੇ ਮੁਸਲਮਾਨ ਅਤੇ ਚੰਗੇ ਜੋਗੀ ਦੀਆਂ ਪ੍ਰੀਭਾਸ਼ਾਵਾਂ ਸਾਹਮਣੇ ਰੱਖ ਕੇ, ਉਹਨਾਂ ਨੂੰ ਇਕ ਚੰਗਾ ਮਨੁੱਖ ਬਣਨ ਦੀ ਪ੍ਰੇਰਨਾ ਵੀ ਦਿੰਦਾ ਹੈ।

ਗੁਰਮਤਿ ਅਨੁਸਾਰ ਦੂਜਿਆਂ ਲਈ ਜੀਉਣਾ ਹੀ ਅਸਲੀ ਧਰਮ ਹੈ। ਇਸ ਬ੍ਰਹਿਮੰਡ ਦੀ ਹਰ ਸ਼ੈ ਦੂਜਿਆਂ ਦੇ ਜੀਣ-ਥੀਣ 'ਚ ਸਹਾਇਕ ਹੋ ਰਹੀ ਹੈ। ਸਰਬੱਤ ਦੇ ਕੰਮ ਆਉਣਾ, ਸਰਬੱਤ ਦਾ ਸ਼ੁਭਇਛਕ ਹੋਣਾ ਅਤੇ ਸਰਬੱਤ ਦਾ ਭਲਾ ਕਰਨਾ ਹੀ ਸਿੱਖੀ ਹੈ। ਸਿੱਖੀ ਦੀ ਕਮਾਲ ਤਾਂ ਇਸੇ ਗੱਲ 'ਚ ਹੈ ਕਿ ਇਸ ਦੇ ਸਿਧਾਂਤਾਂ ਦੀ ਪਾਲਨਾ ਕਰਨੀ ਜਿਤਨੀ ਜ਼ਰੂਰੀ ਇਕ ਸਿੱਖ ਲਈ ਹੈ, ਗੁਰੂ ਲਈ ਵੀ ਉਤਨੀ ਹੀ ਜ਼ਰੂਰੀ ਹੈ। ਆਪਣਿਆਂ ਤੇ ਗ਼ੈਰਾਂ ਸਭ ਲਈ ਆਪਾ ਵਾਰਨਾ ਹੀ ਸਿੱਖੀ ਦਾ ਅੰਤਮ ਨਿਸ਼ਾਨਾ ਹੈ। ਭਾਵੇਂ ਇਹ ਖੇਡ ਸੌਖੀ ਨਹੀਂ, ਪਰ ਗੁਰੂ ਸਾਹਿਬਾਨ ਨੇ ਆਪ ਇਸ ਰਾਹ 'ਤੇ ਤੁਰ ਕੇ ਸਿੱਖਾਂ ਨੂੰ ਤੁਰਨਾ ਸਿਖਾਇਆ। ਗੁਰੂ ਅਰਜਨ ਸਾਹਿਬ ਦੇ ਪਰਉਪਕਾਰੀ ਜੀਵਨ 'ਚੋਂ ਲੋਕ ਸੇਵਾ ਦੀ ਇਕ ਮਿਸਾਲ ਪੇਸ਼ ਕਰਦਾ ਹਾਂ।

ਕਾਲ ਦੌਰਾਨ ਪਰਉਪਕਾਰੀ ਲੋਕ ਸੇਵਾ

ਪੰਜਾਬ 'ਚ 1595 'ਚ ਕਾਲ ਪਿਆ ਸੀ। ਬੜੀ ਭਿਆਨਕ ਔੜ ਲੱਗੀ ਸੀ। ਤਿੰਨ ਚਾਰ ਸਾਲ ਦੀ ਲੰਮੀ ਔੜ ਨਾਲ ਲੋਕਾਈ ਤ੍ਰਾਹ ਤ੍ਰਾਹ ਕਰ ਉੱਠੀ ਸੀ। ਕਾਲ ਦੇ ਨਾਲ ਬੀਮਾਰੀਆਂ ਦਾ ਵੀ ਕੁਦਰਤੀ ਮੇਲ ਹੈ। ਢਿੱਡੋਂ ਭੁੱਖੇ ਲੋਕ ਬੀਮਾਰੀ ਦਾ ਸੁਖਾਲਾ ਸ਼ਿਕਾਰ ਬਣਦੇ ਹਨ ਅਤੇ ਅਜਿਹੇ ਬਿਪਤਾ ਦੇ ਸਮੇਂ ਲੋਕ ਪਰਮਾਤਮਾ ਵਲੋਂ ਡੋਲ ਕੇ ਪੀਰਾਂ ਫਕੀਰਾਂ ਦੇ ਧਾਗੇ ਤਵੀਤਾਂ ਵਲ ਪਰਤ ਪਿਆ ਕਰਦੇ ਹਨ।

ਗੁਰੂ ਅਰਜਨ ਸਾਹਿਬ ਨੇ ਪਿੰਡ ਪਿੰਡ ਪਹੁੰਚ ਕੇ ਦੁਖੀ ਲੋਕਾਂ ਨੂੰ ਹੌਂਸਲਾ ਦਿੱਤਾ ਅਤੇ ਖੇਤੀ ਲਈ ਖੂਹ ਲਾਣ ਵਲ ਪ੍ਰੇਰਿਆ। ਪਹਿਲਾਂ ਤਾਂ ਦਸਵੰਧ ਦੀ ਰਕਮ ਹਰਿਮੰਦਰ ਸਾਹਿਬ 'ਤੇ ਖਰਚ ਕੀਤੀ ਜਾਂਦੀ ਰਹੀ ਸੀ, ਹੁਣ ਗੁਰੂ ਸਾਹਿਬ ਨੇ ਕਾਲ -ਪੀੜਤਾਂ ਦੀ ਸਹਾਇਤਾ ਲਈ ਖਰਚਣੀ ਸ਼ੁਰੂ ਕੀਤੀ। ਜਿੱਥੇ ਜਿੱਥੇ ਲੋੜ ਜਾਪੀ, ਖੂਹ ਲਵਾਣ 'ਚ ਉਹ ਰਕਮ ਵਰਤਦੇ ਰਹੇ। ਸਮੇਂ ਦੀ ਕਠਨਾਈ ਨੂੰ ਵੇਖ ਕੇ ਇਕ-ਹਰਟੇ ਖੂਹਾਂ ਦੀ ਬਜਾਏ ਦੁ-ਹਰਟੇ ਤੇ ਚਹੁ-ਹਰਟੇ ਖੂਹ ਵਧੀਕ ਲਗਵਾਏ ਗਏ, ਤਾਂ ਜੋ ਇਕ ਖੂਹ ਤੋਂ ਦੋ-ਦੋ ਚਾਰ-ਚਾਰ ਖੂਹਾਂ ਦਾ ਕੰਮ ਲਿਆ ਜਾ ਸਕੇ। ਵਡਾਲੀ ਤੋਂ ਲਹਿੰਦੇ ਪਾਸੇ ਛੇ-ਹਰਟਾ (ਛੇ ਹਰਟਾਂ ਵਾਲਾ) ਖੂਹ ਵੀ ਲਗਵਾਇਆ।

ਜਦੋਂ ਸੰਨ 1597 'ਚ ਪਿੰਡਾਂ ਦੇ ਤਿੰਨ ਸਾਲ ਦੇ ਲੰਮੇ ਚੱਕਰ ਤੋਂ ਬਾਅਦ ਗੁਰੂ ਅਰਜਨ ਸਾਹਿਬ ਅੰਮ੍ਰਿਤਸਰ ਆਏ, ਤਾਂ ਇਥੇ ਬਹੁਤਾ ਚਿਰ ਨਾ ਠਹਿਰ ਸਕੇ। ਕਾਲ ਨੇ ਪੰਜਾਬ ਦੇ ਸਭ ਤੋਂ ਵੱਡੇ ਸ਼ਹਿਰ ਲਾਹੌਰ ਦੀ ਹਾਲਤ ਬਹੁਤ ਹੀ ਤਰਸਯੋਗ ਬਣਾ ਦਿੱਤੀ ਹੋਈ ਸੀ। ਪਿੰਡਾਂ 'ਚ ਤਾਂ ਲੋਕ ਔਖੇ-ਸੌਖੇ ਢਿੱਡ ਨੂੰ ਮਾੜਾ ਮੋਟਾ ਝੁਲ ਕਾ ਦੇ ਲੈਂਦੇ ਸਨ, ਪਰ ਸ਼ਹਿਰਾਂ 'ਚ ਅੰਨ ਤਦੋਂ ਹੀ ਆਵੇ, ਜੇ ਪਿੰਡਾਂ 'ਚ ਖੁਲ੍ਹੀ ਫਸਲ ਹੋਵੇ। ਉਦੋਂ ਇਥੇ ਨਹਿਰਾਂ ਤਾਂ ਹੈਨ ਹੀ ਨਹੀਂ ਸਨ। ਖੂਹਾਂ ਨਾਲ ਖੇਤੀ ਹੁੰਦੀ ਸੀ। ਭੁਇੰ ਬਰਾਨੀ ਹੋਇਆ ਕਰਦੀ ਸੀ। ਵਰਖਾ ਦੇ ਸਹਾਰੇ ਹੀ ਫਸਲ ਸਿਰੇ ਚੜ੍ਹਦੀ ਹੁੰਦੀ ਸੀ।

ਉਸ ਸਮੇਂ ਦੇ ਇਕ ਮੁਸਲਮਾਨ ਇਤਿਹਾਸਕਾਰ ਨੂਰੁਲ-ਹੱਕ ਨੇ ਲਿਖਿਆ ਹੈ ਕਿ ਭੁੱਖ ਤੇ ਬੀਮਾਰੀਆਂ ਦੇ ਕਾਰਨ ਲਾਹੌਰ ਸ਼ਹਿਰ ਦੀਆਂ ਗਲੀਆਂ ਤੇ ਬਜ਼ਾਰ ਮੁਰਦਿਆਂ ਨਾਲ ਭਰੇ ਰਹਿੰਦੇ ਸਨ। ਉਹਨਾਂ ਨੂੰ ਸ਼ਹਿਰ 'ਚੋਂ ਚੁੱਕ ਕੇ ਬਾਹਰ ਦੱਬਣ-ਸਾੜਨ ਦਾ ਕੋਈ ਤਸੱਲੀ-ਬਖਸ਼ ਪ੍ਰਬੰਧ ਨਹੀਂ ਸੀ ਰਹਿ ਗਿਆ। ਸ਼ਹਿਰ ਦੀ ਇਤਨੀ ਮਾੜੀ ਹਾਲਤ ਹੋ ਚੁੱਕੀ ਸੀ ਕਿ ਅਕਬਰ ਨੂੰ (1597 'ਚ)ਆਗਰੇ ਤੋਂ ਲਾਹੌਰ ਆਉਣਾ ਪਿਆ ਸੀ।

ਕਾਲ ਦੀ ਬਿਪਤਾ ਦੇ ਨਾਲ ਇਕ ਹੋਰ ਭਿਆਨਕ ਬਿਪਤਾ ਵੀ ਨਾਲ ਨਾਲ

ਰਹਿੰਦੀ ਹੈ। ਉਹ ਇਹ ਕਿ ਭੁੱਖ ਨਾਲ ਕਮਜ਼ੋਰ ਹੋਏ ਲੋਕ ਝੱਟ ਬਿਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਨ। ਅਜਿਹੇ ਸਮੇਂ ਆਮ ਤੌਰ ਤੇ ਦੋ ਬਿਮਾਰੀਆਂ,ਮੌਸਮੀ ਤਾਪ (ਮਲੇਰੀਆ)ਤੇ ਸੀਤਲਾ (ਚੀਚਕ)ਮੱਚ ਪੈਂਦੀਆਂ ਹਨ। ਸੀਤਲਾ ਦੀ ਬਿਮਾਰੀ ਨੂੰ ਹਿੰਦੂ ਲੋਕ ਮਾਤਾ ਆਖਦੇ ਹਨ। ਹਿੰਦੂ ਇਸਤਰੀਆਂ ਇਸ ਨੂੰ ਬਿਮਾਰੀ ਨਹੀਂ ਸਮਝਦੀਆਂ ਸਗੋਂ ਉਹ ਵਿਸ਼ਵਾਸ ਕਰਦੀਆਂ ਹਨ ਕਿ ਮਾਤਾ ਆਈ ਹੈ। ਇਹ ਮਾਤਾ 'ਖ਼ੁਸ਼ੀ' ਹੈ ਭਾਵਪ੍ਰਸੰਨ ਹੋਈ ਹੈ ਅਤੇ ਇਸ ਰੂਪ 'ਚ ਦਰਸ਼ਨ ਦਿੱਤਾ ਸੂ।

ਕਾਲ ਕਾਰਨ ਭੁੱਖ ਨਾਲ ਮਰਦੇ ਗ਼ਰੀਬਾਂ ਤੇ ਕੰਗਾਲਾਂ 'ਤੇ ਮੌਸਮੀ ਤਾਪ ਤੇ ਸੀਤਲਾ ਨੇ ਵੀ ਆ ਵਾਰ ਕੀਤੇ। ਇਹੀ ਕਾਰਨ ਸੀ ਕਿ ਕਈ ਮਹੀਨੇ ਤਕ ਲਾਹੌਰ ਸ਼ਹਿਰ ਦੀਆਂ ਗਲੀਆਂ ਤੇ ਬਜ਼ਾਰ ਹਰ ਰੋਜ਼ ਮੁਰਦਿਆਂ ਨਾਲ ਭਰੇ ਰਹਿੰਦੇ ਸਨ। ਇਸੇ ਕਰਕੇ ਗੁਰੂ ਅਰਜਨ ਸਾਹਿਬ ਪੂਰੇ ਅੱਠ ਮਹੀਨੇ ਲਾਹੌਰ-ਨਿਵਾਸੀ ਬਿਪਤਾ-ਮਾਰੇ ਬੰਦਿਆਂ ਦੀ ਸਹਾਇਤਾ ਵਾਸਤੇ ਲਾਹੌਰ ਰਹੇ।

ਗੁਰੂ ਸਾਹਿਬ ਪਰਵਾਰ ਸਮੇਤ ਹੀ ਦੁਖੀਆਂ ਦੀ ਸਹਾਇਤਾ ਕਰਦੇ ਰਹੇ ਸਨ। ਇਸੇ ਹੀ ਸਾਲ (ਗੁਰੂ)ਹਰਿਗੋਬਿੰਦ ਸਾਹਿਬ ਦਾ ਜਨਮ ਹੋਇਆ ਸੀ। ਇਸ ਬਾਲ -ਜਿੰਦੜੀ ਨੂੰ ਪੰਘੂੜਿਆਂ ਦੀ ਲੋੜ ਸੀ,ਪਰ ਵੇਖੋਂ ਇਸ਼ਕ ਖਲਕਤ ਦੀ ਸੇਵਾ ਕਰਨ ਦਾ! ਭੁੱਖਿਆਂ ਤੇ ਰੋਗ-ਗ੍ਰਸਿਆਂ ਨੂੰ ਮੌਤ ਦੇ ਮੂੰਹੋਂ ਬਚਾਣ ਲਈ ਆਪਣੇ ਜਿਗਰ ਦੇ ਟੁਕੜੇ ਇਸ ਕੋਮਲ ਜਿੰਦੜੀ ਨੂੰ ਵੀ ਉਥੇ ਉਥੇ ਲਈ ਫਿਰਦੇ ਰਹੇ,ਜਿਥੇ ਤਾਪ ਤੇ ਸੀਤਲਾ ਦੀ ਹੋਣੀ ਦਾ ਰਾਜ ਸੀ। 1598 'ਚ ਲਾਹੌਰ ਸ਼ਹਿਰ ਤਾਂ ਸਚਮੁਚ ਨਰਕ ਬਣ ਚੁੱਕਾ ਸੀ। ਗਲੀਆਂ ਬਜ਼ਾਰਾਂ 'ਚ ਮੁਰਦਿਆਂ ਦੇ ਢੇਰ ਲੱਗੇ ਰਹਿੰਦੇ ਸਨ। ਤ੍ਰੁਕਿਹਾਣ ਇਤਨੀ ਕਿ ਕੋਈ ਉਧਰ ਮੂੰਹ ਨਹੀਂ ਸੀ ਕਰ ਸਕਦਾ ਪਰ ਤੱਕੋ ਮਰਦਾਨਗੀ ਗੁਰੂ ਅਰਜਨ ਸਾਹਿਬ ਦੀ। ਗਲੀ ਗਲੀ ਘਰ ਘਰ ਜਾ ਕੇ ਮੌਤ ਨਾਲ ਘੁਲਦੇ ਬੰਦਿਆਂ ਨੂੰ ਹੱਲਾਸ਼ੇਰੀ, ਦਵਾ-ਦਾਰੂ ਅਤੇ ਖਾਣਪੀਣ ਪਹੁੰਚਾਉਂਦੇ ਰਹੇ।

ਦੁਖੀਆਂ ਦਾ ਦਰਦ ਵੰਡਾਣ ਲਈ ਗੁਰੂ ਅਰਜਨ ਸਾਹਿਬ ਲਾਹੌਰ ਪਹੁੰਚੇ। ਭੁੱਖਿਆਂ ਵਾਸਤੇ ਲੰਗਰ ਦੀ ਲੋੜ ਸੀ। ਯਤੀਮਾਂ ਦੀ ਸੰਭਾਲ ਦਾ ਕੰਮ ਸੀ। ਅਨੇਕਾਂ ਬੱਚੇ ਯਤੀਮ ਹੋ ਗਏ ਸਨ ਜਿਨ੍ਹਾਂ ਦੇ ਮਾਪੇ ਭੁੱਖ ਤੇ ਬੀਮਾਰੀ ਕਾਰਨ ਮੌਤ ਦਾ ਸ਼ਿਕਾਰ ਹੋ ਗਏ ਸਨ। ਲੋਕ ਬੇ-ਰੁਜ਼ਗਾਰ ਸਨ। ਗੁਰੂ ਅਰਜਨ ਸਾਹਿਬ ਨੇ ਗੁਰੂ ਰਾਮਦਾਸ ਸਾਹਿਬ ਦੇ ਜਨਮ ਅਸਥਾਨ ਦੀ ਇਮਾਰਤ ਸ਼ੁਰੂ ਕਰਵਾ ਦਿੱਤੀ। ਲੰਗਰ ਜਾਰੀ ਕਰ ਦਿੱਤੇ। ਡੱਬੀ ਬਜ਼ਾਰ 'ਚ ਵੀ ਗੁਰਦੁਆਰਾ ਬਉਲੀ ਸਾਹਿਬ ਬਣਵਾਣਾ ਆਰੰਭ ਦਿੱਤਾ। ਇਸ ਤਰ੍ਹਾਂ ਬੇ-ਰੁਜ਼ਗਾਰਾਂ ਨੂੰ ਕੰਮ ਮਿਲ ਗਿਆ ਅਤੇ ਯਤੀਮਾਂ ਦੀ ਪਾਲਣਾ ਲਈ ਆਸ਼ਰਮ ਬਣ ਗਏ। ਉਹਨਾਂ ਦਿਨਾਂ 'ਚ ਹੀ ਪੁਰਤਗਾਲ ਦੇ ਇਕ ਈਸਾਈ ਪਾਦਰੀ ਨੇ ਵੀ ਲਾਹੌਰ 'ਚ ਯਤੀਮਖਾਨਾ ਖੋਲ੍ਹਿਆ ਸੀ।

ਲਾਹੌਰ ਨਿਵਾਸੀ ਕਾਲ-ਪੀੜਤਾਂ ਦੀ ਸਹਾਇਤਾ ਲਈ ਗੁਰੂ ਅਰਜਨ ਸਾਹਿਬ 8 ਮਹੀਨੇ ਲਾਹੌਰ ਰਹੇ। ਜਦੋਂ ਲਾਹੌਰ ਨਿਵਾਸੀਆਂ ਦੀ ਕੁਝ ਹਾਲਤ ਸੁਧਰੀ ਤਾਂ ਉਥੋਂ ਦੀ ਸੇਵਾ ਦਾ ਕੰਮ ਉੱਘੇ ਸਿੱਖਾਂ ਦੇ ਸਪੁਰਦ ਕਰ ਕੇ ਆਪ ਗੁਰੂ ਸਾਹਿਬ ਲਹੌਰ ਤੋਂ ਦੱਖਣ ਵਾਲੇ ਪਾਸੇ ਦੇ ਪਿੰਡਾਂ ਵਲ ਚਲ ਪਏ। ਰਾਵੀ ਦੇ ਕੰਢੇ ਤਕ ਮਦਰ, ਜੰਬਰ, ਚੂਨੀਆਂ, ਬੜ੍ਹਵਾਲ ਆਦਿਕ ਸਭ ਪਿੰਡਾਂ 'ਚ ਗਏ ਅਤੇ ਕਾਲ -ਪੀੜਤ ਤੇ ਰੋਗ-ਪੀੜਤ ਪੇਂਡੂਆਂ ਨੂੰ ਹੌਸਲਾ, ਦਵਾ-ਦਾਰੂ ਅਤੇ ਪਿੰਡਾਂ 'ਚ ਖੂਹ ਲਾਂਣ ਲਈ ਪ੍ਰੇਰਨਾ ਤੇ ਲੋੜੀਂਦੀਂ ਸਹਾਇਤਾ ਕਰਦੇ ਹੋਏ, ਉਸ ਸਾਰੇ ਇਲਾਕੇ ਦਾ ਚੱਕਰ ਲਾ ਕੇ, ਗੋਇੰਦਵਾਲ ਹੁੰਦੇ ਹੋਏ, ਵਾਪਸ ਅੰਮ੍ਰਿਤਸਰ ਪਹੁੰਚੇ।

ਅਕਬਰ ਬਾਦਸ਼ਾਹ ਨੂੰ ਵੀ 1598 ਦੇ ਅਖੀਰ ਤੇ ਲਾਹੌਰੋਂ ਆਗਰੇ ਜਾਣਾ ਪੈ ਗਿਆ ਸੀ। ਸੰਨ 1598 ਤਦੋਂ ਬੀਤਣ 'ਤੇ ਸੀ। ਲਾਹੌਰ 'ਚ ਗੁਰੂ ਸਾਹਿਬ ਦੀ ਕੀਤੀ ਖਲਕਤ ਸੇਵਾ ਅਕਬਰ ਤੋਂ ਗੁੱਝੀ ਨਹੀਂ ਸੀ। ਉਦੋਂ ਗੁਰੂ ਸਾਹਿਬ ਗੋਇੰਦਵਾਲ ਸਨ ਅਤੇ ਅਕਬਰ ਲਾਹੌਰੋਂ ਵਾਪਸੀ ਗੋਇੰਦਵਾਲ ਆਇਆ, ਤਾਂ ਗੁਰੂ ਸਾਹਿਬ ਨੇ ਉਸ ਨੂੰ ਤਿੰਨ-ਚਾਰ-ਸਾਲਾ ਔੜ ਦੌਰਾਨ ਪਿੰਡਾਂ 'ਚ ਤਿੰਨ ਸਾਲ ਰਹਿ ਕੇ, ਲੋਕਾਂ ਦੀ ਜੋ ਤਰਸਯੋਗ ਹਾਲਤ ਵੇਖੀ ਸੀ, ਉਸ ਸਾਹਮਣੇ ਰੱਖੀ।

ਅਕਬਰ ਬਾਦਸ਼ਾਹ ਤੋਂ ਕਿਸਾਨਾਂ ਦੇ ਲਗਾਨ ਦੀ ਛੋਟ ਕਰਵਾਉਣੀ

ਮੁਗ਼ਲ ਬਾਦਸ਼ਾਹ ਅਕਬਰ ਗੁਰੂ ਅਰਜਨ ਸਾਹਿਬ ਦੇ ਦਰਸ਼ਨ ਕਰਨ ਆਇਆ ਅਤੇ ਗੁਰੂ ਸਾਹਿਬ ਦੇ ਸੰਤ ਸੁਭਾ ਦਾ ਉਸ ਉਪਰ ਜਾਦੂ ਵਰਗਾ ਅਸਰ ਪਿਆ। ਗੁਰੂ ਕੇ ਲੰਗਰ ਦੀ ਬਰਾਬਰਤਾ ਦੀ ਪਰਬੰਧ ਪ੍ਰਣਾਲੀ ਅਤੇ ਅੰਮ੍ਰਿਤ ਸਰੋਵਰ ਦੇ ਦਰਸ਼ਨ ਕਰਕੇ ਉਹ ਗੱਦ-ਗੱਦ ਹੋਇਆ। ਉਸ ਨੇ ਗੁਰੂ ਦਰਬਾਰ, ਲੰਗਰ ਅਤੇ ਹੋਰ ਖਰਚਾਂ ਲਈ ਚੰਗੀ ਚੋਖੀ ਭੇਟਾ ਦੇਣ ਦੀ ਇੱਛਾ ਪ੍ਰਗਟ ਕੀਤੀ। ਪਰ ਗੁਰੂ ਸਾਹਿਬ ਨੇ ਉਸ ਨੂੰ ਦੱਸਿਆ ਕਿ ਗੁਰੂ ਕਾ ਲੰਗਰ ਅਤੇ ਸਿੱਖ ਧਰਮ ਅਸਥਾਨ ਲੋਕਾਂ ਦੀ ਕਿਰਤ ਕਮਾਈ ਦੁਆਰਾ ਹੀ ਚਲਦੇ ਹਨ। ਅਕਬਰ ਗੁਰੂ ਸਾਹਿਬ ਦੇ ਇਸ ਉੱਤਰ ਤੋਂ ਹੋਰ ਵੀ ਜ਼ਿਆਦਾ ਪ੍ਰਭਾਵਤ ਹੋਇਆ ਅਤੇ ਉਸ ਨੇ ਕਿਹਾ ਕਿ ਅੰਮ੍ਰਿਤਸਰੋਂ ਜਾਣ ਤੋਂ ਪਹਿਲਾਂ ਉਹ ਗੁਰੂ ਘਰ ਲਈ ਕੁਝ ਨਾ ਕੁਝ ਜ਼ਰੂਰ ਭੇਟਾ ਕਰਨਾ ਚਾਹੁੰਦਾ ਹੈ, ਤਾਂ ਗੁਰੂ ਸਾਹਿਬ ਨੇ ਫੁਰਮਾਇਆ ਕਿ ਬਾਦਸ਼ਾਹ ਦੀ ਖੁਸ਼ਹਾਲੀ ਇਸੇ 'ਚ ਹੈ ਕਿ ਉਹ ਇਨਸਾਫ ਕਰਕੇ ਆਪਣੀ ਜਨਤਾ ਦੀਆਂ ਖੁਸ਼ੀਆਂ ਲਵੇ।

ਬਾਦਸ਼ਾਹ ਨੇ ਗੁਰੂ ਕੇ ਲੰਗਰ ਵਰਗੇ ਲੋਕ ਭਲਾਈ ਦੇ ਕੰਮਾਂ ਤੋਂ ਪ੍ਰਭਾਵਤ ਹੋਕੇ ਜਦ ਗੁਰੂ ਸਾਹਿਬ ਨੂੰ ਕੋਈ ਸੇਵਾ ਦੱਸਣ ਲਈ ਆਖਿਆ, ਤਾਂ ਇਸ ਲੋਕ-ਪੈਗੰਬਰ ਨੇ ਵਕਤ ਦੇ ਬਾਦਸ਼ਾਹ ਅਕਬਰ ਨੂੰ ਉਦੋਂ ਪੰਜਾਬ ਦੇ ਭਿਆਨਕ ਕਾਲ ਪੀੜਤ

ਕਿਰਤੀਆਂ, ਕਿਸਾਨਾਂ ਅਤੇ ਜਨਤਾ ਦੇ ਦੁੱਖਾਂ ਤੋਂ ਜਾਣੂ ਕਰਾਇਆ। ਗੁਰੂ ਸਾਹਿਬ ਨੇ ਆਪਣੇ ਲਈ ਨਹੀਂ, ਆਪਣੇ ਸਿੱਖਾਂ ਲਈ ਨਹੀਂ, ਸਗੋਂ ਸਾਰੇ ਪੰਜਾਬ ਦੇ ਪੀੜਤ ਲੋਕਾਂ ਲਈ ਮਾਮਲੇ ਦੀ ਛੋਟ ਮੰਗੀ, ਜੋ ਉਸੇ ਵੇਲੇ ਮੰਨ ਲਈ ਗਈ ਸੀ।

ਲੋਕ-ਹਿਤੈਸ਼ੀ ਗੁਰੂ ਨੇ ਅਕਬਰ ਨੂੰ ਕਿਹਾ ਕਿ ਦੇਸ਼ 'ਚ ਸਖਤ ਕਾਲ ਪਿਆ ਹੋਇਆ ਹੈ। ਕਿਹਾ ਚੰਗਾ ਹੋਵੇ ਕਿ ਆਪ ਵਲੋਂ ਅੰਮ੍ਰਿਤ ਸਰੋਵਰ ਦੀ ਯਾਤਰਾ ਦੀ ਯਾਦ ਵਜੋਂ ਗ਼ਰੀਬ ਕਿਸਾਨਾਂ ਤੋਂ ਇਕ ਸਾਲ ਦਾ ਲਗਾਨ ਨਾ ਲਿਆ ਜਾਵੇ। ਅਕਬਰ ਨੇ ਇੰਜ ਕਰਨ ਦਾ ਹੁਕਮ ਉਸੇ ਵੇਲੇ ਜਾਰੀ ਕਰ ਦਿੱਤਾ। ਉਸ ਨੇ ਸਿੱਖ ਕੇਂਦਰ ਦੇ ਦੁਆਲੇ ਚੋਖੀ ਜ਼ਮੀਨ ਵੀ ਲਗਾਨ ਤੋਂ ਮਾਫ ਕਰਾਰ ਦੇ ਦਿੱਤੀ। ਇਸ ਤਰ੍ਹਾਂ ਲੋਕਾਂ ਦੇ ਦਰਦਮੰਦ ਅਤੇ ਲੋਕ-ਹਿਤੈਸ਼ੀ ਗੁਰੂ ਅਰਜਨ ਸਾਹਿਬ ਨੇ ਅਕਬਰ ਤੋਂ ਗੁਰੂ ਘਰ ਲਈ ਭੇਟਾ ਲੈਣ ਦੀ ਬਜਾਏ ਗ਼ਰੀਬ ਕਿਸਾਨਾਂ ਦਾ ਲਗਾਨ ਮੁਆਫ ਕਰਵਾਇਆ।

(ਐਮ.ਏ.ਮੈਕਾਲਿਫ, 'ਦੀ ਸਿੱਖ ਰਿਲੀਜਨ' ਅੰਗਰੇਜ਼ੀ ਸੰਚੀ ਤੀਜੀ ਪੰਨਾ 83 ਤੇ 84 ਅਤੇ ਖਾਲਸਾ ਟ੍ਰੈਕਟ ਨੰ: 60)

(ਜਗਜੀਤ ਸਿੰਘ, ਟੈਂਪਲ ਆਫ ਸਪਿਰਿਚੂਐਲਿਟੀ-ਅੰਗਰੇਜ਼ੀ ਪੰਨਾ 18)

ਸਿੱਖ ਹਿੰਦੂ ਨਹੀਂ -ਸਿੱਖਾਂ ਵਲੋਂ ਮਾਮਲਾ ਦੇਣ ਤੋਂ ਨਾਂਹ ਕਰਨੀ

ਇਕ ਵਾਰ ਅਕਬਰ ਬਾਦਸ਼ਾਹ ਨੇ ਬੀਰਬਲ ਨੂੰ ਕੁਮਕ ਦੇਕੇ ਭੇਜਿਆ ਅਤੇ ਨਾਲ ਹੀ ਲਿਖਤੀ ਹੁਕਮ ਦਿੱਤਾ ਕਿ ਉਹ ਹਰ ਖੱਤਰੀ ਦੇ ਘਰ ਤੋਂ ਇਕ ਰੁਪਿਆ ਮਾਮਲਾ ਲੈ ਸਕਦਾ ਸੀ। ਬੀਰਬਲ ਨੇ ਆਪਣੇ ਕਾਰਿੰਦਿਆਂ ਨੂੰ ਮਾਮਲਾ ਉਗਰਾਣ ਲਈ ਭੇਜਿਆ। ਅੱਗੋਂ ਗੁਰੂ ਕੇ ਸਿੱਖਾਂ ਨੇ ਮਾਮਲਾ ਦੇਣੋਂ ਨਾਂਹ ਕਰ ਦਿੱਤੀ। ਗੁਰੂ ਅਰਜਨ ਸਾਹਿਬ ਨੇ ਉਸ ਦੇ ਕਾਰਿੰਦਿਆਂ ਨੂੰ ਆਖਿਆ ਕਿ ਤੁਸਾਂ ਮਾਮਲਾ ਖੱਤਰੀਆਂ ਤੋਂ ਉਗਰਾਣਾ ਹੈ ਪਰ ਅਸੀਂ ਸਿੱਖ ਹਾਂ ਅਤੇ ਚਾਹੁੰਦੇ ਹਾਂ ਕਿ ਸਾਥੋਂ ਮਾਮਲਾ ਨਾ ਉਗਰਾਇਆ ਜਾਏ। ਅੱਜ ਤਕ ਕਿਸੇ ਨੇ ਗੁਰੂ ਘਰ 'ਤੇ ਕਦੀ ਵੀ ਕਿਸੇ ਪ੍ਰਕਾਰ ਦੀ ਵਗਾਰ ਨਹੀਂ ਪਾਈ ਅਤੇ ਨਾ ਹੀਂ ਜ਼ੋਰੀ ਮਾਮਲਾ ਹੀ ਲ ਇਆ ਗਿਆ ਹੈ। ਸਾਡਾ ਲੰਗਰ ਸਿੱਖਾਂ ਦੀ ਭੇਟਾ ਦੁਆਰਾ ਹੀ ਚਲਦਾ ਹੈ। ਇਥੇ ਕਿਸੇ ਨੂੰ ਆਣ ਦੀ ਮਨਾਹੀ ਨਹੀਂ। ਸਾਥੋਂ ਜਿਤਨਾ ਅੰਨ ਤੇ ਖ਼ੁਰਾਕ ਲੈ ਜਾਓ, ਪਰ ਸਾਡੇ ਕੋਲ ਮਾਮਲਾ ਦੇਣ ਲਈ ਮਾਇਆ ਨਹੀਂ ਹੈ। ਇਸ ਤਰ੍ਹਾਂ ਬੀਰਬਲ ਦੇ ਬੰਦਿਆਂ ਨੂੰ ਖਾਲੀ ਹੱਥ ਜਾਣਾ ਪਿਆ।

3) ਗੁਰੂ ਅਰਜਨ ਸਾਹਿਬ – ਮਹਾਨ ਉਸਰੱਈਏ

ਕਿਸੇ ਕੌਮ ਅਤੇ ਸਮਾਜ ਨੂੰ ਉੱਨਤ ਤੇ ਸ਼ਕਤੀਸ਼ਾਲੀ ਬਣਾਉਣ ਵਾਲੇ ਉਸ ਕੌਮ ਦੇ ਮਹਾਨ ਪਰਉਪਕਾਰੀ ਮਨੁੱਖ ਹੀ ਹੁੰਦੇ ਹਨ, ਜੋ ਮਨੁੱਖੀ ਭਲਾਈ ਲਈ ਆਪਣਾ ਸਭ ਕੁਝ ਨਿਛਾਵਰ ਕਰ ਦਿੰਦੇ ਹਨ। ਉਹਨਾਂ ਦੀ ਆਤਮਕ ਅਵਸਥਾ ਬਹੁਤ ਉੱਚੀ ਹੁੰਦੀ ਹੈ। ਉਹ, ਮਨੁੱਖਤਾ ਦੇ ਵਿਕਾਸ ਲਈ ਕੁਝ ਸਮਾਜਕ ਨਿਯਮ ਜਾਂ ਬੰਧਨ ਪ੍ਰਚਲਤ ਕਰਦੇ ਹਨ, ਜਿਨ੍ਹਾਂ ਨੇਮਾਂ ਦੀ ਪਾਲਨਾ ਕਰਕੇ ਉਹ ਕੌਮ ਮਨੁੱਖੀ ਜੀਵਨ ਦੇ ਹਰ ਖੇਤਰ 'ਚ ਸਰੀਰਕ, ਸਮਾਜਕ, ਮਾਨਸਿਕ ਅਤੇ ਆਤਮਕ ਤੌਰ ਤੇ ਹਰ ਪਰਕਾਰ ਦੀ ਉੱਨਤੀ ਕਰਦੀ ਅੱਗੇ ਵਧਦੀ ਚਲੀ ਜਾਂਦੀ ਹੈ। ਇਸ ਤਰ੍ਹਾਂ ਆਮ ਲੋਕ ਜਿੱਥੇ ਆਪ ਅਨੰਦਮਈ ਜੀਵਨ ਬਤੀਤ ਕਰਦੇ ਹਨ, ਉੱਥੇ ਦੂਜਿਆਂ ਦੇ ਸੁੱਖਾਂ ਦਾ ਸਾਧਨ ਵੀ ਬਣਦੇ ਹਨ। ਜਿਵੇਂ ਕੁਦਰਤ ਦੀ ਹਰ ਸ਼ੈਅ ਇਕ ਦੂਜੇ ਦੀ ਸਹਾਇਕ ਬਣ ਰਹੀ ਹੈ। ਗੁਲਾਬ ਦਾ ਫੁੱਲ ਆਪ ਖਿੜਦਾ ਹੈ, ਦੂਜਿਆਂ ਨੂੰ ਖੁਸ਼ਬੂ ਖਿਲਾਰ ਕੇ, ਖੇੜਾ ਵੰਡਦਾ ਹੈ।

ਇਹ ਨੇਮ ਜਾਂ ਬੰਧਨ ਦੋ ਪ੍ਰਕਾਰ ਦੇ ਹੁੰਦੇ ਹਨ। ਅੰਤਰ–ਮੁਖੀ ਤੇ ਬਾਹਰ–ਮੁਖੀ। ਕਿਸੇ ਕੌਮ ਦੀ ਉੱਨਤੀ ਲਈ ਦੋਹਾਂ ਪ੍ਰਕਾਰਾਂ ਦੇ ਨੇਮਾਂ ਦੀ ਪਾਲਨਾ ਕਰਨ ਦੀ ਲੋੜ ਹੁੰਦੀ ਹੈ। ਅੰਤਰ–ਮੁਖੀ ਨੇਮ ਆਤਮਕ ਤੇ ਸ਼ਿਸ਼ਟਾਚਾਰ ਨਾਲ ਸਬੰਧਤ ਹਨ ਜਿਵੇਂ ਕਿ ਸਚਾਈ, ਈਮਾਨਦਾਰੀ, ਨਿਆਂਕਾਰੀ, ਦਇਆ ਭਾਵਨਾ, ਭਰਾਤ੍ਰੀ–ਭਾਵ, ਕੌਮੀ ਪਿਆਰ ਅਤੇ ਬਰਾਬਰਤਾ ਆਦਿ। ਇਹ ਬੁਨਿਆਦੀ ਨੇਮ ਮਨੁੱਖਤਾ ਦੇ ਹਰ ਵਿਅਕਤੀ ਦੇ ਜੀਵਨ ਨੂੰ ਸਫਲ ਤੇ ਸੁਰੱਖਿਅਤ ਬਣਾਉਣ 'ਚ ਸਹਾਇਕ ਹੁੰਦੇ ਹਨ। ਬਾਹਰ–ਮੁਖੀ ਚਿੰਨ੍ਹ ਜਾਂ ਨੇਮ ਜਥੇਬੰਦਕ ਸੰਗਠਨ, ਭਰਾਤ੍ਰੀ ਭਾਵ, ਮਿਤਰਤਾ ਅਤੇ ਪਿਆਰ ਭਾਵਨਾ ਪੈਦਾ ਕਰਨ ਲਈ ਜ਼ਰੂਰੀ ਹੁੰਦੇ ਹਨ।

ਮਨੁੱਖ ਇਕ ਸਮਾਜਕ ਜੀਵਹੈ, ਜਿਸ ਦੇ ਚਾਰ ਮੋਟੇ ਅੰਗ–ਸਰੀਰ, ਮਨ, ਬੁੱਧੀ ਅਤੇ ਆਤਮਾ ਹਨ। ਕੌਮ ਦੀ ਉਸਾਰੀ ਜਿੱਥੇ ਸਮੂਹਕ ਹੈ, ਉੱਥੇ ਨਿੱਜੀ ਵੀ ਹੈ। ਕਿਸੇ ਕੌਮ ਦਾ ਸਬੰਧ ਉਸ ਦੀ ਸਮੁੱਚੀ ਨਸਲ ਨਾਲ ਹੁੰਦਾ ਹੈ ਅਤੇ ਉਸ ਤੋਂ ਬਾਅਦ ਸਮੁੱਚੀ ਮਨੁੱਖਤਾ ਨਾਲ ਗਿਣਿਆ ਜਾਂਦਾ ਹੈ। ਕਿਸੇ ਕੌਮ ਦੀ ਉਸਾਰੀ ਆਤਮਕ ਤੇ ਸਰੀਰਕ ਦੋਹਾਂ ਪੱਖਾਂ ਤੋਂ ਕੀਤੀ ਜਾਂਦੀ ਹੈ। ਆਤਮਕ ਉਸਾਰੀ ਤੋਂ ਬਿਨਾਂ ਸਰੀਰਕ ਉੱਨਤੀ ਜ਼ਾਲਮ ਬਣ ਜਾਂਦੀ ਹੈ ਅਤੇ ਸਰੀਰਕ ਉੱਨਤੀ ਤੋਂ ਬਿਨਾਂ ਆਤਮਕ ਉੱਨਤੀ ਬੁਜ਼ਦਿਲ ਤੇ ਕਮਜ਼ੋਰ ਬਣ ਜਾਂਦੀ ਹੈ।

ਗੁਰੂ ਅਰਜਨ ਸਾਹਿਬ ਨੇ ਆਤਮਕ, ਮਾਨਸਕ ਅਤੇ ਬੌਧਕ ਉਸਾਰੀ ਦੇ ਨਾਲ –ਨਾਲ ਸਰੀਰਕ ਉਸਾਰੀ ਵਲ ਵੀ ਪੂਰਾ ਧਿਆਨ ਦਿੱਤਾ। ਸਰੀਰਕ ਪੱਧਰ ਤੋਂ ਸਿੱਖ ਕੌਮ ਨੂੰ ਸਮਾਜਕ, ਆਰਥਕ ਅਤੇ ਰਾਜਨੀਤਕ ਪੱਖ 'ਚ ਪਰਪੱਕ ਕਰਨ ਦੇ ਕਈ

ਕਦਮ ਚੁੱਕੇ। ਕੌਮ ਨੂੰ ਜਿੱਥੇ ਗਿਆਨ ਦਿੱਤਾ, ਉਥੇ ਉਸ ਗਿਆਨ ਨੂੰ ਅਮਲੀ ਤੌਰ ਤੇ ਵਿਕਸਤ ਕਰਨਾ ਵੀ ਸਿਖਾਇਆ।

ਗੁਰੂ ਅਰਜਨ ਸਾਹਿਬ ਨੇ ਜਿੱਥੇ ਲੋਕਾਂ ਦੀ ਰੂਹਾਨੀ ਭੁੱਖ ਦੂਰ ਕੀਤੀ, ਉਥੇ ਲੋਕਾਂ ਦੀਆਂ ਦੁਨਿਆਵੀ ਸਰੀਰਕ ਤੇ ਆਰਥਕ ਲੋੜਾਂ ਦਾ ਵੀ ਪੂਰਾ ਖਿਆਲ ਰੱਖਿਆ। ਰੋਗੀਆਂ ਦੇ ਰੋਗ ਨਿਵਾਰਨ ਲਈ ਅਤੇ ਕੋਹੜੀਆਂ ਦੇ ਕੋਹੜ ਨੂੰ ਦੂਰ ਕਰਨ ਲਈ ਤਰਨ ਤਾਰਨ 'ਚ ਆਪਣੀ ਕਿਸਮ ਦਾ ਪਹਿਲਾ ਪਿੰਗਲਵਾੜਾ ਚਲਾਇਆ।

ਆਪ ਜੀ ਨੇ ਸ੍ਰੀ ਅੰਮ੍ਰਿਤਸਰ ਨੂੰ ਆਪਣੇ ਹੱਥੀਂ ਵਸਾਇਆ। 52 ਕਿਸਮ ਦੇ ਵੱਖ-ਵੱਖ ਕਿੱਤਿਆਂ ਵਾਲੇ ਲੋਕਾਂ ਨੂੰ ਆਪਣੇ ਕੋਲੋਂ ਮਾਇਕ ਸਹਾਇਤਾ ਦੇਕੇ ਆਬਾਦ ਕੀਤਾ। ਇਸ ਨੂੰ ਇੰਨਾ ਉੱਨਤ ਕੀਤਾ ਕਿ ਸਮਾਂ ਪਾ ਕੇ ਇਹ ਅਣਵੰਡੇ ਉੱਤਰੀ ਭਾਰਤ ਦਾ ਸਭ ਤੋਂ ਵੱਡਾ ਵਪਾਰਕ ਕੇਂਦਰ ਬਣ ਗਿਆ ਸੀ। ਇਥੋਂ ਦਾ 'ਗੁਰੂ ਬਾਜ਼ਾਰ' ਸ੍ਰੀ ਗੁਰੂ ਅਰਜਨ ਦੇਵਜੀ ਦੇ ਆਰਥਕ ਉੱਨਤੀ ਲਈ ਅਰੰਭੇ ਪ੍ਰੋਗਰਾਮ ਦੀ ਯਾਦਗਾਰ ਵਜੋਂ ਅਜੇ ਤੀਕ ਕਾਇਮ ਹੈ।

ਦਸਵੰਧ ਨੂੰ ਲਾਗੂ ਕਰਨਾ

ਸਿੱਖ ਸੰਗਤਾਂ ਨੂੰ ਗੁਰੂ ਨਾਲ ਜੋੜੀ ਰੱਖਣ ਲਈ ਸਿੱਖ ਪੰਥ ਵਿੱਚ ਦੋ ਪ੍ਰਬੰਧ ਪ੍ਰਚਲਤ ਰਹੇ ਹਨ। ਇਕ ਮੰਜੀ ਸਿਸਟਮ ਅਤੇ ਦੂਜਾ ਮਸੰਦ ਸਿਸਟਮ। ਪਹਿਲਾਂ ਮੰਜੀ ਸਿਸਟਮ ਰਾਹੀਂ ਸੰਗਤਾਂ ਨੂੰ ਜਥੇਬੰਦ ਕੀਤਾ ਗਿਆ ਸੀ, ਜੋ ਗੁਰੂ ਅਮਰਦਾਸ ਸਾਹਿਬ ਨੇ ਚਲਾਇਆ ਸੀ। ਫਿਰ ਗੁਰੂ ਰਾਮਦਾਸ ਸਾਹਿਬ ਨੇ ਇਸੇ ਮੰਜੀ ਸਿਸਟਮ ਨੂੰ ਸੁਧਾਰ ਕੇ ਇਸ ਨੂੰ ਮਸੰਦ ਸਿਸਟਮ ਵਿੱਚ ਬਦਲਿਆ। ਇਹ ਪਹਿਲੇ ਸਿਸਟਮ ਨਾਲੋਂ ਵਧੇਰੇ ਮਜ਼ਬੂਤ ਅਤੇ ਉਚੇਰੇ ਪੱਧਰ ਦਾ ਸਾਬਤ ਹੋਇਆ, ਜੋ ਗੁਰੂ ਹਰਿ ਰਾਇ ਸਾਹਿਬ ਜੀ ਦੇ ਸਮੇਂ ਤਕ ਠੀਕ ਚਲਦਾ ਰਿਹਾ।

ਹਰ ਗੁਰੂ ਵਿਅਕਤੀ ਨੇ ਗੁਰੂ ਨਾਨਕ ਮਿਸ਼ਨ ਦੀ ਉਸਾਰੀ 'ਚ ਆਪੋ ਆਪਣਾ ਨਿਸਚਿਤ ਯੋਗਦਾਨ ਪਾਇਆ। ਗੁਰੂ ਰਾਮਦਾਸ ਸਾਹਿਬ ਨੇ ਗੁਰੂ-ਚੱਕ ਦੀਆਂ ਕਈ ਜਨਤਕ ਇਮਾਰਤਾਂ ਦੀ ਉਸਾਰੀ ਵਾਸਤੇ ਮਾਇਆ ਦੀ ਵਧਦੀ ਲੋੜ ਨੂੰ ਵੇਖ ਕੇ ਪਰਚਾਰਕ ਮਸੰਦ ਮੁਕੱਰਰ ਕੀਤੇ ਸਨ, ਜੋ ਬਾਹਰਲੇ ਇਲਾਕਿਆਂ ਦੇ ਸਿੱਖਾਂ ਪਾਸੋਂ ਭੇਟਾ ਇਕੱਠੀ ਕਰ ਕੇ ਲਿਆਉਂਦੇ ਸਨ। ਤਜਰਬੇ ਨੇ ਦੱਸਿਆ ਕਿ ਕਈ ਮਸੰਦ ਸਹਿਜੇ ਸਹਿਜੇ ਉਸ ਰਕਮ 'ਚ ਹੱਥ-ਫੇਰੀ ਕਰਨ ਲੱਗ ਪਏ ਸਨ। ਉਦੋਂ ਪੰਜਾਬ ਅਤੇ ਭਾਰਤ ਦੇ ਦੂਜੇ ਸੂਬਿਆਂ ਅੰਦਰ ਸਿੱਖਾਂ ਦੀ ਗਿਣਤੀ ਵੀ ਬਹੁਤ ਵਧਣ ਲੱਗ ਪਈ ਸੀ। ਪਹਿਲਾਂ ਭੇਟਾ ਦੀ ਰਕਮ ਖਾਸ ਮੁਕੱਰਰ ਨਹੀਂ ਸੀ। ਸਿੱਖ ਆਪਣੀ

ਸ਼ਰਧਾ ਮੁਤਾਬਕ ਹੀ ਭੇਟਾ ਕਰਿਆ ਕਰਦੇ ਸਨ।

ਕੁਝ ਚਿਰ ਪਿਛੋਂ ਇਹ ਮਸੰਦ ਆਪਣੇ ਆਪ ਨੂੰ ਸਿੱਖ ਸੰਗਤਾਂ ਨਾਲੋਂ ਇਕ ਵੱਖਰੀ ਪ੍ਰੋਹਿਤ ਸ਼ਰੇਣੀ ਸਮਝਣ ਲੱਗ ਪਏ ਸਨ ਜੋ ਕਿ ਸਿੱਖੀ ਅਸੂਲਾਂ ਦੇ ਵਿਰੁੱਧ ਹੈ। ਬ੍ਰਾਹਮਣਾਂ ਵਾਂਗ ਇਹ ਵੀ ਪੂਜਾ ਦੇ ਧਾਨ ਨੂੰ ਆਪਣਾ ਅਧਿਕਾਰ ਸਮਝਣ ਲੱਗ ਪਏ ਸਨ। ਮਸੰਦ ਇਹ ਸਮਝਣ ਲੱਗ ਪਏ ਕਿ ਉਹਨਾਂ ਤੋਂ ਬਿਨਾਂ ਗੁਰੂ ਦੀ ਕੋਈ ਮਾਣਤਾ ਨਹੀ। ਗੁਰੂ ਤੇਗ ਬਹਾਦਰ ਸਾਹਮਣੇ ਜਿਹੜੀਆਂ ਮੁਸ਼ਕਲਾਂ ਆਈਆਂ ਸਨ, ਉਹਨਾਂ ਸਭਨਾਂ ਵਿੱਚ ਮਸੰਦਾਂ ਦਾ ਹੀ ਹੱਥ ਸੀ। ਉਹਨਾਂ ਮਸੰਦਾਂ ਦੀ ਇਸ ਮੂੜਮਤ ਨੂੰ ਵੇਖ ਕੇ ਹੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਉਹਨਾਂ ਨੂੰ ਖਤਮ ਕਰ ਦੇਣ ਦਾ ਨਿਸ਼ਚਾ ਕਰ ਲਿਆ ਸੀ। ਉਂਜ ਵੀ ਦਸ਼ਮੇਸ਼ ਪਿਤਾ ਦੇ ਸਮੇਂ ਤਕ ਸਿੱਖ ਲਹਿਰ ਆਪਣੇ ਸਿਖਰ ਤੇ ਪਹੁੰਚ ਚੁੱਕੀ ਸੀ ਅਤੇ ਉਸ ਨੂੰ ਨਵੀਆਂ ਦਿਸ਼ਾਵਾਂ ਦੇਣੀਆਂ ਸਨ, ਜੋ ਉਹਨਾਂ ਖੁਦਗਰਜ਼ ਤੇ ਤਿਆਗ ਭਾਵਨਾ ਤੋਂ ਰਹਿਤ ਮਸੰਦਾਂ ਦੀ ਲੀਡਰਸ਼ਿਪ ਨਹੀ ਸੀ ਦੇ ਸਕਦੀ।

ਦਸਵੰਧ ਦੀ ਰਕਮ ਨੂੰ ਗ਼ਬਨ ਤੋਂ ਬਚਾਣ ਲਈ ਇਹ ਪ੍ਰਬੰਧ ਕੀਤਾ ਗਿਆ ਕਿ ਹਰੇਕ ਮਸੰਦ ਉਗਰਾਹੀ ਹੋਈ ਰਕਮ ਦਾ ਲਿਖਤੀ ਹਿਸਾਬ ਰੱਖੇ। ਇਸ ਤਰ੍ਹਾਂ ਦਸਵੰਧ ਭੇਜਣ ਵਾਲੇ ਸਿੱਖ ਆਪਣੀ ਦਿੱਤੀ ਰਕਮ ਆਪਣੇ ਸਾਹਮਣੇ ਹੀ ਵਹੀ 'ਚ ਦਰਜ ਕਰਾ ਦੇਂਦੇ ਸਨ, ਜੋ ਸਤਿਗੁਰੂ ਦੇ ਸਾਹਮਣੇ ਪੇਸ਼ ਕੀਤੀ ਜਾਂਦੀ ਸੀ। ਉਗਰਾਹੀ ਦਾ ਇਕ ਹੋਰ ਠੁਕ ਵੀ ਬੰਨ੍ਹ ਦਿੱਤਾ ਗਿਆ। ਆਮ ਤੌਰ ਤੇ ਵੈਸਾਖੀ ਦੇ ਮੌਕੇ 'ਤੇ ਮਸੰਦ ਗੁਰੂ-ਚੱਕ ਆਉਂਦੇ ਸਨ ਅਤੇ ਉਹਨਾਂ ਦੇ ਨਾਲ ਆਪੋ ਆਪਣੇ ਇਲਾਕੇ ਦੇ ਦਰਸ਼ਨ-ਅਭਿਲਾਖੀ ਸਿੱਖ ਵੀ ਆਉਂਦੇ ਸਨ, ਜਿਨ੍ਹਾਂ ਦੇ ਸਾਹਮਣੇ ਉਗਰਾਹੀ ਦੀ ਰਕਮ ਸੁਣਾ ਦਿੱਤੀ ਜਾਂਦੀ ਸੀ।

ਜਿਉਂ ਜਿਉਂ ਸਿੱਖਾਂ ਦੀ ਗਿਣਤੀ ਵਧਦੀ ਗਈ, ਮਸੰਦਾਂ ਦੀ ਗਿਣਤੀ ਵੀ ਨਾਲੋਂ ਨਾਲ ਵਧਦੀ ਗਈ। ਪੰਜਾਬ ਦੇ ਬਾਕੀ ਇਲਾਕਿਆਂ 'ਚ ਵੀ ਸਿੱਖ ਧਰਮ ਬਹੁਤ ਫੈਲਿਆ। ਗੁਰੂ ਸਾਹਿਬ ਸਿੱਖਾਂ ਨੂੰ ਖਾਸ ਤੌਰ ਤੇ ਵਣਜ-ਵਪਾਰ ਲਈ ਪ੍ਰੇਰਦੇ ਰਹੇ ਅਤੇ ਸਿੱਖ ਦੂਰ-ਦੂਰ ਪ੍ਰਾਂਤਾਂ 'ਚ ਜਾਣ ਲੱਗ ਪਏ ਸਨ। ਇਥੋਂ ਕਿ ਤਕ ਘੋੜਿਆਂ ਦੀ ਖਰੀਦ ਲਈ ਤਾਂ ਕਾਬਲ ਤੇ ਕਾਬਲ ਤੋਂ ਪਰ੍ਹੇ ਬਲਖ-ਬੁਖਾਰੇ ਤਕ ਸਿੱਖਾਂ ਦੀ ਆਵਾ-ਜਾਈ ਸੀ ਅਤੇ ਉਹਨਾਂ ਇਲਾਕਿਆਂ 'ਚ ਕਈ ਸਿੱਖ ਆਪਣੀ ਪੱਕੀ ਰਿਹਾਇਸ਼ ਬਣਾ ਚੁੱਕੇ ਸਨ। ਇਸ ਤਰ੍ਹਾਂ ਨਾਲੋਂ ਨਾਲ ਦਸਵੰਧ 'ਚ ਵੀ ਵਾਧਾ ਹੁੰਦਾ ਗਿਆ।

ਇਥੇ ਇਹ ਦੱਸ ਦੇਣਾ ਵੀ ਜ਼ਰੂਰੀ ਸਮਝਦਾ ਹਾਂ ਕਿ ਦਸਵੰਧ ਦਾਨ ਨਹੀਂ। ਦਾਨ ਸ਼ਬਦ ਤੋਂ ਕਈਆਂ ਨੂੰ ਟਪਲਾ ਲੱਗ ਸਕਦਾ ਹੈ। ਸਿੱਖ ਧਰਮ ਕਿਸੇ ਦਾਨ ਪ੍ਰਥਾ

ਦਾ ਹਾਮੀ ਨਹੀਂ। ਸਿੱਖੀ 'ਚ ਬਿਬੇਕ ਦਾਨ ਹੈ ਅਰਥਾਤ ਬੁੱਧੀ ਨਾਲ ਪ੍ਰਭੂ ਦਾ ਚਿੰਤਨ ਕਰਨਾ। ਸਿੱਖੀ 'ਚ ਨਾਮ ਸਿਮਰਣ ਦੇ ਨਾਲ ਹੀ ਇਸ ਦਾ ਦੂਜਾ ਪੱਖ ਹੈ ਦਸਾਂ ਨਹੁੰਆਂ ਦੀ ਕਿਰਤ ਕਰਨੀ ਅਤੇ ਉਸ ਕ੍ਰਿਤ 'ਚੋਂ ਦਸਵੰਧ ਅਥਵਾ ਦਸਵਾਂ ਹਿੱਸਾ ਗੁਰੂ ਲੇਖੇ ਲਾਉਣਾ ਜਾਂ ਗੁਰੂ ਦੇ ਲੰਗਰ 'ਚ ਪਾਉਣਾ। ਗੁਰੂ ਅਰਜਨ ਸਾਹਿਬ ਨੇ ਆਰਥਕ ਤੌਰ ਤੇ ਮਜ਼ਬੂਤ ਕਰਨ ਲਈ ਦਸਵੰਧ ਦੀ ਪਰੰਪਰਾ ਨੂੰ ਲਾਗੂ ਕੀਤਾ। ਸਿੱਖਾਂ ਵਲੋਂ ਆਇਆ ਦਸਵੰਧ ਗੁਰੂ ਦੀ ਗੋਲਕ 'ਚ ਜਾਂਦਾ ਸੀ ਅਤੇ ਕੌਮੀ ਉਸਾਰੀ ਦੇ ਕੰਮਾਂ 'ਤੇ ਖਰਚ ਕੀਤਾ ਜਾਂਦਾ ਸੀ। 1595-1598 ਦੇ ਸਖ਼ਤ ਕਾਲ ਦੌਰਾਨ ਗੁਰੂ ਅਰਜਨ ਸਾਹਿਬ ਨੇ ਦਸਵੰਧ ਦੀ ਮਾਇਆ ਨਾਲ ਕਾਲ-ਪੀੜਤਾਂ ਦੀ ਰਜਵੀਂ ਮਦਦ ਕੀਤੀ ਸੀ।

ਦਸਵੰਧ ਸਬੰਧੀ ਸਾਨੂੰ ਸਾਫ ਹਿਦਾਇਤ ਵੀ ਦਿੱਤੀ ਗਈ ਹੈ ਕਿ ਅਸੀਂ ਆਪਣੇ ਮਨ ਦੀ ਮਤ ਤਿਆਗ ਕੇ ਗੁਰੂ ਦੇ ਹੁਕਮ ਅਨੁਸਾਰ ਹੀ ਦਸਵੰਧ ਨੂੰ ਲੇਖੇ ਲਾਈਏ ਅਤੇ ਸਾਨੂੰ ਅੰਨ੍ਹੇ ਵਾਹ ਆਪਣਾ ਦਸਵੰਧ ਵਿਹਲੜਾਂ ਦੇ ਪੇਟ 'ਚ ਨਹੀ ਪਾ ਦੇਣਾ ਚਾਹੀਦਾ। ਅਸੀਂ ਆਮ ਕਰਕੇ ਅੰਨ੍ਹੀ ਸ਼ਰਧਾ ਵਸ, ਬਿਨਾਂ ਸੋਚੇ ਸਮਝੇ, ਵਿਹਲੜਾਂ ਦੇ ਪੇਟ ਭਰਦੇ ਰਹਿੰਦੇ ਹਾਂ। ਰਹਿਤਨਾਮਿਆਂ 'ਚ ਸਾਨੂੰ ਦਸਵੰਧ ਸਬੰਧੀ ਸਾਫ ਹਿਦਾਇਤ ਦਿੱਤੀ ਗਈ ਹੈ:

ਮੰਨਤ ਗੋਲਕ ਅਰ ਦਸਵੰਧ। ਘਰ ਮੇਂ ਰਾਖੋ ਤਜੋ ਮਸੰਦ।
ਭੇਟ ਕਾਰ ਸਤਿਗੁਰ ਕੀ ਹੋਇ। ਜਾਇ ਹਜ਼ੂਰ ਚੜਾਵੈ ਸੋਇ।
(ਸੈਨਾਪਤਿ ਧਿਆਓ 5 ਬੰਦ 19-36)

ਗੁਰੂ ਨਾਨਕ ਸਾਹਿਬ ਤੋਂ ਚਲੀ ਆ ਰਹੀ ਲੰਗਰ ਦੀ ਲਾਸਾਨੀ ਮਰਯਾਦਾ ਦੂਜੇ, ਤੀਜੇ ਅਤੇ ਚੌਥੇ ਸਤਿਗੁਰਾਂ ਨੇ ਜਾਰੀ ਰੱਖੀ ਅਤੇ ਪੱਕੀਆਂ ਲੀਹਾਂ 'ਤੇ ਕਾਇਮ ਕਰਕੇ ਅਗਾਂਹ ਤੋਰੀ। ਗੁਰੂ ਅਰਜਨ ਸਾਹਿਬ ਨੇ ਆਪਣੇ ਵੱਡੇ ਭਰਾ ਪ੍ਰਿਥੀ ਚੰਦ ਵਲੋਂ ਪਾਈਆਂ ਗਈਆਂ ਕਈ ਔਕੜਾਂ ਦੇ ਬਾਵਜੂਦ ਇਸ ਪਰੰਪਰਾ ਨੂੰ ਜਾਰੀ ਰੱਖਿਆ। ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਤੇ ਉਹਨਾਂ ਤੋਂ ਅੱਗੇ ਬਾਕੀ ਸਤਿਗੁਰਾਂ ਨੇ ਇਸ ਪਰੰਪਰਾ ਨੂੰ ਨਾ ਕੇਵਲ ਚਲਦਿਆਂ ਰੱਖਿਆ ਸਗੋਂ ਇਸ 'ਚ ਕਈ ਪ੍ਰਕਾਰ ਦੇ ਵਾਧੇ ਕੀਤੇ।

ਗਿਆਨੀ ਗਿਆਨ ਸਿੰਘ ਦੇ ਕਥਨ ਅਨੁਸਾਰ ਗੁਰੂ ਅਰਜਨ ਸਾਹਿਬ ਦੇ ਵੱਡੇ ਭਾਈ ਪ੍ਰਿਥੀ ਚੰਦ ਨੇ ਸਿੱਖ ਸੰਗਤਾਂ 'ਤੇ ਅਜਿਹਾ ਅਯੋਗ ਰੁਅਬ-ਦਾਬ ਜਮਾਇਆ ਕਿ ਗੁਰੂ ਘਰ ਦੀ ਸਾਰੀ ਆਮਦਨ ਆਪਣੇ ਕਬਜ਼ੇ 'ਚ ਕਰ ਲਈ, ਜਿਸ ਕਰਕੇ ਗੁਰੂ ਕਾ ਲੰਗਰ ਮਸਤ ਰਹਿਣ ਲੱਗ ਪਿਆ। ਇਥੋਂ ਤਕ ਕਿ ਰੋਟੀ ਛੋਲਿਆਂ ਦੀ ਮਿਲਣ ਲੱਗ ਪਈ ਸੀ। ਪ੍ਰਿਥੀ ਚੰਦ ਨੇ ਚਾਰੇ ਪਾਸੇ ਆਪਣੇ

ਮਸੰਦ ਬਿਠਾ ਦਿੱਤੇ ਸਨ। ਜੋ ਸਿੱਖ ਸੰਗਤਾਂ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਉਂਦੀਆਂ, ਉਹਨਾਂ ਨੂੰ ਪ੍ਰੇਰ ਕੇ ਪ੍ਰਿਥੀ ਚੰਦ ਦੇ ਪਾਸੇ ਲੈ ਜਾਂਦੇ, ਉਹਨਾਂ ਤੋਂ ਸਾਰੀ ਭੇਟਾ ਰੱਖਵਾ ਲੈਂਦੇ ਅਤੇ ਪ੍ਰਸ਼ਾਦਾ ਛਕਣ ਲਈ ਗੁਰੂ ਕੇ ਲੰਗਰ 'ਚ ਭੇਜ ਦੇਂਦੇ। ਇਸ ਸਭ ਕੁਝ ਦੇ ਬਾਵਜੂਦ ਸ਼ਾਂਤੀ ਦੇ ਪੁੰਜ ਗੁਰੂ ਅਰਜਨ ਸਾਹਿਬ ਸ਼ਾਂਤ-ਚਿਤ ਰਹਿ ਕੇ, ਗੁਰੂ ਕੇ ਲੰਗਰ ਦੀ ਸੇਵਾ 'ਚ ਜੁੱਟੇ ਰਹੇ।

ਇਕ ਵਾਰ ਜਦ ਭਾਈ ਗੁਰਦਾਸ ਜੀ ਦੂਰ ਦੁਰਾਡੇ ਸਿੱਖੀ ਦਾ ਪ੍ਰਚਾਰ ਕਰਕੇ ਵਾਪਸ ਆਏ ਅਤੇ ਲੰਗਰ 'ਚ ਮਿਸੇ ਪ੍ਰਸ਼ਾਦੇ ਵਰਤੀਂਦੇ ਵੇਖੇ, ਤਾਂ ਉਹਨਾਂ ਪੁੱਛ-ਗਿਛ ਕੀਤੀ ਜਦ ਉਹਨਾਂ ਨੂੰ ਪਤਾ ਲੱਗਿਆ ਕਿ ਪ੍ਰਿਥੀਏ ਦੀ ਨਾਕਾਬੰਦੀ ਕਾਰਨ ਲੰਗਰ ਮਸਤਾਨਾ ਹੋ ਗਿਆ ਤਾਂ ਉਹਨਾਂ ਨੇ ਸਿੱਖ ਸੰਗਤਾਂ ਨਾਲ ਹੋ ਰਹੇ ਧ੍ਰੋਹ ਨੂੰ ਬਰਦਾਸ਼ਤ ਨਾ ਕਰਦੇ ਹੋਏ ਬਾਬਾ ਬੁੱਢਾ ਜੀ ਨਾਲ ਵਿਚਾਰ ਕਰਕੇ ਸਾਰੇ ਇਲਾਕੇ 'ਚ ਸੰਗਤਾਂ ਨੂੰ ਇਸ ਗਲੋਂ ਸੁਚੇਤ ਕਰਨ ਲਈ ਅਤੇ ਇਹ ਹਕੀਕਤ ਦੱਸਣ ਲਈ ਦੌਰੇ ਕੀਤੇ ਕਿ ਗੁਰੂ ਰਾਮਦਾਸ ਸਾਹਿਬ ਵਲੋਂ ਗੁਰੂ ਅਰਜਨ ਸਾਹਿਬ ਨੂੰ ਪੰਜਵਾਂ ਗੁਰੂ ਥਾਪਿਆ ਗਿਆ ਸੀ॥ ਇਸ ਤਰ੍ਹਾਂ ਸਿੱਖਾਂ 'ਚ ਆਈ ਜਾਗਰਤੀ ਨਾਲ ਸਿੱਖ ਸੰਗਤਾਂ ਗੁਰੂ ਅਰਜਨ ਸਾਹਿਬ ਕੋਲ ਹੀ ਆਉਣ ਲੱਗ ਪਈਆਂ ਅਤੇ ਇਸ ਤਰ੍ਹਾਂ ਲੰਗਰ ਦੀ ਸ਼ਾਨ ਦੁਬਾਰਾ ਕਾਇਮ ਹੋਈ।

ਗੁਰੂ ਅਰਜਨ ਸਾਹਿਬ ਦੇ ਵੇਲੇ ਸਿੱਖੀ ਕਾਫੀ ਫੈਲੀ। ਦੂਰ ਨੇੜਿਓਂ ਯਾਤਰੀ ਵੇਲੇ ਕੁਵੇਲੇ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਉਂਦੇ ਸਨ। ਮੰਡੀ ਦਾ ਰਾਜਾ ਆਪਣੀ ਰਾਣੀ, ਵਜ਼ੀਰਾਂ ਅਤੇ ਅਹਿਲਕਾਰਾਂ ਨਾਲ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਆਇਆ ਸੀ। ਮੰਡੀ ਦੇ ਰਾਜੇ ਵਾਂਗ ਕੁਲੂ, ਸੁਕੇਤ, ਹਰੀਪੁਰ ਅਤੇ ਚੰਬੇ ਦੇ ਰਾਜੇ ਵੀ ਆਪ ਜੀ ਦੇ ਦਰਸ਼ਨਾਂ ਲਈ ਆਏ ਸਨ। ਉਹਨਾਂ ਨੇ ਵੀ ਗੁਰੂ ਕੇ ਲੰਗਰ 'ਚ ਬੈਠ ਕੇ ਹੀ ਪ੍ਰਸ਼ਾਦਾ ਛਕਿਆ ਸੀ। ਜਿਵੇਂ ਪਹਿਲੇ ਸਾਰੇ ਗੁਰੂ ਸਾਹਿਬਾਨ ਨੇ ਲੰਗਰ 'ਚ ਆਪਣੇ ਹੱਥੀਂ ਸੇਵਾ ਕਰਕੇ ਸਿੱਖਾਂ ਸਾਹਮਣੇ ਸੇਵਾ ਦੀਆਂ ਅਦੁੱਤੀ ਮਿਸਾਲਾਂ ਪੇਸ਼ ਕੀਤੀਆਂ, ਉਵੇਂ ਹੀ ਆਪ ਜੀ ਵੀ ਲੰਗਰ ਦੀ ਸੇਵਾ ਲਈ ਹਰ ਵੇਲੇ ਤਤਪਰ ਰਹਿੰਦੇ ਸਨ ਅਤੇ ਉਹਨਾਂ ਦੇ ਮਹਿਲ ਮਾਤਾ ਗੰਗਾ ਜੀ ਵੀ ਆਪ ਜਾ ਕੇ ਲੰਗਰ ਦੀ ਸੇਵਾ ਕਰਦੇ ਸਨ।

4) ਗੁਰੂ ਅਰਜਨ ਸਾਹਿਬ ਦੇ ਮਹਾਨ ਪਰਉਪਕਾਰੀ ਕੰਮ

● ਗੁਰੂ ਗਰੰਥ ਸਾਹਿਬ ਦੀ ਸੰਪਾਦਨਾ – ਸਾਹਿਤਕ ਪ੍ਰਤਭਾ

ਆਪਣਾ ਭਵਿੱਖ ਸੰਵਾਰਨ ਲਈ ਹਰ ਕੌਮ ਕੋਲ ਦੋ ਚੀਜ਼ਾਂ ਦਾ ਹੋਣਾ ਜ਼ਰੂਰੀ ਹੈ। ਆਪਣੀ ਕੌਮ ਦਾ ਫ਼ਲਸਫਾ ਅਤੇ ਕੌਮ ਦਾ ਇਤਿਹਾਸ। ਕਿਸੇ ਕੌਮ ਦੇ ਫਲਸਫੇ 'ਚ ਉਹ ਸਦੀਵੀ ਸੱਚ ਛੁਪਿਆ ਹੁੰਦਾ ਹੈ, ਜੋ ਉਸ ਕੌਮ ਦੇ ਲੋਕਾਂ ਦੇ ਕਿਰਦਾਰ ਦੀ

ਉਸਾਰੀ 'ਚ ਆਪਣਾ ਯੋਗਦਾਨ ਪਾਉਂਦਾ ਹੈ। ਜੀਵਨ ਦੀਆਂ ਤਲਖ ਹਕੀਕਤਾਂ ਨਾਲ ਜੁੜਿਆ ਹੋਇਆ ਅਤੇ ਅਮਲੀ ਰੂਪ 'ਚ ਹੰਢਾਇਆ ਹੋਇਆ ਸੱਚ ਦਾ ਫਲ ਸਫ਼ਾ ਜੋ ਸਾਡੇ ਕੋਲ ਗੁਰੂ ਗਰੰਥ ਸਾਹਿਬ 'ਚ ਮੌਜੂਦ ਹੈ, ਉਸ ਨੂੰ ਦੁਨੀਆ ਦੀ ਕੋਈ ਵੀ ਵਿਗਿਆਨਕ ਵਿਧੀ ਝੁਠਲਾ ਨਹੀਂ ਸਕਦੀ ਕਿਉਂਕਿ ਇਹ ਕੁਦਰਤ ਦੀ ਨਿਯਮਾਵਲੀ 'ਤੇ ਆਧਾਰਤ ਹੈ।

ਹੋਰਨਾਂ ਕੌਮਾਂ ਦੇ ਮੁਕਾਬਲੇ ਸਿੱਖ ਕੌਮ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਕੋਲ ਸਿਧਾਂਤ ਦਾ ਉਹ ਮਹਾਨ ਤੇ ਪਵਿੱਤਰ ਆਦਰਸ਼ ਮੌਜੂਦ ਹੈ, ਜੋ ਦੁਨੀਆ ਦੀ ਕਿਸੇ ਹੋਰ ਕੌਮ ਕੋਲ ਨਹੀਂ। ਰੂਹਾਨੀ ਪਵਿੱਤਰਤਾ ਦੀਆਂ ਜੋ ਗਹਿਰ ਗੰਭੀਰ ਤੇ ਸਪਸ਼ਟ ਰਮਜ਼ਾਂ ਗੁਰੂ ਗਰੰਥ ਸਾਹਿਬ 'ਚੋਂ ਮਿਲਦੀਆਂ ਹਨ, ਉਹ ਹੋਰ ਕਿਤਿਓਂ ਨਹੀਂ ਮਿਲ ਸਕਦੀਆਂ। ਵਾਧਾ ਇਹ ਕਿ ਤਰਕ ਦੇ ਆਧਾਰ 'ਤੇ ਵੀ ਮਨੁੱਖੀ ਵਿਕਾਸ ਦਾ ਸਿੱਖ ਆਦਰਸ਼ਕ ਨਮੂਨਾ ਕੇਵਲ ਆਧੁਨਿਕ ਹੀ ਨਹੀਂ, ਸਗੋਂ ਅਤਿ ਆਧੁਨਿਕ ਕਿਹਾ ਜਾ ਸਕਦਾ ਹੈ।

ਗੁਰੂ ਅਰਜਨ ਦੇਵਜੀ ਨੇ ਸਮੁੱਚੀ ਮਨੁੱਖਤਾ ਲਈ ਬ੍ਰਹਿਮੰਡਵਾਦੀ ਗੁਰੂ ਸੰਦੇਸ਼ ਨੂੰ ਗੁਰੂ ਗਰੰਥ ਸਾਹਿਬ ਦੇ ਰੂਪ 'ਚ ਹਮੇਸ਼ਾ ਲਈ ਰੂਪਮਾਨ ਕਰਕੇ ਬੜਾ ਹੀ ਮਹਾਨ ਪਰਉਪਕਾਰੀ ਕੰਮ ਕੀਤਾ। ਧਰਮ ਗਰੰਥ ਤਾਂ ਪਹਿਲਾਂ ਵੀ ਸਨ। ਵੇਦ ਗਰੰਥ ਮੌਜੂਦ ਸਨ, ਕੁਰਾਨ ਸ਼ਰੀਫ ਮੌਜੂਦ ਸੀ, ਅੰਜੀਲ ਪ੍ਰਾਪਤ ਸੀ, ਪਰ ਉਹਨਾਂ ਨੂੰ ਸਭ ਫਿਰਕਿਆਂ, ਤਬਕਿਆਂ ਅਤੇ ਧਰਮਾਂ ਦੇ ਲੋਕ ਨਹੀਂ ਸਨ ਅਪਣਾ ਸਕਦੇ ਕਿਉਂਕਿ ਉਹ ਵੱਖ ਵੱਖ ਮਤਾਂ ਦੇ ਮਿਥੇ ਹੋਣ ਕਰਕੇ ਸਭ ਲੋਕਾਂ ਲਈ ਨਹੀਂ ਸਨ ਅਤੇ ਉਹਨਾਂ ਦਾ ਸੰਦੇਸ਼ ਆਪੋ ਆਪਣੇ ਫਿਰਕਿਆਂ ਦੇ ਲੋਕਾਂ ਨੂੰ ਸੰਬੋਧਨ ਕਰਦਾ ਸੀ ਨਾ ਕਿ ਸਮੁੱਚੀ ਲੋਕਾਈ ਨੂੰ।

ਗੁਰੂ ਅਰਜਨ ਸਾਹਿਬ ਨੇ ਸ੍ਰੀ ਗੁਰੂ ਗਰੰਥ ਸਾਹਿਬ ਦੇ ਰੂਪ 'ਚ ਪਹਿਲੀ ਵਾਰ ਅਜਿਹਾ ਧਰਮ ਗਰੰਥ ਤਿਆਰ ਕੀਤਾ, ਜਿਸ 'ਚ ਰੱਬੀ ਸੰਦੇਸ਼ ਕੇਵਲ ਹਿੰਦੂ, ਮੁਸਲ ਮਾਨ ਜਾਂ ਕਿਸੇ ਹੋਰ ਇਕੋ ਧਰਮ ਦਾ ਨਹੀਂ ਸਗੋਂ ਸਰਬ-ਸਾਂਝੇ ਧਰਮ ਦਾ ਉਪਦੇਸ਼ ਸੀ। ਇਸ 'ਧੁਰ ਕੀ ਬਾਣੀ' 'ਚ ਉਸ ਲੋਕ-ਪੈਗੰਬਰ ਨੇ ਆਪਣੀ ਤੇ ਆਪਣੇ ਤੋਂ ਪਹਿਲਾਂ ਹੋਏ ਚਾਰ ਸਤਿਗੁਰਾਂ ਦੀ ਬਾਣੀ ਤੋਂ ਛੁਟ ਸਮੁੱਚੇ ਦੇਸ਼ ਦੇ ਕਈ ਹਿੰਦੂ, ਮੁਸਲਮਾਨ ਭਗਤਾਂ, ਫਕੀਰਾਂ ਤੇ ਭੱਟਾਂ ਦੀ ਬਾਣੀ ਨੂੰ ਵੀ ਬਰਾਬਰ ਥਾਂ ਦਿੱਤੀ। ਵਾਧਾ ਇਹ ਕਿ ਇਹ ਧਰਮ ਗਰੰਥ ਲੋਕਾਂ ਦੀ ਆਪਣੀ ਨਿੱਤ ਦੀ ਵਰਤੋਂ ਵਾਲੀ ਬੋਲੀ 'ਚ ਲਿਖਿਆ ਗਿਆ ਸੀ।

ਇਸ ਧਰਮ ਗਰੰਥ 'ਚ ਆਪ ਜੀ ਨੇ ਭਿੰਨ-ਭਿੰਨ ਸਮਿਆਂ 'ਚ ਹੋਏ ਭਗਤਾਂ ਦੀ ਬਾਣੀ ਸ਼ਾਮਲ ਕੀਤੀ। ਜਿਵੇਂ ਪੂਰਬੀ ਹਿੰਦੁਸਤਾਨ 'ਚ ਬਾਰ੍ਹਵੀਂ ਸਦੀ ਦੇ ਭਗਤ

ਜੈਦੇਵਜੀ, ਉੱਤਰੀ ਭਾਰਤ 'ਚ ਤੇਰ੍ਹਵੀਂ ਸਦੀ ਦੇ ਸ਼ੇਖ ਫ਼ਰੀਦ ਜੀ, ਦੱਖਣੀ ਭਾਰਤ 'ਚ ਚੌਦਵੀਂ ਸਦੀ ਦੇ ਭਗਤ ਨਾਮਦੇਵਜੀ ਅਤੇ ਉੱਤਰੀ ਭਾਰਤ 'ਚ ਪੰਦਰ੍ਹਵੀਂ ਸਦੀ ਦੇ ਭਗਤ ਕਬੀਰ ਜੀ ਸਨ। ਭਗਤ ਰਵਿਦਾਸ ਜੀ ਉੱਤਰ ਪ੍ਰਦੇਸ਼ ਦੇ, ਭਗਤ ਬੇਣੀ ਜੀ ਬਿਹਾਰ ਦੇ ਅਤੇ ਭਗਤ ਤਿਰਲੋਚਨ ਜੀ ਗੁਜਰਾਤ ਦੇ ਵਸਨੀਕ ਸਨ। ਸ਼ੇਖ ਫਰੀਦ ਜੀ ਮੁਸਲਮਾਨ ਸਨ, ਭਗਤ ਧੰਨਾ ਜੀ ਤੇ ਭਗਤ ਰਾਮਾਨੰਦ ਜੀ ਵੈਸ਼ਨਵਸਨ। ਭਗਤ ਨਾਮਦੇਵ ਜੀ ਅਖੌਤੀ ਛੀਂਬੇ, ਭਗਤ ਸਧਨਾ ਜੀ ਅਖੌਤੀ ਕਸਾਈ ਅਤੇ ਭਗਤ ਸੈਣ ਜੀ ਅਖੌਤੀ ਨਾਈ ਸਨ। ਗੁਰੂ ਸਾਹਿਬ ਨੇ ਉਹਨਾਂ ਸਭਨਾਂ ਭਗਤਾਂ ਦੀ ਬਾਣੀ ਦਰਜ ਕੀਤੀ ਜੋ ਹੱਥੀ ਕਿਰਤ ਕਰਨ ਵਾਲੇ ਲੋਕ ਸਨ ਅਤੇ ਜੋ ਆਪਣੀ ਪ੍ਰੇਮਾ-ਭਗਤੀ, ਨੇਕਨੀਤੀ ਅਤੇ ਪਰਉਪਕਾਰੀ ਕੰਮਾਂ ਰਾਹੀਂ ਆਤਮਕ ਉੱਚਾਈਆਂ 'ਤੇ ਪਹੁੰਚ ਗਏ ਸਨ।

ਸਭ ਫਿਰਕਿਆਂ ਦੇ ਲੋਕਾਂ ਨੂੰ ਭਾਵਸਮੁੱਚੀ ਲੋਕਾਈ ਨੂੰ ਸਚਾਈ ਦਾ ਸੰਦੇਸ਼ ਦੇ ਕੇ ਰੂਹਾਨੀ ਸ਼ਾਂਤੀ ਦੇਣ ਲਈ ਇਸ ਨਾਲੋਂ ਹੋਰ ਵਧੇਰੇ ਕਿਹੜਾ ਸਰਬ-ਸਾਂਝਾ ਗਰੰਥ ਹੋ ਸਕਦਾ ਹੈ? ਭਾਰਤ ਦੀਆਂ ਭਿੰਨ-ਭਿੰਨ ਜਾਤਾਂ, ਵਰਣਾਂ, ਵਰਗਾਂ, ਫਿਰਕਿਆਂ ਤੇ ਤਬਕਿਆਂ 'ਚ, ਵੱਖ-ਵੱਖ ਪ੍ਰਾਂਤਾਂ 'ਚ ਵਸਦੇ, ਕਈ ਤਰ੍ਹਾਂ ਦੇ ਵਿਚਾਰਾਂ ਤੇ ਭਾਸ਼ਾਵਾਂ 'ਚ ਵੰਡੇ ਹੋਏ ਭਾਰਤੀਆਂ ਨੂੰ ਹੋਰ ਕਿਹੜਾ ਧਰਮ ਗਰੰਥ ਅਜਿਹਾ ਰੂਹਾਨੀ ਸੰਦੇਸ਼ ਦੇ ਸਕਦਾ ਸੀ ਜਾਂ ਦੇ ਸਕਦਾ ਹੈ? ਜਦੋਂ ਸ਼ੂਦਰਾਂ, ਕਾਫ਼ਰਾਂ ਅਤੇ ਮਲੇਛਾਂ ਲਈ ਮੰਦਰ ਤੇ ਮਸੀਤਾਂ ਬੰਦ ਸਨ ਅਤੇ ਜਦੋਂ ਰੱਬ ਦੀ ਹੋਂਦ ਖਾਸ-ਖਾਸ ਦਿਸ਼ਾਵਾਂ ਤਕ ਹੀ ਸੀਮਤ ਮੰਨੀ ਜਾ ਰਹੀ ਸ਼ੀ, ਉਦੋਂ ਇਸ ਇਨਕਲਾਬੀ ਲੋਕ-ਪੈਗੰਬਰ ਨੇ ਮਨੁੱਖੀ ਬਰਾਬਰਤਾ ਨੂੰ ਅਮਲੀ ਰੂਪ ਦੇ ਕੇ ਮਨੁੱਖੀ ਬਰਾਬਰਤਾ ਦਾ ਐਲਾਨ ਸੁਣਾਇਆ:

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ॥
(ਪੰਨਾ 747-48)

'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ' ਦੇ ਗੁਰੂ ਨਾਨਕ ਸੰਦੇਸ਼ ਨੂੰ ਅਮਲੀ ਰੂਪ ਦੇਂਦਿਆਂ ਆਪ ਜੀ ਨੇ ਪ੍ਰਚਲਤ ਜਾਤ-ਪਾਤ, ਛੂਤ-ਛਾਤ ਅਤੇ ਉਚ-ਨੀਚ ਦੇ ਭਿੰਨ-ਭੇਦ ਮਿਟਾ ਕੇ, ਅਨਮਤੀਂਆਂ, ਵਿਰੋਧੀ ਮਤਾਂ ਦੇ ਮਹਾਂਪੁਰਸ਼ਾਂ ਦੀ ਬਾਣੀ ਨੂੰ ਉੱਚ ਸ਼੍ਰੇਣੀ ਦੇ ਭਗਤਾਂ ਨਾਲ ਬਰਾਬਰ ਦਾ ਦਰਜਾ ਦੇ ਕੇ ਸਭ ਨੂੰ ਬਰਾਬਰ ਕਰਕੇ ਵਿਖਾਇਆ।

ਸ੍ਰੀ ਅੰਮ੍ਰਿਤਸਰ 'ਚ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਕਰਕੇ ਇਸ ਦੇ ਚਾਰੇ ਪਾਸੇ ਚਾਰ ਦਰਵਾਜ਼ੇ ਲਾ ਕੇ ਅਤੇ ਹਰ ਮਨੁੱਖ-ਮਾਤਰ ਲਈ ਖੁੱਲ੍ਹੇ ਛੱਡ ਕੇ, ਸਾਬਤ

ਕਰ ਵਿਖਾਇਆ ਕਿ ਰੱਬ ਦਾ ਘਰ ਚਹੁੰ ਵਰਨਾਂ ਲਈ ਖੁਲ੍ਹਾ ਹੈ, ਚਹੁੰਆਂ ਪਾਸਿਆਂ ਤੋਂ ਖੁਲ੍ਹਾ ਹੈ ਅਤੇ ਹਰ ਕਿਸੇ ਲਈ ਹਰ ਸਮੇਂ ਖੁੱਲ੍ਹਾ ਹੈ। ਹੋਰ ਤਾਂ ਹੋਰ ਇਸ ਬੇਮਿਸਾਲ ਤੇ ਸਰਬ-ਸਾਂਝੇ ਧਰਮ ਅਸਥਾਨ ਦੀ ਨੀਂਹ ਦੀ ਪਹਿਲੀ ਇੱਟ ਵੀ ਇਕ ਉੱਘੇ ਮੁਸਲਮਾਨ ਫਕੀਰ ਸਾਈਂ ਮੀਆ ਮੀਰ ਜੀ ਤੋਂ ਰੱਖਵਾਈ ਅਤੇ ਮਨੁੱਖੀ ਬਰਾਬਰਤਾ ਦੇ ਆਪਣੇ ਦੱਸੇ ਸਿਧਾਂਤ ਨੂੰ ਅਮਲੀ ਰੂਪ ਦੇਂਦਿਆਂ ਸਾਬਤ ਕਰ ਵਿਖਾਇਆ ਕਿ ਸਭ ਮਨੁੱਖ ਭਰਾ ਭਰਾ ਹਨ:

1) ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥ (ਪੰਨਾ 611)
2) ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥ (ਪੰਨਾ 299)

ਗੁਰੂ ਅਰਜਨ ਸਾਹਿਬ ਨੇ ਗੁਰਮਤਿ ਦੇ ਬ੍ਰਹਿਮੰਡਵਾਦੀ ਸੰਦੇਸ਼ ਨੂੰ ਸ਼ੁੱਧ ਰੂਪ 'ਚ ਰੱਖਣ ਲਈ ਜਿਸ ਨਿਪੁੰਨਤਾ ਨਾਲ ਗੁਰੂ ਗਰੰਥ ਸਾਹਿਬ ਦੀ ਸੰਪਾਦਨਾ ਕੀਤੀ, ਸੰਸਾਰ ਦੇ ਕਿਸੇ ਵੀ ਸਾਹਿਤ 'ਚ ਉਸ ਜਿਹੀ ਮਿਸਾਲ ਮਿਲਣੀ ਅਸੰਭਵਹੈ। ਆਪ ਜੀ ਦੇ ਇਸ ਪਰਉਪਕਾਰ ਲਈ ਨਾ ਕੇਵਲ ਸਿੱਖ ਕੌਮ ਹੀ ਸਦਾ ਰਿਣੀ ਰਹੇਗੀ, ਸਗੋਂ ਸਮੁੱਚੀ ਮਨੁੱਖਤਾ ਵੀ। ਇਹ ਇਕ ਹਕੀਕਤ ਹੈ ਕਿ ਅੱਜ ਤਕ ਕਿਸੇ ਵੀ ਹੋਰ ਧਰਮ ਦੇ ਆਗੂ ਨੇ ਸਮੁੱਚੀ ਮਨੁੱਖਤਾ ਲਈ ਅਜਿਹਾ ਪਰਉਪਕਾਰ ਨਹੀਂ ਕੀਤਾ।

ਸਿੱਖ ਧਰਮ ਹੀ ਸੰਸਾਰ ਦਾ ਇਕੱਲਾ ਧਰਮ ਹੈ, ਜਿਸ ਕੋਲ ਆਪਣੇ ਧਰਮ ਦਾ ਵਿਧਾਨਕ ਵਿਰਸਾ ਬਿਲਕੁਲ ਸ਼ੁਧ ਤੇ ਅਸਲੀ ਰੂਪ 'ਚ ਮੌਜੂਦ ਹੈ। ਸਿੱਖ ਗੁਰੂ ਸਾਹਿਬਾਨ ਨੇ ਆਪਣੇ ਮੁਖ ਤੋਂ ਉਚਾਰੀ ਬਾਣੀ ਦੀ ਅਜਿਹੀ ਦਿਬ-ਦ੍ਰਿਸ਼ਟੀ ਤੇ ਦੂਰ-ਦ੍ਰਿਸ਼ਟੀ ਨਾਲ ਸੰਪਾਦਨਾ ਕੀਤੀ ਹੈ ਕਿ ਨਾ ਤਾਂ ਉਸ 'ਚੋਂ ਇਕ ਵੀ ਤੁਕ ਕੱਢੀ ਜਾ ਸਕਦੀ ਹੈ ਅਤੇ ਨਾਹੀ ਉਸ 'ਚ ਵਧਾਈ ਜਾ ਸਕਦੀ ਹੈ। ਇਹ ਕਮਾਲ ਦੀ ਇਕ ਅਦੁੱਤੀ ਸਾਹਿਤਕ ਰਚਨਾ ਹੈ।

ਜੇ ਆਪ ਜੀ ਨੇ ਗੁਰਬਾਣੀ 'ਚ ਮਿਲਾਵਟ ਨੂੰ ਰੋਕਣ ਦਾ ਇਹ ਮਹਾਨ ਕੰਮ ਨਾ ਕੀਤਾ ਹੁੰਦਾ, ਤਾਂ ਪਤਾ ਨਹੀਂ ਕਿੰਨੇ ਹਜ਼ਾਰਾਂ ਸ਼ਬਦ ਘੜ ਕੇ, ਮਗਰ 'ਨਾਨਕ' ਸ਼ਬਦ ਲਾ ਕੇ, ਪ੍ਰਚਲਤ ਕਰ ਦਿੱਤੇ ਜਾਂਦੇ। ਇਸ ਤਰ੍ਹਾਂ ਸੰਭਵਸੀ ਕਿ ਗੁਰੂ ਸਾਹਿਬਾਨ ਦੇ ਉਪਦੇਸ਼ਾਂ, ਸਿਧਾਂਤਾਂ ਅਤੇ ਵਿਸ਼ਵਾਸਾਂ ਨਾਲ ਹਜ਼ਾਰਾਂ ਹੀ ਅੰਧਵਿਸ਼ਵਾਸ ਭਰਪੂਰ ਝੂਠੀ ਬਾਣੀ ਜੋੜ ਦਿੱਤੀ ਜਾਂਦੀ। ਇਥੇ ਇਹ ਗੱਲ ਖਾਸ ਤੌਰ ਤੇ ਨੋਟ ਕਰਨ ਵਾਲੀ ਹੈ ਕਿ ਅੱਜ ਪੰਥ ਦੋਖੀਆਂ ਵਲੋਂ ਅਜਿਹੇ ਨਾਪਾਕ ਯਤਨ ਕੀਤੇ ਜਾ ਰਹੇ ਹਨ। ਇਹਨਾਂ ਸਤਰਾਂ ਦੇ ਲਿਖਾਰੀ ਨੇ ਕੁਝ ਕੁ ਲੇਖਾਂ 'ਚ ਅਜਿਹੀਆਂ ਤੁਕਾਂ ਪੜ੍ਹੀਆਂ, ਜਿਨ੍ਹਾਂ ਦੇ ਪਿੱਛੇ ਨਾਨਕ ਸ਼ਬਦ ਜੋੜਿਆ ਹੋਇਆ ਸੀ ਅਤੇ ਗੁਰੂ ਗਰੰਥ ਸਾਹਿਬ 'ਚ ਉਹ ਤੁਕਾਂ ਨਹੀਂ ਹਨ।

ਗੁਰੂ ਅਰਜਨ ਸਾਹਿਬ ਨੇ ਇਕ ਸਫਲ ਤੇ ਮਹਾਨ ਸੰਪਾਦਕ ਵਾਂਗ ਗੁਰੂ ਬਾਣੀ ਅਤੇ ਭਗਤ ਬਾਣੀ ਨੂੰ ਸੰਭਾਲ ਕੇ, ਤਰਤੀਬ-ਬੱਧ ਕਰਕੇ, ਨਵੇਂ ਸਿਰਿਓਂ ਇਕਸਾਰ ਲਿਖਤ-ਰੂਪ ਦੇਕੇ, ਗੁਰੂ ਗਰੰਥ ਦਾ ਰੂਪ ਦਿੱਤਾ। ਆਪ ਜੀ ਦੀ ਪ੍ਰਤਿੱਭਾ ਦਾ ਮਹਾਨ ਰਚਨਾਤਮਕ ਪੱਖ ਇਹ ਵੀ ਹੈ ਕਿ ਆਪ ਜੀ ਨੇ ਨਾ ਆਪਣੀ ਬਾਣੀ 'ਚ ਅਤੇ ਨਾ ਹੀਂ ਪੋਥੀ ਪ੍ਰਮੇਸ਼ਰ ਗਰੰਥ 'ਤੇ ਆਪਣੀ ਹਉਂ ਜਾਂ ਆਪਣੇ ਹਸਤਾਖਰ ਕਰਨ ਦਾ ਦਾਅਵਾ ਕੀਤਾ ਹੈ, ਸਗੋਂ ਬਾਕੀ ਗੁਰੂ ਸਾਹਿਬਾਨ ਵਾਂਗ 'ਗੁਰੂ ਨਾਨਕ' ਮੂਹਰ ਦੀ ਹੀ ਵਰਤੋਂ ਕੀਤੀ, ਜਿਸ ਦਾ ਸਪਸ਼ਟ ਭਾਵਇਹ ਹੈ ਕਿ ਗੁਰੂ ਅਰਜਨ ਸਾਹਿਬ ਪਹਿਲੇ ਗੁਰੂ ਸਾਹਿਬਾਨ ਵਾਂਗ ਆਪਣੇ ਆਪ ਨੂੰ ਗੁਰੂ ਨਾਨਕ ਜੋਤਿ ਹੀ ਆਖਦੇ ਹਨ। ਆਪ ਜੀ ਦੀ ਸਾਰੀ ਬਾਣੀ 'ਨਾਨਕ-ਕਵੀ-ਮੁਹਰ' ਨਾਲ ਸ਼ਿੰਗਾਰੀ ਗੁਰੂ ਗਰੰਥ ਸਾਹਿਬ 'ਚ ਅੰਕਤ ਹੈ। ਇਸ ਤੋਂ ਬਿਲਕੁਲ ਸਪਸ਼ਟ ਹੈ ਕਿ ਗੁਰੂ ਕਾਇਆਂ ਭਾਵੇਂ ਗੁਰੂ ਅਰਜਨ ਸਾਹਿਬ ਦੀ ਸੀ ਜਾਂ ਕਿਸੇ ਹੋਰ ਗੁਰੂ ਸਾਹਿਬ ਦੀ, ਪਰ ਦੋ ਸੌ ਸਾਲ ਦੇ ਗੁਰੂ ਪ੍ਰਤਿੱਭਾ ਦੇ ਇਤਿਹਾਸ 'ਚ ਇਕੋ ਅਨੁਭਵੀ ਗੁਰੂ ਨਾਨਕ ਜੋਤਿ ਹੀ ਪ੍ਰਚੰਡ ਤੇ ਵਿਆਪਕ ਰਹੀ।

ਗਿਣਨਾਤਮਕ ਅਤੇ ਗੁਣਨਾਤਮਕ ਦੋਹਾਂ ਪੱਖਾਂ ਤੋਂ ਗੁਰੂ ਅਰਜਨ ਸਾਹਿਬ ਦੀ ਬਾਣੀ ਉਚ ਕੋਟੀ ਦੀ ਹੈ। ਗੁਰੂ ਕਾਵਿਦਾ ਸਿਖਰ ਆਪ ਜੀ ਦੇ ਕਾਵਿਨਾਲ ਦ੍ਰਿਸ਼ਟੀ-ਗੋਚਰ ਹੁੰਦਾ ਹੈ। ਆਪ ਜੀ ਨੇ ਜੀਵਨ ਭਰ ਬਾਣੀ ਦੇ ਅਥਾਹ ਭੰਡਾਰ ਨੂੰ ਸੰਭਾਲਣ, ਸੰਵਾਰਣ ਤੇ ਅੰਕਤ ਕਰਣ 'ਤੇ ਲਾਇਆ। ਗੁਰੂ ਕਾਵਿ ਤੇ ਭਗਤ ਕਾਵਿਨੂੰ ਇਕੋ ਹੀ ਬੀੜ 'ਚ ਅੰਕਿਤ ਕਰ ਦੇਣ ਦਾ ਅਥਾਹ ਤੇ ਅਣਥੱਕ ਕਾਰਜ ਆਪ ਜੀ ਨੇ ਸੰਪੂਰਨ ਕੀਤਾ, ਜੋ ਕਿ ਵਿਸ਼ਵਅਧਿਆਤਮਕ ਸਾਹਿਤ ਦੀ ਇਕ ਸ੍ਰੇਸ਼ਟ, ਉੱਤਮ ਅਤੇ ਅਗੰਮ ਉਪਜ ਹੈ।

ਗੁਰੂ ਗਰੰਥ ਸਾਹਿਬ ਦੀ ਸੰਪਾਦਨਾ ਤੋਂ ਗੁਰੂ ਅਰਜਨ ਸਾਹਿਬ ਦੀ ਵਿਚਾਰਧਾਰਕ ਡੂੰਘਿਆਈ, ਵੱਖ-ਵੱਖ ਰਾਗਾਂ ਦੀ ਜਾਣਕਾਰੀ, ਭਾਰਤੀ ਤੇ ਹੋਰ ਬੋਲੀਆਂ ਦਾ ਵਿਸ਼ਾਲ ਅਨੁਭਵ, ਭਾਸ਼ਾਈ ਸੂਝ-ਬੂਝ, ਛੰਦਾਬੰਦੀ ਦੀ ਪ੍ਰਬੀਨਤਾ, ਅਲੰਕਾਰਾਂ ਦਾ ਗਿਆਨ, ਰਾਗ ਦੇ ਘਰਾਂ-ਤਾਲਾਂ ਅਤੇ ਲੋਕਗੀਤਕ ਧਾਰਨਾਵਾਂ ਆਦਿ ਤੋਂ ਸਾਹਿਤਕ ਸੂਝ ਦੀ ਨਿਪੁੰਨਤਾ ਅਤੇ ਵਿਗਿਆਨਕ ਰੁਚੀ ਦਾ ਪਤਾ ਲੱਗਦਾ ਹੈ। ਗੁਰੂ ਗਰੰਥ ਸਾਹਿਬ 'ਚ 36 ਬਾਣੀਕਾਰਾਂ ਦੀ ਬਾਣੀ ਅੰਕਤ ਹੈ, ਪਰ ਅਕਾਰ, ਰਾਗ, ਰੂਪ, ਤੇ ਸ਼ੈਲੀ ਦੇ ਪੱਖ ਤੋਂ ਸਭ ਤੋਂ ਵੱਧ ਤੇ ਵੰਨ-ਸੁਵੰਨੀ ਬਾਣੀ ਗੁਰੂ ਅਰਜਨ ਸਾਹਿਬ ਦੀ ਹੀ ਹੈ।

ਗੁਰੂ ਗਰੰਥ ਸਾਹਿਬ ਦੇ 1430 ਅੰਕ ਹਨ, ਪਰ 650 ਪੰਨਿਆਂ 'ਤੇ ਕੇਵਲ ਗੁਰੂ ਅਰਜਨ ਸਾਹਿਬ ਦੀ ਰਚਿਤ ਬਾਣੀ ਹੀ ਪ੍ਰਕਾਸ਼ਮਾਨ ਹੈ। ਰਾਗਾਂ 'ਚ ਬਾਣੀ

ਰਚਨ ਦੀ ਪਰੰਪਰਾ ਭਾਵੇਂ ਬਾਬਾ ਫਰੀਦ ਜੀ ਦੀ ਬਾਣੀ ਤੋਂ ਹੀ ਸਵੀਕਾਰ ਕੀਤੀ ਜਾ ਸਕਦੀ ਹੈ,ਪਰ ਗੁਰੂ ਗਰੰਥ ਸਾਹਿਬ ਦੇ 31 ਰਾਗਾਂ 'ਚੋਂ 30 ਰਾਗਾਂ 'ਚ ਰਚਿਤ ਬਾਣੀ ਕੇਵਲ ਗੁਰੂ ਅਰਜਨ ਸਾਹਿਬ ਜੀ ਦੀ ਹੀ ਹੈ। ਆਪ ਜੀ ਨੇ ਭਾਵੇਂ ਰਾਗ-ਬੱਧ ਬਾਣੀ ਰਚੀ ਹੈ ਜਾਂ ਰਾਗ ਮੁਕਤ ਬਾਣੀ ਦੀ ਸਿਰਜਨਾ ਕੀਤੀ ਹੈ,ਸਾਰੀ ਬਾਣੀ 'ਚ ਸਦ-ਗੁਣ ਅਤੇ ਸੱਚ-ਆਚਾਰ ਨੂੰ ਤਰਜੀਹ ਦਿੱਤੀ ਹੈ।

ਆਪ ਜੀ ਦਾ ਵੱਖ-ਵੱਖ ਕਾਵਿ-ਰੂਪਾਂ ਪ੍ਰਤੀ ਅਨੁਭਵਵੀ ਬੜਾ ਵਿਸ਼ਾਲ ਹੈ ਅਤੇ ਆਪ ਜੀ ਨੇ ਪਦੇ,ਅਸ਼ਟ-ਪਦੀ,ਛੰਤ,ਸਲੋਕ,ਵਾਰ,ਬਾਰਹਮਾਹ,ਥਿਤੀ ਤੇ ਰੁੱਤੀ ਕਾਵਿ ਰੂਪਾਂ ਦੀ ਵਰਤੋਂ ਬੜੀ ਵਿਆਪਕ ਪੱਧਰ 'ਤੇ ਕੀਤੀ ਹੈ। ਆਪ ਜੀ ਦੀਆਂ ਦੋ ਰਚਨਾਵਾਂ 'ਬਾਰਹਮਾਹ ਮਾਝ ਤੇ ਸੁਖਮਨੀ ਸਾਹਿਬ' ਸ਼ਾਹਕਾਰ ਰਚਨਾਵਾਂ ਵੀ ਹਨ ਅਤੇ ਜਗਤ ਪ੍ਰਸਿੱਧ ਵੀ ਹਨ। ਆਪ ਜੀ ਦੀ ਰਚਨਾ ਸੁਖਮਨੀ ਸਾਹਿਬ **(psalm of peace)** ਇਕੱਲੀ ਹੀ ਆਪਣੇ ਆਪ ਵਿੱਚ ਪ੍ਰਭੂ-ਇਕ ਸੁਰਤਾ ਤੇ ਅਨੁਭਵੀ ਗਿਆਨ ਦਾ ਲਿਸ਼ਕਾਰਾ ਦੇਣ ਲਈ ਕਾਫੀ ਹੈ। ਸੁਖਮਨੀ ਸਾਹਿਬ ਦੀਆਂ ਚੌਵੀ ਅਸ਼ਟਪਦੀਆਂ 'ਚ ਜਿਸ ਸਪਸ਼ਟਤਾ,ਜਿਸ ਰਵਾਨੀ,ਜਿਸ ਵਿਸਥਾਰ ਅਤੇ ਜਿਸ ਡੂੰਘਾਈ ਨਾਲ ਜੀਵਨ ਦੀਆਂ ਵਿਸ਼ੇਸ਼ ਕਰਕੇ 24 ਗੁੰਝਲਾਂ ਨੂੰ ਖੋਲ੍ਹਿਆ ਗਿਆ ਹੈ,ਉਹ ਆਪਣੀ ਮਿਸਾਲ ਆਪ ਹਨ।

'ਸੁਖਮਨੀ ਸਾਹਿਬ' ਗੁਰੂ ਅਰਜਨ ਸਾਹਿਬ ਦੀ ਸ਼੍ਰੋਮਣੀ ਤੇ ਮਹੱਤਵਪੂਰਨ ਰਚਨਾ ਹੈ ਜੋ ਸ੍ਰੀ ਗੁਰੂ ਗਰੰਥ ਸਾਹਿਬ ਦੇ ਪੰਨਾ 262 ਤੋਂ 296 ਤਕ ਦਰਜ ਹੈ ਅਤੇ ਜੋ ਸਮੁੱਚੇ ਗੁਰਮਤਿ ਜੀਵਨ ਫਲਸਫੇ ਦੀ ਵਿਆਖਿਆ ਕਰਦੀ ਹੈ। ਇਹ ਅਦੁੱਤੀ ਰਚਨਾ ਮਨੁੱਖੀ ਜੀਵਨ ਦੀ ਅਸਲੀਅਤ ਦਾ ਸਾਰ ਹੈ। ਇਸ 'ਚ ਗੁਰੂ ਅਰਜਨ ਸਾਹਿਬ ਨੇ ਜੀਵਨ ਦੀ ਸਮੱਸਿਆ ਦਾ ਸਰਬ ਪੱਖੀ ਵਿਸ਼ਲੇਸ਼ਣ ਕਰਕੇ ਗੁਰਮਤਿ ਫਲਸਫੇ ਰਾਹੀ ਇਸ ਦਾ ਹੱਲ ਵਿਸਥਾਰ ਰੂਪ 'ਚ ਦਿੱਤਾ ਹੈ। ਇਸ ਦਾ ਵਿਸ਼ਾ ਬੜਾ ਗੰਭੀਰ,ਬੌਧਿਕ ਤੇ ਉਸਾਰੂ ਹੈ। ਇਸ 'ਚ ਗੁਰਮਤਿ ਸਿਧਾਂਤ ਮੁਤਾਬਕ ਬੜੇ ਵਿਸਥਾਰ ਸਹਿਤ ਦਰਸਾਇਆ ਗਿਆ ਹੈ ਕਿ ਮਨੁੱਖੀ ਜੀਵਨ ਦੁਰਲੱਭ ਹੈ ਤੇ ਇਕ ਅਮੋਲ ਅਵਸਰ ਹੈ ਜੋ ਚੰਗੇ ਕਰਮਾਂ ਤੇ ਭਾਗਾਂ ਦੁਆਰਾ ਪ੍ਰਾਪਤ ਹੁੰਦਾ ਹੈ ਜਿਸ ਨੂੰ ਸਫਲ ਬਣਾਉਣ ਦੀ ਲੋੜ ਹੈ।

ਇਸ ਦੀ ਭਾਸ਼ਾ ਬੜੀ ਸੁਖੈਨ,ਸਰਲ ਤੇ ਹਿਰਦੇਵੇਧਕ ਹੈ। ਇਸ ਦੀ ਸ਼ੈਲੀ ਬੜੀ ਸਪਸ਼ਟ ਤੇ ਵਿਆਖਿਆਤਮਕ ਹੈ ਜਿਸ ਦਾ ਉਦੇਸ਼ ਮਨੁੱਖੀ ਮਨ ਨੂੰ ਆਤਮਕ ਸੁਖ ਤੇ ਸ਼ਾਂਤੀ ਦੇਣਾ ਹੈ। ਇਸ 'ਚ ਸਦਾਚਾਰਕ ਇਖਲਾਕੀ ਨੀਤੀ ਨੂੰ ਸਫਲ ਜੀਵਨ ਦੀ ਨੀਂਹ ਮੰਨਿਆ ਗਿਆ ਹੈ। ਵਿਹਾਰਕ ਤੇ ਆਤਮਕ ਜੀਵਨ ਦੀ ਸਫਲਤਾ ਸਦਾਚਾਰਕ ਗੁਣਾਂ 'ਤੇ ਨਿਰਭਰ ਕਰਦੀ ਦੱਸੀ ਗਈ ਹੈ ਦਇਆ, ਧਰਮ, ਸਤਿ,

ਸੰਤੋਖ, ਨਿਮਰਤਾ, ਮਿਠਾ ਬੋਲਣਾ, ਪਰਉਪਕਾਰ ਅਤੇ ਸੇਵਾ ਆਦਿਕ ਆਦਰਸ਼ਕ ਗੁਣ ਹੀ ਸਫਲ ਅਨੰਦਮਈ ਜੀਵਨ ਦਾ ਆਧਾਰ ਦੱਸੇ ਗਏ ਹਨ।

ਇਸ ਦੀ ਸਾਰੀ ਬਾਣੀ ਦਾ ਉਦੇਸ਼ ਨਾਮ-ਮਾਰਗ ਦੇ ਸਿਧਾਂਤਾਂ ਦੇ ਅੰਤਰਗਤ ਮਨੁੱਖੀ ਜੀਵਨ ਨੂੰ ਮਾਨਸਕ ਤੇ ਆਤਮਕ ਪੱਖੋਂ ਸੁਖਦਾਈ ਤੇ ਸਫਲ ਬਣਾਉਣਾ ਹੈ। ਇਸ ਤਰ੍ਹਾਂ ਇਹ,ਮਨੁੱਖ ਨੂੰ ਰੂਹਾਨੀ ਤੇ ਪਦਾਰਥਵਾਦੀ ਪਰੰਪਰਾ ਦੇ ਸਫਲ ਮਾਰਗ 'ਤੇ ਤੋਰਦੀ ਹੈ। ਦੁਨੀਆ ਦੇ ਪਦਾਰਥ ਭੋਗਣੇ ਹਨ,ਪਰ ਇਹਨਾਂ ਨਾਲ ਮੋਹ ਪਾ ਕੇ,ਇਹਨਾਂ ਦੀ ਪ੍ਰਾਪਤੀ ਲਈ ਇਖ਼ਲਾਕੀ ਕਦਰਾਂ ਦੇ ਜੀਵਨ ਆਦਰਸ਼ ਨੂੰ ਨਹੀਂ ਭੁਲਣਾ ਹੈ। ਵਿਹਾਰਕ ਜੀਵਨ ਦੇ ਕੰਮਾਂ ਦੀ ਸਫਲਤਾ ਦਾ ਭੇਦ ਪ੍ਰਭੂ ਸਿਮਰਨ 'ਚ ਹੈ। ਅਕਾਲ ਪੁਰਖ ਦਾ ਸਿਮਰਨ ਕਰਕੇ ਸਰੇਸ਼ਟ ਕਰਮ ਕਰਨੇ ਹਨ:

ਸਰਬ ਧਰਮ ਮਹਿ ਸ੍ਰੇਸਟ ਧਰਮੁ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥ (ਪੰਨਾ 895)

ਇਹ,24 ਅਸ਼ਟਪਦੀਆਂ ਤੇ 24 ਸਲੋਕਾਂ ਦੀ ਆਪ ਜੀ ਦੀਆਂ ਬਾਣੀਆਂ 'ਚੋਂ ਸਭ ਤੋਂ ਲੰਮੇਰੀ ਰਚਨਾ ਹੈ। ਹਰ ਅਸਟਪਦੀ ਤੋਂ ਪਹਿਲਾਂ ਇਕ ਸਲੋਕ ਆਉਂਦਾ ਹੈ,ਜੋ ਦੋਹਰੇ ਦਾ ਰੂਪ ਹੈ ਅਤੇ ਦੋ-ਤੁਕਾ ਹੈ। ਹਰ ਅਸਟਪਦੀ ਦੀਆਂ ਅੱਠ ਪਉੜੀਆਂ ਹਨ ਅਤੇ ਇਕ ਤੋਂ ਛੁਟ ਹਰ ਪਉੜੀ ਦੀਆਂ 10 ਤੁਕਾਂ ਹਨ। ਹਰ ਦੋ ਪੰਕਤੀਆਂ ਬਾਅਦ ਤੁਕਾਂਤ ਬਦਲ ਜਾਂਦਾ ਹੈ। ਪਉੜੀ ਦਾ ਛੰਦ ਚੌਪਈ ਹੈ। ਪਹਿਲੀ ਅਸਟਪਦੀ ਦੀ ਪਹਿਲੀ ਪਉੜੀ ਤੋਂ ਪਿੱਛੋਂ 'ਰਹਾਉ' ਆਈ ਹੈ ਜਿਸ 'ਚ ਸੁਖਮਨੀ ਸਾਹਿਬ ਦਾ ਕੇਂਦਰੀ ਭਾਵ ਹੈ।

ਅਸਟਪਦੀ ਦੇ ਆਦਿ 'ਚ ਆਏ ਸਲੋਕਾਂ 'ਚ ਸਮੁੱਚੀ ਅਸਟਪਦੀ ਦਾ ਭਾਵਪ੍ਰਗਟ ਕੀਤਾ ਗਿਆ ਹੈ। ਹਰ ਸਲੋਕ ਤੇ ਅਸਟਪਦੀ ਦਾ ਵਿਸ਼ਾ ਆਪੋ ਆਪਣਾ ਹੈ ਅਤੇ ਹਰ ਅਸਟਪਦੀ 'ਚ ਭਿੰਨ-ਭਿੰਨ ਦਾਰਸ਼ਨਿਕ ਸਿਧਾਂਤਾਂ ਦਾ ਵਿਸ਼ਲੇਸ਼ਣ ਪੂਰੀ ਗਹਿਰਾਈ ਨਾਲ ਕੀਤਾ ਗਿਆ ਹੈ। ਇਹ ਮਹਾਨ ਰਚਨਾ ਸਾਹਿਤ ਕਲਾ ਦਾ ਅਦੁੱਤੀ ਚਮਤਕਾਰ ਹੈ ਜਿਸ ਨੂੰ ਸਮਝਣ,ਵਿਚਾਰਨ ਅਤੇ ਪ੍ਰਚਾਰਨ ਦੀ ਲੋੜ ਹੈ।

ਗੁਰੂ ਸਾਹਿਬ ਦੇ ਸਮੇਂ ਓਦੋਂ ਲੋਕ-ਰਾਗ ਨੂੰ ਗੰਦੇ-ਮੰਦੇ ਗੀਤਾਂ 'ਚ ਵਰਤ-ਵਰਤ ਕੇ ਸ਼ਰੀਫ ਲੋਕਾਂ ਦੇ ਦਿਲਾਂ 'ਚ ਰਾਗ ਪ੍ਰਤੀ ਨਫਰਤ ਪੈਦਾ ਹੋ ਚੁੱਕੀ ਸੀ। ਤਾਹੀਏਂ ਮੁਸਲਮਾਨਾਂ ਨੇ ਤਾਂ ਇਸ ਨੂੰ ਮਕਰੂਹ ਹੀ ਕਹਿ ਦਿੱਤਾ ਸੀ। ਇਸ ਤਰ੍ਹਾਂ ਜਗਤ ਦੇ ਲੋਕਾਂ ਨੂੰ ਰਾਗ ਦੇ ਕੋਮਲ ਹੁਲਾਰਿਆਂ ਤੋਂ ਵਾਂਝਿਆ ਰੱਖਿਆ ਜਾ ਰਿਹਾ ਸੀ। ਗੁਰੂ ਨਾਨਕ ਸਾਹਿਬ ਨੇ ਕੀਰਤਨ ਨੂੰ ਪ੍ਰਧਾਨਤਾ ਦੇ ਕੇ ਲੋਕਾਂ ਨੂੰ ਇਸ ਦੀ ਮਹਾਨਤਾ ਤੋਂ ਜਾਣੂ ਕਰਾਇਆ। ਗੁਰਬਾਣੀ ਨੂੰ ਰਾਗ ਵਿੱਚ ਗੁਰੂ ਆਸ਼ੇ ਅਨੁਸਾਰ ਗਾਉਣ ਦਾ ਨਾਮ ਕੀਰਤਨ ਹੈ। ਗੁਰੂ ਅਰਜਨ ਸਾਹਿਬ ਨੇ ਸਭ ਗੁਰ-ਵਿਅਕਤੀਆਂ ਦੀ ਬਾਣੀ

ਰਾਗਾਂ ਅਨੁਸਾਰ ਨਵੇਂ ਸਿਰਿਓਂ ਤਰਤੀਬ-ਵਾਰ ਕੀਤੀ। ਇਵੇਂ ਹੀ ਸਭ ਭਗਤਾਂ ਦੀ ਬਾਣੀ ਨੂੰ ਵੀ ਤਰਤੀਬ ਦਿੱਤੀ।

ਕਵਿਤਾ ਦੇ ਦ੍ਰਿਸ਼ਟੀਕੋਣ ਤੋਂ ਬਾਣੀ ਸ਼ਬਦ, ਅਸ਼ਟਪਦੀਆਂ, ਛੰਤ, ਵਾਰ, ਸ਼ਲੋਕ ਆਦਿਕ ਕਈ ਕਿਸਮ ਦੇ ਕਾਵਿ-ਛੰਦਾਂ 'ਚ ਲਿਖੀ ਹੋਈ ਸੀ। ਗੁਰੂ ਸਾਹਿਬ ਵਲੋਂ ਹਰੇਕ ਰਾਗ ਵਿੱਚ ਹਰੇਕ ਗੁਰ-ਵਿਅਕਤੀ ਦੇ ਪਹਿਲਾਂ ਸ਼ਬਦ ਇਕੱਠੇ ਕੀਤੇ ਗਏ ਅਤੇ ਫੇਰ ਅਸ਼ਟਪਦੀਆਂ ਤੇ ਛੰਤ ਆਦਿਕ। ਜਦ ਸਾਰੀ ਬਾਣੀ ਨੂੰ ਤਰਤੀਬ-ਵਾਰ ਕਰ ਲਿਆ ਗਿਆ, ਤਾਂ ਗੁਰੂ ਸਾਹਿਬ ਨੇ ਭਾਈ ਗੁਰਦਾਸ ਜੀ ਨੂੰ ਲਿਖਣ ਦੀ ਆਗਿਆ ਕੀਤੀ। ਭਾਈ ਗੁਰਦਾਸ ਜੀ ਚੋਟੀ ਦੇ ਉੱਘੇ ਸਿੱਖ ਵਿਦਵਾਨ ਸਨ। ਆਪ ਜੀ ਪ੍ਰਸਿੱਧ ਕਵੀ ਵੀ ਸਨ। ਆਪ ਜੀ ਦੀਆਂ ਪੰਜਾਬੀ 'ਚ 'ਵਾਰਾਂ' ਅਤੇ ਬ੍ਰਿਜ-ਭਾਸ਼ਾ 'ਚ 'ਕਬਿਤ' ਸਿੱਖ ਜਗਤ 'ਚ ਬਹੁਤ ਪ੍ਰਸਿੱਧ ਹਨ।

ਗੁਰੂ ਸਾਹਿਬਾਨ ਨੇ ਮਾਤ ਭਾਸ਼ਾ ਨੂੰ ਸ਼੍ਰੋਮਣੀ ਭਾਸ਼ਾ ਮੰਨਿਆ ਪਰੰਤੂ ਭਾਰਤ ਦੀਆਂ ਸਾਰੀਆਂ ਬੋਲੀਆਂ ਦੀ ਵਰਤੋਂ ਕੀਤੀ। ਕਿਉਂਕਿ ਇਹ ਉਪਦੇਸ਼ ਸੰਸਾਰ ਦੇ ਸਭ ਲੋਕਾਂ ਲਈ ਸੀ ਅਤੇ ਸਿੱਖੀ ਸਾਰੇ ਦੇਸ਼ 'ਚ ਫੈਲੀ ਹੋਈ ਸੀ, ਇਸ ਲਈ ਸਭ ਬੋਲੀਆਂ ਦੀ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ।

ਉਸ ਵੇਲੇ ਪੰਜਾਬੀ ਭਾਸ਼ਾ ਬੜੇ ਨਿਖਰਵੇਂ ਰੰਗ 'ਚ ਸਾਹਵੇਂ ਆ ਚੁੱਕੀ ਸੀ। ਅਧਿਆਤਮਕ ਡੂੰਘਾਣਾਂ ਸਮਝਾਉਣ ਲਈ ਹਰ ਤਰ੍ਹਾਂ ਦੀ ਸੰਜਮ ਮਈ ਸ਼ਬਦਾਵਲੀ ਮੌਜੂਦ ਸੀ। ਭਾਵੇਂ ਗੁਰੂ ਕਾਵਿਦਾ ਵਿਸ਼ਾ ਅਧਿਆਤਮਕ ਹੈ ਪਰੰਤੂ ਫਿਰ ਵੀ ਇਸ 'ਚ ਵਰਤੇ ਦ੍ਰਿਸ਼ਟਾਂਤ ਘਰੇਲੂ ਤੇ ਸਮਾਜਕ ਵੀ ਹਨ। 'ਸਚਾ ਸਬਦੁ ਸਚ ਮਨਿ ਘਰ ਹੀ ਮਾਹਿ ਉਦਾਸਾ॥' ਵਿਚਲੇ ਸਾਰੇ ਸ਼ਬਦ ਲੋਕ ਮੁਹਾਵਰੇ ਅਨੁਸਾਰ ਜਨਤਕ ਪੱਧਰ ਦੇ ਹਨ। ਇਸ 'ਚ ਕਿਸੇ ਕਿਸਮ ਦੀ ਚਟਕ ਮਟਕ ਨਹੀਂ। 'ਘਰ ਹੀ ਮਾਹਿ ਉਦਾਸਾ' ਸਿੱਖ ਧਰਮ ਦੀ ਸ਼੍ਰੋਮਣੀ ਨੀਂਹ ਹੈ। ਇਸ ਸਿਧਾਂਤ 'ਤੇ ਹੀ ਸਿੱਖੀ ਮਹਲ ਉਸਰਿਆ ਹੋਇਆ ਹੈ। ਇਕ ਤੁਕ 'ਚ ਸਿੱਖੀ ਦੇ ਬੁਨਿਆਦੀ ਸਿਧਾਂਤ ਨੂੰ ਲੋਕ ਪੱਧਰ ਦੀ ਬੋਲੀ 'ਚ ਪੇਸ਼ ਕਰ ਸਕਣਾ ਕੇਵਲ ਤੇ ਕੇਵਲ ਗੁਰੂ ਸਾਹਿਬ ਦੀ ਹੀ ਜਾਦੂਗਰੀ ਹੈ। ਸੰਸਕ੍ਰਿਤ ਅਤੇ ਅਰਬੀ ਫਾਰਸੀ ਸ਼ਬਦਾਵਲੀ ਵੀ ਪੰਜਾਬੀ ਜਾਮਾ ਪਹਿਨਕੇ ਭਗਤਾਂ ਦੇ ਮੁਖਾਰਬਿੰਦ ਤੋਂ ਉਜਾਗਰ ਹੁੰਦੀ ਹੈ।

ਅਧਿਆਤਮਕ ਰਹਸਵਾਦੀ ਭਾਵਾਂ ਨੂੰ ਸੌਖੇ ਸ਼ਬਦਾਂ ਤੇ ਸਪਸ਼ਟ ਸ਼ੈਲੀ 'ਚ ਬਿਆਨ ਕਰਨ 'ਚ ਕਮਾਲ ਦੀ ਨਿਪੁੰਤਾ ਵਿਖਾਈ ਹੈ। ਭਾਵੇਂ ਆਪ ਜੀ ਨੇ ਦੇਸ਼ ਰਟਨ ਇਤਨਾ ਨਹੀਂ ਸੀ ਕੀਤਾ, ਜਿਤਨਾ ਕਿ ਗੁਰੂ ਨਾਨਕ ਸਾਹਿਬ ਨੇ ਕੀਤਾ, ਪਰੰਤੂ ਇਹਨਾਂ ਦੀ ਰਚਨਾ 'ਚ ਬੋਲੀ ਦੇ ਕਈ ਰੂਪ ਮਿਲਦੇ ਹਨ। ਸੰਸਕ੍ਰਿਤ, ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਦੇ ਨਾਲ-ਨਾਲ ਆਪ ਜੀ ਵੱਖ-ਵੱਖ ਇਲਾਕਈ ਉਚਾਰਣਾਂ ਤੋਂ ਵੀ ਪੂਰੀ

ਤਰ੍ਹਾਂ ਜਾਣੂ ਸਨ। ਸਹਸਕ੍ਰਿਤੀ, ਗਾਥਾ, ਸਿੰਧਸਾਗਰੀ, ਮਾਝੀ, ਲਹਿੰਦੀ 'ਚ ਆਪ ਜੀ ਨੇ ਕਮਾਲ ਕਰ ਵਿਖਾਈ ਹੈ। ਇਤਨੀ ਜਾਣਕਾਰੀ ਦੇ ਬਾਵਜੂਦ ਆਪ ਜੀ ਨੇ ਜਨਤਕ ਪੱਧਰ ਦੀ ਬੋਲੀ ਨੂੰ ਅਪਣਾਇਆ। ਗੁਰੂ ਨਾਨਕ ਸਾਹਿਬ ਵਾਂਗ ਆਪ ਜੀ ਦੀ ਭਾਸ਼ਾ 'ਚ ਵੀਂ ਪੰਡਤਾਂ, ਜੋਗੀਆਂ, ਬੈਰਾਗੀਆਂ, ਸੰਨਿਆਸੀਆਂ, ਵੈਸ਼ਨਾਵਾਂ, ਸ਼ੈਵਾਂਸ਼ਾਕਤਾਂ, ਸਰੇਵੜਿਆਂ, ਸਾਧਾਂ, ਕਾਪੜੀਆਂ, ਮੁਸਲਮਾਨ ਵਲੀਆਂ, ਪੀਰਾਂ ਤੇ ਸੂਫੀ ਫਕੀਰਾਂ ਦੇ ਸ਼ਬਦ ਵੀ ਦ੍ਰਿਸ਼ਟੀ-ਗੋਚਰ ਹੁੰਦੇ ਹਨ।

ਸਾਰੀ ਬਾਣੀ ਨੂੰ ਮੌਜੂਦਾ ਨਵੇਂ ਰੂਪ 'ਚ ਲਿਖਣ ਵਾਸਤੇ ਸ਼ਹਿਰੋਂ ਬਾਹਰ ਸੰਪਾਦਨਾ ਲਈ ਇਕਾਂਤ ਥਾਂ ਚੁਣਿਆ ਗਿਆ, ਉਥੇ ਇਕ ਛੋਟਾ ਜਿਹਾ ਸਰੋਵਰ ਬਣਵਾਇਆ ਗਿਆ, ਜਿੱਥੇ ਹੁਣ ਗੁਰਦੁਆਰਾ ਸਾਹਿਬ ਤੇ ਸਰੋਵਰ ਰਾਮਸਰ ਹੈ। ਗੁਰੂ ਸਾਹਿਬ ਨੇ ਇਕ ਹੋਰ ਤਬਦੀਲੀ ਵੀ ਕੀਤੀ। ਪਹਿਲਾਂ ਹਰੇਕ ਗੁਰ-ਵਿਅਕਤੀ ਦੇ ਸਾਰੇ 'ਸ਼ਲੋਕਾਂ' ਦਾ ਸੰਗ੍ਰਹਿ ਇਕੋ ਥਾਂ ਸੀ। 'ਵਾਰਾਂ' ਸਿਰਫ ਪਉੜੀਆਂ ਸਨ ਅਤੇ ਸ਼ਲੋਕ ਨਾਲ ਦਰਜ ਨਹੀਂ ਸਨ। ਗੁਰੂ ਸਾਹਿਬ ਨੇ ਇਹ ਸਲੋਕ 'ਵਾਰਾਂ' ਦੀ ਹਰੇਕ ਪਉੜੀ ਨਾਲ ਘਟ ਤੋਂ ਘਟ ਦੋ ਦੋ ਸਲੋਕ ਦਰਜ ਕਰ ਦਿੱਤੇ। ਜਿਹੜੇ ਸਲੋਕ ਫਿਰ ਵੀ ਵਧ ਰਹੇ, ਉਹ ਹਰੇਕ ਗੁਰ-ਵਿਅਕਤੀ ਦਾ ਵੱਖ-ਵੱਖ ਸੰਗ੍ਰਹਿ ਇਸ 'ਆਦਿ ਬੀੜ' ਦੇ ਅਖੀਰ ਤੇ 'ਸ਼ਲੋਕ ਵਾਰਾਂ ਤੋਂ ਵਧੀਕ' ਦੇ ਸਿਰਲੇਖ ਹੇਠ ਦਰਜ ਕਰ ਦਿੱਤਾ।

● ਪਹਿਲਾ ਪਰਕਾਸ਼

ਭਾਈ ਗੁਰਦਾਸ ਜੀ ਨੇ ਪਹਿਲਾਂ ਸਾਰੀ ਬਾਣੀ ਦਾ ਉਤਾਰਾ ਕੀਤਾ ਅਤੇ ਫੇਰ ਬਾਣੀ ਦਾ ਤਤਕਰਾ ਲਿਖਣਾ ਸ਼ੁਰੂ ਕੀਤਾ। ਤਤਕਰਾ ਲਿਖਣ ਵੇਲੇ ਹਰੇਕ ਸ਼ਬਦ ਦੀ ਪਹਿਲੀ ਤੁਕ ਲਿਖ ਕੇ ਉਸ ਦੇ ਸਾਹਮਣੇ ਪੰਨੇ ਦਾ ਨੰਬਰ ਦਰਜ ਕਰਨਾ ਸੀ। ਇਹ ਕੰਮ ਬੜਾ ਲੰਮਾ ਤੇ ਮਿਹਨਤ ਵਾਲਾ ਸੀ ਅਤੇ ਇਸ 'ਤੇ ਕਈ ਦਿਨ ਲਗੱਣੇ ਸਨ। ਫਿਰ ਬੀੜ ਦੀ ਜਿਲਦ ਬੱਝਣੀ ਸੀ ਅਤੇ ਉਸ ਦੇ ਸੁਕਣ ਤੇ ਵੀ ਦੋ ਦਿਨ ਲੱਗਣੇ ਸਨ। ਇਸ ਤਰ੍ਹਾਂ ਇਹ ਸਾਰਾ ਕੰਮ ਭਾਦਰੋਂ ਵਦੀ 15 ਨੂੰ ਮੁਕਾਇਆ ਗਿਆ।

ਅਗਲੇ ਦਿਨ ਭਾਦਰੋਂ ਸੁਦੀ 1 ਨੂੰ ਸ੍ਰੀ ਗੁਰੂ ਗਰੰਥ ਸਾਹਿਬ ਦੀ ਇਸ 'ਆਦਿ ਬੀੜ' ਦਾ ਪਰਕਾਸ਼ ਹਰਿਮੰਦਰ ਸਾਹਿਬ 'ਚ ਕੀਤਾ ਗਿਆ। ਉਸ ਸ਼ੁਭ ਦਿਹਾੜੇ ਦੀ ਯਾਦ ਅੱਜ ਤਕ ਮਨਾਈ ਜਾਂਦੀ ਹੈ। ਤਤਕਰੇ ਦੇ ਲਿਖਣ ਸਮੇਂ ਆਪ ਜੀ ਨੇ ਤਤਕਰੇ ਦੇ ਸ਼ੁਰੂ 'ਚ ਇਉਂ ਲਿਖਿਆ ਹੈ ਕਿ ਸਾਰੀ 'ਬੀੜ ਦੀ ਲਿਖਾਈ ਮੁਕਾ ਕੇ ਭਾਈ ਗੁਰਦਾਸ ਜੀ ਸੰਮਤ 1661 ਭਾਦਰੋਂ 1 ਨੂੰ ਤਤਕਰੇ ਤੇ ਪਹੁੰਚੇ ਸਨ:

"ਸੂਚੀ-ਪਤ੍ਰ ਪੋਥੀ ਦਾ, ਤਤਕਰਾ ਰਾਗਾਂ ਕਾ, ਸੰਮਤ 1661 ਮਿਤੀ ਭਾਦਉ ਵਦੀ ਏਕਮ 1 ਪੋਥੀ ਦਿਖ ਪਹੁੰਚੇ।

ਗੁਰੂ ਅਰਜਨ ਸਾਹਿਬ ਨੇ ਗੁਰਬਾਣੀ-ਰੂਪ ਗੁਰੂ ਦੇ ਅਦਬ ਸਤਿਕਾਰ ਦੀ ਮਾਣ-ਮਰਯਾਦਾ ਆਪ ਕਾਇਮ ਕੀਤੀ ਸੀ। ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਗੁਰੂ ਗਰੰਥ ਸਾਹਿਬ ਦੀ ਸਵਾਰੀ ਉਚੇ ਅਸਥਾਨ ਤੇ ਬਿਰਾਜਮਾਨ ਕਰਵਾਈ ਜਾਂਦੀ ਸੀ ਅਤੇ ਮਹਾਰਾਜ ਆਪ ਖ਼ੁਦ ਉਸ ਕਮਰੇ ਦੇ ਫ਼ਰਸ਼ ਤੇ ਨੀਵੇਂ ਅਸਥਾਨ ਤੇ ਬਿਰਾਜਮਾਨ ਹੋਇਆ ਕਰਦੇ ਸਨ। ਇਸ ਤਰ੍ਹਾਂ ਆਪ ਜੀ ਨੇ ਗੁਰੂ ਦੇ ਦੇਹਧਾਰੀ ਵਿਅਕਤਵ ਨਾਲੋਂ ਗੁਰੂ ਦੇ ਆਤਮਕ ਗਿਆਨ ਤੇ ਈਸ਼ਵਰੀ ਬਾਣੀ ਨੂੰ ਬਹੁਤ ਉਚੇਰਾ ਤੇ ਵਿਸ਼ੇਸ਼ ਦਰਜਾ ਦਿੱਤਾ ਸੀ।

ਸਿੱਖ ਧਰਮ ਅਨੁਸਾਰ ਗੁਰੂ ਦੀ ਪਦਵੀ ਸਰਬਉੱਚ ਹੈ। ਅਕਾਲ ਪੁਰਖ ਸੰਸਾਰ ਅੰਦਰ ਲੋਕਾਈ ਨੂੰ ਸੁਧਾਰਣ ਲਈ ਗੁਰੂ ਨੂੰ ਭੇਜਦਾ ਹੈ। ਗੁਰੂ ਦੀ ਅਜ਼ਮਤ ਸਰੀਰਕ ਸੀਮਾਵਾਂ ਤਕ ਹੀ ਸੀਮਤ ਨਹੀਂ ਹੁੰਦੀ ਅਤੇ ਨਾ ਹੀਂ ਮਨੁੱਖੀ ਸਰੀਰ ਦੀਆਂ ਕਮਜ਼ੋਰੀਆਂ ਤੇ ਊਣਤਾਈਆਂ ਹੀ ਗੁਰੂ-ਸਰੂਪ 'ਚ ਹੁੰਦੀਆਂ ਹਨ। ਗੁਰੂ ਜੋਤ ਹੈ ਅਤੇ ਗੁਰੂ ਦੀ ਹਸਤੀ (ਹੋਂਦ)ਤੇ ਸ਼ਕਤੀ ਸਦਾ ਕਾਇਮ ਰਹਿਣ ਵਾਲੀ ਹੁੰਦੀ ਹੈ। ਗੁਰੂ ਜੋਤ ਨਾ ਤਾਂ ਜੰਮਦੀ ਹੈ ਅਤੇ ਨਾ ਹੀਂ ਮਰਦੀ ਹੈ, ਕੇਵਲ ਪ੍ਰਕਾਸ਼ਮਾਨ ਹੁੰਦੀ ਹੈ। ਇਹੀ ਜੋਤ ਖੰਡਾਂ, ਬ੍ਰਹਮੰਡਾਂ, ਪਤਾਲਾਂ 'ਚ ਇਕਸਾਰ ਰਹਿੰਦੀ ਹੈ। ਇਹ ਜੋਤ ਨਾ ਘਟਦੀ ਹੈ ਅਤੇ ਨਾ ਹੀਂ ਵਧਦੀ ਹੈ:

ਧਰਨਿ ਗਗਨ ਨਵਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ॥
ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਯ ਹਰਿ॥ (ਪੰਨਾ 1409)

ਗੁਰੂ ਗਰੰਥ ਸਾਹਿਬ (ਗੁਰਬਾਣੀ)ਗੁਰੂ ਦਾ ਇਹ ਆਤਮਕ ਸਰੂਪ ਦੇਹਧਾਰੀ ਵਿਅਕਤਵਗੁਰੂ ਨਾਲੋਂ ਇਸ ਲਈ ਉੱਤਮ ਤੇ ਵਿਸ਼ੇਸ਼ ਹੈ ਕਿ ਇਹ ਸਭ ਸਮਿਆਂ 'ਚ ਕਾਇਮ ਰਹਿੰਦਾ ਹੈ। ਇਹ ਸਰੂਪ ਦੇਸ਼ ਅਤੇ ਕਾਲ ਦੋਹਾਂ ਦੀਆਂ ਹੱਦਾਂ ਤੋਂ ਸੁਤੰਤਰ ਸਾਬਤ ਰਹਿੰਦਾ ਹੈ। ਗੁਰੂ ਦੇ ਦੇਹਧਾਰੀ ਵਿਅਕਤਵਦਰਸ਼ਨ, ਸਭ ਥਾਵਾਂ ਅਤੇ ਸਭ ਸਮਿਆਂ ਦੇ ਲੋਕਾਂ ਨੂੰ ਹੋ ਸਕਣੇ ਸੰਭਵਨਹੀਂ। ਦੇਹਧਾਰੀ ਵਿਅਕਤੀਤਵਹਮੇਸ਼ਾ ਵੀ ਨਹੀਂ ਰਹਿ ਸਕਦਾ:

ਸ੍ਰੀ ਗੁਰੂ ਦੇਹ ਸਰੀਰ ਜਉ, ਸਭਿ ਥਾਨ ਸਮੇਂ ਸਭਿਨ ਦਰਸੈ ਹੈਂ।
ਗ੍ਰੰਥ ਰਿਦਾ ਗੁਰ ਕੋ ਇਹ ਜਾਨਹੁ, ਉਤਮ ਹੈ, ਸਭ ਕਾਲ ਰਹੈ ਹੈਂ।

ਗੁਰੂ ਦੇ ਦੇਹਧਾਰੀ ਵਿਅਕਤਵਦੇ ਇਕ ਵਕਤ 'ਤੇ ਕੇਵਲ ਇਕ ਥਾਂ ਦੇ ਜਗਿਆਸੂਆਂ ਨੂੰ ਦਰਸ਼ਨ ਹੋ ਸਕਦੇ ਹਨ। ਦੂਰ ਬੈਠੇ ਸ਼ਰਧਾਲੂ ਇਸ ਤੋਂ ਲਾਭ ਨਹੀਂ

ਉਠਾ ਸਕਦੇ। ਪਰ ਬਾਣੀ ਗੁਰੂ ਦਾ ਇਕ ਐਸਾ ਸਰੂਪ ਹੈ, ਜੋ ਦੂਰ ਬੈਠੇ ਦੇਸ ਦੇਸਾਂਤਰਾਂ ਦੇ ਸਿਦਕੀ ਲੋਕਾਂ ਨੂੰ ਗੁਰੂ ਜੋਤਿ ਦੇ ਦਰਸ਼ਨ ਹੋ ਜਾਂਦੇ ਹਨ। ਜਿੱਥੇ ਜਿੱਥੇ ਗੁਰੂ ਦਾ ਪ੍ਰਕਾਸ਼ ਹੁੰਦਾ ਹੈ, ਉਥੇ-ਉਥੇ ਲੋਕਾਂ ਨੂੰ ਗੁਰੂ ਜੋਤਿ ਦੇ ਦਰਸ਼ਨ ਹੁੰਦੇ ਨੇ। ਗੁਰੂ ਦੇ ਦੇਹਧਾਰੀ ਵਿਅਕਤੀਤਵਤੋਂ ਕੇਵਲ ਉਹਨਾਂ ਦੀ ਸੰਸਾਰ ਯਾਤਰਾ ਸਮੇਂ 'ਚ ਹੀ ਦਰਸ਼ਨ ਹੋ ਸਕਦੇ ਹਨ, ਉਸ ਤੋਂ ਮਗਰੋਂ ਨਹੀਂ। ਪਰ ਗੁਰੂ ਦੇ ਬਾਣੀ ਰੂਪ ਆਤਮਕ ਦਰਸ਼ਨ ਤੋਂ ਸਦੀਆਂ ਤਕ ਇਕ ਸਮਾਨ ਲਾਭ ਉਠਾਇਆ ਜਾ ਸਕਦਾ ਹੈ।

ਜਿਵੇਂ ਚਾਰ ਸੌ ਸਾਲ ਪਹਿਲਾਂ ਸਾਡੇ ਬਜ਼ੁਰਗ ਅਤੇ ਅੱਜ ਅਸੀਂ ਗੁਰੂ ਗਰੰਥ ਸਾਹਿਬ ਦੀ ਬਾਣੀ ਰਾਹੀਂ ਗੁਰੂ ਦੇ ਦਰਸ਼ਨ ਕਰ ਰਹੇ ਹਾਂ। ਅੱਜ ਤੋਂ ਸੈਕੜੇ ਬਰਸ ਬਾਅਦ ਵੀ ਆਉਣ ਵਾਲੀਆਂ ਮਨੁੱਖੀ ਨਸਲਾਂ ਨੂੰ ਗੁਰਬਾਣੀ-ਰੂਪ ਗੁਰੂ ਜੋਤਿ ਦੇ ਦਰਸ਼ਨ ਇਸੇ ਤਰ੍ਹਾਂ ਹੁੰਦੇ ਰਹਿਣਗੇ। ਇਸ ਲਈ ਗੁਰੂ ਦੇ ਪੰਜ ਭੌਤਕ ਸਰੀਰ ਨਾਲੋਂ ਆਤਮਕ ਸਰੂਪ ਦੀ ਵਿਸ਼ੇਸ਼ ਮਹਾਨਤਾ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਗਰੰਥ ਸਾਹਿਬ ਨੂੰ ਗੁਰੂ ਸਵੀਕਾਰ ਕੀਤੇ ਜਾਣ ਦਾ ਗੁਰਮਤਿ ਸਿਧਾਂਤ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਜੋਤੀ ਜੋਤ ਸਮਾਉਣ ਸਮੇਂ ਤੋਂ ਹੀ ਨਹੀਂ ਸਗੋਂ ਇਸ ਤੋਂ ਬਹੁਤ ਚਿਰ ਪਹਿਲਾਂ ਗੁਰੂ ਅਰਜਨ ਸਾਹਿਬ ਦੇ ਆਪਣੇ ਸਮੇਂ ਤੋਂ ਹੀ ਸਿੱਖ ਸੰਗਤਾਂ 'ਚ ਪੂਰੇ ਜ਼ੋਰ ਨਾਲ ਦ੍ਰਿੜ ਕਰਾਇਆ ਜਾ ਚੁੱਕਾ ਸੀ।

ਗੁਰੂ ਅਰਜਨ ਸਾਹਿਬ ਦੀ ਸ਼ਖਸੀਅਤ ਨਾ ਕੇਵਲ ਅਧਿਆਤਮਕ ਤੇ ਸਮਾਜਕ ਖੇਤਰ 'ਚ ਹੀ ਮਹਾਨ ਸੀ, ਸਗੋਂ ਸਭਿਆਚਾਰਕ, ਰਾਜਨੀਤਕ ਅਤੇ ਖਾਸ ਤੌਰ ਤੇ ਸਾਹਿਤਕ ਖੇਤਰ 'ਚ ਵੀ ਉਹਨਾਂ ਦੀ ਮਹਾਨ ਪ੍ਰਤਭਾ ਦਾ ਕੋਈ ਸਾਨੀ ਨਹੀਂ। ਜਿੱਥੇ ਆਪ ਜੀ ਨੇ ਲੋਕਾਂ ਅੰਦਰ ਅਧਿਆਤਮਕ ਰੁਚੀ ਪੈਦਾ ਕਰਨ ਲਈ ਕਥਾ ਤੇ ਕੀਰਤਨ ਦਾ ਪ੍ਰਵਾਹ ਚਲਾਇਆ, ਉਥੇ ਉਸਾਰੀ ਦੇ ਕੰਮਾਂ 'ਚ ਵੀ ਪੂਰਾ ਯੋਗਦਾਨ ਪਾਇਆ। ਹਰਿਮੰਦਰ ਸਾਹਿਬ, ਤਰਨ ਤਾਰਨ ਸਾਹਿਬ, ਕਰਤਾਰਪੁਰ, ਛੇਹਰਟਾ, ਲਾਹੌਰ 'ਚ ਬਾਉਲੀ ਸਾਹਿਬ ਦੀ ਉਸਾਰੀ, ਸਰੋਵਰ ਬਣਾਉਣੇ, ਆਦਿਕ ਉਹਨਾਂ ਦੇ ਉਸਾਰੂ ਕੰਮਾਂ ਤੋਂ ਗੁਰੂ ਅਰਜਨ ਸਾਹਿਬ ਦੀ ਦੂਰਦਰਿਸ਼ਟੀ ਦਾ ਪਤਾ ਲੱਗਦਾ ਹੈ।

ਗੁਰੂ ਅਰਜਨ ਸਾਹਿਬ ਨੇ ਗੁਰ-ਗੱਦੀ ਦੀ ਜ਼ਿਮੇਵਾਰੀ ਸੰਭਾਲਦਿਆਂ ਹੀ ਉਹਨਾਂ ਸਾਰੇ ਉਸਾਰੂ ਕੰਮਾਂ ਨੂੰ ਸੰਪੂਰਨ ਕਰਨਾ ਅਰੰਭਿਆ, ਜਿਨ੍ਹਾਂ ਨੂੰ ਗੁਰੂ ਰਾਮਦਾਸ ਸਾਹਿਬ ਨੇ ਚਾਲੂ ਕੀਤਾ ਸੀ, ਜਿਹਾ ਕਿ ਸੰਤੋਖਸਰ ਤੇ ਅੰਮ੍ਰਿਤਸਰ ਦੇ ਸਰੋਵਰਾਂ ਦੀ ਤਿਆਰੀ ਅਤੇ ਗੁਰੂ ਕੇ ਚੱਕ ਦੀ ਉੱਨਤੀ ਤੇ ਉਸਾਰੀ ਆਦਿਕ। ਗੁਰੂ ਕੇ ਚੱਕ ਦਾ ਨਾਂ ਚੱਕ ਰਾਮਦਾਸ ਪੁਰ ਰੱਖਿਆ। ਇਹਨਾਂ ਕੰਮਾਂ ਨੂੰ ਸਿਰੇ ਚਾੜ੍ਹਨ 'ਚ ਸੰਗਤਾਂ

ਵੀ ਬੜੇ ਉਤਸ਼ਾਹ ਤੇ ਉਮਾਹ ਨਾਲ ਸੇਵਾ ਕਰਨ ਲੱਗ ਪਈਆਂ ਸਨ। ਗੁਰੂ ਸਾਹਿਬ ਆਪ, ਭਾਈ ਗੁਰਦਾਸ ਜੀ, ਬਾਬਾ ਬੁੱਢਾ ਜੀ, ਭਾਈ ਬਹਿਲੋ ਜੀ, ਭਾਈ ਮੰਝ ਜੀ ਆਦਿਕ ਸ਼ਰਧਾਲੂ ਸਿੱਖ ਸੰਗਤਾਂ ਦੀ ਕਾਰ-ਸੇਵਾ ਦੇ ਮੁਖੀਏ ਸਨ। ਗੁਰੂ ਸਾਹਿਬ ਆਪ ਟੋਕਰੀ ਢੋਂਦੇ ਅਤੇ ਹਰ ਪ੍ਰਕਾਰ ਦੀ ਅਜਿਹੀ ਸੇਵਾ ਕਰਦੇ ਸਨ।

ਗੁਰਸਿੱਖੀ ਦਾ ਪਰਚਾਰ ਦੂਰ-ਦੂਰ ਤਕ ਹੋ ਗਿਆ ਸੀ। ਪੰਜਾਬ 'ਚ ਅਤੇ ਪੰਜਾਬੋਂ ਬਾਹਰ ਕੋਈ ਵਿਰਲਾ ਹੀ ਅਜਿਹਾ ਨਗਰ ਹੋਵੇਗਾ, ਜਿਥੇ ਕਿ ਸਿੱਖ-ਸੰਗਤ ਕਾਇਮ ਨਾ ਹੋਈ ਹੋਵੇ। ਆਪ ਜੀ ਨੇ ਸਿੱਖਾਂ ਨੂੰ ਕਾਰ-ਸੇਵਾ ਅਤੇ ਗੁਰੂ ਦੇ ਕੰਮ-ਕਾਰਜਾਂ ਵਾਸਤੇ ਆਪਣੀ ਕਮਾਈ ਦਾ ਦਸਵਾਂ ਹਿੱਸਾ ਦੇਣ ਦਾ ਉਪਦੇਸ਼ ਦਿੱਤਾ। ਜਿਉਂ ਜਿਉਂ ਸਿੱਖੀ ਦਾ ਘੇਰਾ ਵੱਧਦਾ ਗਿਆ, ਕੌਮੀ ਸਾਂਝ ਦੀ ਆਮਦਨ 'ਚ ਵੀ ਵਾਧਾ ਹੋਣਾ ਸ਼ੁਰੂ ਹੋ ਗਿਆ।

● ਅੰਮ੍ਰਿਤਸਰ ਦਾ ਸਰੋਵਰ

ਜਿਸ ਸਰੋਵਰ ਦੀ ਤਿਆਰੀ ਲਈ ਗੁਰੂ ਰਾਮਦਾਸ ਸਾਹਿਬ ਨੇ ਦੁੱਖਭੰਜਨੀ ਬੇਰੀ ਪਾਸ ਟੱਕ ਲਾਇਆ ਸੀ, ਉਹਨੂੰ ਵਧੇਰੇ ਡੂੰਘਾ ਤੇ ਪੱਕਾ ਕਰਨ ਦਾ ਕੰਮ ਸੰਨ 1588 'ਚ ਮੁਕੰਮਲ ਹੋਇਆ, ਜਿਸ ਦਾ ਨਾਂ ਗੁਰੂ ਅਰਜਨ ਸਾਹਿਬ ਨੇ 'ਅੰਮ੍ਰਿਤ ਸਰ' ਰੱਖਿਆ। ਗੁਰੂ ਸਾਹਿਬ ਨੇ ਸ਼ਹਿਰ ਦਾ ਨਾਮ ਵੀ ਇਸ ਸਰੋਵਰ ਦੇ ਨਾਮ 'ਤੇ ਅੰਮ੍ਰਿਤਸਰ ਹੀ ਰੱਖ ਦਿੱਤਾ। ਜਦ ਤਾਲ ਦਾ ਇਹ ਮਹਾਨ ਕੰਮ ਸੰਪੂਰਨ ਹੋਇਆ, ਤਾਂ ਆਪ ਜੀ ਨੇ ਹੇਠ ਲਿਖਿਆ ਸ਼ਬਦ ਉਚਾਰਨ ਕੀਤਾ ਸੀ ਕਿ ਇਸ ਮਹਾਨ ਕੰਮ 'ਚ ਕਰਤਾਰ ਆਪ ਸਹਾਈ ਹੋਇਆ:

ਸੰਤਾ ਕੇ ਕਾਰਜ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥
ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥
ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ॥
ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ॥
ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ॥
ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ॥ (ਪੰਨਾ 783)

● ਸ੍ਰੀ ਹਰਿਮੰਦਰ ਸਾਹਿਬ

ਅੰਮ੍ਰਿਤਸਰ ਸਰੋਵਰ ਤਾਂ ਤਿਆਰ ਹੋ ਗਿਆ ਸੀ, ਪਰ ਉਸ 'ਚ ਗੁਰਦੁਆਰਾ ਸਾਹਿਬ ਵੀ ਬਣਨਾ ਸੀ, ਜਿਸ ਨੇ ਸਿੱਖ ਕੌਮ ਦਾ ਧਰਮ-ਕੇਂਦਰ ਬਣਨਾ ਸੀ। ਪਹਿਲੀ ਮਾਘ ਸੰਮਤ 1645 ਨੂੰ ਗੁਰੂ ਅਰਜਨ ਸਾਹਿਬ ਨੇ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ ਸ੍ਰੀ ਹਰਿਮੰਦਰ ਸਾਹਿਬ ਦੀ ਤਿਆਰੀ ਅਰੰਭੀ। ਇਸ ਦਾ ਨਕਸ਼ਾ ਤੇ

ਵਿਉਂਤ ਗੁਰੂ ਸਾਹਿਬ ਦੀ ਆਪਣੀ ਕਾਢ ਸੀ। ਇਸ ਦੀ ਨੀਂਹ (ਪਹਿਲੀ ਇੱਟ)ਗੁਰੂ ਸਾਹਿਬ ਨੇ ਆਪਣੇ ਸ਼ਰਧਾਲੂ ਮੁਸਲਮਾਨ ਫਕੀਰ, ਸਾਈਂ ਮੀਆਂ-ਮੀਰ ਪਾਸੋਂ ਰਖਵਾਈ। ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਗੁਰੂ ਸਾਹਿਬਾਨ ਦੇ ਬ੍ਰਹਿਮੰਡਵਾਦੀ ਧਰਮ 'ਚ ਫਿਰਕੂ ਤੰਗ-ਦਿਲੀ ਜਾਂ ਪਖਪਾਤ ਲਈ ਕੋਈ ਥਾਂ ਨਹੀਂ। ਸ੍ਰੀ ਹਰਿਮੰਦਰ ਸਾਹਿਬ ਦੀ ਸ਼ਾਨਦਾਰ ਇਮਾਰਤ ਕਾਫੀ ਸਮਾਂ ਤੇ ਮਿਹਨਤ ਵਾਲਾ ਕੰਮ ਸੀ। ਫਿਰ ਵੀ 1590 'ਚ ਮੁਕੰਮਲ ਹੋ ਗਈ ਸੀ।

ਸੰਸਾਰ ਭਰ ਦੇ ਇਤਿਹਾਸ 'ਚ ਇਹ ਪਹਿਲੀ ਲਾਸਾਨੀ ਮਿਸਾਲ ਹੈ ਕਿ ਕਿਸੇ ਇਕ ਧਰਮ ਦੇ ਧਰਮ ਮੰਦਰ ਦੀ ਨੀਂਹ ਕਿਸੇ ਗ਼ੈਰ ਧਰਮ ਵਾਲੇ ਮਹਾਂਪੁਰਸ਼ ਨੇ ਰੱਖੀ ਹੋਵੇ। ਸੁਖਮਨੀ ਸਾਹਿਬ ਦੇ ਸੰਗੀਤ 'ਚ ਹੀ ਉਸਰਿਆ ਮਹਾਨ ਹਰਿਮੰਦਰ ਸਾਹਿਬ ਹੈ। ਵਕਤ ਦੀ ਮੰਗ ਹੈ ਕਿ ਅਸੀਂ ਇਸ ਦੀ ਲੈਅ 'ਚ ਜੀਵੀਏ, ਟੁਰੀਏ, ਫਿਰੀਏ ਅਤੇ ਰਹੀਏ।

ਹਰਿਮੰਦਰ ਸਾਹਿਬ (ਦਰਬਾਰ ਸਾਹਿਬ)ਦੇ ਦਰਵਾਜ਼ੇ ਚੌਹੀਂ ਪਾਸੀਂ ਰੱਖੇ ਗਏ। ਇਸ ਦਾ ਮਤਲਬ ਸੀ ਕਿ ਇਸ ਪ੍ਰਭੂ ਦੇ ਮੰਦਰ 'ਚ ਸਭ ਮਨੁੱਖ-ਮਾਤਰ ਪੂਰਨ ਖੁਲ੍ਹ ਨਾਲ ਆ ਸਕਦੇ ਹਨ। ਇਸ ਦੇ ਨਾਲ ਹੀ ਇਹ ਵੀ ਦੱਸਿਆ ਕਿ ਰੱਬ ਦੀਆਂ ਨਜ਼ਰਾਂ 'ਚ ਕੋਈ ਖਾਸ ਪਾਸਾ ਭਾਵਪੂਰਬ ਜਾਂ ਪੱਛਮ ਆਦਿ, ਉਚੇਚ ਜਾਂ ਵਿਸ਼ੇਸ਼ਤਾ ਨਹੀਂ ਰੱਖਦੇ। ਅਕਾਲ ਪੁਰਖ ਸਰਬ ਵਿਆਪਕ ਹੈ।

ਹਰਿਮੰਦਰ ਸਾਹਿਬ ਸਿੱਖਾਂ ਦਾ ਮੱਕਾ ਕਿਹਾ ਜਾਂਦਾ ਹੈ। ਇਸ ਪਵਿੱਤਰ ਅਸਥਾਨ ਦੀ ਉਸਾਰੀ ਤੇ ਸੰਪੂਰਨਤਾ ਦਾ ਮਾਣ ਵੀ ਪੰਚਮ ਪਾਤਸ਼ਾਹ ਨੂੰ ਹੀ ਪ੍ਰਾਪਤ ਹੈ। ਨਿਰਮਾਣਤਾ ਦੇ ਪੁੰਜ ਤੇ ਦੂਰਦਰਸ਼ੀ ਸਤਿਗੁਰੂ ਨੇ ਇਹ ਪਵਿੱਤਰ ਸਥਾਨ ਸਮੁੱਚੀ ਲੋਕਾਈ ਦੀਆਂ ਰੂਹਾਂ ਠਾਰਨ ਲਈ ਬਣਾਇਆ। ਆਮ ਤੌਰ ਤੇ ਹਰ ਇਕ ਮੰਦਰ, ਮਸੀਤ, ਗਿਰਜੇ ਦਾ ਇਕ ਹੀ ਦਰਵਾਜ਼ਾ ਹੁੰਦਾ ਹੈ, ਪਰ ਸ੍ਰੀ ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਰੱਖੇ ਗਏ, ਤਾਂ ਜੋ ਇਸ 'ਚ ਦੁਨੀਆ ਦੇ ਚਾਰੇ ਪਾਸਿਆਂ ਦੇ ਲੋਕ ਦਾਖਲ ਹੋ ਸਕਣ। ਅਮੀਰ-ਗ਼ਰੀਬ, ਵੱਡੇ-ਛੋਟੇ, ਬ੍ਰਾਹਮਣ-ਸ਼ੂਦਰ, ਖੱਤਰੀ-ਵੈਸ਼ ਆਦਿਕ ਸਭ ਲਈ ਇਹ ਦਰ ਖੋਲ੍ਹ ਦਿੱਤਾ ਗਿਆ।

ਇਸ ਨੂੰ ਮੁਕੰਮਲ ਕਰਕੇ ਆਪ ਜੀ ਨੇ ਸੰਮਤ 1661 'ਚ ਗੁਰੂ ਗਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਕੀਤਾ। ਅੰਮ੍ਰਿਤਸਰ 'ਚ ਹਰਿਮੰਦਰ ਸਾਹਿਬ ਸ਼੍ਰੋਮਣੀ ਗੁਰਦੁਆਰਾ ਹੈ, ਜਿੱਥੇ ਅੰਮ੍ਰਿਤ ਵੇਲੇ ਤੋਂ ਲੈਕੇ ਚੌਥੀ ਰਾਤ ਤੀਕ ਅਖੰਡ ਕੀਰਤਨ ਹੁੰਦਾ ਰਹਿੰਦਾ ਹੈ। ਗੁਰੂ ਅਰਜਨ ਸਾਹਿਬ ਨੇ ਸ੍ਰੀ ਹਰਿਮੰਦਰ ਸਾਹਿਬ 'ਚ ਆਪ ਬਿਰਾਜ ਕੇ ਸਰੰਦੇ ਨਾਲ ਕੀਰਤਨ ਕੀਤਾ ਅਤੇ ਸਿੱਖਾਂ ਨੂੰ ਸਿਖਾਇਆ।

ਜਿਨ੍ਹਾਂ ਸੱਜਣਾਂ ਨੇ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ ਹਨ, ਉਹਨਾਂ ਨੂੰ ਪਤਾ

ਹੋਵੇਗਾ ਕਿ ਪਾਵਨ ਹਰਿਮੰਦਰ ਸਾਹਿਬ ਸ਼ਹਿਰ ਦੀ ਸਤਹ ਤੋਂ ਬਹੁਤ ਨੀਵਾਂ ਹੈ। ਜਿਸ ਪਵਿੱਤਰ ਸ੍ਰੋਵਰ 'ਚ ਇਸ ਦੀ ਉਸਾਰੀ ਹੋਈ ਹੈ, ਉਹ, ਇਸ ਤੋਂ ਵੀ ਨੀਵਾਂ ਹੈ। ਆਮ ਤੌਰ ਤੇ ਵੱਡੇ ਵੱਡੇ ਇਤਿਹਾਸਕ ਮੰਦਰ ਉੱਚੀ ਥਾਂ 'ਤੇ ਉਸਾਰੇ ਜਾਂਦੇ ਹਨ।

ਭਾਰਤ ਵਿਚਲੇ ਪ੍ਰਸਿੱਧ ਮੰਦਰ ਪਹਾੜਾਂ 'ਤੇ ਬਣੇ ਹੋਏ ਹਨ। ਉਹਨਾਂ ਦੇ ਕਲਸ ਉਚੇ ਤੋਂ ਉਚੇ ਹੁੰਦੇ ਹਨ। ਇਵੇਂ ਹੀ ਦੇਵੀ ਦੇਵਤਿਆਂ ਦੇ ਮੰਦਰ ਵੀ ਉਚੇ ਪਹਾੜਾਂ 'ਤੇ ਕਾਇਮ ਕੀਤੇ ਹੋਏ ਹਨ। ਅਮਰਨਾਥ ਤੇ ਗੰਗੋਤਰੀ ਦੇ ਮੰਦਰ ਅਤੇ ਵੈਸ਼ਨੋ ਦੇਵੀ ਦਾ ਮੰਦਰ ਆਦਿਕ ਇਸ ਕਥਨ ਦੀ ਪ੍ਰੋੜ੍ਹਤਾ ਕਰਦੇ ਹਨ। ਇਵੇਂ ਹੀ ਯੂਰਪ ਵਿਚਲੇ ਕਈ ਇਤਿਹਾਸਕ ਗਿਰਜੇ ਵੀ ਉਚੀਆਂ ਥਾਵਾਂ 'ਤੇ ਹਨ। ਇਵੇਂ ਹੀ ਮੁਸਲਮਾਨਾਂ ਦੀਆਂ ਮਸੀਤਾਂ ਮਸਜਿਦਾਂ ਤੇ ਸ਼ਾਹੀ ਮਸੀਤਾਂ ਉਚੀਆਂ-ਉਚੀਆਂ ਥਾਵਾਂ ਤੇ ਉਸਾਰੀਆਂ ਹੋਈਆਂ ਹਨ। ਜਿਹੜੀਆਂ ਮਸੀਤਾਂ ਮੈਦਾਨੀ ਇਲਾਕੇ 'ਚ ਹਨ, ਉਹਨਾਂ ਦੇ ਮੀਨਾਰ ਉਚੇ-ਉਚੇ ਬਣੇ ਹੋਏ ਹਨ।

ਗੁਰਬਾਣੀ ਦੇ 'ਨਿਵੈ ਸੁ ਗਉਰਾ ਹੋਇ॥' ਦੇ ਕਥਨ ਅਨੁਸਾਰ ਨਿਮਰਤਾ ਦੇ ਪੁੰਜ ਗੁਰੂ ਅਰਜਨ ਸਾਹਿਬ ਨੇ ਸਿੱਖਾਂ ਦੇ ਪਾਵਨ ਅਸਥਾਨ ਨੂੰ ਸ਼ਹਿਰ ਦੀ ਪੱਧਰ ਤੋਂ ਬਹੁਤ ਨੀਵੇਂ ਥਾਂ 'ਤੇ ਉਸਾਰਿਆ ਅਤੇ ਗੁਰਬਾਣੀ ਦੀ ਹਕੀਕਤ ਨੂੰ ਅਮਲੀ ਰੂਪ ਦੇ ਕੇ ਦੱਸਿਆ ਕਿ ਜਿਸ ਦਰੱਖਤ ਨੂੰ ਬਹੁਤੇ ਫਲ ਲੱਗਣ, ਉਹ ਸਦਾ ਨੀਵਾਂ ਰਹਿੰਦਾ ਹੈ ਪਰ ਇਸ ਦੇ ਟਾਕਰੇ ਤੇ ਸਿੰਮਲ ਰੁਖ ਕਿੰਨਾ ਉਚਾ ਹੁੰਦਾ ਹੈ। ਜਿਹੜੇ ਪੰਛੀ ਫਲਾਂ ਦੀ ਆਸ ਰੱਖ ਕੇ ਉਥੇ ਆਉਂਦੇ ਹਨ, ਉਹਨਾਂ ਨੂੰ ਨਿਰਾਸ਼ਤਾ ਹੁੰਦੀ ਹੈ।

● ਗੁਰੂ ਕੇ ਮਹਿਲ

ਗੁਰੂ ਕੇ ਬਾਜ਼ਾਰ ਦੇ ਪਾਸ ਗੁਰੂ ਸਾਹਿਬ ਦੇ ਰਿਹਾਇਸ਼ੀ ਮਕਾਨ ਗੁਰੂ ਰਾਮਦਾਸ ਸਾਹਿਬ ਨੇ ਤਿਆਰ ਕਰਵਾਏ ਸਨ, ਗੁਰੂ ਅਰਜਨ ਸਾਹਿਬ ਨੇ ਇਨ੍ਹਾਂ ਨੂੰ ਪੱਕਾ ਤੇ ਮੁਕੰਮਲ ਕੀਤਾ।

● ਡਿਉੜੀ ਸਾਹਿਬ

ਅੰਮ੍ਰਿਤਸਰ ਸ਼ਹਿਰ ਦੇ 'ਚ ਗੁਰੂ ਕਾ ਬਾਜ਼ਾਰ ਦੇ ਪਾਸ ਗੁਰੂ ਅਰਜਨ ਸਾਹਿਬ ਨੇ ਰਾਮਦਾਸਪੁਰ ਦੀ ਡਿਉੜੀ ਬਣਵਾਈ। ਉਦੋਂ ਡਿਉੜੀ ਤੋਂ ਦਰਬਾਰ ਸਾਹਿਬ ਦੇ ਪਾਸੇ ਵਲ ਅਬਾਦੀ ਜਾਂ ਵਸੋਂ ਨਹੀਂ ਸੀ ਅਤੇ ਕੇਵਲ ਗੁਰੂ ਕਾ ਬਜ਼ਾਰ ਹੀ ਸੀ।

● ਸੰਤੋਖਸਰ

ਇਸ ਦੀ ਖੁਦਵਾਈ ਦਾ ਕੰਮ ਗੁਰੂ ਰਾਮਦਾਸ ਸਾਹਿਬ ਨੇ ਸੰਮਤ 1627 'ਚ ਅਰੰਭਿਆ ਸੀ ਅਤੇ ਕੱਚਾ ਤਾਲ ਤਿਆਰ ਕਰਵਾਇਆ ਸੀ। ਪਿਸ਼ੌਰੀ ਸਿੱਖ ਭਾਈ ਸੰਤੋਖ ਸਿੰਘ ਦੇ ਧਨ ਨਾਲ ਗੁਰੂ ਅਰਜਨ ਸਾਹਿਬ ਨੇ ਇਸ ਨੂੰ ਪੱਕਾ ਬਣਵਾਇਆ।

● ਸ੍ਰੀ ਤਰਨ ਤਾਰਨ

ਸ੍ਰੀ ਅੰਮ੍ਰਿਤਸਰੋਂ 13-14 **ਮੀਲ ਦੱਖਣ** ਵਲ ਗੁਰੂ ਅਰਜਨ ਸਾਹਿਬ ਨੇ 17 ਵਿਸਾਖ ਸੰਮਤ 1647 **(ਸੰਨ 1590)ਨੂੰ** ਸ੍ਰੀ ਤਰਨ ਤਾਰਨ ਦੇ ਸਰੋਵਰ ਦੀ ਖੁਦਵਾਈ ਅਰੰਭੀ **ਅਤੇ ਨੱਗਰ ਵਸਾਇਆ।** ਇਸ ਕਾਰਜ ਲਈ ਲੋੜੀਂਦੀ ਭੋਂ ਭਾਈ ਲੰਗਾਹ ਜੀ ਨੇ ਢਿੱਲੋਂ **ਚੌਧਰੀ** ਪਲਾਸੌਰ ਦੇ ਰੰਘੜਾਂ ਤੋਂ ਮੁੱਲ ਲੈਕੇ ਗੁਰੂ ਜੀ ਦੀ ਭੇਟ ਕੀਤੀ। ਇਹ ਸਰੋਵਰ ਹਜ਼ਾਰ ਕੁ ਫੁਟ ਲੰਮਾ ਅਤੇ 990 ਫੁਟ ਚੌੜਾ ਹੈ। ਇਸ ਸਰੋਵਰ ਦੇ ਕੰਢੇ 'ਤੇ ਗੁਰੂ ਸਾਹਿਬ ਨੇ ਗੁਰਦੁਆਰਾ ਬਣਵਾਇਆ। ਤਾਲ ਨੂੰ ਪੱਕਾ ਕਰਾਉਣ ਅਤੇ ਗੁਰਦੁਆਰੇ ਦੀ ਉਸਾਰੀ ਲਈ ਪੱਕੀਆਂ ਇੱਟਾਂ ਤਿਆਰ ਕਰਨ ਲ ਈ ਆਵੇ ਚੜ੍ਹਾਏ ਗਏ।

ਨੂਰ ਦੀਨ ਦੇ ਪੁੱਤ ਅਮੀਰ ਦੀਨ ਨੇ ਉਹ ਇੱਟਾਂ ਬਦੋ ਬਦੀ ਖੋਹ ਕੇ ਨੂਰਦੀਨ ਪਿੰਡ 'ਚ ਆਪਣੇ ਮਕਾਨ ਤੇ ਸਰਾਂ ਬਣਾਉਣ ਲਈ ਵਰਤ ਲਈਆਂ। ਸ਼ਾਂਤੀ ਦੇ ਪੁੰਜ ਗੁਰੂ ਅਰਜਨ ਸਾਹਿਬ ਨੇ ਸਿੱਖਾਂ ਨੂੰ ਸ਼ਾਂਤ ਰਹਿਣ ਦਾ ਉਪਦੇਸ਼ ਦਿੱਤਾ ਅਤੇ ਬਚਨ ਕੀਤਾ ਕਿ 'ਕੋਈ ਸਮਾਂ ਆਏਗਾ ਕਿ ਇਹ ਇੱਟਾਂ ਜਿਸ ਥਾਂ ਵਾਸਤੇ ਸਨ, ਉਸੇ ਥਾਂ ਤੇ ਆ ਲੱਗਣਗੀਆਂ। ਗੁਰੂ ਜੀ ਦਾ ਇਹ ਵਾਕ ਮਿਸਲਾਂ ਵੇਲੇ ਪੂਰਾ ਹੋਇਆ। ਜਦ ਸਿੱਖਾਂ ਨੇ ਉਹ ਮਕਾਨ ਤੇ ਸਰਾਂ ਢਾਹ ਕੇ ਇੱਟਾਂ ਤਰਨ ਤਾਰਨ ਸਰੋਵਰ ਨੂੰ ਲਿਆ ਲਾਈਆਂ।

ਇਸ ਥਾਂ ਗੁਰੂ ਅਰਜਨ ਸਾਹਿਬ ਨੇ ਕੁਸ਼ਟੀਆਂ (ਕੋੜ੍ਹੀਆਂ)ਲਈ ਇਕ ਆਸ਼ਰਮ ਬਣਵਾਇਆ, ਜਿਸ 'ਚ ਕੋੜ੍ਹੀਆਂ ਦੇ ਰਹਿਣ ਲਈ ਥਾਂ ਸੀ ਅਤੇ ਉਹਨਾਂ ਦੀ ਟਹਿਲ-ਸੇਵਾ ਤੇ ਦਵਾ-ਦਾਰੂ ਦਾ ਪ੍ਰਬੰਧ ਸੀ। ਗੁਰੂ ਅਰਜਨ ਸਾਹਿਬ ਆਪ ਤੇ ਮਾਤਾ ਗੰਗਾ ਜੀ ਕੋੜ੍ਹੀਆਂ ਦੀ ਹੱਥੀ ਸੇਵਾ ਕਰਦੇ ਰਹੇ ਸਨ। ਕੋੜ੍ਹੇ ਸਰੋਵਰ 'ਚ ਇਸ਼ਨਾਨ ਕਰਦੇ ਅਤੇ ਸ੍ਰੀ ਦਰਬਾਰ ਸਾਹਿਬ 'ਚ ਪਹੁੰਚ ਕੇ ਕੀਰਤਨ ਸੁਣਿਆ ਕਰਦੇ ਸਨ।

'ਸਰਬ ਰੋਗ ਕਾ ਅਉਖਦੁ ਨਾਮੁ' ਦੇ ਅਸਰ ਨਾਲ, ਗੁਰੂ ਸਾਹਿਬ ਦੀ ਮਿਹਰਾਂ ਭਰੀ ਨਜ਼ਰ ਨਾਲ ਉਹਨਾਂ ਦੀ ਮਾਨਸਿਕ ਅਰੋਗਤਾ ਯਕੀਨੀ ਹੋ ਜਾਂਦੀ ਸੀ, ਉਸ ਦੇ ਨਾਲ ਦਵਾ-ਦਾਰੂ ਤੇ ਸੇਵਾ-ਸੰਭਾਲ ਉਹਨਾਂ ਦੀ ਸਰੀਰਕ ਅਰੋਗਤਾ 'ਚ ਸਹਾਇਕ ਬਣਦੀ ਸੀ। ਇਸੇ ਕਰਕੇ ਇਸ ਧਰਮ-ਅਸਥਾਨ (ਸ੍ਰੀ ਤਰਨ ਤਾਰਨ)ਨੂੰ ਦੁੱਖ ਨਿਵਾਰਨ ਸਾਹਿਬ ਵੀ ਕਿਹਾ ਜਾਂਦਾ ਹੈ। ਗੁਰੂ ਸਾਹਿਬ ਨੇ ਇਸ ਨਗਰ ਦੀ ਭੋਂ ਦੀ ਸਿੰਜਾਈ ਲਈ ਦੋ ਖੂਹ ਲਵਾਏ - ਗੁਰੂ ਕਾ ਖੂਹ ਅਤੇ ਬੀਬੀ ਭਾਨੀ ਵਾਲਾ ਖੂਹ। ਏਥੇ ਹਰ ਮੱਸਿਆ ਨੂੰ ਮੇਲਾ ਲੱਗਦਾ ਹੈ।

● ਗੰਗਸਰ - ਕਰਤਾਰਪੁਰ (ਜਲੰਧਰ)

ਦੁਆਬੇ 'ਚ ਗੁਰੂ ਅਰਜਨ ਸਾਹਿਬ ਪਰਚਾਰ ਕਰਦੇ ਜਦ ਡੱਲੇ ਨੱਗਰ ਜਾ ਠਹਿਰੇ, ਤਾਂ ਜਲੰਧਰ ਦਾ ਸੂਬੇਦਾਰ ਅਜ਼ੀਮ ਖਾਂ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਇਆ। ਗੁਰੂ ਸਾਹਿਬ ਦਾ ਉਪਦੇਸ਼ ਸੁਣ ਕੇ, ਕੀਰਤਨ ਸੁਣ ਕੇ ਅਤੇ ਹਰੇਕ ਲਈ ਬਿਨਾਂ ਕਿਸੇ ਕਿਸਮ ਦੇ ਵਿਤਕਰੇ ਦੇ ਗੁਰੂ ਕਾ ਲੰਗਰ ਵਰਤੀਂਦਾ ਵੇਖ ਕੇ ਉਹ ਬਹੁਤ ਪ੍ਰਭਾਵਤ ਹੋਇਆ ਅਤੇ ਉਸ ਨੇ ਗੁਰੂ ਸਾਹਿਬ ਨੂੰ ਦੁਆਬੇ 'ਚ ਧਰਮ ਅਸਥਾਨ ਤੇ ਨੱਗਰ ਵਸਾਉਣ ਦੀ ਬੇਨਤੀ ਕੀਤੀ।

ਅਜ਼ੀਮ ਖਾਂ ਦੀ ਬੇਨਤੀ ਸੁਣ ਕੇ ਗੁਰੂ ਸਾਹਿਬ ਨੇ 21 ਮਾਘ ਸੰਮਤ 1650 (ਸੰਨ 1593)ਨੂੰ ਕਰਤਾਰਪੁਰ (ਜਲੰਧਰ)ਦੀ ਨੀਂਹ ਰੱਖੀ। ਨੱਗਰ ਛੇਤੀ ਹੀ ਵਸ ਗਿਆ। ਅਕਬਰ ਬਾਦਸ਼ਾਹ ਵਲੋਂ ਸੰਮਤ 1655 'ਚ ਨੌਂ ਕੁ ਹਜ਼ਾਰ ਘੁਮਾਂ ਜ਼ਮੀਨ ਦਾ ਪਟਾ ਗੁਰਦੁਆਰੇ ਦੇ ਨਾਂ ਲਾ ਦਿੱਤਾ ਗਿਆ। ਗੁਰੂ ਸਾਹਿਬ ਨੇ ਆਪਣੇ ਨਿਵਾਸ ਲਈ 'ਸ਼ੀਸ਼ ਮਹਿਲ' ਤੇ 'ਗੁਰੂ ਕੇ ਮਹਿਲ ਬਣਵਾਏ। ਇਸ ਨੱਗਰ 'ਚ ਸੰਮਤ 1656 'ਚ ਗੁਰੂ ਸਾਹਿਬ ਨੇ 'ਗੰਗਸਰ ਖੂਹ ਵੀ ਲਗਵਾਇਆ। ਪੰਜਵੇਂ ਪਾਤਸ਼ਾਹ ਮਗਰੋਂ ਛੇਵੇਂ, ਸਤਵੇਂ ਅਤੇ ਨੌਂਵੇਂ ਸਤਿਗੁਰਾਂ ਨੇ ਵੀ ਉਥੇ ਨਿਵਾਸ ਕੀਤਾ ਸੀ।

● ਛਿਹਰਟਾ ਸਾਹਿਬ

ਪਿਰਥੀਏ ਦੀਆਂ ਈਰਖਾਲੂ ਹਰਕਤਾਂ ਕਾਰਨ ਗੁਰੂ ਅਰਜਨ ਸਾਹਿਬ ਸੰਮਤ 1651 ਤੋਂ 1653 ਤਕ ਵਡਾਲੀ ਪਿੰਡ ਜਾ ਟਿਕੇ ਸਨ। ਉਥੇ ਹੀ ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ 21 ਹਾੜ 1652 (19 ਜੂਨ 1595)ਵਾਲੇ ਦਿਨ ਹੋਇਆ ਸੀ। ਇਸ ਖੁਸ਼ੀ 'ਚ ਇਸ ਇਲਾਕੇ 'ਚ ਭੋਂ ਦੀ ਸਿੰਜਾਈ ਲਈ ਪਾਣੀ ਦੀ ਥੁੜ ਨੂੰ ਦੂਰ ਕਰਨ ਵਾਸਤੇ ਸੰਮਤ 1654 'ਚ ਇਸ ਪਿੰਡ ਦੇ ਪਾਸ ਇਕ ਅਜਿਹਾ ਖੂਹ ਲਗਵਾਇਆ, ਜਿਸ ਉਪਰ ਛੇ ਹਰਟ ਚੱਲ ਸਕਣ। ਇਸ ਦਾ ਨਾਂ 'ਛਿਹਰਟਾ' ਰੱਖਿਆ। ਇਸ ਦੇ ਪਾਸ ਹੀ ਸੁੰਦਰ ਗੁਰਦੁਆਰਾ ਸਾਹਿਬ ਹੈ। ਏਥੇ ਹਰ ਸਾਲ ਬਸੰਤ ਪੰਚਮੀ ਨੂੰ ਬੜਾ ਭਾਰਾ ਜੋੜ-ਮੇਲਾ ਹੁੰਦਾ ਹੈ। ਵਡਾਲੀ 'ਚ ਗੁਰੂ ਸਾਹਿਬ ਨੇ ਇਕ ਹੋਰ ਖੂਹ ਵੀ ਲਗਵਾਇਆ।

● ਸ੍ਰੀ ਹਰਿਗੋਬਿੰਦਪੁਰਾ (ਜ਼ਿਲਾ ਗੁਰਦਾਸਪੁਰ)

ਗੁਰੂ ਸਾਹਿਬ ਨੇ ਸ੍ਰੀ ਹਰਿਗੋਬਿੰਦ ਜੀ ਦੇ ਜਨਮ ਦੀ ਖੁਸ਼ੀ 'ਚ ਸੰਮਤ 1654 ਦੇ ਕਰੀਬ ਬਿਆਸ ਦੇ ਉੱਤਰੀ ਕੰਢੇ ਪਾਸ ਇਕ ਨੱਗਰ ਵਸਾਇਆ, ਜਿਸ ਦਾ ਨਾਂ 'ਗੋਬਿੰਦਪੁਰਾ' ਰੱਖਿਆ। ਮਗਰੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਉਥੇ ਵਧੇਰੇ ਰੌਣਕਾਂ ਲਾਈਆਂ, ਜਿਸ ਕਰਕੇ ਉਸ ਦਾ ਨਾਂ ਸ੍ਰੀ ਹਰਿਗੋਬਿੰਦਪੁਰਾ ਪੈ ਗਿਆ।

● ਬਉਲੀ ਸਾਹਿਬ

ਸੰਮਤ 1556 'ਚ ਗੁਰੂ ਅਰਜਨ ਸਾਹਿਬ ਨੇ ਡੱਬੀ ਬਜ਼ਾਰ ਲਾਹੌਰ 'ਚ ਇਕ ਬਉਲੀ ਤਿਆਰ ਕਰਵਾਈ ਅਤੇ ਗੁਰਦੁਆਰਾ ਬਣਵਾਇਆ। ਬਾਦਸ਼ਾਹ ਸ਼ਾਹਜਹਾਨ ਦੇ ਹੁਕਮ ਨਾਲ ਇਹ ਬਉਲੀ ਪੂਰ ਦਿੱਤੀ ਗਈ ਅਤੇ ਲੰਗਰ ਦੀ ਥਾਂ 'ਤੇ ਮਸੀਤ ਬਣਵਾ ਦਿੱਤੀ ਗਈ ਸੀ। ਮਹਾਰਾਜਾ ਰਣਜੀਤ ਸਿੰਘ ਨੇ ਸੰਮਤ 1891 'ਚ ਬਉਲੀ ਫੇਰ ਪਰਗਟ ਕੀਤੀ ਅਤੇ ਗੁਰਦੁਆਰੇ ਦੀ ਪਹਿਲਾਂ ਜਿਹੀ ਸ਼ਕਲ ਕਰ ਦਿੱਤੀ।

● ਗੁਰੂ ਕਾ ਬਾਗ

ਮਾਝੇ ਚ ਸਿੱਖੀ ਦੇ ਪਰਚਾਰ ਲਈ ਦੌਰਾ ਕਰ ਰਹੇ ਗੁਰੂ ਸਾਹਿਬ ਨੂੰ ਸਹਿੰਸਰੇ ਦੀ ਸੰਗਤ ਆਪਣੇ ਨੱਗਰ ਲੈ ਗਈ। ਗੁਰੂ ਸਾਹਿਬ ਉਥੇ ਕਈ ਦਿਨ ਟਿਕੇ। ਇਸ ਯਾਦ 'ਚ ਮਗਰੋਂ ਗੁਰਦੁਆਰਾ ਸਾਹਿਬ ਬਣਿਆ, ਜਿਸ ਦਾ ਨਾਂ 'ਗੁਰੂ ਕੀ ਰੌੜ' ਕਹਿੰਦੇ ਸਨ। ਮਗਰੋਂ ਗੁਰੂ ਤੇਗ ਬਹਾਦਰ ਸਾਹਿਬ ਨੇ ਉਥੇ ਬਾਗ਼ ਲਗਵਾਇਆ, ਜਿਸ ਤੋਂ ਇਸ ਅਸਥਾਨ ਦਾ ਨਾਂ 'ਗੁਰੂ ਕਾ ਬਾਗ਼' ਪੈ ਗਿਆ।

● ਸ੍ਰੀ ਰਾਮਸਰ

ਸੰਮਤ 1659-60 'ਚ ਗੁਰੂ ਅਰਜਨ ਸਾਹਿਬ ਨੇ 'ਰਾਮਸਰ' ਨਾਂ ਦਾ ਇਕ ਛੋਟਾ ਜਿਹਾ ਸਰੋਵਰ ਬਣਵਾਇਆ। ਇਸ ਦੇ ਕਿਨਾਰੇ ਬੈਠ ਕੇ ਸੁਖਮਨੀ ਸਾਹਿਬ ਦੀ ਰਚਨਾ ਰਚੀ ਗਈ ਸੀ ਅਤੇ ਏਥੇ ਹੀ ਭਾਈ ਗੁਰਦਾਸ ਜੀ ਪਾਸੋਂ ਗੁਰੂ ਗਰੰਥ ਸਾਹਿਬ ਦੀ ਬੀੜ ਲਿਖਵਾਈ ਗਈ।

ਭਾਗ 2

5) ਸਿੱਖ ਧਰਮ 'ਚ ਸ਼ਹਾਦਤ ਦਾ ਸੰਕਲਪ

ਭਾਰਤ ਵਿੱਚ ਸ਼ਹੀਦੀ ਦਾ ਸੰਕਲਪ ਮੁਸਲਮਾਨ ਲੈਕੇ ਆਏ। ਅਰਬੀ ਵਿੱਚ ਸ਼ਹੀਦੀ ਦੇ ਅਰਥ ਆਪਣੇ ਵਿਸ਼ਵਾਸ ਲਈ ਲੜਦਿਆਂ ਮਰ ਜਾਣ ਦੇ ਹਨ। ਸ਼ਹੀਦੀ ਅਰਬੀ ਭਾਸ਼ਾ ਦਾ ਸ਼ਬਦ ਹੈ ਅਤੇ ਇਸ ਦਾ ਮਤਲਬ ਹੈ ਉਹ ਆਦਮੀ ਜਿਹੜਾ ਨਿਜ ਸੁਆਰਥ ਤੋਂ ਉਪਰ ਉਠ ਕੇ, ਪਰਉਪਕਾਰ, ਧਰਮ, ਕੌਮ ਜਾਂ ਵਤਨ ਲਈ ਸ਼ਹੀਦ ਹੋਵੇ। ਯਹੂਦੀ, ਈਸਾਈ ਅਤੇ ਇਸਲਾਮ 'ਚ ਸ਼ਹਾਦਤ ਦੀ ਪਰੰਪਰਾ ਬਹੁਤ ਪੁਰਾਣੀ ਹੈ। ਇਸਲਾਮ ਤੋਂ ਬਾਅਦ ਗੁਰਮਤਿ ਦਰਸ਼ਨ ਅਤੇ ਖਾਲਸਾ ਪੰਥ ਦੀ ਲੋਕਧਾਰਾ 'ਚ ਸ਼ਹੀਦ ਤੇ ਸ਼ਹਾਦਤ ਦੇ ਸ਼ਬਦ ਸਭ ਤੋਂ ਵਧੀਕ ਵਾਰ ਵਰਤੇ ਜਾਂਦੇ ਆ ਰਹੇ ਹਨ।

ਹਿੰਦੂ ਧਰਮ ਵਿੱਚ ਬਲੀਦਾਨ ਦਾ ਸੰਕਲਪ ਤਾਂ ਹੈ, ਪਰ ਸ਼ਹੀਦੀ ਦਾ ਸੰਕਲਪ ਨਹੀਂ। ਸਿੱਖ ਲਹਿਰ ਤੋਂ ਪਹਿਲਾਂ ਭਾਰਤੀ ਪਰੰਪਰਾ ਸ਼ਹੀਦਾਂ ਤੋਂ ਸੱਖਣੀ ਰਹੀ ਹੈ। ਭਾਰਤੀ ਮਿਥਿਹਾਸ 'ਚ ਪ੍ਰਹਿਲਾਦ ਤੇ ਇਸ ਕਿਸਮ ਦੀਆਂ ਇੱਕਾ-ਦੁੱਕਾ ਗਾਥਾਵਾਂ ਨੂੰ ਛੱਡ ਕੇ, ਭਾਰਤੀ ਇਤਿਹਾਸ 'ਚ ਪਹਿਲੀ ਵਾਰ ਸਿੱਖ ਲਹਿਰ ਨਾਲ ਸ਼ਹੀਦੀਆਂ ਦਾ ਦੌਰ ਆਰੰਭ ਹੁੰਦਾ ਹੈ।

ਸ਼ਹੀਦੀ ਕੁਰਬਾਨੀ ਦੀ ਸਿਖਰ ਹੈ ਅਤੇ ਉਚ ਪਦਵੀ ਹੈ, ਜੋ ਹਰੇਕ ਨੂੰ ਨਸੀਬ ਨਹੀਂ ਹੁੰਦੀ। ਇਸ ਨੂੰ ਕੇਵਲ ਉਹੀ ਪ੍ਰਾਪਤ ਕਰ ਸਕਦਾ ਹੈ ਜਿਸ ਨੂੰ ਸਚਾਈ ਦੇ ਰਾਹ 'ਤੇ ਚਲਦੇ ਹੋਏ ਮੌਤ ਦਾ ਡਰ ਨਹੀਂ ਰਹਿੰਦਾ। ਗੁਰੂ ਨਾਨਕ ਸਾਹਿਬ ਅਜਿਹੇ ਮਰਨੇ ਨੂੰ 'ਮਰਣੁ ਮੁਣਸਾਂ ਸੂਰਿਆਂ ਹਕ ਹੈ, ਜੋ ਹੋਇ ਮਰਹਿ ਪਰਵਾਣੋ॥' ਬਹਾਦਰਾਂ ਦਾ ਹੱਕ ਸਮਝਦੇ ਹੋਏ ਇਸ ਨੂੰ ਮਨਜ਼ੂਰ ਕਰਨ ਲਈ ਆਖਦੇ ਹਨ। ਸਿੱਖੀ ਦੇ ਮਹਾਨ ਵਿਆਖਿਆਕਾਰ ਭਾਈ ਗੁਰਦਾਸ ਜੀ ਦੀਆਂ ਨਜ਼ਰਾਂ 'ਚ ਕੇਵਲ ਉਹੀ ਸ਼ਹੀਦ ਅਖਵਾਉਣ ਦਾ ਹੱਕਦਾਰ ਹੈ ਜਿਸ 'ਚ "ਸਬਰ ਸਿਦਕ ਸ਼ਹੀਦ ਭਰਮ ਭਉ ਖੋਵਨਾ' ਜਿਹੇ ਅਮੋਲਕ ਗੁਣ ਹੋਣ।

ਗੁਰਮਤਿ ਅਨੁਸਾਰ ਮਨੁੱਖ ਸਮੂਹਕ ਸੱਚ ਦਾ ਇਕ ਹਿਸਾ ਹੈ। ਜਦ ਤਕ ਉਹ ਆਪਣੇ ਵਿਅਕਤੀਤਵਨੂੰ ਸੱਚ ਦੇ ਸਮੂਹ ਨਾਲ ਰਲਾ ਨਹੀਂ ਲੈਂਦਾ, ਉਦੋਂ ਤਕ ਉਹ ਪੂਰਨ ਨਹੀਂ ਹੋ ਸਕਦਾ। ਸਚਿਆਰ ਦੇ ਪਾਂਧੀ ਨੂੰ ਕਈ ਵਾਰ ਸ਼ਹੀਦੀ ਦੇ ਚੌਂਕ ਵਿੱਚ ਦੀ ਲੰਘਣਾ ਪੈਂਦਾ ਹੈ। ਜਪੁਜੀ ਸਾਹਿਬ ਦੀ ਪਹਿਲੀ ਪਉੜੀ ਇਸੇ ਸੁਆਲ ਤੋਂ ਹੀ ਸ਼ੁਰੂ ਹੁੰਦੀ ਹੈ, ਜਿਸ 'ਚ ਸਚਿਆਰ ਬਣਨ ਦਾ ਸੁਆਲ ਖੜਾ ਕਰਕੇ ਨਾਲ ਹੀ ਜੁਆਬ ਵੀ ਦਿੱਤਾ ਹੋਇਆ ਹੈ। 'ਹੁਕਮ ਰਜਾਈ' ਅਨੁਸਾਰ ਚਲਣਾ ਹੀ ਸ਼ਹੀਦ

ਹੋਣਾ ਹੈ। ਹੁਕਮ ਅਨੁਸਾਰ ਚਲਣ ਦਾ ਮਤਲਬ ਹੈ ਆਪਣੀ ਵਿਅਕਤੀਗਤ ਇੱਛਾ ਨੂੰ ਤਿਆਗਣਾ ਅਤੇ ਉਸ ਪਰਮ ਹਸਤੀ, ਜਿਹੜੀ ਸਰਬ ਵਿਆਪਕ ਹੈ, ਦੀ ਇੱਛਾ ਮੁਤਾਬਕ ਚਲਣਾ।

ਮਨੁੱਖ ਇਕ ਅਪੂਰਨ ਇਕਾਈ ਹੈ। ਅਪੂਰਨਤਾ ਦੀ ਪੂਰਨਤਾ ਵਲ ਦੌੜ ਦਾ ਨਾਂ ਹੀ ਜ਼ਿੰਦਗੀ ਹੈ। ਮਨੁੱਖ ਜ਼ਿੰਦਗੀ ਭਰ ਕਈ ਕਿਸਮ ਦੀਆਂ ਪ੍ਰਾਪਤੀਆਂ ਕਰਦਾ ਹੈ, ਪਰ ਦੁਨਿਆਵੀ ਪ੍ਰਾਪਤੀਆਂ ਨਾਲ ਉਸ ਦੀ ਸੰਤੁਸ਼ਟੀ ਨਹੀਂ ਹੁੰਦੀ ਕਿਉਂਕਿ ਅਸਲ ਸੰਤੁਸ਼ਟਤਾ ਪੂਰਨਤਾ 'ਚੋਂ ਹੀ ਹੋਣੀ ਹੁੰਦੀ ਹੈ। ਪੂਰਨਤਾ ਉਦੋਂ ਹੀ ਪ੍ਰਾਪਤ ਹੁੰਦੀ ਹੈ ਜਦੋਂ ਬੰਦਾ ਆਪਣੇ ਮੂਲ ਸੱਚ ਨਾਲ ਜੁੜ ਜਾਂਦਾ ਹੈ। ਸੱਚ ਨਾਲ ਜੁੜੇ ਮਨੁੱਖ ਦਾ ਜੀਵਨ ਸੱਚਾ ਤੇ ਸੁੱਚਾ ਹੁੰਦਾ ਹੈ ਅਤੇ ਉਹ ਸਚਾਈ, ਨੇਕੀ, ਪਰਉਪਕਾਰ ਅਤੇ ਲੋਕ ਭਲਾਈ ਲਈ ਆਪਣਾ ਜੀਵਨ ਵਾਰਦਾ ਹੈ। ਇਸ ਤਰ੍ਹਾਂ ਸ਼ਹੀਦੀ ਸ਼ੁਭ ਕੰਮ ਦਾ ਸਰਬੋਤਮ ਫਲ ਹੈ।

ਸ਼ਹਾਦਤ, ਮਨੁੱਖ ਅੰਦਰ ਮਨੁੱਖਤਾ ਦੇ ਅਹਿਸਾਸ ਦੇ ਜਾਗਣ ਦਾ ਇਕ ਲਿ ਸ਼ਕਾਰਾ ਹੈ। ਮਹਾਨ ਸ਼ਹਾਦਤ ਦੀ ਉਤਪਤੀ ਮਹਾਨ ਜੀਵਨ ਸਿਧਾਂਤ 'ਚੋਂ ਹੁੰਦੀ ਹੈ। ਗੁਰਮਤਿ ਅਨੁਸਾਰ ਸਿਮਰਨ ਨਾਲ ਮਨੁੱਖ ਅੰਦਰ ਜਦ ਅੰਤਰ ਜੋਤ ਜਾਗਦੀ ਹੈ, ਤਾਂ ਉਸ ਅੰਦਰ ਅਥਾਹ ਤੇ ਅਸਗਾਹ ਸ਼ਕਤੀ ਜਾਗਦੀ ਹੈ, ਜੋ ਉਸ ਨੂੰ ਨਿਰਭੈ ਬਣਾ ਦਿੰਦੀ ਹੈ। ਜਦ ਮਨੁੱਖ ਅੰਦਰ 'ਗੁਰਮੁਖਤਾ' ਦੇ ਗੁਣਾਂ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਉਹ ਨਿਰਭੈ ਹੋਣ ਦੇ ਨਾਲ ਨਾਲ ਨਿਰਵੈਰ ਹੋਕੇ ਸ਼ਹੀਦੀ ਪ੍ਰਾਪਤ ਕਰਨ ਲ ਈ ਤਿਆਰ-ਬਰ-ਤਆਰ ਹੋ ਜਾਂਦਾ ਹੈ। ਉਸ ਅੰਦਰੋਂ ਹਾਰ ਤੇ ਸਹਿਮ ਦੇ ਡਰ ਅਲੋਪ ਹੋ ਜਾਂਦੇ ਹਨ ਕਿਉਂਕਿ ਉਹ ਸਹਜ ਅਵਸਥਾ 'ਚ ਹੁੰਦਾ ਹੈ ਜਿਸ 'ਚ ਸਤਿ, ਸੰਤੋਖ ਤੇ ਗਿਆਨ ਉਸ ਦੇ ਮਨ ਨੂੰ ਇਕਾਗਰਤਾ ਪ੍ਰਦਾਨ ਕਰਦੇ ਹਨ।

ਗੁਰਮਤਿ 'ਚ ਜੀਵਨ ਮੁਕਤੀ ਇਸੇ ਮਨੁੱਖੀ ਹੋਂਦ ਦਾ ਹੀ ਇਕ ਆਦਰਸ਼ਕ ਰੂਪ ਹੈ ਜਿਸ ਮੁਤਾਬਕ ਸਿਰ ਤਲੀ ਤੇ ਧਰ ਕੇ ਹੀ ਇਸ਼ਟ ਦੀ ਗਲੀ ਜਾਣਾ ਹੁੰਦਾ ਹੈ। ਇਸ ਮਾਰਗ 'ਤੇ ਪੈਰ ਧਰਨ ਨਾਲ ਜੋ ਜ਼ਿਮੇਵਾਰੀ ਬਣਦੀ ਹੈ, ਉਸ ਦੀ ਪੂਰਤੀ ਲਈ ਸਿਰ ਦੇਣ ਲੱਗਿਆਂ ਕਾਣ ਵੀ ਨਹੀਂ ਕਰਨੀ ਹੁੰਦੀ, ਸਗੋਂ ਖ਼ੁਸ਼ੀ-ਖ਼ੁਸ਼ੀ ਸਿਰ ਦੇਣਾ ਹੁੰਦਾ ਹੈ। ਸ਼ਹੀਦ ਆਪਣੇ ਆਪ (ਬੂੰਦ) ਨੂੰ ਸਮੂਹ (ਸਾਗਰ) 'ਚ ਸ਼ਾਮਲ ਕਰਕੇ ਬੂੰਦ ਨੂੰ ਸਾਗਰ ਨਾਲ ਮਿਲਾ ਰਿਹਾ ਹੁੰਦਾ ਹੈ। ਬੂੰਦ ਸਾਗਰ ਨਾਲ ਤਾਂ ਹੀ ਮਿਲੇਗੀ ਜੇ ਉਹ ਆਪਣੀ ਬੂੰਦ ਵਾਲੀ ਹਸਤੀ ਗੁਆਏਗੀ। ਆਪਣੀ ਹਸਤੀ ਸਮੂਹ ਵਾਸਤੇ ਖਤਮ ਕਰਨਾ ਹੀ ਸ਼ਹੀਦੀ ਹੈ।

ਸ਼ਹੀਦੀ ਮਨੁੱਖੀ ਅਤਿਆਚਾਰ ਵਿਰੁੱਧ ਸਤਿਆਚਾਰ ਹੈ, ਤਸ਼ੱਦਦ 'ਤੇ ਸਹਿਣਸ਼ੀਲ ਤਾ ਦੀ ਫਤਹਿ ਹੈ, ਸ਼ਹਾਦਤ ਕਿਸੇ ਕਿਸਮ ਦੀ ਕੋਈ ਮਜਬੂਰੀ ਨਹੀਂ, ਸਗੋਂ ਸਹਜ ਸਬੂਰੀ ਦੀ

ਸ਼ਾਂਤ ਅਵਸਥਾ ਹੈ। ਪਤੰਗੇ ਦਾ ਕੁਰਬਾਨ ਹੋ ਕੇ ਰੌਸ਼ਨੀ 'ਚ ਮਿਲ ਜਾਣਾ ਹੈ। ਇਹ ਨਿਰੀ ਨਿਰਭਉ ਸ਼ਕਤੀ ਹੀ ਨਹੀਂ ਸਗੋਂ ਨਿਰਵੈਰ ਸ਼ਕਤੀ ਵੀ ਹੈ। ਇਹ, ਇਕ ਫ਼ਰਜ਼ ਹੈ, ਜਿਸ ਨੂੰ ਨਿਭਾਉਣਾ ਆਮ ਮਨੁੱਖ ਦੇ ਵੱਸ ਦੀ ਗੱਲ ਨਹੀਂ। ਸਿਰਜਨਹਾਰ ਦੀ ਸਮੁੱਚੀ ਸਿਰਜਨਾ ਨਾਲ ਅਭੇਦ ਹੋਣਾ ਭਾਵਆਪਣੇ ਆਪ ਨੂੰ ਉਸ ਦਾ ਹਿੱਸਾ ਬਣਾ ਸਕਣਾ ਹੀ ਪਰਮ ਜੋਤਿ ਨਾਲ ਇਕ ਜੋਤ ਹੋਣਾ ਹੈ। ਗੁਰਬਾਣੀ ਦੇ ਮਹਾਨ ਵਿਆਖਿਆਕਾਰ ਭਾ. ਗੁਰਦਾਸ ਜੀ ਨੇ ਗੁਰੂ ਅਰਜਨ ਸਾਸਿਬ ਦੀ ਸ਼ਹਾਦਤ ਨੂੰ 'ਜੋਤੀ ਅੰਦਰਿ ਜੋਤਿ ਸਮਾਣੀ' ਇਸੇ ਕਰਕੇ ਆਖਿਆ ਹੈ।

ਸ਼ਹੀਦੀ ਮਨੁੱਖੀ ਕਰਮ ਦੀ ਕੁਰਬਾਨੀ ਦੀ ਸਿਖਰ ਹੈ ਅਤੇ ਸਭ ਤੋਂ ਉੱਤਮ ਪ੍ਰਾਪਤੀ ਹੈ। ਕਿਸੇ ਨਾਲ ਹੋ ਰਹੇ ਅਨਿਆਏ ਨੂੰ ਰੋਕਣ ਲਈ ਜਾਂ ਕਿਸੇ 'ਤੇ ਹੋ ਰਹੇ ਜ਼ੁਲਮ ਨੂੰ ਵੇਖ ਕੇ ਜਾਂ ਕਿਸੇ ਦੇ ਦੁਖਾਂ ਦੀ ਨਵਿਰਤੀ ਕਰਨ ਲਈ ਜਾਂ ਕਿਸੇ ਮਾਨਵੀ ਸਿਧਾਂਤ ਲਈ ਜਾਨ ਦੇ ਦੇਣੀ ਸ਼ਹਾਦਤ ਹੈ ਅਤੇ ਮਹਾਨ ਜੀਵਨ ਪ੍ਰਾਪਤੀ ਦਾ ਲੱਛਣ ਹੈ। ਕੇਵਲ ਤੇ ਕੇਵਲ ਮਹਾਨ ਵਿਅਕਤੀ ਹੀ ਸ਼ਹਾਦਤ ਦੇ ਸਕਦਾ ਹੈ। ਸ਼ਹੀਦ ਮਨੁੱਖੀ ਇਨਸਾਫ ਲਈਜਾਂ ਮਨੁੱਖੀ ਭਲਾਈ ਲਈ ਕੁਰਬਾਨੀ ਦਿੰਦਾ ਹੈ। ਉਸ ਅੰਦਰ ਕਿਸੇ ਨਾਲ ਜ਼ਾਤੀ, ਨਸਲੀ, ਕੌਮੀ ਜਾਂ ਹੋਰ ਕਿਸੇ ਕਿਸਮ ਦੀ ਦੁਸ਼ਮਣ ਭਾਵਨਾ ਨਹੀਂ ਹੁੰਦੀ। ਕਿਸੇ ਵੀ ਮਨੁੱਖ-ਹਿਤੈਸ਼ੀ ਮਨੋਰਥ ਲਈ ਦਿੱਤੀ ਕੁਰਬਾਨੀ ਸ਼ਹਾਦਤ ਹੈ। ਜਿਸ ਕੁਰਬਾਨੀ ਪਿੱਛੇ ਕੰਮ ਕਰ ਰਹੀ

ਚੇਤੰਨਤਾ ਸਾਰੇ ਬ੍ਰਹਿਮੰਡ ਦੇ ਸਮੁੱਚੇ ਜੀਵਨ ਨਾਲ ਸਬੰਧਤ ਹੋਵੇ, ਸਭ ਜੀਵ-ਜੰਤੂਆਂ ਅਤੇ ਸਮੁੱਚੀ ਮਨੁੱਖਤਾ ਲਈ ਕੰਮ ਕਰ ਰਹੀ ਹੋਵੇ, ਉਸ ਨੂੰ ਮਹਾਨ ਸ਼ਹਾਦਤ **(Sublime martyrdom)** ਆਖਦੇ ਹਨ।

ਬ੍ਰਹਿਮੰਡ ਦੀ ਹਰ ਸ਼ੈਅ ਆਪ ਪਲਰ-ਪੁੰਗਰ ਕੇ ਅਤੇ ਟਹਿਕ-ਮਹਿਕ ਕੇ ਦੂਜਿਆਂ ਦੇ ਜੀਣ-ਥੀਣ 'ਚ ਕਿਸੇ ਨਾ ਕਿਸੇ ਤਰ੍ਹਾਂ ਸਹਾਇਕ ਹੋ ਰਹੀ ਹੈ। ਪਰ ਦੂਜਿਆਂ ਲਈ ਆਪਣੇ ਆਪੇ ਦੀ ਕੁਰਬਾਨੀ ਦੇਣਾ ਸਭ ਤੋਂ ਉੱਤਮ ਕਰਮ ਹੈ। ਮਨੁੱਖ ਉੱਤਮ ਕਰਮ ਤਾਂ ਹੀ ਕਰ ਸਕਦਾ ਹੈ ਜੇ ਉਸ ਦਾ ਮਨ ਨਿਰਮਲ ਹੋ ਜਾਵੇ ਕਿਉਂਕਿ ਮਨੁੱਖੀ ਸਰੀਰ ਦਾ ਸਰਦਾਰ ਮਨ ਹੈ। ਜੇ ਮਨ ਨਿਰਮਲ ਹੋ ਜਾਵੇ ਤਾਂ ਸਰੀਰਕ ਕਰਮ ਆਪੇ ਨਿਰਮਲ ਹੋ ਜਾਣਗੇ। ਹਰ ਮਨੁੱਖ ਅੰਦਰ ਮਨ ਹੀ ਉਸ ਦੇ ਸਰੀਰ ਨੂੰ ਕੰਟਰੋਲ ਕਰਦਾ ਹੈ, ਪਰ ਇਸ ਨੂੰ ਚਲਾਉਣ ਵਾਲੀ ਆਤਮਕ ਸ਼ਕਤੀ ਹੈ। ਮਨ ਪਿੱਛੇ ਬੁੱਧੀ ਅਤੇ ਬੁੱਧੀ ਪਿੱਛੇ ਕੰਮ ਕਰ ਰਹੀ ਸ਼ਕਤੀ ਆਤਮਾ ਦੀ ਹੈ। ਇਸ ਆਤਮਾ ਤੋਂ ਹੀ ਮਨ ਨੂੰ ਸ਼ਕਤੀ ਮਿਲਦੀ ਹੈ। ਮਨੁੱਖ ਦੀ ਆਤਮਾ ਹੀ ਮਹਾਨ ਸਮੂਹ ਚੇਤੰਨ ਸ਼ਕਤੀ ਦਾ ਹਿੱਸਾ ਹੈ।

ਇਸੇ ਚੇਤੰਨ ਸ਼ਕਤੀ ਦੇ ਸਹਾਰੇ ਹੀ ਸਾਰੇ ਬ੍ਰਹਿਮੰਡ ਦੀ ਕ੍ਰਿਆ ਚਲ ਰਹੀ ਹੈ।

ਸੂਰਜ, ਚੰਦ, ਸਿਤਾਰੇ, ਹਵਾ, ਪਾਣੀ ਝੱਖੜ ਆਦਿਕ ਦ੍ਰਿਸ਼ਟਮਾਨ ਤੇ ਅਦ੍ਰਿਸ਼ਟਮਾਨ ਇਸ ਚੇਤਨ ਸ਼ਕਤੀ ਦੀ ਹੀ ਕਿਰਤ ਹਨ। ਇਸ ਸ਼ਕਤੀ ਕਰਕੇ ਹੀ ਇਹ ਸਭ ਵਜੂਦ 'ਚ ਆਏ; ਇਸੇ ਸ਼ਕਤੀ ਦੇ ਇਕ ਖਾਸ ਨਿਯਮ 'ਚ ਬੱਝੇ ਹੋਏ ਇਸ ਬ੍ਰਹਮੰਡ 'ਚ ਆਪੋ ਆਪਣਾ ਨਿਸਚਿਤ ਯੋਗਦਾਨ ਪਾ ਰਹੇ ਹਨ। ਇਸ ਭੇਦ ਨੂੰ ਸਾਇੰਸ ਨਹੀ ਖੋਲ੍ਹ ਸਕੀ। ਸਾਇੰਸ ਕੇਵਲ ਸਰੀਰਕ ਸਾਇੰਸ ਤਕ ਹੀ ਪਹੁੰਚਦੀ ਹੈ, ਜਿੱਥੋਂ ਰੂਹਾਨੀਅਤ ਸ਼ੁਰੂ ਹੁੰਦੀ ਹੈ। ਸਾਇੰਸ ਕੋਲ ਸਿਰੇ ਦੀਆਂ ਦੂਰਬੀਨਾਂ ਹਨ, ਖੁਰਦਬੀਨਾਂ ਹਨ, ਪਰੰਤੂ ਆਪਣੇ ਅੰਦਰ ਵੇਖ ਸਕਣ ਲਈ ਕੁਝ ਨਹੀਂ। ਗੁਰੂ ਅਰਜਨ ਸਾਹਿਬ ਇਸੇ ਚੇਤਨ ਸ਼ਕਤੀ ਨਾਲ ਦੇਗ 'ਚ ਉਬਲਦੇ, ਤੱਤੀ ਰੇਤ 'ਚ ਦਾਣਿਆਂ ਦੀ ਤਰ੍ਹਾਂ ਭੁਜਦੇ, ਜਦ ਸਰੀਰ ਸੜਦੀ ਰੇਤ ਨਾਲ ਤਿੜਕਦਾ ਸੀ, ਚਿਹਰਾ ਮੁਸਕਰਾਉਂਦਾ ਸੀ ਅਤੇ ਰਸਨਾ ਆਖਦੀ:

ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮ ਪਦਾਰਥ ਨਾਨਕ ਮਾਂਗੈ॥ (ਪੰਨਾ 394)

ਸ਼ਾਨਾਂ ਮੱਤੇ ਸਿੱਖ ਇਤਿਹਾਸ ਵਿੱਚ ਸ਼ਹਾਦਤ ਬੜਾ ਅਹਿਮ ਸਥਾਨ ਰੱਖਦੀ ਹੈ। ਸਾਡੇ ਗੁਰੂਆਂ ਦੀਆਂ ਸ਼ਹਾਦਤਾਂ ਪਿੱਛੇ ਸਿੱਖੀ ਅਸੂਲ ਤੇ ਗੁਰਮਤਿ ਦਰਸ਼ਨ ਸੰਮਿਲਤ ਹਨ। ਹੁਣ ਤਕ ਅਸੀਂ ਸ਼ਹੀਦਾਂ ਦੇ ਲਹੂ-ਭਿਜੇ ਇਤਿਹਾਸ ਸਦਕਾ ਹੀ ਆਪਣੀ ਹੋਂਦ ਨੂੰ ਕਾਇਮ ਰੱਖਿਆ ਹੋਇਆ ਹੈ। ਸਿੱਖ ਇਤਿਹਾਸ ਲਾਸਾਨੀ ਸ਼ਹਾਦਤਾਂ ਦਾ ਆਦਰਸ਼ਕ ਨਮੂਨਾ ਹੈ। ਇਹ, ਨਾ ਕੇਵਲ ਸਿੱਖ ਸੂਰਮਿਆਂ ਦੀਆਂ ਅਦੁਤੀ ਕੁਰਬਾਨੀਆਂ ਨਾਲ ਭਰਿਆ ਪਿਆ ਹੈ ਸਗੋਂ ਬਹਾਦਰ ਸਿੱਖ ਇਸਤਰੀਆਂ ਦੀਆਂ ਲਾਸਾਨੀ ਸ਼ਹਾਦਤਾਂ ਨਾਲ ਵੀ। ਮਾਵਾਂ ਦੇ ਸਾਹਮਣੇ ਉਹਨਾਂ ਦੇ ਬੱਚਿਆਂ ਨੂੰ ਟੁਕੜੇ ਟੁਕੜੇ ਕੀਤਾ ਗਿਆ ਅਤੇ ਬੱਚਿਆਂ ਦੇ ਟੁਕੜਿਆਂ ਦੇ ਹਾਰ ਬਣਾ ਕੇ ਮਾਵਾਂ ਦੇ ਗਲਾਂ 'ਚ ਪਾਏ ਗਏ, ਅਜਿਹਾ ਭਿਆਨਕ ਜ਼ੁਲਮ ਵੇਖ ਸਕਣਾ ਕਿਸੇ ਵੀ ਮਾਂ ਲਈ ਬੜਾ ਭਾਰੀ ਮਾਨਸਿਕ ਸਦਮਾ ਹੁੰਦਾ ਹੈ। ਧੰਨ ਸਨ ਉਹ ਸਿੱਖ ਮਾਵਾਂ ਜੋ ਇਤਨੇ ਵਹਿਸ਼ੀਆਨਾ ਜ਼ੁਲਮਾਂ ਦੀਆਂ ਅਝੱਲ ਸੱਟਾਂ ਝਲ ਕੇ ਵੀ ਸਿੱਖੀ ਸਿਦਕ ਤੋਂ ਨਹੀਂ ਸਨ ਡੋਲੀਆਂ।

ਜਦੋਂ ਗੁਰੂ ਸਾਹਿਬਾਨ ਨੇ ਸ਼ਹਾਦਤਾਂ ਦਿੱਤੀਆਂ, ਸਿਦਕੀ ਸਿੱਖਾਂ ਨੇ ਸ਼ਹਾਦਤਾਂ ਦਿੱਤੀਆਂ, ਸਾਹਿਬਜ਼ਾਦਿਆਂ ਨੇ ਸ਼ਹਾਦਤਾਂ ਦਿੱਤੀਆਂ, ਉਦੋਂ ਸਾਡਾ ਕੋਈ ਹਮਦਰਦ ਤਾਂ ਨੇੜੇ ਤੇੜੇ ਮੌਜੂਦ ਨਹੀਂ ਸੀ, ਇਹ ਸਭ ਕੁਝ ਵਕਤ ਦੇ ਕਾਤਲਾਂ ਨੇ ਹੀ ਸਾਨੂੰ ਦੱਸਿਆ ਹੈ ਕਿ ਸਿਦਕੀ ਸਿੱਖ ਬੰਦ-ਬੰਦ ਕਟਵਾਉਣ ਵਕਤ, ਜਾਂ ਜਿਉਂਦਿਆਂ ਨੀਹਾਂ ਵਿੱਚ ਚਿਣੇ ਜਾਣ ਵਕਤ ਜਾਂ ਦੇਗਾਂ ਵਿੱਚ ਉਬਲਣ ਸਮੇਂ ਜਾਂ ਚਰਖੜੀਆਂ 'ਤੇ ਚੜ੍ਹਨ ਵੇਲੇ ਕਿਤਨੇ ਅਡੋਲ ਰਹੇ? ਤੱਤੀ ਤਵੀ ਉੱਪਰ ਬੈਠੇ ਗੁਰੂ ਅਰਜਨ ਸਾਹਿਬ 'ਬਿਸਰ ਗਈ ਸਭ ਤਾਤ ਪਰਾਈ॥ ਨਾ ਕੋ ਬੈਰੀ ਨਾਹਿ ਬਿਗਾਨਾ ਸਗਲ

ਸੰਗ ਹਮ ਕਉ ਬਨਿ ਆਈ॥' ਦੀ ਧੁਨੀ ਨਾਲ ਸਹਿਜ ਅਵਸਥਾ ਵਿੱਚ ਸ਼ਾਂਤ ਸਨ।

ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਇਕ ਅਜੀਬ ਕਿਸਮ ਦੀ ਕਰਾਮਾਤ ਹੈ। ਉਹਨਾਂ ਨਿੱਕੀਆਂ ਜਿੰਦਾਂ ਨੇ ਸਾਬਤ ਕੀਤਾ ਕਿ ਈਮਾਨ ਉਹਨਾਂ ਪਾਸ ਸੀ, ਨਾ ਕਾਜ਼ੀ ਕੋਲ ਸੀ ਅਤੇ ਨਾ ਹੀ ਹਕੂਮਤ ਕੋਲ। ਅਸੀਂ ਸਭ ਜਾਣਦੇ ਹਾਂ ਕਿ ਰਤਾ ਕੁ ਸੱਟ ਲੱਗਣ ਨਾਲ ਜਾਂ ਖ਼ੂਨ ਦੀ ਇਕ ਬੂੰਦ ਵੇਖਣ ਸਾਰ ਬੱਚੇ ਰੋਣ ਲੱਗ ਜਾਂਦੇ ਹਨ। ਤਸੀਹੇ ਦੇ-ਦੇ ਕੇ ਜਦ ਉਹਨਾਂ ਨੂੰ ਪੁੱਛਿਆ ਜਾਂਦਾ ਕਿ 'ਇਸਲਾਮ ਕਬੂਲ ਕਰੋਗੇ ਜਾਂ ਮੌਤ'? ਇਸ ਸੁਆਲ ਦੇ ਉੱਤਰ ਵਿੱਚ ਉਹਨਾਂ ਦੀਆਂ ਕੋਮਲ ਬੁੱਲ੍ਹੀਆਂ ਵਿੱਚੋਂ ਸੁਣਾਈ ਦਿੰਦਾ-'ਮੌਤ'। ਕੁੱਲ ਸੰਸਾਰ ਵਾਸਤੇ ਸੁੱਖ ਮੰਗਦੇ-ਮੰਗਦੇ ਸਿਦਕੀ ਬੱਚੇ ਪੂਰੇ ਜਲੌਅ ਨਾਲ ਸ਼ਹਾਦਤਾਂ ਦੇਕੇ ਆਉਣ ਵਾਲੀਆਂ ਮਨੁੱਖੀ ਨਸਲਾਂ ਲਈ ਨਵੇਂ ਪੂਰਨੇ ਪਾ ਗਏ।

ਸਾਕਾ ਸਰਹਿੰਦ ਨੇ ਸਿੱਖ ਮਾਨਸਿਕਤਾ ਨੂੰ ਇਕ ਨਵੀਂ ਸ਼ਕਤੀ ਦਿੱਤੀ। ਇਹ ਮੰਦਭਾਗੀ ਘਟਨਾ ਮੁਗ਼ਲ ਹਕੂਮਤ ਦੇ ਜ਼ੁਲਮ ਤੇ ਧਾਰਮਿਕ ਹੱਠ-ਧਰਮੀ ਦੀ ਸਿਖਰ ਕਹੀ ਜਾ ਸਕਦੀ ਹੈ। ਮਾਸੂਮ ਜਿੰਦਾਂ 'ਤੇ ਅਜਿਹਾ ਕਹਿਰ ਹੁੰਦਾ ਵੇਖਕੇ ਤਾਂ ਧਰਤੀ ਮਾਂ ਨੇ ਵੀ ਲੰਮਾ ਹਉਕਾ ਭਰਿਆ ਹੋਵੇਗਾ। ਇਹ ਸਾਕਾ ਜ਼ੁਲਮ ਉਤੇ ਨਿਆਂ ਦੀ ਫਤਹਿ, ਝੂਠ ਉਤੇ ਸੱਚ ਦੀ ਫਤਹਿ, ਜਬਰ 'ਤੇ ਸਬਰ ਦੀ ਫਤਹਿ ਅਤੇ ਲਾਲਚ 'ਤੇ ਤਿਆਗ ਦੀ ਫਤਹਿ ਦਾ ਪ੍ਰਤੀਕ ਹੈ। ਸਰਹਿੰਦ ਦਾ ਖ਼ੂਨੀ ਸਾਕਾ ਸਿੱਖਾਂ ਦੀ ਕਰਬਲਾ ਦਾ ਸਾਕਾ ਹੀ ਤਾਂ ਹੈ। ਇਹ ਮਹਾਨ ਸਾਕਾ ਸਿੱਖ ਕੌਮ ਦਾ ਅਮੀਰ ਵਿਰਸਾ ਹੈ, ਜੋ ਸਿੱਖ ਕੌਮ ਨੂੰ ਅਣਖ ਤੇ ਗ਼ੈਰਤ ਨਾਲ ਜਿਊਣ ਦਾ ਬਲ ਪ੍ਰਦਾਨ ਕਰਦਾ ਹੈ। ਇਹੀ ਕਾਰਨ ਹੈ ਕਿ ਸਿੱਖ ਕੌਮ ਕੋਲ ਵੱਡੀ ਤੋਂ ਵੱਡੀ ਆਫਤ ਦੇ ਟਾਕਰੇ ਲ ਈ ਚੌੜਾ ਸੀਨਾ, ਸਹਿਣਸ਼ੀਲਤਾ ਅਤੇ ਵਿਸ਼ਾਲ ਦਿਲ ਹੈ। ਹਿੰਦੀ ਦੇ ਪ੍ਰਸਿੱਧ ਕਵੀ ਮੈਥਲੀ ਸ਼ਰਣ ਗੁਪਤ ਨੇ ਆਪਣੀ ਪੁਸਤਕ 'ਭਾਰਤ ਭਾਰਤੀ' ਵਿੱਚ ਸਾਹਿਬਜ਼ਾਦਿਆਂ ਪ੍ਰਤੀ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਹੈ:-

"ਜਿਸ ਕੁਲ ਜਾਤਿ ਦੇਸ਼ ਕੇ ਬੱਚੇ, ਦੇ ਸਕਤੇ ਹੈਂ ਯੋਂ ਬਲੀਦਾਨ।
ਉਸ ਕਾ ਵਰਤਮਾਨ ਕੁਛ ਭੀ ਹੋ, ਪਰ ਭਵਿਸ਼ਯ ਹੈ ਮਹਾਂ ਮਹਾਨ।"

ਆਰੇ ਹੇਠ ਬੈਠਿਆਂ ਜਪੁ ਸਾਹਿਬ ਦਾ ਪਾਠ ਕੀਤੀ ਜਾਣਾ, ਉਬਲਦੀ ਦੇਗ 'ਚ ਬੈਠਕੇ ਸ਼ਾਂਤ-ਚਿਤ ਰਹਿਣਾ, ਬੰਦ ਬੰਦ ਕਟਵਾਉਣ ਸਮੇਂ ਅਡੋਲ ਰਹਿਣਾ, ਚਰਖੜੀ 'ਤੇ ਚੜ੍ਹਕੇ ਵੀ ਭੈ-ਭੀਤ ਨਾ ਹੋਣਾ ਤੇ ਇਕ ਰਸ ਰਹਿਣਾ, ਫਾਂਸੀ ਦੇ ਰੱਸਿਆਂ ਨੂੰ ਹੱਸ ਕੇ ਚੁੰਮਣਾ ਇਸੇ ਚੇਤਨ ਸ਼ਕਤੀ ਦਾ ਉੱਚ ਦਰਜੇ ਦਾ ਜ਼ਹੂਰ ਹੈ। ਇਹ ਅਕਾਲ ਸ਼ਕਤੀ ਸਭ ਥਾਂ ਮੌਜੂਦ ਹੈ, ਸਰਬ ਵਿਆਪਕ ਹੈ ਅਤੇ ਹਰ ਜੀਵ-ਜੰਤੂ ਅੰਦਰ ਮੌਜੂਦ ਹੈ। ਸਾਡੇ ਸਰੀਰ ਦੇ ਰੋਮ ਰੋਮ 'ਚ ਇਹੀ ਸ਼ਕਤੀ ਭਰਪੂਰ ਹੈ। ਸਾਡੇ ਤਨ, ਮਨ ਅਤੇ ਬੁੱਧੀ ਪਿੱਛੇ ਇਹੀ ਸ਼ਕਤੀ ਕੰਮ ਕਰ ਰਹੀ ਹੈ।

ਸਿੱਖ ਧਰਮ ਨੇ ਪੰਜਾਬ ਵਿੱਚ ਸ਼ਹੀਦੀ ਦਾ ਮੌਲਿਕ ਸੰਕਲਪ ਉਸਾਰਿਆ ਅਤੇ ਇਸ ਨੇ ਕਈ ਵਾਰ ਇਹ ਸਾਬਤ ਕਰਕੇ ਵਿਖਾਇਆ ਕਿ ਪੱਤਝੜਾਂ ਭਾਵੇਂ ਕਿਤਨੀਆਂ ਹੀ ਜਾਬਰ ਕਿਉਂ ਨਾ ਹੋਣ, ਕੁਝ ਫੁੱਲ ਬਗ਼ਾਵਤ ਕਰਕੇ ਉੱਗ ਹੀ ਪੈਂਦੇ ਹਨ। ਕਿਉਂਕਿ ਇਹ, ਕਾਦਰ ਦੀ ਕੁਦਰਤ ਦਾ ਅਟੱਲ ਅਸੂਲ ਹੈ। ਗ਼ੈਰ-ਕੁਦਰਤੀ ਮਨਾਹੀਆਂ ਦੇ ਬਾਵਜੂਦ ਉੱਗਣਾ, ਪੂਰੇ ਜੋਬਨ ਨਾਲ ਟਹਿਕਣਾ ਅਤੇ ਦੂਜਿਆਂ ਨੂੰ ਟਹਿਕਣ ਵਿੱਚ ਸਹਾਇਕ ਹੋਣਾ ਕੁਦਰਤ ਦਾ ਨੇਮ ਹੈ। ਸੱਚ ਦੇ ਬ੍ਰਹਿਮੰਡਵਾਦੀ ਸਿੱਖ ਧਰਮ ਨੂੰ ਸਥਾਪਤ ਕਰਨ 'ਚ ਗੁਰੂ ਸਾਹਿਬਾਨ ਅਤੇ ਸਿੱਖਾਂ ਨੂੰ ਬੇਇੰਤਿਹਾ ਸ਼ਹਾਦਤਾਂ ਦੇਣੀਆਂ ਪਈਆਂ।

ਦੁਨੀਆ 'ਚ ਵੇਦਾਂ ਤੇ ਕਤੇਬਾਂ ਨੂੰ ਮੰਨਣ ਵਾਲੇ ਦੋ ਪ੍ਰਕਾਰ ਦੇ ਮਜ਼ਹਬ ਹਨ। ਚਾਰ ਕਤੇਬਾਂ 'ਅੰਜੀਲ, ਕੁਰਾਨ, ਜੰਬੂਰ ਤੇ ਤੌਰੇਤ ਨੂੰ ਮੰਨਣ ਵਾਲੇ ਮਜ਼ਹਬਾਂ 'ਤੇ ਭਰੋਸਾ ਰੱਖਣ ਵਾਲੇ ਲੋਕਾਂ ਨੂੰ ਵੀ ਕਈ ਪ੍ਰਕਾਰ ਦੀਆਂ ਕੁਰਬਾਨੀਆਂ ਦੇਣੀਆਂ ਪਈਆਂ ਜਿਨ੍ਹਾਂ 'ਚੋਂ ਬਾਦਸ਼ਾਹ ਨਮਰੂਦ ਵਲੋਂ ਹਜ਼ਰਤ ਇਬਰਾਹੀਮ ਨੂੰ ਅੱਗ ਦੇ ਭਖਦੇ ਹੋਏ ਅੰਗਾਰਿਆਂ 'ਤੇ ਤੁਰਨ ਦਾ ਹੁਕਮ ਦੇਣ ਵਾਲੀ ਘਟਨਾ ਜਗਤ-ਪ੍ਰਸਿਧ ਹੈ।

ਨਮਰੂਦ ਬਾਦਸ਼ਾਹ ਨਾਸਤਕ ਸੀ ਅਤੇ ਉਹ ਖ਼ੁਦਾ ਦੀ ਹੋਂਦ 'ਚ ਵਿਸ਼ਵਾਸ ਰੱਖਣ ਵਾਲਿਆਂ 'ਤੇ ਜ਼ੁਲਮ ਕਰਦਾ ਹੁੰਦਾ ਸੀ। ਹਜ਼ਰਤ ਇਬਰਾਹੀਮ ਖ਼ੁਦਾ ਦੀ ਹੋਂਦ 'ਚ ਦ੍ਰਿੜ ਵਿਸ਼ਵਾਸ ਰੱਖਣ ਵਾਲੇ ਸਨ। ਇਸ ਕਰਕੇ ਬਾਦਸ਼ਾਹ ਨੇ ਹਜ਼ਰਤ ਇਬਰਾਹੀਮ ਨੂੰ ਕਿਹਾ ਕਿ 'ਜੇ ਤੈਨੂੰ ਭਰੋਸਾ ਹੈ ਕਿ ਖ਼ੁਦਾ ਆਪਣੇ ਪਿਆਰਿਆਂ ਦੀ ਰੱਖਿਆ ਕਰਦਾ ਹੈ, ਤਾਂ ਤੂੰ ਭਖਦੇ ਹੋਏ ਅੱਗ ਦੇ ਅੰਗਾਰਿਆਂ 'ਤੇ ਤੁਰ ਕੇ ਵਿਖਾ। ਜੇ ਤੇਰੇ ਖ਼ੁਦਾ ਨੇ ਤੈਨੂੰ ਅੱਗ 'ਚ ਸੜਨ ਤੋਂ ਬਚਾ ਲਿਆ, ਤਾਂ ਮੈਂ ਵੀ ਖ਼ੁਦਾ ਦੀ ਹਸਤੀ ਨੂੰ ਮੰਨ ਲਵਾਂਗਾ। ਪਰ ਜੇ ਤੈਨੂੰ ਅੱਗ ਨੇ ਸਾੜ ਦਿੱਤਾ, ਤਾਂ ਮੇਰਾ ਇਹ ਮੰਨਣਾ ਸਿੱਧ ਹੋ ਜਾਵੇਗਾ ਕਿ ਖ਼ੁਦਾ ਦੀ ਕੋਈ ਹੋਂਦ ਨਹੀਂ।'

ਨਮਰੂਦ ਦੇ ਭਰੇ ਦਰਬਾਰ 'ਚ ਹਜ਼ਰਤ ਇਬਰਾਹੀਮ ਨੂੰ ਅੱਗ ਦੇ ਅੰਗਾਰਿਆਂ 'ਤੇ ਤੁਰਨ ਲਈ ਮਜਬੂਰ ਹੋਣਾ ਪਿਆ। ਇਸਲਾਮ ਦੇ ਇਤਿਹਾਸ 'ਚ ਜ਼ਿਕਰ ਆਉਂਦਾ ਹੈ ਕਿ ਹਜ਼ਰਤ ਇਬਰਾਹੀਮ ਅੱਗ ਦੇ ਭਖਦੇ ਅੰਗਾਰੇ ਵੇਖ ਕੇ ਘਬਰਾ ਗਏ ਅਤੇ ਮਨ ਹੀ ਮਨ 'ਚ ਦੁਆ (ਅਰਦਾਸ)ਕਰਨ ਲੱਗ ਪਏ ਕਿ ਐ ਖ਼ੁਦਾ! ਇਹ ਇਮਤਿਹਾਨ ਤਾਂ ਬਹੁਤ ਕਰੜਾ ਹੈ। ਮੈਂ ਇਸ 'ਚ ਤੇਰੀ ਸਹਾਇਤਾ ਤੋਂ ਬਿਨਾਂ ਪਾਸ ਨਹੀਂ ਹੋ ਸਕਦਾ। ਇਸ ਕਰਕੇ ਇਹਨਾਂ ਅੰਗਾਰਿਆਂ ਨੂੰ ਫੁੱਲਾਂ 'ਚ ਬਦਲ ਦੇ। ਕਿਹਾ ਜਾਂਦਾ ਹੈ ਕਿ ਉਹਨਾਂ ਦੀ ਦੁਆ ਕਬੂਲ ਹੋਈ, ਅੰਗਾਰੇ ਫੁੱਲਾਂ 'ਚ ਬਦਲ ਗਏ ਅਤੇ ਹਜ਼ਰਤ ਇਬਰਾਹੀਮ ਨੇ ਅੱਗ 'ਤੇ ਤੁਰ ਵਿਖਾਇਆ।

ਇਸੇ ਤਰ੍ਹਾਂ ਹਿੰਦੂਆਂ 'ਚ ਪ੍ਰਹਿਲਾਦ ਦੀ ਕਥਾ ਦਾ ਜ਼ਿਕਰ ਆਉਂਦਾ ਹੈ ਕਿ ਪ੍ਰਹਿਲਾਦ ਦਾ ਪਿਤਾ ਹਰਨਾਕਸ਼ ਨਾਸਤਕ ਸੀ। ਉਸ ਨੇ ਪ੍ਰਹਿਲਾਦ ਨੂੰ ਅੱਗ ਨਾਲ ਲਾਲ ਸੁਰਖ਼ ਕੀਤੇ ਥੰਮ ਨੂੰ ਜੱਫੀ ਪਾਉਣ ਲਈ ਕਿਹਾ, ਤਾਂ ਪ੍ਰਹਿਲਾਦ ਦਾ ਹਿਰਦਾ ਕੰਬਿਆ ਅਤੇ ਉਸ ਨੇ ਪ੍ਰਮਾਤਮਾ ਅੱਗੇ ਸਹਾਇਤਾ ਲਈ ਅਰਦਾਸ ਕੀਤੀ। ਉਸ ਦੀ ਅਰਦਾਸ ਪ੍ਰਵਾਨ ਹੋਈ ਅਤੇ ਉਹ ਇਮਤਿਹਾਨ 'ਚ ਕਾਮਯਾਬ ਹੋਇਆ। ਧੰਨ ਹਨ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਜਿਨ੍ਹਾਂ ਨੇ ਸਾਰੇ ਸੰਸਾਰ ਨੂੰ ਗੁਰੂ ਨਾਨਕ ਸਾਹਿਬ ਦਾ "ਜੋ ਤੁਧੁ ਭਾਵੈ ਸਾਈ ਭਲੀ ਕਾਰ॥" ਦਾ ਇਕ ਬਿਲਕੁਲ ਨਵਾਂ ਸੰਦੇਸ਼ ਦੇਣਾ ਸੀ। ਉਹ ਇਹ, ਕਿ ਪ੍ਰਭੂ ਦੀ ਰਜ਼ਾ 'ਚ ਦਖਲ ਦੇਣ ਦੀ ਬਜਾਏ ਉਸ ਦੇ ਭਾਣੇ ਨੂੰ ਮਿਠਾ ਕਰਕੇ ਮੰਨਿਆ ਜਾਏ:

1) "ਪ੍ਰਭ ਕੀ ਆਗਿਆ ਮਾਨੈ ਮਾਥੈ"॥ (ਪੰਨਾ 268)

2) "ਤੇਰਾ ਕੀਆ ਮੀਠਾ ਲਾਗੈ॥" (ਪੰਨਾ 394)

"ਪ੍ਰਭ ਕੀ ਆਗਿਆ ਮਾਨੈ ਮਾਥੈ॥" ਦਾ ਮਹਾਨ ਫ਼ੁਰਮਾਨ ਬੜੇ ਰਹਸਮਈ, ਡੂੰਘੇ ਅਤੇ ਨਿਰਾਲੇ ਭਾਵਵਾਲਾ ਹੈ ਅਤੇ ਨਿਰਾਲੀ ਪ੍ਰੇਰਨਾ ਦਾ ਹੈ, ਜਿਸ ਦਾ ਪਹਿਲਾ ਮਹਾਨ ਤੱਤ ਹੈ ਰੱਬ ਦਾ ਭਾਣੇ ਜਾਂ ਰਜ਼ਾ ਨੂੰ ਖਿੜੇ ਮੱਥੇ ਮੰਨਣਾ। ਉਂਜ ਹਰ ਕਿਸੇ ਨੂੰ ਰੱਬ ਦੀ ਰਜ਼ਾ ਜਾਂ ਹੁਕਮ ਤਾਂ ਮੰਨਣਾ ਹੀ ਪੈਂਦਾ ਹੈ। ਆਮ ਮਨੁੱਖ ਭਾਣਾ ਜਾਂ ਹੁਕਮ ਖੁਸ਼ੀ ਨਾਲ ਕਦੀ ਨਹੀਂ ਕਬੂਲਦਾ, ਦੁਖ, ਤਕਲੀਫਾਂ ਤੇ ਗ਼ਮਾਂ ਦੀ ਹਾਲਤ 'ਚ ਆਪਣਾ ਜੀਵਨ ਰੋਂਦਿਆਂ, ਕੁਰਲਾਂਦਿਆਂ, ਕਿਸਮਤ ਨੂੰ ਕੋਸਦਿਆਂ ਅਤੇ ਰੱਬ ਨੂੰ ਸ਼ਿਕਵੇ ਕਰਦਿਆਂ ਗੁਜ਼ਾਰ ਦਿੰਦਾ ਹੈ। ਪਰ ਦੁਖਾਂ ਨੂੰ ਸ਼ਰਬਤ ਵਾਂਗ ਪੀਣਾ, ਜੋ ਮਿਠਾਸ ਵੀ ਦੇਵੇ ਅਤੇ ਠੰਡ ਵੀ ਪੁਚਾਵੇ, ਇਕ ਅਲੌਕਿਕ ਆਦਰਸ਼ ਦੀ ਹੀ ਮਿਸਾਲ ਹੈ। ਹੁਣ ਸੁਆਲ ਉਠਦਾ ਹੈ ਕਿ ਅਜਿਹੀ ਅਵਸਥਾ ਕਿਵੇਂ ਬਣੇ ਅਤੇ ਕਿਵੇਂ ਅਕਾਲ ਪੁਰਖ ਦੀ ਰਜ਼ਾ 'ਚ ਰਹਿਆ ਜਾਏ?

ਰਜ਼ਾ ਅਤੇ ਭਾਣੇ ਤੋਂ ਭਾਵਹੈ ਰੱਬ 'ਤੇ ਨਿਸਚਾ ਜਾਂ ਵਿਸ਼ਵਾਸ। ਜਦ ਮਨੁੱਖ ਨੂੰ ਇਹ ਪੂਰਾ ਨਿਸਚਾ ਹੋ ਜਾਵੇ ਕਿ ਉਸ ਦਾ ਮਾਲਕ ਬਦਲਾ ਲੈਣ ਵਾਲਾ ਨਹੀਂ, ਨਿਰਦਈ ਨਹੀਂ ਅਤੇ ਵਿਤਕਰਾ ਕਰਨ ਵਾਲਾ ਨਹੀਂ, ਤਾਂ ਉਸ ਦੀ ਰਜ਼ਾ ਕਦੀ ਵੀ ਕੌੜੀ ਨਹੀਂ ਲੱਗਦੀ। ਉਸ ਨੂੰ ਪੱਕਾ ਵਿਸ਼ਵਾਸ ਹੋ ਜਾਂਦਾ ਹੈ ਕਿ ਉਹ ਜੋ ਵੀ ਕਰੇਗਾ ਉਸ ਦੇ ਭਲੇ ਲਈ ਹੀ ਕਰੇਗਾ। ਅਜਿਹੀ ਸੋਝੀ ਆ ਜਾਣ ਤੇ ਮਹਾਂਪੁਰਸ਼ ਅਕਾਲ ਪੁਰਖ ਦੇ ਹਰ ਕੰਮ ਨੂੰ 'ਜੋ ਤੁਧੁ ਭਾਵੈ ਸਾਈ ਭਲੀ ਕਾਰ' ਕਰ ਕੇ ਮੰਨਦੇ ਹਨ ਅਤੇ 'ਜੋ ਪ੍ਰਭ ਕੀਨੋ ਸੋ ਭਲ ਮਾਨਿਓ' ਅਨੁਸਾਰ ਹਰ ਭਾਣੇ 'ਚ ਖਿੜੇ ਮੱਥੇ ਰਹਿੰਦੇ ਹਨ। 'ਸੋਈ ਵਰਤੈ ਜਗਿ ਜਿ ਕੀਆ ਤੁਧੁ ਧੁਰੇ॥' ਮੁਤਾਬਕ ਉਹਨਾਂ ਦਾ ਪੱਕਾ ਵਿਸ਼ਵਾਸ ਬਣ ਜਾਂਦਾ ਹੈ ਕਿ ਸਭ ਕੁਝ ਅਕਾਲ ਪੁਰਖ ਦੇ ਹੁਕਮ

ਨਾਲ ਹੀ ਹੋ ਰਿਹਾ ਹੈ।

ਇਹ ਨੁਕਤਾ ਵੀ ਚੇਤੇ ਰੱਖਣਾ ਚਾਹੀਦਾ ਹੈ ਕਿ ਅਕਾਲ ਪੁਰਖ ਦੀ ਰਜ਼ਾ ਨੂੰ ਮਿਠਾ ਕਰਕੇ ਮੰਨਣਾ ਕੋਈ ਸੌਖਾ ਕੰਮ ਨਹੀਂ। ਭਾਣਾ ਮਿਠਾ ਕਰਕੇ ਮੰਨਣ ਲਈ ਮਹਾਨ ਤਪੱਸਿਆ ਕਰਨੀ ਪੈਂਦੀ ਹੈ। ਸਰੀਰਕ ਤਪੱਸਿਆ ਨਹੀਂ, ਸਗੋਂ ਮਾਨਸਕ ਤਪੱਸਿਆ। ਸਰੀਰ, ਕਸਰਤਾਂ ਨਾਲ ਬਲਵਾਨ ਹੁੰਦਾ ਹੈ। ਸਰੀਰਕ ਤਪੱਸਿਆ ਸਰੀਰ ਨੂੰ ਸੁਕਾ ਵੀ ਦਿੰਦੀ ਹੈ। ਇਕ ਥਾਂ ਤੇ ਟਿਕਿਆ ਸਰੀਰਕ ਅੰਗ ਨਕਾਰਾ ਵੀ ਬਣ ਸਕਦਾ ਹੈ। ਇਸ ਦੇ ਉਲਟ ਮਨ ਇਕਾਗਰਤਾ ਦੀ ਤਪੱਸਿਆ ਨਾਲ ਬਲਵਾਨ ਹੁੰਦਾ ਹੈ।

ਤਪੱਸਿਆ ਨਾਲ ਰੱਬੀ ਇਕਾਗਰਤਾ 'ਚ ਆਇਆ ਮਨ ਹਰ ਸਰੀਰਕ ਕਸ਼ਟ ਤੋਂ ਅਡੋਲ ਹੋ ਜਾਂਦਾ ਹੈ। ਅਜਿਹੀ ਦਸ਼ਾ 'ਚ ਰਜ਼ਾ ਮਿਠੀ ਲੱਗਣ ਲੱਗ ਪੈਂਦੀ ਹੈ। ਤੱਤੀਆਂ ਤਵੀਆਂ 'ਤੇ ਬੈਠਿਆਂ, ਸਿਰ 'ਤੇ ਗਰਮ-ਗਰਮ ਰੇਤ ਪਵਾਂਦਿਆਂ ਵੀ ਆਤਮਕ ਅਨੰਦ ਮਿਲ ਸਕਦਾ ਹੈ। ਇਹ ਕੋਈ ਅਜਿਹੀ ਕਰਾਮਾਤ ਨਹੀਂ, ਜਿਹੜੀ ਮਨੁੱਖੀ ਜਾਮੇ ਤੋਂ ਬਾਹਰੀ ਹੋਵੇ। ਗੁਰੂ ਅਰਜਨ ਸਾਹਿਬ ਨੇ ਇਸ ਮਾਰਗ 'ਤੇ ਆਪ ਚੱਲ ਕੇ ਸਿੱਖਾਂ ਨੂੰ ਵਿਖਾਇਆ। ਸਾਰਾ ਸਿੱਖ ਇਤਿਹਾਸ ਹੀ ਭਾਣੇ ਨੂੰ ਮਿਠਾ ਕਰਕੇ ਮੰਨਣ ਵਾਲੇ ਪਰਵਾਨਿਆਂ ਦੇ ਕਾਰਨਾਮਿਆਂ ਨਾਲ ਭਰਿਆ ਪਿਆ ਹੈ।

ਨਾਮ ਜਪਣ ਨਾਲ ਮਨੁੱਖ ਦੇ ਹਿਰਦੇ 'ਚ ਅਕਾਲ ਪੁਰਖ ਦੇ ਗੁਣਾਂ ਦਾ ਪਰਵੇਸ਼ ਹੋ ਜਾਂਦਾ ਹੈ। ਰੱਬ ਸਰਬ ਸ਼ਕਤੀਮਾਨ ਹੈ, ਅਚੱਲ ਮੂਰਤ ਹੈ ਅਤੇ ਸਰਬ ਵਿਆਪਕ ਹੈ। ਨਾਮ ਜਪਣ ਵਾਲੇ ਦੇ ਹਿਰਦੇ 'ਚ ਅਜਿਹੇ ਗੁਣ ਸਹਿਜੇ ਹੀ ਆ ਜਾਂਦੇ ਹਨ। ਉਸ ਦਾ ਮਨ ਕਿਸੇ ਦੁਖ ਵੇਲੇ ਡੋਲਦਾ ਨਹੀਂ ਕਿਉਂਕਿ 'ਨਿਰਭਉ' ਦੇ ਜਪਣ ਨਾਲ 'ਸਗਲ ਭੈ' ਮਿਟ ਜਾਣੇ ਗੁਰਬਾਣੀ ਦਾ ਅਟੱਲ ਫੈਸਲਾ ਹੈ। ਅਕਾਲ ਪੁਰਖ ਸ਼ਾਂਤੀ ਦਾ ਸੋਮਾ ਹੈ। ਉਸ ਦਾ ਨਾਮ ਜਪਣ ਨਾਲ ਨਿਸਚੇ ਹੀ ਮਨੁੱਖ ਦੇ ਮਨ ਅੰਦਰ ਸ਼ਾਂਤੀ ਵਸ ਜਾਂਦੀ ਹੈ। ਜੋ ਸੰਸਾਰਕ ਅੱਗਾਂ, ਤਸੀਹਿਆਂ ਜਾਂ ਦੁਖਾਂ ਨਾਲ ਭੰਗ ਨਹੀਂ ਹੋ ਸਕਦੀ। 'ਤਪਤ ਕੜਾਹੇ' ਨੂੰ ਬੇਅਸਰ ਕਰਨ ਵਾਲੀ ਇਹੋ 'ਸੀਤਲ ਨਾਮ' ਦੀ ਹੀ ਸ਼ਕਤੀ ਹੈ। ਅੱਗ ਨੂੰ ਅਤੇ ਹਜ਼ਾਰਾਂ ਸੂਰਜਾਂ ਨੂੰ ਸ਼ਕਤੀ ਬਖਸ਼ਣ ਵਾਲੇ ਦੇ ਨਾਮ ਦੀ ਸ਼ਕਤੀ ਕੁਝ ਵੀ ਕਰ ਸਕਣ ਦੀ ਸਮਰਥਾ ਰੱਖਦੀ ਹੈ। ਨਾਮ ਜਪਣ ਵਾਲੇ ਦੇ ਦੁਆਲੇ ਮਾਲਕ ਇਕ ਅਜਿਹੀ 'ਕਾਰ' ਖਿਚ ਦੇਂਦਾ ਹੈ ਕਿ ਜਿਸ ਨਾਲ ਬਲਦਾ ਭਾਂਬੜ ਮਨ ਨੂੰ ਤਪਾ ਨਹੀਂ ਸਕਦਾ। ਨਾਮ ਜਪਣ ਵਾਲੇ ਮਨੁੱਖ ਦੇ ਸਭ ਭੈ ਮਿਟ ਜਾਂਦੇ ਹਨ ਅਤੇ ਉਸ ਦੀ ਅਵਸਥਾ ਦੁਖਾਂ ਕਸ਼ਟਾਂ ਤੋਂ ਉਚੇਰੀ ਹੋ ਜਾਂਦੀ ਹੈ। ਇਹ ਗੁਰਮਤਿ ਦਾ ਫੈਸਲਾ ਹੈ:

1) ਤਾਤੀ ਵਾਉ ਨਾ ਲਗਈ ਪਾਰਬ੍ਰਹਮ ਸਰਣਾਈ॥
ਚਉਗਿਰਦ ਹਮਾਰੇ ਰਾਮ ਕਾਰ ਦੁਖੁ ਲਗੈ ਨ ਭਾਈ॥ (ਪੰਨਾ 819)

2) ਪ੍ਰਭ ਕੈ ਸਿਮਰਨਿ ਭਉ ਨ ਬਿਆਪੈ॥
ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ॥ (ਪੰਨਾ 262)

ਹੁਣ ਸੁਆਲ ਉਠਦਾ ਹੈ ਕਿ ਆਮ ਮਨੁੱਖ ਨੂੰ ਵਿਸ਼ਵਾਸ ਕਿਵੇਂ ਆਵੇ ਕਿ ਨਾਮ ਜਪਣ ਨਾਲ ਮਨੁੱਖ ਅੰਦਰ ਇਤਨੀ ਸ਼ਕਤੀ ਆ ਜਾਂਦੀ ਹੈ? ਇਸ ਦਾ ਇਕ ਤਰੀਕਾ ਤਾਂ ਇਹ ਹੋ ਸਕਦਾ ਹੈ ਕਿ ਮਨੁੱਖ ਆਪ ਨਾਮ ਜਪੇ ਅਤੇ ਨਾਮ ਦੀ ਕਮਾਈ ਕਰੇ ਭਾਵਆਪਣੇ ਜੀਵਨ 'ਚ ਨਾਮ ਨੂੰ ਵਸਾ ਕੇ ਗੁਰਮੁਖਾਂ ਵਾਲਾ ਜੀਵਨ ਜੀਵੇ, ਤਾਂ ਹੀ ਉਸ ਨੂੰ ਇਸ ਸ਼ਕਤੀ ਦਾ ਅਨੁਭਵਹੋ ਸਕਦਾ ਹੈ। ਅਸਲ 'ਚ ਅਸੀਂ ਨਾਮ ਜਪਦੇ ਨਹੀਂ, ਸਗੋਂ ਨਾਮ ਜਪਣ ਦਾ ਪਖੰਡ ਕਰਦੇ ਹਾਂ। ਕੇਵਲ ਪਾਠ ਕਰ ਲੈਣ ਦਾ ਨਾਂ ਨਾਮ ਜਪਣਾ ਨਹੀਂ। ਪਾਠ ਕੀਤੇ ਨੂੰ ਅਮਲੀ ਜੀਵਨ 'ਚ ਢਾਲ ਕੇ ਜੀਵਨ ਜੀਉਣਾ ਅਸਲ ਨਾਮ ਜਪਣਾ ਹੈ। ਦੂਜਾ ਤਰੀਕਾ ਹੈ ਨਾਮ ਜਪਣ ਵਾਲਿ ਆਂ ਦੇ ਕੀਤੇ ਕਾਰਨਾਮਿਆਂ ਨੂੰ ਵੇਖ ਕੇ ਅਸੀਂ ਵਿਸ਼ਵਾਸ ਕਰ ਸਕਦੇ ਹਾਂ।

ਆਮ ਮਨੁੱਖ ਨੂੰ ਇਸ ਗੱਲ ਦੀ ਹੈਰਾਨਗੀ ਹੋਣੀ ਸੁਭਾਵਕ ਹੈ ਕਿਉਂਕਿ ਇਕ ਸਾਧਾਰਨ ਮਨੁੱਖ ਕੰਡਾ ਚੁਭਣ ਨਾਲ ਵੀ ਚੀਕਾਂ ਮਾਰਨ ਲੱਗ ਜਾਂਦਾ ਹੈ। ਪਰ ਦੂਜੇ ਪਾਸੇ ਤੱਤੀ ਤਵੀ 'ਤੇ ਬੈਠਦਿਆਂ, ਸਿਰ 'ਤੇ ਅੱਗ-ਰੱਤਾ ਰੇਤਾ ਪੁਵਾਂਦਿਆਂ, ਬੰਦ-ਬੰਦ ਕਟਵਾਂਦਿਆਂ, ਰੰਬੀ ਨਾਲ ਖੋਪਰੀਆਂ ਉਤਰਵਾਂਦਿਆਂ, ਚਰਖੜੀਆਂ 'ਤੇ ਚੜ੍ਹਦਿਆਂ, ਜਮੂਰਾਂ ਨਾਲ ਮਾਸ ਖੁਹਾਂਦਿਆਂ, ਦੇਗਾਂ 'ਚ ਉਬਲਦਿਆਂ ਵੀ ਮੂਹੋਂ ਉਫ਼ ਤਕ ਨਹੀਂ ਨਿਕਲਦੀ। ਕਿੰਨਾ ਅੰਤਰ ਹੈ ਦੋਹਾਂ ਅਵਸਥਾਵਾਂ 'ਚ। ਦੂਜੀ ਅਵਸਥਾ ਦਾ ਰਾਜ਼ ਹੈ ਨਾਮ ਜਪਣਾ - ਅੰਮ੍ਰਿਤ ਬਾਣੀ ਜਿਸ ਨੂੰ ਸਿੱਖ ਪੜ੍ਹਦੇ, ਸੁਣਦੇ ਤੇ ਕਮਾਂਦੇ ਹਨ। ਅਜਿਹਾ ਨਿਸਚਾ ਹੀ ਤੋਪਾਂ ਦੇ ਮੂੰਹਾਂ ਅੱਗੇ ਅਤੇ ਗੋਲੀਆਂ ਦੇ ਵਰ੍ਹਦੇ ਮੀਂਹ 'ਚ ਮਨੁੱਖ ਨੂੰ ਨਿਡਰ ਤੇ ਅਡੋਲ ਰੱਖਦਾ ਹੈ।

ਇਹ ਨਿਸਚਾ ਅਨਪੜ੍ਹ ਤੇ ਪੜ੍ਹੇ ਹੋਏ ਨੂੰ, ਜਾਹਲ ਤੇ ਵਿਦਵਾਨ ਨੂੰ, ਛੋਟੇ ਤੇ ਵੱਡੇ ਨੂੰ ਅਤੇ ਸਰੀਰਕ ਤੌਰ ਤੇ ਬਲਵਾਨ ਤੇ ਕਮਜ਼ੋਰ ਨੂੰ ਅਡੋਲ ਤੇ ਟਿਕਾਣੇ ਸਿਰ ਰੱਖਦਾ ਹੈ। ਸਰੀਰਕ ਦੁੱਖ ਉਸ ਨੂੰ ਹੀ ਸਤਾਂਦਾ ਹੈ, ਜਿਸ ਦਾ ਮਨ ਸਰੀਰ ਦੇ ਅਧੀਨ ਹੋਵੇ। ਨਾਮ ਨਾਲ ਰੰਗਿਆ ਮਨ ਸਰੀਰਕ ਦੁਖਾਂ ਤੋਂ ਸਦਾ ਹੀ ਅਤੀਤ ਰਹਿੰਦਾ ਹੈ। ਨਾਮ ਜਪਦਿਆਂ ਮਨ 'ਚ ਨਿਰਮਾਣਤਾ ਆਉਂਦੀ ਹੈ ਅਤੇ ਨਿਰਮਾਣਤਾ ਨਾਲ ਮਨ ਅਡੋਲ ਰਹਿੰਦਾ ਹੈ ਅਤੇ ਰਜ਼ਾ ਤੋਂ ਉਖੜਦਾ ਨਹੀਂ। ਰੱਬ ਦੀ ਰਜ਼ਾ ਨੂੰ ਮਿਠਾ ਕਰਕੇ ਮੰਨਣਾ ਗੁਰਮਤਿ ਦਾ ਆਦਰਸ਼ ਹੈ। ਇਹ ਭਾਵਨਾ ਜਾਗਦੀ ਹੈ ਮਨ ਦੀ ਰੱਬ ਵਲ ਇਕਾਗਰਤਾ ਨਾਲ ਅਤੇ ਇਸ ਇਕਾਗਰਤਾ ਦਾ ਅਸਲ ਸਾਧਨ ਹੈ

ਨਾਮ ਜਪਣਾ। ਨਾਮ ਜਪਣ ਵਾਲੇ ਹਮੇਸ਼ਾ ਰੱਬ ਦੀ ਰਜ਼ਾ ਨੂੰ ਮਿਠਾ ਕਰਕੇ ਮੰਨਦੇ ਹਨ। ਆਓ, ਆਪਣੇ ਇਤਿਹਾਸ 'ਤੇ ਝਾਤ ਮਾਰੀਏ ਅਤੇ ਵੇਖੀਏ ਕਿ ਨਾਮ ਜਪਣ ਵਾਲਿਆਂ ਨੇ ਆਪਣੇ ਅਮਲੀ ਜੀਵਨ ਰਾਹੀਂ ਕੀ ਕੀ ਕਾਰਨਾਮੇ ਕਰ ਵਿਖਾਏ।

ਜਿਵੇਂ ਹਜ਼ਰਤ ਇਬਰਾਹੀਮ ਨੇ ਅੰਗਾਰਿਆਂ ਨੂੰ ਫੁੱਲਾਂ 'ਚ ਬਦਲਣ ਦੀ ਦੁਆ ਕੀਤੀ ਸੀ ਜਾਂ ਪ੍ਰਹਿਲਾਦ ਨੇ ਅੱਗ ਨਾਲ ਲਾਲ ਸੁਰਖ ਥੰਮ ਨੂੰ ਠੰਢੇ ਕਰਨ ਦੀ ਅਰਦਾਸ ਕੀਤੀ ਸੀ, ਗੁਰੂ ਅਰਜਨ ਸਾਹਿਬ ਨੇ ਨਾ ਤਪਦੀ ਲੋਹ ਨੂੰ ਠੰਢਾ ਕਰਨ ਦੀ ਅਰਦਾਸ ਕੀਤੀ, ਨਾ ਉਬਲਦੀ ਦੇਗ ਨੂੰ ਅਤੇ ਨਾਹੀਂ ਤਪਦੀ ਸੜਦੀ ਰੇਤ ਨੂੰ ਠੰਢਾ ਕਰਨ ਲਈ ਅਰਦਾਸ ਕੀਤੀ, ਸਗੋਂ ਪ੍ਰਭੂ ਦੇ ਭਾਣੇ 'ਚ ਰਹਿਣ ਦਾ ਬੇਮਿਸਾਲ ਸਿਧਾਂਤ ਪੇਸ਼ ਕੀਤਾ ਜੋ ਅੱਜ ਤਕ ਕਿਸੇ ਹੋਰ ਮਹਾਂਪੁਰਖ ਨੇ ਪੇਸ਼ ਨਹੀਂ ਸੀ ਕੀਤਾ। ਜੇ ਉਹ ਉਬਲਦੀ ਦੇਗ ਨੂੰ ਠੰਢਾ ਕਰ ਦਿੰਦੇ, ਤਾਂ ਭਾਈ ਦਿਆਲੇ ਨੂੰ ਵੀ ਗੁਰੂ ਤੇਗ ਬਹਾਦਰ ਸਾਹਿਬ ਅੱਗੇ ਜੋਦੜੀ ਕਰਨੀ ਪੈਂਦੀ ਕਿ ਮਹਾਰਾਜ ਪਹਿਲਾਂ ਦੇਗ ਨੂੰ ਠੰਢਾ ਕਰੋ, ਫੇਰ ਮੈਂ ਉਸ 'ਚ ਬੈਠਣ ਲਈ ਤਿਆਰ ਹੋਵਾਂਗਾ। ਗੁਰੂ ਅਰਜਨ ਸਾਹਿਬ ਨੇ ਆਪਣੀ ਅਦੁੱਤੀ ਕੁਰਬਾਨੀ ਦੇ ਕੇ ਤਪਦੀ ਲੋਹ 'ਤੇ ਬੈਠ ਕੇ, ਤਪਦੀ ਦੇਗ 'ਚ ਬੈਠ ਕੇ ਅਤੇ ਤਪਦੀ ਰੇਤ ਸੀਸ 'ਚ ਪੁਆ ਕੇ ਜੋ ਪੂਰਨੇ ਪਾਏ, ਉਨ੍ਹਾਂ ਸਦਕਾ ਹੀ ਸਿੱਖ ਹੱਕ ਤੇ ਸੱਚ ਦੀ ਖਾਤਰ ਸ਼ਹਾਦਤਾਂ ਦੇਂਦੇ ਆ ਰਹੇ ਹਨ।

ਹੋਰਨਾਂ ਧਰਮਾਂ ਵਿੱਚ ਵੀ ਸ਼ਹੀਦ ਹੋਣ ਵਾਲੇ ਸੰਤ ਮਹਾਤਮਾ ਹੋਏ ਹਨ ਅਤੇ ਆਪਣੇ ਮੁਲਕ ਲਈ ਲੜਾਈਆਂ ਲੜਨ ਵਾਲੇ ਵੀ ਬੇਸ਼ੁਮਾਰ ਹੋਏ ਹਨ, ਪਰ ਜਦ ਕੋਈ ਸ਼ਖਸੀਅਤ ਆਪਣੇ ਧਰਮ ਜਾਂ ਆਪਣੀ ਕੌਮ ਦੀ ਬਜਾਏ ਸਮੁੱਚੀ ਲੋਕ ਭਲਾਈ ਜਾਂ ਦੂਜਿਆਂ ਲਈ ਸ਼ਹਾਦਤ ਦਾ ਜਾਮ ਪੀਂਦੀ ਹੈ, ਤਾਂ ਉਦੋਂ ਉਸ ਦੀ ਦਿੱਤੀ ਸ਼ਹਾਦਤ ਲਾਸਾਨੀ ਹੋ ਜਾਂਦੀ ਹੈ। ਅਜਿਹੀਆਂ ਸ਼ਹਾਦਤਾਂ ਦਾ ਸਿਹਰਾ ਕੇਵਲ ਤੇ ਕੇਵਲ ਸਿੱਖਾਂ ਦੇ ਸਿਰ ਹੀ ਬੱਝਦਾ ਹੈ। ਸਿੱਖੀ ਲਈ ਸ਼ਹੀਦ ਹੋਣ ਵਾਲੇ ਸੂਰਬੀਰਾਂ ਦੀ ਗਿਣਤੀ ਬਹੁਤ ਲੰਮੀ ਹੈ। ਅਜਿਹੀਆਂ ਕੁਰਬਾਨੀਆਂ ਸਦਕਾ ਹੀ ਉਂਨੀਵੀਂ ਸਦੀ ਵਿੱਚ ਸਿੱਖ ਰਾਜ ਕਾਇਮ ਹੋਇਆ ਸੀ। ਇਹ ਇਕ ਵੱਖਰੀ ਗੱਲ ਹੈ ਕਿ ਮਹਾਰਾਜਾ ਰਣਜੀਤ ਸਿੰਘ ਬਿੱਪਰਵਾਦ ਦੀ ਝੋਲੀ ਪੈਕੇ, ਧਾਰਮਿਕ ਤੇ ਸਮਾਜਕ ਕਮਜ਼ੋਰੀਆਂ ਕਾਰਨ, ਉਸ ਨੂੰ ਖਾਲਸਾ ਰਾਜ ਨਾ ਬਣਾ ਸਕਿਆ ਜਿਸ ਕਰਕੇ ਸਿੱਖਾਂ ਨੂੰ ਮੁੜ ਰਾਜ ਵਿਹੂਣੇ ਹੋਣਾ ਪਿਆ।

ਰੂਹਾਨੀ, ਇਨਸਾਨੀ ਇਖਲਾਕੀ ਕਦਰਾਂ ਕੀਮਤਾਂ ਅਤੇ ਲੋਕ ਭਲਾਈ ਦੇ ਜੁਝਾਰੂ ਇਤਿਹਾਸ 'ਚ ਸਿੱਖ ਏਨੇ ਅਮੀਰ ਵਿਰਸੇ ਦੇ ਮਾਲਕ ਹਨ ਕਿ ਪੱਛਮੀ ਜਗਤ ਦੀਆਂ ਸਾਰੀਆਂ ਸਚਾਈਆਂ ਤੇ ਸ਼ਹਾਦਤਾਂ ਮਿਲ ਕੇ ਵੀ ਸਿੱਖ ਇਤਿਹਾਸ

ਦੀ ਉੱਤਮਤਾ ਤੇ ਪੈਗੰਬਰੀ ਅਮੀਰੀ ਦੇ ਨੇੜੇ ਤੇੜੇ ਵੀ ਨਹੀਂ ਢੁਕਦੀਆਂ। ਪੱਛਮੀ ਜਗਤ ਤੇ ਇਸਲਾਮ ਆਪਣੀਆਂ ਜਿਨ੍ਹਾਂ ਸ਼ਹਾਦਤਾਂ ਦੀਆਂ ਬਾਤਾਂ ਪਾਉਂਦੇ ਹਨ, ਉਹ ਸਿੱਖ ਇਤਿਹਾਸ ਦੇ ਸ਼ਹਾਦਤਾਂ ਨਾਲ ਭਰਪੂਰ ਵਿਰਸੇ ਦੇ ਨੇੜੇ ਤੇੜੇ ਵੀ ਨਹੀਂ ਢੁਕਦੀਆਂ। ਸਿੱਖ ਸ਼ਹਾਦਤਾਂ ਜਿੱਥੇ ਉੱਚ ਪਾਏ ਦੀ ਰੂਹਾਨੀਅਤ ਅਤੇ ਇਨਸਾਨੀ ਕਦਰਾਂ ਕੀਮਤਾਂ ਨਾਲ ਭਰਪੂਰ ਹਨ, ਉਥੇ ਇਸਲਾਮੀ ਤੇ ਪੱਛਮੀ ਜਗਤ ਦੀਆਂ ਸ਼ਹਾਦਤਾਂ 'ਚ ਉਹਨਾਂ ਦਾ ਅਭਾਵ ਹੈ।

6) ਸ਼ਹੀਦ ਮੌਤ ਤੋਂ ਕਿਉਂ ਨਹੀਂ ਡਰਦੇ?

ਆਮ ਮਨੁੱਖ ਹੈਰਾਨ ਹੁੰਦਾ ਹੈ ਕਿ ਏਨੀ ਦਲੇਰੀ, ਏਨੀ ਦ੍ਰਿੜਤਾ ਅਤੇ ਏਨੀ ਨਿਰਭੈਤਾ ਸ਼ਹੀਦਾਂ 'ਚ ਕਿਥੋਂ ਆ ਜਾਂਦੀ ਹੈ? ਜਦ ਕਿ ਸਾਰੀ ਦੁਨੀਆ ਮੌਤ ਤੋਂ ਥਰ-ਥਰ ਕੰਬਦੀ ਹੈ। ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਮਹਾਨ ਵਿਅਕਤੀ ਹੀ ਸ਼ਹਾਦਤ ਪ੍ਰਾਪਤ ਕਰ ਸਕਦਾ ਹੈ। ਸ਼ਹਾਦਤ ਦੀ ਭਾਵਨਾ ਅਤੇ ਸ਼ਕਤੀ ਮਹਾਨ ਜੀਵਨ ਸਿਧਾਂਤ 'ਚੋਂ ਉਭਰਦੀ ਹੈ। ਮਹਾਨ ਸਿਧਾਂਤ ਹੀ ਮਹਾਨ ਸ਼ਹੀਦ ਪੈਦਾ ਕਰਦੇ ਹਨ। ਸੁਖਮਨੀ ਸਾਹਿਬ ਗੁਰੂ ਅਰਜਨ ਸਾਹਿਬ ਦਾ ਹਿਰਦਾ ਹੈ, ਉਹਨਾਂ ਦੀ ਮਾਨਸਕ ਤੇ ਆਤਮਕ ਦਸ਼ਾ ਦਾ ਸ਼ੀਸ਼ਾ ਹੈ ਅਤੇ ਉਹਨਾਂ ਦੀ ਸ਼ਹਾਦਤ ਇਸ ਦਸ਼ਾ ਦੀ ਸਿਖਰ ਹੈ। ਸ਼ਹਾਦਤ ਉਹਨਾਂ ਦੀ ਜੀਵਨ ਮਹਾਨਤਾ ਦਾ ਪਰਤਖ ਪਰਮਾਣ ਹੈ। ਇਹ ਮਹਾਨਤਾ ਉਨ੍ਹਾਂ ਦੇ ਅਨੁਸਾਰ ਸਿਮਰਨ ਨੇ ਪੈਦਾ ਕੀਤੀ।

ਮੌਤ ਦਾ ਡਰ ਉਸ ਨੂੰ ਵਿਆਪਦਾ ਹੈ, ਨਿਰਾਸ਼ਤਾ ਦੇ ਚਿੰਨ੍ਹ ਉਸ ਮਨੁੱਖ ਦੇ ਚਿਹਰੇ ਤੇ ਹੋਣਗੇ, ਜਿਸ ਨੇ ਜੀਵਨ 'ਚ ਪਾਪ ਕੀਤੇ ਹੋਣਗੇ ਅਤੇ ਦੂਜਿਆਂ ਨਾਲ ਧੱਕੇ ਤੇ ਬੇਇਨਸਾਫੀਆਂ ਕੀਤੀਆਂ ਹੋਣਗੀਆਂ। ਜਿਸ ਨੇ ਦੈਵੀ ਗੁਣਾਂ ਨਾਲ, ਭਲਈ ਨਾਲ, ਉਪਕਾਰ ਨਾਲ, ਨਿਮਰਤਾ ਨਾਲ, ਪਿਆਰ ਨਾਲ, ਹਮਦਰਦੀ ਨਾਲ ਸਦਾ ਹੀ ਦੂਜਿਆਂ ਦੀਆਂ ਜ਼ਿੰਦਗੀਆਂ ਨੂੰ ਸੁਖਾਵਾਂ ਬਣਾਇਆ ਹੋਵੇ, ਉਸ ਅੰਦਰ ਕਦੀ ਕੋਈ ਤੌਖਲਾ ਨਹੀਂ ਪੈਦਾ ਹੁੰਦਾ। ਸ਼ਹੀਦ ਤਾਂ ਇਹ ਚੋਲਾ ਤਿਆਗਣ ਪਿਛੋਂ 'ਜੋਤੀ ਸੰਗਿ ਜੋਤਿ' ਸਮਾ ਕੇ ਸਦਾ ਲਈ ਅਮਰ ਹੋ ਜਾਂਦਾ ਹੈ। ਇਹੀ ਕਾਰਨ ਹੈ ਕਿ ਉਸ ਦੇ ਚਿਹਰੇ 'ਤੇ ਚੜ੍ਹਦੀ ਕਲਾ ਦਾ ਤੇਜ ਲਟ ਲਟ ਕਰਦਾ ਭਖਦਾ ਨਜ਼ਰ ਆਉਂਦਾ ਹੈ। ਅਜਿਹੇ ਮਨੁੱਖ ਦੀ ਸੁਰਤ ਉੱਚੀ ਹੋ ਗਈ ਹੁੰਦੀ ਹੈ, ਉਹ ਬੁਢਾਪੇ 'ਚ ਵੀ ਜਵਾਨੀ ਵਾਲੀ ਸਤਿਆ ਤੇ ਨਰੋਆਪਣ ਮਹਿਸੂਸ ਕਰਦਾ ਹੈ। ਗੁਰਬਾਣੀ ਦੇ ਹੇਠਲੇ ਫੁਰਮਾਨ ਸਾਫ ਤੇ ਸਪਸ਼ਟ ਹਨ:

1) ਓਇ ਸਦਾ ਅਨੰਦਿ ਬਿਬੇਕ ਰਹਹਿ ਦੁਖਿ ਸੁਖਿ ਏਕ ਸਮਾਨਿ॥ (ਪੰਨਾ 1418)

2) ਗੁਰਮੁਖਿ ਬੁਢੇ ਕਦੇ ਨਾਹੀ ਜਿਨਾ ਅੰਤਰਿ ਸੁਰਤਿ ਗਿਆਨੁ॥ (ਪੰਨਾ 1418)

ਸਿੱਖ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਸ਼ਹੀਦਾਂ ਨੂੰ ਤੱਤੀ ਸੜਦੀ ਰੇਤ, ਉਬਲਦਾ-ਖੌਲਦਾ ਪਾਣੀ, ਲਾਲ ਤੱਤੀ ਤਵੀ, ਦੋ ਟੁੱਕ ਵੱਢ ਦੇਣ ਵਾਲੀ ਤਲਵਾਰ,ਪੁੱਠੀਆਂ ਖੱਲਾਂ ਉਤਾਰ ਦੇਣ ਦੇ ਤਸੀਹੇ,ਚਰਖੜੀਆਂ 'ਤੇ ਚਾੜ੍ਹ ਦਿੱਤੇ ਜਾਣ ਅਤੇ ਵੇਲਣਿਆਂ 'ਚ ਪੀੜ ਦਿੱਤੇ ਜਾਣ ਆਦਿਕ ਦੇ ਭਿਆਨਕ ਡਰ ਵੀ ਸਚਾਈ, ਅਸੂਲ, ਅਜ਼ਾਦੀ ਦੇ ਆਦਰਸ਼ ਤੋਂ ਨਾ ਡੇਗ ਸਕੇ। ਸਹਜ ਅਵਸਥਾ ਦੇ ਧਾਰਨੀ ਦਾ ਮਨ ਸਰੀਰ ਨਾਲੋਂ ਟੁੱਟ ਕੇ ਆਤਮਾ ਨਾਲ ਜੁੜ ਜਾਂਦਾ ਹੈ ਅਤੇ ਸਰੀਰ ਦੇ ਕਸ਼ਟਾਂ ਤੋਂ ਬੇਨਿਆਜ਼ ਹੋ ਜਾਂਦਾ ਹੈ। ਜਿਨ੍ਹਾਂ ਦੀ ਰੱਖਿਆ ਅਕਾਲ ਪੁਰਖ ਕਰਦਾ ਹੈ, ਉਨ੍ਹਾਂ ਦੇ ਭਰਮ,ਭਉ ਤੇ ਸੰਸਾਰਕ ਮੋਹ ਦੂਰ ਹੋ ਜਾਂਦੇ ਹਨ ਅਤੇ ਉਨ੍ਹਾਂ ਨੂੰ ਦੁਖਾਂ ਦਾ ਸਾਹਮਣਾ ਨਹੀਂ ਕਰਨਾ ਪੈਂਦਾ:

1) ਓਸ ਨੂੰ ਕਿਹੁ ਪੋਹਿ ਨਾ ਸਕੀ
ਜਿਸ ਨੂੰ ਆਪਣੀ ਲਿਵਲਾਵਏ॥ (ਪੰਨਾ 920)

2) ਭੈ ਬਿਨਸੈ ਭ੍ਰਮ ਮੋਹ ਗਏ ਕੋ ਦਿਸੈ ਨ ਬੀਆ॥
ਨਾਨਕ ਰਾਖੇ ਪਾਰਬ੍ਰਹਮਿ ਫਿਰਿ ਦੂਖੁ ਨ ਥੀਆ॥ (ਪੰਨਾ 400)

ਅਸੂਲ ਲਈ ਦ੍ਰਿੜ-ਚਿਤ ਹੋਣ ਵਾਲਾ ਹੀ ਸ਼ਹਾਦਤ ਦੇ ਸਕਦਾ ਹੈ। ਅਸਲ 'ਚ ਦ੍ਰਿੜ-ਚਿਤ ਹੋਣ ਵਾਲਾ ਹੀ ਕੁਰਬਾਨੀ ਕਰ ਸਕਦਾ ਹੈ। ਇਧਰ ਉਧਰ ਡੋਲ ਜਾਣ ਵਾਲਾ, ਨਿਰਣਾ ਨਾ ਕਰ ਸਕਣ ਵਾਲਾ,ਨਿੱਕੇ ਮੋਟੇ ਲਾਲਚ 'ਚ ਫਸ ਜਾਣ ਵਾਲਾ, ਦੁਖ ਭੁੱਖ ਦੇ ਸਹਿਮ ਤੋਂ ਘਬਰਾ ਜਾਣ ਵਾਲਾ ਅਸੂਲ ਨੂੰ ਪਿੱਠ ਦੇ ਜਾਂਦਾ ਹੈ ਅਤੇ ਉਹ ਕਦੀ ਕੁਰਬਾਨੀ ਨਹੀਂ ਦੇ ਸਕਦਾ।

ਸ਼ਹੀਦ ਆਪਣੇ ਅਸੂਲ ਖਾਤਰ ਸਭ ਡਰ-ਸਹਿਮ ਤਿਆਗ ਕੇ ਸੂਰਮਿਆਂ ਦੀ ਮੌਤ ਮਰਕੇ ਸ਼ਹੀਦ ਹੁੰਦੇ ਹਨ। ਸ਼ਹੀਦ ਸਚਾਈ,ਇਨਸਾਫ ਅਤੇ ਹੱਕ ਉਪਰ ਡੱਟ ਕੇ ਪਹਿਰਾ ਦਿੰਦਾ ਹੈ। ਦੁਨੀਆ ਦੇ ਲੋਕ ਇਹ ਕਦੀ ਨਹੀਂ ਜਾਣ ਸਕਦੇ ਕਿ ਸ਼ਹੀਦ ਕਿਉਂ ਜਾਨ ਦੀ ਬਾਜ਼ੀ ਲਾਕੇ ਸ਼ਹੀਦੀ ਪਾਉਂਦਾ ਹੈ? ਸ਼ਹੀਦਾਂ ਦੇ ਆਦਰਸ਼ ਬੜੇ ਉੱਚੇ ਹੁੰਦੇ ਹਨ। ਜੇ ਉਸ ਜੀਉਣਾ ਹੈ,ਤਾਂ ਆਪਣੇ ਆਦਰਸ਼ ਨਾਲ ਜੀਣਾ ਹੈ।

ਸ਼ਹੀਦ ਲਈ ਸ਼ਹਾਦਤ ਉਸ ਦੀ ਅਖੀਰਲੀ ਲੜਾਈ ਹੁੰਦੀ ਹੈ,ਜਿਸ ਲਈ ਉਹ ਆਪਣਾ ਸਭ ਕੁਝ ਦਾਅ ਉਤੇ ਲਗਾ ਦਿੰਦਾ ਹੈ। ਸ਼ਹੀਦ ਦੀ ਨਿਰਭਉ-ਨਿਰਵੈਰ ਅਵਸਥਾ 'ਚ ਨਾ ਉਸ ਨੂੰ ਕਾਲ ਦੇ ਪੋਹ ਸਕਣ ਦਾ ਵਹਿਮ ਭਾਸਦਾ ਹੈ ਅਤੇ ਨਾਹੀਂ ਹਾਰ ਦਾ ਸਹਿਮ। ਇਹ,ਉਸ ਦੀ ਸਦਾ ਵਿਗਾਸ ਦੀ ਅਵਸਥਾ ਹੁੰਦੀ ਹੈ। ਸ਼ਹੀਦ ਲ ਈ ਕੋਈ ਵੀ ਭੇਦ-ਭਾਵਨਹੀਂ ਹੁੰਦਾ,ਉਸ ਲਈ ਸਭ ਬਰਾਬਰ ਹੁੰਦੇ ਹਨ। ਉਹ ਆਪਣੇ ਖਿਆਲ ਦੇ ਸਾਰੇ ਮਨੁੱਖਾਂ ਦੇ ਹੱਕਾਂ ਦੀ ਰਾਖੀ ਲਈ ਕੁਰਬਾਨੀ ਦਿੰਦਾ ਹੈ।

ਦੁਨੀਆ ਲਈ ਮੌਤ ਇਕ ਭਿਆਨਕ ਕਹਿਰ ਹੈ। ਹਰ ਕੋਈ ਜੀਉਣਾ ਚਾਹੁੰਦਾ ਹੈ ਭਾਵੇਂ ਉਹ ਕਿੰਨਾ ਵੀ ਦੁੱਖੀ ਕਿਉਂ ਨਾ ਹੋਵੇ। ਹਰ ਇਕ ਨੂੰ ਜੀਉਣਾ ਚੰਗਾ ਲੱਗਦਾ ਹੈ। ਦੁਨੀਆ ਅੰਦਰ ਸਭ ਚੀਜ਼ਾਂ ਨਾਲੋਂ ਵਧੀਕ ਪਿਆਰੀ ਜਾਨ ਹੁੰਦੀ ਹੈ। ਇਸ ਲਈ ਮੌਤ ਤੋਂ ਬਚਣ ਲਈ ਸਾਰੇ ਹੀਲੇ-ਹਰਬੇ ਵਰਤੇ ਜਾਂਦੇ ਹਨ। ਜੇ ਕਦੀ ਕੋਈ ਦੂਜਿਆਂ ਦੀ ਭਲਾਈ ਲਈ ਆਪਣੀ ਜਾਨ ਦੀ ਬਾਜ਼ੀ ਲਾ ਦਿੰਦਾ ਹੈ, ਤਾਂ ਦੁਨੀਆ ਉਸ ਨੂੰ ਸ਼ਹੀਦ ਦਾ ਦਰਜਾ ਦੇ ਦਿੰਦੀ ਹੈ। ਸ਼ਹੀਦ ਦੀ ਤਾਕਤ ਸਾਹਮਣੇ ਬਾਦਸ਼ਾਹ ਦੀ ਤਾਕਤ ਤੁੱਛ ਹੈ। ਬਾਦਸ਼ਾਹੀ ਤਾਕਤ ਨਿੱਜ 'ਤੇ ਆਧਾਰਤ ਹੋਣ ਕਾਰਨ ਲੌਕਿਕ ਤਾਕਤ ਹੈ ਅਤੇ ਸ਼ਹੀਦ ਦੀ ਤਾਕਤ ਪਰਉਪਕਾਰ ਲਈ ਹੋਣ ਕਾਰਨ ਅਲੌਕਿਕ ਤਾਕਤ ਹੈ।

ਜੋ ਰਾਹਤ ਕੁਰਬਾਨੀ 'ਚ ਹੈ, ਜੋ ਰਸ ਆਪਣੀਆਂ ਖਾਹਸ਼ਾਂ ਨੂੰ ਪਿੱਛੇ ਪਾ ਕੇ ਦੂਜਿਆਂ ਦੀਆਂ ਖਾਹਸ਼ਾਂ ਨੂੰ ਪਹਿਲ ਦੇਣ 'ਚ ਹੈ, ਉਹ ਨਾ ਚੰਗਾ ਖਾਣ 'ਚ, ਨਾ ਚੰਗਾ ਪਹਿਨਣ 'ਚ ਅਤੇ ਨਾਹੀ ਚੰਗਾ ਰਹਿਣ ਸਹਿਣ 'ਚ ਹੀ ਹੈ। ਦੂਜਿਆਂ ਲ ਈ ਨਿਸ਼ਕਾਮ ਕੰਮ ਕਰਨ ਦੇ ਮੌਕੇ ਲੱਭਣੇ ਹੀ ਇਨਸਾਨੀਅਤ ਹੈ। ਦਿਲ 'ਚ ਕਿਸੇ ਵੱਡੇ ਛੋਟੇ ਦੀ ਭਾਵਨਾ ਨਾ ਹੋਵੇ, ਅਮੀਰ ਗਰੀਬ ਦੀ ਭਾਵਨਾ ਨਾ ਹੋਵੇ, ਹਰ ਇਕ ਦੇ ਕੰਮ ਆਉਣ ਲਈ ਤਿਆਰ ਰਹਿਣਾ ਹੀ ਮਨੁੱਖ ਨੂੰ ਅਸਲੀ ਸੁਖ ਦੇ ਸਕਦਾ ਹੈ। ਚੰਗਿਆਈ ਤੋਂ ਚੰਗਿਆਈ ਦਾ ਜਨਮ ਹੁੰਦਾ ਹੈ ਅਤੇ ਬੁਰਿਆਈ ਤੋਂ ਬੁਰਿਆਈ ਜੰਮਦੀ ਹੈ। ਉਹ ਮਨੁੱਖ ਹੀ ਅਸਲੀ ਖੁਸ਼ੀ ਪ੍ਰਾਪਤ ਕਰਦਾ ਹੈ, ਜੋ ਕਿਸੇ ਦੇ ਕੰਮ ਆ ਸਕਦਾ ਹੈ, ਕਿਸੇ ਦਾ ਕੰਮ ਸੁਆਰ ਸਕਦਾ ਹੈ ਅਤੇ ਕਿਸੇ ਦਾ ਦੁੱਖ ਵੰਡਾ ਸਕਦਾ ਹੈ। ਸ਼ਹੀਦ ਆਪਣੇ ਨਿੱਜੀ ਸੁਖਾਂ ਦੀ, ਆਪਣੇ ਪਰਿਵਾਰ ਦੇ ਸੁਖਾਂ ਦੀ, ਆਪਣੀ ਪਦਵੀ ਦੀ, ਆਪਣੀ ਸ਼ੁਹਰਤ ਦੀ ਜਾਂ ਧਨ-ਦੌਲਤ ਦੀ ਬਿਲਕੁਲ ਪ੍ਰਵਾਹ ਨਹੀਂ ਕਰਦੇ।

ਇਥੇ ਇਹ ਨੁਕਤਾ ਵੀ ਚੇਤੇ ਰੱਖਣਾ ਜ਼ਰੂਰੀ ਹੈ ਕਿ ਸ਼ਹੀਦ, ਜੀਵਨ ਨੂੰ ਆਮ ਲੋਕਾਂ ਨਾਲੋਂ ਵਧੀਕ ਪਿਆਰ ਕਰਦਾ ਹੈ। ਪਰ ਹਮਸਫ਼ਰਾਂ ਦੇ ਕਾਫਲੇ ਨੂੰ ਸੁਖਾਵਾਂ ਬਣਾਉਣ ਲਈ ਜੇ ਉਸ ਨੂੰ ਜਾਨ ਦੇਣੀ ਪੈ ਜਾਏ, ਤਾਂ ਉਹ ਧੰਨ ਭਾਗ ਸਮਝਦਾ ਹੈ, ਕਿਉਂਕਿ ਇੰਜ ਕੀਤਿਆਂ ਉਸ ਲਈ ਆਪਣੀ ਮੰਜ਼ਲ ਤੱਕ ਪਹੁੰਚ ਜਾਣਾ ਯਕੀਨੀ ਬਣ ਜਾਂਦਾ ਹੈ। ਫਾਂਸੀ ਫੰਦਾ ਹੋਵੇ ਜਾਂ ਤਲਵਾਰ, ਮੌਤ ਜਿਵੇਂ ਮਰਜ਼ੀ ਆਵੇ, ਜੀਅ ਸਦਕੇ ਆਵੇ, ਉਸ ਨੂੰ ਹਰ ਹਾਲਤ ਵਿੱਚ ਪ੍ਰਵਾਨ ਹੁੰਦੀ ਹੈ। ਸ਼ਹੀਦ ਹੱਸ-ਹੱਸ ਕੇ ਸ਼ਹਾਦਤਾਂ ਦਿੰਦੇ ਹਨ। ਆਮ ਮਨੁੱਖ ਦੀ ਮੌਤ ਨੂੰ 'ਮਰਨਾ' ਕਿਹਾ ਜਾਂਦਾ ਹੈ ਕਿਉਂਕਿ ਉਸ 'ਤੇ ਮੌਤ ਦੀ ਜਿੱਤ ਹੁੰਦੀ ਹੈ, ਪਰ ਸ਼ਹੀਦ ਦੀ ਮੌਤ ਨੂੰ ਉਸ ਦੀ ਮੌਤ ਨਹੀਂ, ਸਗੋਂ ਸ਼ਹਾਦਤ ਕਿਹਾ ਜਾਂਦਾ ਹੈ ਕਿਉਂਕਿ ਉਸ ਨੇ ਮੌਤ 'ਤੇ ਫਤਹਿ ਪਾ ਲਈ ਹੁੰਦੀ ਹੈ।

ਸਭ ਨੇ ਇਕ ਦਿਨ ਮਰਨਾ ਹੈ, ਪਰ ਬਹੁਗਿਣਤੀ ਆਪਣੀ ਮਰਜ਼ੀ ਵਿਰੁੱਧ ਮਰਦੀ ਹੈ, ਸ਼ਹੀਦ ਆਪਣੀ ਮਰਜ਼ੀ ਨਾਲ ਮਰਦਾ ਹੈ। ਸ਼ਹੀਦ ਆਪਣੀ ਮੌਤ ਨੂੰ ਆਪ ਵਿਉਂਤਦਾ ਹੈ। ਸ਼ਹੀਦੀ ਕੋਈ ਸਧਾਰਨ ਵਾਪਰੀ ਘਟਨਾ ਨਹੀਂ ਹੁੰਦੀ, ਇਹ ਕੁਦਰਤ ਦੇ ਨੇਮ ਪਾਲਨ ਦਾ ਇਕ ਅਨੋਖਾ ਤਜਰਬਾ ਹੈ। ਇਸ ਪਿੱਛੇ ਜਿਤਨਾ ਵੱਡਾ ਵਿਸ਼ਵਾਸ ਹੁੰਦਾ ਹੈ, ਉਤਨਾ ਹੀ ਵੱਡਾ ਤੇ ਵਿਸ਼ਾਲ ਤਜਰਬਾ ਹੁੰਦਾ ਹੈ। ਸ਼ਹੀਦੀ ਕਿਸੇ ਵਿਅਕਤੀ ਦੇ ਵਿਚਾਰਾਂ ਦੇ ਠੀਕ ਹੋਣ ਦਾ ਸਬੂਤ ਨਹੀਂ, ਸਗੋਂ ਉਸ ਵਲੋਂ ਆਪਣੇ ਵਿਚਾਰਾਂ ਪ੍ਰਤੀ ਵਫ਼ਾਦਾਰੀ ਦੀ ਸ਼ਿੱਦਤ ਦਾ ਪ੍ਰਮਾਣ ਹੁੰਦਾ ਹੈ। ਕਈ ਵਾਰੀ ਕਈ ਮਨੁੱਖ ਹੱਸਦਿਆਂ ਹੱਸਦਿਆਂ ਸੂਲੀ ਚੜ੍ਹ ਜਾਂਦੇ ਹਨ, ਖੁਸ਼ੀ ਖੁਸ਼ੀ ਬੰਦ ਬੰਦ ਕਟਵਾ ਦਿੰਦੇ ਹਨ ਅਤੇ ਆਪਣੇ ਆਪ ਨੂੰ ਆਰਿਆਂ ਨਾਲ ਚਿਰਵਾ ਲੈਂਦੇ ਹਨ। ਉਹਨਾਂ ਨੂੰ ਇਸ ਗੱਲ ਦਾ ਪੂਰਾ ਗਿਆਨ ਹੁੰਦਾ ਹੈ ਕਿ ਉਹਨਾਂ ਨੇ ਇਕ ਨਾ ਇਕ ਦਿਨ ਮਰਨਾ ਹੀ ਹੈ।

ਜੋ ਜੰਮਿਆ ਹੈ, ਉਹ ਮਰੇਗਾ ਵੀ ਜ਼ਰੂਰ ਭਾਵੇਂ ਉਹ ਕੋਈ ਵੀ ਹੋਵੇ। ਇਹ ਕੁਦਰਤ ਦਾ ਅਟੱਲ ਕਾਨੂੰਨ ਹੈ। ਦੁਨੀਆ 'ਚ ਹਰ ਇਕ ਨੂੰ ਸਭ ਚੀਜ਼ਾਂ ਨਾਲੋਂ ਵਧੀਕ ਪਿਆਰੀ ਜਾਨ ਹੁੰਦੀ ਹੈ, ਜਿਸ ਲਈ ਹਰ ਕੋਈ ਮੌਤ ਤੋਂ ਬਚਣ ਦੇ ਸਾਰੇ ਹੀਲੇ ਹਰਬੇ ਵਰਤਦਾ ਹੈ ਭਾਵੇਂ ਦੁਨੀਆ 'ਚ ਰੋਜ਼ ਲੋਕ ਮਰਦੇ ਰਹਿੰਦੇ ਹਨ।

ਦੁਖ ਤੇ ਮੁਸ਼ਕਲਾਂ ਤੋਂ ਘਬਰਾ ਕੇ ਅਸੂਲ, ਸਚਾਈ ਅਤੇ ਆਦਰਸ਼ ਤੋਂ ਡਿੱਗ ਜਾਣਾ ਮੌਤ ਹੈ ਅਤੇ ਉਹਨਾਂ ਨੂੰ ਝਾਗ ਜਾਣਾ ਸ਼ਹੀਦ ਹੋਣਾ ਹੈ। ਸ਼ਹੀਦ ਸਰੀਰਕ ਦੁਖਾਂ ਤੋਂ ਨਹੀਂ ਸਹਿਮਦੇ। ਜੇ ਸਰੀਰਕ ਦੁਖਾਂ ਦੇ ਡਰ ਨਾਲ ਸ਼ਹੀਦ ਘਬਰਾ ਜਾਂਦੇ, ਤਾਂ ਉਹ ਬੁਜ਼ਦਿਲ ਤੇ ਕਾਇਰ ਗਿਣੇ ਜਾਂਦੇ ਅਤੇ ਇਤਿਹਾਸ 'ਚ ਉਹਨਾਂ ਦੀ ਕੋਈ ਥਾਂ ਨਾ ਹੁੰਦੀ। ਆਮ ਮਨੁੱਖ ਜਿੱਥੇ ਸਰੀਰਕ ਦੁਖਾਂ ਦੇ ਸਹਿਮ ਕਾਰਨ ਆਪਣੇ ਆਦਰਸ਼ ਤੋਂ ਡਿੱਗਦਾ ਹੈ ਅਤੇ ਜ਼ਲਾਲਤ ਦੀ ਮੌਤ ਮਰਦਾ ਹੈ, ਉਥੇ ਸੱਚ ਦਾ ਧਾਰਨੀ ਮਨੁੱਖ ਮੌਤ ਨੂੰ ਵੰਗਾਰ ਕੇ ਆਪਣੇ ਆਦਰਸ਼ ਲਈ ਮਰਦਾ ਹੈ।

ਦੁੱਖ, ਭੁੱਖ, ਤਸੀਹੇ ਆਦਿਕ ਮਨੁੱਖ ਨੂੰ ਆਪਣੇ ਆਦਰਸ਼ ਤੋਂ ਡੇਗਦੇ ਹਨ, ਬੇਮੁਖ ਕਰਦੇ ਹਨ ਅਤੇ ਮਨੁੱਖ ਨੂੰ ਜ਼ਲੀਲ ਕਰਕੇ ਮਾਰਦੇ ਹਨ। ਜੋ ਲੋਕ ਸਰੀਰਕ ਜਾਂ ਮਾਨਸਿਕ ਦੁਖ ਤੋਂ ਘਬਰਾ ਕੇ ਆਪਣੇ ਧਰਮ, ਸਚਾਈ ਜਾਂ ਨਿਆਂ ਤੋਂ ਡਿਗਕੇ ਮਰਦੇ ਹਨ, ਉਹ ਕਾਇਰ ਦੀ ਮੌਤ ਮਰਦੇ ਹਨ। ਇਸ ਦੇ ਉਲਟ ਸ਼ਹੀਦ ਆਪਣੇ ਅਸੂਲ, ਆਦਰਸ਼, ਸਚਾਈ ਅਤੇ ਨਿਆਂ ਲਈ ਆਪਣਾ ਸਭ ਕੁਝ ਕੁਰਬਾਨ ਕਰ ਦਿੰਦੇ ਹਨ। ਸ਼ਹੀਦ ਦਾ ਜੀਵਨ ਸੱਚਾ ਸੁੱਚਾ ਹੁੰਦਾ ਹੈ ਅਤੇ ਉਹ ਇਨਸਾਫ ਲਈ ਆਪਣੀ ਜਾਨ ਵਾਰਦਾ ਹੈ।

ਮੌਤ ਹਰ ਇਕ ਨੂੰ ਆਉਣੀ ਹੈ, ਪਰ ਇਕ ਮੌਤ ਅਜਿਹੀ ਵੀ ਹੈ, ਜਿਸ ਦੇ

ਮੋਇਆਂ ਫਿਰ ਮਰਨਾ ਨਹੀਂ ਪੈਂਦਾ ਭਾਵਅਮਰ ਹੋ ਜਾਈਂਦਾ ਹੈ। ਜਦ ਸਚਮੁਚ ਅਜਿਹੀ ਮੌਤ ਹੋਵੇ, ਜੋ ਅਮਰ ਕਰ ਦੇਵੇ, ਤਾਂ ਫਿਰ ਮਰਨ ਦਾ ਡਰ ਕਿਥੇ ਰਹਿ ਜਾਏਗਾ? ਸਗੋਂ ਅਜਿਹੀ ਮੌਤ ਤਾਂ ਪਿਆਰੀ ਹੋ ਕੇ ਦਿੱਸੇਗੀ। ਅਜਿਹੀ ਹਾਲਤ 'ਚ ਤਾਂ ਮਰਨ ਦਾ ਸ਼ੌਕ ਪੈਦਾ ਹੋ ਜਾਂਦਾ ਹੈ ਜਿਵੇਂ ਕਿ ਭਗਤ ਕਬੀਰ ਜੀ ਫੁਰਮਾਉਂਦੇ ਹਨ:

ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ॥

(ਪੰਨਾ 1367)

'ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥' ਅਨੁਸਾਰ 'ਮਰਣ ਦਾ ਹੱਕ ਕੇਵਲ ਉਨ੍ਹਾਂ ਸੂਰਮਿਆਂ ਨੂੰ ਹੀ ਹੁੰਦਾ ਹੈ ਜੋ ਪਰਵਾਣ ਹੋਕੇ ਮਰਦੇ ਹਨ। 'ਭਾਵਜਿਹੜੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ 'ਤੇ ਫਤਹਿ ਪਾ ਕੇ ਆਪਣੀ ਹਸਤੀ ਮਿਟਾ ਕੇ ਸਾਰੇ ਬ੍ਰਹਿਮੰਡ ਨਾਲ ਇਕਸੁਰ ਹੋ ਜਾਂਦੇ ਹਨ। ਕਬੀਰ ਜੀ ਫੁਰਮਾਉਂਦੇ ਹਨ ਕਿ 'ਜਿਸ ਮਰਨ ਤੋਂ ਸਾਰਾ ਜਗਤ ਡਰਦਾ ਰਹਿੰਦਾ ਹੈ, ਗੁਰੂ ਦੇ ਸ਼ਬਦ ਦੀ ਕਿਰਪਾ ਨਾਲ ਉਸ ਮਰਨ ਦੀ ਮੈਨੂੰ ਸੋਝੀ ਹੋ ਗਈ ਹੈ। ਮਰਦੇ ਜਾਂ ਜੰਮਦੇ ਉਹ ਹਨ, ਜੋ ਆਵਾਗਵਨ ਦੇ ਚੱਕਰਾਂ 'ਚ ਹੁੰਦੇ ਹਨ, ਪਰ ਜੋ ਸੁਆਰਥ ਤੇ ਹਉਮੈਂ ਨੂੰ ਤਿਆਗ ਕੇ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ 'ਤੇ ਕਾਬੂ ਪਾ ਕੇ ਜੀ ਉਂਦਿਆਂ ਮਰਦਾ ਹੈ, ਉਹ ਸਿਰਜਣਹਾਰ ਨੂੰ ਪਾ ਲੈਂਦਾ ਹੈ ਤੇ ਉਸ ਦਾ ਆਵਾਗਵਨ ਖਤਮ ਹੋ ਜਾਂਦਾ ਹੈ। ਇਸ ਲਈ ਮੈਂ ਹੁਣ ਕਿਵੇਂ ਮਰ ਸਕਦਾ ਹਾਂ? ਮੇਰਾ ਮਨ ਤਾਂ ਸਗੋਂ ਇਸ ਤਰ੍ਹਾਂ ਦੇ ਮਰਨ ਦੇ ਆਹਰਾਂ 'ਚ ਲੱਗਾ ਹੋਇਆ ਹੈ, ਜਿਸ ਦੀ ਜਾਚ ਮੈਂ ਗੁਰੂ ਤੋਂ ਸਿਖ ਲਈ ਹੈ। ਮਰਦੇ ਕੇਵਲ ਉਹ ਹਨ, ਜਿਨ੍ਹਾਂ ਨੇ ਪ੍ਰਮਾਤਮਾ ਨੂੰ ਨਹੀਂ ਜਾਣਿਆ ਹੁੰਦਾ। ਮੌਤ ਨੂੰ ਹਰ ਕੋਈ ਮਰਨ (ਖਤਮ ਹੋਣਾ)ਕਹਿੰਦਾ ਹੈ, ਪਰ ਜੋ ਸਹਜ 'ਚ ਹੋਕੇ ਮਰਦਾ ਹੈ (ਹੁਕਮੀ ਜੀਵਨ – ਭਾਣੇ 'ਚ ਰਹਿ ਕੇ ਜੀਂਦਾ ਹੈ ਅਤੇ ਭਾਣੇ 'ਚ ਰਹਿ ਕੇ ਮਰਦਾ ਹੈ)ਉਹ ਮਰਨ ਰਹਿਤ ਹੋ ਜਾਂਦਾ ਹੈ। ਭਾਣੇ 'ਚ ਰਹਿਣ ਵਾਲੇ ਦੇ ਜੀਵਨ 'ਚ ਸੇਵਾ, ਨੇਕੀ ਅਤੇ ਪਰਉਪਕਾਰ ਮੁਖ ਅੰਗ ਹੁੰਦੇ ਹਨ। ਹੇ ਕਬੀਰ, ਆਖ ਕਿ ਹੁਣ ਤਾਂ ਮੇਰਾ ਜੀਵਨ ਅਨੰਦਮਈ ਹੋ ਗਿਆ ਹੈ ਕਿਉਂਕਿ ਪਰਮ–ਅਨੰਦ ਸਰੂਪ ਪ੍ਰਮਾਤਮਾ ਅੰਦਰ ਆ ਵਸਿਆ ਹੈ:

ਜਿਹ ਮਰਨੈ ਸਭੁ ਜਗਤੁ ਤਰਾਸਿਆ॥
ਸੋ ਮਰਨਾ ਗੁਰ ਸਬਦਿ ਪ੍ਰਗਾਸਿਆ॥
ਅਬ ਕੈਸੇ ਮਰਉ ਮਰਨਿ ਮਨੁ ਮਾਨਿਆ॥
ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ॥ ਰਹਾਉ॥
ਮਰਨੋ ਮਰਨੁ ਕਹੈ ਸਭੁ ਕੋਈ॥

ਸਹਜੇ ਮਰੈ ਅਮਰੁ ਹੋਇ ਸੋਈ॥
ਕਹੁ ਕਬੀਰ ਮਨਿ ਭਇਆ ਅਨੰਦਾ॥
ਗਇਆ ਭਰਮੁ ਰਹਿਆ ਪਰਮਾਨੰਦਾ॥ (ਪੰਨਾ 327)

ਅਝੱਲ ਸੱਟਾਂ ਝਲਣਾ ਅਤੇ ਨਾ ਡੋਲਣਾ ਹੀ ਮਨੁੱਖੀ ਤਾਕਤ ਦਾ ਸਿਖਰ ਹੈ। ਜਿਹੜਾ ਮਨੁੱਖ ਜੀਵਨ ਲਈ ਮਰ ਸਕਦਾ ਹੈ, ਉਹ ਹੀ ਜੀਵਨ ਦਾ ਹੱਕਦਾਰ ਹੈ। ਜਦੋਂ ਇਮਤਿਹਾਨ ਦੇ ਮੌਕੇ ਪੈਦਾ ਹੁੰਦੇ ਹਨ ਤਾਂ ਉਦੋਂ ਸੋਚਣ ਦਾ ਵਕਤ ਬਹੁਤ ਘੱਟ ਹੁੰਦਾ ਹੈ ਅਤੇ ਕੇਵਲ ਬਣਿਆ ਹੋਇਆ ਅਖਲਾਕ ਹੀ ਮੌਕੇ ਸਿਰ ਕੰਮ ਆਉਂਦਾ ਹੈ। ਸ਼ਹੀਦਾਂ 'ਚ ਵਕਤ ਸਿਰ ਜੁਰਅੱਤ ਪੈਦਾ ਹੁੰਦੀ ਹੈ ਅਤੇ ਉਹ ਸ਼ਹੀਦ ਹੋ ਜਾਂਦੇ ਹਨ ਤੇ ਅਮਰ ਵੀ। ਜਿਹੜੇ ਉਸ ਮੌਕੇ 'ਤੇ ਦਿਲ ਹਾਰ ਜਾਂਦੇ ਹਨ, ਉਹ ਕਾਇਰ ਮੰਨੇ ਜਾਂਦੇ ਹਨ। ਸਿੱਖੀ ਅਨੁਸਾਰ ਸੂਰਮਾ ਉਹ ਹੈ ਜੋ ਦੀਨ-ਦੁਖੀ ਦੀ ਰੱਖਿਆ ਕਰਦਾ ਹੋਇਆ ਆਪਣਾ ਆਪ ਵਾਰ ਦਿੰਦਾ ਹੈ। ਡਰ ਉਸ ਤੋਂ ਕੋਹਾਂ ਦੂਰ ਭੱਜਦਾ ਹੈ। ਸੂਰਮਾ ਹੀ ਸ਼ਹੀਦੀ ਪਾ ਸਕਦਾ ਹੈ:

'ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤ॥' (ਪੰਨਾ 1105)

ਕਬੀਰ ਜੀ ਅਨੁਸਾਰ 'ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ' ਭਾਵ ਸੂਰਮਾ ਉਹ ਹੈ ਜੋ ਦੀਨ (ਸੱਚ ਦੇ ਧਰਮ) ਦੀ ਖਾਤਰ ਲੜਦਾ ਹੈ। ਮਰਦਾ ਤਾਂ ਸਾਰਾ ਸੰਸਾਰ ਹੈ, ਪਰ ਮਰਨ ਦੀ ਠੀਕ ਜਾਂਚ ਕਿਸੇ ਵਿਰਲੇ ਨੂੰ ਹੁੰਦੀ ਹੈ। ਜੋ ਠੀਕ ਜਾਂਚ ਨਾਲ ਮਰਦਾ ਹੈ, ਉਸ ਨੂੰ ਫਿਰ ਨਹੀਂ ਮਰਨਾ ਪੈਂਦਾ:

ਕਬੀਰਾ ਮਰਤਾ ਮਰਤਾ ਜਗੁ ਮੂਆ ਮਰਿ ਭਿ ਨ ਜਾਨੈ ਕੋਇ॥
ਐਸੀ ਮਰਨੀ ਜੋ ਮਰੈ ਬਹੁਰਿ ਨ ਮਰਨਾ ਹੋਇ॥ (ਪੰਨਾ 555)

ਸ਼ਹੀਦ ਦੇ ਅਨੁਭਵਕਰਨ ਦੀ ਪੱਧਰ ਬੜੀ ਵਿਸ਼ਾਲ ਤੇ ਡੂੰਘੀ ਹੁੰਦੀ ਹੈ। ਉਹ ਸਹਜ ਅਵਸਥਾ 'ਚ ਹੁੰਦਾ ਹੈ। ਸਹਜ ਦਾ ਜੀਵਨ ਕੁਦਰਤੀ ਜੀਵਨ ਹੈ, ਹੁਕਮ 'ਚ ਚੱਲਣ ਦਾ ਜੀਵਨ ਹੈ। ਸਹਜ ਦਾ ਧਾਰਨੀ ਭਾਣੇ 'ਚ ਰਹਿ ਕੇ ਜੀਂਦਾ ਹੈ ਅਤੇ ਭਾਣੇ 'ਚ ਹੀ ਮਰਦਾ ਹੈ। ਉਸ ਦਾ ਜੀਵਨ ਸੇਵਾ, ਨੇਕੀ ਤੇ ਪਰਉਪਕਾਰ ਵਾਲਾ ਜੀਵਨ ਹੁੰਦਾ ਹੈ। ਉਹ ਦੂਜਿਆਂ ਦੀ ਖਾਤਰ ਜੀਂਦਾ ਹੈ ਅਤੇ ਜੇ ਲੋੜ ਪਵੇ ਤਾਂ ਦੂਜਿਆਂ ਲਈ ਸਿਰ ਵੀ ਕਟਾ ਸਕਦਾ ਹੈ। ਜਿਸ ਹਿਰਦੇ 'ਚ ਜ਼ਿੰਦਗੀ ਦੇ ਸਹੀ ਰਸਤੇ ਦੀ ਸੂਝ ਬੂਝ ਪੈਦਾ ਹੋ ਜਾਂਦੀ ਹੈ, ਉਥੇ ਡਰ ਨਹੀਂ ਰਹਿੰਦਾ। ਜਿੱਥੇ ਡਰ ਹੈ, ਉਥੇ ਪ੍ਰਮਾਤਮਾ ਦਾ ਨਿਵਾਸ ਨਹੀਂ। ਗੁਰਬਾਣੀ ਦਾ ਫੈਸਲਾ ਸਪਸ਼ਟ ਹੈ ਕਿ ਜਿਸ ਨੂੰ ਅਨੁਭਵ ਹੋ ਜਾਂਦਾ ਹੈ, ਉਸ ਅੰਦਰੋਂ ਡਰ ਭਉ ਖਤਮ ਹੋ ਜਾਂਦੇ ਹਨ। ਜੇ ਮਨੁੱਖ ਦੇ ਮਨ 'ਚ ਪਰਮਾਤਮਾ ਦਾ ਡਰ ਵਸ ਜਾਏ, ਤਾਂ ਦੁਨੀਆ ਦੇ ਡਰ ਦੂਰ ਹੋ ਜਾਂਦੇ

ਹਨ। ਜੇ ਮਨ 'ਚ ਪਰਮਾਤਮਾ ਦਾ ਡਰ ਨਾ ਵਸੇ, ਤਾਂ ਦੁਨੀਆਵੀ ਡਰ ਆ ਚੰਬੜਦੇ ਹਨ:

1) ਜਹ ਅਨਭਉ ਤਹ ਭੈ ਨਹੀ, ਜਹ ਭਉ ਤਹ ਹਰਿ ਨਾਹਿ॥ (ਪੰਨਾ 1374)

2) ਡਡਾ ਡਰ ਉਪਜੇ, ਡਰੁ ਜਾਈ॥ ਤਾ ਡਰ ਮਹਿ ਡਰੁ ਰਹਿਆ ਸਮਾਈ॥

ਜਉ ਡਰ ਡਰੈ, ਤ ਫਿਰਿ ਡਰੁ ਲਾਗੈ॥ ਨਿਡਰੁ ਹੂਆ, ਡਰੁ ਉਰ ਹੋਇ ਭਾਗੈ॥(ਪੰਨਾ341)

ਸ਼ਹੀਦ ਅੰਦਰ ਤਿਆਗ, ਸੰਤੋਖ ਤੇ ਸਬਰ ਦੀ ਭਾਵਨਾ ਪ੍ਰਬਲ ਹੁੰਦੀ ਹੈ। ਉਸ ਦੀ ਮਾਨਸਿਕ ਅਵਸਥਾ ਸਦੀਵੀ ਤੌਰ ਤੇ ਨਿਰਾਸ਼ਾ ਮੁਕਤ ਹੁੰਦੀ ਹੈ ਅਤੇ ਉਸ ਨੂੰ ਬੜੀ ਡੂੰਘੀ ਸੋਝੀ ਹੁੰਦੀ ਹੈ। ਉਸ ਨੂੰ ਪੱਤਝੜ ਦੇ ਹਰ ਬੁੱਲੇ ਵਿੱਚੋਂ ਵੀ ਬਹਾਰ ਦੀ ਆਮਦ ਹੀ ਨਜ਼ਰ ਆਉਂਦੀ ਹੈ। ਸ਼ਹੀਦ ਆਤਮਾ ਮੌਤ ਦਾ ਸਦਾ ਸਵਾਗਤ ਕਰਦੀ ਹੈ। ਇਸ ਦੀ ਦ੍ਰਿੜਤਾ ਆਪਣੇ ਵਿਰੋਧੀਆਂ ਦਾ ਮਾਨਸਿਕ ਸੰਤੁਲਨ ਵਿਗਾੜ ਕੇ ਰੱਖ ਦਿੰਦੀ ਹੈ। ਅਜਿਹੀ ਅਵਸਥਾ 'ਚ ਸ਼ਹੀਦ ਅੰਦਰ ਬੀਰਤਾ ਠਾਠਾਂ ਮਾਰਨ ਲੱਗ ਜਾਂਦੀ ਹੈ।

ਬੀਰਤਾ ਇਕ ਰੱਬੀ ਪ੍ਰੇਰਨਾ ਹੈ। ਇਹ ਸੱਚ ਦੇ ਗਿਆਨ 'ਚੋਂ ਪੈਦਾ ਹੁੰਦੀ ਹੈ। ਬੀਰਤਾ ਸਦਾ ਨਿਰਾਲੀ, ਸੱਜਰੀ ਅਤੇ ਨਵੀਨ ਹੁੰਦੀ ਹੈ। ਇਸ ਦਾ ਆਪਣਾ ਇਕ ਨਵੇਕਲਾ ਜਲਾਲ ਤੇ ਇਕ ਨਵੀਂ ਆਭਾ ਹੁੰਦੀ ਹੈ। ਬੀਰਤਾ ਦੀ ਅਵਸਥਾ ਇਕ ਉਚੇਰੀ ਅਵਸਥਾ ਹੁੰਦੀ ਹੈ। ਸੂਰਬੀਰ ਦਾ ਦਿਲ ਸਭ ਦਿਲਾਂ ਨਾਲ ਧੜਕਨ ਲੱਗ ਜਾਂਦਾ ਹੈ ਅਤੇ ਉਸ ਦਾ ਦਿਲ ਸਭ ਦਾ ਦਿਲ ਬਣ ਜਾਂਦਾ ਹੈ। ਉਸ ਦਾ ਮਨ ਸਭ ਦਾ ਮਨ ਹੋ ਜਾਂਦਾ ਹੈ ਅਤੇ ਉਸ ਦੇ ਖਿਆਲ ਸਭ ਦੇ ਖਿਆਲ ਬਣ ਜਾਂਦੇ ਹਨ। ਇਸ ਦਾ ਵਿਕਾਸ ਕਦੀ ਮੈਦਾਨੇ ਜੰਗ 'ਚ, ਕਦੀ ਪ੍ਰੇਮ ਦੇ ਮੈਦਾਨ 'ਚ, ਕਦੀ ਜੀਵਨ ਦੇ ਗੂੜ੍ਹੇ ਤੱਤ 'ਚ, ਕਦੀ ਸੱਚ ਦੀ ਰਾਖੀ ਲਈ ਅਤੇ ਕਦੀ ਕਿਸੇ ਆਪਣੇ ਆਦਰਸ਼ 'ਤੇ ਝੰਡੇ ਝੁਲਾਉਂਦਾ ਹੈ।

ਸ਼ਹੀਦ ਨੂੰ ਨਾ ਕਿਸੇ ਲੰਮੀ ਤਿਆਰੀ ਦੀ ਲੋੜ ਹੁੰਦੀ ਹੈ, ਨਾ ਕਿਸੇ ਹੱਠ ਦੇ ਅਭਿਆਸ ਦੀ ਅਤੇ ਨਾ ਹੀ ਕਿਸੇ ਜੋਗ ਸਾਧਨਾ ਆਦਿਕ ਦੀ। ਔਖ ਦੀ ਘੜੀ ਵਿੱਚ ਔਖੇ ਉਪਾਅ ਸੋਚਣੇ ਪੈਂਦੇ ਹਨ ਅਤੇ ਸ਼ਹੀਦ ਆਪਣੇ ਬਹਾਦਰ ਫ਼ੈਸਲੇ ਰਾਹੀਂ ਕੌਮ ਨੂੰ ਔਖੇ ਫ਼ੈਸਲੇ ਲੈਣ ਦੀ ਪ੍ਰੇਰਨਾ ਦਿੰਦਾ ਹੈ। ਬਲਵਾਨ ਸੂਰਮਾ ਸਰੀਰਕ ਤੌਰ ਤੇ (ਬਾਹਰਮੁਖੀ) ਬਲਵਾਨ ਹੁੰਦਾ ਹੈ ਅਤੇ ਸ਼ਹੀਦ ਅੰਦਰਮੁਖੀ ਸ਼ਕਤੀ ਨਾਲ ਭਰਪੂਰ ਹੁੰਦਾ ਹੈ। ਸ਼ਹੀਦ ਸਾਰੀ ਕੌਮ ਅੰਦਰ ਕੁਰਬਾਨੀ ਦਾ ਜਜ਼ਬਾ ਭਰਦਾ ਹੈ। ਉਹ ਕੁਰਬਾਨੀਆਂ ਦੇਣ ਅਤੇ ਤਸੀਹੇ ਸਹਿਣ ਦੇ ਨਵੇਂ ਮਿਆਰ ਹੀ ਨਹੀਂ ਸਥਾਪਤ

ਕਰਦਾ, ਸਗੋਂ ਪ੍ਰਾਪਤੀ ਦੀਆਂ ਨਵੀਆਂ ਸੰਭਾਵਨਾਵਾਂ ਵੀ ਉਜਾਗਰ ਕਰਦਾ ਹੈ। ਉਚੇ ਆਦਰਸ਼ ਲਈ ਡੁਲ੍ਹਿਆ ਹੋਇਆ ਸ਼ਹੀਦਾਂ ਦਾ ਖ਼ੂਨ ਕੌਮਾਂ ਤੇ ਮੁਲਕਾਂ ਨੂੰ ਜ਼ਿੰਦਾ ਰੱਖਦਾ ਹੈ। ਸ਼ਹੀਦ ਆਪਣੀ ਸ਼ਹਾਦਤ ਦੇਕੇ ਦੱਸ ਜਾਂਦੇ ਹਨ ਕਿ ਉਹਨਾਂ ਦੀ ਕੌਮ ਜਿਊਂਦੀ ਹੈ ਅਤੇ ਆਪਣੀ ਅਣਖ ਦੀ ਰਾਖੀ ਕਰ ਸਕਦੀ ਹੈ।

7) ਸ਼ਹਾਦਤ ਦੀ ਲੋੜ ਕਿਉਂ ਪੈਂਦੀ ਹੈ?

ਮਨੁੱਖਤਾ ਦਾ ਇਤਿਹਾਸਕ ਅਧਿਅਨ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਸੱਚ ਨੂੰ ਸਥਾਪਤ ਕਰਨ ਵਾਲਿਆਂ ਨੂੰ ਸੂਲੀ ਤੇ ਚੜ੍ਹਨਾ ਪੈਂਦਾ ਹੈ, ਜ਼ਹਿਰ ਦੇ ਪਿਆਲੇ ਪੀਣੇ ਪੈਂਦੇ ਹਨ, ਕੁਰਬਾਨੀਆਂ ਦੇਣੀਆਂ ਪੈਂਦੀਆਂ ਹਨ ਅਤੇ ਸ਼ਹਾਦਤਾਂ ਦੇਣੀਆਂ ਪੈਂਦੀਆਂ ਹਨ। ਸੰਸਾਰ ਦੇ ਹੋਰਨਾਂ ਧਰਮਾਂ ਦੇ ਮਹਾਂਪੁਰਸ਼ਾਂ ਨੇ ਵੀ ਸੱਚ ਖਾਤਰ, ਧਰਮ ਖਾਤਰ ਅਤੇ ਮਨੁੱਖਤਾ ਨਾਲ ਹੋ ਰਹੀ ਬੇਇਨਸਾਫੀ ਖਾਤਰ ਸ਼ਹਾਦਤਾਂ ਦਿੱਤੀਆਂ ਹਨ ਪਰ ਜਿਸ ਕਠੋਰਤਾ ਨਾਲ, ਜਿਸ ਨਿਰਦਇਤਾ ਨਾਲ, ਜਿਸ ਵਹਿਸ਼ੀਪੁਣੇ ਨਾਲ ਅਤੇ ਜਿਸ ਸੰਗਦਿਲੀ ਨਾਲ ਸ਼ਾਂਤੀ ਦੇ ਪੁੰਜ ਗੁਰੂ ਅਰਜਨ ਸਾਹਿਬ ਨੂੰ ਅਕਹਿ ਤੇ ਅਸਹਿ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ, ਉਸ ਤਰ੍ਹਾਂ ਦੀ ਰੌਂਗਟੇ ਖੜੇ ਕਰ ਦੇਣ ਵਾਲੀ ਮਿਸਾਲ ਸੰਸਾਰ ਭਰ ਦੇ ਇਤਿਹਾਸ 'ਚ ਹੋਰ ਕਿਤੇ ਨਹੀਂ ਮਿਲਦੀ। ਅੱਜ ਦੇ ਸਾਇੰਸੀ ਯੁਗ ਅੰਦਰ ਸੰਸਾਰ ਦੀਆਂ ਸਾਰੀਆਂ ਕੌਮਾਂ ਦਾ ਇਤਿਹਾਸ ਹਰ ਕੋਈ ਵਾਚ ਸਕਦਾ ਹੈ। ਇਥੇ ਇਹ ਵੀ ਚੇਤੇ ਰੱਖਣ ਵਾਲੀ ਗੱਲ ਹੈ ਕਿ ਇਹ ਸਭ ਕੁਝ ਅਕਾਲ ਪੁਰਖ ਦੇ ਹੁਕਮ 'ਚ ਹੀ ਹੋ ਰਿਹਾ ਹੈ।

ਸਾਰੇ ਬ੍ਰਹਮੰਡ ਦਾ ਨਿਜ਼ਾਮ ਇਕ ਖਾਸ ਸੰਤੁਲਨ 'ਚ ਚਲ ਰਿਹਾ ਹੈ। ਜਦੋਂ ਅਧਿਆਤਮਕ ਸਤਿ ਜਾਂ ਦੂਜੇ ਸ਼ਬਦਾਂ 'ਚ ਕੁਦਰਤ ਦੀ ਨਿਯਮਾਵਲੀ ਦੇ ਤਵਾਜ਼ਨ ਨੂੰ ਵਿਗਾੜ ਕੇ, ਸਮੇਂ ਦੇ ਹਾਣ ਦਾ ਨਹੀਂ ਰਹਿਣ ਦਿੱਤਾ ਜਾਂਦਾ, ਸਤਿ ਨੂੰ ਵੰਗਾਰ ਪਾ ਕੇ ਲਲਕਾਰਿਆ ਜਾਂਦਾ ਹੈ ਅਤੇ ਅਜਿਹੀ ਅਤਿ ਦੀ ਇਕਪਾਸੜ ਹਾਲਤ 'ਚ ਕੁਦਰਤ ਦੀ ਨਿਯਮਾਵਲੀ ਦਾ ਸੰਤੁਲਨ ੌਇਓਖਗਤਗਬਸਗਖੱ ਗਵਾਚ ਜਾਂਦਾ ਹੈ, ਤਾਂ ਉਸ ਹਾਲਤ 'ਚ ਕਿਸੇ ਈਸਾ ਨੂੰ ਸੂਲੀ ਚੜ੍ਹਨਾ ਪੈਂਦਾ ਹੈ। ਜਦ ਸੱਚ ਦੇ ਬੌਧਿਕ ਗਿਆਨ ਨੂੰ ਦੁਰਕਾਰਿਆ ਜਾਵੇ, ਤਾਂ ਕਿਸੇ ਸੁਕਰਾਤ ਨੂੰ ਜ਼ਹਿਰ ਦਾ ਪਿਆਲਾ ਪੀਣਾ ਪੈਂਦਾ ਹੈ ਅਤੇ ਕਿਸੇ ਗਲੀਲੀਓ ਨੂੰ ਫਾਂਸੀ ਚੜ੍ਹਨਾ ਪੈਂਦਾ ਹੈ। ਜਦ ਸਤਿ, ਸੰਤੋਖ ਤੇ ਗਿਆਨ ਤਿੰਨੇ ਹੀ ਵੰਗਾਰੇ ਜਾਣ, ਲਲਕਾਰੇ ਜਾਣ, ਦੁਰਕਾਰੇ ਜਾਣ, ਤਾਂ ਉਦੋਂ ਉਸ ਗਵਾਚੇ ਸੰਤੁਲਨ ਨੂੰ ਬਹਾਲ ਕਰਨ ਲਈ ਕਿਸੇ ਸ਼ਾਂਤੀ ਦੇ ਪੁੰਜ ਨੂੰ ਤੱਤੀ ਤਵੀ 'ਤੇ ਅਤੇ ਉਬਲਦੀ ਦੇਗ 'ਚ ਬੈਠਣਾ ਪੈਂਦਾ ਹੈ ਅਤੇ ਕਿਸੇ ਮਹਾਂਪੁਰਖ ਨੂੰ ਚਾਂਦਨੀ ਚੌਂਕ ਵਿਖੇ ਸੀਸ ਦੇਣਾ ਹੁੰਦਾ ਹੈ।

ਸਾਰਾ ਬ੍ਰਹਮੰਡ ਇਕ ਖਾਸ ਕਾਨੂੰਨ ਮੁਤਾਬਕ ਚੱਲ ਰਿਹਾ ਹੈ। ਇਸ ਅੰਦਰ ਸਭ

ਜੀਵ-ਜੰਤੂਆਂ ਦੇ ਵਧਣ ਫੂਲਣ ਵਾਸਤੇ ਸਹੀ ਸੰਤੁਲਨ ਕਾਇਮ ਰੱਖਣ ਲਈਂ ਕੁਦਰਤ ਦੀਆਂ ਵੱਖ ਵੱਖ ਤਾਕਤਾਂ ਹਰ ਵੇਲੇ ਹਰਕਤ 'ਚ ਰਹਿੰਦੀਆਂ ਹਨ। ਕੁਦਰਤੀ ਆਫਤਾਂ-ਤੂਫਾਨ, ਜ਼ਲਜ਼ਲੇ, ਹੜ੍ਹ, ਹਨੇਰੀਆਂ-ਝੱਖੜ ਆਦਿਕ ਸਭ ਕੁਦਰਤ ਦੇ ਕਾਨੂੰਨ ਦਾ ਹਿਸਾ ਹਨ। ਜਦ ਹਵਾ ਦੇ ਵਾਯੂ-ਮੰਡਲ 'ਚ ਕਿਸੇ ਥਾਂ ਤੇ ਕਿਸੇ ਕਾਰਨ ਕਰਕੇ ਪ੍ਰੈਸ਼ਰ ਦਾ ਫਰਕ ਪੈ ਜਾਂਦਾ ਹੈ ਭਾਵਲੋੜ ਨਾਲੋਂ ਵੱਡਾ ਖਿਲ ਅ ਪੈਦਾ ਹੋ ਜਾਂਦਾ ਹੈ, ਤਾਂ ਹਵਾ ਝਟ, ਹਨੇਰੀ ਤੂਫਾਨ ਬਣਕੇ ਆ ਜਾਂਦੀ ਹੈ ਅਤੇ ਉਸ ਖਿਲਾਅ ਨੂੰ ਇਕ-ਸਾਵਾਂ ਕਰ ਦਿੰਦੀ ਹੈ।

ਦੁਨੀਆ ਦੇ ਵੱਖ ਵੱਖ ਹਿਸਿਆਂ 'ਚ ਸਮੇਂ ਸਮੇਂ ਬਿਜਲੀਆਂ ਦਾ ਕੜਕਣਾ, ਭੁਚਾਲ ਆਉਣੇ, ਤੂਫਾਨ ਆਉਣੇ, ਸੈਲਾਬ ਆਉਣੇ ਸਭ ਕੁਦਰਤੀ ਅਮਲ ਹਨ। ਇਹ ਸਮੁੱਚੀ ਜ਼ਿੰਦਗੀ ਨੂੰ ਇਕਸਾਰ ਰੱਖਣ ਅਤੇ ਇਸ ਦੇ ਘੁਲਣ, ਮੌਲਣ, ਵਿਗਸਣ ਦੀਆਂ ਹੀ ਖੇਡਾਂ ਹਨ। ਜ਼ਿੰਦਗੀ ਨੇ ਢਹਿਣਾ ਹੈ, ਉਠਣਾ ਹੈ, ਤੁਰਨਾ ਹੈ। ਹਨੇਰੀ ਬਿਰਛ ਨੂੰ ਢਾਹੁੰਦੀ ਹੈ, ਬਿਰਛ ਹਨੇਰੀ ਦੇ ਮੁਕਾਬਲੇ ਲਈ ਆਪਣੀਆਂ ਜੜ੍ਹਾਂ ਡੂੰਘੀਆਂ ਧਰਤੀ 'ਚ ਫਸਾਂਦਾ ਹੈ। ਇਹੀ ਕਾਨੂੰਨ ਮਨੁੱਖਾਂ 'ਤੇ ਵੀ ਲਾਗੂ ਹੁੰਦਾ ਹੈ। ਸੰਸਾਰ-ਵਿਆਪੀ ਘੱਲੂਘਾਰੇ ਵੀ ਕੁਦਰਤ ਦੇ ਵਿਕਾਸ ਦਾ ਹੀ ਹਿਸਾ ਹਨ।

.ਜਿਸ ਤਰ੍ਹਾਂ ਹਨੇਰੀ-ਝੱਖੜ ਆਦਿਕ ਵਾਯੂਮੰਡਲ ਦਾ ਸੰਤੁਲਨ ਕਾਇਮ ਰੱਖਣ 'ਚ ਆਪਣਾ ਕੁਦਰਤੀ ਫਰਜ਼ ਪੂਰਾ ਕਰਦੇ ਹਨ। ਇਵੇਂ ਹੀ ਇਹ ਕਾਨੂੰਨ ਮਨੁੱਖੀ ਸਮਾਜ 'ਤੇ ਵੀ ਲਾਗੂ ਹੁੰਦਾ ਹੈ। ਜਦ ਮਨੁੱਖਤਾ ਦਾ ਇਕ ਹਿਸਾ ਹੱਦੋਂ ਵੱਧ ਵਿਕਸਤ ਹੋ ਜਾਏ ਅਤੇ ਦੂਜਾ ਪਿਛਾਂਹ ਰਹਿ ਜਾਏ, ਤਾਂ ਉਸ ਖਿਲਾਅ ਨੂੰ ਪੂਰਾ ਕਰਨ ਲਈ ਬਗ਼ਾਵਤ ਹੋ ਜਾਂਦੀ ਹੈ ਜਾਂ ਇਨਕਲਾਬ ਆ ਜਾਂਦਾ ਹੈ ਜਿਵੇਂ ਕਿ ਰੂਸ 'ਚ ਇਨਕਲਾਬ ਆਇਆ ਸੀ। ਜਦ ਕਦੀ ਕੋਈ ਤਾਕਤਵਰ ਜ਼ਾਲਮ ਹਕੂਮਤ ਦੇ ਨਸ਼ੇ 'ਚ ਆ ਕੇ, ਅਤਿ ਦੇ ਜ਼ੁਲਮ ਕਰਕੇ, ਮਨੁੱਖੀ ਸਮਾਜ ਦੇ ਵਧਣ ਫੂਲਣ 'ਚ ਰੁਕਾਵਟ ਬਣਦਾ ਹੈ, ਤਾਂ ਕੁਦਰਤ ਉਸ ਨੂੰ ਇਕ ਪਾਸੇ ਕਰਨ ਲਈ ਕਿਸੇ ਮਹਾਂਪੁਰਸ਼ ਨੂੰ ਭੇਜਦੀ ਹੈ। ਕੁਦਰਤ ਦੇ ਇਹਨਾ ਭੇਦਾਂ ਨੂੰ ਸਮਝ ਸਕਣਾ ਮਨੁੱਖੀ ਅਕਲ ਤੋਂ ਪਰੇ ਦੀ ਗੱਲ ਹੈ।

ਜਦ ਕੋਈ ਜ਼ਾਲਮ ਹਾਕਮ ਕੁਦਰਤ ਦੀ ਨਿਯਮਾਵਲੀ ਵਿਰੁਧ ਕੰਮ ਕਰਨੇ ਸ਼ੁਰੂ ਕਰ ਦੇਵੇ, ਅਤਿ ਦੇ ਜ਼ੁਲਮ ਕਰਨੇ ਆਰੰਭ ਦੇਵੇ, ਮਨੁੱਖਤਾ ਦੇ ਵਧਣ ਫੂਲਣ 'ਚ ਰੁਕਾਵਟਾਂ ਪਾਣੀਆਂ ਸ਼ੁਰੂ ਕਰ ਦੇਵੇ, ਤਾਂ ਉਹਦੀ ਜ਼ਮੀਰ ਨੂੰ ਸ਼ਾਂਤਮਈ ਢੰਗ ਨਾਲ ਚੋਭਾ ਦੇਣ ਦੀ ਲੋੜ ਪੈਂਦੀ ਹੈ ਜਿਵੇਂ ਕਿ ਪੰਚਮ ਪਾਤਸ਼ਾਹ ਨੇ ਸ਼ਾਂਤਮਈ ਸ਼ਹਾਦਤ ਦਿੱਤੀ ਸੀ। ਜੇ ਫਿਰ ਵੀ ਉਹ ਜ਼ੁਲਮ ਕਰਨੋਂ ਨਾ ਹੱਟੇ, ਤਾਂ ਸਮਝ ਲੈਣਾ ਚਾਹੀਦਾ ਹੈ ਕਿ ਉਸ ਦੀ ਮਨੁੱਖੀ ਜ਼ਮੀਰ ਮਰ ਚੁੱਕੀ ਹੈ ਅਤੇ ਉਹ ਪਸ਼ੂ ਬਣ ਚੁੱਕਾ

ਹੈ, ਤਾਂ ਉਸ ਹਾਲਤ 'ਚ ਉਸ ਦੀ ਪਸ਼ੂ ਬਿਰਤੀ ਨੂੰ ਮਨੁੱਖੀ ਸੁਭਾ 'ਚ ਬਦਲ ਸਕਣਾ ਅਸੰਭਵਬਣ ਜਾਂਦਾ ਹੈ। ਅਜਿਹੇ ਜਾਨਵਰ ਅੱਗੇ ਲੰਮੇ ਪੈ ਕੇ ਉਸ ਦੇ ਪਸ਼ੂਪੁਣੇ ਦਾ ਸੁਭਾ ਬਦਲਣ ਦਾ ਯਤਨ ਕਰਨਾ ਵਿਅਰਥ ਹੁੰਦਾ ਹੈ। ਉਦੋਂ ਬਦੀ ਦੀ ਤਾਕਤਾਂ ਅਤੇ ਨੇਕੀ ਤੇ ਭਲਾਈ ਦੀਆਂ ਤਾਕਤਾਂ ਦੀ ਟੱਕਰ ਹੋਣੀ ਜ਼ਰੂਰੀ ਬਣ ਜਾਂਦੀ ਹੈ। ਇਹ ਕੁਦਰਤ ਦਾ ਅਟੱਲ ਕਾਨੂੰਨ ਹੈ। ਇਥੇ ਇਹ ਗੱਲ ਸਦਾ ਚੇਤੇ ਰੱਖਣ ਵਾਲੀ ਹੈ ਕਿ ਕੁਦਰਤ ਦੇ ਸਾਰੇ ਕਾਨੂੰਨ ਅਮੀਰ-ਗ਼ਰੀਬ, ਛੋਟੇ-ਵੱਡੇ, ਪਾਪੀ-ਪੁੰਨੀ ਸਭ ਲਈ ਬਰਾਬਰ ਹਨ।

ਕੁਦਰਤ ਦੇ ਕਾਨੂੰਨ ਅਟੱਲ ਤੇ ਸਦੀਵੀ ਹਨ ਜੋ ਹਰ ਜਾਨਦਾਰ ਤੇ ਬੇਜਾਨ ਚੀਜ਼ 'ਚ ਕੰਮ ਕਰਦੇ ਵੇਖੇ ਜਾ ਸਕਦੇ ਹਨ। ਦੋ ਵਿਰੋਧੀ ਤਾਕਤਾਂ ਦੇ ਇਕ ਖਾਸ ਸੰਤੁਲਨ ਨਾਲ ਹੀ ਬ੍ਰਹਮੰਡ ਦੀ ਹਰ ਚੀਜ਼ ਕਾਇਮ ਹੈ। ਇਹਨਾਂ ਦੋਹਾਂ ਦੀ ਹੋਂਦ ਨਾਲ ਹੀ ਇਸ ਬ੍ਰਹਮੰਡ ਦੀ ਸਾਰੀ ਖੇਡ ਕਾਇਮ ਦਾਇਮ ਹੈ। ਪਾਣੀ ਤੇ ਅੱਗ (ਏਨਰਜੀ) ਦੇ ਇਕ ਖਾਸ ਸੰਤੁਲਨ ਨਾਲ ਹੀ ਹਰ ਜੀਵ-ਜੰਤੂ, ਮਨੁੱਖ ਅਤੇ ਬੂਟੇ-ਦਰੱਖਤ ਦੀ ਹੋਂਦ ਕਾਇਮ ਹੈ। ਇਸ ਨੂੰ ਸਪਸ਼ਟ ਕਰਨ ਲਈ ਇਕ ਮਿਸਾਲ ਹਾਜ਼ਰ ਹੈ।

ਇਕ ਦਰਖਤ 'ਚ ਅੱਗ ਤੇ ਪਾਣੀ ਦੋ ਵਿਰੋਧੀ ਤੱਤ ਮੌਜੂਦ ਹਨ। ਇਹਨਾਂ ਦੋ ਵਿਰੋਧੀ ਤੱਤਾਂ ਦੇ ਇਕ ਖਾਸ ਸੰਤੁਲਨ ਨਾਲ ਹੀ ਦਰੱਖਤ ਦੀ ਹੋਂਦ ਕਾਇਮ ਹੈ। ਕਿਸੇ ਵੀ ਇਕ ਤੱਤ ਦੇ ਅਲੋਪ ਹੋ ਜਾਣ ਨਾਲ ਦਰੱਖਤ ਦੀ ਹੋਂਦ ਖਤਮ ਹੋ ਜਾਏਗੀ। ਜੇ ਪਾਣੀ ਦਾ ਤੱਤ ਅਲੋਪ ਹੋ ਜਾਏ, ਤਾਂ ਉਹ ਦਰੱਖਤ ਸੁੱਕ ਕੇ ਲੱਕੜ ਬਣ ਜਾਏਗਾ ਜੇ ਅੱਗ ਦਾ ਤੱਤ ਅਲੋਪ ਹੋ ਜਾਏ, ਤਾਂ ਦਰੱਖਤ ਪਾਣੀ ਦੀ ਸੇਮ ਨਾਲ ਮਰ ਜਾਏਗਾ ਅਤੇ ਉਸ ਦੀ ਹੋਂਦ ਖਤਮ ਹੋ ਜਾਏਗੀ। ਕੁਦਰਤ ਦਾ ਇਹ ਚਮਤਕਾਰ ਹੈ ਕਿ ਹਰ ਜੀਵ-ਜੰਤੂ ਅਤੇ ਬਨਸਤੀ ਦਾ ਬੂਟਾ ਦੋ ਵਿਰੋਧੀ ਤੱਤਾਂ ਦੇ ਇਕ ਖਾਸ ਸੰਤੁਲਨ ਨਾਲ ਹੀ ਉਹ ਜ਼ਿੰਦਾ ਰਹਿ ਸਕਦਾ ਹੈ।

ਜਿਵੇਂ ਇਕ ਦਰੱਖਤ ਪਾਣੀ ਤੇ ਗਰਮੀ ਦੇ ਇਕ ਨਿਸਚਿਤ ਸਮਤੋਲ ਨਾਲ ਜ਼ਿੰਦਾ ਹੈ, ਇਵੇਂ ਹੀ ਮਨੁੱਖੀ ਸਰੀਰ ਵੀ ਪਾਣੀ ਤੇ ਅੱਗ (ਏਨਰਜੀ)ਦੇ ਨਿਸਚਿਤ ਸਮਤੋਲ ਨਾਲ ਹੀ ਕਾਇਮ ਹੈ। ਮਨੁੱਖੀ ਸਰੀਰ ਅੰਦਰ ਪਾਣੀ ਤੇ ਅੱਗ ਦਾ ਉਹੀ ਰੋਲ ਹੈ ਜੋ ਬ੍ਰਹਮੰਡ ਦੀਆਂ ਹੋਰ ਸਭ ਜਾਨਦਾਰ ਚੀਜ਼ਾਂ 'ਚ। ਮਨੁੱਖੀ ਸਰੀਰ ਅੰਦਰਲਾ ਪਾਣੀ, ਅਗਨੀ ਤੇ ਹਵਾ, ਬਾਹਰਲੀ ਪ੍ਰਕ੍ਰਿਤੀ ਦੀ ਨਿਯਮਾਵਲੀ ਦੀ ਪਾਲਨਾ ਕਰਦੇ ਹਨ। ਜਿਵੇਂ ਬਾਕੀ ਸਾਰੇ ਬ੍ਰਹਮੰਡ ਦੀ ਬਣਤਰ ਹੈ, ਤਿਵੇਂ ਹੀ ਸਾਡੇ ਸਰੀਰ ਦੀ ਬਣਤਰ ਹੈ: ਰੋਮ ਰੋਮ ਵਿਚਿ ਰਖਿਓਨ ਕਰਿ ਬ੍ਰਹਮੰਡ ਕਰੋੜਿ ਸਮਾਈ।

(ਭਾ. ਗੁਰਦਾਸ ਜੀ)

ਆਸਤਕਤਾ ਤੇ ਨਾਸਤਕਤਾ, ਪੁੰਨ ਤੇ ਪਾਪ, ਸੁਆਰਥ ਤੇ ਪਰਸੁਆਰਥ, ਗੁਣ ਤੇ ਔਗੁਣ, ਦੋਸਤੀ ਤੇ ਦੁਸ਼ਮਣੀ, ਪਿਆਰ ਤੇ ਘਿਰਣਾ ਦੇ ਇਕ ਖਾਸ ਸੰਤੁਲਨ ਨਾਲ ਹੀ ਬ੍ਰਹਮੰਡ ਦੀ ਸਾਰੀ ਖੇਡ ਚਲ ਰਹੀ ਹੈ। ਜਦ ਇਹਨਾਂ 'ਚ ਅਸੰਤੁਲਨ ਬਹੁਤ ਵੱਧ ਜਾਂਦਾ ਹੈ, ਤਾਂ ਚੰਗਿਆਈ ਤੇ ਬੁਰਿਆਈ ਦੀਆਂ ਤਾਕਤਾਂ ਦੀ ਟੱਕਰ ਹੋ ਜਾਣੀ ਕੁਦਰਤ ਦਾ ਨਿਯਮ ਹੈ। ਦੁਨੀਆ 'ਚ ਚੰਗਿਆਈ ਦੇ ਨਾਲ-ਨਾਲ ਬੁਰਿਆਈ ਦੀ ਹੋਂਦ ਵੀ ਕਾਇਮ ਰਹਿੰਦੀ ਹੈ। ਸੱਚ ਦੇ ਨਾਲ ਝੂਠ, ਨੇਕੀ ਦੇ ਨਾਲ ਬਦੀ, ਕਠੋਰਤਾ ਦੇ ਨਾਲ ਨਿਰਮਾਣਤਾ, ਪਸ਼ੂਪੁਣੇ ਤੇ ਹੈਵਾਨੀਅਤ ਦੇ ਨਾਲ ਇਨਸਾਨੀਅਤ, ਗਿਆਨ ਦੇ ਨਾਲ ਅਗਿਆਨਤਾ, ਇਮਾਨਦਾਰੀ ਦੇ ਨਾਲ ਬੇਈਮਾਨੀ, ਚਾਨਣ ਦੇ ਨਾਲ ਹਨੇਰਾ ਅਤੇ ਗੁਰਮੁਖਤਾ ਦੇ ਨਾਲ ਮਨਮੁਖਤਾ ਦੇ ਦੋਵੇਂ ਹੀ ਪੱਖਾਂ ਦੀ ਹੋਂਦ ਕਾਇਮ ਰਹਿੰਦੀ ਹੈ। ਸੱਚ ਤੇ ਝੂਠ ਦੀ ਟੱਕਰ ਸਦਾ ਹੁੰਦੀ ਰਹੀ ਹੈ ਅਤੇ ਹੁੰਦੀ ਰਹੇਗੀ। ਜਦ ਤਕ ਇਹ ਬ੍ਰਹਮੰਡ ਕਾਇਮ ਹੈ, ਧਰਮੀਆਂ ਤੇ ਦੁਨੀਆਦਾਰਾਂ ਦੀ ਟੱਕਰ ਬਣੀ ਰਹਿਣੀ ਹੈ। ਇਸ ਬ੍ਰਹਮੰਡ ਦੀ ਹੋਂਦ ਦੋ ਵਿਰੋਧੀ ਤਾਕਤਾਂ ਦੇ ਇਕ ਖਾਸ ਸੰਤੁਲਨ ਨਾਲ ਹੀ ਕਾਇਮ ਹੈ। ਦੋਹਾਂ ਦੀ ਹੋਂਦ ਨਾਲ ਹੀ ਇਹ ਕਾਇਮ ਹੈ।

ਸੰਸਾਰ ਅੰਦਰ ਹਰ ਤਰ੍ਹਾਂ ਦੇ ਸਮਾਜਕ, ਰਾਜਨੀਤਕ, ਧਾਰਮਕ, ਸਭਿਆਚਾਰਕ ਤੇ ਆਰਥਕ ਵਖਰੇਵਿਆਂ ਦੇ ਨਾਲ ਧੱਕੇਬਾਜ਼ੀਆਂ, ਵਧੀਕੀਆਂ, ਬੇਇਨਸਾਫੀਆਂ, ਜਹਾਲਤ ਤੇ ਵਹਿਮਾਂ-ਭਰਮਾਂ ਨੂੰ ਵੇਖ ਕੇ ਕੋਈ ਵੀ ਧਰਮੀ ਪੁਰਖ ਚੁਪ ਨਹੀਂ ਰਹਿ ਸਕਦਾ। ਜਿਹੜਾ ਵੀ ਮਹਾਂਪੁਰਸ਼ ਉੱਤਮ ਧਰਮ ਦੇ ਕਾਰਜ ਨੂੰ ਅਪਨਾਉਂਦਾ ਹੈ, ਉਸ ਦੀ ਉਸ ਨੂੰ ਕੀਮਤ ਦੇਣੀ ਪੈਂਦੀ ਹੈ। ਜਦ ਤਕ ਬ੍ਰਹਮੰਡ ਕਾਇਮ ਹੈ, ਝੂਠ ਤੇ ਪਾਪ ਦਾ ਸਦੀਵੀ ਟਕਰਾਉ ਰਹਿਣਾ ਹੈ ਅਤੇ ਮਨੁੱਖ-ਹਿਤੈਸ਼ੀਆਂ ਨੂੰ ਕੁਰਬਾਨੀਆਂ ਦੇਣੀਆਂ ਪੈਣੀਆਂ ਹਨ।

"ਭਗਤਾਂ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥" ਦੇ ਮਹਾਨ ਵਾਕ ਅਨੁਸਾਰ ਭਗਤਾਂ ਤੇ ਦੁਨੀਆਦਾਰਾਂ ਦਾ ਮੇਲ ਨਹੀਂ ਹੋ ਸਕਦਾ। ਬਾਬਿਆਂ ਕਿਆਂ ਅਤੇ ਬਾਬਰ ਕਿਆਂ ਦਾ ਵਿਰੋਧ ਸ੍ਰੀ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਆਰੰਭ ਹੋ ਗਿਆ ਸੀ। ਇਸ ਦਾ ਪ੍ਰਤੱਖ ਪ੍ਰਮਾਣ ਬਾਬਰ ਦੇ ਹਮਲੇ ਸਮੇਂ ਉਸ ਵਲੋਂ ਲੋਕਾਂ 'ਤੇ ਕੀਤੇ ਅਤਿਆਚਾਰਾਂ ਦੀ ਗੁਰੂ ਸਾਹਿਬ ਨੇ ਸਖਤ ਸ਼ਬਦਾਂ 'ਚ ਨਿਖੇਧੀ ਕੀਤੀ ਸੀ। ਇਸੇ ਕਰਕੇ ਗੁਰੂ ਅਰਜਨ ਸਾਹਿਬ ਨਾ ਆਪਣੇ ਵਿਸ਼ਵਾਸਾਂ, ਅਸੂਲਾਂ ਅਤੇ ਅਕੀਦਿਆਂ ਨੂੰ ਛੱਡਣ ਲਈ ਤਿਆਰ ਹੋਏ ਅਤੇ ਨਾ ਹੀਂ ਸਮੇਂ ਦੇ ਹਾਕਮਾਂ ਨਾਲ ਸਮਝੌਤਾ ਹੀ ਕਰਨ ਲਈ। ਗੁਰੂ ਤੇਗ ਬਹਾਦਰ ਸਾਹਿਬ ਨੇ ਹਿੰਦੂਆਂ 'ਤੇ ਹੋ ਰਹੇ ਅਤਿਆਚਾਰਾਂ ਖਾਤਰ ਜ਼ਾਲਮ ਦੇ ਘਰ ਆਪ ਜਾ ਕੇ ਆਪਣੇ ਸੀਸ ਦਾ ਬਲੀਦਾਨ ਦਿੱਤਾ ਸੀ।

ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਜਦ ਸੱਚ ਸਥਾਪਤ ਕਰਨ ਆਏ, ਤਾਂ ਉਹਨਾਂ ਨੂੰ ਸਰਬੰਸ ਵਾਰਨਾ ਪਿਆ ਸੀ। ਆਪ ਜੀ ਅਕਾਲ ਪੁਰਖ ਤੋਂ ਇਹ ਵਰ ਮੰਗਦੇ ਹੁੰਦੇ ਸਨ ਕਿ ਉਹ ਆਪਣੀ ਸਾਰੀ ਉਮਰ ਪਾਪ (ਕੁਦਰਤ ਵਿਰੋਧੀ ਤਾਕਤਾਂ)ਵਿਰੁੱਧ ਲੜਦੇ ਰਹਿਣ ਦੀ ਅਰਦਾਸ ਕਰਦੇ ਹੁੰਦੇ ਸਨ ਕਿ "ਹੇ ਵਾਹਿਗੁਰੂ, ਮੈਨੂੰ ਇਹ ਵਰ ਦਿਉ ਕਿ ਮੈਂ ਸ਼ੁਭ ਕਰਮ ਕਰਨ ਤੋਂ ਕਦੇ ਨਾ ਟਲਾਂ। ਜਦ ਮੈਂ ਵਿਰੋਧੀ (ਜ਼ਾਲਮ)ਨਾਲ ਲੜਦਾ ਹੋਵਾਂ, ਤਾਂ ਨਿਰਭਉ ਹੋ ਜਾਵਾਂ ਅਤੇ ਇਸ ਤਰ੍ਹਾਂ ਆਪਣੀ ਜਿੱਤ ਨੂੰ ਯਕੀਨੀ ਬਣਾ ਲਵਾਂ। ਮੈਂ ਆਪਣੀ ਸ਼ੁਧ ਆਤਮਾ ਦੀ ਆਵਾਜ਼ ਅਨੁਸਾਰ ਕੰਮ ਕਰਦਾ ਰਹਾਂ। ਮੈਨੂੰ ਕੇਵਲ ਇਕ ਹੀ ਲਾਲਚ ਹੋਵੇ ਕਿ ਤੇਰੇ ਗੁਣਾਂ ਦਾ ਉਚਾਰਨ ਕਰਦਾ ਰਹਾਂ ਅਤੇ ਅਖੀਰ ਨੂੰ ਜਦ ਮੌਤ ਦਾ ਸਮਾਂ ਆ ਬਣੇ ਤਾਂ ਧਰਮ ਦੀ ਜਦੋਜਹਿਦ ਕਰਦਾ ਹੀ ਮਰ ਜਾਵਾਂ।"

ਦੇਹ ਸ਼ਿਵਾ ਬਰੁ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ।
ਨ ਡਰੋ ਅਰਿ ਸ਼ੋ ਜਬ ਜਾਇ ਲਰੋ।
ਨਿਸਚੈ ਕਰਿ ਅਪੁਨੀ ਜੀਤ ਕਰੋਂ।
ਅਰੁ ਸਿਖਹੋਂ ਆਪਨੇ ਹੀ ਮਨ ਕੋ,
ਇਹ ਲਾਲਚ ਹਉ ਗੁਨ ਤਉ ਉਚਰੋਂ।
ਜਬ ਆਵਕੀ ਅਉਧ ਨਿਦਾਨ ਬਨੈ,
ਅਤਿ ਹੀ ਰਨ ਮੈ ਤਬ ਜੂਝ ਮਰੋਂ। (ਚੰਡੀ ਚਰਿਤ੍ਰ ਪਾਤਸ਼ਾਹੀ 10)

ਗੁਰੂ ਅਰਜਨ ਸਾਹਿਬ ਨੂੰ ਦੇਗ 'ਚ ਉਬਾਲਿਆ ਗਿਆ, ਸੜਦੀ-ਸੜਦੀ ਰੇਤ ਦੇ ਕੜਛੇ ਸਰੀਰ ਤੇ ਪਾਏ ਗਏ, ਅੱਗ ਨਾਲ ਲਾਲ ਤੱਤੀ ਤਵੀ ਤੇ ਬਿਠਾਇਆ ਗਿਆ, ਸਾਰਾ ਸਰੀਰ ਛਾਲੇ-ਛਾਲੇ ਹੋ ਗਿਆ, ਇਤਨੇ ਅਸਹਿ ਤੇ ਅਕਿਹ ਤਸੀਹਿਆਂ ਉਪਰੰਤ ਵੀ ਆਪ ਜੀ ਦੀ ਜ਼ਬਾਨ 'ਤੇ ਸ਼ਿਕਵਾ ਨਹੀਂ ਆਇਆ, ਸਿਦਕ ਨਹੀਂ ਹਾਰਿਆ, ਜ਼ਾਲਮਾਂ ਦੀ ਈਨ ਨਹੀ ਮੰਨੀ ਅਤੇ ਖਿੜੇ ਮੱਥੇ ਸ਼ਹਾਦਤ ਦਿੱਤੀ।

ਵਾਧਾ ਇਹ ਕਿ ਨਿਮਰਤਾ ਦੇ ਪੁੰਜ, ਸੱਚ ਦੇ ਪਹਿਰੇਦਾਰ ਅਤੇ ਮਨੁੱਖ-ਹਿਤੈਸ਼ੀ ਗੁਰੂ ਸਾਹਿਬ ਨੇ ਕਹਿਰਾਂ ਦੇ ਅਤਿਆਚਾਰ ਸਹਾਰੇ ਵੀ ਖਿੜੇ ਮੱਥੇ। ਨਾ ਅਤਿਆਚਾਰ ਕਰਨ ਵਾਲਿਆਂ ਵਿਰੁੱਧ ਗਿਲਾ-ਸ਼ਿਕਵਾ ਕੀਤਾ ਅਤੇ ਨਾਹੀਂ ਅਕਾਲ ਪੁਰਖ ਅੱਗੇ ਓਹਨਾਂ ਕਹਿਰਾਂ ਤੋਂ ਬਚਣ ਦੀ ਹੀ ਜੋਦੜੀ ਕੀਤੀ ਸਗੋਂ 'ਤੇਰਾ ਕੀਆ ਮੀਠਾ ਲਾਗੇ' ਕਹਿ ਕੇ ਉਸ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਿਆ ਅਤੇ ਉਸ ਦੇ ਹੁਕਮ ਦੀ ਪਾਲਨਾ ਕਰਕੇ ਵਿਖਾਈ। ਭਾਣਾ ਮਿੱਠਾ ਕਰਕੇ ਮੰਨਣਾ ਕੋਈ ਸੌਖਾ ਕੰਮ ਨਹੀਂ ਪਰ ਇਸ ਦੇ ਨਾਲ ਹੀ ਇਹ ਕੋਈ ਅਜਿਹੀ ਕਰਾਮਾਤ ਵੀ ਨਹੀਂ ਸੀ ਜਿਹੜੀ ਕਿ ਮਨੁੱਖੀ ਜਾਮੇ ਤੋਂ ਬਾਹਰ ਦੀ ਗੱਲ ਹੋਵੇ। ਹਾਂ, ਇਹ ਕੁਰਬਾਨੀਆਂ ਤੇ ਸ਼ਹੀਦੀਆਂ ਦਾ

ਬਿਖੜਾ ਮਾਰਗ ਜ਼ਰੂਰ ਹੈ। ਸਿੱਖ ਧਰਮ ਕਰਾਮਾਤਾਂ ਵਿਖਾਣ 'ਚ ਵਿਸ਼ਵਾਸ ਹੀ ਨਹੀਂ ਰੱਖਦਾ ਕਿਉਂਕਿ ਕਰਾਮਾਤਾਂ ਵਿਖਾਣੀਆਂ ਰੱਬ ਦੇ ਹੁਕਮ ਨੂੰ ਬਦਲਣਾ ਹੈ ਜਾਂ ਦੂਜੇ ਸ਼ਬਦਾਂ 'ਚ ਰੱਬ ਦੇ ਹੁਕਮ ਦਾ ਵਿਰੋਧ ਕਰਨਾ ਹੈ।

ਗੁਰੂ ਸਾਹਿਬਾਨ ਨੇ ਕਾਦਰ ਦੀ ਕੁਦਰਤ ਨਾਲ ਇਕਸੁਰ ਹੋ ਕੇ ਕਾਦਰ 'ਚ ਲੀਨ ਹੋਣ ਦੇ ਜਿਹੜੇ ਸਿਧਾਂਤ ਸੰਸਾਰ ਸਾਹਮਣੇ ਰੱਖੇ ਹਨ, ਉਹ ਨਾ ਤਾਂ ਹਵਾਈ ਕਿਲ੍ਹੇ ਹਨ ਅਤੇ ਨਾਹੀਂ ਮਿਥਿਹਾਸਕ ਕਹਾਣੀਆਂ ਦੇ ਪਲੰਦੇ, ਸਗੋਂ ਸਾਰੇ ਦੇ ਸਾਰੇ ਮਨੁੱਖੀ ਜੀਵਨ 'ਚ ਸਹਜੇ ਹੀ ਢਾਲੇ ਜਾ ਸਕਣ ਵਾਲੇ ਸਿਧਾਂਤ ਹਨ। ਇਥੇ ਹੀ ਬਸ ਨਹੀਂ, ਗੁਰੂ ਸਾਹਿਬਾਨ ਨੇ ਪਹਿਲਾਂ ਆਪ ਉਹਨਾਂ 'ਤੇ ਤੁਰ ਕੇ ਵਿਖਾਇਆ ਅਤੇ ਫੇਰ ਆਪਣੇ ਪੈਰੋਕਾਰਾਂ ਨੂੰ ਉਹਨਾਂ 'ਤੇ ਤੁਰਨ ਲਈ ਆਖਿਆ। ਸਿੱਖ ਧਰਮ ਦੀ ਇਕ ਇਹ ਵਿਸ਼ੇਸ਼ਤਾ ਵੀ ਹੈ ਕਿ ਸਿੱਖ ਸਿਧਾਂਤਾਂ ਦੀ ਪਾਲਨਾ ਕਰਨੀ ਜਿਤਨੀ ਜ਼ਰੂਰੀ ਇਕ ਸਿੱਖ ਲਈ ਹੈ, ਉਤਨੀ ਹੀ ਜ਼ਰੂਰੀ ਉਹਨਾਂ ਦੇ ਗੁਰੂ ਲਈ ਵੀ ਹੈ। ਸਿੱਖੀ ਅੰਦਰ ਸਿਮਰਨ, ਸੇਵਾ ਤੇ ਕੁਰਬਾਨੀ ਤਿੰਨ ਗੁਣ ਪ੍ਰਧਾਨ ਮੰਨੇ ਗਏ ਹਨ। ਸਿੱਖਾਂ ਨੂੰ ਇਹਨਾਂ ਤਿੰਨਾਂ ਗੁਣਾਂ 'ਚ ਨਿਪੁੰਨ ਕਰਨ ਲਈ ਸਤਿਗੁਰਾਂ ਨੇ ਆਪਣੇ ਅਮਲੀ ਜੀਵਨ ਦੁਆਰਾ ਸ਼ਹਾਦਤਾਂ ਦੇ ਕੇ ਬੜੀਆਂ ਲੰਮੀਆਂ ਘਾਲਣਾਂ ਘਾਲੀਆਂ।

8) ਸ਼ਹੀਦਾਂ ਦਾ ਖ਼ੂਨ ਕਦੀ ਅਜਾਈਂ ਨਹੀਂ ਜਾਂਦਾ

ਜਿਸ ਤਰ੍ਹਾਂ ਲਹੂ ਦਾ ਗੇੜ ਸਰੀਰ ਨੂੰ ਜ਼ਿੰਦਾ ਰੱਖਦਾ ਹੈ, ਇਵੇਂ ਹੀ ਉੱਚੇ ਆਦਰਸ਼ ਲਈ ਸ਼ਹੀਦਾਂ ਦਾ ਡੁੱਲ੍ਹਿਆ ਹੋਇਆ ਖ਼ੂਨ ਮੁਲਕਾਂ ਤੇ ਕੌਮਾਂ ਨੂੰ ਜ਼ਿੰਦਾ ਰੱਖਦਾ ਹੈ। ਸ਼ਹੀਦਾਂ ਦੇ ਖ਼ੂਨ ਦਾ ਡੁਲ੍ਹਿਆ ਹੋਇਆ ਇਕ ਕਤਰਾ ਵੀ ਕਦੀ ਅਜਾਈਂ ਨਹੀਂ ਜਾਂਦਾ। ਜਿਸ ਤਰ੍ਹਾਂ ਇਕ ਕਿਸਾਨ ਤਿਆਰ ਹੋਈ ਭੂਮੀ 'ਚ ਬੀਜ ਨੂੰ ਬੀਜਦਾ ਹੈ ਅਤੇ ਉਹ ਬੀਜ ਧਰਤੀ ਦੀ ਭੜਾਸ ਰਾਹੀਂ ਅਨੇਕਾਂ ਬੂਟੇ ਪੈਦਾ ਕਰਦੇ ਹਨ, ਇਵੇਂ ਹੀ ਜਿਸ ਧਰਤੀ 'ਤੇ ਸ਼ਹੀਦਾਂ ਦਾ ਖ਼ੂਨ ਡੁੱਲਦਾ ਹੈ, ਉਹ ਧਰਤੀ ਅਨੇਕਾਂ ਸ਼ਹੀਦਾਂ ਨੂੰ ਜਨਮ ਦੇਂਦੀ ਹੈ। ਸ਼ਹੀਦ ਦਾ ਲਹੂ ਅਜ਼ਾਦੀ ਦੇ ਬ੍ਰਿਛ ਦਾ ਬੀਜ ਹੁੰਦਾ ਹੈ।

ਸ਼ਹੀਦਾਂ ਦਾ ਖ਼ੂਨ ਗ਼ੁਲਾਮੀ ਦਾ ਜੀਵਨ ਜੀਉਂਦੀਆਂ ਕੌਮਾਂ ਦੇ ਮੂੰਹ ਤੇ ਆਈ ਮੁਰਝਾਹਟ 'ਤੇ ਨੂਰ ਉਤਪਨ ਕਰਦਾ ਹੈ, ਕੌਮ ਦੇ ਜੰਮੇ ਹੋਏ ਖ਼ੂਨ ਨੂੰ ਗਰਮ ਕਰਕੇ ਨਵੀਂ ਜੀਵਨ-ਜਾਂਚ ਸਿਖਾਉਂਦਾ ਹੈ ਅਤੇ ਕੁਰਬਾਨ ਹੋਣ ਦੀ ਸ਼ਕਤੀ ਦੇਂਦਾ ਹੈ। ਸ਼ਹੀਦਾਂ ਦਾ ਖ਼ੂਨ ਮੁਰਦਾ ਹੋ ਚੁੱਕੀਆਂ ਕੌਮਾਂ ਨੂੰ ਮੁੜ ਸੁਰਜੀਤ ਕਰਦਾ ਹੈ ਅਤੇ ਕੁਰਬਾਨੀ ਦਾ ਰਾਹ ਵਿਖਾਉਂਦਾ ਹੈ। ਸ਼ਹੀਦ ਹੀ ਕੌਮਾਂ ਦੀ ਤਕਦੀਰ ਬਦਲ ਕੇ ਰੱਖ ਦੇਣ ਦੀ ਸ਼ਕਤੀ ਰੱਖਦੇ ਹਨ। ਸ਼ਹੀਦ ਦੀ ਮੌਤ ਕੌਮ ਦੀ ਕਿਸਮਤ ਬਦਲ ਕੇ ਰੱਖ ਦਿੰਦੀ ਹੈ। ਇਕ ਕਵੀ ਨੇ ਸ਼ਹੀਦ ਬਾਰੇ ਆਪਣੇ ਵਿਚਾਰ ਇਸ ਤਰ੍ਹਾਂ ਦਿੱਤੇ ਹਨ:

ਸ਼ਹੀਦ ਕੀ ਜੋ ਮੌਤ ਹੈ, ਵੁਹ ਕੌਮ ਕੀ ਹਯਾਤ ਹੈ।
ਹਯਾਤ ਭੀ ਹਯਾਤ ਹੈ, ਔਰ ਮੌਤ ਭੀ ਹਯਾਤ ਹੈ।

ਸ਼ਹਾਦਤ, ਇਤਿਹਾਸ 'ਚ ਵੱਡੀ ਤਬਦੀਲੀ ਲਿਆਉਣ ਲਈ ਦਿੱਤਾ ਚੇਤੰਨ ਦਖਲ ਹੁੰਦਾ ਹੈ। ਸ਼ਹੀਦ ਕਿਸੇ ਸਮਾਜ ਦਾ ਬੜਾ ਚੇਤੰਨ ਅੰਗ ਹੁੰਦਾ ਹੈ, ਉਹ ਗਿਆਨਵਾਨ ਹੁੰਦਾ ਹੈ ਅਤੇ ਉਸ ਦੀ ਸੋਚ ਵਿੱਚ ਬੜੀ ਦੂਰਅੰਦੇਸ਼ੀ ਹੁੰਦੀ ਹੈ। ਉਸ ਨੂੰ ਮਨੁੱਖ ਜਾਤੀ ਦੇ ਆਪਣੇ ਭਾਈਚਾਰੇ ਦੀ ਕਿਸੇ ਊਣ ਦੀ ਖਾਸ ਸੋਝੀ ਹੁੰਦੀ ਹੈ। ਸ਼ਹੀਦ ਜਦ ਇਤਿਹਾਸ ਦੀ ਹਿਕ 'ਤੇ ਆਪਣੀਆਂ ਪੈੜਾਂ ਪਾਉਂਦੇ ਹਨ, ਤਾਂ ਇਤਿਹਾਸ ਥਰਥਰਾਉਣ ਲੱਗ ਜਾਂਦਾ ਹੈ ਅਤੇ ਨਵੀਂ ਕਰਵੱਟ ਬਦਲਦਾ ਹੈ, ਜਿਵੇਂ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਦੋਸ਼ੀਆਂ ਨੂੰ ਪਾਰ ਬੁਲਾਕੇ ਸਿੱਖ ਰਾਜ ਦਾ ਨੀਂਹ-ਪੱਥਰ ਗੱਡਿਆ ਸੀ। ਸਿੱਖ ਇਤਿਹਾਸ ਦਾ ਹਰ ਅੱਖਰ ਸ਼ਹੀਦਾਂ ਦੇ ਖ਼ੂਨ ਨਾਲ ਲਿਖਿਆ ਇਤਿਹਾਸ ਹੈ। ਸਿੱਖਾਂ ਦੇ ਗੌਰਵਮਈ ਇਤਿਹਾਸ ਦੀਆਂ ਕੁਰਬਾਨੀਆਂ ਜਗਤ ਪ੍ਰਸਿਧ ਹਨ। ਸ਼ਹੀਦਾਂ ਦਾ ਖ਼ੂਨ ਹੀ ਕੌਮਾਂ ਨੂੰ ਜ਼ਿੰਦਾ ਰੱਖਦਾ ਹੈ, ਸ਼ਹੀਦਾਂ ਦੇ ਖ਼ੂਨ ਨਾਲ ਹੀ ਕੌਮਾਂ ਦੇ ਮਹਿਲ ਉਸਰਦੇ ਹਨ ਅਤੇ ਤਕਦੀਰਾਂ ਬਦਲਦੀਆਂ ਹਨ:

ਡੁਲ੍ਹੇ ਜਦ ਖ਼ੂਨ ਸ਼ਹੀਦਾਂ ਦਾ,
ਤਕਦੀਰ ਬਦਲਦੀ ਕੌਮਾਂ ਦੀ।
ਰੰਬੀਆਂ ਨਾਲ ਖੋਪਰ ਲਹਿੰਦੇ ਜਦ
ਤਸਵੀਰ ਬਦਲਦੀ ਕੌਮਾਂ ਦੀ।

ਸ਼ਹੀਦ, ਆਪਣੀ ਕੌਮ ਨੂੰ ਜਗਾਉਣ ਲਈ ਆਪਣੇ ਸਿਰ ਦੀ ਬਲੀ ਦਿੰਦਾ ਹੈ। ਸੱਚੇ ਤੇ ਸੁੱਚੇ ਆਦਰਸ਼ ਲਈ ਦਿੱਤੀ ਸ਼ਹੀਦੀ ਲੋਕਾਂ 'ਚ ਨਵੀਂ ਰੂਹ ਫੂਕਦੀ ਹੈ, ਨਵਾਂ ਜੋਸ਼ ਪੈਦਾ ਕਰਦੀ ਹੈ ਅਤੇ ਜਾਗਰਤੀ ਪੈਦਾ ਕਰਦੀ ਹੈ। ਜਿਸ ਕੌਮ ਦੀਆਂ ਜਿੰਨੀਆਂ ਵੱਡੀਆਂ ਕੁਰਬਾਨੀਆਂ ਹੋਣਗੀਆਂ, ਉਤਨੀ ਹੀ ਵੱਡੀ ਉਹ ਕੌਮ ਬਣੇਗੀ। ਮਹਾਨ ਤੇ ਅਦੁੱਤੀ ਕੁਰਬਾਨੀਆਂ ਦੇਣ ਸਦਕੇ ਹੀ ਸਿੱਖ ਕੌਮ ਬਹਾਦਰਾਂ ਦੀ ਕੌਮ ਅਖਵਾਉਣ ਦੀ ਹੱਕਦਾਰ ਬਣੀ ਹੈ। ਸ਼ਹੀਦੀਆਂ ਹੀ ਜ਼ਾਲਮ ਤੇ ਵਹਿਸ਼ੀ ਸਾਮਰਾਜ ਦੀ ਜ਼ਮੀਰ ਨੂੰ ਹਲੂਣਦੀਆਂ ਹਨ। ਸ਼ਹਾਦਤ ਦੀ ਪਵਿੱਤਰ ਕੁਰਬਾਨੀ ਮੁਰਦਾ ਕੌਮਾਂ ਨੂੰ ਜ਼ਿੰਦਾ ਕਰ ਦਿੰਦੀ ਹੈ। ਪਰਉਪਕਾਰ, ਸਚਾਈ, ਨੇਕੀ ਅਤੇ ਦੂਜਿਆਂ ਦੇ ਦੁਖਾਂ ਨੂੰ ਮਿਟਾਉਣ ਲਈ ਕੁਰਬਾਨੀ ਦੇਕੇ ਆਪਾ ਵਾਰਨਾ ਉੱਚੀਆਂ ਸ਼ਖ਼ਸੀਅਤਾਂ ਦਾ ਹੀ ਕੰਮ ਹੈ।

ਸ਼ਹੀਦਾਂ ਦੀਆਂ ਪੱਗਡੰਡੀਆਂ ਜਿੱਥੇ ਕਿਸੇ ਕੌਮ ਦੀਆਂ ਆਉਣ ਵਾਲੀਆਂ ਨਸਲਾਂ ਲਈ ਸ਼ਾਹ-ਰਾਹ ਬਣ ਜਾਂਦੀਆਂ ਨੇ, ਉਥੇ ਜਾਬਰਾਂ ਜਰਵਾਣਿਆਂ ਦੀਆਂ ਹਕੂਮਤਾਂ ਮਿਟਾ ਜਾਂਦੀਆਂ ਨੇ। ਥੱਕੀਆਂ ਹਾਰੀਆਂ ਤੇ ਮਾਯੂਸ ਹੋਈਆਂ ਕੌਮਾਂ ਸ਼ਹੀਦਾਂ

ਦੀ ਉਂਗਲ ਫੜ੍ਹਕੇ ਹੀ ਰਾਹ ਲੱਭਦੀਆਂ ਹਨ। ਰਾਹ ਲੱਭਣਾ ਹੀ ਔਖਾ ਹੁੰਦਾ ਹੈ। ਜਦ ਰਾਹ ਸਹੀ ਮਿਲ ਜਾਏ, ਤਾਂ ਮੰਜ਼ਲ 'ਤੇ ਪਹੁੰਚ ਸਕਣਾ ਔਖਾ ਨਹੀਂ ਹੁੰਦਾ। ਸ਼ਹੀਦ ਕੌਮਾਂ ਦੀ ਤਕਦੀਰ ਤੇ ਤਸਵੀਰ ਬਦਲਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ ਅਤੇ ਜ਼ਾਲਮ ਦੇ ਕਠੋਰ ਉਪੱਦਰ ਤੇ ਨਿਰਦਈ ਅੱਤਿਆਚਾਰਾਂ ਨੂੰ ਠੱਲ੍ਹ ਪਾਉਂਦੇ ਹਨ। ਜਿਹੜੇ ਆਪਣੇ ਮਹਾਨ ਉਦੇਸ਼ ਲਈ ਮਰਦੇ ਹਨ, ਉਹਨਾਂ ਦੀ ਕਦੀ ਵੀ ਹਾਰ ਨਹੀਂ ਹੁੰਦੀ।

ਸ਼ਹਾਦਤਾਂ ਪਹਿਲੋਂ ਤੇ ਅਜ਼ਾਦੀ ਦਾ ਮੂੰਹ ਮਗਰੋਂ। ਅੱਜ ਤੱਕ ਸੰਸਾਰ ਦੀ ਕੋਈ ਅਜਿਹੀ ਪ੍ਰਾਪਤੀ ਨਹੀਂ ਹੋਈ, ਜਿਸ ਲਈ ਕੁਰਬਾਨੀ ਨਾ ਦੇਣੀ ਪਈ ਹੋਵੇ। ਦੁਨੀਆ ਅੰਦਰ ਕਿਹੜੀ ਬਾਦਸ਼ਾਹਤ ਹੈ, ਜਿਹੜੀ ਕੁਰਬਾਨੀ ਬਿਨਾਂ ਸਥਾਪਤ ਹੋਈ ਹੋਵੇ? ਸ਼ਹੀਦਾਂ ਦੀਆਂ ਕਤਾਰਾਂ ਲੰਮੀਆਂ ਕਰਨ ਦੀ ਲੋੜ ਹੈ ਕਿਉਂਕਿ ਸਾਡੀ ਅਜ਼ਾਦੀ ਦੀ ਲੜਾਈ ਬੜੀ ਲੰਮੀ ਲੜਾਈ ਹੈ। ਲੰਮੀ ਲੜਾਈ 'ਚ ਕੌਮਾਂ ਹੰਭ ਵੀ ਜਾਂਦੀਆਂ ਹਨ। ਇਸ ਕਰਕੇ ਘਬਰਾਉਣ ਦੀ ਲੋੜ ਨਹੀਂ। ਜਿਹੜੇ ਆਪਣੀ ਹਸਤੀ ਕਾਇਮ ਰੱਖਣ ਦੀਆਂ ਉਮੰਗਾਂ ਨਾਲ ਲੜਾਈਆਂ ਕਰਦੇ ਹਨ, ਉਨ੍ਹਾਂ ਲਈ ਇਕ ਜਾਂ ਦੋ ਵਕਤੀ ਹਾਰਾਂ ਕੋਈ ਅਰਥ ਨਹੀਂ ਰੱਖਦੀਆਂ। ਸ਼ਹੀਦ ਲੜਾਈ ਹਾਰਦਾ ਹੈ, ਪਰ ਜੰਗ ਜਿੱਤਦਾ ਹੈ।

ਜਿਹੜੀਆਂ ਕੌਮਾਂ ਆਪਣੇ ਸ਼ਹੀਦਾਂ ਨੂੰ ਭੁਲਾ ਦੇਂਦੀਆਂ ਹਨ ਅਤੇ ਉਹਨਾਂ ਦੇ ਪਰਵਾਰਾਂ ਦੀਆਂ ਕੁਰਬਾਨੀਆਂ ਵਲੋਂ ਅੱਖਾਂ ਮੀਟ ਲੈਂਦੀਆਂ ਹਨ, ਉਹ ਕੌਮਾਂ ਬਹੁਤਾ ਚਿਰ ਜ਼ਿੰਦਾ ਨਹੀਂ ਰਹਿ ਸਕਦੀਆਂ। ਜਿਹੜੀਆਂ ਕੌਮਾਂ ਆਪਣੇ ਇਤਿਹਾਸ ਨੂੰ ਦੁਹਰਾਉਣ ਲਈ ਆਪਣੇ ਆਪ 'ਚ ਨਵੀਂ ਸੋਚ ਅਤੇ ਨਵੀਂ ਸ਼ਕਤੀ ਦੀ ਸਿਰਜਣਾ ਨਹੀ ਕਰਦੀਆਂ, ਉਹ ਕੌਮਾਂ ਗਏ ਗੁਜ਼ਰੇ ਸਮੇਂ ਦੀ ਕਹਾਣੀ ਬਣਕੇ ਰਹਿ ਜਾਂਦੀਆਂ ਹਨ। ਇਸ ਦੇ ਨਾਲ ਹੀ ਜਿਹੜੀਆਂ ਕੌਮਾਂ ਆਪਣੇ ਇਤਿਹਾਸ ਤੋਂ ਸਬਕ ਨਹੀ ਸਿਖਦੀਆਂ, ਉਹ ਮੁੜ ਮੁੜ ਕੇ ਧੋਖਾ ਖਾਂਦੀਆਂ ਹਨ।

ਸਿੱਖ ਧਰਮ 'ਚ ਸੂਰਮਗਤੀਆਂ ਤੇ ਸ਼ਹੀਦੀਆਂ ਦੀ ਤਹਿ ਥੱਲੇ ਅਕਾਲ ਪੁਰਖ ਦੇ ਨਾਮ ਸਿਮਰਨ ਦੀ ਕਮਾਈ ਦੀ ਸ਼ਕਤੀ ਕੰਮ ਕਰਦੀ ਆ ਰਹੀ ਹੁੰਦੀ ਹੈ। ਇਸ ਸ਼ਕਤੀ ਨੂੰ ਅੱਜ ਤਕ ਨਾ ਤੱਤੀਆਂ ਤਵੀਆਂ ਢਾਲ ਸਕੀਆਂ ਅਤੇ ਨਾਹੀਂ ਉਬਲ ਦੀਆਂ ਦੇਗਾਂ ਉਬਾਲ ਸਕੀਆਂ; ਨਾ ਗੋਲੀਆਂ ਤੇ ਡਾਂਗਾਂ ਇਸ ਨੂੰ ਤੋੜ ਸਕੀਆਂ ਅਤੇ ਨਾਹੀਂ ਗੱਡੀਆਂ ਦੇ ਇੰਜਨ ਇਸ ਨੂੰ ਭੰਨ ਸਕੇ; ਨਾ ਕੈਦਾਂ ਇਸ ਨੂੰ ਕੈਦ ਕਰ ਸਕੀਆਂ ਅਤੇ ਨਾਹੀਂ ਫਾਂਸੀ ਦੇ ਰੱਸੇ ਇਸ ਨੂੰ ਮੁਕਾ ਸਕੇ। ਇਹ ਸ਼ਕਤੀ ਜਿਉਂ ਦੀ ਤਿਉਂ ਨਿੱਤ ਨਵੇਂ ਸ਼ਹੀਦ ਪੈਦਾ ਕਰਦੀ ਜਾ ਰਹੀ ਹੈ। ਇਹ ਗੱਲ ਸਦਾ ਚੇਤੇ ਰੱਖਣ ਵਾਲੀ ਹੈ ਕਿ ਸ਼ਹੀਦੀਆਂ ਕਾਰਨ ਹੀ ਕੌਮਾਂ 'ਚ ਨਿਖਾਰ ਆਇਆ ਕਰਦਾ ਹੈ।

ਸਿੱਖ ਚਿੰਤਨ ਦੇ ਪਾਂਧੀ 'ਚ ਨਿਰਭੈ ਸ਼ਕਤੀ ਦੀ ਜਵਾਲਾ ਹੀ ਨਹੀਂ ਜਾਗਦੀ ਸਗੋਂ ਨਿਰਵੈਰ ਬਿਰਤੀ ਦਾ ਪ੍ਰਕਾਸ਼ ਵੀ ਹੁੰਦਾ ਹੈ। ਭਾਈ ਹਰਜਿੰਦਰ ਸਿੰਘ ਜਿੰਦੇ

ਤੇ ਭਾਈ ਸੁਖਦੇਵਸਿੰਘ ਸੁੱਖੇ ਦਾ ਜਲਾਦਾਂ ਦੇ ਮੂੰਹ 'ਚ ਲੱਡੂ ਪਾਣੇ ਅਤੇ ਫਾਂਸੀ ਦੇਣ ਵਾਲੇ ਜੱਜ ਨੂੰ ਪਾਰਟੀ 'ਚ ਸ਼ਾਮਲ ਹੋਣ ਦਾ ਸੱਦਾ ਦੇਣਾ ਇਸ ਹਕੀਕਤ ਦੀ ਗਵਾਹੀ ਭਰਦੇ ਹਨ। ਜਦੋਂ ਗੁਰਮੁਖਤਾ ਦਾ ਪ੍ਰਕਾਸ਼ ਹੁੰਦਾ ਹੈ ਤਾਂ ਉਹ ਨਿਰਭਉ ਹੋਣ ਦੇ ਨਾਲ-ਨਾਲ ਨਿਰਵੈਰ ਵੀ ਹੋ ਜਾਂਦਾ ਹੈ। ਸਿੱਖ ਚਿੰਤਨ 'ਚ ਸ਼ਹੀਦੀ ਦੀ ਨਿਰਭਉ ਨਿਰਵੈਰ ਮਨੋ-ਬਿਰਤੀ 'ਚ ਨਾ ਕਾਲ ਪੋਹ ਸਕਣ ਦਾ ਡਰ ਭਾਸਦਾ ਹੈ ਅਤੇ ਨਾਹੀਂ ਹਾਰ ਜਾ ਸਹਿਮ ਦਾ ਇਹ ਗੁਰਮਤਿ ਦੀ ਸਦਾ ਵਿਗਾਸ ਦੀ ਸਹਜ ਅਵਸਥਾ ਹੈ।

ਜਿਹੜੀ ਕੌਮ ਆਪਣੇ ਸਿਰਾਂ ਦਾ ਬਲੀਦਾਨ ਦੇਕੇ ਦੂਜਿਆਂ ਦਾ ਧਰਮ ਬਚਾਉਣਾ ਜਾਣਦੀ ਹੋਵੇ, ਭਲਾ ਉਸ ਕੌਮ ਨੂੰ ਕੋਈ ਕਿਵੇਂ ਮਾਰ ਸਕਦਾ ਹੈ? ਜਿਹੜੀ ਕੌਮ ਅੰਦਰ ਅੱਜ ਵੀ ਭਾਈ ਬੇਅੰਤ ਸਿੰਘ ਜੀ, ਭਾਈ ਸਤਵੰਤ ਸਿੰਘ ਜੀ, ਭਾਈ ਕੇਹਰ ਸਿੰਘ ਜੀ, ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵਸਿੰਘ ਸੁੱਖਾ ਵਰਗੇ ਮਹਾਨ ਸ਼ਹੀਦ ਹੋਣ, ਉਸ ਕੌਮ ਨੂੰ ਦੁਨੀਆ ਦੀ ਕਿਹੜੀ ਤਾਕਤ ਗ਼ੁਲਾਮ ਬਣਾ ਕੇ ਰੱਖ ਸਕਦੀ ਹੈ? ਜਿਸ ਕੌਮ ਅੰਦਰ ਦ੍ਰਿੜਤਾ ਹੋਵੇ, ਆਤਮ ਵਿਸ਼ਵਾਸ ਹੋਵੇ, ਸਵੈ-ਭਰੋਸਾ ਹੋਵੇ ਅਤੇ ਹੱਕ ਤੇ ਸੱਚ ਦੀ ਮੰਜ਼ਲ ਦਾ ਨਿਸ਼ਾਨਾ ਹੋਵੇ, ਉਸ ਨੂੰ ਆਪਣੀ ਅਜ਼ਾਦੀ ਦੀ ਮੰਜ਼ਲ ਤੋਂ ਦੁਨੀਆ ਦੀ ਕੋਈ ਤਾਕਤ ਨਹੀਂ ਥਿੜਕਾ ਸਕਦੀ। ਜਿਹੜੀ ਕੌਮ ਹੱਸ ਹੱਸ ਕੇ ਸ਼ਹਾਦਤਾਂ ਦੇਣੀਆਂ ਜਾਣਦੀ ਹੈ, ਉਸ ਕੌਮ ਨੂੰ ਦੁਨੀਆ ਦੀ ਕੋਈ ਤਾਕਤ ਖਤਮ ਨਹੀਂ ਕਰ ਸਕਦੀ।

ਜਿਸ ਕੌਮ ਅੰਦਰ ਇਕ ਵਾਰ ਆਪਣੀ ਕਿਸਮਤ ਦੇ ਆਪ ਮਾਲਕ ਬਣਨ ਦੀ ਇੱਛਾ ਪੈਦਾ ਹੋ ਜਾਂਦੀ ਹੈ ਤਾਂ ਛੇਤੀ ਕੀਤੇ ਉਹ ਕੌਮ ਮਰਦੀ ਨਹੀਂ। ਜਿਹੜੀਆਂ ਕੌਮਾਂ ਮਰਨਾ ਜਾਣਦੀਆਂ ਹਨ, ਉਹੋ ਹੀ ਜੀਵਨ ਜੀਊਣ ਦਾ ਹੱਕ ਰੱਖਦੀਆਂ ਹਨ ਅਤੇ ਜਿਹੜੀਆਂ ਕੌਮਾਂ ਬਿਪਤਾ ਵੇਲੇ ਸਾਬਤ ਕਦਮ ਰਹਿੰਦੀਆਂ ਹਨ, ਉਹ ਸਦਾ ਜੀਊਂਦੀਆਂ ਰਹਿੰਦੀਆਂ ਹਨ। ਜਿਹੜੀ ਕੌਮ ਕੋਲ ਸ਼ਾਨਦਾਰ ਇਤਿਹਾਸਕ ਵਿਰਸਾ ਹੈ, ਮਹਾਨ ਸਭਿਆਚਾਰ ਹੈ, ਮਿੱਠੀ ਬੋਲੀ ਹੈ ਅਤੇ ਉਸ ਕੌਮ ਦੇ ਲੋਕ ਆਪਣੀ ਅਣਖ, ਗ਼ੈਰਤ ਅਤੇ ਸਵੈਮਾਣ ਕਾਇਮ ਰੱਖਣ ਲਈ ਜਾਨ ਦੀ ਬਾਜ਼ੀ ਲਾ ਸਕਦੇ ਹਨ, ਉਨ੍ਹਾਂ ਨੂੰ ਗ਼ੁਲਾਮ ਬਣਾਈ ਰੱਖਣ ਦੇ ਮਨਸੂਬੇ ਬਣਾਉਣੇ ਆਪਣੀ ਅਕਲ ਦਾ ਦਿਵਾਲਾ ਕੱਢਣ ਵਾਲੀ ਗੱਲ ਹੈ। ਜਿਹੜੀ ਕੌਮ ਸਰਬੱਤ ਦਾ ਭਲਾ ਮੰਗਦੀ ਹੈ, ਵੰਡ ਕੇ ਛਕਦੀ ਹੈ, ਤਲੀ ਤੇ ਸਿਰ ਧਰ ਕੇ ਲੜਦੀ ਹੈ, ਉਸ ਨੂੰ ਕੌਣ ਗ਼ੁਲਾਮ ਬਣਾ ਸਕਦਾ ਹੈ?

ਤਾਕਤ ਦੇ ਨਸ਼ੇ 'ਚ ਗੜੂੰਦ ਹੋਈਆਂ ਨਵੀਆਂ ਉਠ ਰਹੀਆਂ ਹਿੰਦੂਤਵੀ ਤਾਕਤਾਂ ਨੂੰ ਆਪਣੇ ਦਿਲਾਂ 'ਚੋਂ ਇਹ ਭਰਮ ਭੁਲੇਖੇ ਕੱਢ ਦੇਣੇ ਚਾਹੀਦੇ ਹਨ ਕਿ ਸਿੱਖਾਂ ਵਰਗੀ ਅਣਖੀਲੀ ਕੌਮ ਨੂੰ ਗ਼ੁਲਾਮ ਬਣਾ ਕੇ ਰੱਖ ਸਕਣਗੇ। ਸਿੱਖ ਕੌਮ ਕਦੀ ਵੀ ਗੋਲੀ ਤੇ ਲਾਠੀ ਨਾਲ ਨਹੀਂ ਦਬਾਈ ਜਾ ਸਕਦੀ। ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਕੌਮਾਂ ਜ਼ੁਲਮ ਤੇ ਜਬਰ ਨਾਲ ਕਦੀ ਨਹੀਂ ਦਬਾਈਆਂ ਜਾ

ਸਕਦੀਆਂ। ਜਿਸ ਕੌਮ ਅੰਦਰ ਭਾਈ ਹਰਜਿੰਦਰ ਸਿੰਘ ਜਿੰਦੇ ਤੇ ਭਾਈ ਸੁਖਦੇਵਸਿੰਘ ਸੁੱਖੇ ਵਰਗੇ ਸੂਰਬੀਰ ਹੋਣ, ਉਸ ਨੂੰ ਕੌਣ ਦਬਾ ਕੇ ਰੱਖ ਸਕਦਾ ਹੈ?

ਸਰਕਾਰਾਂ ਦੀਆਂ ਨਜ਼ਰਾਂ ਵਿੱਚ ਸਾਰੇ ਸ਼ਹੀਦ ਮੁਜਰਿਮ ਹੋਇਆ ਕਰਦੇ ਹਨ। ਸਰਕਾਰਾਂ ਬਾਗ਼ੀਆਂ ਤੋਂ ਇਤਨਾ ਨਹੀਂ ਡਰਦੀਆਂ, ਜਿਤਨੀਆਂ ਕਿ ਬਾਗ਼ੀ ਸ਼ਹੀਦਾਂ ਤੋਂ। ਬਾਗ਼ੀਆਂ ਨੂੰ ਕੁਚਲਣ ਲਈ ਸਰਕਾਰਾਂ ਕੋਲ ਅਸੀਮ ਸ਼ਕਤੀ ਹੁੰਦੀ ਹੈ। ਸ਼ਹੀਦ ਨੂੰ ਮਾਰ ਕੇ ਸਰਕਾਰ ਕਿਸੇ ਇਕ ਮਾਂ ਦੀ ਗੋਦ ਹੀ ਖ਼ਾਲੀ ਕਰ ਸਕਦੀ ਹੈ, ਪਰ ਸ਼ਹੀਦ ਤਾਂ ਕੌਮ ਦੀ ਕੁੱਖ ਵਿਚੋਂ ਜੰਮਦੇ ਹਨ। ਬਾਗ਼ੀਆਂ 'ਤੇ ਫ਼ੌਜਾਂ ਚਾੜ੍ਹੀਆਂ ਜਾ ਸਕਦੀਆਂ ਹਨ, ਪਰ ਸਿਧਾਂਤਾਂ ਵਿਰੁਧ ਨਹੀਂ। ਗੋਲੀ ਨਾਲ ਸਰੀਰ ਮਾਰਿਆ ਜਾ ਸਕਦਾ ਹੈ, ਤੱਤੀ ਤਵੀ 'ਤੇ ਬਿਠਾ ਕੇ ਸਰੀਰ ਛਾਲੇ ਛਾਲੇ ਕੀਤਾ ਜਾ ਸਕਦਾ ਹੈ, ਪਰ ਸਿਧਾਂਤਕ ਸੱਚ ਨੂੰ ਮਾਰਨ ਵਾਲੀ ਗੋਲੀ ਜਾਂ ਕੋਈ ਭੱਠੀ ਅੱਜੇ ਤੱਕ ਕਿਸੇ ਨੇ ਨਹੀਂ ਬਣਾਈ। ਵਕਤੀ ਤੌਰ ਤੇ ਸਰਕਾਰ ਲੋਕਾਂ ਨੂੰ ਭਾਵੇਂ ਚੁੱਪ ਕਰਾ ਵੀ ਲਏ, ਉਸ ਚੁੱਪ ਨੇ ਆਖ਼ਿਰ ਜੰਗ ਬਣਨਾ ਹੈ। ਸੱਚ ਦੇ ਧਰਮ ਨੂੰ ਕੋਈ ਨਹੀਂ ਮਾਰ ਸਕਦਾ। 'ਸ਼ਹੀਦਾਂ ਦਾ ਖ਼ੂਨ ਧਰਮ ਦੀ ਉਸਾਰੀ 'ਚ ਚੂਨੇ ਅਤੇ ਗਾਰੇ ਦਾ ਕੰਮ ਕਰਦਾ ਹੈ।' (ਏਮਰਸਨ)

"Blood of martyres is the seed of the church." (Emerson)

ਜਿਥੋਂ ਤਕ ਜ਼ੁਲਮ ਤੇ ਧੱਕੇਸ਼ਾਹੀ ਦਾ ਸਬੰਧ ਹੈ, ਪੰਜਾਬ ਦੇ ਲੋਕਾਂ ਲਈ ਇਹ ਕੋਈ ਨਵੀਂ ਗੱਲ ਨਹੀਂ। ਮੁਗ਼ਲਸ਼ਾਹੀ ਜ਼ੁਲਮਾਂ ਦਾ ਆਰਾ ਪੂਰੀ ਇਕ ਸਦੀ ਸਿੱਖਾਂ ਦਾ ਸਿਦਕ ਪਰਖਦਾ ਰਿਹਾ। ਇਵੇਂ ਹੀ ਫਰੰਗੀ ਦੇ ਜ਼ੁਲਮਾਂ ਦੀ ਭੱਠੀ 'ਚ ਸਦੀ ਭਰ ਤਪਦਾ ਰਿਹਾ ਅਤੇ ਅੰਤ ਸਟੀਲ ਬਣਕੇ ਸਾਹਮਣੇ ਆਇਆ। ਪਰ ਜਿਸ ਮਕਾਰੀ ਤੇ ਧੋਖਾਬਾਜ਼ੀ ਦੇ ਹੱਥਕੰਡਿਆਂ ਨਾਲ ਚਾਣਕੀਆ ਨੀਤੀ ਨੇ ਸਿੱਖੀ ਸਿਦਕ ਨੂੰ ਚੁਣੌਤੀ ਦੇ ਰੱਖੀ ਹੈ, ਉਸ ਦੀ ਮਿਸਾਲ ਮਿਲਣੀ ਮੁਸ਼ਕਲ ਹੈ। ਫਾਂਸੀ ਦਾ ਫੰਦਾ ਸਿੱਖਾਂ ਲਈ ਕੋਈ ਓਪਰਾ ਨਹੀਂ, ਇਸ ਨੇ ਸਿੱਖਾਂ ਦੇ ਸਿਦਕ ਦੀ ਵਾਰ-ਵਾਰ ਪ੍ਰੀਖਿਆ ਲਈ ਹੈ ਅਤੇ ਵਾਰ-ਵਾਰ ਸਿੱਖੀ ਸਿਦਕ ਨੇ ਜਲਾਦਾਂ ਨੂੰ ਮਾਤ ਕਰ ਵਿਖਾਇਆ ਹੈ। ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਊਧਮ ਸਿੰਘ ਤੇ ਸ਼ਹੀਦ ਭਾਈ ਸੁਖਦੇਵਸਿੰਘ ਸੁੱਖਾ ਤੇ ਭਾਈ ਹਰਜਿੰਦਰ ਸਿੰਘ ਜਿੰਦਾ ਵਰਗੇ ਸੂਰਮਿਆਂ ਨੇ ਹੱਕ ਤੇ ਸੱਚ ਲਈ ਜੈਕਾਰੇ ਗੁੰਜਾਉਂਦਿਆਂ ਫਾਂਸੀ ਦੇ ਫੰਦੇ ਨੂੰ ਗਲਾਂ ਵਿੱਚ ਪਾਇਆ।

ਜ਼ੁਲਮ ਤੇ ਬੇਇਨਸਾਫੀ ਦੀਆਂ ਨੀਹਾਂ 'ਤੇ ਉਸਰੇ ਕਿਸੇ ਵੀ ਰਾਜ ਕੋਲੋਂ ਇਨਸਾਫ ਦੀ ਝਾਕ ਰੱਖਣੀ ਫਜ਼ੂਲ ਹੈ। ਫਰੰਗੀਆਂ ਨੇ ਭਗਤ ਸਿੰਘ ਹੋਰਾਂ ਨੂੰ ਰਾਤੋ ਰਾਤ ਫਾਂਸੀ ਦੇਕੇ ਉਹਨਾਂ ਦੀਆਂ ਲਾਸ਼ਾਂ ਨੂੰ ਖੁਰਦ-ਬੁਰਦ ਕਰਨ ਦੀ ਜੋ ਘਿਨਾਉਣੀ ਕਾਰਵਾਈ ਕੀਤੀ ਸੀ, ਉਸ ਲਈ ਉਹਨਾਂ ਨੂੰ ਅੱਜ ਤਕ ਫਿਟਕਾਰਾਂ ਪੈਂਦੀਆਂ ਹਨ। ਪਰ ਪੰਜਾਬ ਨੂੰ ਗ਼ੁਲਾਮੀ ਦੀਆਂ ਜ਼ੰਜੀਰਾਂ ਵਿੱਚ ਜਕੜੀ ਬੈਠੇ ਕਾਲੇ ਫਰੰਗੀ ਤਾਂ ਆਪਣੇ ਗੋਰੇ ਉਸਤਾਦਾਂ ਨੂੰ ਵੀ ਮਾਤ ਪਾ ਗਏ ਹਨ। ਦਿਲ ਦੇ ਕਾਲੇ ਹਾਕਮਾਂ ਨੇ

ਛਲ ਤੇ ਫਰੇਬ ਦੀ ਜੋ ਖੇਡ ਭਾਈ ਸਤਵੰਤ ਸਿੰਘ ਤੇ ਭਾਈ ਕਿਹਰ ਸਿੰਘ ਹੁਰਾਂ ਦੇ ਮਾਮਲੇ ਵਿੱਚ ਖੇਡੀ, ਉਸ ਦੀ ਮਿਸਾਲ ਮਿਲਣੀ ਮੁਸ਼ਕਲ ਹੈ।

ਭਾਰਤ ਦੇ ਇਤਿਹਾਸ ਵਿੱਚ ਆਪਣੀ ਕਿਸਮ ਦਾ ਇਹ ਪਹਿਲਾ ਮੁਕੱਦਮਾ ਸੀ ਜਿਸ ਨੂੰ ਪੂਰਨ ਰੂਪ ਵਿੱਚ ਗੁਪਤ ਰੱਖਿਆ ਗਿਆ ਸੀ। ਜੇਲ੍ਹ ਦੀ ਮਜ਼ਬੂਤ ਚਾਰਦੀਵਾਰੀ ਅੰਦਰ, 'ਗੋਲੀ ਪਰੂਫ' ਪਰਦਿਆਂ ਦੇ ਓਹਲੇ ਹੇਠ 50 ਮਹੀਨੇ ਇਨਸਾਫ ਦਾ ਝੂਠਾ ਡਰਾਮਾ ਖੇਡਿਆ ਗਿਆ। ਅਦਾਲਤੀ ਕਾਰਵਾਈ ਦੁਆਲੇ ਭੇਦ ਦੇ ਐਨੇ ਸੰਘਣੇ ਪਰਦੇ ਤਾਣ ਰੱਖੇ ਸਨ ਕਿ ਮੁਕੱਦਮੇ ਦੀ ਭਾਫ ਤਕ ਨਹੀਂ ਸੀ ਨਿਕਲਣ ਦਿੱਤੀ ਗਈ। ਭਾਰਤੀ ਹਾਕਮਾਂ ਦੀ ਬਦਨੀਤੀ ਸਭ ਹੱਦ-ਬੰਨੇ ਟੱਪ ਗਈ ਸੀ, ਪਰ ਉਹਨਾਂ ਦੀ ਤਸੱਲੀ ਫਿਰ ਵੀ ਨਾ ਹੋਈ। ਕਾਲੇ ਫਰੰਗੀਆਂ ਦੇ ਕਾਲੇ ਮਨ ਅੰਦਰਲੀ ਫਿਰਕੂ ਜ਼ਹਿਰ ਨੇ ਅਜੇ ਨੀਚਪੁਣੇ ਦੀਆਂ ਹੋਰ ਪਤਾਲ ਡੂੰਘਾਣਾਂ ਛੂਹਣੀਆਂ ਸਨ। ਕੌਟਲਿਆ ਦੇ ਵਾਰਸ ਕਿੰਨੇ ਨੀਚ ਤੇ ਪੱਥਰ ਦਿਲ ਹੋ ਸਕਦੇ ਹਨ, ਇਹ ਜਾਣਨਾ ਅਜੇ ਬਾਕੀ ਸੀ। ਇਹਨਾਂ ਦੀ ਗਿਰਝ ਅੱਖ ਆਖਰੀ ਮਿਲਣੀ ਦੇ ਹੱਕਦਾਰ ਸਕੇ-ਸਬੰਧੀਆਂ ਦੀ ਸੂਚੀ 'ਤੇ ਵੀ ਇਨਕਾਰ ਦੀ ਸਿਆਹੀ ਫੇਰਨੋਂ ਨਾ ਹੱਟੀ। ਸ਼ਹੀਦਾਂ ਦੀ ਆਖਰੀ ਇੱਛਾ ਜ਼ਾਲਮ ਹਾਕਮਾਂ ਦੇ ਬੋਲੇ ਕੰਨਾਂ ਨਾਲ ਜਾ ਟਕਰਾਈ। ਹਰ ਜ਼ਾਲਮ ਹਾਕਮ ਪਾਪ ਜਾਂ ਜ਼ੁਲਮ ਕਰਨ ਤੋਂ ਬਾਅਦ ਉਸ ਨੂੰ ਲੁਕਾਉਣ ਦਾ ਯਤਨ ਕਰਦਾ ਹੈ।

ਜ਼ਾਲਮ ਸਰਕਾਰਾਂ ਸ਼ਹੀਦਾਂ ਦੀਆਂ ਨਿਸ਼ਾਨੀਆਂ ਤਕ ਮਿਟਾ ਦੇਣ ਦੀਆਂ ਸੋਚਦੀਆਂ ਹਨ, ਪਰ ਗੁਸਤਾਖ਼ ਹਾਕਮਾਂ ਨੂੰ ਇਹ ਗੱਲ ਕੌਣ ਸਮਝਾਏ ਕਿ ਸ਼ਹੀਦਾਂ ਦੇ ਨਿਸ਼ਾਨ ਇਸ ਤਰ੍ਹਾਂ ਮਿਟਾਇਆਂ ਨਹੀਂ ਮੇਟੇ ਜਾ ਸਕਦੇ। ਜਿੰਨਾ ਜ਼ਿਆਦਾ ਉਹ ਜ਼ਾਲਮ ਸ਼ਹੀਦਾ ਦੇ ਨਿਸ਼ਾਨ ਮਿਟਾਉਣ ਦੀ ਕੋਸ਼ਿਸ਼ ਕਰਦੇ ਹਨ, ਉਤਨੇ ਹੀ ਜ਼ਿਆਦਾ ਸ਼ਹੀਦੀ ਨਿਸ਼ਾਨ ਲੋਕਾਂ ਦੇ ਤਨਾਂ-ਮਨਾਂ ਦੇ ਧੁਰ ਅੰਦਰ ਗੂੜ੍ਹੇ ਉਕਰ ਜਾਂਦੇ ਹਨ। ਇਸ ਫਿਰਕੂ ਦੈਂਤ ਦੀ ਪਿਆਸ ਬੜੀ ਚੰਦਰੀ ਹੈ। ਚੁਰਾਸੀ ਦੇ ਘੱਲੂਘਾਰਿਆਂ ਦੌਰਾਨ ਹਜ਼ਾਰਾਂ ਸਿੱਖਾਂ ਦੇ ਖ਼ੂਨ ਦੀਆਂ ਘਰਾਲਾਂ ਨਾਲ ਵੀ ਪਿਆਸ ਨਹੀ ਸੀ ਬੁੱਝੀ।

ਬਾਹਰੀ ਥੋਥੀਆਂ ਬੜ੍ਹਕਾਂ ਦੇ ਬਾਵਜੂਦ ਜ਼ਾਲਮ ਹਾਕਮਾਂ ਦਾ ਅੰਦਰ ਬੁਰੀ ਤਰ੍ਹਾਂ ਕੰਬ ਰਿਹਾ ਹੁੰਦਾ ਹੈ। ਉਹਨਾਂ ਨੂੰ ਸ਼ਹੀਦਾਂ ਦੀ ਹਰ ਨਿਸ਼ਾਨੀ ਤੋਂ ਭੈਅ ਆਉਂਦਾ ਹੈ। ਉਹਨਾਂ ਨੂੰ ਪਤਾ ਹੁੰਦਾ ਹੈ ਕਿ ਸ਼ਹੀਦਾਂ ਦੀ ਜੋ ਵੀ ਨਿਸ਼ਾਨੀ ਲੋਕਾਂ ਹੱਥ ਲੱਗ ਗਈ, ਉਹਨਾਂ ਸਾਂਭ ਕੇ ਰੱਖ ਲੈਣੀ ਹੈ, ਜਿਸ ਨਾਲ ਲੋਕਾਂ ਅੰਦਰ ਪ੍ਰੇਰਨਾ ਸ਼ਕਤੀ ਉਭਰ ਸਕਦੀ ਹੈ। ਅਤਿ ਦੇ ਜ਼ੁਲਮ ਕਰਨ ਵਾਲਿਆਂ ਨੂੰ ਇਹ ਗੱਲ ਸਦਾ ਚੇਤੇ ਰੱਖਣੀ ਚਾਹੀਦੀ ਹੈ ਕਿ ਉਹਨਾਂ ਜ਼ਾਲਮਾਂ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਕੀਮਤ ਤਾਰਨੀ ਹੀ ਪੈਂਦੀ ਹੈ।

ਭਾਗ 3

ਸ਼ਹਾਦਤ ਦੇ ਕਾਰਨਾਂ ਬਾਰੇ ਪਾਏ ਗਏ ਭੁਲੇਖੇ

9) ਸਿੱਖਾਂ ਵਲੋਂ ਆਪਣੇ ਬੇਮਿਸਾਲ ਇਤਿਹਾਸ ਦੀ ਅਣਗਹਿਲੀ

ਕਿਸੇ ਵੀ ਮਨੁੱਖੀ ਸਮਾਜ ਦੇ ਬਹੁਪੱਖੀ ਵਿਕਾਸ ਲਈ ਉਸ ਦਾ ਵਿਰਸਾ ਤੇ ਇਤਿਹਾਸ ਹੀ ਵੱਡੀ ਭੂਮਿਕਾ ਨਿਭਾਉਂਦੇ ਹਨ। ਇਤਿਹਾਸ ਹਰ ਕੌਮ, ਹਰ ਮੁਲਕ ਅਤੇ ਹਰ ਸਮੂਹ ਲਈ ਪ੍ਰੇਰਨਾ ਦਾ ਸਰੋਤ ਹੁੰਦਾ ਹੈ ਜਿਸ ਤੋਂ ਪ੍ਰੇਰਨਾ ਲੈਕੇ ਹਰ ਕੌਮ, ਦੇਸ਼ ਤੇ ਸਮੂਹ ਨੇ ਆਪਣਾ ਭਵਿੱਖ ਸੰਵਾਰਨਾ ਹੁੰਦਾ ਹੈ। ਇਤਿਹਾਸ ਉਹ ਵਿਰਸਾ ਹੁੰਦਾ ਹੈ, ਜਿਸ 'ਚ ਕਿਸੇ ਕੌਮ ਦੇ ਵਿਚਾਰਵਾਨਾਂ ਤੇ ਸੂਰਬੀਰਾਂ ਨੇ ਆਪਣੇ ਕੌਮੀ ਫਲਸਫੇ 'ਤੇ ਚਲਦਿਆਂ ਕੌਮ ਦਾ ਭਵਿੱਖ ਸੰਵਾਰਨ ਲਈ ਵਕਤ ਦੀਆਂ ਤਿੱਖੜ ਦੁਪਹਿਰਾਂ ਝੱਲੀਆਂ ਹੁੰਦੀਆਂ ਹਨ ਅਤੇ ਵਕਤ ਦੀਆਂ ਪ੍ਰਾਪਤੀਆਂ ਸਾਂਝੀਆਂ ਕੀਤੀਆਂ ਹੁੰਦੀਆਂ ਹਨ। ਜਿਹੜੇ ਇਤਿਹਾਸ ਦਾ ਅਧਿਐਨ ਕਿਸੇ ਕੌਮ ਦਾ ਭਵਿੱਖ ਚਾਨਣ ਕਰਨ ਦੇ ਯੋਗ ਨਹੀਂ ਤਾਂ ਉਸ ਇਤਿਹਾਸ ਦਾ ਅਧਿਐਨ ਬੇਮਾਅਨਾ ਹੈ।

ਆਪਣੇ ਵਿਰਸੇ ਤੇ ਇਤਿਹਾਸ ਨਾਲ ਕਿਸੇ ਕੌਮ ਦੇ ਲੋਕਾਂ ਦਾ ਕਿੰਨਾ ਕੁ ਨਿੱਘਾ ਰਿਸ਼ਤਾ ਹੈ ਅਤੇ ਉਹ ਆਪਣੇ ਇਤਿਹਾਸ ਜਾਂ ਵਿਰਸੇ ਤੋਂ ਕਿਹੋ ਜਿਹੀ ਪ੍ਰੇਰਨਾ ਲੈਂਦੇ ਹਨ ਅਤੇ ਆਪਣੇ ਵਿਰਸੇ ਦੀ ਕਿਹੋ ਜਿਹੀ ਵਿਆਖਿਆ ਕਰਦੇ ਹਨ, ਇਹ ਉਹਨਾਂ ਦੇ ਵਿਕਾਸ 'ਚ ਪੈਦਾ ਹੋਈਆਂ ਪਰਵਾਰਕ ਤੇ ਸਮਾਜਕ ਹਾਲਤਾਂ 'ਤੇ ਨਿਰਭਰ ਕਰਦਾ ਹੈ।

ਇਕ ਮਿਸਾਲ ਹਾਜ਼ਰ ਹੈ। ਪੰਜਾਬ ਦੇ ਪਿੰਡਾਂ 'ਚ ਵਸਦੇ ਭੋਲੇ ਭਾਲੇ ਸਿੱਖਾਂ ਲਈ ਸਿੱਖ ਗੁਰੂ ਰੂਹਾਨੀ ਵਿਰਸਾ ਅਤੇ ਉਸ ਵਿਰਸੇ ਲਈ ਦਿੱਤੀਆਂ ਸ਼ਹੀਦੀਆਂ ਉਹਨਾਂ ਦੀ ਰਗ ਰਗ 'ਚ ਵਸੀਆਂ ਹੋਈਆਂ ਹਨ। ਉਹਨਾਂ ਲਈ ਗੁਰੂ ਤੇ ਸ਼ਹੀਦ ਹੀ ਸਭ ਕੁਝ ਹਨ ਅਤੇ ਉਹਨਾਂ ਦੀ ਪ੍ਰੇਰਨਾ ਦਾ ਸਭ ਤੋਂ ਵੱਡਾ ਸੋਮਾ ਹਨ। ਉਹ ਆਪਣੇ ਗੁਰੂ ਨੂੰ ਅਤੇ ਸਿੱਖ ਵਿਰਸੇ ਦੇ ਰੱਖਿਅਕ ਸ਼ਹੀਦਾਂ ਨੂੰ ਸਮਰਪਤ ਰਹਿੰਦੇ ਹਨ ਅਤੇ ਲੋੜ ਪੈਣ 'ਤੇ ਹਰ ਕੁਰਬਾਨੀ ਦੇਣ ਲਈ ਤਿਆਰ ਹੋ ਜਾਂਦੇ ਹਨ। ਇਤਿਹਾਸ ਦੀ ਕੋਈ ਵੀ ਅੰਕ ਗਣਿਤ ਜਾਂ ਕੋਈ ਵੀ ਹੋਰ ਮਾਪ ਤੋਲ ਸਿੱਖ ਮਾਨਸਕਤਾ ਦੀ ਇਸ ਗੁੱਝੀ ਪਾਵਨਤਾ ਦਾ ਥਾਹ ਨਹੀਂ ਪਾ ਸਕਦਾ।

ਇਸ ਦੇ ਮੁਕਾਬਲੇ ਤੇ ਵੱਡੇ ਵੱਡੇ ਸ਼ਹਿਰਾਂ ਦੇ ਆਧੁਨਿਕ ਸੁਖ-ਅਰਾਮ 'ਚ ਰਹਿ ਰਹੇ ਸਿੱਖਾਂ ਲਈ ਵਿਸਾਖੀ ਜਾਂ ਕੋਈ ਹੋਰ ਗੁਰਪੁਰਬ ਰਸਮੀ ਤੌਰ ਤੇ ਗੁਰਦੁਆਰੇ

ਮੱਥਾ ਟੇਕਣ ਤੇ ਲੰਗਰ ਛਕਣ ਤਕ ਹੀ ਸੀਮਤ ਹੁੰਦਾ ਹੈ। ਸ਼ਹਿਰੀ ਲੋਕ ਵਧੇਰੇ ਕਰਕੇ ਆਪਣੇ ਸਮਾਜਕ ਤੇ ਪਰਵਾਰਕ ਹਿਤਾਂ ਨੂੰ ਤਰਜੀਹ ਦਿੰਦੇ ਹਨ। ਜਿਸ ਕਰਕੇ ਸ਼ਹਿਰਾਂ ਦੇ ਲੋਕਾਂ ਲਈ ਆਪਣੇ ਵਿਰਸੇ ਤੇ ਇਤਿਹਾਸ ਦੇ ਹੋਰ ਅਰਥ ਹਨ ਅਤੇ ਪਿੰਡਾਂ ਦੇ ਲੋਕਾਂ ਲਈ ਹੋਰ। ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਗ਼ਰੀਬ ਸਿੱਖ ਹਮੇਸ਼ਾ ਹਰ ਲਹਿਰ 'ਚ ਪੁੱਤ ਮਰਵਾ ਕੇ ਵੱਡੇ ਨੁਕਸਾਨ ਝੱਲਦੇ ਹਨ।

ਇਸ 'ਚ ਕੋਈ ਸ਼ਕ ਨਹੀਂ ਕਿ ਸਿੱਖ ਮਤ ਦੇ ਪੈਰੋਕਾਰਾਂ ਨੇ ਸਿੱਖੀ ਪ੍ਰਤੀ ਜੋ ਦ੍ਰਿੜਤਾ, ਸਿਦਕ ਅਤੇ ਅਡੋਲਤਾ ਵਿਖਾਈ ਹੈ, ਉਹ ਬੇਮਿਸਾਲ ਤੇ ਲਾਸਾਨੀ ਹੈ ਅਤੇ ਹਰ ਸਿੱਖ ਆਪਣੇ ਸ਼ਾਨਦਾਰ ਵਿਰਸੇ 'ਤੇ ਫ਼ਖ਼ਰ ਕਰ ਸਕਦਾ ਹੈ। ਸਿੱਖ ਇਤਿਹਾਸ ਦੀ ਗੌਰਵਤਾ ਨੂੰ ਵੇਖ ਕੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਪ੍ਰੋਫੈਸਰ ਹਬੀਬ ਜੀ ਨੇ ਇਕ ਵੇਰਾਂ ਕਿਹਾ ਸੀ ਕਿ ਸਿੱਖਾਂ ਨੇ ਇਤਿਹਾਸ ਬਣਾਇਆ ਅਵੱਸ਼ ਹੈ, ਪਰ ਲਿਖਿਆ ਨਹੀਂ। ਉਹਨਾਂ ਦੇ ਇਸ ਕਥਨ 'ਚੋਂ ਦੋ ਵੱਡੀਆਂ ਹਕੀਕਤਾਂ ਨਿਖਰ ਕੇ ਸਾਡੇ ਸਾਹਮਣੇ ਆਉਂਦੀਆਂ ਹਨ। ਇਕ ਇਹ, ਕਿ ਸਿੱਖਾਂ ਨੇ ਮਹਾਨ ਇਤਿਹਾਸ ਸਿਰਜਿਆ ਹੈ। ਦੂਜੀ ਇਹ, ਕਿ ਸਿੱਖਾਂ ਨੇ ਆਪਣੇ ਇਤਿਹਾਸ ਨੂੰ ਆਪ ਲਿਖਣ ਤੇ ਪਰਚਾਰਨ 'ਚ ਘੋਰ ਅਣਗਹਿਲੀ ਕੀਤੀ ਹੈ। ਇਹ, ਇਕ ਹਕੀਕਤ ਹੈ ਕਿ ਅਸੀਂ ਗੁਰੂ ਨਾਨਕ ਪਾਤਸ਼ਾਹ ਦੇ ਬ੍ਰਹਿਮੰਡਵਾਦੀ ਸਿਧਾਂਤਾਂ ਅਤੇ ਸਿੱਖ ਇਤਿਹਾਸ ਨੂੰ ਸੰਸਾਰ ਅੰਦਰ ਸਮੁੱਚੀ ਮਨੁੱਖਤਾ ਤਕ ਪਹੁੰਚਾਉਣਾ ਤਾਂ ਇਕ ਪਾਸੇ ਰਿਹਾ, ਅਸੀਂ ਤਾਂ ਭਾਰਤ 'ਚ ਵੀ ਨਹੀਂ ਪਹੁੰਚਾ ਸਕੇ, ਸਗੋਂ ਰੇਸ਼ਮੀ ਰੁਮਾਲਿਆਂ ਥੱਲੇ ਢੱਕ ਰੱਖਿਆ ਹੋਇਆ ਹੈ। ਹੋਰ ਤਾਂ ਹੋਰ ਅਸੀਂ ਤਾਂ ਆਪਣੀ ਨੌਜਵਾਨ ਪੀੜੀ ਤਕ ਵੀ ਨਹੀਂ ਪਹੁੰਚਾ ਸਕੇ।

ਭਾਵੇਂ ਭਾਰਤੀ ਹਾਕਮਾਂ ਨੇ ਪੰਜਾਬੀ ਯੂਨੀਵਰਸਿਟੀ ਕਾਇਮ ਕਰਕੇ, ਪੰਜਾਬ ਦਾ ਸਾਰਾ ਇਤਿਹਾਸ ਨਵੇਂ ਸਿਰਿਓਂ ਲਿਖਵਾ ਕੇ, ਸਿੱਖ ਇਤਿਹਾਸ 'ਤੇ ਬਿਪਰਵਾਦੀ ਪੋਚਾ ਫਿਰਵਾ ਦਿੱਤਾ ਹੈ, ਪਰ ਇਤਿਹਾਸ ਨਾ ਵਾਪਰਦਾ ਹੈ, ਨਾ ਲਿਖਿਆਂ ਬਣਦਾ ਹੈ ਸਗੋਂ ਇਤਿਹਾਸ ਸਿਰਜਿਆ ਜਾਂਦਾ ਹੈ। ਸਿੱਖਾਂ ਨੇ ਅਠਾਰਵੀਂ ਸਦੀ 'ਚ ਸਰਬੱਤ ਦੇ ਭਲੇ, ਸਰਬੱਤ ਦੀ ਰਾਖੀ ਅਤੇ ਸਰਬੱਤ ਦੀ ਭਲਾਈ ਦਾ ਅਜਿਹਾ ਗੌਰਵਮਈ ਇਤਿਹਾਸ ਸਿਰਜਿਆ ਹੈ, ਜਿਸ ਦੀ ਮਿਸਾਲ ਸੰਸਾਰ ਦੀ ਹੋਰ ਕਿਸੇ ਵੀ ਕੌਮ ਦੇ ਇਤਿਹਾਸ 'ਚੋਂ ਨਹੀਂ ਦਿੱਸਦੀ। ਸਿੱਖ ਕੌਮ ਦਾ ਗੌਰਵਸ਼ੀਲ ਇਤਿਹਾਸ, ਸ਼ਹੀਦੀਆਂ ਦਾ ਇਤਿਹਾਸ ਅਤੇ ਕੌਮ ਦੀਆਂ ਸ਼ਾਨਦਾਰ ਪ੍ਰਾਪਤੀਆਂ ਦਾ ਇਤਿਹਾਸ ਵੱਡਮੁੱਲਾ ਕੌਮੀ ਵਿਰਸਾ ਹੈ, ਜਿਸ 'ਤੇ ਸਿੱਖ ਮਾਣ ਕਰ ਸਕਦੇ ਹਨ। ਅੱਜ ਲੋੜ ਹੈ ਇਸ ਸ਼ਾਨਦਾਰ ਕੌਮੀ ਵਿਰਸੇ ਦੀ ਪੁਣਛਾਣ ਕਰਕੇ ਇਸ ਨੂੰ ਸੁਰਜੀਤ ਕਰਨ ਦੀ ਅਤੇ ਇਸ ਗੌਰਵਮਈ ਵਿਰਸੇ ਦੀ ਗੌਰਵਤਾ, ਕਮਾਈ ਅਤੇ ਅਮੀਰੀ ਨੂੰ ਘਰ-ਘਰ ਤਕ ਪਹੁੰਚਾਣ ਦੀ।

ਅਨਮਤਾਂ ਵਾਲਿਆਂ ਨੇ ਆਪਣੀਆਂ ਲਿਖਤਾਂ 'ਚ ਕਿਤੇ ਕਿਤੇ ਸਿੱਖਾਂ ਬਾਰੇ ਲਿਖਿਆ ਹੈ। ਸਮਕਾਲੀ ਮੁਸਲਮਾਨ ਲਿਖਾਰੀਆਂ ਨੇ ਸਾਡੇ ਬਾਰੇ ਜੋ ਕੁਝ ਲਿਖਿਆ ਹੈ, ਉਹਨਾਂ ਲਿਖਾਰੀਆਂ 'ਚੋਂ ਬਹੁਗਿਣਤੀ ਮੁਤਅੱਸਬੀ ਅਤੇ ਪੱਖਪਾਤੀ ਬੰਦਿਆਂ ਦੀ ਸੀ। ਉਹਨਾਂ ਦੀਆਂ ਲਿਖਤਾਂ 'ਚੋਂ ਪੱਖਪਾਤ ਤੇ ਮੁਤਅੱਸਬ ਦੀ ਪੁਣ-ਛਾਣ ਕਰ ਕੇ, ਅੱਡ ਕਰਕੇ, ਸਚਾਈ ਤੇ ਹਕੀਕਤ ਨੂੰ ਨਿਤਾਰ ਕੇ ਬਾਹਰ ਕੱਢਣਾ ਹਰ ਐਰੇ-ਗੈਰੇ ਦਾ ਕੰਮ ਨਹੀਂ। ਇਸ ਲਈ ਕੌਮੀ ਯਤਨਾਂ ਦੀ ਲੋੜ ਹੈ।

ਜਿਥੋਂ ਤਕ ਹਿੰਦੂ ਲਿਖਾਰੀਆਂ ਦਾ ਸਬੰਧ ਹੈ, ਕੁਝ ਕੁ ਖਾਸ ਕਸਬੀ ਲਿਖਾਰੀਆਂ ਨੂੰ ਛੱਡ ਕੇ, ਇਹ, ਵਿੱਚੋਂ ਵਿੱਚ ਆਪਣਾ ਦਾਅ ਮਾਰਦੇ ਰਹੇ ਹਨ। ਜ਼ਾਹਰਾ ਤੌਰ ਤੇ ਸਿੱਖੀ ਦੇ ਸ਼ਰਧਾਲੂ ਤੇ ਪ੍ਰਸੰਸਕ ਬਣ ਕੇ, ਇਹ ਮਿਠੀ ਛੁਰੀ ਚਲਾਉਂਦੇ ਰਹੇ ਹਨ ਜਿਸ ਲਈ ਇਹ ਜਗਤ ਪ੍ਰਸ਼ਿਧ ਹਨ। ਪਰਗਟ ਤੌਰ ਤੇ ਬਹੁਤ ਵਾਰੀ ਇਉਂ ਜਾਪਦਾ ਹੈ ਕਿ ਇਹ ਨਾ ਤਾਂ ਮੁਤਅੱਸਬੀ ਹਨ ਅਤੇ ਨਾ ਹੀਂ ਸਿੱਖੀ ਦੇ ਵਿਰੋਧੀ ਹੀ, ਪਰ ਅੰਦਰਖਾਤੇ ਆਪਣੀਆਂ ਲਿਖਤਾਂ 'ਚ ਇਹਨਾਂ ਦਾ ਸਾਰਾ ਜ਼ੋਰ ਇਸ ਗੱਲ 'ਤੇ ਹੀ ਲਗਾ ਹੁੰਦਾ ਹੈ ਕਿ ਸਿੱਖ ਮਤ ਨੂੰ ਹਿੰਦੂ ਮਤ ਦੀ ਇਕ ਸ਼ਾਖ ਹੀ ਦੱਸਿਆ ਜਾਵੇ ਅਤੇ ਸਿੱਖ ਸਤਿਗੁਰੂ ਸਾਹਿਬਾਨ ਤੇ ਸਿੱਖ ਬਜ਼ੁਰਗਾਂ ਨੂੰ ਹਿੰਦੂ ਰੂਪ 'ਚ ਹੀ ਪੇਸ਼ ਕੀਤਾ ਜਾਵੇ। ਇਹ ਸ਼ੁਰੂ ਤੋਂ ਹੀ ਸਿੱਖ ਮਤ ਦੀ ਸੁਤੰਤਰ ਤੇ ਅਜ਼ਾਦ ਹੋਂਦ ਦੇ ਵਿਰੋਧੀ ਰਹੇ ਹਨ।

ਜਿਥੋਂ ਤਕ ਪੱਛਮੀ ਲਿਖਾਰੀਆਂ ਦਾ ਸਬੰਧ ਹੈ, ਇਹਨਾਂ ਦੀਆਂ ਲਿਖਤਾਂ ਨੂੰ ਵੀ ਅੱਖਾਂ ਮੀਟ ਕੇ ਪ੍ਰਮਾਣੀਕ ਨਹੀਂ ਮੰਨਿਆ ਜਾ ਸਕਦਾ। ਕਈਆਂ ਨੇ ਬਿਨਾਂ ਪੜਚੋਲ ਕੀਤੇ ਦੇ ਹੀ ਇਧਰੋਂ ਉਧਰੋਂ ਦੀਆਂ ਸੁਣੀਆਂ-ਸੁਣਾਈਆਂ ਜਾਂ ਮੂੰਹ ਚੜ੍ਹੀਆਂ ਗੱਲਾਂ ਨੂੰ ਆਪਣੀਆਂ ਲਿਖਤਾਂ 'ਚ ਪ੍ਰਕਾਸ਼ਤ ਕਰਵਾ ਦਿੱਤਾ। ਕਈਆ ਨੇ ਸਮਕਾਲੀ ਸਿੱਖਾਂ ਦੀ ਰਾਜਸੀ ਤਾਕਤ ਨੂੰ ਆਪਣੀ ਪੱਛਮੀ ਕੌਮ ਦੀ ਗਲਬਾ-ਨੀਤੀ ਦੇ ਖਿਲਾਫ ਮਹਿਸੂਸ ਕਰਦਿਆਂ ਹੋਇਆਂ ਪੱਖਪਾਤੀ ਰਵਈਏ ਅਧੀਨ ਹੀ ਆਪਣੀਆਂ ਲਿਖਤਾਂ ਲਿਖੀਆਂ। ਪੱਛਮੀ ਲੇਖਕਾਂ ਦੇ ਆਉਣ ਤੋਂ ਪਹਿਲਾਂ ਹਿੰਦੂ ਤੇ ਮੁਸਲਮਾਨ ਲੇਖਕ ਸਰਕਾਰੇ-ਦਰਬਾਰੇ ਵਿਚਰਦੇ ਰਹੇ ਸਨ, ਉਹਨਾਂ ਵਲੋਂ ਜਾਣੇ ਤੇ ਅਣਜਾਣੇ 'ਚ ਵੱਡੀ ਪੱਧਰ ਤੇ ਜੋ ਮਨਘੜਤ ਵਾਕਿਆਤ, ਹਕੀਕਤਾਂ ਅਤੇ ਖਿਆਲਾਤ ਪ੍ਰਚਲਤ ਕੀਤੇ ਗਏ ਸਨ, ਉਹਨਾਂ ਸਭਨਾਂ ਦਾ ਅਸਰ ਇਹਨਾਂ ਪੱਛਮੀ ਲੇਖਕਾਂ ਦੀਆਂ ਲਿਖਤਾਂ 'ਤੇ ਪੈਣਾ ਸੁਭਾਵਕ ਸੀ।

ਜੋ ਗੁਰ ਇਤਿਹਾਸ ਸਿੱਖ ਇਤਿਹਾਸਕਾਰਾਂ ਨੇ ਲਿਖਿਆ ਹੈ, ਉਹ ਤਕਰੀਬਨ 18ਵੀਂ ਸਦੀ ਵਿਚ ਗੁਰੂ ਕਾਲ ਤੋਂ ਬਾਦ ਵਿੱਚ ਲਿਖਿਆ ਗਿਆ। ਉਦੋਂ ਤਕ ਸਿੱਖ ਦੋਖੀ ਬ੍ਰਾਹਮਣਵਾਦ ਨੇ ਉਦਾਸੀਆਂ ਤੇ ਨਿਰਮਲਿਆਂ ਦੇ ਰੂਪ ਵਿੱਚ ਸਿੱਖੀ

ਦੇ ਮੁੱਖ ਕੇਂਦਰਾਂ 'ਤੇ ਕਾਬਜ਼ ਹੋਕੇ ਗੁਰ ਇਤਿਹਾਸ ਵਿੱਚ ਬ੍ਰਾਹਮਣਵਾਦੀ

ਰੰਗਣ ਚਾੜ੍ਹ ਦਿੱਤੀ ਹੋਈ ਸੀ। ਗੁਰੂ ਕਾਲ ਮਗਰੋਂ ਬਿੱਪਰਾਂ ਨੇ ਪਹਿਲਾਂ ਗੁਰ ਇਤਿਹਾਸ ਲਿਖਿਆ ਲਿਖਵਾਇਆ ਅਤੇ ਮਗਰੋਂ ਗੁਰਬਾਣੀ ਨਾਲੋਂ ਤੋੜ ਕੇ ਆਪਣੇ ਰਚਿਤ ਇਤਿਹਾਸ ਨਾਲ ਹੀ ਜੋੜ ਦਿੱਤਾ।

ਸਿੱਖ ਲਿਖਾਰੀਆਂ ਦੀ ਹਾਲਤ ਸਭ ਤੋਂ ਭੈੜੀ ਹੈ। ਇਹਨਾਂ 'ਚ ਸ਼ਰਧਾ ਹੈ, ਪਰ ਵਿਦਵਤਾ ਤੇ ਖੋਜ-ਰੁਚੀ ਦਾ ਅਭਾਵਹੈ। ਸ਼ਰਧਾ ਆਮ ਹਾਲਤ 'ਚ ਅੰਨ੍ਹੀ ਹੁੰਦੀ ਹੈ। ਸ਼ਰਧਾ ਾਲ ਬਿਬੇਕ ਬੁੱਧੀ ਦੀ ਵੀ ਲੋੜ ਹੁੰਦੀ ਹੈ। ਕੇਵਲ ਸ਼ਰਧਾ ਬਹੁਤੇ ਮੌਕਿਆਂ ਤੇ ਸ਼ਰਧ ਨੂਆਂ ਨੂੰ ਅੰਨ੍ਹੇ ਖੂਹ 'ਚ ਜਾ ਸੁੱਟਦੀ ਹੈ। ਸ਼ਰਧਾ ਵਸ ਕੁਝ ਲਿਖਾਰੀਆਂ ਨੇ ਅਜਿਹੇ ਨਘੜਤ ਵਾਕਿਆਤ ਆਪਣੀਆਂ ਲਿਖਤਾਂ 'ਚ ਲਿਖ ਦਿੱਤੇ ਹਨ, ਜਿਨ੍ਹਾਂ ਦੀ ਪੜਚੋਲ ਕੀਤਿਆਂ ਪਤਾ ਲੱਗਦਾ ਹੈ ਕਿ ਗੁਰੂ ਸਾਹਿਬਾਨ ਦੀ ਮਹਾਨ ਸ਼ਖਸੀਅਤ 'ਤੇ ਬੇ-ਬੁਨਿਆਦ ਕਿਸਮ ਦੇ ਧੱਬੇ ਜਿਹੇ ਆ ਜਾਂਦੇ ਹਨ। ਨਾ ਤਾਂ ਅਜਿਹੀਆਂ ਗੱਲਾਂ ਗੁਰਬਾਣੀ ਸਿਧਾਂਤਾਂ ਦੇ ਅਨੁਕੂਲ ਹਨ ਅਤੇ ਨਾ ਹੀਂ ਇਤਿਹਾਸਕ ਖੋਜ ਦੀ ਕਸਵੱਟੀ ਤੇ ਹੀ ਪੂਰੀਆਂ ਉਤਰਦੀਆਂ ਹਨ। ਸਿੱਖੀ ਦੀ ਸੰਪੂਰਨ ਜਾਣਕਾਰੀ ਦੀ ਅਣਹੋਂਦ ਦੇ ਕਾਰਨ ਇਹਨਾਂ ਦੀਆਂ ਲਿਖਤਾਂ 'ਚ ਬ੍ਰਾਹਮਣੀ ਮਤ ਦੇ ਪ੍ਰਚਾਰ ਦੀ ਰੁਚੀ ਵੀ ਅਣਜਾਣੇ 'ਚ ਆ ਗਈ ਹੈ।

ਰਹਿੰਦੀ ਕਸਰ ਅੱਜ ਦੇ ਬ੍ਰਾਹਮਣਵਾਦ ਨੇ ਪੂਰੀ ਕਰ ਦਿੱਤੀ ਹੈ। ਬੁੱਧੀਜੀਵੀਆਂ ਨੂੰ ਖਰੀਦ ਕੇ ਗੁਰਬਾਣੀ ਅਤੇ ਸਿੱਖ ਇਤਿਹਾਸ 'ਤੇ ਬਿੱਪਰਵਾਦੀ ਪੋਚਾ ਫੇਰਨ ਦਾ ਕੰਮ ਪੰਜਾਬ ਦੀਆਂ ਯੂਨੀਵਰਸਿਟੀਆਂ 'ਚ ਪੂਰੀ ਤਰ੍ਹਾਂ ਕਰ ਲਿਆ ਗਿਆ ਹੈ। ਸਾਰਾ ਸਿੱਖ ਇਤਿਹਾਸ ਨਵੇਂ ਸਿਰਿਓਂ ਲਿਖਵਾ ਦਿੱਤਾ ਗਿਆ ਹੈ, ਜਿਸ 'ਚੋਂ ਸਿੱਖੀ ਦੀ ਫੱਟੀ ਹੀ ਪੋਚ ਦਿੱਤੀ ਗਈ ਹੈ। ਇਸ 'ਤੇ ਬੜੀ ਕਲਾਕਾਰੀ ਨਾਲ ਬਿੱਪਰਵਾਦੀ ਪੋਚਾ ਫੇਰ ਦਿੱਤਾ ਗਿਆ ਹੈ। ਆਉਣ ਵਾਲੀਆਂ ਸਿੱਖ ਨਸਲਾਂ 'ਤੇ ਇਸ ਬਿੱਪਰਵਾਦੀ ਰੰਗਣ ਦਾ ਚੜ੍ਹਨਾ ਕੁਦਰਤੀ ਹੈ।

ਸਾਡੇ ਇਤਿਹਾਸ ਦਾ ਮੂੰਹ ਮੱਥਾ ਤੇ ਸਰੂਪ ਇਤਨਾ ਵਿਗੜ ਚੁੱਕਾ ਹੈ ਕਿ ਇਸ ਸ਼ਾਨਦਾਰ ਇਤਿਹਾਸਕ ਵਿਰਸੇ ਦਾ ਵਾਸਤਵਿਕ ਤੱਤ ਲੱਭਣਾ ਇਕ ਉਲਝਣ ਜਿਹੀ ਬਣ ਗਈ ਹੈ। ਨਤੀਜੇ ਵਜੋਂ ਨੌਜਵਾਨ ਪੀੜ੍ਹੀ ਨੂੰ ਲੋੜੀਦੀਂ ਜਾਣਕਾਰੀ ਮਿਲਣੀ ਬੰਦ ਹੋ ਗਈ ਹੈ। ਨਵੀਂ ਸਿੱਖ ਪਨੀਰੀ ਅਤੇ ਆਮ ਲੋਕ ਆਪਣੇ ਸ਼ਾਨਦਾਰ ਵਿਰਸੇ ਤੋਂ ਮੂੰਹ ਮੋੜ ਕੇ ਦੇਹਧਾਰੀ ਗੁਰੂਆਂ, ਭੇਖੀ ਤੇ ਦੰਭੀ ਸਾਧਾਂ, ਸੰਤਾਂ-ਮਹੰਤਾਂ, ਨਕਲੀ ਨਿਰੰਕਾਰੀਆਂ ਤੇ ਰਾਧਾ ਸੁਆਮੀਆਂ ਦੇ ਜਾਲ 'ਚ ਫਸ ਕੇ ਭਟਕ ਕੇ ਖਜਲ ਖੁਆਰ ਹੋ ਰਹੇ ਹਨ।

ਸਿੱਖ ਕੌਮ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਈ ਦਹਾਕਿਆਂ ਤੋਂ ਜਾਂ ਕਾਮਰੇਡਾਂ ਦੇ ਹੱਥਾਂ 'ਚ ਰਹੀ ਹੈ ਜਾਂ ਹੁਣ ਆਰ.ਐਸ.ਐਸ. ਦੇ ਹੱਥਾਂ 'ਚ ਖੇਡ ਰਹੀ ਹੈ। ਇਸ ਤਰ੍ਹਾਂ ਕੌਮ ਦੇ ਕਰੋੜਾਂ-ਅਰਬਾਂ ਰੁਪਏ ਖੁਰਦ-ਬੁਰਦ ਕੀਤੇ ਜਾ ਰਹੇ ਹਨ। ਅੱਜ ਤਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰੂ ਗਰੰਥ ਸਾਹਿਬ ਦਾ ਅੰਗਰੇਜ਼ੀ ਤੇ ਪੰਜਾਬੀ 'ਚ ਪ੍ਰਮਾਣੀਕ ਉੱਲਥਾ ਨਹੀਂ ਕਰਵਾ ਸਕੀ। ਜਦ ਤਕ ਕੌਮ ਦੀ ਕਿਸੇ ਕੇਂਦਰੀ ਸਰਬ-ਪ੍ਰਵਾਣਤ ਸੰਸਥਾ ਵਲੋਂ ਕੋਈ ਪ੍ਰਮਾਣੀਕ ਇਤਿਹਾਸ ਨਹੀਂ ਛਪ ਜਾਂਦਾ, ਤਦ ਤਕ ਅੱਡ ਅੱਡ ਇਤਿਹਾਸਕਾਰਾਂ ਵਲੋਂ ਬਿਆਨੇ ਗਏ ਵਾਕਿਆਤ ਵਾਚਣ ਲਈ ਪਾਰਖੂ ਰੁਚੀਂ ਦੀ ਬਹੁਤ ਲੋੜ ਹੈ।

ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਸਿੱਖ ਇਤਿਹਾਸ 'ਚ ਪਹਿਲੀ ਅਤੇ ਦੁਨੀਆ ਦੇ ਇਤਿਹਾਸ 'ਚ ਇਕ ਲਾਸਾਨੀ ਤੇ ਬੇਮਿਸਾਲ ਸ਼ਹਾਦਤ ਹੈ। ਗੁਰੂ ਸਾਹਿਬ ਦੀ ਸ਼ਹਾਦਤ ਧਰਮ, ਸਾਹਿਤਕ ਪਿੜ, ਕੌਮ ਉਸਾਰੀ ਅਤੇ ਪਰਉਪਕਾਰ ਦੇ ਇਤਿਹਾਸ 'ਚ ਇਕ ਜੁੱਗ ਪਲਟਾਊ ਘਟਨਾ ਹੈ। ਪ੍ਰਸਿੱਧ ਮੁਸਲਮਾਨ ਇਤਿਹਾਸਕਾਰ ਲਤੀਫ਼ ਅਨੁਸਾਰ 'ਗੁਰੂ ਅਰਜਨ ਦੇਵਜੀ ਦੀ ਸ਼ਹੀਦੀ ਮਨੁੱਖਤਾ ਦੇ ਇਤਿਹਾਸ 'ਚ ਇਕ ਇਨਕਲਾਬੀ ਮੋੜ ਸੀ।'

ਸਿੱਖ ਗੁਰੂ ਸਾਹਿਬਾਨ ਦੇ ਲਾਸਾਨੀ ਕਾਰਨਾਮੇ ਤੇ ਕੁਰਬਾਨੀਆਂ, ਸਿੱਖ ਸ਼ਹੀਦਾਂ, ਸੂਰਬੀਰਾਂ ਦੇ ਸੂਰਮਗਤੀ ਦੇ ਕਾਰਨਾਮੇ ਬੇਮਿਸਾਲ ਇਤਿਹਾਸਕ ਵਿਰਸਾ ਹੈ ਜਿਸ 'ਤੇ ਫ਼ਖ਼ਰ ਕੀਤਾ ਜਾਣਾ ਚਾਹੀਦਾ ਹੈ। ਗੁਰੂ ਅਰਜਨ ਸਾਹਿਬ ਦੀ ਸੱਚ ਖਾਤਰ ਦਿੱਤੀ ਸ਼ਹਾਦਤ, ਗੁਰੂ ਤੇਗ ਬਹਾਦਰ ਸਾਹਿਬ ਦੀ ਦੂਜਿਆਂ ਦੇ ਧਰਮ ਖਾਤਰ ਦਿੱਤੀ ਸ਼ਹਾਦਤ, ਦਸ਼ਮੇਸ਼ ਪਿਤਾ ਦਾ ਸਰਬੰਸ ਵਾਰਨਾ, ਛੋਟੇ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ, ਬਾਬਾ ਬੰਦਾ ਸਿੰਘ ਜੀ ਬਹਾਦਰ, ਭਾਈ ਤਾਰੂ ਸਿੰਘ ਜੀ, ਭਾਈ ਮਨੀ ਸਿੰਘ ਜੀ, ਭਾਈ ਮਹਿਤਾਬ ਸਿੰਘ ਜੀ, ਭਾਈ ਸੁੱਖਾ ਸਿੰਘ ਜੀ, ਭਾਈ ਸੁਬਾਗ ਸਿੰਘ ਜੀ, ਭਾਈ ਸ਼ਹਿਬਾਜ਼ ਸਿੰਘ ਜੀ ਵਰਗੇ ਹਜ਼ਾਰਾਂ ਹੋਰ ਬਹਾਦਰ ਸਿੰਘਾਂ ਤੇ ਸਿੰਘਣੀਆਂ ਦੀਆਂ ਲਾਜਵਾਬ ਸ਼ਹਾਦਤਾਂ ਮਨੁੱਖਤਾ ਦੇ ਇਤਿਹਾਸ 'ਚ ਹੋਰਨਾਂ ਕੌਮਾਂ ਦੇ ਟਾਕਰੇ 'ਚ ਕੇਵਲ ਸਿੱਖ ਇਤਿਹਾਸ ਦੇ ਹੀ ਦਮਕਦੇ ਹੀਰੇ ਹਨ।

ਇਵੇਂ ਹੀ ਮੁਕਤਸਰ ਦੇ ਸੂਰਮਿਆਂ, ਨਵਾਬ ਕਪੂਰ ਸਿੰਘ ਜੀ, ਸ. ਜੱਸਾ ਸਿੰਘ ਜੀ, ਬਾਬਾ ਦੀਪ ਸਿੰਘ ਜੀ, ਅਕਾਲੀ ਫੂਲਾ ਸਿੰਘ ਜੀ, ਜਰਨੈਲ ਹਰੀ ਸਿੰਘ ਜੀ ਨਲੂਆ ਆਦਿਕ ਯੋਧੇ ਕਿਸ ਕੌਮ ਨੇ ਪੈਦਾ ਕੀਤੇ ਹਨ। ਇਵੇਂ ਹੀ ਭਾਈ ਭਿਖਾਰੀ ਜੀ, ਭਾਈ ਸੰਮਨ-ਮੂਸਨ ਜੀ, ਭਾਈ ਘਨੱਈਆ ਜੀ ਦੀਆਂ ਮਿਸਾਲਾਂ ਹੋਰ ਕਿਧਰੇ ਨਹੀਂ ਮਿਲਦੀਆਂ। ਪਰ ਬਦਕਿਸਮਤੀ ਨਾਲ ਨਾ ਤਾਂ ਅਸੀਂ ਆਪ ਕਦਰ ਕੀਤੀ ਹੈ ਅਤੇ ਨਾ ਹੀ ਅਸੀਂ ਸੰਸਾਰ ਸਾਹਮਣੇ ਹੀ ਪੇਸ਼ ਕਰ ਸਕੇ ਹਾਂ। ਹੋਰ ਤਾਂ ਹੋਰ ਸਾਡੀ

ਗ਼ਫ਼ਲਤ ਤੇ ਆਲਸ ਕਾਰਨ ਸਾਨੂੰ ਛੁਟਿਆਉਣ ਲਈ ਸਾਡੇ ਉਹ ਦੋਖੀ, ਜਿਨ੍ਹਾਂ ਦਾ ਇਤਿਹਾਸਕ ਪਿਛੋਕੜ ਹੈ ਹੀ ਕੁਝ ਨਹੀਂ, ਸਫਲ ਹੋ ਗਏ ਹਨ।

ਸਤਿਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਕਿਤਨੇ ਭਿਆਨਕ ਤੇ ਦਿਲ-ਕੰਬਾਊ ਤਸੀਹਿਆਂ ਦੁਆਰਾ ਹੋਈ ਅਤੇ ਗੁਰੂ ਸਾਹਿਬ ਨੇ ਕਿਤਨੀ ਦ੍ਰਿੜਤਾ, ਸਹਿਨਸ਼ੀਲਤਾ ਅਤੇ ਸੂਰਮਗਤੀ ਦਾ ਸਬੂਤ ਦਿੱਤਾ। ਸਾਡੇ ਇਤਿਹਾਸ ਦਾ ਹੀ ਨਹੀਂ, ਸਗੋਂ ਸੰਸਾਰ ਭਰ ਦੇ ਇਤਿਹਾਸ ਦਾ ਬੇਮਿਸਾਲ ਤੇ ਲਾਸਾਨੀ ਵਾਕਿਆ ਹੈ। ਭੁੱਖਾ ਪਿਆਸਾ ਰੱਖ ਕੇ, ਦੇਗ 'ਚ ਉਬਾਲ ਕੇ, ਬਲਦੀ ਤਵੀ ਉਪਰ ਬਿਠਾ ਕੇ, ਅੱਗ ਬਲਦੀ ਰੇਤ ਸਰੀਰ 'ਤੇ ਪਾ ਕੇ ਅਤੇ ਫੇਰ ਰਾਵੀ ਦੇ ਠੰਡੇ ਪਾਣੀ 'ਚ ਛਾਲਿਆਂ ਨਾਲ ਫਿਸੇ ਸਰੀਰ ਨੂੰ ਡੁਬੋ ਕੇ, ਜੋ ਦਰਦਨਾਕ ਤੇ ਹੌਲਨਾਕ ਤਸੀਹੇ ਦਿੱਤੇ ਗਏ ਸਨ, ਉਹ ਨਿਸਚੇ ਹੀ ਦਿਲ-ਕੰਬਾਊ ਸਨ। ਤਸੀਹਿਆਂ ਦੀ ਤੀਖਣਤਾ ਅਤੇ ਗੁਰੂ ਸਾਹਿਬ ਦੀ ਹੈਰਾਨ ਕਰ ਦੇਣ ਵਾਲੀ ਉਚ ਪਾਏ ਦੀ ਦ੍ਰਿੜਤਾ ਤੇ ਅਡੋਲਤਾ 'ਤੇ ਸਭ ਇਤਿਹਾਸਕਾਰ ਇਕੋ ਰਾਇ ਰੱਖਦੇ ਹਨ। ਪਰ ਗੁਰੂ ਸਾਹਿਬ ਦੀ ਸ਼ਹਾਦਤ ਦੇ ਕਾਰਨਾਂ ਬਾਰੇ ਅਤੇ ਬੀਤੇ ਹਾਲਾਤ ਦੇ ਵੇਰਵਿਆਂ ਬਾਰੇ ਅੱਡ ਅੱਡ ਲਿਖਾਰੀਆਂ ਨੇ ਅੱਡਰੇ ਅੱਡਰੇ ਖਿਆਲਾਤ ਪੇਸ਼ ਕੀਤੇ ਹਨ।

ਕਿਤੇ ਤਾਂ ਜਾਣਕਾਰੀ ਦੀ ਘਾਟ ਹੈ ਅਤੇ ਕਿਤੇ ਲਿਖਾਰੀ ਦੀ ਫਿਰਕੂ ਰੁਚੀ ਤੇ ਤਅੱਸਬ ਕੰਮ ਕਰ ਰਿਹਾ ਹੈ, ਕਿਤੇ ਜਾਣ ਬੁਝ ਕੇ, ਵਾਕਿਆਤ ਨੂੰ ਤੋੜਿਆ-ਮਰੋੜਿਆ ਗਿਆ ਹੈ ਅਤੇ ਕਿਤੇ ਮੱਖੀ 'ਤੇ ਮੱਖੀ ਮਾਰੀ ਗਈ ਜਾਪਦੀ ਹੈ। ਕੁਝ ਘਟਨਾਵਾਂ ਮਨਘੜਤ ਹਨ, ਕੁਝ ਅਜਿਹੀਆਂ ਹਨ, ਜੋ ਵਾਪਰੀਆਂ ਤਾਂ ਹਨ, ਪਰ ਉਹਨਾਂ ਦਾ ਸ਼ਹਾਦਤ ਨਾਲ ਸਬੰਧ ਉਸ ਕਿਸਮ ਦਾ ਨਹੀਂ, ਜਿਸ ਕਿਸਮ ਦਾ ਦੱਸਿਆ ਗਿਆ ਹੈ। ਅੱਡ ਅੱਡ ਲਿਖਾਰੀਆਂ ਨੇ ਕਿਥੇ ਕਿਥੇ ਅਤੇ ਕਿਉਂ ਉਕਾਈ ਖਾਧੀ ਹੈ, ਇਸ ਦੀ ਘੋਖ ਕਰਨ ਲਈ ਬਹੁਤ ਲੰਮੇ ਸਮੇਂ ਦੀ ਲੋੜ ਹੈ। ਇਥੇ ਅਸਲ ਤੱਤਾਂ ਦਾ ਵਿਸ਼ਲੇਸ਼ਣ ਕਰ ਕੇ, ਇਹ ਕੋਸ਼ਿਸ਼ ਕੀਤੀ ਗਈ ਹੈ ਕਿ ਸ਼ਹਾਦਤ ਦਾ ਅਸਲ ਕਾਰਨ ਸਾਡੀਆਂ ਅੱਖਾਂ ਅਗੋਂ ਉਹਲੇ ਨਾ ਹੋਵੇ ਅਤੇ ਜਿਸ ਨੇ ਸਿਧੇ ਜਾਂ ਅਸਿਧੇ ਢੰਗ ਨਾਲ, ਗ਼ਲਤ ਢੰਗ ਨਾਲ, ਪੇਸ਼ ਕੀਤਾ ਹੈ ਉਸ ਦਾ ਵੀ ਸਾਨੂੰ ਪਤਾ ਲੱਗ ਸਕੇ।

ਇਥੇ ਇਹ ਦੱਸਣਾ ਵੀ ਕੁਥਾਂ ਨਹੀਂ ਹੋਵੇਗਾ ਕਿ ਅੱਜ ਸਾਡੇ ਆਪਣੇ ਲੀਡਰ ਸਿੱਖ ਇਤਿਹਾਸ ਨੂੰ ਤਬਾਹ ਕਰਨ 'ਤੇ ਲੱਗੇ ਹੋਏ ਹਨ। ਆਪਣੇ ਵਡੇਰਿਆਂ ਦੇ ਕਾਰਨਾਮੇ ਅਤੇ ਉਹਨਾਂ ਨਾਲ ਸਬੰਧਤ ਉਹਨਾਂ ਦੀਆਂ ਨਿਸ਼ਾਨੀਆਂ ਵੀ ਇਤਿਹਾਸ ਦਾ ਕੀਮਤੀ ਖਜ਼ਾਨਾ ਹੁੰਦੀਆਂ ਹਨ। ਸਿੱਖ ਇਤਿਹਾਸ ਵਿੱਚ ਵੇਈਂ ਨਦੀ ਤੇ ਕਰਤਾਰਪੁਰ ਦੀ ਉਹ ਧਰਤੀ ਜਿੱਥੇ ਬਾਬੇ ਨਾਨਕ ਨੇ ਕਦੇ ਹੱਲ ਜੋੜਿਆ ਸੀ, ਗੁਰੂਆਂ ਦੀ ਛੁਹ ਵਾਲੇ ਅਜਿਹੇ ਪਵਿੱਤਰ ਅਸਥਾਨ ਸਿੱਖ ਕੌਮ ਲਈ

ਵੱਡਮੁਲਾ ਖ਼ਜ਼ਾਨਾ ਹਨ। ਇਵੇਂ ਹੀ ਮਾਛੀਵਾੜੇ ਦਾ ਜੰਗਲ, ਚਮਕੌਰ ਸਾਹਿਬ ਦੀ ਗੜ੍ਹੀ ਅਤੇ ਅਨੰਦਗੜ੍ਹ ਦਾ ਕਿਲ੍ਹਾ ਆਦਿਕ। ਪਿਛਲੇ ਕੁਝ ਸਮੇਂ ਤੋਂ ਕਾਰ ਸੇਵਾ ਦੇ ਨਾਂ 'ਤੇ ਗੁਰੂਆਂ ਤੇ ਸਿੱਖ ਯੋਧਿਆਂ ਦੀਆਂ ਨਿਸ਼ਾਨੀਆਂ ਤੇ ਕਰਾਹਾ ਫੇਰਿਆ ਜਾ ਰਿਹਾ ਹੈ ਜਾਂ ਫੇਰ ਦਿੱਤਾ ਗਿਆ ਹੈ।

ਅੱਜ ਸਿੱਖ ਕੌਮ ਦੀ ਹਾਲਤ ਇਹ ਹੈ ਕਿ ਇਸ ਦੇ ਆਪਣੇ ਹੀ ਅਕਲ ਤੋਂ ਸਖਣੇ ਆਗੂ ਬਿਪਰਵਾਦ ਦੇ ਢਹੇ ਚੜ੍ਹ ਕੇ ਆਪਣੇ ਕੀਮਤੀ ਇਤਿਹਾਸ ਨੂੰ ਆਪ ਹੀ ਬਰਬਾਦ ਕਰ ਰਹੇ ਹਨ। ਨਿੱਕੀਆਂ ਨਾਨਕਸ਼ਾਹੀ ਇੱਟਾਂ ਦੀ ਭੰਨ ਤੋੜ ਕਰਕੇ ਸੰਗਮਰਮਰ ਲਾ ਦਿੱਤਾ ਗਿਆ ਹੈ। ਇਵੇਂ ਹੀ ਵੀਹਵੀਂ ਸਦੀ ਦੇ ਦਰਬਾਰ ਸਾਹਿਬ 'ਤੇ ਵਹਿਸ਼ੀਆਨਾ ਹਮਲੇ ਦੀਆਂ ਤਕਰੀਬਨ ਸਾਰੀਆਂ ਨਿਸ਼ਾਨੀਆਂ ਮਿਟਾ ਦਿੱਤੀਆਂ ਗਈਆਂ ਹਨ। ਕਦੀ ਸਿੱਖ ਲੀਡਰਾਂ ਨੂੰ ਵੀ ਆਪਣੇ ਵਿਰਸੇ ਦੀ ਮਹਾਨਤਾ ਦਾ ਅਹਿਸਾਸ ਹੋਵੇਗਾ? ਜੇ ਹੋਰ ਨਹੀਂ ਤਾਂ ਜਲ੍ਹਿਆਂਵਾਲੇ ਬਾਗ਼ ਤੋਂ ਹੀ ਸਬਕ ਸਿੱਖ ਲੈਂਦੇ।

ਹਿੰਦੁਸਤਾਨੀ ਹਾਕਮਾਂ ਵਲੋਂ ਜੇ ਜਲ੍ਹਿਆਂਵਾਲੇ ਬਾਗ਼ ਦੀਆਂ ਗੋਲੀਆਂ ਦੇ ਨਿਸ਼ਾਨ ਸੰਭਾਲੇ ਜਾ ਸਕਦੇ ਹਨ, ਤਾਂ ਦਰਬਾਰ ਸਾਹਿਬ 'ਤੇ ਗੋਲੀਆਂ ਦੇ ਨਿਸ਼ਾਨ, ਅਕਾਲ ਤਖਤ ਸਾਹਿਬ 'ਤੇ ਤੋਪਾਂ ਦੇ ਗੋਲਿਆਂ ਤੇ ਬਰਬਾਦੀ ਦੇ ਨਿਸ਼ਾਨ ਅਤੇ ਟੈਂਕਾਂ ਨਾਲ ਬਰਬਾਦ ਕੀਤੀ ਪ੍ਰਕਰਮਾਂ ਦੇ ਨਿਸ਼ਾਨ ਕਿਉਂ ਨਹੀਂ ਸੰਭਾਲੇ ਜਾ ਸਕਦੇ ਸਨ? ਜਿਸ ਤੋਂ ਆਉਣ ਵਾਲੀਆਂ ਸਿੱਖ ਪੀੜ੍ਹੀਆਂ ਹਕੂਮਤ ਦੀ ਦਹਿਸ਼ਤਗਰਦੀ ਦੇ ਭਿਆਨਕ ਕਾਰੇ ਨੂੰ ਵੇਖਕੇ ਇਸ ਜ਼ਾਲਮ ਦੇ ਜ਼ੁਲਮ ਤੋਂ ਸੁਚੇਤ ਹੁੰਦੀਆਂ। ਪਰ ਹਕੂਮਤ ਦੇ ਹੱਥਠੋਕਿਆਂ ਤੇ ਮਕਾਰ ਲੀਡਰਾਂ ਨੇ ਜੋ ਧ੍ਰੋਹ ਸਿੱਖ ਕੌਮ ਨਾਲ ਕੀਤਾ ਹੈ, ਉਸ ਨੂੰ ਸਿੱਖ ਕੌਮ ਕਦੀ ਨਹੀਂ ਭੁਲਾਏਗੀ। ਸਾਡਾ ਬੇਮਿਸਾਲ ਇਤਿਹਾਸ ਸਾਨੂੰ ਬੜੇ ਅਹਿਮ ਮੋੜ ਤੇ ਖਲੋਕੇ ਸਾਡੇ ਵਲ ਤਰਸ ਭਰੀਆਂ ਅੱਖਾਂ ਨਾਲ ਤਕ ਰਿਹਾ ਹੈ।

ਹਰ ਜ਼ਾਲਮ ਹਾਕਮ ਪਾਪ ਜਾਂ ਜ਼ੁਲਮ ਕਰਨ ਤੋਂ ਬਾਅਦ ਉਸ ਨੂੰ ਲੁਕਾਉਣ ਦਾ ਯਤਨ ਕਰਦਾ ਹੈ। ਇਹੀ ਕੁਝ ਮੁਗ਼ਲ ਹਾਕਮਾਂ ਨੇ ਵੀ ਕੀਤਾ ਸੀ। ਉਹਨਾਂ ਵਲੋਂ ਗੁਰੂ ਸਾਹਿਬ ਦੀ ਸ਼ਹੀਦੀ ਦੇ ਅਸਲੀ ਕਾਰਨਾਂ ਨੂੰ ਛੁਪਾ ਕੇ ਕਈ ਤਰ੍ਹਾਂ ਦੀਆਂ ਬੇ-ਬੁਨਿਆਦ ਕਹਾਣੀਆਂ ਘੜ ਕੇ ਪ੍ਰਚੱਲਤ ਕੀਤੀਆਂ ਗਈਆਂ ਸਨ। ਇਸ ਲਈ ਜ਼ਰੂਰੀ ਬਣ ਜਾਂਦਾ ਹੈ ਕਿ ਗੁਰੂ ਸਾਹਿਬ ਦੀ ਸ਼ਹਾਦਤ ਦੇ ਅਸਲੀ ਕਾਰਨਾਂ ਨੂੰ ਜਾਣਿਆ ਜਾਵੇ। ਸ਼ਹਾਦਤ ਦੇ ਕਾਰਨਾਂ ਨੂੰ ਸਮਝਣ ਲਈ ਸਾਨੂੰ ਸਿੱਖ ਧਰਮ ਦੇ ਸਿਧਾਂਤਾਂ ਦੀ ਵਿਲੱਖਣਤਾ ਅਤੇ ਉਸ ਸਮੇਂ ਦੀਆਂ ਧਾਰਮਕ, ਰਾਜਨੀਤਕ ਅਤੇ ਆਰਥਕ ਹਾਲਾਤ 'ਤੇ ਝਾਤ ਮਾਰਨੀ ਪੈਣੀ ਹੈ। ਆਓ, ਹੁਣ ਗੁਰੂ ਅਰਜਨ ਸਾਹਿਬ ਦੀ ਲਾਸਾਨੀ ਸ਼ਹਾਦਤ ਦੇ ਕਾਰਨਾਂ ਸਬੰਧੀ ਵਿਚਾਰ ਕਰੀਏ।

10) ਸਮੇਂ ਦੇ ਹਾਕਮਾਂ ਨੂੰ ਸਿੱਖੀ 'ਚ ਵਾਧਾ ਨਾ ਸੁਖਾਇਆ

ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਦੇ ਕਾਰਨਾਂ ਨੂੰ ਸਮਝਣ ਲਈ ਸਾਨੂੰ ਉਸ ਸਮੇਂ ਦੇ ਰਾਜਸੀ, ਧਾਰਮਿਕ ਅਤੇ ਸਮਾਜਕ ਹਾਲਾਤ 'ਤੇ ਝਾਤ ਮਾਰਨੀ ਜ਼ਰੂਰੀ ਬਣਦੀ ਹੈ। ਗੁਰੂ ਅਰਜਨ ਸਾਹਿਬ ਦੇ ਸਮੇਂ ਤਕ ਸਿੱਖੀ ਸਾਰੇ ਭਾਰਤ 'ਚ ਬੜੀ ਤੇਜ਼ੀ ਨਾਲ ਫੈਲਣੀ ਸ਼ੁਰੂ ਹੋ ਗਈ ਸੀ। ਗੁਰੂ ਸਾਹਿਬਾਨ ਦੇ ਬ੍ਰਹਿਮੰਡਵਾਦੀ ਉਪਦੇਸ਼ ਸਦਕਾ ਅਨੇਕਾਂ ਹਿੰਦੂ ਤੇ ਮੁਸਲਮਾਨ ਸਿੱਖੀ ਧਾਰਨ ਕਰਨ ਲੱਗ ਪਏ ਸਨ।

ਗੁਰਮਤਿ ਵਿਚਾਰਧਾਰਾ ਨਾ ਹਿੰਦੂ-ਵਾਦੀ ਹੈ, ਨਾ ਮੁਸਲਮਾਨ-ਵਾਦੀ ਹੈ, ਨਾ ਹੀਂ ਇਹ, ਹਿੰਦੂ-ਧਰਮ-ਗਰੰਥਾਂ ਜਾਂ ਮੁਸਲਮਾਨੀ ਧਰਮ-ਗਰੰਥਾਂ ਨੂੰ ਮੂਰਤੀਮਾਨ ਕਰਦੀ ਹੈ ਅਤੇ ਨਾ ਹੀਂ ਇਹ ਹਿੰਦੂ ਤੇ ਮੁਸਲਮਾਨੀ ਵਿਚਾਰ-ਪਰੰਪਰਾ ਦਾ ਸੰਗਮ ਹੀ ਬਣਦੀ ਹੈ। ਇਹ ਬਿਲਕੁਲ ਨਵੀਨ, ਸਰਬ-ਵਿਆਪੀ ਅਤੇ ਬ੍ਰਹਿਮੰਡਵਾਦੀ ਪੂਰਨ ਤੌਰ ਤੇ ਸੁਤੰਤਰ ਵਿਚਾਰਧਾਰਾ ਹੈ। ਇਸ ਵਿਚਾਰਧਾਰਾ ਤੋਂ ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ ਵੀ ਗਤੀ ਪ੍ਰਾਪਤ ਕਰ ਸਕਦੇ ਹਨ, ਮੁਸਲਮਾਨ, ਮੁਗ਼ਲ, ਈਸਾਈ ਤੇ ਯਹੂਦੀ ਵੀ ਆਤਮਕ ਸ਼ਾਂਤੀ ਪਰਾਪਤ ਕਰ ਸਕਦੇ ਹਨ। ਗੁਰਮਤਿ ਵਿਚਾਰਧਾਰਾ ਬ੍ਰਹਿਮੰਡਵਾਦੀ ਹੋਣ ਕਰਕੇ ਇਸ ਦਾ ਕਿਸੇ ਵੀ ਇਕ ਜਾਂ ਦੂਜੇ ਫਿਰਕੇ ਨਾਲ ਕੋਈ ਸਬੰਧ ਨਹੀਂ। ਗੁਰੂ ਸਾਹਿਬ ਦਾ ਫੁਰਮਾਨ ਸਪਸ਼ਟ ਹੈ:

'ਹਜ ਕਾਬੈ ਜਾਉ ਨ ਤੀਰਥ ਪੂਜਾ॥ ਏਕੋ ਸੇਵੀ ਅਵਰੁ ਨ ਦੂਜਾ॥
ਪੂਜਾ ਕਰਉ ਨ ਨਿਵਾਜ ਗੁਜਾਰਉ॥ ਏਕ ਨਿਰੰਕਾਰ ਲੇ ਰਿਦੈ ਨਮਸਕਾਰਉ॥
ਨਾ ਹਮ ਹਿੰਦੂ ਨ ਮੁਸਲਮਾਨ॥ ਅਲਹ ਰਾਮ ਕੇ ਪਿੰਡੁ ਪਰਾਨ॥ (ਪੰਨਾ 1136)

ਸਿੱਖ ਧਰਮ ਦਾ ਮੂਲ ਆਧਾਰ ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ ਹੈ। ਇਹ, ਸਿਮਰਨ ਤੇ ਸੇਵਾ, ਮਨੁੱਖਤਾ ਦੀ ਬਰਾਬਰਤਾ, ਸਾਂਝੀਵਾਲਤਾ ਤੇ ਸਰਬੱਤ ਦੇ ਭਲੇ 'ਚ ਵਿਸ਼ਵਾਸ ਰੱਖਦਾ ਹੈ ਅਤੇ ਜਾਤ-ਪਾਤ ਦਾ ਖੰਡਨ ਕਰਦਾ ਹੈ। ਸਿੱਟੇ ਵਜੋਂ ਇਸ ਦੇ ਵਿਗਿਆਨਕ ਅਸੂਲਾਂ ਨੂੰ ਵੇਖ ਕੇ ਲੋਕੀ ਧੜਾ-ਧੜ ਸਿੱਖ ਧਰਮ 'ਨੂੰ ਅਪਨਾਉਣ ਲੱਗ ਪਏ ਸਨ। ਲੋਕਾਂ ਦੇ ਮਨਾਂ ਤੋਂ ਕਾਜ਼ੀਆਂ, ਬ੍ਰਾਹਮਣਾਂ, ਜੋਗੀਆਂ ਦੇ ਭਰਮ ਭੁਲੇਖੇ ਦੂਰ ਹੋਣ ਲੱਗ ਪਏ ਸਨ। ਜਿਸ ਕਰਕੇ ਕੱਟੜ ਹਿੰਦੂ ਤੇ ਮੁਸਲਮਾਨ ਸਿੱਖ ਲਹਿਰ ਤੋਂ ਅੰਦਰੋ ਅੰਦਰ ਬਹੁਤ ਔਖੇ ਸਨ।

ਗੁਰੂ ਅਰਜਨ ਸਾਹਿਬ ਦੇ ਸਮੇਂ ਸਿੱਖ ਮਤ ਦਾ ਪ੍ਰਚਾਰ ਬਹੁਤ ਤੇਜ਼ੀ ਨਾਲ ਵਧਿਆ। ਉਸ ਸਮੇਂ ਭਾਈ ਗੁਰਦਾਸ ਜੀ, ਭਾਈ ਬਹਿਲੋ ਜੀ, ਭਾਈ ਲੰਗਾਹ

ਜੀ, ਭਾਈ ਮੰਝ ਜੀ, ਭਾਈ ਕਲਿਆਣਾ ਜੀ, ਭਾਈ ਤਿਲਕਾ ਜੀ, ਭਾਈ ਬੋਹੜੂ ਜੀ, ਭਾਈ ਬਿਧੀ ਚੰਦ ਜੀ, ਭਾਈ ਜੇਠਾ ਜੀ, ਭਾਈ ਪਿਰਾਣਾ ਜੀ ਵਰਗੇ ਗੁਰਮੁਖਾਂ ਨੇ ਆਪਣੇ ਉਚੇ ਸਿੱਖੀ ਜੀਵਨ ਰਾਹੀਂ ਸਿੱਖੀ ਦਾ ਬੜਾ ਪ੍ਰਚਾਰ ਕੀਤਾ।

ਗੁਰੂ ਸਾਹਿਬ ਨੇ ਆਪਣੇ ਅਮਲੀ ਜੀਵਨ ਰਾਹੀਂ ਲੋਕਾਂ ਨੂੰ ਸਮਝਾਇਆ ਕਿ ਰੱਬ ਸੱਚ ਹੈ, ਮਨੁੱਖ ਨੇ ਸਚਿਆਰ ਬਣਨਾ ਹੈ, ਰੱਬ ਦਇਆਲੂ ਹੈ, ਮਨੁੱਖ ਨੇ ਦਇਆਲੂ ਬਣਨਾ ਹੈ। ਹਰ ਮਨੁੱਖ ਦੇ ਹਿਰਦੇ ਅੰਦਰ ਸਿਰਜਨਾਤਮਕ ਸ਼ਕਤੀ ਦੀ ਚਿਣਗ ਹੈ, ਉਸ ਚਿਣਗ ਨੂੰ ਸੁਲਗਾ-ਮਚਾ ਕੇ ਉਸ ਸਿਰਜਨਾਤਮਕ ਸ਼ਕਤੀ 'ਚ ਰਲਾ ਲੈਣਾ ਮਨੁੱਖ ਦਾ ਜੀਵਨ ਮਨੋਰਥ ਹੈ। ਉਹ ਚਿਣਗ ਸੁਲਗਣੀ ਹੈ ਰੱਬੀ ਗੁਣਾਂ ਨਾਲ। ਰੱਬੀ ਗੁਣ ਹਨ- ਪਿਆਰ, ਦਇਆ, ਨਿਰਵੈਰਤਾ ਅਤੇ ਇਨਸਾਫ ਆਦਿਕ ਗੁਣਾਂ ਨਾਲ। ਮਨੁੱਖ ਨੇ ਆਪਣੇ ਅੰਦਰ ਇਹਨਾਂ ਆਦਰਸ਼ਕ ਗੁਣਾਂ ਦਾ ਸੰਚਾਰ ਕਰਨਾ ਹੈ ਅਤੇ ਇਹਨਾਂ ਰੱਬੀ ਗੁਣਾਂ ਨੂੰ ਗ੍ਰਹਿਣ ਕਰਨਾ ਹੈ। ਇਸ ਤਰ੍ਹਾਂ ਆਪਣੇ ਆਪ ਨੂੰ ਸਰੀਰਕ, ਬੌਧਿਕ, ਮਾਨਸਿਕ ਅਤੇ ਆਤਮਿਕ ਤੌਰ ਤੇ ਪ੍ਰਫੁਲਤ ਕਰਨਾ ਹੈ।

ਆਪ ਜੀ ਨੇ ਰੋਜ਼ ਦੇ ਜੀਵਨ ਨੂੰ ਰੂਹਾਨੀਅਤ ਨਾਲ ਜੋੜਿਆ ਅਤੇ ਸਮਝਾਇਆ ਕਿ ਸਾਰੇ ਬ੍ਰਹਮੰਡ ਦੀ ਹਸਤੀ ਨਾਲ ਜੁੜ ਸਕਣਾ ਹੀ ਮਨੁੱਖ ਦੀ ਮੰਜ਼ਲ ਹੈ। ਸਭ ਨਾਲ ਸਾਂਝ ਪਾ ਸਕਣਾ, ਸਭ ਦੇ ਦਿਲ ਨਾਲ ਦਿਲ ਧੜਕਾ ਸਕਣਾ, ਸਭ ਦੇ ਦੁਖ ਨਾਲ ਦੁਖ ਮਹਿਸੂਸ ਕਰ ਸਕਣਾ, ਸਭ ਦੀ ਖੁਸ਼ੀ 'ਚ ਖੁਸ਼ੀ ਅਨੁਭਵ ਕਰ ਸਕਣਾ, ਸਰਬੱਤ ਨੂੰ ਪਿਆਰ ਕਰ ਸਕਣਾ ਅਤੇ ਸਰਬੱਤ ਦੇ ਕੰਮ ਆ ਸਕਣਾ ਹੀ ਮਨੁੱਖ ਦਾ ਆਦਰਸ਼ ਹੈ। ਕਾਲ-ਪੀੜਤ ਦੁਖੀ ਲੋਕਾਂ ਦੀ ਆਪਣੇ ਹੱਥੀਂ ਸੇਵਾ ਤੇ ਸਹਾਇਤਾ ਕਰਕੇ ਆਪ ਜੀ ਨੇ ਇਹ ਸਬਕ ਪੜ੍ਹਾਇਆ ਸੀ। ਕਿਸੇ ਦਾ ਨਿਰਾਦਰ ਨਾ ਕੀਤਾ ਜਾਏ ਕਿਉਂਕਿ ਸਭ 'ਚ ਰੱਬੀ ਨੂਰ ਹੈ। ਆਪ ਖੁਸ਼ ਰਹਿਣਾ ਅਤੇ ਦੂਜਿਆਂ ਨੂੰ ਖੁਸ਼ ਰੱਖਣਾ ਵੀ ਇਕ ਕਿਸਮ ਦੀ ਖਲਕਤ ਦੀ ਸੇਵਾ ਹੀ ਹੈ। ਜਿਸ ਨੇ ਆਪਣੇ ਮਨ 'ਚੋਂ ਬੁਰਿਆਈ ਮਿਟਾ ਦਿੱਤੀ ਹੈ, ਉਹ ਸਾਰੀ ਸ੍ਰਿਸ਼ਟੀ ਦੇ ਜੀਵਾਂ ਨੂੰ ਆਪਣਾ ਮਿਤਰ ਸਮਝਣ ਲੱਗ ਜਾਂਦਾ ਹੈ:

ਮਨ ਅਪਨੇ ਤੇ ਬੁਰਾ ਮਿਟਾਨਾ॥
ਪੇਖੈ ਸਗਲ ਸ੍ਰਿਸਟਿ ਸਾਜਨਾ॥ (ਪੰਨਾ 266)

ਸਿੱਖੀ ਇਤਨੀ ਤੇਜ਼ੀ ਨਾਲ ਵਧ ਰਹੀ ਸੀ ਕਿ ਅਨਮਤਾਂ ਦੇ ਪ੍ਰਚਾਰਕਾਂ ਤੇ ਆਗੂਆਂ ਦੀ ਨਜ਼ਰ 'ਚ ਰੜਕਨ ਲੱਗ ਪਈ ਸੀ। ਸਿੱਖੀ ਦੇ ਵਧਣ ਦਾ ਮੁਖ ਕਾਰਨ ਇਹ ਸੀ ਕਿ ਇਸ ਦੇ ਬੁਨਿਆਦੀ ਅਸੂਲ ਇਤਨੇ ਦਿਲ-ਖਿਚਵੇਂ, ਸਿੱਧੇ, ਸਰਲ ਅਤੇ ਸਰਬ-ਸਾਂਝੀਵਾਲਤਾ ਵਾਲੇ ਇਨਕਲਾਬੀ ਅਸੂਲ ਹਨ ਕਿ ਹਰ ਕੋਈ ਸਿੱਖੀ ਵਲ ਸੁਭਾਵਕ ਹੀ ਖਿਚਿਆ ਜਾਂਦਾ ਸੀ।

ਅਕਬਰ ਦੇ ਰਾਜ-ਪ੍ਰਬੰਧ 'ਚ ਕਾਜ਼ੀ, ਮੁੱਲਾਂ-ਮੁਲਾਣੇ ਅਤੇ ਅਹਿਲਕਾਰ ਹਰ ਹੱਥ ਆਏ ਮੌਕੇ 'ਤੇ ਗੁਰੂ ਸਾਹਿਬਾਨ ਵਿਰੁੱਧ ਜ਼ਹਿਰ ਉਗਲਦੇ ਰਹੇ ਸਨ, ਪਰੰਤੂ ਉਨ੍ਹਾਂ ਦਾ ਕੋਈ ਚਾਰਾ ਨਹੀਂ ਸੀ ਚੱਲਿਆ, ਲੇਕਨ ਜਹਾਂਗੀਰ ਦੇ ਤਖਤ 'ਤੇ ਬੈਠਣ ਸਾਰ ਉਨ੍ਹਾਂ ਨੂੰ ਇਹ ਮੌਕਾ ਮਿਲ ਗਿਆ। ਉਸ ਵੇਲੇ ਕੂੜ ਦੀਆਂ ਸ਼ਕਤੀਆਂ ਪ੍ਰਧਾਨ ਸਨ, ਜੋ ਸੱਚ ਨੂੰ ਮਿਟਾਉਣ ਦਾ ਹਰ ਯਤਨ ਕਰ ਰਹੀਆਂ ਸਨ।

ਗੁਰੂ ਨਾਨਕ ਵਿਚਾਰਧਾਰਾ ਤੋਂ ਭਾਵੇਂ ਮੁੱਲਾ-ਮੁਲਾਣੇ ਤੇ ਮੁਗ਼ਲ ਬਾਦਸ਼ਾਹ ਔਖੇ ਸਨ, ਨਫਰਤ ਵੀ ਕਰਦੇ ਸਨ ਅਤੇ ਦਬਾਣ ਦੀ ਵੀ ਕੋਸ਼ਿਸ਼ ਕਰਦੇ ਸਨ, ਪਰ ਇਹ ਵਿਚਾਰਧਾਰਾ ਸਰਬ-ਭਾਵੀ ਹੋਣ ਕਰਕੇ ਵਿਰੋਧਤਾ ਦਾ ਫੌਰੀ ਕਾਰਨ ਨਹੀਂ ਸੀ ਬਣੀ। ਗੁਰੂ-ਦਰ ਦੀ ਕੀਰਤੀ ਅਤੇ ਵਧ ਰਹੇ ਗੁਰੂ ਪਰਤਾਪ ਤੋਂ ਰਿਸ਼ਤੇਦਾਰ ਵੀ ਔਖੇ ਸਨ ਤੇ ਸ਼ਾਹੀ ਕੰਨ ਵੀ। ਜਹਾਂਗੀਰ ਦੇ ਮੁੱਢਲੇ ਰਾਜ ਸਮੇਂ 'ਚ ਸ਼ਰ੍ਹਈ-ਦਰਬਾਰੀ ਵਿਰੋਧ ਸਿਖਰ 'ਤੇ ਪਹੁੰਚ ਗਿਆ ਸੀ। ਕੇਵਲ ਸ਼ਾਹੀ ਵਿਰੋਧ ਹੀ ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕਰਵਾਉਣ 'ਚ ਸਿੱਧਾ ਜਾਂ ਸਮੁੱਚਾ ਕਾਰਨ ਨਹੀਂ ਬਣਦਾ। ਹਾਂ, ਜਹਾਂਗੀਰ ਨੂੰ ਇਸ ਮਹਾਨ ਸਾਕੇ ਦੀ ਕਾਰਵਾਈ ਲਈ ਤਿਆਰ ਜ਼ਰੂਰ ਕਰ ਦਿੰਦਾ ਹੈ।

ਗੁਰੂ ਨਾਨਕ ਪਾਤਸ਼ਾਹ ਨੇ ਜਿਹੜੀ ਸ਼ਬਦ-ਹੱਟੀ ਪਾਈ ਸੀ, ਉਸ ਤੋਂ ਹਿੰਦੂ ਤੇ ਮੁਸਲਮਾਨ ਵਣਜਾਰੇ ਸੌਦਾ ਖਰੀਦਣ ਲੱਗ ਪਏ ਸਨ। ਗੁਰੂ ਨਾਨਕ ਸਾਹਿਬ ਦੇ ਵੇਲੇ ਹੀ ਸ਼ਬਦ-ਹੱਟੀ ਦਾ ਡੰਕਾ ਹਰ ਪਾਸੇ ਵਜਣਾ ਸ਼ੁਰੂ ਹੋ ਗਿਆ ਸੀ। ਹਿੰਦੂ ਤੇ ਮੁਸਲਮਾਨ ਦੋਵੇਂ ਹੀ ਗੁਰੂ-ਜੋਤਿ ਕੋਲ ਆ ਕੇ ਆਪਣੇ ਭਰਮ ਤੇ ਭਉ ਦੂਰ ਕਰਨ ਲੱਗ ਪਏ ਸਨ। ਹਕੂਮਤ ਕਿਉਂਕਿ ਮੁਗ਼ਲਾਂ ਦੀ ਸੀ, ਉਹਨਾਂ ਦੇ ਮੁੱਲਾਂ-ਮੁਲਾਣੇ ਇਸ ਗੁਰੂ-ਕ੍ਰਿਆ ਨੂੰ ਬੁਨਿਆਦੀ ਤੌਰ ਤੇ ਪਸੰਦ ਨਹੀਂ ਸਨ ਕਰਦੇ ਅਤੇ ਮੁਸਲਮਾਨੀ ਸ਼ਰ੍ਹਾ 'ਚ ਵਿਸ਼ਵਾਸ ਰੱਖਣ ਵਾਲੇ ਮੁੱਲਾਣੇ ਗੁਰੂ ਨਾਨਕ ਵਿਚਾਰਧਾਰਾ ਦਾ ਵਿਰੋਧ ਕਰਦੇ ਰਹੇ। ਬਾਬੇ ਕਿਆਂ ਤੇ ਬਾਬਰ ਕਿਆਂ ਦੀਆਂ ਵਿਚਾਰਾਂ ਪਰੰਪਰਾਵਾਂ ਸਿੱਧੇ ਜਾਂ ਅਸਿੱਧੇ ਤੌਰ ਤੇ ਇਕ ਦੂਜੇ ਨੂੰ ਕਟਦੀਆਂ ਸਨ। ਇਸ ਕਰਕੇ ਦੋਹਾਂ 'ਚ ਸੰਗਮ ਹੋ ਸਕਣਾ ਅਸੁਭਾਵਕ ਸੀ।

ਭਾਵੇਂ ਗੁਰੂ-ਜੋਤਿ ਸਿੱਧੇ ਜਾਂ ਅਸਿੱਧੇ ਤੌਰ ਤੇ ਕਿਸੇ ਵਿਚਾਰਧਾਰਾ ਨਾਲ ਟੱਕਰ ਲੈਣ ਵਾਸਤੇ ਤਿਆਰ ਨਹੀਂ ਸੀ, ਪਰੰਤੂ ਕਿਸੇ ਤੋਂ ਡਰ ਕੇ ਆਪਣੀ ਵਿਚਾਰਧਾਰਾ ਨੂੰ ਦਬਾਣ ਦੇ ਹੱਕ 'ਚ ਵੀ ਨਹੀਂ ਸੀ। ਗੁਰੂ ਨਾਨਕ ਸਾਹਿਬ ਜਦੋਂ ਬਾਬਰ ਬਾਦਸ਼ਾਹ ਨੂੰ ਜਾਬਰ, ਪਾਪੀ ਤੇ ਜਮ ਦਾ ਰੂਪ ਆਖਦੇ ਹਨ, ਤਾਂ ਉਸ ਨੂੰ ਗੁੱਸਾ ਆਇਆ ਤੇ ਉਹ ਬਦਲਾ ਵੀ ਲੈਣਾ ਲੋਚਦਾ ਸੀ, ਪਰ ਉਹ ਆਪਣੀ ਰਾਜ-ਗੱਦੀ ਨੂੰ ਪਸਾਰਨਾ ਚਾਹੁੰਦਾ ਸੀ, ਇਸ ਕਰਕੇ ਉਹ ਗੁਰੂ ਨਾਨਕ ਸਾਹਿਬ ਨੂੰ ਗ੍ਰਿਫਤਾਰ ਕਰਕੇ ਵੀ ਛੱਡ

ਦੇਂਦਾ ਹੈ ਅਤੇ ਜਾਨੋਂ ਮਾਰ ਦੇਣ ਬਾਰੇ ਵੀ ਨਹੀਂ ਸੋਚਦਾ। ਹੁਮਾਯੂੰ ਬਾਦਸ਼ਾਹ ਵੀ ਗੁਰੂ ਅੰਗਦ ਸਾਹਿਬ ਨੂੰ ਡਰ-ਡਰਾਵਾ ਤਾਂ ਦਿੰਦਾ ਹੈ, ਪਰ ਚੂੰਕਿ ਉਹ ਆਪ ਸ਼ੇਰ ਸ਼ਾਹ ਸੂਰੀ ਤੋਂ ਮਾਰ ਖਾ ਚੁਕਿਆ ਸੀ, ਉਸ ਨੇ ਵੀ ਗੁਰੂ-ਜੋਤਿ ਨੂੰ ਹੱਥ ਪਾਉਣ ਦੀ ਜੁਰਅੱਤ ਨਹੀਂ ਸੀ ਕੀਤੀ।

ਅਕਬਰ ਬਾਦਸ਼ਾਹ ਤਾਂ ਮੂਲ ਰੂਪ 'ਚ ਧਰਮੀ ਤੇ ਵਿਸ਼ਾਲ ਹਿਰਦੇ ਵਾਲਾ ਸੀ। ਉਹ ਮੁਗ਼ਲ ਰਾਜ ਨੂੰ ਚਿਰਸਥਾਈ ਤੇ ਪੱਕੀਆਂ ਨੀਹਾਂ 'ਤੇ ਸਿਰਜਣਾ ਚਾਹੁੰਦਾ ਸੀ। ਇਸ ਕਰਕੇ ਉਸ ਨਾ ਤਾਂ ਇਸਲਾਮੀ ਸ਼ਰ੍ਹਾ ਨੂੰ ਵਿਸ਼ੇਸ਼ਤਾ ਦਿੱਤੀ ਅਤੇ ਨਾ ਹੀ ਹਿੰਦੂ ਵਿਚਾਰ-ਪਰੰਪਰਾ ਨੂੰ ਦੁਰਕਾਰਿਆ। ਉਸ ਦੇ ਰਾਜ 'ਚ 'ਉਲਮਾ' ਜਿਹੜੇ ਕੱਟੜ ਸ਼ਰ੍ਹਈ ਸਨ ਅਤੇ ਰਾਜਪੂਤ, ਜਿਹੜੇ ਕਿ ਹਿੰਦੂ ਪਰੰਪਰਾ ਦੀ ਪ੍ਰਤੀਨਿੱਧਤਾ ਕਰਦੇ ਸਨ, ਵੀ ਕੰਮ ਕਰਦੇ ਸਨ। ਅਕਬਰ ਇਸ ਤਰ੍ਹਾਂ ਦੇ ਸਰਬ-ਸਾਂਝੇ ਰਾਜ-ਸੰਕਲਪ ਨੂੰ ਸਿਰਜਣ 'ਚ ਕਾਮਯਾਬ ਨਹੀਂ ਸੀ ਹੋਇਆ। ਇਸਲਾਮੀ ਸ਼ਰ੍ਹਾ ਦੇ ਮੁਦੱਈ ਮੁੱਲਾ-ਮੁਲਾਣੇ ਅਕਬਰ ਦੀ ਇਸ ਵਿਚਾਰਧਾਰਾ ਦੇ ਸਖਤ ਵਿਰੋਧੀ ਸਨ। ਉਹਨਾਂ ਨੇ ਅਕਬਰ ਦੀ ਇਸ ਰਾਜ ਨੀਤੀ ਨੂੰ ਸਪਸ਼ਟ ਤੌਰ ਤੇ ਕਾਇਰਤਾ, ਕੁਧਰਮ ਅਤੇ ਕੁਫਰਤਾ ਨਾਲ ਉਪਮਾ ਦਿੱਤੀ ਸੀ। ਜਦੋਂ 1605 ਈਸਵੀ 'ਚ ਜਹਾਂਗੀਰ ਤਖਤ 'ਤੇ ਬੈਠਿਆ ਤਾਂ ਉਹਨਾਂ ਨੇ ਉਸ ਕੋਲੋਂ ਪ੍ਰਣ ਲਿਆ ਸੀ ਕਿ ਉਹ ਆਪਣੇ ਰਾਜ ਸ਼ਾਸਨ 'ਚ ਸ਼ਰ੍ਹਾ ਨੂੰ ਸਭ ਕੁਝ ਸਮਝੇਗਾ।

ਦੂਜਾ ਵੱਡਾ ਕਾਰਨ ਇਹ ਸੀ ਕਿ ਗੁਰੂ ਸਾਹਿਬ ਦੀ ਆਪਣੀ ਸ਼ਖਸੀਅਤ, ਜੋ ਇਤਨੀ ਪਰਭਾਵਸ਼ਾਲੀ ਸੀ ਕਿ ਲੋਕੀ ਬਦੋਬਦੀ ਸਿੱਖੀ 'ਚ ਸ਼ਾਮਲ ਹੋਣਾ ਲੋਚਦੇ ਸਨ। ਇਸ ਦੇ ਮੁਕਾਬਲੇ ਤੇ ਹਿੰਦੂ, ਮੁਸਲਮਾਨ ਤੇ ਯੋਗ ਮਤ ਦੇ ਪ੍ਰਚਾਰਕਾਂ ਦੇ ਜੀਵਨ ਅਤੇ ਸਿਧਾਂਤਾਂ 'ਚ ਇਤਨੀਆਂ ਕਮਜ਼ੋਰੀਆਂ ਸਨ, ਕਿ ਲੋਕੀਂ ਧੜਾਧੜ ਉਹਨਾਂ ਦੇ ਚੁੰਗਲਾਂ 'ਚੋਂ ਨਿਕਲ ਕੇ ਸਿੱਖੀ 'ਚ ਸ਼ਾਮਲ ਹੋਣ ਲੱਗ ਪਏ ਸਨ।

ਗੁਰੂ ਅਰਜਨ ਸਾਹਿਬ ਦੇ ਦੁਆਬੇ ਦੇ ਦੌਰੇ ਸਮੇਂ ਜਲੰਧਰ ਦਾ ਗਵਰਨਰ ਸੱਯਦ ਅਜ਼ੀਮ ਖ਼ਾਨ ਸਿੱਖੀ ਦੇ ਅਸੂਲਾਂ ਤੋਂ ਇਤਨਾ ਪ੍ਰਭਾਵਤ ਹੋਇਆ ਕਿ ਉਸ ਨੇ ਨਾ ਕੇਵਲ ਸਿੱਖੀ ਅਸੂਲ ਹੀ ਗ੍ਰਹਿਣ ਕੀਤੇ, ਸਗੋਂ ਸਤਿਗੁਰਾਂ ਨੂੰ ਉਚੇਚੀ ਬੇਨਤੀ ਕਰਕੇ ਆਪਣੇ ਇਲਾਕੇ 'ਚ ਕਰਤਾਰਪੁਰ ਜਲੰਧਰ ਵਿਖੇ ਸਿੱਖੀ ਦਾ ਮਹਾਨ ਕੇਂਦਰ ਅਸਥਾਪਤ ਕਰਵਾਇਆ। ਵਜ਼ੀਰ ਖ਼ਾਂ ਦਰਬਾਰੀ ਤੇ ਮੀਆਂ ਮੀਰ ਵਰਗੇ ਮੁਸਲਮਾਨ ਧਾਰਮਿਕ ਆਗੂ ਵੀ ਸਿੱਖੀ ਦੇ ਦਾਇਰੇ 'ਚ ਆ ਰਲੇ ਸਨ। ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਦਾ ਅਸਲ ਕਾਰਨ ਉਨ੍ਹਾਂ ਦਾ ਬ੍ਰਹਮੰਡਵਾਦੀ ਤੇ ਮਨੁੱਖਵਾਦੀ ਜੀਵਨ ਫਲਸਫਾ ਸੀ ਜੋ ਬ੍ਰਾਹਮਣਵਾਦ, ਜਹਾਂਗੀਰ ਅਤੇ ਉਸ ਦੇ ਸ਼ਰ੍ਹਈ ਦਰਬਾਰੀਆਂ ਨੂੰ ਰੜਕਦਾ ਸੀ।

ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸੰਪਾਦਨਾ ਨਾਲ ਵੀ ਕਈ ਸਿੱਧੇ ਜਾਂ ਅਸਿੱਧੇ ਵਿਰੋਧੀ ਪੈਦਾ ਹੋਏ। ਇਸ 'ਚ ਦਰਸਾਏ ਸਪਸ਼ਟ ਬ੍ਰਹਿਮੰਡਵਾਦੀ ਸਿਧਾਂਤਾਂ ਦੀ ਤਾਬ ਨਾ ਬ੍ਰਾਹਮਣ ਝਲ ਸਕੇ ਅਤੇ ਨਾ ਹੀਂ ਕਾਜ਼ੀ ਮੁਲਾਣੇ। ਇਸ ਦੇ ਨਾਲ ਹੀ ਉਸ ਸਮੇਂ ਪ੍ਰਚਲਤ ਯੋਗ ਮਤ ਅਤੇ ਹੋਰ ਛੋਟੇ ਛੋਟੇ ਮਤ-ਮਤਾਂਤਰਾਂ ਵਾਲਿਆਂ ਦੇ ਗ਼ਲਤ ਅਸੂਲਾਂ, ਵਹਿਮਾਂ ਭਰਮਾਂ ਅਤੇ ਘਟੀਆ ਰਹਿਣੀ ਦੇ ਪਾਜ ਉਘਾੜ ਕੇ, ਗੁਰੂ ਗਰੰਥ ਸਾਹਿਬ ਦੀ ਬਾਣੀ ਨੇ ਲੋਕਾਂ ਨੂੰ ਅਸਲੀ ਜੀਵਨ ਰਾਹ ਵਿਖਾਇਆ। ਇਹਨਾਂ ਤਬਕਿਆਂ ਦੀ ਵਿਰੋਧਤਾ ਦੇ ਨਾਲ ਹੀ ਕਈ ਚੀਜ਼ਾਂ ਬੇ-ਮਤਲਬੇ ਜਿਹੇ ਰੂਪ 'ਚ ਆ ਰਲੀਆਂ।

ਇਹ ਸਨ ਸਮਕਾਲੀ ਭਗਤ, ਜਿਹਾ ਕਿ ਕਾਹਨਾ, ਛਜੂ, ਪੀਲੂ ਤੇ ਸ਼ਾਹ ਹੁਸੈਨ। ਗੁਰੂ ਗਰੰਥ ਸਾਹਿਬ 'ਚ ਕੇਵਲ ਉਹਨਾਂ ਵਿਅਕਤੀਆਂ ਦਾ ਕਲਾਮ ਹੀ ਸ਼ਾਮਲ ਕੀਤਾ ਗਿਆ ਸੀ, ਜਿਨ੍ਹਾਂ ਦੇ ਸਿਧਾਂਤ ਗੁਰਮਤਿ ਦੇ ਅਨੁਕੂਲ ਸਨ। ਉਪਰਲੇ ਭਗਤਾਂ ਦੇ ਕਲਾਮ ਗੁਰਮਤਿ ਦੀ ਕਸਵੱਟੀ 'ਤੇ ਪੂਰੇ ਨਹੀ ਸਨ ਉਤਰਦੇ, ਇਸ ਲਈ ਗੁਰੂ ਗਰੰਥ ਸਾਹਿਬ 'ਚ ਸ਼ਾਮਲ ਨਹੀਂ ਸਨ ਕੀਤੇ ਗਏ। ਉਹਨਾਂ ਦਾ ਨਾਰਾਜ਼ ਹੋ ਜਾਣਾ ਸੁਭਾਵਕ ਸੀ। ਕਾਹਨੇ ਵਰਗੇ ਭਗਤ ਕੁਝ ਰਾਜਸੀ ਰਸੂਖ ਵੀ ਰੱਖਦੇ ਸਨ। ਬਾਕੀਆ ਨੇ ਵੀ ਆਪਣੀ ਵਿਤ ਮੁਤਾਬਕ ਸਿੱਖ ਮਤ ਸਬੰਧੀ ਨਫਰਤ ਫੈਲਾਉਣ ਦਾ ਨਿਰਾਰਥਕ ਯਤਨ ਕੀਤਾ। ਸਰਕਾਰੀ ਦਰਬਾਰ ਤਕ ਪਹੁੰਚ ਰੱਖਣ ਵਾਲਿਆਂ ਨੇ ਰਾਜ-ਸ਼ਕਤੀ ਨੂੰ ਲੋੜ ਅਨੁਸਾਰ ਉਕਸਾਉਣਾ ਹੀ ਸੀ। ਇਸ ਤਰ੍ਹਾਂ ਹਰ ਮੁਖਾਲਫ ਤੇ ਮੁਖਾਲਫਤ ਕਰਨ ਵਾਲੀ ਜਥੇਬੰਦੀ ਜਾਂ ਮਤ ਨੇ ਆਪੋ ਆਪਣੇ ਢੰਗ ਨਾਲ ਅਤੇ ਆਪੋ ਆਪਣੇ ਵਿਤ-ਮੂਜਬ ਗੁਰੂ ਮਤ ਦੀ ਮੁਖਾਲਫਤ ਕੀਤੀ।

ਇਸ ਸਭ ਕਾਸੇ ਦਾ ਵੱਡਾ ਨਤੀਜਾ ਇਹ ਨਿਕਲਿਆ ਕਿ ਹਿੰਦੂਆਂ 'ਚੋਂ ਉਚ-ਜ਼ਾਤੀਏ ਤੇ ਖਾਸ ਕਰਕੇ ਬ੍ਰਾਹਮਣ ਜੋ ਸਾਰੀ ਹਿੰਦੂ ਕੌਮ ਨੂੰ ਲੁੱਟ ਕੇ ਖਾ ਰਹੇ ਸਨ, ਸਿੱਖੀ ਲਹਿਰ ਦੇ ਸਖਤ ਵਿਰੋਧੀ ਹੋ ਗਏ। ਦੂਜੇ ਪਾਸੇ ਕੱਟੜ ਮੁਸਲਮਾਨ ਇਕ ਤਾਂ ਇਸ ਕਰਕੇ ਚਿੰਤਾਤੁਰ ਹੋ ਗਏ ਕਿ ਉਹਨਾਂ ਦੇ ਸਾਰੇ ਹਿੰਦੁਸਤਾਨ ਨੂੰ ਇਸਲਾਮੀ ਝੰਡੇ ਹੇਠ ਲਿਆਉਣ ਦੇ ਨਿਸ਼ਾਨੇ ਨੂੰ ਪੂਰਾ ਕਰਨ 'ਚ ਭਾਰੀ ਵਿਘਨ ਪੈ ਰਿਹਾ ਸੀ ਅਤੇ ਦੂਜਾ ਮੁਸਲਮਾਨਾਂ 'ਚੋਂ ਲੋਕੀਂ ਉਲਟਾ ਸਿੱਖ ਬਣਨੇ ਸ਼ੁਰੂ ਹੋ ਗਏ ਸਨ।

ਅਕਬਰ ਦੀ ਨਰਮ ਰਾਜਨੀਤੀ ਕਾਰਨ ਕਈ ਮੁਸਲਮਾਨ ਘਰਾਣੇ ਈਸਾਈ ਬਣ ਚੁੱਕੇ ਸਨ। ਕਈ ਘਰਾਣੇ ਸਿੱਖ ਵੀ ਬਣ ਚੁੱਕੇ ਸਨ। ਕਾਜ਼ੀਆਂ ਨੂੰ ਇਹ ਕੰਡਾ ਵੀ ਚੁੱਭ ਰਿਹਾ ਸੀ, ਪਰ ਉਹ ਵੀ ਉਦੋਂ ਕੁਝ ਕਰ ਸਕਣ ਦੇ ਸਮਰਥ ਨਹੀਂ ਸਨ। ਅਕਬਰ ਬਾਦਸ਼ਾਹ ਦੇ ਜੀਊਂਦਿਆਂ ਸਿੱਖ ਧਰਮ ਦੇ ਵਿਰੋਧੀ ਭਾਵੇਂ ਸਿਰ ਨਹੀਂ ਸਨ

ਚੁੱਕ ਸਕੇ, ਪਰ ਉਹਨਾਂ ਅੰਦਰ ਈਰਖਾ ਦੀ ਅੱਗ ਅੰਦਰੋਂ-ਅੰਦਰ ਧੁਖਦੀ ਰਹੀ ਅਤੇ ਜਾਤਿ ਅਭਿਮਾਨੀਆਂ ਦੀ ਕਈ ਵਰ੍ਹਿਆਂ ਦੀ ਈਰਖਾ ਨੇ ਲਾਹੌਰ ਤੇ ਦਿੱਲੀ ਦਰਬਾਰਾਂ 'ਚ ਗੁਰੂ ਅਰਜਨ ਸਾਹਿਬ ਦੇ ਵਿਰੋਧੀ ਜ਼ਰੂਰ ਪੈਦਾ ਕਰ ਦਿੱਤੇ ਸਨ। ਉਹਨਾਂ ਨੂੰ ਆਪਣੇ ਦਿਲ ਦੇ ਪੁਰਾਣੇ ਸਾੜ ਕੱਢਣ ਦਾ ਹੁਣ ਮੌਕਾ ਮਿਲ ਗਿਆ। ਗੁਰੂ-ਘਰ ਵਿਰੋਧੀਆਂ ਨੇ ਜਹਾਂਗੀਰ ਦੇ ਕੰਨ ਭਰੇ ਕਿ ਗੁਰੂ ਅਰਜਨ ਸਾਹਿਬ ਨੇ ਖੁਸਰੋ ਦੇ ਮੱਥੇ 'ਤੇ ਤਿਲਕ ਲਾਇਆ, ਉਸ ਨੂੰ ਅਸੀਸ ਦਿੱਤੀ ਸੀ ਅਤੇ ਰੁਪਏ ਨਾਲ ਵੀ ਮਦਦ ਕੀਤੀ।

ਬ੍ਰਾਹਮਣੀ ਮਤ ਵਾਲਿਆਂ ਪਾਸੋਂ ਸਿੱਖ ਮਤ ਦਾ ਵਾਧਾ ਨਹੀਂ ਸੀ ਜਰਿਆ ਜਾ ਰਿਹਾ। ਇਹਨਾਂ ਨੇ ਗੁਰੂ ਸਾਹਿਬਾਨ ਦੇ ਵਿਰੋਧ 'ਚ ਕੋਈ ਵੀ ਹੱਥ ਆਇਆ ਮੌਕਾ ਨਹੀਂ ਸੀ ਖੁੰਝਣ ਦਿੱਤਾ। ਗੁਰੂ ਅਮਰਦਾਸ ਸਾਹਿਬ ਦੇ ਸਮੇਂ ਤੋਂ ਹੀ ਸਿੱਖੀ ਦੀ ਪ੍ਰਫੁਲਤਾ ਕਰਕੇ ਉਹ ਬਹੁਤ ਦੁਖੀ ਤੇ ਵਿਆਕੁਲ ਹੋ ਰਹੇ ਸਨ। ਰਾਜਸੀ ਤੌਰ ਤੇ ਉਹ ਆਪ ਤਾਂ ਕੁਝ ਕਰ ਸਕਣ ਦੇ ਸਮਰਥ ਨਹੀਂ ਸਨ, ਪਰ ਉਹਨਾਂ ਧਰਮ-ਘਾਤਕਾਂ ਤੇ ਪੇਟ-ਪ੍ਰਸਤਾਂ ਨੂੰ ਅਕਬਰ ਦਾ ਦਰਬਾਰੀ ਬੀਰਬਲ ਜਿਸ ਦਾ ਅਸਲੀ ਨਾਮ ਮਹੇਸ਼ ਦਾਸ ਬ੍ਰਾਹਮਣ ਸੀ, ਇਕ ਪੱਕੇ ਕਿੱਲੇ ਦੇ ਰੂਪ 'ਚ ਮਿਲ ਗਿਆ ਸੀ। ਬੀਰਬਲ ਨੂੰ ਰਾਗ ਦੀ ਸੂਝ-ਬੂਝ ਸੀ, ਕਵੀ ਵੀ ਸੀ, ਹਾਜ਼ਰਜਵਾਬ ਵੀ ਸੀ ਅਤੇ ਮਸਖਰਾ ਵੀ। ਇਸ ਨੂੰ ਅਕਬਰ ਦੇ ਸ਼ਾਹੀ ਦਰਬਾਰ 'ਚ ਮੁਲਾਜ਼ਮਤ ਮਿਲ ਗਈ ਸੀ।

ਅਕਬਰ ਦੇ ਨਾਲ ਜਦ ਵੀ ਇਹ ਲਾਹੌਰ ਆਉਂਦਾ ਰਿਹਾ, ਤਾਂ ਗੁਰੂ ਅਮਰਦਾਸ ਸਾਹਿਬ ਦੇ ਲੰਗਰ ਵਿਰੋਧੀ ਉਚ-ਜ਼ਾਤੀਏ ਇਸ ਨੂੰ ਮਿਲ ਕੇ ਸਿੱਖ ਧਰਮ ਵਿਰੁੱਧ ਇਸ ਦੇ ਕੰਨ ਭਰਦੇ ਰਹੇ। ਭਾਵੇਂ ਉਹ ਗੁਰੂ ਸਾਹਿਬ ਦੀ ਸ਼ਹਾਦਤ ਤੋਂ ਪਹਿਲੇ ਹੀ ਫਰੰਟੀਅਰ ਦੀ ਇਕ ਲੜਾਈ 'ਚ ਮਾਰਿਆ ਗਿਆ ਸੀ, ਪਰ ਉਹ ਆਪਣੀ ਵਿਤ ਮੂਜਬ ਸਿੱਖੀ ਦਾ ਵਿਰੋਧ ਕਰਨ ਦਾ ਪੂਰਾ ਯਤਨ ਕਰਦਾ ਰਿਹਾ ਸੀ। ਦੂਜੇ ਪਾਸੇ ਇਹ ਹਿੰਦੂ ਜਾਤਿ ਅਭਮਾਨੀ ਬਾਬਾ ਪ੍ਰਿਥੀ ਚੰਦ ਦੀ ਵੀ ਪਿਠ ਠੋਕ ਰਹੇ ਸਨ।

ਅਕਬਰ ਨੇ ਪਹਿਲੀ ਵਾਰ ਸਰਬਪੱਖੀ ਸੋਚ ਦੇ ਅਧੀਨ ਹਿੰਦੂਆਂ ਤੇ ਮੁਸਲਮਾਨਾਂ ਦੀ ਸਾਂਝੀ ਸਮਾਜ-ਬਣਤਰ ਅਤੇ ਰਾਜ-ਬਣਤਰ ਕਾਇਮ ਕਰਨ 'ਤੇ ਕੰਮ ਕਰਨਾ ਅਰੰਭਿਆ ਸੀ। ਅਕਬਰ ਦੇ ਮਨ 'ਚ ਇਹ ਸੁਭਾਵਕ ਖਿਆਲ ਆਇਆ ਕਿ ਇਸਲਾਮੀ ਰਾਜਨੀਤੀ ਦਾ ਸੈਂਟਰ ਵੀ ਹਿੰਦੁਸਤਾਨ ਮਿਥਿਆ ਜਾਣਾ ਚਾਹੀਦਾ ਹੈ। ਇਹ ਸੋਚ ਕੇ ਉਸ ਨੇ ਆਪਣੇ ਨਾਮ ਦਾ ਖੁਤਬਹ ਪੜ੍ਹਿਆ ਜਿਸ ਨੂੰ ਪੜ੍ਹਨ ਦਾ ਹੱਕ ਕੇਵਲ ਖਲੀਫਹਤੁ ਇਸਲਾਮ ਦਾ ਹੀ ਮੰਨਿਆ ਜਾਂਦਾ ਸੀ।

ਉਸ ਖੁਤਬਹ 'ਚ ਅਕਬਰ ਨੇ ਕੁਝ ਅਜਿਹੇ ਤੱਤ ਪੇਸ਼ ਕੀਤੇ, ਜਿਸ ਨਾਲ

ਕੱਟੜ ਮੁਸਲਮਾਨ ਭੜਕ ਉਠੇ। ਉਸ ਖੁਤਬਹ ਦਾ ਤੱਤ ਇਹ ਸੀ ਕਿ ਅਕਬਟ ਨੇ ਰੱਬ ਦੀ ਇਸ ਗੱਲ ਦੀ ਉਸਤਤ ਕੀਤੀ ਕਿ ਰੱਬ ਨੇ ਉਸ ਨੂੰ ਰਾਜ ਭਾਗ ਬਖ਼ਸ਼ਿਆ ਅਤੇ ਉਸ ਨੂੰ ਅਕਲ ਤੇ ਤਾਕਤ ਦੀ ਦਾਤ ਬਖਸ਼ਿਸ਼ ਕੀਤੀ। ਰੱਬ ਨੇ ਇਨਸਾਫ ਦੇ ਰਸਤੇ 'ਤੇ ਤੁਰਨ ਦੀ ਪ੍ਰੇਰਨਾ ਕੀਤੀ ਅਤੇ ਉਸ ਦੀ ਬਖਸ਼ਿਸ਼ ਸਦਕਾ ਅਕਬਰ ਦੇ ਮਨ 'ਚੋਂ ਇਨਸਾਫ ਦੇ ਵਿਰੁੱਧ ਗੱਲਾਂ ਭਾਵਬੇਇਨਸਾਫੀ ਦੀਆਂ ਗੱਲਾਂ ਦੂਰ ਹੋ ਗਈਆਂ ਹਨ। ਕੱਟੜ ਤੇ ਤੰਗ-ਦਿਲ ਮੁਸਲਮਾਨਾਂ ਦਾ ਅਕਬਰ ਦੇ ਇਹਨਾਂ ਵਿਚਾਰਾਂ 'ਤੇ ਭੜਕ ਉਠਣਾ ਸੁਭਾਵਕ ਸੀ ਕਿਉਂਕਿ ਉਹ ਤਾਂ ਇਸਲਾਮੀ ਰਾਜ ਕਾਇਮ ਕਰਨਾ ਚਾਹੁੰਦੇ ਸਨ।

ਜਹਾਂਗੀਰ ਨਾ ਤਾਂ ਕੱਟੜ ਮੁਸਲਮਾਨ ਸੀ ਅਤੇ ਨਾ ਹੀਂ ਇਸਲਾਮ ਨਾਲ ਉਹਦਾ ਕੋਈ ਬਹੁਤਾ ਲਗਾਓ ਹੀ ਸੀ। ਉਸ ਦਾ ਨਿਸ਼ਾਨਾ ਤਖਤ ਹਾਸਲ ਕਰਨਾ ਸੀ। ਆਪਣੇ ਪਿਓ ਅਕਬਰ ਦੇ ਰਾਜ ਦੇ ਜਿਸ ਵੀ ਦਰਬਾਰੀ ਨੂੰ ਨਾਲ ਲੈ ਸਕਦਾ ਸੀ, ਉਸ਼ ਨੇ ਹਰ ਇਕ ਨਾਲ ਗੰਢ-ਤਰੁੱਪ ਕੀਤੀ। ਖੁਸਰੋ ਦਾ ਸਹੁਰਾ, ਅਬਦੁਲ ਅਜ਼ੀਜ਼ ਕੋਕਾ ਅਤੇ ਖੁਸਰੋ ਦਾ ਮਾਮਾ, ਰਾਜਾ ਮਾਨ ਸਿੰਘ ਖੁਸਰੋ ਨੂੰ ਤਖਤ ਦਾ ਵਾਰਸ ਬਣਾਉਂਣਾ ਚਾਹੁੰਦੇ ਸਨ। ਇਹਨਾਂ ਦਾ ਵਿਰੋਧੀ ਧੜਾ ਕੱਟੜ ਮੁਸਲਮਾਨਾਂ ਦਾ ਸੀ, ਜੋ ਅਕਬਰ ਦੀ ਸੁਲਾਹਕੁਲ ਨੀਤੀ ਦੇ ਸਖਤ ਵਿਰੋਧੀ ਸਨ। ਇਸ ਧੜੇ ਦਾ ਮੁਖੀ ਸ਼ੇਖ ਫਰੀਦ ਬੁਖਾਰੀ ਸੀ, ਜਿਸ ਨੂੰ ਸ਼ੇਖ ਅਹਿਮਦ ਸਰਹੰਦੀ ਦੀ ਸਰਪ੍ਰਸਤੀ ਹਾਸਲ ਸੀ। ਗੁਰੂ ਸਾਹਿਬ ਦੀ ਸ਼ਹੀਦੀ ਦਾ ਅਸਲ ਕਾਰਨ ਸ਼ੇਖ ਅਹਿਮਦ ਸਰਹੰਦੀ ਦੀ ਧਾਰਮਕ ਕੱਟੜਤਾ ਤੇ ਤੰਗ-ਦਿਲੀ ਸੀ, ਜੋ ਗੁਰੂ ਸਾਹਿਬ ਨੂੰ ਇਸਲਾਮ ਦੇ ਰਸਤੇ 'ਚ ਭਾਰੀ ਰੁਕਾਵਟ ਸਮਝਦਾ ਸੀ। ਬਾਕੀ ਹੋਰ ਸਾਰੇ ਕਾਰਨ ਤਾਂ ਉਸ 'ਚ ਸਹਾਇਕ ਸਿੱਧ ਹੋਏ।

ਸ਼ੇਖ ਅਹਿਮਦ ਸਰਹੰਦੀ ਕਾਫੀ ਸਮੇਂ ਤੋਂ ਇਸ ਗਲੋਂ ਔਖਾ ਸੀ ਕਿ ਮੁਸਲਿਮ ਰਾਜ 'ਚ ਸਿੱਖ ਮਤ ਦਿਨ ਬਦਿਨ ਬੜੀ ਤੇਜ਼ੀ ਨਾਲ ਵੱਧ ਰਿਹਾ ਸੀ। ਸਿੱਖ ਮਤ ਦੇ ਅਸੂਲ ਬੜੇ ਸਿਧੇ, ਸਪਸ਼ਟ ਤੇ ਦਿਲ-ਖਿਚਵੇਂ ਸਨ ਅਤੇ ਸਤਿਗੁਰੂ ਅਰਜਨ ਸਾਹਿਬ ਦਾ ਪਰਉਪਕਾਰੀ, ਸੇਵਾ-ਸਿਮਰਨ ਤੇ ਕੁਰਬਾਨੀ ਭਰਿਆ ਜੀਵਨ ਸੋਨੇ ਤੇ ਸੁਹਾਗੇ ਵਾਲਾ ਕੰਮ ਕਰ ਰਿਹਾ ਸੀ। ਜ਼ਾਤ-ਪਾਤ ਦੇ ਭੇਦ ਭਾਵ'ਤੇ ਸਿੱਖੀ ਦੇ ਪਰਚਾਰ ਨੇ ਭਾਰੀ ਸੱਟ ਮਾਰੀ ਸੀ। ਸਖੀ ਸਰਵਰ ਦੀ ਗੱਦੀ ਦੇ ਮੁਸਲਮਾਨੀ ਪਰਚਾਰ ਨੂੰ ਸਿੱਖੀ ਦੇ ਤਰਨ ਤਾਰਨ ਵਾਲੇ ਕੇਂਦਰ ਨੇ ਲੰਗੜਾ ਕਰ ਛਡਿਆ ਸੀ।

ਅਕਬਰ ਵੀ ਸਿੱਖ ਮਤ ਦੇ ਉਚੇ ਬਰਾਬਰੀ ਦੇ ਅਸੂਲਾਂ ਤੋਂ ਬੜਾ ਪ੍ਰਭਾਵਤ ਹੋਇਆ ਸੀ। ਸਿੱਖੀ ਦੀ ਸੰਗਤ ਤੇ ਪੰਗਤ (ਲੰਗਰ)ਦੀ ਮਰਯਾਦਾ ਸਦਕੇ ਸਿੱਖ ਮਤ ਹਰ ਪੱਖੋਂ ਵਿਗਸਤ ਹੋ ਰਿਹਾ ਸੀ। ਬੜੀ ਭਾਰੀ ਗਿਣਤੀ 'ਚ ਹਿੰਦੂ ਹੀ ਨਹੀਂ, ਸਗੋਂ ਮੁਸਲਮਾਨ ਵੀ ਸਿੱਖ ਮਤ 'ਚ ਦਾਖਲ ਹੋਣ ਲੱਗ ਪਏ ਸਨ। ਅਜਿਹੇ ਹਾਲਾਤ 'ਚ

ਸ਼ੇਖ ਅਹਿਮਦ ਸਰਹੰਦੀ ਆਪਣੇ ਨੀਚ ਤੇ ਈਰਖਾ ਭਰੇ ਵਿਚਾਰ ਸ਼ੇਖ ਬੁਖਾਰੀ ਤਕ ਪਹੁੰਚਾਉਂਦਾ ਰਿਹਾ ਸੀ। ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਦਾ ਅਸਲ ਕਾਰਨ ਉਨ੍ਹਾਂ ਦਾ ਬ੍ਰਹਿਮੰਡਵਾਦੀ ਤੇ ਮਨੁੱਖਵਾਦੀ ਜੀਵਨ ਫਲਸਫਾ ਸੀ ਜੋ ਸ਼ੇਖ ਅਹਿਮਦ ਸਰਹੰਦੀ ਤੇ ਸ਼ੇਖ ਫਰੀਦ ਬੁਖਾਰੀ ਆਦਿਕ ਕੱਟੜ ਮੁਸਲਮਾਨਾਂ ਨੂੰ ਵੀ ਰੜਕਿਆ ਸੀ ਅਤੇ ਜਾਤ ਅਭਿਮਾਨੀ ਬ੍ਰਾਹਮਣਾਂ ਨੂੰ ਵੀ।

ਮੁਸਲਮਾਨਾਂ ਦਾ ਰਾਜ ਸੀ ਜਿਨ੍ਹਾਂ ਨੇ ਕਾਫਰਾਂ ਨੂੰ ਕਲਮਾ ਪੜ੍ਹਾ ਕੇ, ਇਸਲਾਮ ਦੇ ਘੇਰੇ 'ਚ ਲਿਆਉਣ ਦਾਂ ਫ਼ਰਜ਼ ਆਪਣੇ ਜ਼ਿਮੇਂ ਲਿਆ ਹੋਇਆ ਸੀ। ਉਹ ਸਾਰੇ ਭਾਰਤੀ ਦੇਸ਼ ਨੂੰ ਇਸਲਾਮੀ ਸ਼ਰ੍ਹਾ ਹੇਠ ਲਿਆਉਣ ਲਈ ਹੱਥ ਪੈਰ ਮਾਰ ਰਹੇ ਸਨ। ਮੁਸਲਮਾਨਾਂ ਦਾ ਸਿੱਖ ਹੋ ਜਾਣਾ ਹਾਕਮ ਜਮਾਤ ਲਈ ਇਕ ਵੰਗਾਰ ਬਣ ਖਲੋਤੀ ਸੀ। 'ਮੋਮਨਾਂ' ਨੂੰ ਕਾਫਰ ਬਣਦੇ ਵੇਖ ਕੇ, ਕੱਟੜ ਸ਼ਰ੍ਹਈ ਮੁਸਲਮਾਨ ਹਾਕਮ ਕਿਵੇਂ ਚੁੱਪ ਰਹਿ ਸਕਦੇ ਸਨ। ਇਸ ਦੇ ਨਾਲ ਹੀ ਬ੍ਰਾਹਮਣ ਤੇ ਉਚਜਾਤੀਏ ਹਿੰਦੂ ਗੁਰੂ ਸਾਹਿਬਾਨ ਦੇ ਚਹੁੰਆਂ ਵਰਨਾਂ (ਜਾਤਾਂ)ਨੂੰ ਇਕ-ਮਿਕ ਕਰਨ, ਛੂਤ-ਛਾਤ ਅਤੇ ਵਹਿਮਾਂ-ਭਰਮਾਂ ਨੂੰ ਤਿਆਗਣ ਦੇ ਉਪਦੇਸ਼ ਨੂੰ ਆਪਣੇ ਧਰਮ ਦੀ ਭਰਿਸ਼ਟਤਾ ਸਮਝਣ ਲੱਗ ਪਏ ਸਨ।

ਸਲੀਮ ਕੋਈ ਪੱਕਾ ਮੁਸਲਮਾਨ ਨਹੀ ਸੀ। ਉਹ ਦਿਨ 'ਚ ਪੰਜ ਪੰਜ ਸੇਰ ਸ਼ਰਾਬ ਪੀ ਜਾਂਦਾ ਸੀ। ਅਕਬਰ ਦੇ ਦੋ ਪੁੱਤਰ ਸ਼ਰਾਬ ਦੇ ਢਹੇ ਚੜ੍ਹ ਕੇ ਮਰ ਚੁੱਕੇ ਸਨ। ਉਸ ਨੇ ਆਪਣੇ ਦਰਬਾਰੀਆਂ ਨਾਲ ਸਲਾਹ ਮਸ਼ਵਰਾ ਕਰਕੇ ਸਲੀਮ ਦੇ ਪੁੱਤਰ ਖੁਸਰੋ ਨੂੰ ਤਖਤ ਦੇਣ ਦਾ ਪਲਾਨ ਬਣਾਇਆ। ਜਹਾਂਗੀਰ ਬੜਾ ਹੁਸ਼ਿਆਰ ਸੀ। ਅਜਿਹੀਆਂ ਸੋਆਂ ਸੁਣ ਕੇ ਇਸ ਨੇ ਅਕਬਰ ਦੇ ਕਈ ਕੱਟੜ ਮੁਸਲਿਮ ਦਰਬਾਰੀਆਂ ਨਾਲ ਇਸਲਾਮ ਦੇ ਵਾਧੇ ਲਈ ਝੂਠੇ-ਸੱਚੇ ਵਾਅਦੇ ਕਰਕੇ ਗੰਢ-ਤੁੱਪ ਕਰ ਲਈ ਅਤੇ ਗੋਆ ਦੇ ਪਾਦਰੀਆਂ ਨੂੰ ਵੀ ਕਈ ਕਿਸਮ ਦੇ ਇਕਰਾਰ ਕਰਕੇ ਆਪਣੇ ਨਾਲ ਕਰ ਲਿਆ। ਪੁਰਤਗੇਜ਼ੀਆਂ ਦੀ ਰੀਸੇ ਹਿੰਦੁਸਤਾਨ 'ਚ ਆਪਣੇ ਪੈਰ ਜਮਾਉਣ ਲਈ ਅੰਗਰੇਜ਼ਾਂ ਨੇ ਵੀ ਉਦੋਂ ਤਜਾਰਤ ਦੇ ਬਹਾਨੇ ਆਪਣੇ ਪ੍ਰਤੀਨਿਧ ਭੇਜੇ ਸਨ। ਅਕਬਰ ਪੁਰਤਗੇਜ਼ੀ ਪਾਦਰੀਆਂ ਦੀ ਸ਼ਹਿ 'ਤੇ ਅੰਗਰੇਜ਼ਾਂ ਨੂੰ ਅਜੇ ਲਾਰੇ-ਲੱਪੇ ਲਾ ਰਿਹਾ ਸੀ, ਪਰ ਸਲੀਮ ਨੇ ਉਹਨਾਂ ਨੂੰ ਵੀ ਆਪਣਾ ਪੱਖੀ ਬਣਾਉਣ ਲਈ ਵਿੱਚ ਪੈ ਕੇ ਉਹਨਾਂ ਨੂੰ ਤਜਾਰਤ ਦੀ ਇਜਾਜ਼ਤ ਲੈ ਦਿੱਤੀ। ਇਸ ਸਾਰੀ ਦੌੜ-ਭੱਜ ਦਾ ਸਦਕਾ ਜਦ ਅਕਬਰ 17 ਅਕਤੂਬਰ 1605 ਨੂੰ ਸਦਾ ਲਈ ਅੱਖਾਂ ਮੀਟ ਗਿਆ, ਤਾਂ ਉਸ ਦੀ ਥਾਂ ਉਸ ਦਾ ਪੁੱਤਰ ਸਲੀਮ ਤਖਤ 'ਤੇ ਬੈਠਾ, ਜੋ ਜਹਾਂਗੀਰ ਦੇ ਨਾਂ ਨਾਲ ਮਸ਼ਹੂਰ ਹੋਇਆ।

ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਜਹਾਂਗੀਰ ਜਦ ਤੋਂ ਤਖਤ 'ਤੇ

ਬੈਠਾ ਸੀ, ਉਸ ਨੇ ਉਦੋਂ ਤਕ ਕਿਸੇ ਨੂੰ ਵੀ ਸ਼ਰ੍ਹਾ ਹੇਠ ਮੌਤ ਦੇ ਘਾਟ ਨਹੀਂ ਸੀ ਉਤਾਰਿਆ। ਉਸ ਨੇ ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕਰਨ ਵਾਸਤੇ ਕਿਸੇ ਸ਼ਰ੍ਹਾ ਜਾਂ ਮੁੱਲਾ-ਮੁਲਾਣੇ ਦਾ ਸਹਾਰਾ ਨਹੀਂ ਸੀ ਲਿਆ। ਜੇ ਸ਼ਰ੍ਹਾ ਮੁਤਾਬਕ ਜਹਾਂਗੀਰ ਗੁਰੂ ਸਾਹਿਬ ਨੂੰ ਸ਼ਹੀਦ ਕਰਨਾ ਚਾਹੁੰਦਾ ਤਾਂ ਉਸ ਵੇਲੇ ਹੀ ਸ਼ਹੀਦ ਕਰ ਸਕਦਾ ਸੀ, ਜਦੋਂ ਮੀਆਂ ਮੀਰ ਵਰਗੇ ਕਈ ਮੁਸਲਮਾਨ ਫਕੀਰ ਉਹਨਾਂ ਦੀ ਸ਼ਬਦ-ਦੁਕਾਨ ਤੋਂ ਸੌਦਾ ਲੈ ਰਹੇ ਸਨ। ਕਿਉਂਕਿ ਕਿਸੇ ਮੁਸਲਮਾਨ ਨੂੰ ਗੁਮਰਾਹ ਕਰਕੇ ਕਾਫਰ ਬਣਾਉਣ ਦੀ ਆਪਣੇ ਆਪ 'ਚ ਸਜ਼ਾ ਮੌਤ ਤੋਂ ਕਿਸੇ ਤਰ੍ਹਾਂ ਵੀ ਘਟ ਨਹੀਂ ਅਤੇ ਗੁਰੂ ਅਰਜਨ ਸਾਹਿਬ ਇਸ ਪੱਖ ਤੋਂ ਮੌਤ ਦੀ ਸਜ਼ਾ ਦੇ ਅਧਿਕਾਰੀ ਸਨ। ਭਾਵੇਂ ਜਹਾਂਗੀਰ ਗੁਰੂ ਦੀ ਸ਼ਬਦ-ਹੱਟੀ ਤੋਂ ਖ਼ੁਸ਼ ਨਹੀਂ ਸੀ ਅਤੇ ਉਹ ਬੰਦ ਕਰਣ ਦੀਆਂ ਸੋਚਾਂ ਸੋਚ ਰਿਹਾ ਸੀ, ਪਰ ਗੁਰੂ ਅਰਜਨ ਸਾਹਿਬ ਨੂੰ ਗ੍ਰਿਫਤਾਰ ਕਰਨ ਜਾਂ ਸ਼ਹੀਦ ਕਰਨ ਬਾਰੇ ਉਦੋਂ ਤਕ ਆਪਣਾ ਮਾਨਸਿਕ ਫੈਸਲਾ ਨਹੀਂ ਸੀ ਕਰ ਸਕਿਆ।

ਜਹਾਂਗੀਰ ਨੇ ਤਖਤ 'ਤੇ ਬੈਠਦਿਆਂ ਹੀ ਖੁਸਰੋ (ਆਪਣੇ ਪੁੱਤਰ)ਨੂੰ ਆਗਰੇ ਦੇ ਕਿਲ੍ਹੇ 'ਚ ਨਜ਼ਰਬੰਦੀ ਦੀ ਹਾਲਤ 'ਚ ਰੱਖਿਆ ਹੋਇਆ ਸੀ। ਖੁਸਰੋ 6 ਅਪ੍ਰੈਲ ਸੰਨ 1606 ਨੂੰ ਮੌਕਾ ਪਾ ਕੇ ਉਥੋਂ ਸਾਢੇ ਤਿੰਨ ਕੁ ਸੌ ਅਸਵਾਰਾਂ ਸਮੇਤ ਪੰਜਾਬ ਵਲ ਭੱਜ ਨਿਕਲਿਆ। ਇਤਨੇ ਕੁ ਹੋਰ ਉਸ ਨੂੰ ਰਾਹ 'ਚ ਮਥਰਾ ਤੋਂ ਮਿਲ ਗਏ ਅਤੇ ਦਿੱਲੀ ਅਪੜਨ ਤਕ ਬਾਰਾਂ ਕੁ ਹਜ਼ਾਰ ਬੰਦੇ ਉਸ ਨਾਲ ਹੋ ਗਏ। ਪੰਜਾਬ ਦੀ ਰਾਜਧਾਨੀ 'ਤੇ ਕਬਜ਼ਾ ਜਮਾਉਣ ਲਈ ਖੁਸਰੋ ਲਾਹੌਰ ਪਹੁੰਚਿਆ। ਉਸ ਦੇ ਪਹੁੰਚਣ ਤੋਂ ਦੋ ਦਿਨ ਪਹਿਲਾਂ ਹੀ ਜਹਾਂਗੀਰ ਦੇ ਇਕ ਵਫਾਦਾਰ ਸਰਦਾਰ ਨੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ। ਖੁਸਰੋ ਨੇ ਨੌਂ ਦਿਨ ਘੇਰਾ ਘੱਤੀ ਰੱਖਿਆ, ਪਰ ਬਣਿਆ ਕੁਝ ਨਾ। ਉਧਰੋਂ ਜਹਾਂਗੀਰ ਵੀ ਫੌਜ ਲੈਕੇ ਸਿਰ ਤੇ ਆ ਪਹੁੰਚਿਆ। ਖੁਸਰੋ ਭੱਜ ਨਿਕਲਿ ਆ, ਪਰ ਦਰਿਆ ਝਨਾਂ ਤੇ ਸੋਧਰੇ ਦੇ ਪਾਸ ਉਥੋਂ ਦੇ ਚੌਧਰੀ ਦੇ ਰਾਹੀਂ ਕੁਝ ਸਾਥੀਆਂ ਸਮੇਤ ਫੜਿਆ ਗਿਆ।

ਜਹਾਂਗੀਰ ਨੂੰ ਇਤਨਾ ਸਹਿਕ ਸਹਿਕ ਕੇ ਤਖਤ ਲੱਭਾ ਸੀ। ਪੁੱਤਰ ਦੀ ਬਗ਼ਾਵਤ ਕਾਰਨ ਉਸ ਦੇ ਗੁੱਸੇ ਦੇ ਭਾਂਬੜ ਮੱਚਣ ਲੱਗ ਪਏ ਸਨ। ਆਪਣੀ ਈਰਖਾ ਤੇ ਕਰੋਧ ਦੀ ਅੱਗ ਨੂੰ ਸ਼ਾਂਤ ਕਰਨ ਲਈ ਜਹਾਂਗੀਰ ਨੇ ਉਸ ਦੇ ਸਾਥੀਆਂ ਨੂੰ ਕਹਿਰਾਂ ਦੇ ਤਸੀਹੇ ਦੇ ਕੇ, ਸ਼ਹਿਰ ਦੇ ਦਰਵਾਜ਼ਿਆਂ ਦੇ ਸਾਹਮਣੇ ਸੂਲੀ 'ਤੇ ਲ ਟਕਵਾ ਦਿੱਤਾ। ਖੁਸਰੋ ਦੇ ਹਮਾਇਤੀਆਂ ਨੂੰ ਖੁਲ੍ਹੇ ਬਜ਼ਾਰਾਂ 'ਚ ਤਸੀਹੇ ਦਿੱਤੇ ਗਏ ਅਤੇ ਜਹਾਂਗੀਰ ਖੁਸਰੋ ਨੂੰ ਨਾਲ ਲੈਕੇ ਆਪ ਵੇਖਦਾ ਸੀ, ਹੱਸਦਾ ਸੀ ਅਤੇ ਖੁਸਰੋ ਨੂੰ ਚੋਭਾਂ ਦੇਣ ਲਈ ਆਖਦਾ ਸੀ ਕਿ ਆਪਣੇ ਵਫਾਦਾਰਾਂ ਦੀ ਸਲਾਮ ਕਬੂਲ ਕਰੋ। ਜਹਾਂਗੀਰ ਨੇ ਪਹਿਲੇ ਦੋ ਦਿਨਾਂ 'ਚ ਹੀ ਆਪ ਸਾਹਮਣੇ ਖਲੋ ਕੇ ਆਪਣੇ ਬਾਗ਼ੀ ਪੁੱਤਰ ਖੁਸਰੋ ਦੇ ਸਾਰੇ ਸਾਥੀਆਂ ਦੀ ਅਲਖ ਮੁਕਾ ਦਿੱਤੀ। ਖੁਸਰੋ ਦੇ ਸਾਥੀ ਹੁਸੈਨ

ਬੇਗ ਅਤੇ ਅਬਦੁਲ ਰਹਿਮਾਨ ਨੂੰ ਖੋਤੇ ਤੇ ਗਾਂ ਦੇ ਕੱਚੇ ਚਮੜੇ 'ਚ ਮੜ੍ਹ ਕੇ ਖਤਮ ਕੀਤਾ ਗਿਆ। ਕਈ ਹਿਮਾਇਤੀਆਂ ਨੂੰ ਤਸੀਹੇ ਦੇ ਦੇ ਕੇ, ਮਾਰ ਕੇ, ਸ਼ਹਿਰ ਦੇ ਮੁਖੀ ਦਰਵਾਜ਼ਿਆਂ ਦੇ ਸਾਹਮਣੇ ਸੂਲੀਆਂ 'ਤੇ ਟੰਗਵਾ ਦਿੱਤਾ।

ਗੁਰੂ-ਘਰ ਦੇ ਵਿਰੋਧੀਆਂ ਨੇ ਜਹਾਂਗੀਰ ਦੇ ਕੰਨ ਭਰੇ ਕਿ ਗੁਰੂ ਅਰਜਨ ਸਾਹਿਬ ਨੇ ਖੁਸਰੋ ਦੇ ਮੱਥੇ 'ਤੇ ਤਿਲਕ ਲਾਇਆ ਸੀ, ਉਸ ਨੂੰ ਅਸੀਸ ਦਿੱਤੀ ਸੀ ਅਤੇ ਰੁਪਏ ਨਾਲ ਵੀ ਮਦਦ ਕੀਤੀ ਸੀ। ਉਹਨਾਂ ਇਹ ਵੀ ਇਲਜ਼ਾਮ ਲਾਇਆ ਕਿ ਗੁਰੂ ਸਾਹਿਬ ਦੀ ਪ੍ਰੇਰਨਾ, ਕਾਰਨ ਕਈ ਮੂਰਖ ਮੁਸਲਮਾਨ ਦੀਨ ਛੱਡਦੇ ਜਾ ਰਹੇ ਸਨ। ਵਿਰੋਧੀ ਜਾਣਦੇ ਸਨ ਕਿ ਉਹਨਾਂ ਦਾ ਇਹ ਵਾਰ ਕਦੇ ਉੱਕ ਨਹੀਂ ਸੀ ਸਕਦਾ। ਜਹਾਂਗੀਰ ਨੇ ਤਖਤ ਹਾਸਲ ਕਰਨ ਲਈ ਅਸਰ-ਰਸੂਖ ਰੱਖਣ ਵਾਲੇ ਦਰਬਾਰੀਆਂ ਨੂੰ ਇਸਲਾਮ ਦੀ ਰਾਖੀ ਦਾ ਬਚਨ ਦਿੱਤਾ ਹੋਇਆ ਸੀ।

ਉਸ ਨੂੰ ਮਾਝੇ 'ਚ ਸਿੱਖ ਧਰਮ ਦੇ ਡੂੰਘੇ ਰਸੂਖ ਦਾ ਵੀ ਪਤਾ ਸੀ। ਸਭਨਾਂ ਗੱਲਾਂ ਨੂੰ ਧਿਆਨ 'ਚ ਰੱਖ ਕੇ ਉਸ ਨੇ ਗੁਰੂ ਅਰਜਨ ਸਾਹਿਬ ਦੀ ਗ੍ਰਿਫਤਾਰੀ ਦਾ ਹੁਕਮ ਜਾਰੀ ਕਰ ਦਿੱਤਾ। ਇਹ ਫੈਸਲਾ ਦਿੱਤਾ ਕਿ ਉਹਨਾਂ ਨੂੰ ਸਿਯਾਸਤ ਤੇ 'ਯਾਸਾ' ਦੇ ਕਾਨੂੰਨ ਮੁਤਾਬਕ ਤਸੀਹੇ ਦੇਕੇ ਮਾਰਿਆ ਜਾਏ। ਪਰ ਉਸ ਦੀ ਅੰਦਰੋਂ ਜ਼ਮੀਰ ਜਾਣਦੀ ਸੀ ਕਿ ਖੁਸਰੋਂ ਦੀ ਹਮਾਇਤ ਕਰਨ 'ਚ ਗੁਰੂ ਸਾਹਿਬ ਦਾ ਕੋਈ ਹੱਥ ਨਹੀਂ ਸੀ। ਹੁਕਮ ਦੇਕੇ ਉਹ ਆਪ ਲਾਹੌਰੋਂ ਚਲਾ ਗਿਆ। ਉਸ ਨੇ ਆਪਣੇ ਅਸਲੀ ਵੈਰੀਆਂ ਦੇ ਤਸੀਹੇ ਆਪਣੀ ਅਖੀਂ ਵੇਖੇ ਸਨ ਅਤੇ ਵੇਖ ਵੇਖ ਕੇ ਖੁਸ਼ ਹੁੰਦਾ ਸੀ, ਗੁਰੂ ਅਰਜਨ ਸਾਹਿਬ ਨੂੰ ਦਿੱਤੇ ਗਏ ਤਸੀਹੇ ਉਸ ਨੇ ਆਪ ਵੇਖਣ ਦੀ ਹਿੰਮਤ ਨਹੀਂ ਸੀ ਕੀਤੀ। ਸਗੋਂ ਗ੍ਰਿਫਤਾਰੀ ਦਾ ਹੁਕਮ ਦੇਕੇ ਆਪ ਲਾਹੌਰੋਂ ਚਲਾ ਗਿਆ ਸੀ।

ਇਥੇ ਇਕ ਹੋਰ ਗੱਲ ਵੀ ਨੋਟ ਕਰਨ ਵਾਲੀ ਹੈ ਉਹ ਇਹ ਕਿ ਖੁਸਰੋ ਦੇ ਨਾਲ ਸ਼ਾਮਲ ਹੋਏ ਸਾਥੀਆਂ 'ਚੋਂ ਬਹੁਤੇ ਲੁੱਟ-ਮਾਰ ਦੀ

ਆਸ 'ਤੇ ਸ਼ਾਮਲ ਹੋਏ ਸਨ। ਉਹ ਲੋਕ ਰਾਹ 'ਚ ਲੁੱਟ-ਮਾਰ ਕਰਦੇ ਆਏ ਸਨ। ਸਿੱਟਾ ਇਹ ਨਿਕਲਿਆ ਕਿ ਜਿਨ੍ਹੀਂ ਰਾਹੀਂ ਖੁਸਰੋ ਲੰਘਿਆ, ਉਹ ਲੁੱਟੇ-ਪੁੱਟੇ ਲੋਕ ਖੁਸਰੋ ਦੇ ਵਿਰੋਧੀ ਹੁੰਦੇ ਗਏ। ਜਦੋਂ ਜਹਾਂਗੀਰ ਉਸ ਦੇ ਪਿੱਛੇ ਪਿੱਛੇ ਉਹਨੀਂ ਰਾਹੀਂ ਲੰਘਿਆ, ਤਾਂ ਲੁੱਟੇ-ਪੁੱਟੇ ਲੋਕ ਖੁਸਰੋ ਦੀ ਹਮਾਇਤ ਕਰਨ ਵਾਲੇ ਬੰਦਿਆਂ ਦੇ ਨਾਮ ਜਹਾਂਗੀਰ ਨੂੰ ਦੱਸਦੇ ਗਏ।

ਜਦੋਂ ਜਹਾਂਗੀਰ ਖੁਸਰੋ ਦਾ ਪਿੱਛਾ ਕਰਦਾ ਲਾਹੌਰ ਨੂੰ ਜਾ ਰਿਹਾ ਸੀ, ਤਾਂ ਉਦੋਂ ਜਿੱਥੇ ਜਿੱਥੇ ਉਸ ਨੂੰ ਖਬਰ ਮਿਲੀ ਕਿ ਫਲਾਣੇ ਸ਼ਖਸ ਨੇ ਖੁਸਰੋ ਦੀ ਮਦਦ

ਕੀਤੀ, ਤਾਂ ਉਥੇ ਉਥੇ ਉਸ ਨੇ ਉਹਨਾਂ ਲੋਕਾਂ ਨੂੰ ਸਜ਼ਾਵਾਂ ਦਿੱਤੀਆਂ ਸਨ। ਥਾਨੇਸਰ ਦੇ ਸ਼ੇਖ ਨਜ਼ਾਮ ਨੇ ਖੁਸਰੋ ਵਾਸਤੇ ਰੱਬ ਦੀ ਦਰਗਾਹ 'ਚ ਦੁਆ ਕੀਤੀ ਸੀ। ਜਹਾਂਗੀਰ ਨੇ ਥਾਨੇਸਰ ਪਹੁੰਚ ਕੇ ਉਸ ਨੂੰ ਗੱਦੀ ਤੋਂ ਲਾਹ ਦਿੱਤਾ ਅਤੇ ਮੱਕੇ ਭੇਜ ਦਿੱਤਾ ਸੀ। ਦਿੱਲੀ-ਲਾਹੌਰ ਵਾਲੀ ਸੜਕ ਗੋਇੰਦਵਾਲ ਦੇ ਕੋਲੋਂ ਲੰਘਦੀ ਸੀ। ਜਹਾਂਗੀਰ ਆ ਕੇ ਠਹਿਰਿਆ ਵੀ ਸੀ, ਪਰ ਕਿਸੇ ਨੇ ਗੁਰੂ ਅਰਜਨ ਸਾਹਿਬ ਦੇ ਵਿਰੁੱਧ ਖੁਸਰੋ ਦੀ ਹਮਾਇਤ ਬਾਰੇ ਸ਼ਿਕਾਇਤ ਨਹੀਂ ਸੀ ਕੀਤੀ। ਗੁਰੂ ਸਾਹਿਬ ਉਹਨੀਂ ਦਿਨੀ ਗੋਇੰਦਵਾਲ 'ਚ ਨਹੀਂ ਸਨ।

11) ਗੁਰੂ ਅਰਜਨ ਸਾਹਿਬ ਦੀ ਸ਼ਹਾਦਤ 'ਚ ਜਹਾਂਗੀਰ ਦਾ ਰੋਲ

ਜ਼ਹਾਂਗੀਰ ਅਕਬਰ ਦੇ ਘਰ 30 ਅਗਸਤ 1569 'ਚ ਪੈਦਾ ਹੋਇਆ। ਜਿਉਂ ਜਿਉਂ ਜਵਾਨ ਹੁੰਦਾ ਗਿਆ, ਹਿੰਦੁਸਤਾਨ ਦੇ ਤਖਤ 'ਤੇ ਬੈਠਣ ਦੀ ਲਾਲਸਾ ਉਸ ਅੰਦਰ ਵਧਦੀ ਗਈ। ਉਹ ਇਸ ਗਲੋਂ ਬਹੁਤ ਦੁਖੀ ਸੀ ਕਿ ਉਸ ਦਾ ਪਿਉ ਅਕਬਰ ਮਰਨ 'ਚ ਨਹੀਂ ਸੀ ਆ ਰਿਹਾ। ਅਕਬਰ ਨੇ ਰਾਜ ਵੀ ਤਾਂ ਪੰਜ ਦਹਾਕਿਆਂ ਤੋਂ ਕੇਵਲ ਇਕ ਸਾਲ ਘਟ ਕੀਤਾ ਸੀ। ਜਹਾਂਗੀਰ ਦੀਆਂ ਆਦਤਾਂ ਅਕਬਰ ਨੂੰ ਪਸੰਦ ਨਹੀਂ ਸਨ, ਜਿਸ ਕਰਕੇ ਉਹ ਤਖਤ ਜਹਾਂਗੀਰ ਨੂੰ ਦੇਣ ਦੀ ਬਜਾਏ ਆਪਣੇ ਹਮ-ਖਿਆਲ ਪੋਤਰੇ (ਜਹਾਂਗੀਰ ਦੇ ਬੇਟੇ) ਖੁਸਰੋ ਨੂੰ ਦੇਣਾ ਚਾਹੁੰਦਾ ਸੀ।

ਜ਼ਹਾਂਗੀਰ ਨੇ ਤਖਤ ਹਥਿਆਉਣ ਲਈ ਹਰ ਹੀਲਾ ਹਰਬਾ ਵਰਤਿਆ। ਕਿਹਾ ਜਾਂਦਾ ਹੈ ਕਿ ਉਸ ਨੇ ਆਪਣੇ ਪਿਉ ਨੂੰ ਸੰਨ 1591 'ਚ ਜ਼ਹਿਰ ਵੀ ਦਿਵਾਇਆ, ਪਰ ਅਕਬਰ ਥੋੜਾ ਅਰਸਾ ਬੀਮਾਰ ਰਹਿ ਕੇ ਬਚ ਗਿਆ। ਸੰਨ 1601 'ਚ ਉਸ ਬਗ਼ਾਵਤ ਵੀ ਕੀਤੀ, ਪਰ ਕਾਮਯਾਬ ਨਹੀਂ ਸੀ ਹੋਇਆ। ਉਸ ਨੇ ਪਿਉ ਨਾਲ ਉਪਰੋਂ ਉਪਰੋਂ ਸਮਝੌਤਾ ਵੀ ਕਰ ਲਿਆ, ਪਰ ਉਸ ਦੇ ਦਿਲ ਅੰਦਰ ਇਹ ਤੌਖਲਾ ਵੀ ਕਾਇਮ ਰਿਹਾ ਕਿ ਅਕਬਰ ਦੇ ਮਰਨ ਪਿਛੋਂ ਖੁਸਰੋ ਤਖਤ ਕਾਬੂ ਕਰਨ 'ਚ ਕਾਮਯਾਬ ਨਾ ਹੋ ਜਾਵੇ। ਜਹਾਂਗੀਰ ਤਖਤ ਹਾਸਲ ਕਰਨ ਲਈ ਹਰ ਇਕ ਧੜੇ ਨਾਲ ਗੰਢ-ਤਰੁਪ ਕਰਕੇ ਆਪਣੇ ਨਾਲ ਲੈਣ ਦੇ ਯਤਨ ਕਰਦਾ ਰਿਹਾ।

ਅਕਬਰ ਦੇ ਦਰਬਾਰੀਆਂ 'ਤੇ ਨਕਸ਼ਬੰਦੀ ਫਿਰਕੇ ਦੇ ਆਗੂ ਸ਼ੇਖ ਅਹਿਮਦ ਸਰਹੰਦੀ ਦਾ ਬਹੁਤ ਪ੍ਰਭਾਵਪੈ ਚੁੱਕਾ ਸੀ। ਉਹ ਕੱਟੜ ਮੁਸਲਮਾਨ ਹੋਣ ਕਰਕੇ ਅਕਬਰ ਦੀ ਨਿਰਪੱਖ ਨੀਤੀ ਨਾਲ ਉੱਕਾ ਹੀ ਸਹਿਮਤ ਨਹੀਂ ਸੀ। ਉਸੇ ਨੀਤੀ 'ਤੇ ਚਲਣ ਵਾਲਾ ਖੁਸਰੋ ਵੀ ਉਹਨਾਂ ਨੂੰ ਕਿਵੇਂ ਪਸੰਦ ਆ ਸਕਦਾ ਸੀ? ਜਹਾਂਗੀਰ ਨੇ ਕੱਟੜ ਤੇ ਮੁਤਅੱਸਬੀ ਮੁਸਲਮਾਨਾਂ ਨੂੰ ਆਪਣੀ ਕੱਟੜ ਮੁਸਲਿਮ ਨੀਤੀ ਲਾਗੂ ਕਰਨ ਦਾ ਭਰੋਸਾ ਦੇਕੇ ਤਖਤ ਹਥਿਆਉਣ 'ਚ ਸਹਾਇਤਾ ਲੈਣ

ਲਈ ਆਪਣੇ ਨਾਲ ਗੰਢ ਲਿਆ। ਸ਼ਾਹੀ ਦਰਬਾਰੀਆਂ 'ਚੋਂ ਪ੍ਰਭਾਵਸ਼ਾਲੀ ਵਿਅਕਤੀ ਸ਼ੇਖ ਬੁਖਾਰੀ ਮੁਰਤਜ਼ਾ ਖ਼ਾਂ ਸੀ, ਜਿਸ ਦੀਆਂ ਸਾਰੀਆਂ ਸਰਗਰਮੀਆਂ ਦਾ ਸੰਚਾਲਕ ਸ਼ੇਖ ਅਹਿਮਦ ਸਰਹੰਦੀ ਸੀ, ਨੂੰ ਆਪਣੇ ਨਾਲ ਜੋੜ ਲਿਆ। ਜਹਾਂਗੀਰ ਈਸਾਈ ਪਾਦਰੀਆਂ ਨੂੰ ਵੀ ਝਾਂਸੇ ਦੇਕੇ ਆਪਣਾ ਪੱਖੀ ਬਣਾਉਣ 'ਚ ਪਿੱਛੇ ਨਹੀਂ ਸੀ ਰਿਹਾ। ਇਥੋਂ ਤਕ ਕਿ ਪਾਦਰੀ ਸਮਝਣ ਲੱਗ ਪਏ ਸਨ ਜਿਵੇਂ ਕਿ ਜਹਾਂਗੀਰ ਈਸਾਈ ਹੀ ਬਣ ਗਿਆ ਸੀ।

ਜ਼ਹਾਂਗੀਰ ਬੜਾ ਚੁਸਤ ਤੇ ਦੂਰ ਦੀ ਸੋਚਣ ਵਾਲਾ ਸੀ। ਪਰੰਤੂ ਸ਼ੇਖ ਅਹਿਮਦ ਸਰਹੰਦੀ ਨੇ ਸ਼ੇਖ ਬੁਖਾਰੀ ਰਾਹੀਂ ਹਾਲਾਤ ਦਾ ਪੂਰਾ ਫਾਇਦਾ ਉਠਾਂਦੇ ਹੋਏ ਜਹਾਂਗੀਰ ਤੋਂ ਆਪਣੀਆਂ ਸ਼ਰਤਾਂ ਸਪਸ਼ਟ ਤੌਰ ਤੇ ਮੰਨਵਾ ਕੇ ਹੀ ਉਸ ਨੂੰ ਤਖਤ ਹਾਸਲ ਕਰਨ 'ਚ ਹਰ ਪ੍ਰਕਾਰ ਦੀ ਮਦਦ ਦਿੱਤੀ। ਸ਼ੇਖ ਬੁਖਾਰੀ ਨੇ ਨਾ ਕੇਵਲ ਕੱਟੜ ਦਰਬਾਰੀਆਂ ਦੀ ਮਦਦ ਦੁਆ ਕੇ ਜਹਾਂਗੀਰ ਨੂੰ ਤਖਤ ਹਾਸਲ ਕਰਵਾਇਆ, ਸਗੋਂ ਉਸ ਦੀ ਤਾਕਤ ਨੂੰ ਪੱਕੇ ਪੈਰਾਂ 'ਤੇ ਖੜਾ ਕਰਨ 'ਚ ਵੀ ਭਾਰੀ ਮਦਦ ਕੀਤੀ। ਇਥੇ ਹੀ ਬਸ ਨਹੀਂ ਜਦ ਜਹਾਂਗੀਰ ਨੂੰ ਅਕਬਰ ਦਾ ਜਾਨਸ਼ੀਨ ਬਣਾਉਣ 'ਚ ਕਾਮਯਾਬ ਹੋ ਗਿਆ, ਤਾਂ ਉਸ ਜਹਾਂਗੀਰ ਨੂੰ 'ਇਸਲਾਮ ਦੇ ਬਾਦਸ਼ਾਹ' ਦੀ ਉਪਾਧੀ ਨਾਲ ਸਨਮਾਨਤ ਵੀ ਕੀਤਾ।

ਜ਼ਹਾਂਗੀਰ ਦੇ ਤਖਤ 'ਤੇ ਬੈਠਣ ਤੇ ਕੱਟੜ ਪੰਥੀ ਮੁਸਲਮਾਨ ਕਿਤਨੇ ਖੁਸ਼ ਹੋਏ, ਉਸ ਦਾ ਅੰਦਾਜ਼ਾ 'ਮਕਤੂਬਾਤਿ-ਇਮਾਮਿ-ਰਬਾਨੀ' ਦੀ ਚਿੱਠੀ ਨੰਬਰ 47, ਜੋ ਉਦੋਂ ਸ਼ੇਖ ਫਰੀਦ ਬੁਖਾਰੀ ਨੂੰ ਲਿਖੀ ਗਈ ਸੀ, 'ਚ ਦਰਸਾਏ ਜਜ਼ਬਾਤ ਤੋਂ ਲ ਗਾਇਆ ਜਾ ਸਕਦਾ ਹੈ। ਉਸ 'ਚ ਉਹ ਲਿਖਦਾ ਹੈ ਕਿ ਇਸਲਾਮ ਦੀ ਸਰਬ-ਉੱਤਮਤਾ ਨੂੰ ਨਾ ਮੰਨਣ ਵਾਲੇ ਅਕਬਰ ਬਾਦਸ਼ਾਹ ਦੀ ਮੌਤ ਦੀ ਖਬਰ ਅਤੇ 'ਇਸਲਾਮ ਦੇ ਬਾਦਸ਼ਾਹ' ਦੇ ਤਖਤ 'ਤੇ ਬੈਠਣ ਦੀ ਖਬਰ ਉਂਜ ਸਾਰੇ ਸੱਚੇ ਮੁਸਲ ਮਾਨਾਂ ਨੇ ਬੜੇ ਚਾਅ ਨਾਲ ਸੁਣੀ ਤੇ ਸਭ ਨੇ ਫੈਸਲਾ ਕੀਤਾ ਹੈ ਕਿ 'ਇਸਲਾਮ ਦੇ ਬਾਦਸ਼ਾਹ' ਜਹਾਂਗੀਰ ਨੂੰ ਪੂਰੀ ਪੂਰੀ ਮਦਦ ਦਿੱਤੀ ਜਾਏ, ਤਾਂਕਿ ਇਸਲਾਮ ਦਾ ਭਰਪੂਰ ਪਸਾਰਾ ਕਰਕੇ ਇਸ ਦੀ ਤਾਕਤ 'ਚ ਵਾਧਾ ਕੀਤਾ ਜਾਏ।

ਤਖਤ ਮਿਲਣ ਉਪਰੰਤ ਰਾਜਨੀਤੀ ਵਰਤਦਿਆਂ ਜਹਾਂਗੀਰ ਨੇ ਆਪਣੇ ਵਿਰੋਧੀ ਦਰਬਾਰੀ ਰਾਜਾ ਮਾਨ ਸਿੰਘ ਨਾਲ ਵੀ ਵਕਤੀ ਤੌਰ ਤੇ ਸਮਝੌਤਾ ਜਿਹਾ ਕਰ ਲਿਆ ਸੀ। ਖੁਸਰੋ ਨੇ ਬਗ਼ਾਵਤ ਕਰ ਦੇਣ ਦੀ ਸਕੀਮ ਬਣਾਈ ਸੀ। ਉਸ ਨੂੰ ਖੁਸ਼ ਕਰਨ ਲਈ ਇਕ ਲੱਖ ਰੁਪਿਆ ਫੌਰੀ ਤੌਰ ਤੇ ਦੇ ਦਿੱਤਾ ਤਾਂ ਕਿ ਉਹ ਆਗਰੇ ਦੇ ਕਿਲ੍ਹੇ ਵਾਲੇ ਮਹੱਲ ਨੂੰ ਸਜਾ ਸੰਵਾਰ ਲਵੇ। ਅਸਲ 'ਚ ਉਹਦੀ ਤਾਕਤ ਨੂੰ ਠੱਲ੍ਹ ਪਾਉਣ ਲਈ ਖੁਸਰੋ ਨੂੰ ਕਿਲ੍ਹੇ 'ਚ ਨਜ਼ਰਬੰਦ ਜਿਹਾ ਕਰ ਸਕਣ ਦੀ ਹੀ

ਸਕੀਮ ਸੀ। ਖੁਸਰੋ ਸਭ ਕੁਝ ਜਾਣ ਚੁੱਕਾ ਸੀ। ਉਹ 6 ਅਪ੍ਰੈਲ 1606 ਨੂੰ ਇਸ ਆਸ ਨਾਲ ਆਗਰੇ ਤੋਂ ਭੱਜ ਨਿਕਲਿਆ ਕਿ ਪੰਜਾਬ ਤੇ ਉੱਤਰ-ਪੱਛਮ ਦੇ ਇਲਾਕੇ 'ਚੋਂ ਆਪਣੇ ਸਭ ਹਿਮਾਇਤੀਆਂ ਨੂੰ ਨਾਲ ਲੈਕੇ ਭਾਰੀ ਬਗ਼ਾਵਤ ਕਰੇਗਾ। ਰਾਹ 'ਚ ਮਥਰਾ ਤੇ ਦਿੱਲੀ ਤੋਂ ਉਸ ਨੇ ਆਪਣੀ ਫੌਜ 'ਚ ਬੜਾ ਵਾਧਾ ਕੀਤਾ ਅਤੇ ਲਾਹੌਰ 'ਤੇ ਜਾ ਚੜ੍ਹਾਈ ਕੀਤੀ। ਪਰ ਉਹ ਕਾਮਯਾਬ ਨਹੀ ਹੋਇਆ।

ਜ਼ਹਾਂਗੀਰ ਨੇ ਖੁਸਰੋ ਦੀ ਬਗ਼ਾਵਤ ਕੁਚਲਣ ਉਪਰੰਤ ਉਸ ਦੇ ਸਾਥੀਆਂ ਨੂੰ ਮਈ 606 ਦੇ ਪਹਿਲੇ ਹਫਤੇ ਲਾਹੌਰ ਵਿਖੇ ਤਸੀਹੇ ਦੇ ਦੇ ਕੇ ਹੌਲਨਾਕ ਤਰੀਕਿ ਾਂ ਨਾਲ ਮਾਰ ਦਿੱਤਾ ਸੀ। ਇਸ ਮੌਕੇ ਤੇ ਜਹਾਂਗੀਰ ਨੇ ਆਪਣੇ ਵਫਾਦਾਰਾਂ ਨੂੰ ਇਨਾ ; ਵੰਡੇ ਅਤੇ ਤਰੱਕੀਆਂ ਦਿੱਤੀਆਂ। ਸ਼ੇਖ ਫਰੀਦ ਬੁਖਾਰੀ ਨੂੰ ਲਾਹੌਰ ਦਾ ਕਿਲ੍ਹਾ ਬਚਾਉਣ ਦੀ ਸੇਵਾ ਬਦਲੇ "ਮੁਰਤਜ਼ਾ ਖ਼ਾਂ" ਦਾ ਖਿਤਾਬ ਦਿੱਤਾ ਗਿਆ।

ਉਦੋਂ ਤਕ ਜਹਾਂਗੀਰ ਦਾ ਧਿਆਨ ਗੁਰੂ ਅਰਜਨ ਸਾਹਿਬ ਅਤੇ ਉਹਨਾਂ ਦੀ ਸਿੱਖ ਲਹਿਰ ਵਲ ਨਹੀਂ ਸੀ ਗਿਆ। ਖੁਸਰੋ ਦੀ ਹਿਮਾਇਤ ਕਰਨ ਵਾਲਿਆਂ ਲ ਈ ਬਾਦਸ਼ਾਹ ਦੇ ਦਿਲ 'ਚ ਬਹੁਤ ਗੁੱਸਾ ਸੀ। ਉਸ ਮੌਕੇ ਦਾ ਫਾਇਦਾ ਉਠਾਉਂਦੇ ਹੋਏ ਸ਼ੇਖ ਅਹਿਮਦ ਸਰਹੰਦੀ ਤੇ ਸ਼ੇਖ ਫਰੀਦ ਬੁਖਾਰੀ ਆਦਿਕਾਂ ਦੀ ਚੰਡਾਲ ਚੌਂਕੜੀ ਨੇ ਇਕ ਸਕੀਮ ਬਣਾਈ ਅਤੇ 23 ਮਈ 1606 ਦੇ ਨੇੜੇ ਤੇੜੇ ਜਹਾਂਗੀਰ ਤਕ ਇਕ ਫਰਜ਼ੀ ਸ਼ਿਕਾਇਤ ਪਹੁੰਚਾਈ ਗਈ ਕਿ ਗੋਇੰਦਵਾਲ ਵਿਖੇ ਭੱਜੇ ਆਉਂਦੇ ਬਾਗ਼ੀ ਖੁਸਰੋ ਨੂੰ ਗੁਰੂ ਅਰਜਨ ਸਾਹਿਬ ਨੇ ਆਸਰਾ ਤੇ ਮਦਦ ਦਿੱਤੀ, ਤਾਂ ਜੋ ਉਹ ਜਹਾਂਗੀਰ ਦਾ ਟਾਕਰਾ ਕਰ ਸਕੇ। ਉਸ ਨੂੰ ਅਸ਼ੀਰਵਾਦ ਵੀ ਦਿੱਤਾ ਅਤੇ ਮੱਥੇ ਤੇ ਕੇਸਰ ਦਾ ਤਿਲਕ ਲਗਾਇਆ। ਇਹ ਫਰਜ਼ੀ ਕਹਾਣੀ ਸਿਰਫ ਇਸ ਲਈ ਘੜੀ ਗਈ ਸੀ, ਤਾਂ ਕਿ ਜਹਾਂਗੀਰ ਦੇ ਗੁੱਸੇ ਨੂੰ ਭੜਕਾਇਆ ਜਾ ਸਕੇ ਅਤੇ ਖੁਸਰੋ ਦੇ ਹਿਮਾਇਤੀਆਂ ਵਾਂਗ ਗੁਰੂ ਸਾਹਿਬ ਨੂੰ ਹੌਲਨਾਕ ਤਸੀਹੇ ਦੇ ਕੇ ਸ਼ਹੀਦ ਕਰਾ ਦਿੱਤਾ ਜਾਵੇ।

ਅਸਲੀਅਤ ਤਾਂ ਇਹ ਹੈ ਕਿ ਜਦ ਤੋਂ ਜਹਾਂਗੀਰ ਗੱਦੀ 'ਤੇ ਬੈਠਾ ਸੀ, ਇਸ ਦੌਰਾਨ 'ਚ ਖੁਸਰੋ ਕਿਸੇ ਵੇਲੇ ਵੀ ਗੁਰੂ ਸਾਹਿਬ ਨੂੰ ਨਹੀਂ ਸੀ ਮਿਲ ਸਕਿਆ। ਦੂਜੀ ਗੱਲ ਇਹ ਕਿ ਖੁਸਰੋ ਦਾ ਪਿੱਛਾ ਸ਼ਾਹੀ ਫੌਜਾਂ ਨੇ ਉਸੇ ਰਸਤੇ ਥਾਣੀ ਕੀਤਾ ਸੀ, ਜਿਸ ਰਸਤੇ ਖੁਸਰੋ ਜਾ ਰਿਹਾ ਸੀ। ਸ਼ਿਕਾਇਤ 'ਚ ਇਹ ਕਿਹਾ ਗਿਆ ਸੀ ਕਿ ਜਦੋਂ ਖੁਸਰੋ ਨੇ ਗੋਇੰਦਵਾਲ ਦੇ ਪਤਣ ਤੋਂ ਬਿਆਸਾ ਪਾਰ ਕੀਤਾ ਸੀ, ਤਾਂ ਉਸ ਮੌਕੇ ਉਸ ਨੇ ਗੁਰੂ ਅਰਜਨ ਸਾਹਿਬ ਤੋਂ ਸਹਾਇਤਾ ਤੇ ਅਸ਼ੀਰਵਾਦ ਲਿਆ। 23 ਮਈ 1606 ਤਕ ਕੁਲ 27 ਦਿਨ ਪਹਿਲਾਂ ਖੁਸਰੋ ਦਾ ਪਿੱਛਾ ਕਰਦਿਆਂ ਹੋਇਆਂ ਜਹਾਂਗੀਰ ਆਪ ਗੋਇੰਦਵਾਲ ਤੋਂ ਲੰਘਿਆ ਸੀ। ਰਾਹ 'ਚ ਜਿਥੇ ਕਿਤੇ ਵੀ

ਪੜਤਾਲ ਕਰਨ 'ਤੇ ਖੁਸਰੋ ਦਾ ਕੋਈ ਹਿਮਾਇਤੀ ਸਾਬਤ ਹੋਇਆ, ਜਹਾਂਗੀਰ ਨੇ ਫੌਰੀ ਤੌਰ ਤੇ ਉਹਨਾਂ ਨੂੰ ਸਜ਼ਾਵਾਂ ਦੇ ਦਿੱਤੀਆਂ ਸਨ।

ਜਦ ਜਹਾਂਗੀਰ ਖ਼ੁਸਰੋ ਦਾ ਪਿੱਛਾ ਕਰ ਰਿਹਾ ਸੀ, ਗੋਇੰਦਵਾਲ ਜਾਂ ਗੋਇੰਦਵਾਲ ਦੇ ਆਸ ਪਾਸ ਜਹਾਂਗੀਰ ਨੂੰ ਐਸੀ ਕੋਈ ਸ਼ਿਕਾਇਤ ਨਹੀਂ ਸੀ ਮਿਲੀ ਅਤੇ ਨਾ ਹੀਂ ਗੋਇੰਦਵਾਲ ਪਾਰ ਕਰਨ ਸਮੇਂ (ਭਾਵ26 ਅਪ੍ਰੈਲ 1606 ਤੋਂ 22 ਮਈ ਤਕ) ਜਹਾਂਗੀਰ ਨੂੰ ਕੋਈ ਐਸੀ ਸ਼ਿਕਾਇਤ ਮਿਲੀ ਸੀ। ਸ਼ਿਕਾਇਤ ਪੁਜਦੀ ਵੀ ਕਿਵੇਂ? ਖ਼ੁਸਰੋ ਦਾ ਤਾਂ ਗੁਰੂ ਅਰਜਨ ਸਾਹਿਬ ਨਾਲ ਕੋਈ ਮੇਲ ਹੀ ਨਹੀਂ ਸੀ ਹੋ ਸਕਿਆ। ਸਮਕਾਲੀ ਲਿਖਤਾਂ ਦੇ ਪੜਚੋਲਣ ਤੋਂ ਪਤਾ ਲੱਗਦਾ ਹੈ ਕਿ ਗੁਰੂ ਸਾਹਿਬ ਉਸ ਸਮੇਂ ਗੋਇੰਦਵਾਲ ਵਿਖੇ ਹੀ ਨਹੀਂ ਸਨ। ਜਿਸ ਸਮੇਂ ਦੀ ਇਹ ਘਟਨਾ ਦੱਸੀ ਗਈ ਸੀ, ਉਸ ਸਮੇਂ ਸਤਿਗੁਰੂ ਪਾਤਸ਼ਾਹ ਤਰਨ ਤਾਰਨ ਵਿਖੇ ਸਨ।

ਅਸਲ ਗੱਲ ਤਾਂ ਉਪਰ ਦੱਸੀ ਜਾ ਚੁੱਕੀ ਹੈ ਕਿ ਸ਼ੇਖ ਅਹਿਮਦ ਸਰਹੰਦੀ ਤੇ ਸ਼ੇਖ ਬੁਖਾਰੀ ਆਦਿਕਾਂ ਨੇ ਮਿਲ ਕੇ ਇਹ ਸਾਜ਼ਸ਼ ਜਹਾਂਗੀਰ ਨੂੰ ਗੁਰੂ ਸਾਹਿਬ ਵਿਰੁੱਧ ਭੜਕਾਉਣ ਲਈ ਰਚੀ ਸੀ। ਇਸਲਾਮ ਵਿਰੋਧੀਆਂ ਦਾ ਦਮਨ ਕਰਨ ਦਾ ਜਹਾਂਗੀਰ ਨੇ ਪਹਿਲਾਂ ਹੀ ਵਾਅਦਾ ਕੀਤਾ ਹੋਇਆ ਸੀ। ਖੁਸਰੋ ਦੀ ਮਦਦ ਕਰਨ ਦਾ ਦੋਸ਼ ਭਾਵੇਂ ਫਰਜ਼ੀ ਤੇ ਜਾਹਲੀ ਹੀ ਸੀ, ਪਰ ਜਹਾਂਗੀਰ ਦੀ ਭੜਕਾਹਟ 'ਚ ਬਹੁਤ ਵਾਧਾ ਕਰਦਾ ਸੀ। ਜਹਾਂਗੀਰ ਵਲੋਂ ਦਿੱਤੀ ਗਈ ਸਜ਼ਾ ਜਿਥੇ ਜਹਾਂਗੀਰ ਦੀ ਨਿੱਜੀ ਬਦਲਾ ਲੈਣ ਦੀ ਭਾਵਨਾ ਨੂੰ ਪੂਰਿਆਂ ਕਰਦੀ ਸੀ, ਉਥੇ ਤੰਗ-ਦਿਲ ਮੁਸਲ ਮਾਨਾਂ 'ਚ ਖੁਸ਼ੀ ਪੈਦਾ ਕਰਦੀ ਸੀ। ਭਾਵੇਂ ਸ਼ਿਕਾਇਤ ਬਿਲਕੁਲ ਬੇਬੁਨਿਆਦ ਤੇ ਨਿਰਮੂਲ ਸੀ, ਪਰ ਉਸ ਦਾ ਬੜਾ ਵੱਡਾ ਪ੍ਰਤੀਕਰਮ ਜਹਾਂਗੀਰ ਦੇ ਮਨ ਤੇ ਹੋਇਆ, ਜੋ ਉਸ ਨੇ ਆਪਣੀ ਸਵੈ-ਲਿਖਤ ਤੁਜ਼ਕਿ ਜਹਾਂਗੀਰੀ 'ਚ ਦਿੱਤਾ ਹੈ।

"ਗੋਇੰਦਵਾਲ 'ਚ, ਜੋ ਬਿਆਸ ਨਦੀ ਦੇ ਕਿਨਾਰੇ ਤੇ ਹੈ, ਪੀਰਾਂ ਬਜ਼ੁਰਗਾਂ ਦੇ ਭੇਸ 'ਚ ਗੁਰੂ ਅਰਜੁਨ ਨਾਮ ਦਾ ਇਕ ਹਿੰਦੂ ਰਹਿੰਦਾ ਸੀ। ਉਸ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ ਸਗੋਂ ਬਹੁਤ ਸਾਰੇ ਮੂਰਖ ਤੇ ਬੇਸਮਝ ਮੁਸਲਮਾਨਾਂ ਨੂੰ ਵੀ ਆਪਣੀ ਰਹਿਤ ਬਹਿਤ ਦਾ ਸ਼ਰਧਾਲੂ ਬਣਾ ਕੇ ਆਪਣਾ ਵਲੀ ਤੇ ਪੀਰ ਹੋਣ ਦਾ ਢੋਲ ਬਹੁਤ ਉੱਚਾ ਵਜਾਇਆ ਹੋਇਆ ਸੀ। ਲੋਕ ਉਸ ਕੋਲ ਉਸ ਨੂੰ ਗੁਰੂ ਕਹਿੰਦੇ ਸਨ। ਸਾਰਿਆਂ ਪਾਸਿਆਂ ਤੋਂ ਫਰੇਬੀ ਤੇ ਠੱਗੀ-ਪਸੰਦ ਲੋਕ ਉਸ ਕੋਲ ਆ ਕੇ ਉਸ 'ਤੇ ਪੂਰਾ ਪੂਰਾ ਏਤਕਾਦ ਅਤੇ ਸ਼ਰਧਾ ਦਾ ਇਜ਼ਹਾਰ ਕਰਦੇ ਸਨ। ਤਿੰਨ ਚਾਰ ਪੀੜ੍ਹੀਆਂ ਤੋਂ ਉਹਨਾਂ ਦੀ ਇਹ ਦੁਕਾਨ ਗਰਮ ਸੀ। ਕਿਤਨੇ ਸਮੇਂ ਤੋਂ ਮੇਰੇ ਮਨ 'ਚ ਇਹ ਖਿਆਲ ਆਉਂਦਾ ਸੀ, ਕਿ ਝੂਠ ਦੀ ਇਸ ਦੁਕਾਨ ਨੂੰ ਬੰਦ ਕਰਨਾ ਚਾਹੀਦਾ ਹੈ ਜਾਂ ਉਸ ਗੁਰੂ ਨੂੰ ਮੁਸਲਮਾਨੀ ਮਤ 'ਚ ਲੈ ਆਉਣਾ ਚਾਹੀਦਾ ਹੈ।"

"ਇਹਨਾਂ ਦਿਨਾਂ 'ਚ ਹੀ ਖੁਸਰੋ ਨੇ ਇਹ ਬਿਆਸ ਦਰਿਆ ਪਾਰ ਕੀਤਾ। ਇਸ ਜਾਹਿਲ ਤੇ ਹਕੀਰ ਖ਼ੁਸਰੋ ਨੇ ਇਰਾਦਾ ਕੀਤਾ ਕਿ ਉਹ ਇਸ ਦੇ ਨਜ਼ਦੀਕ ਹੋਏ। ਉਸ ਨੇ ਗੁਰੂ ਦੇ ਰਹਿਣ ਦੇ ਡੇਰੇ ਤੇ ਆਪਣਾ ਪੜਾਅ ਕੀਤਾ। ਇਹ ਉਸ ਨੂੰ ਮਿਲਿ ਆ ਤੇ ਕਈ ਮਿਥੀਆਂ ਹੋਈਆਂ ਗੱਲਾਂ ਉਸ ਨੂੰ ਸੁਣਾਈਆਂ ਅਤੇ ਕੇਸਰ ਨਾਲ ਇਕ ਉਂਗਲੀ ਉਸ ਦੇ ਮੱਥੇ ਤੇ ਲਗਾਈ, ਜਿਸ ਨੂੰ ਹਿੰਦੂ ਤਿਲਕ ਕਹਿੰਦੇ ਹਨ ਅਤੇ ਚੰਗਾ ਸ਼ਗਨ ਕਰਕੇ ਸਮਝਦੇ ਹਨ। ਜਦ ਇਹ ਗੱਲ ਮੇਰੇ ਕੰਨਾਂ 'ਚ ਪਈ, ਤਦ ਮੈਂ ਅਗੇ ਹੀ ਇਹਨਾਂ ਦੇ ਝੂਠ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਮੈਂ ਹੁਕਮ ਦਿੱਤਾ ਕਿ ਉਸ ਨੂੰ ਹਾਜ਼ਰ ਕੀਤਾ ਜਾਵੇ ਅਤੇ ਉਸ ਦੇ ਘਰ ਘਾਟ ਤੇ ਬੱਚਿਆਂ ਨੂੰ ਮੁਰਤਜ਼ਾ ਖ਼ਾ ਦੇ ਹਵਾਲੇ ਕੀਤਾ ਜਾਵੇ ਅਤੇ ਉਸ ਦਾ ਮਾਲ ਅਸਬਾਬ ਜ਼ਬਤ ਕਰਕੇ ਹੁਕਮ ਦਿੱਤਾ ਕਿ ਉਸ ਨੂੰ 'ਸਿਆਸਤ' ਤੇ 'ਯਾਸਾ' ਦੇ ਸਖਤ ਕਾਨੂੰਨ ਹੇਠ ਤਸੀਹੇ ਦੇਕੇ ਕਤਲ ਕਰ ਦਿੱਤਾ ਜਾਵੇ।" ਉਪਰੋਕਤ ਹਵਾਲੇ ਤੋਂ ਹੇਠ ਲਿਖੇ ਨੁਕਤੇ ਚੰਗੀ ਤਰ੍ਹਾਂ ਸਮਝ ਲੈਣੇ ਚਾਹੀਦੇ ਹਨ:

ਗੁਰੂ ਅਰਜਨ ਸਾਹਿਬ ਹਿੰਦੂ ਨਹੀਂ ਸਨ। ਉਹਨਾਂ ਦਾ ਆਪਣਾ ਇਕ ਸੰਪੂਰਨ ਮਤ ਸੀ। ਉਸ ਸਮੇਂ ਮੁਸਲਮਾਨਾਂ ਸਾਹਮਣੇ ਮੁਖ ਰੂਪ 'ਚ ਵਿਰੋਧੀ ਮਤ ਹਿੰਦੂ ਮਤ ਹੀ ਸੀ। ਜਿਸ ਕਰਕੇ ਜਹਾਂਗੀਰ ਨੇ ਗੁਰੂ ਅਰਜਨ ਸਾਹਿਬ ਨੂੰ ਇਸਲਾਮ ਵਿਰੋਧੀ ਜਾਣ ਕੇ ਹਿੰਦੂ ਕਰਕੇ ਲਿਖਿਆ।

ਉਪਰਲੇ ਕਥਨ ਤੋਂ ਸਪਸ਼ਟ ਹੁੰਦਾ ਹੈ ਕਿ ਬੇਸ਼ੁਮਾਰ ਹਿੰਦੂ ਤੇ ਮੁਸਲਮਾਨ ਸਿੱਖ ਮਤ 'ਦੇ ਦਾਇਰੇ 'ਚ ਆ ਚੁੱਕੇ ਸਨ ਅਤੇ ਧੜਾ ਧੜ ਆ ਰਹੇ ਸਨ। ਇਸ ਸਚਾਈ ਨੂੰ ਤਾਂ 'ਦਬਸਤਾਨਿ ਮਜ਼ਾਹਬ' ਦੇ ਕਰਤਾ (ਸਮਕਾਲੀ ਇਤਿਹਾਸਕਾਰ)ਨੇ ਵੀ ਮੰਨਿਆ ਹੈ ਕਿ ਹਰ ਇਕ ਗੁਰੂ ਜਾਮੇ 'ਚ ਸਿੱਖਾਂ ਦੀ ਗਿਣਤੀ 'ਚ ਵਾਧਾ ਹੁੰਦਾ ਗਿਆ ਅਤੇ ਗੁਰੂ ਅਰਜਨ ਸਾਹਿਬ ਤਕ ਆਉਂਦਿਆਂ ਇਹ ਗਿਣਤੀ ਬਹੁਤ ਵਧ ਗਈ ਸੀ। ਦੇਸ਼ 'ਚ ਬਹੁਤ ਘਟ ਅਜਿਹੇ ਸ਼ਹਿਰ ਅਤੇ ਕਸਬੇ ਹੋਣਗੇ, ਜਿਥੇ ਕੁਝ ਗਿਣਤੀ 'ਚ ਸਿੱਖ ਨਾ ਹੋਣ।

ਜ਼ਹਾਂਗੀਰ ਦੀ ਉਪਰਲੀ ਲਿਖਤ ਇਸ ਗੱਲ ਦੀ ਵੀ ਪੁਸ਼ਟੀ ਕਰਦੀ ਹੈ ਕਿ ਬਹੁਤ ਸਾਰੇ ਮੁਸਲਮਾਨ ਵੀ ਸਿਖ ਬਣ ਚੁੱਕੇ ਸਨ। ਇਹ ਇਕ ਵਖਰੀ ਗੱਲ ਹੈ ਕਿ ਉਹਨਾਂ ਮੁਸਲਮਾਨਾਂ ਨੂੰ ਜਹਾਂਗੀਰ ਬੇਸਮਝ ਤੇ ਜਾਹਲ ਗਿਣਦਾ ਹੈ। ਜ਼ਹਾਂਗੀਰ ਦੀ ਲਿਖਤ ਇਹ ਵੀ ਸਪਸ਼ਟ ਕਰਦੀ ਹੈ ਕਿ ਗੁਰੂ ਸਾਹਿਬ ਉਸ ਸਮੇਂ ਦੀ ਮਸ਼ਹੂਰ ਸ਼ਖਸੀਅਤ ਸਨ ਅਤੇ ਦੂਰ ਦੂਰ ਤਕ ਜਾਣੇ ਜਾਂਦੇ ਸਨ। ਇਹ ਲਿਖਤ ਇਸ ਗੱਲ ਵਲ ਵੀ ਇਸ਼ਾਰਾ ਕਰਦੀ ਹੈ ਕਿ ਸਿੱਖਾਂ ਅੰਦਰ ਗੁਰੂ ਲਈ ਅਟੁੱਟ ਸ਼ਰਧਾ ਸੀ, ਉਹ ਦੂਰ ਦੁਰਾਡੇ ਤੋਂ ਆ ਕੇ ਆਪਣੇ ਆਪ ਨੂੰ ਗੁਰੂ ਘਰ ਨਾਲ ਜੋੜੀ ਰੱਖਦੇ ਸਨ ਅਤੇ

ਗੁਰੂ ਨਾਨਕ ਦਾ ਪੰਥ ਚੜ੍ਹਦੀਆਂ ਕਲਾਂ 'ਚ ਸੀ।

ਕਿਉਂਕਿ ਜਹਾਂਗੀਰ ਉਦੋਂ ਅਜੇ ਨਵਾਂ ਨਵਾਂ ਸ਼ੇਖ ਅਹਿਮਦ ਸਰਹੰਦੀ ਦੀ ਵਿਚਾਰਧਾਰਾ ਦੇ ਪ੍ਰਭਾਵਹੇਠ ਆਇਆ ਸੀ, ਇਸ ਲਈ 'ਨਵਾਂ ਨਵਾਂ ਮੁਸਲਮਾਨ ਅਲਾ ਅਲਾ ਪੁਕਾਰੇ' ਦੀ ਲੋਕ ਉਕਤੀ ਮੁਤਾਬਕ ਉਸ ਨੇ ਮੁਤਅੱਸਬੀ ਰਵਈਏ ਅਧੀਨ 'ਇਸਲਾਮ ਦਾ ਬਾਦਸ਼ਾਹ' ਹੋਣ ਦਾ ਸਬੂਤ ਦੇਂਦਿਆਂ ਹੀ ਸਚਾਈ ਤੇ ਨੇਕੀ ਦੇ ਘਰ ਨੂੰ 'ਝੂਠ' ਦੀ ਦੁਕਾਨ ਕਰਕੇ ਸੰਬੋਧਨ ਕੀਤਾ।

ਖੁਸਰੋ ਨੂੰ ਗੁਰੂ ਸਾਹਿਬ ਦੇ ਮਿਲਣ ਤੇ ਸਹਾਇਤਾ ਲੈਣ ਬਾਰੇ ਜੋ ਬੇਬੁਨਿਆਦ ਸ਼ਿਕਾਇਤ ਇਕ ਸਾਜ਼ਸ਼ ਦੇ ਤੌਰ ਤੇ ਜਹਾਂਗੀਰ ਨੂੰ ਕੀਤੀ ਗਈ ਸੀ, ਉਸ ਦਾ ਵੀ ਸਪੱਸ਼ਟ ਜ਼ਿਕਰ ਹੈ। ਇਸ ਸ਼ਿਕਾਇਤ 'ਚ ਇਹੋ ਗੱਲ ਸੀ, ਕਿ ਬਿਆਸ ਦੇ ਕਿਨਾਰੇ ਗੋਇੰਦਵਾਲ ਵਿਖੇ ਖੁਸਰੋ ਗੁਰੂ ਸਾਹਿਬ ਨੂੰ ਮਿਲਿਆ ਅਤੇ ਉਸ ਨੇ ਗੁਰੂ ਸਾਹਿਬ ਪਾਸੋਂ ਸਹਾਇਤਾ ਤੇ ਅਸ਼ੀਰਵਾਦ ਪ੍ਰਾਪਤ ਕੀਤੀ। ਕਿਉਂਕਿ ਗੁਰੂ ਅਰਜਨ ਸਾਹਿਬ ਉਹਨਾਂ ਦਿਨਾਂ 'ਚ ਗੋਇੰਦਵਾਲ ਵਿਖੇ ਨਹੀਂ ਸਨ, ਜਿਸ ਤੋਂ ਇਹ ਇਕ ਘਿਰਣਤ ਸਾਜ਼ਸ਼ ਦੇ ਰੂਪ 'ਚ ਜ਼ਾਹਰ ਹੋ ਜਾਂਦੀ ਹੈ। ਇਥੇ ਇਹ ਦੱਸ ਦੇਣਾ ਕੁਥਾਂ ਨਹੀਂ ਹੋਵੇਗਾ ਕਿ 'ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ' (ਪੰਨਾ 543) ਦੇ ਫ਼ੁਰਮਾਨ ਮੁਤਾਬਕ ਹਕੂਮਤ ਦੇ ਬਾਗ਼ੀ ਸ਼ਹਿਜ਼ਾਦਾ ਖੁਸਰੋ ਨੂੰ ਆਮ ਸ਼ਰਧਾਲੂਆਂ ਵਾਂਗ ਗੁਰੂ ਦਰਬਾਰ 'ਚ ਆਉਣੋਂ ਨਹੀਂ ਸੀ ਰੋਕਣਾ।

ਗੁਰੂ ਜੀ ਵਲੋਂ ਖੁਸਰੋ ਦੇ ਮੱਥੇ 'ਤੇ ਕੇਸਰ ਦਾ ਟਿੱਕਾ ਉਂਗਲੀ ਨਾਲ ਲਗਾਉਣ ਦਾ ਜ਼ਿਕਰ ਵੀ ਕੀਤਾ ਗਿਆ ਹੈ ਜਿਸ ਬਾਰੇ ਉਸ ਆਪ ਲਿਖਿਆ ਹੈ ਕਿ ਹਿੰਦੂ ਇਸ ਨੂੰ ਤਿਲਕ ਕਹਿੰਦੇ ਹਨ ਅਤੇ ਇਸ ਨੂੰ ਚੰਗਾ ਸ਼ਗਨ ਕਰਕੇ ਮੰਨਦੇ ਹਨ। ਝੂਠ ਦੇ ਕਦੀ ਪੈਰ ਨਹੀਂ ਹੁੰਦੇ। ਜਹਾਂਗੀਰ ਦੇ ਤਖਤ 'ਤੇ ਬੈਠਣ ਪਿਛੋਂ ਖੁਸਰੋ ਕਦੀ ਵੀ ਗੁਰੂ ਸਾਹਿਬ ਨੂੰ ਨਹੀਂ ਮਿਲ ਸਕਿਆ। ਸੋ ਤਿਲਕ ਲਗਾਉਣ ਤੇ ਅਸ਼ੀਰਵਾਦ ਦੇਣ ਦੀ ਘਟਨਾ ਤਾਂ ਆਪੇ ਹੀ ਬੇਬੁਨਿਆਦ ਹੋ ਜਾਂਦੀ ਹੈ। ਇਥੇ ਇਹ ਗੱਲ ਵੀ ਖਾਸ ਤੌਰ ਤੇ ਨੋਟ ਕਰਨ ਵਾਲੀ ਹੈ ਕਿ ਗੁਰੂ ਅਰਜਨ ਦੇਵਜੀ ਤੋਂ ਪਹਿਲੇ ਸਤਿਗੁਰੂਆਂ ਕੋਲ ਵੀ ਨਵਾਬ, ਰਾਜੇ, ਹੁਮਾਯੂੰ, ਅਕਬਰ ਆਦਿਕ ਬਾਦਸ਼ਾਹ ਵੀ ਆਉਂਦੇ ਰਹੇ, ਸਾਰੇ ਪਹਿਲੇ ਹੋ ਚੁੱਕੇ ਗੁਰ ਇਤਿਹਾਸ 'ਚ ਕਿਤੇ ਇਕ ਵੀ ਐਸਾ ਇਸ਼ਾਰਾ ਨਹੀਂ ਮਿਲਦਾ ਕਿ ਕਿਸੇ ਗੁਰੂ ਨੇ ਕਦੀ ਵੀ ਕਿਸੇ ਬਾਦਸ਼ਾਹ, ਨਵਾਬ, ਰਾਜੇ ਮਹਾਰਾਜੇ ਜਾਂ ਅਮੀਰ-ਵਜ਼ੀਰ ਨੂੰ ਕਦੇ ਕਿਸੇ ਕਿਸਮ ਦਾ ਤਿਲਕ ਲਗਾਇਆ ਹੋਵੇ। ਐਸੀ ਫੋਕੀ ਰਸਮ ਗੁਰੂ ਘਰ 'ਚ ਕਦੀ ਵੀ ਨਹੀਂ ਅਪਨਾਈ ਗਈ।

ਜਹਾਂਗੀਰ ਦਾ ਇਹ ਲਿਖਣਾ ਕਿ ਹਿੰਦੂ ਲੋਕ ਇਸ ਨੂੰ ਚੰਗਾ ਸ਼ਗਨ ਕਰ ਕੇ ਮੰਨਦੇ ਹਨ। ਇਹ ਕਥਨ ਉਸ ਝੂਠੀ ਸਾਜ਼ਸ਼ ਭਰੀ ਸ਼ਿਕਾਇਤ ਜਾਂ ਚੁਗਲੀ ਨੂੰ ਹੋਰ

ਜ਼ਿਆਦਾ ਉਘਾੜ ਦਿੰਦਾ ਹੈ। ਹਿੰਦੂ ਕਿਸੇ ਚੀਜ਼ ਨੂੰ ਚੰਗਾ ਸਮਝਣ ਜਾਂ ਮਾੜਾ, ਉਸ ਦਾ ਗੁਰੂ ਸਾਹਿਬ ਨਾਲ ਕੀ ਮਤਲਬ? ਕਿਸੇ ਗੁਰੂ ਨੇ ਨਾ ਤਾਂ ਕਦੀ ਮੰਨਿਆ ਹੈ ਕਿ ਉਹ ਹਿੰਦੂ ਹਨ ਅਤੇ ਨਾ ਹੀਂ ਉਹਨਾਂ ਕਿਸੇ ਹਿੰਦੂ ਵਿਚਾਰ ਜਾਂ ਰਸਮ ਨੂੰ ਹੀ ਗੁਰਮਤਿ 'ਚ ਪ੍ਰਵਾਨ ਕੀਤਾ ਹੈ।

ਗੁਰੂ ਗਰੰਥ ਸਾਹਿਬ 'ਚ ਕਬੀਰ ਜੀ ਦਾ ਸ਼ਬਦ 'ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰ ਨਾਈ' ਚਾੜ੍ਹਨ ਸਮੇਂ ਵੀ ਗੁਰੂ ਸਾਹਿਬ ਜਾਣਦੇ ਸਨ ਕਿ ਇਸ ਸ਼ਬਦ ਨਾਲ ਦੋਹਾਂ ਮਤਾਂ ਦੇ ਧਾਰਮਿਕ ਆਗੂ, ਬ੍ਰਾਹਮਣ ਤੇ ਮੁਲਾਣੇ, ਅਵੱਸ਼ ਦੁਖੀ ਹੋਣਗੇ; ਪਰ ਸਚਾਈ ਦੇ ਪ੍ਰਕਾਸ਼ ਕਰਨ ਸਮੇਂ ਉਹਨਾਂ ਨੇ ਕਦੀ ਹਿੰਦੂ ਜਾਂ ਮੁਸਲਮਾਨ ਦੇ ਖੁਸ਼ ਜਾਂ ਨਾ-ਖੁਸ਼ ਹੋਣ ਬਾਰੇ ਚਿੰਤਾ ਨਹੀਂ ਸੀ ਕੀਤੀ। ਫਿਰ ਸ਼ਗਨ ਜਾਂ ਅਪਸ਼ਗਨ ਦਾ ਤਾਂ ਸਿੱਖ ਮਤ 'ਚ ਮੁਢੋਂ ਹੀ ਖੰਡਨ ਕੀਤਾ ਗਿਆ ਹੈ, ਜਿਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਇਹ ਇਕ ਮਨਘੜਤ ਕਹਾਣੀ ਕੇਵਲ ਸਾਜ਼ਸ਼ੀ ਦਿਮਾਗ਼ ਦੀ ਹੀ ਕਾਢ ਸੀ।

ਗੁਰੂ ਸਾਹਿਬ ਨੂੰ ਤਸੀਹੇ ਦੇ ਕੇ ਸ਼ਹੀਦ ਕਰਨ ਦੇ ਇਸ ਕਾਲੇ ਹੁਕਮ ਨੂੰ ਮੁਰਤਜ਼ਾ ਖਾਂ ਰਾਹੀਂ ਲਿਆਂਦਾ ਗਿਆ। ਮੁਰਤਜ਼ਾ ਖਾਂ ਸ਼ੇਖ ਅਹਿਮਦ ਸਰਹੰਦੀ ਦਾ ਸਭ ਤੋਂ ਵੱਡਾ ਤੇ ਪ੍ਰਭਾਵਸ਼ਾਲੀ ਚੇਲਾ ਸ਼ੇਖ ਬੁਖਾਰੀ ਹੀ ਸੀ, ਜਿਸ ਨੂੰ ਸ਼ਾਹੀ ਖਿਦਮਤ ਕਰਨ ਕਰਕੇ 'ਮੁਰਤਜ਼ਾ ਖਾਂ' ਦੀ ਉਚੀ ਪਦਵੀ ਨਾਲ ਸਨਮਾਨਤ ਕੀਤਾ ਗਿਆ ਸੀ। ਉਪਰੋਕਤ ਹੁਕਮ ਮੁਤਾਬਕ ਗੁਰੂ ਸਾਹਿਬ ਨੂੰ ਲਾਹੌਰ ਸੱਦਿਆ ਗਿਆ। ਗੁਰੂ ਸਾਹਿਬ ਨੇ ਕਿਸੇ ਕਿਸਮ ਦੀ ਈਨ ਮੰਨਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਹਕੂਮਤੀ ਦਬਾ ਹੇਠ ਗੁਰਮਤਿ ਸਿਧਾਂਤਾਂ ਦੇ ਵਿਪਰੀਤ ਕਿਸੇ ਦੀ ਵੀ ਵਿਅਕਤੀਗਤ ਸਿਫਤ ਜਾਂ ਕਿਸੇ ਪੀਰ ਫਕੀਰ ਦੀ ਰਚਨਾ ਨੂੰ ਗੁਰੂ ਗਰੰਥ ਸਾਹਿਬ ਦੇ ਮੁੱਢਲੇ ਸਰੂਪ 'ਚ ਰਲਾਏ ਜਾਣਾ ਪ੍ਰਵਾਨ ਨਾ ਕੀਤਾ ਅਤੇ ਸ਼ਹੀਦ ਹੋਣਾ ਪ੍ਰਵਾਨ ਕੀਤਾ। ਅਸਹਿ ਤੇ ਅਕਹਿ ਤਸੀਹੇ ਝੱਲੇ, ਪਰ ਆਪਣੇ ਜੀਵਨ ਆਦਰਸ਼ਾਂ ਨੂੰ ਨਹੀਂ ਤਿਆਗਿਆ ਅਤੇ ਗੁਰਬਾਣੀ ਵਿਚਲੇ ਸਿਧਾਂਤਾਂ ਤੇ ਪੂਰੀ ਦ੍ਰਿੜਤਾ ਨਾਲ ਪਹਿਰਾ ਦਿੱਤਾ।

ਕੱਟੜ ਪੰਥੀ ਇਸਲਾਮਿਕ ਸੋਚ ਅਤੇ ਬਿਪਰਵਾਦੀ ਕੁਟਲ ਸਾਜ਼ਸ਼ਾਂ ਦੇ ਸਿੱਟੇ ਵਜੋਂ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰਕੇ ਗਿਣੀ ਮਿਥੀ ਸਾਜ਼ਸ਼ ਮੁਤਾਬਕ ਅੰਦਰਖਾਨੇ ਕਹਿਰ ਤੇ ਜ਼ੁਲਮ ਢਾਹੇ ਗਏ ਅਤੇ ਤਸੀਹੇ ਦੇਕੇ ਸ਼ਹੀਦ ਕੀਤਾ ਗਿਆ। ਭੁੱਖਾ ਪਿਆਸਾ ਰੱਖ ਕੇ ਉਬਲਦੀ ਦੇਗ 'ਚ ਉਬਾਲਿਆ ਗਿਆ, ਤੱਤੀ ਤਵੀ 'ਤੇ ਬਿਠਾਇਆ ਗਿਆ, ਸੜਦੀ-ਬਲਦੀ ਰੇਤ ਸਰੀਰ 'ਤੇ ਪਾ ਕੇ ਸਰੀਰ ਛਾਲੇ ਛਾਲੇ ਕਰ ਦਿੱਤਾ ਗਿਆ। ਚਾਰ ਦਿਨ ਇਹੋ ਜਿਹੇ ਖੌਫਨਾਕ ਤਸੀਹੇ ਦੇਣ ਉਪਰੰਤ ਗੁਰੂ ਸਾਹਿਬ ਨੂੰ ਹੋਰ ਵਧੇਰੇ ਕਸ਼ਟ ਦੇਣ ਦੀ ਨੀਅਤ ਨਾਲ ਛਾਲਿਆਂ ਨਾਲ ਫਿਸੇ

ਸਾਰੇ ਸਰੀਰ ਨੂੰ ਰਾਵੀ ਦੇ ਠੰਡੇ ਪਾਣੀ 'ਚ ਡੁਬੋ ਕੇ ਸਤਿਗੁਰਾਂ ਨੂੰ 'ਯਾਸਾ' ਦੇ ਕਾਨੂੰਨ ਮੁਤਾਬਕ ਸ਼ਹੀਦ ਕਰ ਦਿੱਤਾ ਗਿਆ।

ਪ੍ਰਭੂ ਦਾ ਭਾਣਾ ਮੰਨਦਿਆਂ ਗੁਰੂ ਸਾਹਿਬ ਨੇ ਕਹਿਰਾਂ ਦੇ ਅਜ਼ਾਬ ਸਹੇ, ਪਰ ਆਪ ਜੀ ਦੀ ਜ਼ਬਾਨ ਤੇ ਕੋਈ ਗਿਲਾ ਸ਼ਿਕਵਾ ਨਹੀ ਆਇਆ, ਸਗੋਂ 'ਤੇਰਾ ਕੀਆ ਮੀਠਾ ਲਾਗੈ॥ ਹਰਿਨਾਮ ਪਦਾਰਥ ਨਾਨਕ ਮਾਂਗੈ' ਦੇ ਫ਼ੁਰਮਾਨ ਮੁਤਾਬਕ ਪ੍ਰਭੂ ਦੇ ਸ਼ੁਕਰਾਨੇ 'ਚ ਸ਼ਾਂਤ ਚਿਤ ਰਹੇ। ਆਪ ਜੀ ਨੇ 'ਮੀਤ ਕਰੈ ਸੋਈ ਹਮ ਮਾਨਾ॥ ਮੀਤ ਕੇ ਕਰਤਬ ਕੁਸਲ ਸਮਾਨਾ॥ (ਪੰਨਾ 187) ਅਨੁਸ਼ਾਰ ਪ੍ਰਭੂ ਦੇ ਹਰ ਕੰਮ 'ਚ ਖ਼ੁਸ਼ ਰਹਿ ਕੇ ਆਪ ਜੀ ਨੇ ਹਰਖ ਸੋਗ ਸਮ ਕਰ ਵਿਖਾਇਆ।

ਗੁਰੂ ਸਾਹਿਬ ਦੀ ਸ਼ਹਾਦਤ ਗੁਰਬਾਣੀ ਦੇ ਅਮਲੀ ਸੱਚ ਦੀ ਇਕ ਅਜਿਹੀ ਜੀਉਂਦੀ ਜਾਗਦੀ ਪਰਤੱਖ ਸ਼ਹਾਦਤ ਹੈ, ਜੋ ਸਿੱਧ ਕਰਦੀ ਹੈ ਕਿ ਗੁਰਬਾਣੀ ਦੇ ਸਿਧਾਂਤ ਕੇਵਲ ਪੜ੍ਹਨ ਸੁਣਨ ਤੇ ਗਾਉਣ ਲਈ ਹੀ ਨਹੀਂ, ਸਗੋਂ ਇਹਨਾਂ ਨੂੰ ਰੁਜ਼ਾਨਾ ਦੇ ਜੀਵਨ 'ਚ ਜੀਵਿਆ ਵੀ ਜਾ ਸਕਦਾ ਹੈ। ਗੁਰੂ ਅਰਜਨ ਸਾਹਿਬ ਨੇ ਆਪਣੀ ਬਾਣੀ ਦੇ ਫੁਰਮਾਨਾਂ ਨੂੰ ਅਮਲੀ ਰੂਪ ਦੇ ਕੇ ਵਿਖਾਇਆ ਕਿ ਭਗਤ ਦੀ ਅਕਾਲ ਪੁਰਖ ਨਾਲ ਪ੍ਰੀਤ ਅਖੀਰ ਤਕ ਬਣੀ ਰਹਿੰਦੀ ਹੈ। ਭਗਤ ਜਿਤਨਾ ਚਿਰ ਜੀਉਂਦਾ ਹੈ, ਮਾਲਕ ਦੀ ਸੇਵਾ-ਭਗਤੀ ਕਰਦਾ ਰਹਿੰਦਾ ਹੈ ਅਤੇ ਜਗਤ ਤੋਂ ਤੁਰਨ ਲੱਗਾ ਵੀ ਪ੍ਰਭੂ ਨੂੰ ਆਪਣੇ ਚਿਤ 'ਚ ਵਸਾਈ ਰੱਖਦਾ ਹੈ:

ਸੇਵਕ ਕੀ ਓੜਕਿ ਨਿਬਹੀ ਪ੍ਰੀਤਿ॥

ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ॥ (ਪੰਨਾ 1000)

12) ਸ਼ੇਖ ਅਹਿਮਦ ਸਰਹੰਦੀ ਤੇ ਸ਼ੇਖ ਫਰੀਦ ਬੁਖਾਰੀ ਦਾ ਰੋਲ

ਸ਼ੇਖ ਅਹਿਮਦ ਸਰਹੰਦੀ ਅਤੇ ਸ਼ੇਖ ਫਰੀਦ ਬੁਖਾਰੀ ਇਸਲਾਮ ਦੇ 14 ਪ੍ਰਚਾਰਕ ਫਿਰਕਿਆਂ 'ਚੋਂ ਨਕਸ਼ਬੰਦੀ ਫਿਰਕੇ ਨਾਲ ਸਬੰਧ ਰੱਖਦੇ ਸਨ। ਇਹ ਫਿਰਕਾ ਕੱਟੜ ਇਸਲਾਮੀ ਸ਼ਰ੍ਹਾ ਨੂੰ ਮੰਨਣ ਵਾਲਾ ਫਿਰਕਾ ਹੈ। ਇਸ ਫਿਰਕੇ ਦਾ ਪ੍ਰਮੁੱਖ ਨਿਸ਼ਾਨਾ ਰਾਜ ਸ਼ਕਤੀ ਦੀ ਵਰਤੋਂ ਕਰ ਕੇ ਵੱਧ ਤੋਂ ਵੱਧ ਇਸਲਾਮ ਦਾ ਪ੍ਰਚਾਰ ਕਰਨਾ ਹੈ। ਤਖਤ ਹਾਸਲ ਕਰਨ ਤੋਂ ਪਹਿਲਾਂ ਜਹਾਂਗੀਰ ਨੇ ਸ਼ੇਖ ਫਰੀਦ ਬੁਖਾਰੀ ਅਤੇ ਹੋਰ ਕੱਟੜ ਮੁਸਲਮਾਨ ਦਰਬਾਰੀਆਂ ਨਾਲ ਜੋ ਵਾਇਦੇ ਕੀਤੇ ਸਨ, ਉਸ ਦਾ ਵੀ ਉਸ ਨੂੰ ਚੇਤਾ ਸੀ। ਉਹ ਵਾਇਦੇ ਸਨ, ਗ਼ੈਰ-ਮੁਸਲਿਮ ਕਾਫਰਾਂ ਦੇ ਕੁਚਲਣ ਬਾਰੇ।

ਜ਼ਹਾਂਗੀਰ ਨੇ ਸਪਸ਼ਟ ਮੰਨਿਆ ਹੈ ਕਿ ਉਹ ਕਾਫੀ ਦਿਨਾਂ ਤੋਂ ਸਿੱਖੀ ਦੇ ਇਸ ਮਹਾਨ ਸੋਮੇ ਨੂੰ ਬੰਦ ਕਰਨ ਬਾਰੇ ਸੋਚ ਰਿਹਾ ਸੀ। ਇਹੋ ਗੱਲ ਹੀ ਦਰਅਸਲ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਦਾ ਮੁਖ ਕਾਰਨ ਸੀ। ਗੁਰੂ ਅਰਜਨ ਸਾਹਿਬ ਨੂੰ

ਸ਼ਹੀਦ ਕਰਾਉਣ 'ਚ ਸ਼ੇਖ ਅਹਿਮਦ ਸਰਹੰਦੀ ਦੀਆਂ ਸਰਗਰਮੀਆਂ, ਕਾਰਗੁਜ਼ਾਰੀਆਂ, ਰੁਚੀਆਂ ਅਤੇ ਨਿਭਾਏ ਰੋਲ ਨੂੰ ਚੰਗੀ ਤਰ੍ਹਾਂ ਸਮਝਣ ਲਈ ਸਾਨੂੰ ਸੇਖ ਅਹਿਮਦ ਦੇ ਇਕ ਪਤਰਕਾ-ਸੰਗ੍ਰਹਿ 'ਮਕਤੂਬਾਂਤਿ-ਇਮਾਮਿ-ਰਬਾਨੀ' 'ਚੋਂ ਕੁਝ ਹਵਾਲੇ ਲਾਹੇਵੰਦ ਰਹਿਣਗੇ:

- '- - - ਸੱਚ ਤਾਂ ਇਹ ਹੈ ਕਿ ਇਹਨਾਂ ਹਿੰਦੂਆਂ ਨੂੰ ਕੁੱਤਿਆਂ ਦੀ ਤਰ੍ਹਾਂ ਦੂਰੇ ਦੂਰੇ ਕਰਨੀ ਚਾਹੀਦੀ ਹੈ।'
- '- - - ਇਸਲਾਮ ਦੀ ਇਜ਼ਤ ਕੁਫਰ ਨੂੰ ਖੁਆਰ ਕਰਨ 'ਚ ਹੈ। ਜਜ਼ੀਆ ਟੈਕਸ ਤੋਂ ਮੁਰਾਦ ਇਹੋ ਹੈ ਕਿ ਗ਼ੈਰ-ਮੁਸਲਮਾਨਾਂ ਨੂੰ ਜ਼ਲੀਲ ਤੇ ਬੇਇਜ਼ਤ ਕੀਤਾ ਜਾਏ। ਜੇ ਕਾਫਰਾਂ ਨੂੰ ਥੋੜਾ ਜਿੰਨਾ ਵੀ ਹੱਕ ਦਿੱਤਾ ਜਾਵੇ, ਤਾਂ ਇਸਲਾਮ ਦੀ ਹਾਨੀ ਹੁੰਦੀ ਹੈ।'

ਗੁਰੂ ਅਰਜਨ **ਸਾਹਿਬ** ਨੂੰ ਸ਼ਹੀਦ ਕਰਵਾਉਣ ਉਪਰੰਤ ਸਭ ਤੋਂ ਵੱਧ ਖੁਸ਼ੀ ਉਹਨਾਂ ਤੰਗ-ਦਿਲ **ਤੇ ਮੁ**ਤਅੱਸਬੀ ਮੁਸਲਮਾਨਾਂ ਦੇ ਆਗੂ ਸ਼ੇਖ ਅਹਿਮਦ ਸਰਹੰਦੀ ਨੂੰ ਹੀ ਹੋਣੀ ਸੀ। ਇਹ ਖੁਸ਼ੀ ਉਸ ਨੇ ਲੁਕੋ ਕੇ ਨਹੀਂ ਸੀ ਰੱਖੀ। 'ਮਕਤੂਬਾਤਿ-ਇਮਾਮਿ-ਰਬਾਨੀ' ਦੀ ਚਿੱਠੀ ਨੰਬਰ 193, ਜੋ ਉਸ ਨੇ ਆਪਣੇ ਸਭ ਤੋਂ ਮੁਖੀ ਚੇਲੇ ਸ਼ੇਖ ਬੁਖਾਰੀ (ਮੁਰਤਜ਼ਾ ਖ਼ਾਂ)ਨੂੰ ਲਿਖੀ, ਤੋਂ ਉਸ ਦੀ ਮੁਤਅੱਸਬੀ ਕੱਟੜਤਾ ਅਤੇ ਬੇਹਦ ਖੁਸ਼ੀ ਮਹਿਸੂਸ ਕਰਨ ਦਾ ਪ੍ਰਮਾਣ ਵਾਚਿਆ ਜਾ ਸਕਦਾ ਹੈ:

> "ਗੋਇੰਦਵਾਲ ਦੇ ਇਸ ਭ੍ਰਿਸ਼ਟ ਕਾਫਰ (ਗੁਰੂ ਅਰਜਨ ਸਾਹਿਬ)ਦੀ ਸ਼ਹਾਦਤ ਸਾਡੀ ਇਕ ਬੜੀ ਵੱਡੀ ਪ੍ਰਾਪਤੀ ਤੇ ਜਿੱਤ ਹੈ ਅਤੇ ਇਸ ਨਾਲ ਘ੍ਰਿਣਤ ਹਿੰਦੂਆਂ ਨੂੰ ਵੀ ਇਕ ਵੱਡੀ ਤੇ ਜ਼ਲਾਲਤ ਭਰੀ ਹਾਰ ਹੋਈ ਹੈ। ਭਾਵੇਂ ਉਸ ਨੂੰ ਕਿਸੇ ਤਰ੍ਹਾਂ ਵੀ ਮਾਰਿਆ ਗਿਆ, ਕਿਸੇ ਕਾਰਨ ਅਤੇ ਕਿਸੇ ਬਹਾਨੇ ਨਾਲ ਖਤਮ ਕੀਤਾ ਗਿਆ, ਇਸ ਨਾਲ ਸਮੂਹ ਕਾਫਰਾਂ ਦੀ ਭਾਰੀ ਹਾਰ ਅਤੇ ਸਮੂਹ ਮੁਸਲਮਾਨਾਂ ਲਈ ਇਹ ਬੜੇ ਫਾਇਦੇ ਤੇ ਵਾਧੇ ਦੀ ਘਟਨਾ ਹੈ। ਇਸ ਕਾਫਰ (ਗੁਰੂ ਅਰਜਨ ਸਾਹਿਬ)ਦੀ ਸ਼ਹਾਦਤ ਤੋਂ ਪਹਿਲਾਂ ਮੈਨੂੰ ਇਕ ਬੜਾ ਚੰਗਾ ਸੁਫਨਾ ਵੀ ਆਇਆ ਸੀ, ਜਿਸ 'ਚ ਮੈਂ ਤਕਿਆ ਸੀ ਕਿ ਬਾਦਸ਼ਾਹ ਜਹਾਂਗੀਰ ਨੇ ਕੁਫਰ ਦਾ ਸਿਰ ਕੁਚਲ ਦਿੱਤਾ ਹੈ। ਇਸ 'ਚ ਸ਼ਕ ਨਹੀਂ ਕਿ ਇਹ ਕਾਫਰ (ਗੁਰੂ ਅਰਜਨ ਸਾਹਿਬ)ਧਰਮ ਹੀਣੇ ਲੋਕਾਂ ਦਾ ਸਿਰਮੌਰ ਤੇ ਕਾਫਰਾਂ ਦਾ ਵੱਡਾ ਮੁਖੀ ਹੈ।"

ਉਪਰੋਕਤ ਚਿੱਠੀ ਤੋਂ ਤਾਂ ਸਾਰੀ ਗੱਲ ਹੀ ਸਪਸ਼ਟ ਹੋਈ ਪਈ ਹੈ ਅਤੇ ਕਿਸੇ ਕਿਸਮ ਦੇ ਭੁਲੇਖੇ ਦੀ ਕੋਈ ਗੁੰਜਾਇਸ਼ ਬਾਕੀ ਨਹੀਂ ਰਹਿ ਜਾਂਦੀ ਕਿ ਪੰਜਾਬ 'ਚ

ਉਭਰੀ ਅਤੇ ਲੰਮੇ ਸਮੇਂ ਤੋਂ ਚਾਲੂ ਰਹੀ ਸਿੱਖ ਲਹਿਰ ਕਿਤਨੀ ਤਰੱਕੀ ਕਰ ਚੁੱਕੀ ਸੀ। ਉਪਰਲੀ ਚਿੱਠੀ ਨੇ ਹੇਠ ਲਿਖੀਆਂ ਸਚਾਈਆਂ ਉੱਤੋਂ ਪੂਰੀ ਤਰ੍ਹਾਂ ਪਰਦਾ ਚੁੱਕ ਦਿੱਤਾ ਹੈ:

ਗੁਰੂ ਅਰਜਨ ਸਾਹਿਬ ਦੀ ਲਾਸਾਨੀ ਸ਼ਹਾਦਤ ਦੇ ਪਿੱਛੇ ਸ਼ੇਖ ਅਹਿਮਦ ਸਰਹੰਦੀ ਦੀ ਇਕ ਵੱਡੀ ਦੁਸ਼ਟ ਤਾਕਤ ਕੰਮ ਕਰ ਰਹੀ ਸੀ, ਜੋ ਅਤਿ ਦਰਜੇ ਦੀ ਕੱਟੜ ਫਿਰਕਾਪ੍ਰਸਤ, ਤੰਗ-ਦਿਲ ਅਤੇ ਈਰਖਾਲੂ ਸੀ ਅਤੇ ਜਿਸ ਦਾ ਨਿਸ਼ਾਨਾ ਸਾਰੇ ਹਿੰਦ 'ਚ ਨਿਰੋਲ ਇਸਲਾਮੀ ਰਾਜ ਕਾਇਮ ਕਰਨਾ ਸੀ। ਗੁਰੂ ਸਾਹਿਬ ਸ਼ੇਖ ਦੇ ਉਸ ਸੁਪਨੇ ਨੂੰ ਸਾਕਾਰ ਨਹੀਂ ਸੀ ਹੋਣ ਦੇ ਰਹੇ। ਤੁਜ਼ਕਿ ਜਹਾਂਗੀਰੀ ਅਤੇ ਸ਼ੇਖ ਅਹਿਮਦ ਸਰਹੰਦੀ ਦੀਆਂ ਚਿੱਠੀਆਂ ਸਾਬਤ ਕਰਦੀਆਂ ਹਨ ਕਿ ਗੁਰੂ ਸਾਹਿਬ ਵਲੋਂ ਸਿੱਖੀ ਦਾ ਪਰਚਾਰ ਬਹੁਤ ਵਾਧੇ 'ਚ ਸੀ ਅਤੇ ਇਸਲਾਮੀ ਪਰਚਾਰ ਦੀ ਲਹਿਰ ਵਿਚਕਾਰ ਰੁਕਾਵਟ ਬਣ ਰਿਹਾ ਸੀ।

ਗੁਰੂ ਸਾਹਿਬ ਅਤੇ ਉਹਨਾਂ ਦੀ ਸਿੱਖ ਲਹਿਰ ਦਾ ਟਾਕਰਾ ਕਰਨ 'ਚ ਨਾਕਾਮਯਾਬੀ ਹੋ ਜਾਣ ਕਾਰਨ ਸ਼ੇਖ ਸਰਹੰਦੀ ਵਲੋਂ ਗੁਰੂ ਸਾਹਿਬ 'ਤੇ ਬੇ-ਬੁਨਿਆਦ ਤੇ ਝੂਠੀਆਂ ਤੁਹਮਤਾਂ ਲਗਾਈਆਂ ਗਈਆਂ ਅਤੇ ਸਾਜ਼ਸ਼ਾਂ ਦਾ ਸਹਾਰਾ ਲਿਆ। ਇਹ ਉਪਰਲੀ ਚਿੱਠੀ ਤੋਂ ਸਪਸ਼ਟ ਹੋ ਜਾਂਦਾ ਹੈ। ਗੁਰੂ ਅਰਜਨ ਸਾਹਿਬ ਨੂੰ ਰਾਜ ਸ਼ਕਤੀ ਦੀ ਕ੍ਰੋਪੀ ਦਾ ਸ਼ਿਕਾਰ ਬਣਾਉਣ ਦੀ ਵਿਉਂਤ ਬਣਾਈ ਗਈ ਸੀ। ਆਪਣੀ ਉਸ ਨਾਪਾਕ ਵਿਉਂਤ 'ਚ ਕਾਮਯਾਬ ਹੋ ਜਾਣ ਤੇ ਉਸ ਨੇ ਬੇਬਹਾ ਖੁਸ਼ੀ ਮਹਿਸੂਸ ਕੀਤੀ, ਜਿਸ ਦਾ ਮੁਖ ਕਾਰਨ ਉਸ ਦੇ ਹਿਰਦੇ ਦੀ ਲੱਟ-ਲੱਟ ਬਲਦੀ ਗੁਰੂ ਸਾਹਿਬ ਪ੍ਰਤੀ ਈਰਖਾ ਦੀ ਅੱਗ ਹੀ ਸੀ।

ਉਪਰਲੀ ਚਿੱਠੀ ਦੀਆਂ ਲਾਈਨਾਂ 'ਭਾਵੇਂ ਉਸ ਨੂੰ ਕਿਸੇ ਤਰ੍ਹਾਂ ਵੀ ਮਾਰਿਆ ਗਿਆ, ਕਿਸੇ ਕਾਰਨ ਅਤੇ ਕਿਸੇ ਬਹਾਨੇ ਨਾਲ ਖਤਮ ਕੀਤਾ ਗਿਆ' ਸਪਸ਼ਟ ਦੱਸਦੀਆਂ ਹਨ ਕਿ ਗੁਰੂ ਸਾਹਿਬ ਨੂੰ ਝੂਠੀ ਸਾਜ਼ਸ਼ ਅਧੀਨ ਸ਼ਹੀਦ ਕਰਵਾਇਆ ਗਿਆ ਸੀ।

ਸਾਰੰਸ਼ ਇਹ ਕਿ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ 'ਚ ਮੁਖ ਰੋਲ ਸ਼ੇਖ ਅਹਿਮਦ ਸਰਹੰਦੀ ਦਾ ਹੈ। ਉਸ ਨੇ ਆਪਣੀ ਇਸ ਨਾਪਾਕ ਸਾਜ਼ਸ਼ ਤੇ ਨਾਪਾਕ ਇਰਾਦਿਆਂ ਦੀ ਕਾਮਯਾਬੀ ਲਈ ਸ਼ੇਖ ਫਰੀਦ ਬੁਖਾਰੀ-ਮੁਰਤਜ਼ਾ ਖ਼ਾਂ ਨੂੰ ਵਰਤਿਆ। ਸ਼ੇਖ ਬੁਖਾਰੀ ਨੂੰ ਆਪਣਾ ਕੰਮ ਕਰਨ ਲਈ ਸ਼ੇਖ ਅਹਿਮਦ ਸਰਹੰਦੀ ਦੇ ਸਮੂਹ ਜਨੂੰਨੀ ਚੇਲਿਆਂ ਨੇ ਭਰਵਾਂ ਸਾਥ ਦਿੱਤਾ ਸੀ। ਜਹਾਂਗੀਰ ਨੇ ਵੀ ਗੁਰੂ ਸਾਹਿਬ ਦੀ ਸ਼ਹਾਦਤ 'ਚ ਅਹਿਮ ਰੋਲ ਅਦਾ ਕੀਤਾ ਸੀ, ਪਰ ਇਸ ਰੋਲ ਦਾ ਮੂਲ ਕਾਰਨ ਸ਼ੇਖ ਫਰੀਦ ਬੁਖਾਰੀ ਤੇ ਉਸ ਦੇ ਹਿਮਾਇਤੀ ਸਨ, ਜਿਨ੍ਹਾਂ ਦੀ ਮਦਦ ਬਿਨਾਂ ਜਹਾਂਗੀਰ

ਦਾ ਤਖਤ 'ਤੇ ਬੈਠ ਸਕਣਾ ਮੁਸ਼ਕਲ ਸੀ। ਜਹਾਂਗੀਰ ਨੂੰ ਗੁਰੂ ਸਾਹਿਬ 'ਤੇ ਇਕੋ ਵਾਰ ਹੀ ਸ਼ਹਾਦਤ ਦਾ ਹੁਕਮ ਚੜ੍ਹਾ ਦੇਣ ਲਈ ਤਿਆਰ ਕਰਨ 'ਚ ਖ਼ੁਸਰੋ ਦੀ ਮਦਦ ਦਾ ਬੇ-ਬੁਨਿਆਦ ਕਿੱਸਾ ਸ਼ੇਖ ਅਹਿਮਦ ਸਰਹੰਦੀ ਅਤੇ ਬੁਖਾਰੀ ਦੀ ਰਲਵੀਂ ਸਾਜ਼ਸ਼ ਦਾ ਹੀ ਸਿੱਟਾ ਸੀ।

ਸ਼ੇਖ ਬੁਖਾਰੀ ਅਤੇ ਸ਼ੇਖ ਸਰਹੰਦੀ ਦੀ ਸਾਜ਼ਸ਼

ਜਿਵੇਂ ਕਿ ਪਿੱਛੇ ਦੱਸਿਆ ਜਾ ਚੁੱਕਾ ਹੈ ਕਿ ਖ਼ੁਸਰੋ ਦਾ ਪਿਛਾ ਕਰਨ ਸਮੇਂ ਜਹਾਂਗੀਰ ਰਾਹ 'ਚ ਖ਼ੁਸਰੋ ਦੇ ਸਭ ਹਿਮਾਇਤੀਆਂ ਨੂੰ ਨਾਲੋਂ ਨਾਲ ਸਜ਼ਾਵਾਂ ਦਿੰਦਾ ਆ ਰਿਹਾ ਸੀ। ਉਸ ਦੇ ਰਹਿੰਦੇ ਖੂੰਹਦੇ ਹਿਮਾਇਤੀ ਮਈ 1606 ਦੇ ਪਹਿਲੇ ਹਫਤੇ ਲਾਹੌਰ ਵਿਖੇ ਤਸੀਹੇ ਦੇ ਦੇ ਕੇ ਖੌਫਨਾਕ ਢੰਗ ਨਾਲ ਮਾਰ ਦਿੱਤੇ ਗਏ ਸਨ। ਉਦੋਂ ਤਕ ਜਹਾਂਗੀਰ ਦਾ ਧਿਆਨ ਗੁਰੂ ਅਰਜਨ ਸਾਹਿਬ ਅਤੇ ਸਿੱਖ ਲਹਿਰ ਵਲ ਨਹੀਂ ਸੀ ਗਿਆ ਕਿਉਂਕਿ ਉਹ ਖੁਸਰੋ ਦੇ ਹਿਮਾਇਤੀਆਂ ਨੂੰ ਖ਼ੌਫਨਾਕ ਸਜ਼ਾਵਾਂ ਦੇਣ 'ਚ ਰੁਝਿਆ ਹੋਇਆ ਸੀ। ਸ਼ੇਖ ਫਰੀਦ ਬੁਖਾਰੀ ਤੇ ਸ਼ੇਖ ਅਹਿਮਦ ਸਰਹੰਦੀ ਸਿੱਖੀ ਦੇ ਵਾਧੇ ਤੋਂ ਬਹੁਤ ਔਖੇ ਸਨ, ਪਰੰਤੂ ਅਕਬਰ ਦੀ ਸੁਲਹਕੁੰਨ ਨੀਤੀ ਕਾਰਨ ਉਹ ਕੁਝ ਨਹੀਂ ਸਨ ਕਰ ਸਕੇ। ਜਹਾਂਗੀਰ ਤੋਂ ਉਹ ਆਸਾਂ ਲਾਈ ਬੈਠੇ ਸਨ।

ਬਾਗ਼ੀ ਖੁਸਰੋ ਦੀ ਹਿਮਾਇਤ ਕਰਨ ਵਾਲਿਆਂ ਲਈ ਬਾਦਸ਼ਾਹ ਦੇ ਮਨ 'ਚ ਬੇਹੱਦ ਗੁੱਸਾ ਸੀ। ਉਸ ਸਮੇਂ ਦਾ ਫਾਇਦਾ ਉਠਾਂਦੇ ਹੋਏ ਸ਼ੇਖ ਬੁਖਾਰੀ ਤੇ ਸ਼ੇਖ ਸਰਹੰਦੀ ਆਦਿਕ ਦੀ ਚੰਡਾਲ ਚੌਕੜੀ ਵਲੋਂ 23 ਮਈ 1606 ਦੇ ਨੇੜੇ ਤੇੜੇ ਜਹਾਂਗੀਰ ਤਕ ਇਕ ਫਰਜ਼ੀ ਸ਼ਿਕਾਇਤ ਪਹੁੰਚਾਈ ਗਈ, ਜਿਸ 'ਚ ਇਹ ਕਿਹਾ ਗਿਆ ਕਿ ਗੋਇੰਦਵਾਲ ਵਿਖੇ ਭੱਜੇ ਆਉਂਦੇ ਖ਼ੁਸਰੋ ਨੂੰ ਗੁਰੂ ਅਰਜਨ ਸਾਹਿਬ ਨੇ ਮਦਦ ਦਿੱਤੀ, ਤਾਂ ਜੋ ਉਹ ਜਹਾਂਗੀਰ ਦਾ ਟਾਕਰਾ ਕਰ ਸਕੇ।

ਸਮਕਾਲੀ ਲਿਖਤਾਂ ਨੂੰ ਪੜਚੋਲਣ ਤੋਂ ਪਤਾ ਲੱਗਦਾ ਹੈ ਕਿ ਗੁਰੂ ਸਾਹਿਬ ਉਸ ਸਮੇਂ ਗੋਇੰਦਵਾਲ ਵਿਖੇ ਹੀ ਨਹੀਂ ਸਨ। ਜਿਸ ਸਮੇਂ ਦੀ ਇਹ ਘਟਨਾ ਦੱਸੀ ਗਈ ਸੀ, ਉਸ ਸਮੇਂ ਗੁਰੂ ਸਾਹਿਬ ਤਰਨ ਤਾਰਨ ਵਿਖੇ ਸਨ। ਇਸੇ ਕਰਕੇ ਮਗਰਲੇ ਕਈ ਲਿਖਾਰੀਆਂ ਨੇ ਭੁਲੇਖਾ ਖਾ ਕੇ ਇਸ ਘਟਨਾ ਦਾ ਗੋਇੰਦਵਾਲ ਦੀ ਬਜਾਏ ਤਰਨ ਤਾਰਨ ਹੋਣਾ ਲਿਖ ਦਿੱਤਾ ਹੋਇਆ ਹੈ ਕਿਉਂਕਿ ਗੁਰੂ ਸਾਹਿਬ ਉਦੋਂ ਉਥੇ ਹੀ ਸਨ, ਜੋ ਬਿਲਕੁਲ ਬੇਬੁਨਿਆਦ ਹੈ। ਅਸਲੀਅਤ ਤਾਂ ਇਹ ਹੈ ਕਿ ਸ਼ੇਖ ਬੁਖਾਰੀ ਅਤੇ ਸ਼ੇਖ ਸਰਹੰਦੀ ਆਦਿ ਨੇ ਮਿਲ ਕੇ ਜਹਾਂਗੀਰ ਨੂੰ ਗੁਰੂ ਸਾਹਿਬ ਦੇ ਖਿਲਾਫ ਭੜਕਾਉਣ ਲਈ ਇਹ ਸਾਜ਼ਸ਼ ਰਚੀ ਸੀ।

ਜਿਵੇਂ ਅਸੀਂ ਪਹਿਲਾਂ ਪੜ੍ਹ ਚੁੱਕੇ ਹਾਂ ਕਿ ਗੁਰੂ ਸਾਹਿਬ ਵਲੋਂ ਖ਼ੁਸਰੋ ਦੇ ਮੱਥੇ

'ਤੇ ਉਂਗਲੀ ਨਾਲ ਕੇਸਰ ਦਾ ਟਿਕਾ ਲਾਉਣ ਦਾ ਵੀ ਜ਼ਿਕਰ ਕੀਤਾ ਗਿਆ ਹੈ। ਹਿੰਦੂਆਂ ਦੀ ਕਿਸੇ ਦੇ ਮੱਥੇ 'ਤੇ ਤਿਲਕ ਲਾਉਣ ਵਰਗੀ ਫੋਕੀ ਰਸਮ ਦਾ ਗੁਰੂ ਘਰ 'ਚ ਵਾਪਰਨ ਦਾ ਸੁਆਲ ਹੀ ਨਹੀਂ ਪੈਦਾ ਹੁੰਦਾ। ਗੁਰਬਾਣੀ 'ਚ ਥਾਂ ਥਾਂ ਤੇ ਅਜਿਹੀਆਂ ਰਸਮਾਂ ਦਾ ਖੰਡਨ ਕੀਤਾ ਹੋਇਆ ਹੈ। ਅਸੀਂ ਪਿਛੇ ਜ਼ਿਕਰ ਕਰ ਚੁੱਕੇ ਹਾਂ ਕਿ ਖੁਸਰੋ ਗੁਰੂ ਸਾਹਿਬ ਨੂੰ ਮਿਲ ਹੀ ਨਹੀਂ ਸੀ ਸਕਿਆ, ਫਿਰ ਤਿਲਕ ਲਾਉਣ ਅਤੇ ਅਸ਼ੀਰਵਾਦ ਦੇਣ ਦੀ ਗੱਲ ਤਾਂ ਆਪੇ ਬੇਬੁਨਿਆਦ ਸਾਬਤ ਹੋ ਜਾਂਦੀ ਹੈ।

ਇਸ ਤੋਂ ਇਲਾਵਾ ਸੁਰੂਪ ਦਾਸ ਭੱਲੇ ਦੀ ਲਿਖਤ 'ਮਹਿਮਾ ਪ੍ਰਕਾਸ਼' ਗੁਰੂ ਅਰਜਨ ਸਾਹਿਬ ਰਾਹੀਂ ਖੁਸਰੋ ਨੂੰ ਤਿਲਕ ਲਾਏ ਜਾਣ ਦੇ ਵਿਚਾਰ ਦਾ ਖੰਡਨ ਕਰਦਾ ਹੈ। ਉਸ ਅਨੁਸਾਰ ਗੁਰੂ ਸਾਹਿਬ ਨੇ ਉਸ ਉਪਰ ਰਹਿਮ ਦੀ ਨਦਰ ਕਰਦਿਆਂ ਲੰਗਰ 'ਚੋਂ ਪਰਸ਼ਾਦਾ ਛਕਾਇਆ। ਇਸ ਤਰ੍ਹਾਂ ਗੁਰੂ ਸਾਹਿਬ ਬਾਗ਼ੀ ਸ਼ਹਿਜ਼ਾਦਾ ਖੁਸਰੋ ਦੀ ਮਦਦ ਕਰਨ ਕਰਕੇ ਉਹਨਾਂ ਨੂੰ ਸ਼ਹੀਦ ਕਰਨ ਦਾ ਵਿਚਾਰ ਇਤਿਹਾਸਕ ਤੌਰ ਤੇ ਠੀਕ ਨਹੀਂ ਲੱਗਦਾ। ਇਕ ਹੋਰ ਨੁਕਤਾ ਵੀ ਚੇਤੇ ਰੱਖਣ ਵਾਲਾ ਹੈ। ਉਹ ਇਹ ਕਿ ਸ਼ਗਨ ਜਾਂ ਅਪਸ਼ਗਨ ਦਾ ਤਾਂ ਸਿੱਖ ਮਤ 'ਚ ਮੁੱਢੋਂ ਹੀ ਖੰਡਨ ਕੀਤਾ ਗਿਆ ਹੈ। ਨਾ ਕਦੀ ਕਿਸੇ ਸਤਿਗੁਰੂ ਨੇ ਆਪਣੇ ਆਪ ਨੂੰ ਹਿੰਦੂ ਮੰਨਿਆ ਅਤੇ ਨਾ ਹੀਂ ਕਿਸੇ ਹਿੰਦੂ ਵਿਚਾਰ ਜਾਂ ਰਸਮ ਨੂੰ ਹੀ ਗੁਰਮਤਿ 'ਚ ਪ੍ਰਵਾਨ ਹੀ ਕੀਤਾ ਹੈ। ਗੁਰਮਤਿ ਦੇ ਵਿਚਾਰ ਤਾਂ ਸਪਸ਼ਟ ਹਨ:

ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰ ਨਾਈ॥ (ਪੰਨਾ 654)

13) ਪ੍ਰਿਥੀ ਚੰਦ ਦਾ ਰੋਲ

ਵੱਡਾ ਸਪੁੱਤਰ ਹੋਣ ਦੇ ਨਾਤੇ ਪ੍ਰਿਥੀ ਚੰਦ ਆਪਣੇ ਆਪ ਨੂੰ ਗੁਰਗੱਦੀ ਦਾ ਹੱਕਦਾਰ ਸਮਝਦਾ ਸੀ। ਉਸ ਨੂੰ ਇਹ ਨਹੀਂ ਸੀ ਪਤਾ ਕਿ ਗੁਰੂ ਨਾਨਕ ਦੀ ਗੁਰਗੱਦੀ ਕੋਈ ਜੱਦੀ ਵਿਰਾਸਤ ਨਹੀਂ। ਜਦ ਗੁਰੂ ਰਾਮਦਾਸ ਸਾਹਿਬ ਨੇ ਗੁਰਗੱਦੀ ਸ੍ਰੀ ਗੁਰੂ ਅਰਜਨ ਦੇਵਜੀ ਨੂੰ ਦਿੱਤੀ, ਤਾਂ ਪ੍ਰਿਥੀ ਚੰਦ ਬਹੁਤ ਔਖਾ ਹੋਇਆ। ਉਸ ਨੇ ਗੁਰੂ ਰਾਮਦਾਸ ਸਾਹਿਬ ਨਾਲ ਬੜਾ ਝਗੜਾ ਕੀਤਾ ਕਿ ਉਸ ਦਾ ਹੱਕ ਮਾਰਿਆ ਗਿਆ ਅਤੇ ਉਸ ਨਾਲ ਧੱਕਾ ਕੀਤਾ ਗਿਆ ਸੀ। ਕਹਿਣ ਲੱਗਾ ਜਿਸ ਨੇ ਮੇਰਾ ਹੱਕ ਖੋਹਿਆ ਹੈ, ਮੈਂ ਉਸ ਨੂੰ ਚੈਨ ਨਾਲ ਨਹੀਂ ਬੈਠਣ ਦਿਆਂਗਾ। ਬਾਬਾ ਬੁੱਢਾ ਜੀ ਦੇ ਸਮਝਾਉਣ 'ਤੇ ਵੀ ਜਦ ਵਿਰੋਧਤਾ ਕਰਨੋਂ ਨਾ ਟਲਿਆ, ਤਾਂ ਗੁਰੂ ਰਾਮਦਾਸ ਸਾਹਿਬ ਨੇ ਪ੍ਰਿਥੀ ਚੰਦ ਦਾ ਨਾਂ 'ਮੀਸਣਾ' ਰੱਖਿਆ ਤੇ ਆਗਿਆ ਕੀਤੀ ਕਿ ਉਹ ਸਾਡੇ ਮੱਥੇ ਨਾ ਲੱਗੇ।

ਵੱਡੇ ਸਪੁੱਤਰ ਪ੍ਰਿਥੀ ਚੰਦ ਬਾਰੇ ਸਪਸ਼ਟ ਹੈ ਕਿ ਉਹ ਅੰਦਰੋਂ ਬਾਹਰੋਂ ਦੁਨੀਆਦਾਰੀ ਦੀ ਲੋਭ ਲਹਿਰ ਦਾ ਸ਼ਿਕਾਰ ਸੀ ਅਤੇ ਸੰਸਾਰਕ ਵਸਤਾਂ ਤੇ ਮਾਇਆ ਦੀ ਪਕੜ 'ਚ ਸੀ। ਹਉਮੈਂ-ਹੰਕਾਰ 'ਚ ਗ੍ਰਸਿਆ ਉਹ ਵੱਡੇ ਪੁੱਤਰ ਹੋਣ ਦੇ ਨਾਤੇ ਆਪਣੇ ਆਪ ਨੂੰ ਗੁਰੂ-ਗੱਦੀ ਦਾ ਮਾਲਕ ਸਮਝਦਾ ਸੀ। ਇਸ ਹਉਮੈਂ-ਹੰਕਾਰ ਅਤੇ ਲੋਭ-ਲਾਲਚ ਕਾਰਨ ਹੀ ਉਸ ਨੇ ਕਦੀ ਸਮਕਾਲੀ ਰਾਜ ਦੇ ਦਰਬਾਰੀਆਂ ਨੂੰ ਗੁਰੂ ਅਰਜਨ ਸਾਹਿਬ ਵਿਰੁੱਧ ਭੜਕਾਇਆ ਤੇ ਕਦੀ ਗੁਰੂ ਦਰਬਾਰ ਦੇ ਰਬਾਬੀ ਕੀਰਤਨੀਏ ਬਲਵੰਡ-ਸੱਤਾ ਕੋਲੋਂ ਗੁਰੂ ਸਾਹਿਬ ਵਿਰੁੱਧ ਕੁਬੋਲ ਬੁਲਵਾਇਆ।

ਗੁਰੂ ਰਾਮਦਾਸ ਸਾਹਿਬ ਦੇ ਜੋਤੀ ਜੋਤ ਸਮਾ ਜਾਣ ਉਪਰੰਤ ਗੁਰੂ ਅਰਜਨ ਸਾਹਿਬ ਨੇ ਚੌਥੇ ਪਿਤਾ-ਪਾਤਸ਼ਾਹ ਦੇ ਅਰੰਭੇ ਕੰਮਾਂ ਨੂੰ ਸਿਰੇ ਚਾੜ੍ਹਨਾ ਸ਼ੁਰੂ ਕੀਤਾ ਅਤੇ ਗੁਰੂ ਕੇ ਚੱਕ ਵਾਪਸ ਆ ਗਏ। ਆਪ ਜੀ ਨੇ ਗੁਰੂ ਕੇ ਚੱਕ ਦਾ ਨਾਂ ਰਾਮਦਾਸਪੁਰ ਜਾਂ ਚੱਕ ਰਾਮਦਾਸਪੁਰ ਰੱਖ ਦਿੱਤਾ।

ਓਧਰੋਂ ਪ੍ਰਿਥੀਏ ਨੇ ਆਪਣੀਆਂ ਕੁਚਾਲਾਂ ਚਲਣੀਆਂ ਸ਼ੁਰੂ ਕਰ ਦਿੱਤੀਆਂ। ਰਾਮਦਾਸਪੁਰ ਦੇ ਚੌਧਰੀਆਂ ਨੂੰ ਕਿਹਾ ਕਿ ਪਿਤਾ ਜੀ ਦੀ ਸਾਰੀ ਜਾਇਦਾਦ ਤੇ ਆਮਦਨੀ ਮੇਰੇ ਛੋਟੇ ਭਰਾ ਨੂੰ ਮਿਲ ਗਈ ਹੈ। ਮੈਨੂੰ ਤੇ ਮੇਰੇ ਭਰਾ ਮਹਾਂਦੇਵਨੂੰ ਗੁਜ਼ਾਰੇ ਵਾਸਤੇ ਕੁਝ ਵੀ ਨਹੀਂ ਮਿਲਿਆ। ਉਸ ਦੀ ਪ੍ਰੇਰਨਾ ਉਪਰੰਤ ਚੌਧਰੀ ਗੁਰੂ ਸਾਹਿਬ ਨੂੰ ਮਿਲੇ, ਤਾਂ ਗੁਰੂ ਸਾਹਿਬ ਨੇ ਮਕਾਨਾਂ ਤੇ ਜ਼ਮੀਨ ਤੋਂ ਆਉਂਦੀ ਸਭ ਆਮਦਨ ਆਪਣੇ ਭਰਾਵਾਂ ਦੇ ਨਾਂ ਲਵਾ ਦਿੱਤੀ। ਪਰ ਪ੍ਰਿਥੀਏ ਦੀ ਫਿਰ ਵੀ ਤਸੱਲੀ ਨਾ ਹੋਈ। ਉਸ ਮਸੰਦਾਂ ਨਾਲ ਗੰਢ-ਤਰੁੱਪ ਕੀਤੀ ਅਤੇ ਆਪਣੇ ਆਪ ਨੂੰ ਗੁਰੂ ਅਖਵਾਉਣ ਲੱਗ ਪਿਆ।

ਉਸ ਵਲੋਂ ਗੁਰੂ ਕੇ ਲੰਗਰ ਦੀ ਨਾਕਾਬੰਦੀ ਵਾਸਤੇ ਪੱਕੇ ਬਾਨ੍ਹਣੂੰ ਬੰਨ੍ਹੇ ਗਏ। ਪ੍ਰਿਥੀਏ ਨਾਲ ਮਿਲ ਚੁੱਕੇ ਮਸੰਦ ਸ਼ਹਿਰ ਤੋਂ ਬਾਹਰ ਹੀ ਨਵੇਂ ਆਏ ਸਿੱਖਾਂ ਨੂੰ ਮਿਲ ਪੈਂਦੇ ਸਨ ਅਤੇ ਉਹਨਾਂ ਨੂੰ ਸਤਿਗੁਰੂ ਦੇ ਦਰਸ਼ਨ ਕਰਾਣ ਲਈ ਬਾਬਾ ਪ੍ਰਿਥੀ ਚੰਦ ਜੀ ਪਾਸ ਲੈ ਜਾਂਦੇ ਸਨ। ਉਹ ਸਿਖ ਬਾਬਾ ਪ੍ਰਿਥੀ ਚੰਦ ਨੂੰ ਹੀ ਗੁਰੂ ਸਮਝ ਕੇ, ਉਹਨਾਂ ਅੱਗੇ ਭੇਟਾ ਰੱਖ ਦੇਂਦੇ ਸਨ। ਜਦੋਂ ਰੋਟੀ ਖਾਣ ਦਾ ਸਮਾਂ ਆਉਂਦਾ, ਤਾਂ ਮਸੰਦ ਉਹਨਾਂ ਨੂੰ ਗੁਰੂ ਕੇ ਲੰਗਰ (ਗੁਰੂ ਅਰਜਨ ਸਾਹਿਬ ਦੇ ਚਲਾਏ ਲੰਗਰ)'ਚ ਲੈ ਜਾਂਦੇ ਸਨ। ਆਮਦਨ ਪ੍ਰਿਥੀ ਚੰਦ ਨੂੰ ਅਤੇ ਖਰਚ ਗੁਰੂ ਅਰਜਨ ਸਾਹਿਬ ਦੇ ਜ਼ਿਮੇਂ। ਇਸ ਤਰ੍ਹਾਂ ਆਮਦਨ ਘੱਟ ਜਾਣ ਕਰਕੇ ਗੁਰੂ ਕਾ ਲੰਗਰ ਇਕ-ਡੰਗੀ ਹੋ ਗਿਆ ਤੇ ਉਹ ਵੀ ਛੋਲਿਆਂ ਦੀ ਰੋਟੀ। ਪਰ ਗੁਰੂ ਸਾਹਿਬ ਨੇ ਇਤਨੀ ਵਧੀਕੀ ਦੇ ਬਾਵਜੂਦ ਜ਼ਬਾਨ ਤਕ ਨਹੀਂ ਖੋਲ੍ਹੀ ਅਤੇ ਇਹਨਾਂ ਝੁਲਦੇ ਝਖੜਾਂ ਦੇ ਟਾਕਰੇ ਤੇ ਚਟਾਨ ਵਾਂਗ ਅਡੋਲ-ਚਿੱਤ ਭਾਣੇ 'ਚ ਰਹਿ ਕੇ ਸੇਵਾ ਕਰਦੇ ਰਹੇ।

ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਅਤੇ ਹੋਰ ਮੁੱਖੀ ਸਿੱਖਾਂ ਨੇ ਫੈਸਲਾ ਕੀਤਾ ਕਿ ਬਾਹਰੋਂ ਆਏ ਸਿੱਖਾਂ ਨੂੰ ਬਾਬਾ ਪ੍ਰਿਥੀ ਚੰਦ ਤੇ ਉਹਨਾਂ ਦੇ ਸਾਥੀਆਂ ਦੇ ਟਪਲਿਆਂ ਤੋਂ ਬਚਾਇਆ ਜਾਏ। ਸ਼ਹਿਰ ਨਿਵਾਸੀ ਤੁਰੰਤ ਨਾਲ ਹੋ ਪਏ। ਇਹਨਾਂ ਪਤਵੰਤੇ ਸਜਣਾਂ ਨੇ ਸ਼ਹਿਰੋਂ ਬਾਹਰ ਜਾ ਕੇ ਜਦ ਨਵੇਂ ਆਏ ਸਿੱਖਾਂ ਨੂੰ ਅਸਲੀਅਤ ਦੱਸਣੀ ਸ਼ੁਰੂ ਕੀਤੀ, ਤਾਂ ਵਿਰੋਧੀਆਂ ਦੀ ਦਾਲ ਗਲਣੀ ਬੰਦ ਹੋ ਗਈ ਅਤੇ ਲੰਗਰ ਦੀ ਲਾਈ ਗਈ ਨਾਕਾਬੰਦੀ ਟੁੱਟ ਗਈ। ਪਰ ਪ੍ਰਿਥੀਆ ਈਰਖਾ-ਵਸ ਆਪਣੀਆਂ ਘਟੀਆ ਕਰਤੂਤਾਂ ਤੋਂ ਬਾਜ਼ ਨਾ ਆਇਆ।

ਗੁਰੂ ਅਰਜਨ ਸਾਹਿਬ ਨੇ ਪ੍ਰਿਥੀਏ ਤੋਂ ਪਰ੍ਹੇ ਰਹਿਣ ਲਈ ਰਾਮਦਾਸਪੁਰ (ਅੰਮ੍ਰਿਤਸਰ) ਛੱਡ ਕੇ 'ਗੁਰੂ ਕੀ ਵਡਾਲੀ' ਜਾ ਟਿਕਣ ਦਾ ਫੈਸਲਾ ਕੀਤਾ। ਉਥੇ ਹੀ (ਗੁਰੂ) ਹਰਿਗੋਬਿੰਦ ਸਾਹਿਬ ਦਾ ਪ੍ਰਕਾਸ਼ ਹੋਇਆ। ਸ਼ਹਿਜ਼ਾਦੇ ਦੇ ਜਨਮ ਦੀ ਖਬਰ ਸੁਣ ਕੇ, ਪ੍ਰਿਥੀਏ ਤੇ ਉਸ ਦੀ ਵਹੁਟੀ, ਕਰਮੋਂ ਨੂੰ ਬੜਾ ਦੁਖ ਹੋਇਆ। ਉਹ ਤਾਂ ਇਹ ਸਮਝੀ ਬੈਠੇ ਸਨ ਕਿ ਗੁਰੂ ਕੇ ਘਰ ਕੋਈ ਪੁੱਤਰ ਨਾ ਹੋਣ ਕਾਰਨ ਉਨ੍ਹਾਂ ਮਗਰੋਂ ਗੁਰਗੱਦੀ ਉਹਨਾਂ ਦੇ ਪੁੱਤਰ, ਮਿਹਰਬਾਨ ਨੂੰ ਹੀ ਮਿਲੇਗੀ। ਉਹਨਾਂ ਫੇਰ ਕੁਚਾਲਾਂ ਚੱਲਣੀਆਂ ਸ਼ੁਰੂ ਕਰ ਦਿੱਤੀਆਂ।

ਉਹਨਾਂ ਇਕ ਖਿਡਾਵੇ ਰਾਹੀਂ ਸ਼ਹਿਜ਼ਾਦੇ ਨੂੰ ਜ਼ਹਿਰ ਦਿਵਾਉਣ ਦਾ ਕਾਲਾ ਕਾਰਾ ਕਰਵਾਇਆ। ਖਿਡਾਵੇ ਬ੍ਰਾਹਮਣ ਨੇ ਦਹੀ 'ਚ ਜ਼ਹਿਰ ਮਿਲਾ ਕੇ ਖੁਆਉਣ ਦੀ ਕੋਸ਼ਿਸ਼ ਕੀਤੀ। ਜਦ ਉਸ ਲੂਣ-ਹਰਾਮੀ ਬ੍ਰਾਹਮਣ ਦੇ ਦੁਸ਼ਟਪੁਣੇ ਦੀ ਕਾਲੀ ਕਰਤੂਤ ਪਕੜੀ ਗਈ, ਤਾਂ ਉਸ ਦੀ ਮੰਦ-ਕਰਤੂਤ ਦੀ ਉਸ ਦੇ ਦਿਲ 'ਤੇ ਅਜਿਹੀ ਚੋਟ ਲੱਗੀ ਕਿ ਉਸ ਨੂੰ ਸੂਲ ਪੈ ਗਿਆ ਅਤੇ ਮਰਦਾ-ਮਰਦਾ ਸਾਰਾ ਭੇਦ ਦੱਸ ਗਿਆ। ਜਿਸ ਨੂੰ ਕਰਤਾਰ ਰੱਖੇ, ਉਸ ਨੂੰ ਕੌਣ ਮਾਰੇ। ਪ੍ਰਿਥੀ ਚੰਦ ਬੀਰਬਲ (ਕੱਟੜ ਬ੍ਰਾਹਮਣ)ਰਾਹੀਂ ਵੀ ਰਾਜ-ਦਰਬਾਰ 'ਚ ਗੁਰੂ ਸਾਹਿਬ ਵਿਰੁੱਧ ਕੰਨ ਭਰਦਾ ਰਿਹਾ। ਬੀਰਬਲ ਨੇ ਅਕਬਰ ਨੂੰ ਕਈ ਵਾਰ ਇਹ ਯਕੀਨ ਦਿਵਾਉਣ ਦੀ ਕੋਸ਼ਿਸ਼ ਕੀਤੀ ਕਿ ਗੁਰੂ ਅਰਜਨ ਸਾਹਿਬ ਕੁਫਰ ਤੇ ਨਾਸਤਕਤਾ ਦਾ ਪਰਚਾਰ ਕਰ ਰਹੇ ਸਨ ਪਰ ਅਕਬਰ ਦਾ ਮਨ ਨਹੀਂ ਸੀ ਮੰਨਿਆ।

ਫੇਰ ਪ੍ਰਿਥੀਏ ਨੇ ਦਿੱਲੀ ਜਾ ਕੇ ਅਕਬਰ ਬਾਦਸ਼ਾਹ ਕੋਲ ਜਾ ਫਰਿਆਦ ਕੀਤੀ ਅਤੇ ਦਾਅਵਾ ਜਾ ਦਾਇਰ ਕੀਤਾ ਕਿ ਉਸ ਦਾ ਹੱਕ ਜੋ ਬੇਇਨਸਾਫੀ ਨਾਲ ਖੋਹਿਆ ਗਿਆ ਹੈ, ਉਸ ਨੂੰ ਵਾਪਸ ਦਿਵਾਇਆ ਜਾਏ। ਅਕਬਰ ਨੇ ਸਾਰੀ ਗੱਲ ਸੁਣੀ ਅਤੇ ਜਾਣਕਾਰ ਦਰਬਾਰੀਆਂ ਦੀ ਸਲਾਹ-ਮਸ਼ਵਰੇ ਮਗਰੋਂ ਫੈਸਲਾ ਦਿੱਤਾ ਕਿ ਗੁਰ-ਗੱਦੀ ਕੋਈ ਵਿਰਾਸਤ ਦੀ ਸ਼ੈਅ ਨਹੀਂ ਕਿ ਇਹ ਜ਼ਰੂਰ ਹੀ ਵੱਡੇ ਪੁੱਤਰ ਨੂੰ ਮਿਲੇ। ਉਸ ਦੀ ਅਰਜ਼ੀ ਖਾਰਜ ਕਰ ਦਿੱਤੀ ਗਈ ਅਤੇ ਦੱਸਿਆ ਕਿ ਹਕੂਮਤ

ਕਿਸੇ ਨੂੰ ਗੁਰੂ ਨਹੀਂ ਬਣਾ ਸਕਦੀ ਅਤੇ ਨਾ ਹੀਂ ਲੋਕਾਂ ਨੂੰ ਮਜਬੂਰ ਕਰ ਸਕਦੀ ਹੈ ਕਿ ਫਲਾਣੇ ਬੰਦੇ ਨੂੰ ਗੁਰੂ ਮੰਨੋ ਜਾਂ ਨਾ ਮੰਨੋ।

ਗੁਰਗਦੀ ਹਥਿਆਉਣ ਲਈ ਵੱਡਾ ਭਰਾ ਬਾਬਾ ਪ੍ਰਿਥੀ ਚੰਦ ਹਕੂਮਤ ਦਾ ਹੱਥਠੋਕਾ ਬਣਿਆ, ਗੁਰੂ ਸਾਹਿਬ ਨੇ ਉਸ ਦਾ ਵਿਰੋਧ ਖਿੜੇ ਮੱਥੇ ਸਹਾਰਿਆ, ਪਰ 'ਜਿਨ ਕਉ ਸਤਿਗੁਰ ਥਾਪਿਆ ਤਿਨ ਮੇਟਿ ਨ ਸਕੈ ਕੋਇ' (ਪੰਨਾ 17)ਦੇ ਫ਼ੁਰਮਾਨ ਤੇ ਦ੍ਰਿੜ ਚਿਤ ਰਹੇ ਅਤੇ ਗੁਰਗਦੀ ਦੀਆਂ ਜ਼ਿਮੇਵਾਰੀਆਂ ਪੂਰੀ ਤਰ੍ਹਾਂ ਨਿਭਾਈਆਂ।

ਏਧਰੋਂ ਮੂੰਹ ਦੀ ਖਾ ਕੇ ਪ੍ਰਿਥੀਏ ਨੇ ਇਕ ਹੋਰ ਚਾਲ ਚੱਲੀ। ਉਸ ਨੇ ਫੌਜਦਾਰ ਸੁਲਹੀ ਖਾਂ ਨੂੰ ਬਹੁਤ ਸਾਰੀ ਵੱਢੀ ਦੇਕੇ ਆਪਣੇ ਨਾਲ ਗੰਢਿਆ। ਸੁਲਹੀ ਖਾਂ ਨੇ ਉਸ ਨੂੰ ਯਕੀਨ ਦੁਆਇਆ ਕਿ ਉਹ ਗੁਰੂ ਅਰਜਨ ਸਾਹਿਬ ਨੂੰ ਕੈਦ ਕਰ ਲ ਏਗਾ, ਨਗਰ ਨੂੰ ਲੁੱਟ ਲਵੇਗਾ ਅਤੇ ਗੁਰ-ਗੱਦੀ ਪ੍ਰਿਥੀਏ ਨੂੰ ਦੇ ਆਵੇਗਾ। ਸੁਲ ਹੀ ਖਾਂ ਫੌਜ ਲੈਕੇ ਆਇਆ ਅਤੇ ਪਹਿਲਾਂ ਪ੍ਰਿਥੀਏ ਨੂੰ ਮਿਲਣ ਗਿਆ।

ਗੁਰੂ ਸਾਹਿਬ ਨੂੰ ਸੁਲਹੀ ਖਾਂ ਦੇ ਇਰਾਦਿਆਂ ਦਾ ਪਤਾ ਲੱਗ ਗਿਆ ਸੀ, ਪਰ ਕਰਤਾਰ 'ਤੇ ਭਰੋਸਾ ਰੱਖ ਕੇ ਸ਼ਾਂਤ ਰਹੇ ਅਤੇ ਸਿੱਖ ਸੰਗਤਾਂ ਨੂੰ ਧੀਰਜ ਦੇਂਦੇ ਰਹੇ ਕਿ ਸੁਲਹੀ ਖਾਂ ਨਾਲ ਕਰਤਾਰ ਆਪ ਨਜਿੱਠੇਗਾ। ਸੁਲਹੀ ਖਾਂ ਘੋੜੇ ਉਪਰ ਚੜ੍ਹਿਆ ਪ੍ਰਿਥੀਏ ਦਾ ਭੱਠਾ ਵੇਖ ਰਿਹਾ ਸੀ। ਘੋੜਾ ਭਠਿਆਂ ਦੀ ਅੱਗ ਦੇ ਕਾਰਨ ਤ੍ਰਬਕ ਗਿਆ ਅਤੇ ਸੁਲਹੀ ਖਾਂ, ਸਮੇਤ ਘੋੜੇ ਦੇ, ਭੱਖਦੇ ਭੱਠੇ 'ਚ ਡਿੱਗ ਪਿਆ ਅਤੇ ਸੁਲ ਹੀ ਵਿਚੇ ਹੀ ਸੜ ਮੋਇਆ ਅਤੇ ਬਾਬਾ ਪ੍ਰਿਥੀ ਚੰਦ ਦਾ ਇਹ ਮਨਸੂਬਾ ਵੀ ਮਿੱਟੀ 'ਚ ਮਿਲ ਗਿਆ।

ਪ੍ਰਿਥੀ ਚੰਦ ਨੇ ਹਰ ਤਰ੍ਹਾਂ ਦੇ ਨੀਵੇਂ ਤੋਂ ਨੀਵੇਂ ਦੁਨੀਆਦਾਰਾਂ ਵਾਲੇ ਦੁਖ ਦੇਣ ਦੀ ਕੋਸ਼ਿਸ਼ ਕੀਤੀ। ਆਪਣੇ ਭਤੀਜੇ (ਗੁਰੂ)ਹਰਿਗੋਬਿੰਦ ਸਾਹਿਬ ਨੂੰ ਮਾਰ ਦੇਣ ਦੀਆਂ ਕੋਸ਼ਿਸ਼ਾਂ ਕੀਤੀਆਂ। ਸਰਕਾਰੀ ਹਾਕਮਾਂ ਕੋਲ ਸ਼ਿਕਾਇਤਾਂ ਕੀਤੀਆਂ, ਝੂਠੇ ਮੁਕੱਦਮੇ ਬਣਾਏ, ਗੁਰੂ ਅਰਜਨ ਸਾਹਿਬ ਦੀ ਥਾਂ-ਥਾਂ ਨਿੰਦਾ ਕੀਤੀ, ਆਖ਼ਰ ਸੁਲਹੀ ਖਾਂ ਨੂੰ ਗੁਰੂ ਘਰ 'ਤੇ ਚਾੜ੍ਹ ਲਿਆਂਦਾ, ਪਰ ਗੁਰੂ ਸਾਹਿਬ ਅਡੋਲ ਰਹੇ। ਸਿੱਖ ਸੰਗਤਾਂ 'ਚ ਗੁੱਸਾ, ਘਬਰਾਹਟ ਤੇ ਬੇਦਿਲੀ ਜਿਹੀ ਆ ਗਈ ਸੀ ਅਤੇ ਗੁਰੂ ਸਾਹਿਬ ਨੂੰ ਬਚਾਅ ਲਈ ਵੱਖ ਵੱਖ ਸਲਾਹਾਂ ਦਿੱਤੀਆਂ ਗਈਆਂ ਸਨ, ਪਰ ਗੁਰੂ ਸਾਹਿਬ ਦਾ ਰੱਬ ਅਤੇ ਸਚਾਈ 'ਤੇ ਅਟੱਲ ਵਿਸ਼ਵਾਸ ਕਾਇਮ ਰਿਹਾ:

"ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ॥
ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ॥
ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ॥
ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ॥" (ਪੰਨਾ 371)

"ਅਰਥਾਤ. ਪਹਿਲਾ ਮਸ਼ਵਰਾ ਮੇਰੇ ਸ਼ੁਭ ਇਛਕਾਂ ਵਲੋਂ ਇਹ ਦਿੱਤਾ ਗਿਆ ਕਿ ਮੈਂ ਚਿੱਠੀ-ਚਪੱਠੀ ਰਾਹੀਂ ਕੋਈ ਆਪਸੀ ਸੁਲਾਹ ਦਾ ਰਾਹ ਕੱਢਾਂ, ਫਿਰ ਇਹ, ਕਿ ਮੈਂ ਦੋ ਆਦਮੀ ਬਤੌਰ ਵਿਚੋਲੇ ਦੇ ਭੇਜਾਂ, ਤੇ ਫੇਰ ਇਹ, ਕਿ ਕੋਈ ਨਾ ਕੋਈ ਹੋਰ ਠੋਸ ਉਪਾਉ ਕਰਾਂ, ਪਰ ਮੈਂ ਸਭ ਕੁਝ ਛੱਡ ਕੇ ਕੇਵਲ ਅਕਾਲ ਪੁਰਖ ਨੂੰ ਧਿਆਇਆ ਅਤੇ ਉਸ 'ਤੇ ਹੀ ਭਰੋਸਾ ਰੱਖਿਆ। ਕੁਝ ਸਿੱਖਾਂ ਦਾ ਖਿਆਲ ਸੀ ਕਿ ਬਾਦਸ਼ਾਹ ਦੀ ਨਾਰਾਜ਼ਗੀ ਨਾਲ ਖਤਰਨਾਕ ਨਤੀਜੇ ਨਿਕਲ ਸਕਦੇ ਹਨ। ਗੁਰੂ ਸਾਹਿਬ ਨੇ ਫੁਰਮਾਇਆ ਕਿ ਉਹ ਅਸੂਲ ਤੇ ਚਲਦਿਆਂ ਮੇਲ-ਮਿਲਾਪ ਲਈ ਤਿਆਰ ਹਨ, ਪਰ ਅਸੂਲ ਛੱਡ ਕੇ ਨਹੀਂ। ਉਪਰਲੇ ਸ਼ਬਦ ਤੋਂ ਜ਼ਾਹਰ ਹੈ ਕਿ ਉਸ ਘਬਰਾਹਟ ਦੇ ਸਮੇਂ ਵੀ ਗੁਰੂ ਸਾਹਿਬ ਅਟੱਲ ਵਿਸ਼ਵਾਸ 'ਚ ਪਹਾੜ ਦੀ ਤਰ੍ਹਾਂ ਅਡੋਲ ਰਹੇ:

ਸੁਲਹੀ ਤੇ ਨਾਰਾਇਣ ਰਾਖੁ॥

ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ॥ ਰਹਾਉ॥

(ਪੰ:825)

14) ਚੰਦੂ ਦਾਂ ਰੋਲ

ਸਿੱਖ ਪਰੰਪਰਾ ਅਤੇ ਸਿੱਖ ਇਤਿਹਾਸ ਮੁਤਾਬਕ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਦਾ ਸਾਰਾ ਕੰਮ ਲਾਹੌਰ ਦਰਬਾਰ 'ਚ ਅਸਰ-ਰਸੂਖ ਰੱਖਣ ਵਾਲੇ ਚੰਦੂ ਨਾਂ ਦੇ ਇਕ ਵਿਅਕਤੀ ਵਲੋਂ ਕੀਤਾ ਗਿਆ, ਜੋ ਆਪਣੀ ਲੜਕੀ ਦਾ ਰਿਸ਼ਤਾ ਮੋੜੇ ਜਾਣ ਕਰਕੇ ਗੁਰੂ ਸਾਹਿਬ ਨਾਲ ਦੁਸ਼ਮਣੀ ਦੀ ਭਾਵਨਾ ਰੱਖਦਾ ਸੀ।

ਪ੍ਰਚਲਤ ਧਾਰਨਾ ਮੁਤਾਬਕ ਚੰਦੂ ਸ਼ਾਹ ਨੇ ਪ੍ਰਚਲਤ ਰਿਵਾਜ ਮੁਤਾਬਕ ਆਪਣੀ ਧੀ ਦਾ ਰਿਸ਼ਤਾ ਟੋਲਣ ਲਈ ਬ੍ਰਾਹਮਣ ਭੇਜੇ। ਉਹ ਬ੍ਰਾਹਮਣ ਅੰਮ੍ਰਿਤਸਰ ਪੁਜੇ ਅਤੇ ਗੁਰੂ ਅਰਜਨ ਸਾਹਿਬ ਦੇ ਸਾਹਿਬਜ਼ਾਦੇ (ਗੁਰੂ)ਹਰਿਗੋਬਿੰਦ ਸਾਹਿਬ ਨੂੰ ਪਸੰਦ ਕਰਕੇ ਚਲੇ ਗਏ। ਚੰਦੂ ਸ਼ਾਹ ਨੂੰ ਜਦ ਇਸ ਰਿਸ਼ਤੇ ਦੀ ਚੋਣ ਦਾ ਪਤਾ ਲੱਗਿਆ, ਤਾਂ ਉਸ ਨੇ ਫੋਕੀ ਫੂੰ-ਫਾਂ ਦੇ ਹੰਕਾਰ 'ਚ ਆ ਕੇ ਆਪਣੇ ਆਪ ਨੂੰ ਬਹੁਤ ਉੱਚਾ (ਚੁਬਾਰੇ ਵਰਗਾ) ਅਤੇ ਗੁਰੂ ਸਾਹਿਬ ਦੇ ਘਰ ਨੂੰ ਬਹੁਤ ਨੀਵਾਂ ਅਤੇ ਮੋਰੀ ਦੀ ਇਟ ਵਰਗਾ ਦੱਸਿਆ। ਸਾਧ ਸੰਗਤ ਨੂੰ ਚੰਦੂ ਸ਼ਾਹ ਦੀ ਇਸ ਹੰਕਾਰਕ ਤੇ ਨੀਚ ਬਿਰਤੀ ਕਾਰਨ ਇਹ ਰਿਸ਼ਤਾ ਮਨਜ਼ੂਰ ਨਹੀਂ ਸੀ। ਜਿਸ ਕਰਕੇ ਉਹਨਾਂ ਨੇ ਇਸ ਰਿਸ਼ਤੇ ਨੂੰ ਮਨਜ਼ੂਰ ਨਾ ਕਰਨ ਦੀ ਆਪਣੀ ਬੇਨਤੀ ਗੁਰੂ ਸਾਹਿਬ ਕੋਲ ਭੇਜ ਦਿੱਤੀ।

ਸਾਧ ਸੰਗਤ 'ਚ ਗੁਰੂ ਦੀ ਸਰਬ ਉਚ ਪੁਜੀਸ਼ਨ ਹੋਣ ਦੇ ਬਾਵਜੂਦ ਗੁਰੂ ਸਾਹਿਬਾਨ ਨੇ ਸੰਗਤ ਨੂੰ 'ਇਕੀ ਬਿਸਵੇ' ਦਾ ਦਰਜਾ ਦਿੱਤਾ ਹੋਇਆ ਸੀ ਜਦ ਕਿ

ਖੁਦ (ਗੁਰੂ ਸਾਹਿਬ) ਨੂੰ 'ਬੀਹ ਬਿਸਵੇ' ਮੰਨਿਆ ਜਾਂਦਾ ਸੀ, ਜਿਸ ਦਾ ਆਧੁਨਿਕ ਬੋਲੀ 'ਚ ਭਾਵਹੈ ਜਮਹੂਰੀਅਤ ਦਾ ਰਾਜ ਜਾਂ ਲੋਕ-ਸਮੂਹ ਦੀ ਸ਼ਕਤੀ॥ ਇਥੇ ਇਹ ਦੱਸਣਾ ਕੁਥਾਂ ਨਹੀਂ ਹੋਵੇਗਾ ਕਿ ਇਹਨਾਂ ਸਤਰਾਂ ਦੇ ਲਿਖਾਰੀ ਨੇ ਹੀ ਪਹਿਲੀ ਵਾਰ 'ਮੀਰੀ ਪੀਰੀ ਦੇ ਸਿਧਾਂਤ' ਵਾਂਗ ਗੁਰਮਤਿ ਦੇ ਉਪਰਲੇ 'ਗੁਰੂ ਵੀਹ ਵਿਸਵੇ ਤੇ ਸੰਗਤ ਇੱਕੀ ਵਿਸਵੇ' ਦੇ ਸਿਧਾਂਤ ਦੇ ਭੇਦ ਨੂੰ ਖੋਲ੍ਹਣ ਦਾ ਯਤਨ ਕੀਤਾ ਕਿ ਗੁਰੂ ਸਾਹਿਬਾਨ ਨੇ ਸੰਗਤ ਨੂੰ ਕਿਉਂ ਇੱਕੀ ਵਿਸਵੇ ਸਥਾਨ ਬਖਸ਼ਿਆ ਜਦ ਕਿ ਗੁਰੂ ਸਾਹਿਬਾਨ ਆਪ ਸੰਗਤ ਦੇ ਸੰਚਾਲਕ ਹਨ, ਮੂਲ ਸੋਮਾ ਹਨ ਅਤੇ ਸੰਗਤ ਦੀ ਆਤਮਿਕ ਸ਼ਕਤੀ ਦਾ ਧੁਰਾ ਹਨ?

ਇਸ ਸਿਧਾਂਤ ਨੂੰ ਸਮਝਣ ਲਈ ਇਥੇ ਦੋ ਨੁਕਤੇ ਸਾਡਾ ਖਾਸ ਧਿਆਨ ਮੰਗਦੇ ਹਨ। ਇਕ ਤਾਂ ਇਹ ਕਿ ਸਾਧ ਸੰਗਤ 'ਚ ਅਕਾਲ ਪੁਰਖ ਆਪ ਉਹਨਾਂ ਦੇ ਹਿਰਦੇ ਅੰਦਰ ਪ੍ਰਗਟ ਹੁੰਦਾ ਹੈ ਅਤੇ ਆਪ ਹੀ ਉਹਨਾਂ ਨੂੰ ਬਲ ਬੁੱਧ ਗਿਆਨ ਦੀ ਸੋਝੀ ਬਖਸ਼ ਕੇ ਸੰਸਾਰ 'ਚ ਉਸ ਦੇ ਹੁਕਮ ਮੁਤਾਬਕ ਵਿਚਰਨ ਦੀ ਜੁਗਤੀ ਬਖਸ਼ਦਾ ਹੈ:

ਸਾਧ ਸੰਗਿ ਮਿਲ ਭਏ ਪ੍ਰਗਾਸ॥
ਸਹਜ ਸੂਖ ਆਸ ਨਿਵਾਸ॥ (ਪੰਨਾ੪੪੪)

ਦੂਜਾ ਇਹ ਕਿ ਗੁਰੂ ਸੰਦੇਸ਼ ਪਰਮੇਸ਼ਰ ਦਾ ਸੰਦੇਸ਼ ਹੈ ਅਤੇ ਇਹ ਸਦੀਵੀ ਸੰਦੇਸ਼ ਹੈ। ਇਸ ਸੰਦੇਸ਼ ਨੂੰ ਪ੍ਰਚਾਰਨ ਵਾਸਤੇ ਗੁਰੂ ਸਾਹਿਬ ਸੰਸਾਰ ਵਿੱਚ ਆਏ। ਗੁਰੂ ਦੀ ਦੇਹੀ ਗੁਰੂ ਨਹੀਂ, ਸਗੋਂ ਗੁਰੂ ਦੀ ਗੁਰਤਾ ਗੁਰੂ ਦੀ ਬਾਣੀ ਵਿੱਚ ਹੈ। ਗੁਰੂ ਦਾ ਸਰੀਰ ਅਕਾਲ ਪੁਰਖ ਦੀ ਨਿਯਮਾਵਲੀ ਮੁਤਾਬਕ ਬਿਨਸਨਹਾਰ ਹੈ। ਗੁਰੂ ਸਾਹਿਬ ਰੱਬੀ ਸੰਦੇਸ਼ ਦਾ ਪਰਚਾਰ ਕਰਕੇ ਚਲੇ ਗਏ, ਪਰ ਸੰਗਤ ਆਪਣੇ ਆਪ ਵਿੱਚ ਇਕ ਸਦੀਵੀ ਧਾਰਾ ਜਾਂ ਲਹਿਰ ੌਡਇਸਹਇਹਖਜਤ ਨੂੰਖਸਸਇਭੱਹ ਹੈ, ਜਿਹੜੀ ਪਰਮੇਸ਼ਰ ਸੰਦੇਸ਼ ਨੂੰ ਗੁਰੂ ਆਸ਼ੇ ਅਨੁਸਾਰ ਅਮਲੀ ਰੂਪ ਵਿੱਚ ਸਦਾ ਲਈ ਫਲੀਭੂਤ ਕਰਨ ਦੇ ਸਮਰਥ ਹੈ। ਇਸ ਤਰ੍ਹਾਂ ਪਰਮੇਸ਼ਰ ਦੇ ਸੰਦੇਸ਼ ਨੂੰ ਸਦਾ ਲਈ ਚਲਦਾ ਰੱਖਣ ਵਾਲੀ ਸੰਗਤ ਪਰਮੇਸ਼ਰ ਰੂਪ ਹੈ।

ਇਸ ਸੰਗਤ ਨੇ ਹਮੇਸ਼ਾ ਕਾਇਮ ਰਹਿਣਾ ਹੈ। ਇਸ ਵਿੱਚੋਂ ਜਿਹੜੇ ਵਿਅਕਤੀਗਤ ਬੰਦੇ ਅਲੋਪ ਹੋਣਗੇ, ਉਹਨਾਂ ਦੀ ਥਾਂ ਕੋਈ ਹੋਰ ਲੈ ਲੈਣਗੇ। ਜਦ ਤੱਕ ਇਹ ਬ੍ਰਹਮੰਡ ਕਾਇਮ ਹੈ, ਪਰਮੇਸ਼ਰ ਸੰਦੇਸ਼ ਦੀ ਲੋੜ ਰਹਿਣੀ ਹੈ ਅਤੇ ਇਸ ਤਰ੍ਹਾਂ ਇਹ ਸੰਗਤ ਸਦੀਵੀ ਰਹਿਣ ਵਾਲੀ ਹੈ। ਇਸੇ ਕਰਕੇ ਸਿੱਖ ਧਰਮ ਵਿੱਚ ਸੰਗਤ ਨੂੰ ਗੁਰੂ ਨਾਲੋਂ ਉੱਚਾ ਦਰਜਾ ਪ੍ਰਾਪਤ ਹੈ। ਗੁਰੂ ਸਾਹਿਬਾਨ ਨੇ ਆਪਣੇ ਰੱਬੀ ਸੰਦੇਸ਼ ਵਿੱਚ ਇਸੇ ਕਰਕੇ ਸੰਗਤ ਨੂੰ ਬਹੁਤੀ ਮਹਾਨਤਾ ਬਖ਼ਸ਼ੀ ਹੈ ਅਤੇ ਉਤਮ ਸੰਗਤ ਕਰਨ ਦੀ ਨਿਰੰਤਰ ਪ੍ਰੇਰਨਾ ਦਿੱਤੀ ਹੈ:-

1) ਉੱਤਮ ਸੰਗਤਿ ਉੱਤਮ ਹੋਵੈ, ਗੁਣ ਕਉ ਧਾਵੈ, ਅਵਗੁਣ ਧੋਵੈ॥ (ਪੰ: 413)

2) ਸਤ ਸੰਗਤਿ ਹਰਿ ਹਰਿ ਵਸਿਆ ਮਿਲਿ ਸੰਗਤਿ ਹਰਿ ਗੁਨ ਜਾਨ॥ (ਪੰਨਾ 1335)

ਗੁਰੂ ਸਾਹਿਬਾਨ ਹਮੇਸ਼ਾ ਸਿੱਖ ਸੰਗਤਾਂ ਦੀ ਰਾਏ ਦਾ ਸਤਿਕਾਰ ਕਰਦੇ ਆਏ ਹਨ। ਉਂਜ ਵੀ ਅਜਿਹੇ ਹੰਕਾਰੀ ਬੰਦੇ ਨਾਲ ਗੁਰੂ ਸਾਹਿਬ ਰਿਸ਼ਤਾ ਨਹੀਂ ਸਨ ਕਰ ਸਕਦੇ। 'ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ' ਦੇ ਗੁਰਮਤਿ ਸਿਧਾਂਤ ਤੇ ਦ੍ਰਿੜ ਰਹਿੰਦਿਆਂ ਚੰਦੂ ਵਰਗੇ ਹੰਕਾਰੀ ਵਿਅਕਤੀ ਨੂੰ ਕੁੜਮ ਦੇ ਰੂਪ 'ਚ ਰਿਸ਼ਤੇਦਾਰ ਨਹੀਂ ਸੀ ਬਣਾਇਆ ਭਾਵੇਂ ਉਸ ਨੇ ਰਾਜਸੀ ਪ੍ਰਭਾਵਦੀ ਵਰਤੋਂ ਵੀ ਕੀਤੀ ਅਤੇ ਧੀ ਨੂੰ ਲੱਖਾਂ ਦਾ ਦਾਜ ਦੇਣ ਦੇ ਲਾਰੇ ਵੀ ਲਾਏ। ਇਸ ਤਰ੍ਹਾਂ ਗੁਰੂ ਸਾਹਿਬ ਨੇ ਰਿਸ਼ਤਾ ਨਾ-ਮਨਜ਼ੂਰ ਕਰ ਦਿੱਤਾ ਅਤੇ ਚੰਦੂ ਸ਼ਾਹ ਦੇ ਦਿਲ ਅੰਦਰ ਸਾੜੇ ਤੇ ਈਰਖਾ ਦੇ ਭਾਂਬੜ ਬਲਣ ਲੱਗ ਪਏ ਸਨ ਅਤੇ ਉਹ ਗੁਰੂ-ਘਰ ਦਾ ਦੁਸ਼ਮਣ ਬਣ ਗਿਆ।

ਅਸੀਂ ਅੱਗੇ ਚੱਲ ਕੇ ਵੇਖਾਂਗੇ ਕਿ ਸਿੱਖ ਧਰਮ ਦੇ ਵਿਕਾਸ ਨੂੰ ਰੋਕਣ ਅਤੇ ਸਿੱਖ ਲਹਿਰ ਨੂੰ ਤਬਾਹ ਕਰਨ ਲਈ ਬਾਦਸ਼ਾਹ ਜਹਾਂਗੀਰ ਵਲੋਂ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਦਾ ਹੁਕਮ ਦਿੱਤਾ ਗਿਆ ਸੀ। ਅਜਿਹੀ ਹਾਲਤ 'ਚ ਇਹ ਨਹੀਂ ਮੰਨਿਆ ਜਾ ਸਕਦਾ ਕਿ ਗੁਰੂ ਸਾਹਿਬ ਦੀ ਸ਼ਹੀਦੀ ਦਾ ਮੂਲ ਕਾਰਨ ਸਿਰਫ ਚੰਦੂ ਹੀ ਸੀ ਭਾਵਚੰਦੂ ਨੇ ਹੀ ਹੁਕਮ ਦੇਕੇ ਗੁਰੂ ਸਾਹਿਬ ਨੂੰ ਤਸੀਹੇ ਦੇਕੇ ਸ਼ਹੀਦ ਕੀਤਾ ਕਰਵਾਇਆ ਸੀ। ਇਹ ਗੱਲ ਮੰਨ ਲੈਣ ਨਾਲ ਗੁਰੂ ਸਾਹਿਬ ਦੀ ਸ਼ਹਾਦਤ ਕੇਵਲ ਇਕ ਜ਼ਾਤੀ ਦੁਸ਼ਮਣੀ ਤਕ ਹੀ ਸੀਮਤ ਹੋ ਕੇ ਰਹਿ ਜਾਂਦੀ ਹੈ ਜਦ ਕਿ ਇਹ ਸੱਚ ਦੇ ਧਰਮ ਦੀ ਸਥਾਪਨਾ ਤੇ ਜ਼ੁਲਮ ਦੇ ਨਾਸ ਦੀ ਖਾਤਰ ਇਕ ਮਹਾਨ ਇਤਿਹਾਸਕ ਸਾਕਾ ਹੈ।

ਇਸ 'ਚ ਜ਼ਰਾ ਜਿੰਨਾ ਵੀ ਸ਼ਕ ਨਹੀਂ ਕਿ ਚੰਦੂ, ਸਿੱਖ ਲਹਿਰ ਦੇ ਵਿਰੋਧੀ ਹਿੰਦੂ ਜਾਤ ਅਭਿਮਾਨੀਆਂ ਦਾ ਨੁਮਾਇੰਦਾ ਸੀ ਜਿਸ ਕਰਕੇ ਉਸ ਦਾ ਗੁਰੂ ਸਾਹਿਬ ਨੂੰ ਤਸੀਹੇ ਦੇਕੇ ਸ਼ਹੀਦ ਕਰਨ 'ਚ ਸ਼ੈਤਾਨੀ ਰੋਲ ਜ਼ਰੂਰ ਹੈ, ਪਰ ਉਸ ਦਾ ਕਿਤਨਾ ਰੋਲ ਹੈ, ਕਿਹੋ ਜਿਹਾ ਰੋਲ ਹੈ? ਇਹ ਰੋਲ ਉਸ ਨੂੰ ਕਿਵੇਂ ਮਿਲਿਆ? ਆਦਿਕ ਸੁਆਲਾਂ ਸਾਹਮਣੇ ਕੁਝ ਸੁਆਲੀਆਂ ਨਿਸ਼ਾਨ ਲੱਗੇ ਹੋਏ ਹਨ ਜਿਨ੍ਹਾਂ ਦੀ ਪੂਰੀ ਤਰ੍ਹਾਂ ਛਾਣਬੀਣ ਹੋਣ ਵਾਲੀ ਹੈ। ਇਹ ਕੰਮ ਕਿਸੇ ਇਕ ਵਿਅਕਤੀ ਦੇ ਵਸ ਦਾ ਨਹੀਂ।

ਸਿੱਖ ਇਤਿਹਾਸ ਦੇ ਜਿਹੜੇ ਸੋਮੇ ਚੰਦੂ ਦੀ ਕਹਾਣੀ ਵਰਨਣ ਕਰਕੇ ਗੁਰੂ ਅਰਜਨ ਸਾਹਿਬ ਦੀ ਮਹਾਨ ਸ਼ਹਾਦਤ ਨੂੰ ਇਕ ਮਾਮੂਲੀ ਜਿਹੀ ਘਰੇਲੂ ਰੰਜਸ਼ ਦਾ ਨਤੀਜਾ ਦੱਸਦੇ ਹਨ, ਉਹ ਅੰਧੇਰੇ 'ਚ ਹਨ। ਤੁਜ਼ਕਿ ਜਹਾਂਗੀਰੀ 'ਚ ਚੰਦੂ ਦਾ ਜ਼ਿਕਰ ਬਿਲਕੁਲ ਨਹੀਂ ਹੈ, ਜਿਹੜਾ ਕਿ ਸਿੱਖ ਪਰੰਪਰਾ ਨਾਲ ਪੱਕੀ ਤਰ੍ਹਾਂ ਜੁੜਿਆ

ਹੋਇਆ ਹੈ। ਜਹਾਂਗੀਰ ਸ਼ਕਤੀਸ਼ਾਲੀ ਬਾਦਸ਼ਾਹ ਸੀ, ਉਸ ਨੂੰ ਕਿਸੇ ਦਾ ਡਰ ਨਹੀਂ ਸੀ। ਜੇ ਚੰਦੂ ਦੀ ਅਜਿਹੀ ਕੋਈ ਖਾਸ ਗੱਲ ਹੁੰਦੀ ਭਾਵਉਹ ਹਕੂਮਤ 'ਚ ਕਿਸੇ ਖਾਸ ਉਚ ਪਦਵੀ 'ਤੇ ਹੁੰਦਾ, ਤਾਂ ਉਸ ਨੇ ਉਸ ਦਾ ਵੀ ਜ਼ਿਕਰ ਜ਼ਰੂਰ ਕਰ ਦੇਣਾ ਸੀ।

ਇਥੇ ਇਹ ਦੱਸ ਦੇਣਾ ਵੀ ਕੁਥਾਂ ਨਹੀਂ ਹੋਵੇਗਾ ਕਿ ਇਥੇ ਮੇਰਾ ਇਹ ਭਾਵਬਿਲਕੁਲ ਨਹੀਂ ਕਿ ਚੰਦੂ ਕੋਈ ਇਤਿਹਾਸਕ ਪਾਤਰ ਹੀ ਨਹੀਂ। ਸਿੱਖ ਇਤਿਹਾਸ 'ਚ ਉਹ ਇਕ ਇਤਿਹਾਸਕ ਵਿਅਕਤੀ ਜ਼ਰੂਰ ਹੈ, ਪਰ ਜੋ ਵੁਕਤ 'ਮਹਿਮਾ ਪ੍ਰਕਾਸ਼' ਆਦਿ ਗਰੰਥਾਂ 'ਚ ਉਸ ਨੂੰ ਦਿੱਤੀ ਗਈ ਹੈ, ਉਸ ਦਾ ਅਧਿਕਾਰੀ

ਉਹ ਉੱਕਾ ਨਹੀਂ ਜਾਪਦਾ। ਉਹ ਇਤਨੀ ਅਹਿਮ ਸ਼ਖਸੀਅਤ ਨਹੀਂ ਸੀ, ਜਿਤਨੀ ਕਿ ਕਈ ਲਿਖਾਰੀਆਂ ਨੇ ਜਾਣ ਬੁਝ ਕੇ ਜਾਂ ਅਣਜਾਣੇ 'ਚ ਇਹ ਕਹਾਣੀ ਘੜ ਮਾਰੀ ਹੈ। ਪ੍ਰੋਫੈਸਰ ਸਾਹਿਬ ਸਿੰਘ ਨੇ ਇਸ ਨੂੰ ਗੁਰਦਾਸਪੁਰ ਦੇ ਪਿੰਡ ਰੁਹੇਲੇ ਦਾ ਖਤਰੀ ਦੱਸਿਆ ਹੈ ਜੋ ਸਰਕਾਰੀ ਮੁਲਾਜ਼ਮਤ 'ਚ ਲਾਹੌਰ ਚਲਾ ਗਿਆ ਸੀ। ਇਹ ਗੱਲ ਵੀ ਚੇਤੇ ਰੱਖਣ ਵਾਲੀ ਹੈ ਕਿ ਉਸ ਸਮੇਂ ਹਿੰਦੂ ਆਪਣਾ ਧਰਮ, ਰੀਤ-ਰਿਵਾਜ, ਸਭਿਆਚਾਰ ਅਤੇ ਬੋਲੀ ਛੱਡੀ ਬੈਠੇ ਸਨ। ਸਰਕਾਰੇ ਦਰਬਾਰੇ ਉਹਨਾਂ ਦਾ ਕਿਰਦਾਰ ਝੋਲੀਚੁਕਾਂ ਵਾਲਾ ਹੀ ਸੀ।

ਜਾਪਦਾ ਹੈ ਕਿ ਕੁਝ ਅਨ-ਮਤੀਆਂ ਦੀ ਸਿੱਖੀ ਵਿਰੁੱਧ ਗਿਣੀ ਮਿਥੀ ਸਾਜ਼ਸ਼ ਅਧੀਨ, ਕੁਝ ਸਾਡੇ ਆਪਣੇ ਇਤਿਹਾਸਕਾਰਾਂ ਦੀ ਖੋਜ ਦੀ ਘਾਟ ਕਾਰਨ ਜਾਂ ਸੁਣੀਆਂ ਸੁਣਾਈਆਂ ਜਾਂ ਮੂੰਹ-ਚੜ੍ਹੀਆਂ ਕਹਾਣੀਆਂ ਦਾ ਸਹਾਰਾ ਲੈ ਕੇ ਕਈ ਗ਼ਲਤਫਹਿਮੀਆਂ ਪੈਦਾ ਕੀਤੀਆਂ ਗਈਆਂ ਹਨ। ਗ਼ੈਰ-ਹਿੰਦੁਸਤਾਨੀ ਲਿਖਾਰੀਆ ਨੇ ਆਪਣਾ ਬਹੁਤਾ ਮਸਾਲਾ ਇਹਨਾਂ ਹੀ ਲਿਖਤਾਂ ਜਾਂ ਸੁਣੀਆਂ ਸੁਣਾਈਆਂ ਤੋਂ ਹੀ ਲਿਆ।

ਚੰਦੂ ਦਾ ਨਾਮ ਨਾ ਤਾਂ 'ਤੁਜ਼ਕਿ ਜਹਾਂਗੀਰੀ' 'ਚ ਹੈ ਅਤੇ ਨਾ ਹੀਂ ਕਿਸੇ ਹੋਰ ਸਮਕਾਲੀ ਲਿਖਤ 'ਚ ਹੀ ਆਇਆ ਹੈ। ਕਨਿੰਘਮ ਦੀ 'ਹਿਸਟਰੀ ਆਫ ਸਿਖਸ', ਮੈਕਾਲਿਫ ਦੇ 'ਸਿੱਖ ਰਿਲੀਜਨ' ਜਾਂ ਫਾਰੈਸਟਰ ਦੇ 'ਟਰੈਵਲਜ਼' ਦੇ ਆਧਾਰ 'ਤੇ ਚੰਦੂ ਨੂੰ ਜਹਾਂਗੀਰ ਦਾ ਖਜ਼ਾਨਾ ਮੰਤਰੀ ਅਥਵਾ ਦੀਵਾਨ ਪ੍ਰਸਿਧ ਕਰਨਾ ਬਹੁਤਾ ਵਜ਼ਨ ਨਹੀਂ ਰੱਖਦਾ। ਇਹਨਾਂ ਪੱਛਮੀ ਲਿਖਾਰੀਆਂ ਨੇ ਸੁਣੀ ਸੁਣਾਈ ਗੱਲ ਹੀ ਲਿਖ ਦਿੱਤੀ ਜਾਪਦੀ ਹੈ।

ਪਿੱਛੇ ਦਿੱਤੀ ਜਾ ਚੁੱਕੀ ਜਾਣਕਾਰੀ ਤੋਂ ਸਪਸ਼ਟ ਹੈ ਕਿ ਚੰਦੂ ਨਾ ਤਾਂ ਉਸ ਸਮੇਂ ਦੀ ਕੋਈ ਨਾਮਵਰ ਹਸਤੀ ਸੀ ਅਤੇ ਨਾ ਹੀਂ ਉਹ ਉਸ ਸਮੇਂ ਦੀ ਸਿਆਸੀ ਸਟੇਜ 'ਤੇ ਕੋਈ ਵੁੱਕਤ ਵਾਲੀ ਥਾਂ ਹੀ ਰੱਖਦਾ ਸੀ। ਹਾਂ, ਚੰਦੂ ਸਿੱਖ ਵਿਰੋਧੀ ਬਿਪਰਵਾਦੀ

ਤਾਕਤਾਂ ਦਾ ਨੁਮਾਇੰਦਾ ਜ਼ਰੂਰ ਹੈ। ਉਹ ਵਿਰੋਧਤਾ 'ਚ ਉਹੋ ਰੋਲ ਹੀ ਅਦਾ ਕਰ ਸਕਦਾ ਸੀ, ਜੋ ਆਮ ਤੌਰ ਤੇ ਝੋਲੀ-ਚੁਕ ਗ਼ਦਾਰ ਆਦਮੀ ਕਰ ਸਕਦਾ ਹੈ। ਭਾਵੇਂ ਇਹ ਵੀ ਠੀਕ ਹੈ ਕਿ ਕਈ ਵੇਰ ਹਾਕਮ ਸ਼੍ਰੇਣੀ ਦੇ ਮੂੰਹ ਲੱਗਾ ਹੋਣ ਕਾਰਨ ਇਕ ਛੋਟੇ ਜਿਹੇ ਦਰਜੇ ਦਾ ਸਰਕਾਰੀ ਮੁਲਾਜ਼ਮ ਵੀ ਕੋਈ ਵੱਡਾ ਉਪੱਦਰ ਖੜਾ ਕਰ ਸਕਦਾ ਹੈ। ਜਿਸ ਸਮੇਂ ਦਾ ਅਸੀਂ ਜ਼ਿਕਰ ਕਰ ਰਹੇ ਹਾਂ, ਉਦੋਂ ਚੰਦੂ ਵਰਗੇ ਰਾਜ-ਦਰਬਾਰੀਆਂ ਦੇ ਮਨਾਂ ਅੰਦਰ ਗੁਰੂ-ਘਰ ਵਿਰੁੱਧ ਦੁਸ਼ਮਣੀ, ਈਰਖਾ ਅਤੇ ਨਫਰਤ ਹੀ ਭਰ ਸਕਦੇ ਸਨ, ਅਤੇ ਰਾਜ-ਦਰਬਾਰੀਆਂ ਤੇ ਵਜ਼ੀਰਾਂ ਤਕ ਮਨਘੜਤ ਕਹਾਣੀਆਂ ਜਾਂ ਚੁਗਲੀਆਂ ਹੀ ਲਗਾ ਸਕਦੇ ਸਨ।

ਸੀਨੇ-ਬਸੀਨੇ ਸਿੱਖ ਇਤਿਹਾਸ 'ਚ ਜੋ ਗੱਲਾਂ ਤੁਰੀਆਂ ਆ ਰਹੀਆਂ ਹਨ, ਉਹਨਾਂ 'ਚ ਚੰਦੂ ਸ਼ਾਹ ਨੂੰ ਬਿਲਕੁਲ ਨਜ਼ਰ ਅੰਦਾਜ਼ ਵੀ ਨਹੀਂ ਕੀਤਾ ਜਾ ਸਕਦਾ। ਚੰਦੂ ਦੀ ਲੜਕੀ ਦੇ ਰਿਸ਼ਤੇ ਨਾਲ ਸਬੰਧਤ ਸਿੱਖ ਸੰਗਤ ਵਲੋਂ ਉਹ ਰਿਸ਼ਤਾ ਨਾ-ਮਨਜ਼ੂਰ ਕਰਨ ਬਾਰੇ ਹੁਕਮ ਵੀ ਆਪਣੀ ਖਾਸ ਅਹਿਮੀਅਤ ਖਾਸ ਰੱਖਦਾ ਹੈ।

ਗੁਰੂ ਅਰਜਨ ਸਾਹਿਬ ਨੂੰ ਤਸੀਹੇ ਦੇਣ ਵਾਲਾ ਕੌਣ ਸੀ? ਇਥੇ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਗੁਰੂ ਅਰਜਨ ਸਾਹਿਬ ਜਿਹੇ ਮਹਾਨ ਧਾਰਮਕ ਆਗੂ ਜੋ ਹਿੰਦੂਆਂ ਤੇ ਸਾਊ ਮੁਸਲਮਾਨਾਂ ਪਾਸੋਂ ਇਕੋ ਜਿਹਾ ਸਤਿਕਾਰ ਤੇ ਪਿਆਰ ਪ੍ਰਾਪਤ ਕਰ ਰਹੇ ਸਨ, ਨੂੰ ਤਸੀਹੇ ਦੇ ਕੇ ਸ਼ਹੀਦ ਕਰਨ ਦਾ ਹੁਕਮ ਬਾਦਸ਼ਾਹ ਤੋਂ ਬਿਨਾਂ ਹੋਰ ਕੋਈ ਨਹੀਂ ਸੀ ਜਾਰੀ ਕਰ ਸਕਦਾ, ਜੋ ਜਹਾਂਗੀਰ ਨੇ ਇਹ ਆਪਣੀ ਲਿਖਤ 'ਚ ਮੰਨਿਆ ਹੈ। ਸ਼ੇਖ ਫਰੀਦ ਬੁਖਾਰੀ ਵਰਗੇ ਕੱਟੜ ਮੁਸਲਮਾਨ ਦਰਬਾਰੀਆਂ ਦੇ ਹੁੰਦਿਆਂ ਬਾਦਸ਼ਾਹ ਦੀ ਬਜਾਏ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਦਾ ਹੁਕਮ ਇਕ ਹਿੰਦੂ (ਕਾਫਰ)ਵਲੋਂ ਦਿੱਤਾ ਜਾਣਾ ਵੀ ਜਚਦਾ ਨਹੀਂ।

ਕੁਝ ਵਿਦਵਾਨਾਂ ਦਾ ਇਹ ਵਿਚਾਰ ਹੈ ਕਿ ਜਹਾਂਗੀਰ ਨੇ ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕਰਨ ਦਾ ਕੰਮ ਤਾਂ ਮੁਰਤਜ਼ਾ ਖਾਨ ਨੂੰ ਸਉਂਪਿਆ ਸੀ, ਪਰ ਉਸ ਨੇ ਅਗੋਂ ਚੰਦੂ ਨੂੰ ਇਹ ਕੰਮ ਕਰਨ ਲਈ ਦੇ ਦਿੱਤਾ ਸੀ ਕਿਉਂਕਿ ਉਸ ਨੂੰ ਸਤਿਗੁਰਾਂ ਤੇ ਚੰਦੂ ਦੇ ਵਿਚਾਲੇ ਵਿਗੜੇ ਰਿਸ਼ਤੇ ਦੀ ਪੂਰੀ ਪੂਰੀ ਜਾਣਕਾਰੀ ਸੀ ਅਤੇ ਉਸ ਨੂੰ ਪੂਰਾ ਯਕੀਨ ਸੀ ਕਿ ਜ਼ਾਤੀ ਦੁਸ਼ਮਣੀ ਕਾਰਨ ਚੰਦੂ ਗੁਰੂ ਸਾਹਿਬ ਨੂੰ ਵੱਧ ਤੋਂ ਵੱਧ ਤਸੀਹੇ ਦੇ ਕੇ ਸ਼ਹੀਦ ਕਰੇਗਾ।

ਇਹ ਸਭ ਕੁਝ ਖੋਜ ਦਾ ਮੁਥਾਜ ਹੈ ਕਿ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਦਾ ਕੰਮ ਚੰਦੂ ਦੇ ਹਵਾਲੇ ਕਿਉਂ ਤੇ ਕਿਵੇਂ ਕੀਤਾ ਗਿਆ, ਪਰ ਇਸ 'ਚ ਕੋਈ ਸ਼ਕ ਨਹੀਂ ਕਿ ਚੰਦੂ ਜਾਤ ਅਭਿਮਾਨੀ ਹਿੰਦੂਤਵੀ ਤਾਕਤਾਂ ਦਾ ਹੀ ਨੁਮਾਇੰਦਾ ਸੀ ਜੋ ਸਿੱਖ ਲਹਿਰ ਦੇ ਕੱਟੜ ਵਿਰੋਧੀ ਸਨ। ਇਸ 'ਚ ਵੀ ਕੋਈ ਸ਼ਕ ਵਾਲੀ ਗੱਲ ਨਹੀਂ

ਕਿ ਚੰਦੂ ਦੁਸ਼ਟ ਨੇ ਹੀ ਗੁਰੂ ਸਾਹਿਬ 'ਤੇ ਇਤਨੇ ਵੱਡੇ ਅਜ਼ਾਬ ਢਾਹ ਕੇ ਸ਼ਹੀਦ ਕੀਤਾ।

15) ਜੁਰਮਾਨਾ ਕਿਸ ਨੂੰ?

ਜਹਾਂਗੀਰ ਵਲੋਂ ਗੁਰੂ ਸਾਹਿਬ ਪਾਸੋਂ ਜੁਰਮਾਨਾ ਮੰਗਣ ਅਤੇ ਨਾ ਤਾਰਨ ਦੀ ਹਾਲਤ 'ਚ ਚੰਦੂ ਰਾਹੀਂ ਸ਼ਹੀਦ ਕਰਨ ਦੀ ਜੋ ਪ੍ਰਚਲਤ ਧਾਰਨਾ ਹੈ, ਉਸ ਦਾ ਆਧਾਰ 'ਦਬਿਸਤਾਨਿ-ਮਜ਼ਾਹਿਬ' ਜਾਂ 'ਜਹਾਂਗੀਰ ਐਂਡ ਦੀ ਜੈਸੂਇਟਸ' ਹੈ। ਜਿਵੇਂ ਕਿ ਪਹਿਲਾਂ ਅਸੀਂ ਇਹ ਵਿਚਾਰ ਕਰ ਚੁੱਕੇ ਹਾਂ ਕਿ ਇਹਨਾਂ ਲਿਖਤਾਂ 'ਤੇ ਵੀ ਸੁਣੀਆਂ ਸੁਣਾਈਆਂ ਗੱਲਾਂ ਦੀ ਛਾਂ ਪਈ ਹੋਈ ਦਿੱਸਦੀ ਹੈ। ਸੁਣੀਆਂ ਸੁਣਾਈਆਂ ਗੱਲਾਂ ਦਾ ਆਧਾਰ ਸ਼ੇਖ ਅਹਿਮਦ ਸਰਹੰਦੀ, ਸ਼ੇਖ ਫਰੀਦ ਬੁਖਾਰੀ ਅਤੇ ਸਿੱਖ ਵਿਰੋਧੀ ਜਨੂੰਨੀ ਮੁਸਲਮਾਨਾਂ ਦੀ ਪਹਿਲਾਂ ਬਿਆਨ ਕੀਤੀ ਜਾ ਚੁੱਕੀ ਸਾਜ਼ਸ਼ ਦਾ ਹੀ ਸਿੱਟਾ ਸਨ।

'ਜਹਾਂਗੀਰ ਐਂਡ ਦੀ ਜੈਸੂਇਟਸ' ਦਾ ਇਹ ਜ਼ਿਕਰ ਕਿ ਸ਼ਹਿਰ ਦੇ ਕਈ ਧਨੀ ਹਿੰਦੂ ਗੁਰੂ ਸਾਹਿਬ ਨੂੰ ਬਾਦਸ਼ਾਹ ਪਾਸੋਂ ਛੁਡਾਉਣ ਲਈ ਫਰਿਆਦੀ ਹੋਏ ਅਤੇ ਅਖੀਰ ਲਗਪੱਗ ਦੋ ਲੱਖ ਰੁਪਏ ਦੇ ਕੇ ਗੁਰੂ ਸਾਹਿਬ ਨੂੰ ਛੁਟਕਾਰਾ ਹਾਸਲ ਕਰਨ ਦੀ ਪੇਸ਼ਕਸ਼ ਕੀਤੀ ਗਈ, ਜਿਸ ਲਈ ਇਕ ਅਮੀਰ ਹਿੰਦੂ ਜ਼ਮਾਨਤੀ ਦੇ ਤੌਰ ਤੇ ਪੇਸ਼ ਹੋਇਆ। (ਇਥੇ ਅਮੀਰ ਹਿੰਦੂ ਸ਼ਾਇਦ ਚੰਦੂ ਨੂੰ ਪਰਗਟ ਕੀਤਾ ਗਿਆ ਹੈ) ਕਿਉਂਕਿ ਗੁਰੂ ਸਾਹਿਬ ਅਤੇ ਉਹਨਾਂ ਦੇ ਹਿਮਾਇਤੀ ਦੋ ਲੱਖ ਰੁਪਏ ਦੀ ਰਕਮ ਦੇਣ ਦੇ ਅਸਮਰਥ ਸਨ, ਇਸ ਲਈ ਗੁਰੂ ਸਾਹਿਬ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਇਹ, ਉਪਰ ਦਿੱਤੀ ਸਾਜ਼ਸ਼ ਅਧੀਨ ਫੈਲਾਈ ਗਈ ਗੱਲ ਹੀ ਜਾਪਦੀ ਹੈ। 'ਦਬਿਸਤਾਨਿ-ਮਜ਼ਾਹਿਬ' ਦਾ ਜ਼ਿਕਰ ਵੀ ਇਸ ਫੈਲਾਈ ਗਈ ਝੂਠੀ ਗੱਲ 'ਤੇ ਹੀ ਆਧਾਰਤ ਜਾਪਦਾ ਹੈ ਕਿ ਗੁਰੂ ਸਾਹਿਬ ਨੂੰ ਖੁਸਰੋ ਦੇ ਹੱਕ 'ਚ ਦੁਆ ਕਰਨ ਦੇ ਦੋਸ਼ ਬਦਲੇ ਇਕ ਬਹੁਤ ਵੱਡੀ ਰਕਮ ਜੁਰਮਾਨੇ ਦੇ ਤੌਰ ਤੇ ਭਰਨ ਲਈ ਕਿਹਾ ਗਿਆ।

ਜ਼ਹਾਂਗੀਰ ਦੀ ਆਪਣੀ ਲਿਖੀ 'ਤੁਜ਼ਕਿ ਜਹਾਂਗੀਰੀ' 'ਚ ਸਾਫ ਲਿਖਿਆ ਹੈ ਕਿ ਗੁਰੂ ਸਾਹਿਬ ਨੂੰ 'ਸਿਆਸਤ ਤੇ ਯਾਸਾ' ਦੇ ਕਾਨੂੰਨ ਮੁਤਾਬਕ ਸ਼ਹੀਦ ਕੀਤਾ ਜਾਵੇ। ਇਸ ਹੁਕਮ 'ਚ ਕਿਸੇ ਕਿਸਮ ਦੇ ਜੁਰਮਾਨੇ ਦਾ ਜ਼ਿਕਰ ਤਕ ਨਹੀਂ। ਇਸ ਤਰ੍ਹਾਂ ਜੁਰਮਾਨੇ ਵਾਲੀ ਕਹਾਣੀ ਉੱਕੀ ਨਿਰਮੂਲ ਸਿੱਧ ਹੋ ਜਾਂਦੀ ਹੈ। ਤੁਜ਼ਕਿ ਜਹਾਂਗੀਰੀ ਵਿਚਲੇ ਜਹਾਂਗੀਰ ਦੇ ਗੁਰੂ ਸਾਹਿਬ ਪ੍ਰਤੀ ਦਿੱਤੇ ਗਏ ਵਿਚਾਰਾਂ ਦੀ ਰੋਸ਼ਨੀ 'ਚ ਗੁਰੂ ਸਾਹਿਬ ਤੋਂ ਜੁਰਮਾਨਾ ਲੈਕੇ ਅਜ਼ਾਦ ਕਰ ਦੇਣਾ ਜਾਂ ਕਿਸੇ ਗੈਰ-ਮੁਸਲਿਮ ਭਾਵਚੰਦੂ (ਕਾਫਰ) ਦੇ ਹਵਾਲੇ ਕਰ ਦੇਣਾ (ਜੋ ਉਹਨਾਂ ਨੂੰ ਛੱਡ ਵੀ

ਸਕਦਾ ਹੋਵੇ)ਬਿਲਕੁਲ ਬੇ-ਬੁਨਿਆਦ ਗੱਲ ਸਾਬਤ ਹੁੰਦੀ ਹੈ। ਜਹਾਂਗੀਰ ਦੇ ਹੁਕਮ 'ਚ ਜੁਰਮਾਨੇ ਦਾ ਕੋਈ ਜ਼ਿਕਰ ਤਕ ਨਹੀਂ।

ਪ੍ਰਸਿੱਧ ਇਤਿਹਾਸਕਾਰ ਸ. ਗੰਡਾ ਸਿੰਘ ਨੇ ਜੁਰਮਾਨੇ ਵਾਲੀ ਨਿਰਮੂਲ ਕਹਾਣੀ ਦੀ ਜੜ੍ਹ 'ਤੁਜ਼ਕਿ ਜਹਾਂਗੀਰੀ 'ਚੋਂ ਲੱਭ ਲਈ ਜਾਪਦੀ ਹੈ। ਗੁਰੂ ਸਾਹਿਬ ਦੀ ਸ਼ਹਾਦਤ ਬਾਰੇ ਹੁਕਮ ਦੇ ਜ਼ਿਕਰ ਪਿੱਛੋਂ ਤੁਜ਼ਕਿ ਜਹਾਂਗੀਰੀ 'ਚ ਦੋ ਹੋਰ ਦੂਜੇ ਬੰਦਿਆਂ 'ਰਾਜੂ' ਤੇ 'ਅੰਬਾ' (ਜੋ ਖਵਾਜਾ-ਸ਼ੇਰਾ ਦੌਲਤ ਖ਼ਾਨ ਦੀ ਛਤਰ ਛਾਂ ਹੇਠਾਂ ਸਨ)ਦਾ ਜ਼ਿਕਰ ਵੀ ਆਉਂਦਾ ਹੈ। ਰਾਜੂ ਤੇ ਅੰਬਾ, ਜੋ ਸਿਰਕੱਢ ਬੰਦੇ ਸਨ, ਨੇ ਖੁਸਰੋ ਦੀ ਬਗ਼ਾਵਤ ਤੋਂ ਲਾਭ ਉਠਾ ਕੇ, ਲਾਹੌਰ ਦੇ ਆਸ ਪਾਸ ਦੇ ਇਲਾਕੇ 'ਚ ਬਹੁਤ ਲੁੱਟ-ਮਾਰ ਕੀਤੀ ਸੀ। ਜਹਾਂਗੀਰ ਨੇ ਰਾਜੂ ਨੂੰ ਫਾਹੇ ਲਗਵਾਣ ਦੀ ਸਜ਼ਾ ਦਿੱਤੀ ਅਤੇ ਅੰਬਾ, ਜੋ ਧਨੀ ਆਦਮੀ ਸੀ, ਨੂੰ ਇਕ ਲੱਖ ਪੰਦਰਾਂ ਹਜ਼ਾਰ ਜੁਰਮਾਨਾ ਕੀਤਾ। ਇਹ ਹੁਕਮ ਗੁਰੂ ਅਰਜਨ ਸਾਹਿਬ ਪ੍ਰਤੀ ਦਿੱਤੇ ਹੁਕਮ ਤੋਂ ਬਾਅਦ ਵੱਖਰੇ ਤੌਰ ਤੇ ਦਰਜ ਹਨ। ਕਈ ਇਤਿਹਾਸਕਾਰਾਂ ਨੇ ਜਾਣੇ ਅਣਜਾਣੇ ਇਹਨਾਂ ਹੁਕਮਾਂ ਨੂੰ ਗੁਰੂ ਅਰਜਨ ਸਾਹਿਬ ਨਾਲ ਜੋੜ ਦਿੱਤਾ, ਜੋ ਗ਼ਲਤ ਜਾਪਦਾ ਹੈ। ਇਥੇ ਇਹ ਦੱਸ ਦੇਣਾ ਵੀ ਕੁਥਾਂ ਨਹੀਂ ਹੋਵੇਗਾ ਕਿ ਗੁਰੂ ਸਾਹਿਬ ਨੇ ਸੰਗਤ ਦੀ ਭੇਟਾ ਕੀਤੀ ਦਸਵੰਧ ਦੀ ਮਾਇਆ ਜੁਰਮਾਨੇ ਵਜੋਂ ਨਹੀਂ ਸੀ ਦੇਣੀ।

ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਬਾਰੇ ਅਤੇ ਰਾਜੂ ਤੇ ਅੰਬਾ ਬਾਰੇ ਫੈਸਲੇ ਨਾਲੋ ਨਾਲ ਹੀ ਹੋਏ ਸੀ, ਇਸ ਲਈ ਸਾਜ਼ਸ਼ੀ ਬੰਦਿਆਂ ਨੇ ਗੁਰੂ ਸਾਹਿਬ ਬਾਰੇ ਇਹ ਰਲ-ਗਡ ਮਨਘੜਤ ਵਿਚਾਰ ਫੈਲਾ ਦਿੱਤੇ ਸਨ। ਮਗਰਲੇ ਲਿਖਾਰੀ ਕੁਝ ਸੁਣੀ ਸੁਣਾਈ ਗੱਲ ਨੂੰ ਆਧਾਰ ਬਣਾ ਕੇ ਅਤੇ ਕੁਝ ਤੁਜ਼ਕ 'ਚ ਇਹ ਦੋ ਤਿੰਨ ਹੁਕਮ ਇਕੱਠੇ ਹੀ ਆ ਜਾਣ ਕਰਕੇ ਟਪਲਾ ਖਾ ਗਏ ਜਾਪਦੇ ਹਨ। ਇਹ ਟਪਲਾ ਸਤਾਰਵੀਂ ਸਦੀ ਦੇ 'ਦਬਿਸਤਾਨਿ ਮਜ਼ਾਹਿਬ' ਅਤੇ ਅਠਾਰਵੀਂ ਸਦੀ ਦੇ 'ਮਹਿਮਾ ਪ੍ਰਕਾਸ਼' ਆਦਿਕ ਸਭ ਨੂੰ ਥੋੜਾ ਬਹੁਤਾ ਲਗਾ ਰਿਹਾ।

'ਮਹਿਮਾ ਪ੍ਰਕਾਸ਼' ਨੇ ਸਿਰਫ ਇਤਨੀ ਤਬਦੀਲੀ ਹੀ ਕੀਤੀ ਕਿ ਗੁਰੂ ਸਾਹਿਬ ਤੋਂ ਜੁਰਮਾਨਾ ਵਸੂਲ ਕਰਨ ਦੀ ਸਲਾਹ ਚੰਦੂ ਵਲੋਂ ਦਿੱਤੀ ਗਈ ਸੀ। ਜੋ ਬਿਲ ਕੁਲ ਬੇ-ਬੁਨਿਆਦ ਹੈ ਕਿਉਂਕਿ ਜਹਾਂਗੀਰ ਦੇ ਸਜੇ ਹੱਥ ਸ਼ੇਖ ਫਰੀਦ ਬੁਖਾਰੀ ਵਰਗੇ ਕੱਟੜ ਤਅੱਸਬੀ ਮੁਸਲਮਾਨ ਦਰਬਾਰੀਆਂ ਦੇ ਹੁੰਦਿਆਂ ਚੰਦੂ (ਹਿੰਦੂ ਕਾਫ਼ਰ) ਨੂੰ ਬਾਦਸ਼ਾਹ ਜਹਾਂਗੀਰ ਦੇ ਨੇੜੇ ਕਿਸ ਫੜਕਣ ਦੇਣਾ ਸੀ, ਉਸ ਵਲੋਂ ਸਲਾਹ ਮਸ਼ਵਰਾ ਦੇ ਸਕਣਾ ਤਾਂ ਬਹੁਤ ਦੂਰ ਦੀ ਗੱਲ ਹੈ। ਕੁਝ ਵੀ ਹੋਵੇ, ਇਸ 'ਚ ਕੋਈ ਸ਼ੱਕ ਵਾਲੀ ਗੱਲ ਨਹੀਂ ਕਿ ਚੰਦੂ ਨਾਂ ਦਾ ਇਕ ਪੱਕਾ ਦੁਸ਼ਟ ਸੀ ਜੋ ਗੁਰੂ ਘਰ ਦਾ ਦੋਖੀ ਸੀ ਅਤੇ ਜਿਸ ਨੇ ਗੁਰੂ ਸਾਹਿਬ ਨੂੰ ਅਸਹਿ ਤੇ ਅਕਹਿ ਤਸੀਹੇ ਦੇਕੇ ਸ਼ਹੀਦ ਕੀਤਾ।

ਮੋਹਸਨ ਫਾਨੀ, ਗੁਰੂ ਅਰਜਨ ਸਾਹਿਬ ਤੇ ਗੁਰੂ ਹਰਿਗੋਬਿੰਦ ਸਾਹਿਬ ਦਾ ਸਮਕਾਲੀ ਸੀ। ਉਸ ਨੇ ਆਪਣੀ ਰਚਨਾ 'ਦਾਬਿਸਤਾਨਿ ਮਜ਼ਾਹਿਬ' 'ਚ ਲਿਖਿਆ ਹੈ ਕਿ ਬਾਦਸ਼ਾਹ ਨੂਰੇ-ਅਦ-ਦੀਨ-ਮੁਹੰਮਦ ਜਹਾਂਗੀਰ ਨੇ ਖੁਸਰੋ ਦੀ ਗ੍ਰਿਫਤਾਰੀ ਤੋਂ ਉਪਰੰਤ ਅਰਜਨ ਮਲ ਨੂੰ ਗ੍ਰਿਫਤਾਰ ਕੀਤਾ ਤੇ ਭਾਰੀ ਜੁਰਮਾਨਾ ਕੀਤਾ ਅਤੇ ਜੁਰਮਾਨਾ ਨਾ ਦੇਣ ਦੀ ਹਾਲਤ 'ਚ ਉਹਨਾਂ ਨੂੰ ਤਸੀਹੇ ਦੇਕੇ ਮਾਰ ਦਿੱਤਾ ਗਿਆ। ਉਸ ਸਮੇਂ ਜਹਾਂਗੀਰ ਮੁਸਲਮਾਨ ਲੋਕਾਂ 'ਚ ਹਰਮਨ ਪਿਆਰਾ ਸੀ ਕਿਉਂਕਿ ਉਹ ਇਸਲਾਮ ਦੇ ਵਾਧੇ ਲਈ ਬਹੁਤ ਕੰਮ ਕਰ ਰਿਹਾ ਸੀ। ਜੁਰਮਾਨਾ ਨਾ ਦੇਣ ਦੀ ਹਾਲਤ 'ਚ ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕਰਨ ਦਾ ਵਿਚਾਰ ਸਰਕਾਰੀ ਅਫਸਰਾਂ ਵਲੋਂ ਪ੍ਰਚਾਰਿਆ ਗਿਆ ਸੀ ਕਿਉਂਕਿ ਗੁਰੂ ਅਰਜਨ ਸਾਹਿਬ ਲਾਹੌਰ ਤੇ ਇਰਦ-ਗਿਰਦ ਦੇ ਇਲਾਕੇ ਦੇ ਲੋਕਾਂ 'ਚ ਬਹੁਤ ਮਕਬੂਲ ਸਨ। ਬਾਦਸ਼ਾਹ ਦੇ ਅਸਲ ਹੁਕਮ ਦੇ ਸ਼ਬਦਾਂ 'ਚ ਕਿਸੇ ਕਿਸਮ ਦੇ ਜੁਰਮਾਨੇ ਦਾ ਕੋਈ ਜ਼ਿਕਰ ਤਕ ਨਹੀਂ ਹੈ।

ਇਸ ਦੇ ਨਾਲ ਹੀ ਸੇਖ ਅਹਿਮਦ ਸਰਹੰਦੀ, ਸ਼ੇਖ ਫਰੀਦ ਬੁਖਾਰੀ ਅਤੇ ਬਾਦਸ਼ਾਹ ਦੇ ਗੁਰੂ ਸਾਹਿਬ ਪ੍ਰਤੀ ਵਿਚਾਰਾਂ ਤੋਂ ਬਿਲਕੁਲ ਸਪਸ਼ਟ ਹੋ ਜਾਂਦਾ ਹੈ ਕਿ ਬਾਦਸ਼ਾਹ ਨੇ ਜੁਰਮਾਨਾ ਵਸੂਲ ਕੇ ਗੁਰੂ ਸਾਹਿਬ ਨੂੰ ਚੰਦੂ ਦੇ ਹਵਾਲੇ ਨਹੀਂ ਸੀ ਕਰਨਾ। ਅਸਲ 'ਚ ਜਹਾਂਗੀਰ ਸਿੱਖ ਲਹਿਰ ਦੇ ਵਾਧੇ ਨੂੰ ਰੋਕਣ ਲਈ ਅਤੇ ਕੱਟੜ ਤਅੱਸੁਬੀ ਦਰਬਾਰੀਆਂ ਨੂੰ ਖੁਸ਼ ਕਰਨ ਲਈ ਗੁਰੂ ਸਾਹਿਬ ਨੂੰ ਸ਼ਹੀਦ ਕਰਨਾ ਚਾਹੁੰਦਾ ਸੀ।

ਇਕ ਹੋਰ ਗੱਲ ਵੀ ਸਾਨੂੰ ਧਿਆਨ 'ਚ ਰੱਖਣੀ ਚਾਹੀਦੀ ਹੈ ਕਿ ਚੰਦੂ ਉਸ ਹਿੰਦੂ ਖਾਸੇ ਦਾ ਪ੍ਰਤੀਨਿੱਧ ਸੀ ਜਿਹੜੇ 'ਚਮੜੀ ਜਾਏ, ਪਰ ਦਮੜੀ ਨਾ ਜਾਏ' ਲਈ ਜਗਤ ਪ੍ਰਸਿੱਧ ਹਨ। ਉਸ ਜ਼ਮਾਨੇ 'ਚ ਇਕ ਲੱਖ ਪੰਦਰਾਂ ਹਜ਼ਾਰ ਰੁਪਏ ਇਕ ਸਰਕਾਰੀ ਮੁਲਾਜ਼ਮ ਲਈ ਬਹੁਤ ਵੱਡੀ ਰਕਮ ਸੀ। ਜੇ ਦਲੀਲ ਖਾਤਰ ਇਹ ਮੰਨ ਵੀ ਲਿਆ ਜਾਏ, ਤਾਂ ਵੀ ਇਹ ਉਸ ਹਾਲਤ 'ਚ ਹੀ ਸੰਭਵਹੋ ਸਕਦਾ ਸੀ ਜੇ ਸਜ਼ਾਏ ਮੌਤ ਨੂੰ ਜੁਰਮਾਨੇ 'ਚ ਬਦਲਣ ਲਈ ਬਾਦਸ਼ਾਹ ਖੁਦ ਰਜ਼ਾਮੰਦ ਹੋ ਜਾਂਦਾ। ਬਾਦਸ਼ਾਹ ਤਾਂ ਗੁਰੂ ਸਾਹਿਬ ਨੂੰ 'ਸਿਯਾਸਤ ਤੇ ਯਾਸਾ' ਦੇ ਕਾਨੂੰਨ ਮੁਤਾਬਕ ਸ਼ਹੀਦ ਕਰ ਦੇਣ ਦੇ ਹੁਕਮ ਦੇਕੇ ਆਪ ਉਥੋਂ ਚਲਾ ਗਿਆ ਸੀ। ਉਸ ਦੇ ਦਿੱਤੇ ਹੁਕਮ ਦੀ ਕੌਣ ਹੁਕਮ ਅਦੂਲੀ ਕਰ ਸਕਦਾ ਸੀ?

ਸਾਡੇ ਇਤਿਹਾਸ ਦੀ ਪੁਣਛਾਣ ਹੋਣ ਵਾਲੀ ਹੈ ਅਤੇ ਅਜਿਹੀਆਂ ਸਾਰੀਆਂ ਗ਼ਲਤਫ਼ਹਿਮੀਆਂ ਦੂਰ ਹੋਣ ਵਾਲੀਆਂ ਹਨ। ਇਹਨਾਂ ਸਭ ਗੱਲਾਂ ਦੀ ਖੋਜ ਕਰਨ ਦੀ ਸਾਡੀ ਜ਼ਿਮੇਵਾਰੀ ਬਣਦੀ ਹੈ। ਅਸੀਂ ਆਪਣੀ ਜ਼ਿਮੇਵਾਰੀ ਤੋਂ ਕਦੋਂ ਸੁਚੇਤ ਹੋਵਾਂਗੇ, ਇਹ ਤਾਂ ਸਮਾਂ ਹੀ ਦੱਸੇਗਾ, ਪਰ ਕੌਮ ਦਾ ਇਸ ਪਾਸੇ ਧਿਆਨ ਵਲ ਦਿਵਾਉਣ ਦਾ ਆਪਣਾ ਫ਼ਰਜ਼ ਪੂਰਾ ਕਰ ਰਿਹਾ ਹਾਂ।

16) ਜ਼ਹਾਂਗੀਰ ਦਾ ਸ਼ਹਾਦਤ ਬਾਰੇ ਹੁਕਮ ਫਾਰਸੀ 'ਚ

ਗੁਰੂ ਅਰਜਨ ਸਾਹਿਬ ਸਬੰਧੀ ਜਹਾਂਗੀਰ ਨੇ ਆਪਣੀ ਡਾਇਰੀ ਤੁਜ਼ਕਿ ਜਹਾਂਗੀਰੀ 'ਚ ਇਉਂ ਲਿਖਿਆ ਹੈ:

"ਦਰ ਗੋਇੰਦਵਾਲ ਕਿ ਬਰ ਕਿਨਾਰੇ ਦਰਯਾਏ ਬਿਆਸ ਵਾਕਿ ਅਸਤ, ਹਿੰਦੂਏ ਬੂਦ, ਅਰਜਨ ਨਾਮ, ਦਰ ਬਿਲਾਸੇ ਪੀਰੀ-ਓ-ਸ਼ੇਖੀ। ਚੁਨਾਂਦੀ ਬਿਸਯਾਰੇ ਅਜ਼ ਸਾਦਾ ਲੌਹਾਨੇ ਹਨੂਦ, ਬਲਕਿ ਨਾਦਾਨੋ ਸਫ਼ੀਹਾਨੇ ਇਸਲਾਮ ਰਾ ਮੁਕੱਯਦੇ ਅਤਵਾਰੋ ਔਜ਼ਾਏ ਖੁਦ ਸਾਖਤਾ ਕੂਸੇ ਪੀਰੀ-ਓ ਵਲਾਯਤ ਰਾ ਬੁਲੰਦ ਆਵਾਜ਼ਾ ਗਰਦਾਨੀਦਾ ਬੂਦ। ਊ ਰਾ ਗੁਰੂ ਮੀ ਗੁਫਤੰਦ ਵਅਜ਼ ਅਤਰਾਫੋ ਜਵਾਂਨਿਬ ਗੋਲਾਨੇ ਗੂਲ ਪਰੱਸਤਾਂ ਬਦੂ ਰਜੂਹ ਆਵੁਰਦਾ ਇਹਕਾਦੇ ਤਮਾਮ ਬ ਊ ਅਜ਼ਹਾਰ ਮੀ ਕਰਦੰਦ। ਅਜ਼ ਸੀਹ ਚਹਾਰ ਪੁਸ਼ਤ ਊ ਈਂ ਦੁਕਾਨ ਰਾ ਗਰਮ ਮੀ ਦਾਸ਼ਤੰਦ। ਮੁੱਤਹਾ ਬਖਾਤਰ ਮੀ ਗੁਜ਼ੱਸ਼ਤ ਕਿ ਈਂ ਦੁਕਾਨੀ ਬਾਤਲ ਰਾ ਬਰਤਰਫ ਮੀ ਬਾਯਤ ਸਾਖਤ, ਯਾ ਊ ਰਾ ਦਰਯਾਬਦ। ਦਰ ਮੰਜ਼ਲੇ ਕਿ ਜਾਵਮੁਕਾਮੇ ਊ ਬੂਦ ਖ਼ਿਸਰੌ ਰਾ ਨਜ਼ੂਲ ਉਫਤਾਦ, ਆਮਦਹ ਊ ਚ ਦੀਦ ਵਬਾਹਜ਼ੇ ਮੁਕੱਦਮਾਤੇ ਫਰਾਯਾਫਤਾ ਬ ਊ ਰ ਸਾਨੀਦ ਵਬਰ ਪੇਸ਼ਾਨੀਏ ਊ ਅੰਗੁਸ਼ਤੇ ਅਜ਼ ਜ਼ਾਫਰਾਨ ਕਿ ਬ ਇਸਤਲਾਹੇ ਹਿੰਦੂਆਂ 'ਕਸ਼ਕਾ' ਗੂਇੰਦ, ਵਾ ਆਂਰਾ ਸ਼ਗੂਨ ਮੀ ਦਾਨੰਦ। ਚੂੰ ਈਂ ਮੁਕੱਦਮਾ ਬਸਮਾਹੇ ਜਾਹੇ ਜਲਾਲ ਮੀਰਸੰਦ, ਵਬੁਤਲਾਨੇ ਊ ਰਾ ਬਵੱਜ੍ਹਾ ਅਕਮਲ ਮੀ ਦਾਨਿਸੱਤਮ, ਅਮਰ ਕਰਦਮ ਕਿ ਊ ਰਾ ਰਾਜ਼ਰ ਸ ਖਤੰਦ ਵਮਸਾਕਿਨ ਵਮਨਾਜ਼ਲ ਵਫਰਜ਼ੰਦਾਨੇ ਊ ਰਾ ਬ ਮੁਰਤਜ਼ਾ ਖਾਂ ਇਨਾਯਤ ਨਮੂਦਮ ਕਿ

ਊ ਰਾ ਬ ਸਿਯਾਸਤ-ਵ-ਬ-ਯਾਸਾ ਰਸਾਨੰਦ।"

(ਵੇਖੋ, ਤੋਜ਼ਕੀ ਜਹਾਂਗੀਰੀ, ਨਵੱਲ ਕਿਸ਼ੋਰ, ਪ੍ਰੈਸ, ਲਖਨਊ, ਸਫਾ 35 (ਫਾਰਸੀ)

ਜ਼ਹਾਂਗੀਰ ਦਾ ਸ਼ਹਾਦਤ ਬਾਰੇ ਹੁਕਮ ਪੰਜਾਬੀ 'ਚ

"ਗੋਇੰਦਵਾਲ 'ਚ, ਜੋ ਬਿਆਸ ਨਦੀ ਦੇ ਕਿਨਾਰੇ ਤੇ ਹੈ, ਪੀਰਾਂ ਬਜ਼ੁਰਗਾਂ ਦੇ ਭੇਸ 'ਚ (ਗੁਰੂ)ਅਰਜੁਨ ਨਾਮ ਦਾ ਇਕ ਹਿੰਦੂ ਰਹਿੰਦਾ ਸੀ। ਉਸ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ ਸਗੋਂ ਬਹੁਤ ਸਾਰੇ ਮੂਰਖ ਤੇ ਬੇਸਮਝ ਮੁਸਲਮਾਨਾਂ ਨੂੰ ਵੀ ਆਪਣੀ ਰਹਿਤ ਬਹਿਤ ਦਾ ਸ਼ਰਧਾਲੂ ਬਣਾ ਕੇ ਆਪਣੇ ਆਪ ਨੂੰ ਵਲੀ ਤੇ ਪੀਰ ਹੋਣ ਦਾ ਢੋਲ ਬਹੁਤ ਉੱਚਾ ਵਜਾਇਆ ਹੋਇਆ ਸੀ। ਲੋਕ ਉਸ ਨੂੰ ਗੁਰੂ ਕਹਿੰਦੇ ਸਨ। ਸਾਰਿਆਂ ਪਾਸਿਆਂ ਤੋਂ ਫਰੇਬੀ ਤੇ ਠੱਗੀ-ਪਸੰਦ ਲੋਕ ਉਸ ਕੋਲ ਆ ਕੇ ਉਸ 'ਤੇ ਪੂਰਾ ਏਤਕਾਦ ਤੇ ਸ਼ਰਧਾ ਦਾ ਇਜਹਾਰ ਕਰਦੇ ਸਨ। ਤਿੰਨ ਚਾਰ ਪੀੜ੍ਹੀਆਂ ਤੋਂ ਉਹਨਾਂ ਦੀ ਇਹ ਝੂਠ ਦੀ ਦੁਕਾਨ ਗਰਮ ਸੀ। ਕਿਤਨੇ ਸਮੇਂ ਤੋਂ ਮੇਰੇ ਮਨ 'ਚ

ਇਹ ਖਿਆਲ ਆਉਂਦਾ ਸੀ ਕਿ ਝੂਠ ਦੀ ਇਸ ਦੁਕਾਨ ਨੂੰ ਬੰਦ ਕਰਨਾ ਚਾਹੀਦਾ ਹੈ ਜਾਂ ਉਸ ਗੁਰੂ ਨੂੰ ਮੁਸਲਮਾਨੀ ਮਤ 'ਚ ਲੈ ਆਉਣਾ ਚਾਹੀਦਾ ਹੈ।"

"ਇਹਨਾਂ ਦਿਨਾਂ 'ਚ ਖੁਸਰੋ ਨੇ ਦਰਿਆ ਪਾਰ ਕੀਤਾ। ਇਸ ਜਾਹਲ ਤੇ ਹਕੀਰ ਖ਼ੁਸਰੋ ਨੇ ਇਰਾਦਾ ਕੀਤਾ ਕਿ ਉਹ ਇਸ ਦੇ ਨਜ਼ਦੀਕ ਹੋਏ। ਉਸ ਨੇ ਗੁਰੂ ਦੇ ਰਹਿਣ ਦੇ ਡੇਰੇ ਤੇ ਪੜਾਅ ਕੀਤਾ। ਇਹ ਉਸ ਨੂੰ ਮਿਲਿਆ ਤੇ ਕਈ ਮਿਥੀਆਂ ਹੋਈਆਂ ਗਲਾਂ ਉਸ ਨੂੰ ਸੁਣਾਈਆਂ ਅਤੇ ਕੇਸਰ ਨਾਲ ਇਕ ਉਂਗਲੀ ਉਸ ਦੇ ਮਥੇ 'ਤੇ ਲਗਾਈ, ਜਿਸ ਨੂੰ ਹਿੰਦੂ ਤਿਲਕ ਕਹਿੰਦੇ ਹਨ ਅਤੇ ਚੰਗਾ ਸ਼ਗਨ ਕਰਕੇ ਸਮਝਦੇ ਹਨ। ਜਦ ਇਹ ਗੱਲ ਮੇਰੇ ਕੰਨਾਂ 'ਚ ਪਈ, ਤਦ ਮੈਂ ਅਗੇ ਹੀ ਇਹਨਾਂ ਦੇ ਝੂਠ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਮੈਂ ਹੁਕਮ ਦਿੱਤਾ ਕਿ ਉਸ ਨੂੰ ਹਾਜ਼ਰ ਕੀਤਾ ਜਾਵੇ ਅਤੇ ਉਸ ਦੇ ਘਰ-ਘਾਟ ਤੇ ਬੱਚਿਆਂ ਨੂੰ ਮੁਰਤਜ਼ਾ ਖਾਨ ਦੇ ਹਵਾਲੇ ਕੀਤਾ ਜਾਵੇ ਅਤੇ ਉਸ ਦਾ ਮਾਲ ਅਸਬਾਬ ਜ਼ਬਤ ਕਰਕੇ ਹੁਕਮ ਦਿੱਤਾ ਕਿ ਉਸ ਨੂੰ 'ਸਿਆਸਤ' ਅਤੇ 'ਯਾਸਾ' ਦੇ ਸਖਤ ਕਾਨੂੰਨ ਹੇਠ ਤਸੀਹੇ ਦੇਕੇ ਕਤਲ ਕਰ ਦਿੱਤਾ ਜਾਵੇ।"

17) 'ਸਿਯਾਸਤ' ਤੇ 'ਯਾਸਾ' ਦੇ ਸਹੀ ਅਰਥ ਕੀ ਹਨ ?

ਜਹਾਂਗੀਰ ਨੇ ਗੁਰੂ ਅਰਜਨ ਸਾਹਿਬ ਨੂੰ 'ਸਿਯਾਸਤ ਤੇ ਯਾਸਾ' ਦੇ ਕਾਨੂੰਨ ਅਧੀਨ ਸਜ਼ਾ ਦਿੱਤੀ ਸੀ ਨਾ ਕਿ ਸ਼ਰ੍ਹਾ ਅਧੀਨ। ਇਸ ਲਈ ਸਾਨੂੰ ਇਸ ਦੇ ਅਰਥ ਸਮਝ ਲੈਣੇ ਜ਼ਰੂਰੀ ਹਨ। 'ਯਾਸਾ' ਮੰਗੋਲੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ 'ਸ਼ਾਹੀ ਹੁਕਮ ਜਾਂ 'ਸ਼ਾਹੀ ਕਾਨੂੰਨ'। ਸਿਯਾਸਤ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦੇ ਅਰਥ ਹਨ 'ਦੰਡ ਨੀਤੀ' ਅਰਥਾਤ ਸ਼ਾਹੀ ਕਾਨੂੰਨ ਦੀ ਦੰਡ ਨੀਤੀ, ਜੋ ਚੰਗੇਜ਼ ਖ਼ਾਂ ਨੇ ਬਣਾਈ। ਇਥੇ 'ਯਾਸਾ' ਕਾਨੂੰਨ ਬਣਾਉਣ ਵਾਲੇ ਚੰਗੇਜ਼ ਖ਼ਾਂ ਸਬੰਧੀ ਸੰਖੇਪ ਜਾਣਕਾਰੀ ਦੇਣੀ ਕੁਥਾਂ ਨਹੀਂ ਹੋਵੇਗੀ।

ਚੀਨ, ਰੂਸ ਅਤੇ ਕਜ਼ਾਕਿਸਤਾਨ ਦੀਆਂ ਸੀਮਾਵਾਂ 'ਚ ਘਿਰਿਆ ਇਕ ਦੇਸ਼ ਮੰਗੋਲੀਆ ਹੈ। ਬਾਰ੍ਹਵੀਂ ਤੇ ਤੇਰ੍ਹਵੀਂ ਸਦੀ 'ਚ ਇਥੋਂ ਦੇ ਕਬਾਈਲੀ ਲੋਕ ਬਹੁਦੇਵਪੂਜਾ, ਕੁਦਰਤੀ ਆਫਤਾਂ, ਭੂਤ ਪ੍ਰੇਤ ਪੂਜਾ ਆਦਿਕ 'ਚ ਗ੍ਰਸੇ ਹੋਏ ਲੋਕ ਸਨ। 'ਏ ਸ਼ਾਰਟ ਹਿਸਟਰੀ ਆਫ਼ ਚਾਇਨੀਜ਼ ਸਿਵਲਾਈਜ਼ੇਸ਼ਨ' (A Short History of Chinese Civilisation) 'ਚ ਇਹਨਾਂ ਬਾਰੇ ਹੇਠ ਲਿਖਿਆ ਬਿਆਨ ਇਹਨਾਂ ਲੋਕਾਂ 'ਤੇ ਚਾਨਣਾ ਪਾਉਂਦਾ ਹੈ:

"ਮੰਗੋਲਾਂ ਦਾ ਧਰਮ ਸ਼ੰਮਨ ਧਰਮ ਸੀ, ਜਿਸ 'ਚ ਰੂਹਾਂ, ਰੁੱਖਾਂ ਤੇ ਅਸਮਾਨ ਦੀ

ਪੂਜਾ ਹੁੰਦੀ ਸੀ। ਇਸ ਕਰਮਕਾਂਡੀ ਧਰਮ ਦੇ ਧਾਰਮਕ ਆਗੂਆਂ ਨੂੰ ਬਿੱਕੀ ਕਿਹਾ ਜਾਂਦਾ ਸੀ। ਇਸ ਧਰਮ ਦੇ ਅਨੁਯਾਈਆਂ ਦਾ ਖਿਆਲ ਸੀ ਕਿ ਬਿੱਕੀ ਮਰਨ ਉਪਰੰਤ ਕਬੀਲੇ ਦੀ ਰੱਖਿਆ ਜਾਂ ਹਾਨੀ ਦਾ ਕਾਰਨ ਬਣਦੇ ਹਨ। ਜੇ ਕਿਸੇ ਬਿੱਕੀ ਦਾ ਲਹੂ ਡੁਲ੍ਹ ਜਾਵੇ, ਤਾਂ ਉਸ 'ਬਿੱਕੀ' ਦੀ ਪ੍ਰੇਤ ਰੂਹ ਕਬੀਲੇ ਵਾਸਤੇ ਬੜੀ ਹਾਨੀਕਾਰਕ ਮੰਨੀ ਜਾਂਦੀ ਹੈ।"

ਚੰਗੇਜ਼ ਖਾਂ ਦਾ ਅਸਲੀ ਨਾਂ ਤੇਮੂਜ਼ਿਨ ਸੀ। ਉਸ ਨੇ ਕੁਝ ਕਬੀਲਿਆਂ ਨੂੰ ਆਪਣੀ ਤਾਕਤ ਨਾਲ ਅਤੇ ਕੁਝ ਨੂੰ ਆਪਣੀ ਸਿਆਣਪ ਨਾਲ ਆਪਣੇ 'ਚ ਮਿਲਾ ਲਿਆ। ਹੌਲੀ ਹੌਲੀ ਉਸ ਨੇ ਆਪਣੀ ਸਿਆਣੀ ਜਥੇਬੰਦ ਫੌਜ ਨਾਲ ਸਾਰੇ ਕਬੀਲਿਆਂ ਨੂੰ ਹਰਾ ਕੇ, 1206 ਈ. 'ਚ 44 ਸਾਲ ਦੀ ਉਮਰ 'ਚ ਆਪਣੇ ਆਪ ਨੂੰ ਸਭ ਤੋਂ ਵੱਧ ਸ਼ਕਤੀਸ਼ਾਲੀ ਕਬੀਲੇ ਦਾ ਸਰਦਾਰ ਐਲਾਨ ਕੇ, ਚੰਗੇਜ਼ ਖ਼ਾਂ ਦੀ ਉਪਾਧੀ ਧਾਰਨ ਕੀਤੀ।

ਚੰਗੇਜ਼ (Genghis) ਸ਼ਬਦ ਸ਼ਾਇਦ ਤੁਰਕੀ ਭਾਸ਼ਾ ਦੇ ਸ਼ਬਦ ਤੇਨਗੇਜ਼ (Tengiz) ਦਾ ਵਿਗੜਿਆ ਰੂਪ ਹੈ, ਜਿਸ ਦਾ ਅਰਥ ਹੈ 'ਸਮੁੰਦਰ'। ਖਿਆਲ ਕੀਤਾ ਜਾਂਦਾ ਹੈ ਕਿ ਚੰਗੇਜ਼ ਖ਼ਾਂ ਬੁੱਧੀ ਦਾ ਸਮੁੰਦਰ ਸ਼ੀ। ਪਰ ਮੰਗੋਲੀ ਵਿਦਵਾਨ ਉਪਰੋਕਤ ਅਰਥ ਨਾਲ ਸਹਿਮਤ ਨਹੀਂ। ਉਹਨਾਂ ਦਾ ਮਤ ਹੈ ਕਿ ਇਹ ਮੰਗੋਲੀ ਭਾਸ਼ਾ ਦਾ ਮੂਲ ਹੈ, ਜਿਸ ਦਾ ਅਰਥ ਹੈ, ਸਭ ਤੋਂ 'ਸਰਬੋਤਮ'।

ਚੰਗੇਜ਼ ਖ਼ਾਂ ਨੇ ਚੀਨ ਦੇ ਕਾਫੀ ਇਲਾਕੇ 'ਤੇ ਕਬਜ਼ਾ ਕਰ ਲਿਆ ਅਤੇ ਚੀਨੀ ਖਿੱਤੇ ਦੇ ਕਬਜ਼ੇ ਤੋਂ ਉਸ ਨੇ ਕਾਫੀ ਕੁਝ ਸਿੱਖਿਆ। ਉਹ ਧਨੀ ਯੋਧਾ ਹੋਣ ਨਾਲੋਂ ਵਧੇਰੇ ਇਕ ਵਧੀਆ ਨੀਤੀਵਾਨ ਸੀ:

Genghis was even more deeply a political man than a warrior-. (Encyclopaedia Britannica)

1206 ਈ. 'ਚ ਚੰਗੇਜ਼ ਖ਼ਾਂ ਨੇ ਕਬਾਇਲੀ ਵਿਸ਼ਵਾਸਾਂ ਅਤੇ ਪੁਰਾਤਨ ਸ਼ਾਹੀ ਚੀਨੀ ਕਾਨੂੰਨਾਂ 'ਚੋਂ ਚੋਣ ਕਰਕੇ ਇਕ ਰਾਜ ਨਿਯਮਾਵਲੀ ਤੇ ਸ਼ਾਹੀ ਡੰਡਾਵਲੀ ਤਿਆਰ ਕੀਤੀ ਅਤੇ ਸਾਰੇ ਮੰਗੋਲ ਕਬੀਲਿਆਂ ਕੋਲੋਂ ਇਸ ਨਵੇ ਬਣਾਏ ਵਿਧਾਨ ਦੀ ਪਰਵਾਨਗੀ ਲਈ। ਇਸ ਉਪਰੰਤ ਉਸ ਨੇ 1218 ਈ. 'ਚ ਆਪਣੀ ਸਾਰੀ ਸਲਤਨਤ ਦੇ ਹਰ ਖਿੱਤੇ 'ਚ ਲਾਗੂ ਕਰਨ ਦੇ ਕਰੜੇ ਹੁਕਮ ਜਾਰੀ ਕੀਤੇ।

ਚੰਗੇਜ਼ ਖ਼ਾਂ ਨੇ ਆਪਣੇ ਬਚਨਾਂ ਦਾ ਇਕ ਸੰਗ੍ਰਹਿ ਵੀ ਸੰਪਾਦਨ ਕੀਤਾ, ਜਿਸ ਦਾ ਨਾਮ 'ਬਿਲੀਕ' ਰੱਖਿਆ ਅਤੇ ਆਪਣੇ ਨਵੇਂ ਬਣਾਏ ਕਾਨੂੰਨਾਂ ਦੀ ਸੰਗ੍ਰਹਿ ਪੁਸਤਕ ਦਾ ਨਾਮ 'ਯਾਸਾ' ਰੱਖਿਆ। 'ਯਾਸਾ' ਦੇ ਕਾਨੂੰਨਾਂ ਅਤੇ ਰਾਜਨੀਤੀ ਦੀ

ਅਹਿਮੀਅਤ ਦੱਸਦਾ ਹੋਇਆ ਚੰਗੇਜ਼ ਖ਼ਾਂ ਆਪਣੇ ਸੰਗ੍ਰਹਿ 'ਬਿਲੀਕ' 'ਚ ਦੱਸਦਾ ਹੈ ਕਿ "ਮੇਰੇ ਪਿਛੋਂ ਜਿੰਨੇ ਵੀ ਹਾਕਮ, ਖ਼ਾਨ, ਸਰਦਾਰ ਹੋਣਗੇ, ਜੇਕਰ ਉਹ ਯਾਸਾ 'ਚ ਦਿੱਤੇ ਨਿਯਮਾਂ ਦਾ ਰੰਚਕ ਮਾਤਰ ਵੀ ਉਲੰਘਣ ਕਰਨਗੇ, ਤਾਂ ਉਨ੍ਹਾਂ ਦਾ ਰਾਜ ਕਾਜ ਵਿਗੜ ਜਾਏਗਾ, ਲੋਕਾਂ 'ਚ ਗੜਬੜੀ ਪੈ ਜਾਏਗੀ।"

ਆਪਣੇ ਨਿਯਮਾਵਲੀ ਸੰਗ੍ਰਹਿ 'ਚ ਚੰਗੇਜ਼ ਖ਼ਾਂ ਨੇ ਆਪਣੇ ਕਬਾਇਲੀ ਨਿਯਮਾਂ ਅਤੇ ਵਿਸ਼ਵਾਸਾਂ ਨੂੰ ਪੂਰਨ ਤਰਜੀਹ ਦਿੱਤੀ। ਇਕ ਵਾਰੀ ਕੁਝ ਕਾਰਨਾਂ ਕਰਕੇ ਚੰਗੇਜ਼ ਖ਼ਾਂ ਅਤੇ ਉਸ ਦੇ ਮੁਖਾਲੀ ਨਾਂ ਦੇ ਇਕ ਜਰਨੈਲ ਨੂੰ ਦੋ ਬਿੱਕੀਆਂ (ਧਾਰਮਕ ਹਸਤੀਆਂ)ਨੂੰ ਸਜ਼ਾਂ ਦੇਣੀ ਪਈ ਸੀ, ਤਾਂ ਉਨ੍ਹਾਂ ਨੇ ਇਕ ਬਿੱਕੀ ਨੂੰ ਗਰਮ ਪਾਣੀ 'ਚ ਉਬਾਲ ਕੇ ਮਾਰਿਆ ਅਤੇ ਦੂਸਰੇ ਨੂੰ ਹੱਥ-ਪੈਰ ਬੰਨ੍ਹ ਕੇ ਦਰਿਆ 'ਚ ਰੋੜ੍ਹ ਦਿੱਤਾ ਸੀ, ਤੋਂ ਜੋ ਬਿੱਕੀਆਂ ਦੇ ਖ਼ੂਨ ਦਾ ਇਕ ਕਤਰਾ ਵੀ ਧਰਤੀ 'ਤੇ ਨਾ ਡਿੱਗੇ, ਤਾਂ ਜੋ ਮੌਤ ਪਿਛੋਂ ਬਿੱਕੀਆਂ (ਧਾਰਮਕ ਪੁਰਸ਼ਾਂ)ਦੀਆਂ ਰੂਹਾਂ ਕਬੀਲੇ ਨੂੰ ਤੰਗ ਨਾ ਕਰਨ।

ਇਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ 'ਯਾਸਾ' ਦੇ ਕਾਨੂੰਨ ਅਨੁਸਾਰ ਕਿਸੇ ਧਾਰਮਕ ਰੂਹਾਨੀ ਆਗੂ ਦਾ ਖ਼ੂਨ ਨਹੀਂ ਸੀ ਡੋਲ੍ਹਿਆ ਜਾਂਦਾ। ਜੇ ਕਿਸੇ ਧਾਰਮਕ ਵਿਅਕਤੀ ਨੂੰ ਰਾਜਨੀਤਕ ਕਾਰਨਾਂ ਕਰਕੇ, ਜਿਨ੍ਹਾਂ ਨਾਲ ਮੁਗ਼ਲ ਸਲਤਨਤ ਦਾ ਹਿਤ ਜੁੜਿਆ ਹੋਇਆ ਹੋਵੇ, ਮੌਤ ਦੰਡ ਦੇਣਾ ਹੀ ਪੈ ਜਾਏ, ਤਾਂ ਰਾਜ ਦੰਡ ਨੀਤੀ ਐਸੀ ਅਪਨਾਈ ਜਾਂਦੀ ਸੀ ਕਿ ਉਸ ਧਾਰਮਕ ਹਸਤੀ ਦਾ ਲਹੂ ਨਾ ਡੁਲ੍ਹੇ।

ਕੁਝ ਸਮੇਂ ਬਾਅਦ ਮੰਗੋਲਾਂ ਨੇ ਇਸਲਾਮ ਮਜ਼ਹਬ ਧਾਰਨ ਕਰ ਲਿਆ ਸੀ। ਇਸਲਾਮ ਧਾਰਨ ਕਰਨ ਤੋਂ ਪਹਿਲਾਂ ਮੰਗੋਲਾਂ ਦਾ ਧਰਮ 'ਸੰਮਨ' ਸੀ ਜਿਸ ਅਨੁਸਾਰ ਮੰਗੋਲ ਰੂਹਾਂ, ਰੁਖਾਂ ਤੇ ਅਸਮਾਨ ਦੀ ਪੂਜਾ ਕਰਦੇ ਸਨ। ਅਰਬ ਦੇ ਮਕਰੀਜ਼ੀ ਨਾਂ ਦੇ ਇਕ ਇਤਿਹਾਸਕਾਰ ਨੇ ਮੰਗੋਲਾਂ ਸਬੰਧੀ ਲਿਖਿਆ ਹੈ ਕਿ

> "ਜਦੋਂ ਮੰਗੋਲਾਂ ਨੇ ਇਸਲਾਮ ਧਰਮ ਗ੍ਰਹਿਣ ਕਰ ਲਿਆ ਤਾਂ ਉਨ੍ਹਾਂ ਨੇ ਸ਼ਰ੍ਹਾ ਨੂੰ ਆਪਣੇ ਕਬੀਲਿਆਂ ਦੇ ਰਿਵਾਜ ਅਨੁਸਾਰ ਢਾਲ ਲਿਆ। ਨਿਰੋਲ ਮਜ਼ਹਬੀ ਕੰਮਾਂ ਲਈ ਤਾਂ ਉਹ ਕਾਜ਼ੀ ਉਲਕਾਦਾਤ ਨੂੰ ਪੁੱਛ ਲੈਂਦੇ ਹਨ, ਪਰ ਜਿਸ ਮਸਲੇ ਦਾ ਸਬੰਧ ਉਨ੍ਹਾਂ ਦੀ ਜ਼ਾਤ ਜਾਂ ਕਬੀਲੇ ਨਾਲ ਹੋਵੇ, ਉਥੇ ਉਹ ਚੰਗੇਜ਼ ਖ਼ਾਨੀ ਯਾਸਾ ਨੂੰ ਹੀ ਮੰਨਦੇ ਹਨ ਅਤੇ ਇਸ ਕੰਮ ਲਈ ਉਹ ਵੱਖਰਾ ਅਫਸਰ ਨਿਯਤ ਕਰਦੇ ਹਨ।"

ਤੁਜ਼ਕਿ ਜਹਾਂਗੀਰੀ ਦੇ ਉਲਥਾਉਣ ਵਾਲਿਆਂ ਅਤੇ ਸਿੱਖ ਤਵਾਰੀਖ਼ ਦੇ ਲਿਖਾਰੀਆਂ ਨੇ 'ਯਾਸਾ' ਦਾ ਅਰਥ ਤਸੀਹਾ ਜਾਂ ਤਸੀਹੇ ਹੀ ਕੀਤਾ ਹੈ। ਉਪਰਲੀ ਤੁਕ ਦਾ ਅਰਥ 'ਤਸੀਹੇ ਦੇਕੇ ਮਾਰ ਦਿੱਤਾ ਜਾਵੇ' ਅਸ਼ੁੱਧ ਹੈ। ਸ. ਤੇਜਾ ਸਿੰਘ ਅਤੇ

ਸ. ਗੰਡਾ ਸਿੰਘ ਸਿੱਖ ਵਿਦਵਾਨਾਂ ਨੇ ਆਪਣੀ ਹੇਠ ਲਿਖੀ ਪੁਸਤਕ ਦੇ ਸਫ਼ਾ 34 'ਤੇ ਯਾਸਾ ਸ਼ਬਦ ਦੇ ਅਰਥ 'ਤਸੀਹੇ ਦੇਕੇ ਮਾਰ ਦਿੱਤਾ ਜਾਏ' ਕੀਤੇ ਹਨ। (A Short History of the Sikhs by Teja Singh & Ganda Singh Vol 1, page 34)

ਇਸ ਤਰ੍ਹਾਂ ਸਿੱਖ ਲਿਖਾਰੀਆਂ ਵਲੋਂ ਫ਼ਾਰਸੀ ਡਿਕਸ਼ਨਰੀਆਂ ਦੇ ਆਧਾਰ 'ਤੇ 'ਯਾਸਾ ਦੇ ਅਰਥ ਤਸੀਹੇ ਦੇਕੇ ਮਾਰ ਦੇਣ ਦੇ ਮੰਨ ਲਏ ਗਏ। ਵਾਸਤਵ'ਚ ਇਹ ਮੰਗੋਲੀ ਭਾਸ਼ਾ ਦਾ ਸ਼ਬਦ ਹੈ ਜੋ ਬਾਅਦ 'ਚ ਫ਼ਾਰਸੀ 'ਚ ਆਇਆ। 'ਯਾਸਾ' ਸ਼ਬਦ ਮੰਗੋਲ ਬਾਦਸ਼ਾਹਾਂ ਤੇ ਉਹਨਾਂ ਦੇ ਆਦਰਸ਼ਾਂ ਦਾ ਧੁਰਾ ਰਿਹਾ ਹੈ। ਬਾਦਸ਼ਾਹ ਜਹਾਂਗੀਰ ਮੰਗੋਲ ਨਸਲ ਦਾ ਸੀ, ਇਸ ਲਈ ਜਹਾਂਗੀਰ ਦੇ 'ਯਾਸਾ' ਦੇ ਅਰਥ ਉਹ ਹੀ ਹੋ ਸਕਦੇ ਹਨ, ਜੋ ਮੰਗੋਲ ਬਾਦਸ਼ਾਹ ਸਮਝਦੇ ਰਹੇ।

ਤੁਜ਼ਕਿ ਜਹਾਂਗੀਰੀ ਦੀ ਉੱਪਰ ਦਿੱਤੀ ਲਿਖਤ ਸਾਹਮਣੇ ਆਉਣ ਤੋਂ ਪਹਿਲਾਂ ਸਿੱਖਾਂ ਦਾ ਇਹ ਪੱਕਾ ਵਿਸ਼ਵਾਸ ਰਿਹਾ ਕਿ ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕਰਨ ਦਾ ਜ਼ਿਮੇਵਾਰ ਨਿਰੋਲ ਦੀਵਾਨ ਚੰਦੂ ਹੀ ਸੀ। ਸਿੱਖ ਲਿਖਾਰੀਆਂ ਦੀ ਇਹ ਧਾਰਨਾ ਆਮ ਪ੍ਰਚਲਤ ਰਹੀ ਅਤੇ ਹੈ ਕਿ ਲਾਹੌਰ ਦੇ ਮੁਨਸ਼ੀਖਾਨੇ ਦੇ ਕਿਸੇ ਕਲੱਰਕ ਜਾਂ 'ਦੀਵਾਨ' ਚੰਦੂ ਨਾਮੀ ਨੇ, ਜਿਸ ਦਾ ਕਿ ਗੁਰੂ ਸਾਹਿਬ ਨਾਲ ਘਰੋਗੀ ਝਗੜਾ ਸੀ, ਗੁਰੂ ਸਾਹਿਬ ਨੂੰ ਅਤਿ ਦੇ ਤਸੀਹੇ ਦੇਕੇ ਲਾਹੌਰ 'ਚ ਸ਼ਹੀਦ ਕੀਤਾ।

ਜਦ ਤੁਜ਼ਕਿ ਜਹਾਂਗੀਰੀ ਬਾਰੇ ਇਹ ਪਤਾ ਲੱਗ ਗਿਆ ਕਿ ਬਾਦਸ਼ਾਹ ਨੇ ਆਪ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਦੇ ਹੁਕਮ ਜਾਰੀ ਕੀਤੇ, ਤਾਂ ਸਾਡੇ ਲੇਖਕਾਂ ਵਲੋਂ ਇਹ ਧਾਰਨਾ ਦਿੱਤੀ ਗਈ ਕਿ ਬਾਦਸ਼ਾਹ ਜਹਾਂਗੀਰ ਨੇ ਐਵੇਂ ਦੀਨੀ ਪੱਖਪਾਤ ਅਤੇ ਮੁਸਲਮਾਨੀ ਤਅੱਸਬ ਦੇ ਕਾਰਨ, ਸ਼ਹਿਜ਼ਾਦਾ ਖੁਸਰੋ ਨੂੰ ਬਗ਼ਾਵਤ 'ਚ ਸਹਾਇਤਾ ਹੋਣ ਦੀ ਝੂਠੀ ਊਜ ਲਾ ਕੇ, ਗੁਰੂ ਸਾਹਿਬ ਨੂੰ ਸ਼ਹੀਦ ਕਰਵਾ ਦਿੱਤਾ। ਇਹ ਦਲੀਲ ਵੀ ਪਰਖ ਦੀ ਕਸਵੱਟੀ 'ਤੇ ਪੂਰੀ ਨਹੀਂ ਉਤਰਦੀ। ਇਹ ਲੇਖਕ ਵੀਰ ਇਹ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਗੁਰੂ ਅਰਜਨ ਸਾਹਿਬ ਨੇ ਸ਼ਹਿਜ਼ਾਦਾ ਖੁਸਰੋ ਦੀ ਬਗ਼ਾਵਤ 'ਚ ਕੋਈ ਸਹਾਇਤਾ ਨਹੀਂ ਸੀ ਕੀਤੀ। ਕੇਵਲ ਇਕ ਭੁੱਖੇ ਅਤਿਥੀ ਨੂੰ ਗੁਰੂ ਕੇ ਲੰਗਰ 'ਚੋਂ ਪ੍ਰਸ਼ਾਦਾ ਛਕਾਇਆ ਸੀ, ਜਿਸ ਦਾ ਸ਼ਹਿਜ਼ਾਦੇ ਦੀ ਬਗ਼ਾਵਤ ਜਾਂ ਉਸ ਸਮੇਂ ਦੇ ਰਾਜਨੀਤਕ ਝਗੜਿਆਂ ਨਾਲ ਕੋਈ ਸਬੰਧ ਨਹੀਂ ਸੀ।

ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਬਾਦਸ਼ਾਹ ਜਹਾਂਗੀਰ ਨੂੰ ਊਜ ਲਾਉਣ ਦੀ ਲੋੜ ਹੀ ਕੀ ਸੀ? ਜੇ ਉਹ ਗੁਰੂ ਸਾਹਿਬ ਨੂੰ ਸ਼ਹੀਦ ਕਰਵਾਉਣਾ ਚਾਹੁੰਦਾ, ਤਾਂ ਉਸ ਨੂੰ ਕਿਸੇ ਬਹਾਨੇ ਦੀ ਲੋੜ ਹੀ ਕੀ ਸੀ? ਉਹ ਆਪਣੀ ਡਾਇਰੀ 'ਚ ਲਿਖਦਾ

ਹੈ ਕਿ ਉਸ (ਗੁਰੂ ਸਾਹਿਬ) ਨੇ 'ਝੂਠ ਦੀ ਦੁਕਾਨ' ਚਲਾਈ ਹੋਈ ਹੈ, ਜਿਸ ਨਾਲ ਕਿ ਮੁਸਲਮਾਨ ਵੀ 'ਗੁਮਰਾਹ' ਹੋ ਰਹੇ ਹਨ। ਕਿਸੇ ਮੁਸਲਮਾਨ ਨੂੰ ਗੁੰਮਰਾਹ ਕਰਕੇ 'ਕੁਫਰ' ਦੇ ਰਾਹ 'ਤੇ ਪਾਉਣਾ ਮੁਸਲਮਾਨੀ ਸ਼ਰ੍ਹਾ ਤੇ ਕਾਨੂੰਨ ਮੁਤਾਬਕ ਇਕ ਐਸਾ ਜੁਰਮ ਹੈ, ਜਿਸ ਦੀ ਸਜ਼ਾ ਇਸਲਾਮੀ ਰਾਜ 'ਚ ਮੌਤ ਤੋਂ ਘੱਟ ਨਹੀਂ ਦਿੱਤੀ ਜਾ ਸਕਦੀ। ਮੁਸਲਮਾਨੀ ਸ਼ਰ੍ਹਾ ਮੁਤਾਬਕ ਗੁਰੂ ਸਾਹਿਬ ਦਾ ਇਹ ਜੁਰਮ ਸਪਸ਼ਟ ਸੀ। ਇਸ ਤਰ੍ਹਾਂ ਜਹਾਂਗੀਰ ਨੂੰ ਝੂਠੀ ਊਜ ਲਾਉਣ ਦੀ ਲੋੜ ਹੀ ਕੀ ਸੀ?

ਜੇ ਜਹਾਂਗੀਰ ਚਾਹੁੰਦਾ ਤਾਂ ਉਸ ਵਲੋਂ ਝੂਠੀ ਊਜ ਕਿਸੇ ਵੇਲੇ ਵੀ ਲਗਵਾਈ ਜਾ ਸਕਦੀ ਸੀ। ਬਾਦਸ਼ਾਹ ਦਾ ਇਸ਼ਾਰਾ ਕਰਨ ਦੀ ਦੇਰ ਸੀ ਕਿ ਪ੍ਰਿਥੀ ਚੰਦ ਜਾਂ ਗੋਇੰਦਵਾਲ ਦੇ ਮੁੱਲਾਂ-ਕਾਜ਼ੀ ਝੂਠੀਆਂ ਸੱਚੀਆਂ ਗਵਾਹੀਆਂ ਦੇਣ ਵਾਲੇ ਬਥੇਰੇ ਲੱਭ ਪੈਣੇ ਸਨ। ਉਸ ਜ਼ਮਾਨੇ ਬਾਦਸ਼ਾਹ ਦਾ ਹੁਕਮ ਹੀ ਸਭ ਕੁਝ ਹੋਇਆ ਕਰਦਾ ਸੀ ਅਤੇ ਉਹੀ ਕਾਨੂੰਨ ਹੁੰਦਾ ਸੀ। ਬਾਦਸ਼ਾਹ ਜਹਾਂਗੀਰ ਆਪ-ਹੁਦਰਾ ਬਾਦਸ਼ਾਹ ਸੀ। ਹਿੰਦੂਆਂ ਤੇ ਸਿੱਖਾਂ ਦੀ ਲੋਕ ਰਾਏ ਦਾ ਤਾਂ ਉਸ ਨੂੰ ਕੋਈ ਭੈ ਹੈ ਹੀ ਨਹੀਂ ਸੀ ਅਤੇ ਇਸਲਾਮੀ ਲੋਕ ਰਾਏ ਨੇ ਸ਼ਰ੍ਹਾ ਦੇ ਕਾਨੂੰਨ ਹੇਠਾਂ ਅਜਿਹਾ ਸਾਕਾ ਵਰਤਾਉਣ 'ਤੇ ਜਹਾਂਗੀਰ ਦੀ ਪ੍ਰਸੰਸਾ ਹੀ ਕਰਨੀ ਸੀ, ਜਿਵੇਂ ਕਿ ਉਸ ਦੇ ਪੋਤਰੇ ਔਰੰਗਜ਼ੇਬ ਨੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਇਸਲਾਮੀ ਸ਼ਰ੍ਹਾ ਦੇ ਕਾਨੂੰਨ ਹੇਠਾਂ, ਬਿਨਾਂ ਕਿਸੇ ਝਿਜਕ ਦੇ ਚਾਂਦਨੀ ਚੌਂਕ 'ਚ ਸ਼ਰ੍ਹੇਆਮ ਲੋਕਾਂ ਦੇ ਸਾਹਮਣੇ ਕਤਲ ਕਰਵਾ ਦਿੱਤਾ ਸੀ।

ਉਪਰਲੇ ਵਿਚਾਰਾਂ ਤੋਂ ਸਿੱਟਾ ਇਹ ਨਿਕਲਦਾ ਹੈ ਕਿ ਜਹਾਂਗੀਰ ਗੁਰੂ ਸਾਹਿਬ ਨੂੰ ਇਸਲਾਮੀ ਸ਼ਰ੍ਹਾ ਹੇਠਾਂ ਸ਼ਹੀਦ ਨਹੀਂ ਸੀ ਕਰਵਾਉਣਾ ਚਾਹੁੰਦਾ। ਇਸ ਲਈ ਨਹੀਂ ਕਿ ਗੁਰੂ ਸਾਹਿਬ ਇਸਲਾਮੀ ਸ਼ਰ੍ਹਾ ਦੇ ਕਾਨੂੰਨ ਮੁਤਾਬਕ ਮੌਤ ਦੰਡ ਦੇ ਭਾਗੀ ਨਹੀਂ ਸਨ, ਸਗੋਂ ਇਸ ਦੇ ਦੋ ਕਾਰਨ ਸਨ। ਇਕ ਤਾਂ ਇਹ, ਕਿ ਉਦੋਂ ਜਹਾਂਗੀਰ ਦੇ ਰਾਜ ਸ਼ਾਸਨ ਦੀ ਨੀਤੀ ਪੂਰੀ ਤਰ੍ਹਾਂ ਨਿਸਚਿਤ ਨਹੀਂ ਸੀ ਹੋਈ ਕਿ ਹਿੰਦੁਸਤਾਨ ਦੇ ਰਾਜ ਸ਼ਾਸਨ ਦੀਆਂ ਨੀਹਾਂ ਸੌ ਫ਼ੀਸਦੀ ਇਸਲਾਮੀ ਸ਼ਰ੍ਹਾ 'ਤੇ ਬੰਨ੍ਹੀਆਂ ਜਾਣੀਆਂ ਸਨ ਜਾਂ ਨਹੀਂ। ਜਹਾਂਗੀਰ ਨੂੰ ਤਖਤ 'ਤੇ ਬੈਠਿਆਂ ਅਜੇ ਬਹੁਤਾ ਸਮਾਂ ਨਹੀਂ ਸੀ ਹੋਇਆ।

ਇਸ ਦੇ ਨਾਲ ਹੀ ਇਕ ਹੋਰ ਨੁਕਤਾ ਵੀ ਧਿਆਨ 'ਚ ਰੱਖਣ ਵਾਲਾ ਹੈ। ਉਹ ਇਹ, ਕਿ ਬਾਬਰ ਤੋਂ ਪਹਿਲਾਂ ਭਾਰਤ 'ਚ ਮੁਸਲਮਾਨੀ ਸੁਲਤਾਨਾਂ ਅਤੇ ਵਿਜੇਈ ਹੁਕਮਰਾਨਾਂ ਦੇ ਰਾਜ ਸ਼ਾਸਨ ਦੀ ਨੀਂਹ ਇਸਲਾਮੀ ਸ਼ਰ੍ਹਾ ਦੇ ਕਾਨੂੰਨ ਨੂੰ ਕੇਂਦਰ ਮੰਨ ਕੇ ਹੀ ਮੰਨਣ ਦੇ ਯਤਨ ਹੁੰਦੇ ਰਹੇ ਸਨ। ਪਰ ਮੁਗਲਾਂ ਦੇ ਵੇਲੇ ਰਾਜ ਸ਼ਾਸਨ ਦਾ ਝੁਕਾਅ ਮਿਲਵਰਤਨੀ ਰਾਜ ਸਥਾਪਤ ਕੀਤੇ ਜਾਣ ਵਲ ਹੋ ਗਿਆ ਸੀ, ਜੋ

ਅਕਬਰ ਦੇ ਵੇਲੇ ਟੀਸੀ 'ਤੇ ਸੀ ਅਤੇ ਇਹ ਝੁਕਾਅ ਢਿੱਲਾ ਪੈਂਦਾ-ਪੈਂਦਾ ਔਰੰਗਜ਼ੇਬ ਦੇ ਸਮੇਂ ਤਕ ਅਲੋਪ ਹੋ ਗਿਆ ਸੀ।

ਦੂਜਾ ਕਾਰਨ ਇਹ ਸੀ ਕਿ ਉਹ ਗੁਰੂ ਸਾਹਿਬ ਨੂੰ ਸ਼ਰ੍ਹਾ ਦੇ ਕਾਨੂੰਨ ਮੁਤਾਬਕ ਸਜ਼ਾ ਨਹੀਂ ਸੀ ਦੇਣਾ ਚਾਹੁੰਦਾ, ਸਗੋਂ ਆਪਣੇ ਪਿਤਾ ਪੁਰਖੀ 'ਯਾਸਾ' ਦੇ ਕਾਨੂੰਨ ਮੁਤਾਬਕ ਸਜ਼ਾ ਦੇਣਾ ਚਾਹੁੰਦਾ ਸੀ। ਉਹਨਾਂ ਦੇ ਧਾਰਮਕ ਵਿਸ਼ਵਾਸ ਮੁਤਾਬਕ ਜਦ ਕਦੀ ਕਿਸੇ ਧਾਰਮਕ ਪੁਰਸ਼ ਨੂੰ ਰਾਜਸੀ ਕਾਰਨਾਂ ਕਰਕੇ ਮੌਤ ਦੀ ਸਜ਼ਾ ਦੇਣੀ ਪੈ ਜਾਏ, ਤਾਂ ਚੰਗੇਜ਼ ਖ਼ਾਂ ਦੇ ਬੱਧੇ 'ਯਾਸਾ' ਕਾਨੂੰਨ ਰਾਹੀਂ ਦਿੱਤੀ ਜਾਣੀ ਚਾਹੀਦੀ ਹੈ। ਉਹਨਾਂ ਦਾ ਇਹ ਪੱਕਾ ਵਿਸ਼ਵਾਸ ਸੀ ਕਿ ਜੇ ਕਿਸੇ ਧਾਰਮਿਕ ਪੁਰਸ਼ ਦਾ ਖ਼ੂਨ ਡੋਲ੍ਹਿਆ ਜਾਏ, ਤਾਂ ਉਸ ਧਾਰਮਿਕ ਪੁਰਸ਼ (ਜਿਸ ਨੂੰ ਬਿੱਕੀ ਕਹਿੰਦੇ ਹਨ)ਦੀ ਰੂਹ ਉਹਨਾਂ ਦੇ ਕਬੀਲੇ ਲਈ ਕੋਈ ਨਾ ਕੋਈ ਆਫਤ ਲਿਆ ਸਕਦੀ ਹੈ। ਜਹਾਂਗੀਰ ਅਨੁਸਾਰ ਗੁਰੂ ਅਰਜਨ ਸਾਹਿਬ ਇਕ ਹਰਮਨ ਪਿਆਰੇ ਪੀਰ ਸਨ ਅਤੇ ਉਹ ਕਿਸੇ ਵਕਤ ਮੁਗ਼ਲ ਹਕੂਮਤ ਲਈ ਹਾਨੀਕਾਰਕ ਸਾਬਤ ਹੋ ਸਕਦੇ ਸਨ। ਇਸ ਲਈ ਗੁਰੂ ਸਾਹਿਬ ਨੂੰ ਰਾਜਸੀ ਦੰਡ ਦੇਣ ਲਈ ਸ਼ਰ੍ਹਾ ਦੇ ਕਾਨੂੰਨ ਮੁਤਾਬਕ ਸਜ਼ਾ ਦੇਣ ਦੀ ਬਜਾਏ ਉਹ ਕਿਸੇ ਰਾਜਨੀਤਕ ਮੌਕੇ ਦੀ ਉਡੀਕ 'ਚ ਸੀ।

ਜਹਾਂਗੀਰ ਨੂੰ ਇਸ ਗੱਲ ਦਾ ਯਕੀਨ ਸੀ ਕਿ ਗੁਰੂ ਅਰਜਨ ਸਾਹਿਬ ਦੇ ਪ੍ਰਚਾਰ-ਉਪਦੇਸ਼ ਇਸ ਕਿਸਮ ਦੇ ਸਨ ਕਿ ਕਿਸੇ ਨਾ ਕਿਸੇ ਵੇਲੇ ਉਹ ਸ਼ਰ੍ਹਾ ਦੇ ਕਾਨੂੰਨ ਤੋਂ ਬ਼ਗੈਰ ਨਿਰੋਲ ਰਾਜਨੀਤਕ ਕਾਨੂੰਨ ਦੀ ਪਕੜ 'ਚ ਆ ਜਾਣਗੇ ਅਤੇ ਜਹਾਂਗੀਰ ਅਜਿਹੇ ਸਮੇਂ ਦੀ ਉਡੀਕ 'ਚ ਸੀ। ਜਹਾਂਗੀਰ ਗੁਰੂ-ਘਰ ਨੂੰ ਕੇਵਲ ਸ਼ਰ੍ਹਾ ਦੇ ਕਾਨੂੰਨ ਅਨੁਸਾਰ ਹੱਥ ਨਹੀਂ ਸੀ ਪਾਉਣਾ ਚਾਹੁੰਦਾ ਅਤੇ ਕੋਈ ਅਜਿਹਾ ਮੌਕਾ ਲੱਭਦਾ ਸੀ, ਜਦ ਕਿ ਗੁਰੂ ਅਰਜਨ ਸਾਹਿਬ 'ਤੇ ਕੋਈ ਰਾਜਨੀਤਕ ਦੂਸ਼ਣ ਸਾਬਤ ਹੋ ਸਕੇ।

ਇਹ ਮੌਕਾ ਉਦੋਂ ਆਇਆ ਜਦੋਂ ਕਿ ਸ਼ਹਿਜ਼ਾਦਾ ਖੁਸਰੋ ਦੀ ਬ਼ਗਾਵਤ ਵਾਲੀ ਘਟਨਾ ਵਾਪਰੀ। ਬਾਦਸ਼ਾਹ ਜਹਾਂਗੀਰ ਆਪ ਸ਼ਹਿਜ਼ਾਦੇ ਖੁਸਰੋ 'ਤੇ ਫੌਜ ਕਸੀ ਕਰ ਰਿਹਾ ਹੋਵੇ, ਕੌਣ ਹੋ ਸਕਦਾ ਹੈ, ਜੋ ਸ਼ਹਿਜ਼ਾਦੇ ਨੂੰ ਖੁਲ੍ਹਮ ਖੁਲ੍ਹਾ ਆਪਣੇ ਕੋਲ ਠਹਿਰਾ ਲਵੇ ਅਤੇ ਉਸ ਨੂੰ ਅਸ਼ੀਰਵਾਦ ਦੇਵੇ? ਇਹ, ਬਾਦਸ਼ਾਹੀ ਸੱਤਾ ਨਾਲ ਸਿੱਧਾ ਮੱਥਾ ਲਾਉਣ ਦਾ ਹੌਂਸਲਾ ਕੌਣ ਕਰ ਸਕਦਾ ਹੈ? ਇਹ ਕਿਸੇ ਐਰੇ ਗ਼ੈਰੇ ਦਾ ਕੰਮ ਨਹੀਂ ਹੋ ਸਕਦਾ।

ਗੁਰੂ ਸਾਹਿਬ ਦਾ ਜਹਾਂਗੀਰ ਜਾਂ ਕਿਸੇ ਹੋਰ ਵਲੋਂ ਇਸਲਾਮੀ ਸ਼ਰ੍ਹਾ ਦੀਆਂ ਰੁਚੀਆਂ ਨੂੰ ਰਾਜ ਸ਼ਾਸਨ ਦੀ ਨੀਂਹ ਬਣਾਉਣ ਦਾ ਵਿਰੋਧ ਕਰਨਾ ਸੁਭਾਵਕ ਸੀ। ਗੁਰੂ ਅਰਜਨ ਸਾਹਿਬ ਇਕ ਅਜਿਹੀ ਮਹਾਨ ਤੇ ਨਿਰਭੈ ਸ਼ਖ਼ਸੀਅਤ ਸਨ ਕਿ ਗੁਰੂ

ਪਰੰਪਰਾ ਮੁਤਾਬਕ ਉਹ ਲੋੜ ਪੈਣ ਤੇ ਖੁਸਰੋ ਨੂੰ ਧੀਰਜ ਤੇ ਸਹਾਇਤਾ ਦੇਣੋਂ ਕਿਵੇਂ ਵੀ ਸੰਕੋਚ ਨਹੀਂ ਸਨ ਕਰ ਸਕਦੇ। ਇਥੇ ਇਹ ਗੱਲ ਵੀ ਚੇਤੇ ਰੱਖਣ ਵਾਲੀ ਹੈ 'ਕ ਗੁਰੂ ਸਾਹਿਬ ਦਾ ਖੁਸਰੋ ਦੀ ਬਗ਼ਾਵਤ ਨਾਲ ਸਿੱਧਾ ਜਾਂ ਅਸਿੱਧਾ ਕੋਈ ਸਬੰਧ ਨਹੀਂ ਸੀ। ਪਰ ਸ਼ੇਖ਼ ਬੁਖ਼ਾਰੀ ਆਦਿ ਵਲੋਂ ਜਦ ਗੁਰੂ ਅਰਜਨ ਸਾਹਿਬ ਦੀ ਖੁਸਰੋ ਨੂੰ ਸਹਾਇਤਾ ਦੇਣ ਦੀ ਮਨਘੜਤ ਸ਼ਿਕਾਇਤ ਜਹਾਂਗੀਰ ਤਕ ਪਹੁੰਚਾਈ ਗਈ, ਤਾਂ ਜਹਾਂਗੀਰ ਨੂੰ ਉਦੋਂ ਉਹ ਮੌਕਾ ਮਿਲ ਗਿਆ ਜਿਸ ਦੀ ਉਹ ਤਲਾਸ਼ 'ਚ ਸੀ।

ਜ਼ਹਾਂਗੀਰ ਨੇ ਗੁਰੂ ਅਰਜਨ ਸਾਹਿਬ ਨੂੰ "ਬ ਸਿਯਾਸਤ-ਵ-ਯਾਸਾ ਰਸਾਨੰਦ" ਦੇ ਸਖਤ ਕਾਨੂੰਨ ਤਹਿਤ ਸ਼ਹੀਦ ਕਰਨ ਦਾ ਹੁਕਮ ਦਿੱਤਾ। ਕੁਝ ਸਿੱਖ ਇਤਿਹਾਸਕਾਰਾਂ ਨੇ 'ਯਾਸਾ' ਦੇ ਅਰਥ ਤਸੀਹੇ ਦੇ ਕੇ ਸ਼ਹੀਦ ਕਰਨ ਦੇ ਕੀਤੇ ਹਨ। ਸ. ਕਪੂਰ ਸਿੰਘ ਅਨੁਸਾਰ ਇਹ ਅਰਥ ਸਹੀ ਨਹੀਂ ਹਨ, ਸਗੋਂ ਸਹੀ ਅਰਥ ਇਹ ਹਨ ਕਿ ਗੁਰੂ ਸਾਹਿਬ ਨੂੰ ਸਿਯਾਸਤ ਅਤੇ ਯਾਸਾ ਦੇ (ਕਾਨੂੰਨ)ਅਨੁਸਾਰ ਦੰਡ ਦਿੱਤਾ ਜਾਵੇ।

ਉਹ ਕਾਨੂੰਨ ਜਿਸ ਨੂੰ ਚੰਗੇਜ਼ ਖ਼ਾਂ ਨੇ ਬੱਧਾ ਸੀ। ਇਸ ਕਾਨੂੰਨ ਅਨੁਸਾਰ ਜੇ ਕਿਸੇ ਧਾਰਮਿਕ ਪੁਰਸ਼ ਨੂੰ ਕਿਸੇ ਕਾਰਨ ਕਰਕੇ ਮੌਤ ਦੀ ਸਜ਼ਾ ਦੇਣੀ ਪੈ ਜਾਏ, ਤਾਂ ਉਸ ਵਿਅਕਤੀ ਨੂੰ ਐਸੇ ਤਸੀਹੇ ਦੇ ਕੇ ਖਤਮ ਕੀਤਾ ਜਾਵੇ, ਜਿਸ ਨਾਲ ਉਸ ਦਾ ਖ਼ੂਨ ਨਾ ਡੁਲ੍ਹ ਜਾਵੇ। ਮੰਗੋਲਾਂ ਦਾ ਇਹ ਪੱਕਾ ਵਿਸ਼ਵਾਸ ਸੀ ਕਿ ਜੇ ਕਿਸੇ ਧਾਰਮਕ ਪੁਰਸ਼ ਦਾ ਖ਼ੂਨ ਡੁਲ੍ਹ ਜਾਵੇ, ਤਾਂ ਉਸ ਦੀ ਰੂਹ ਮੰਗੋਲੀ ਕਬੀਲਿਆਂ ਨੂੰ ਦੁਖ ਦੇਣ ਦਾ ਕਾਰਨ ਬਣਦੀ ਹੈ। ਇਸ ਤਰ੍ਹਾਂ 'ਯਾਸਾ' ਕਾਨੂੰਨ ਮੰਗੋਲਾਂ ਦਾ ਪਿਤਾ-ਪੁਰਖ਼ੀ ਕਾਨੂੰਨ ਹੈ।

ਸਿਰਦਾਰ ਕਪੂਰ ਸਿੰਘ ਅਨੁਸਾਰ 'ਜਦੋਂ ਜਹਾਂਗੀਰ ਨੇ ਗੁਰੂ ਸਾਹਿਬ ਨੂੰ ਮੁਰਤਜ਼ਾ ਖ਼ਾਂ ਦੇ ਹਵਾਲੇ ਕੀਤਾ ਤਾਂ ਇਹੋ ਹੁਕਮ ਦਿੱਤਾ ਕਿ ਗੁਰੂ ਸਾਹਿਬ ਨਾਲ, ਉਨ੍ਹਾਂ ਨੂੰ ਉਨ੍ਹਾਂ ਦੇ ਸਿਆਸੀ ਜੁਰਮਾਂ ਦੇ ਦੰਡ ਦੇਣ ਲਈ 'ਯਾਸਾ' ਦੇ ਕਾਨੂੰਨ ਅਨੁਸਾਰ ਸਲੂਕ ਕੀਤਾ ਜਾਵੇ। - - - ਯਾਸਾ ਅਨੁਸਾਰ ਸਜ਼ਾ, ਜੋ ਮੰਗੋਲ ਸ਼ਹਿਨਸ਼ਾਹ, ਜਹਾਂਗੀਰ ਨੇ ਦਿੱਤੀ ਤਾਂ ਉਸ ਦੇ ਦੋ ਕਾਰਨ ਸਨ। ਇਕ ਇਹ, ਕਿ ਗੁਰੂ ਸਾਹਿਬ ਦਾ ਜੁਰਮ ਰਾਜਨੀਤਕ ਸੀ, ਉਹਨਾਂ ਨੇ ਬਾਗ਼ੀ ਖੁਸਰੋ ਦੀ ਸਹਾਇਤਾ ਕੀਤੀ ਸੀ ਜਿਸ ਕਰਕੇ ਗੁਰੂ ਸਾਹਿਬ ਦੇ ਜੀਵਤ ਰਹਿਣ ਨਾਲ ਉਸ ਦੇ ਰਾਜ ਦੇ ਨਸ਼ਟ ਹੋ ਜਾਣ ਦਾ ਤੌਖਲਾ ਸਮਝਿਆ ਗਿਆ। ਦੂਜਾ ਇਹ, ਕਿ ਗੁਰੂ ਸਾਹਿਬ ਦਾ ਆਤਮਕ ਓਜ ਇਤਨਾ ਬਲਵਾਨ ਮੰਨਿਆ ਗਿਆ ਕਿ ਉਨ੍ਹਾਂ ਨੂੰ ਮੌਤ ਦੰਡ, ਉਬਲ ਦੀ ਦੇਗ 'ਚ ਪਾ ਕੇ ਅਤੇ ਦਰਿਆ 'ਚ ਰੋੜ੍ਹ ਕੇ ਦਿੱਤਾ ਗਿਆ।

ਗੁਰੂ ਸਾਹਿਬ ਨੂੰ ਸ਼ਹੀਦ ਕਰਨ ਲਈ ਮੁਰਤਜ਼ਾ ਖ਼ਾਂ ਦੇ ਹਵਾਲੇ ਕੀਤਾ ਗਿਆ ਜਿਸ ਵਲੋਂ ਚੰਦੂ ਰਾਹੀਂ ਭਿਆਨਕ ਤਸੀਹੇ ਦਿੱਤੇ ਗਏ। ਪਹਿਲਾਂ ਦੇਗ 'ਚ ਉਬਾਲਿ

ਆ ਗਿਆ, ਫਿਰ ਤੱਤੀ ਤਵੀ 'ਤੇ ਬਿਠਾ ਕੇ ਸੀਸ ਉਪਰ ਗਰਮ ਰੇਤ ਪੁਆਈ ਗਈ ਅਤੇ ਅਖੀਰ ਛਾਲਿਆਂ ਭਰੇ ਸਰੀਰ ਨੂੰ ਦੁਖ ਦੇਣ ਲਈ ਗੁਰੂ ਜੀ ਦੇ ਹੱਥ-ਪੈਰ ਬੰਨ੍ਹ ਕੇ ਰਾਵੀ ਦੇ ਠੰਡੇ ਪਾਣੀ 'ਚ ਰੋੜ੍ਹ ਕੇ ਸ਼ਹੀਦ ਕਰ ਦਿੱਤਾ ਗਿਆ।

ਜ਼ਹਾਂਗੀਰ ਦਾ ਦੂਜਾ ਹੁਕਮ ਸੀ ਗੁਰੂ ਸਾਹਿਬ ਦਾ ਘਰ-ਘਾਟ ਤੇ ਬੱਚਿਆਂ ਨੂੰ ਮੁਰਤਜ਼ਾ ਖ਼ਾਂ ਦੇ ਹਵਾਲੇ ਕੀਤਾ ਜਾਵੇ ਅਤੇ ਮਾਲ ਅਸਬਾਬ ਜ਼ਬਤ ਕੀਤਾ ਜਾਵੇ। ਕੁਝ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਸਾਈਂ ਮੀਆਂ ਮੀਰ ਜੀ ਦੇ ਦਖਲ ਦੇਣ 'ਤੇ ਉਹ ਰੱਦ ਕਰ ਦਿੱਤਾ ਗਿਆ।

ਇਥੇ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਮੁਗਲ ਸ਼ਬਦ ਮੰਗੋਲ (ਚੰਗੇਜ਼ਖਾਨੀ) ਕਬੀਲੇ ਨਾਲ ਸਬੰਧਤ ਸ਼ਾਸਕਾਂ ਵਾਸਤੇ ਵਰਤਿਆ ਗਿਆ ਹੈ। ਜ਼ਿਕਰਯੋਗ ਹੈ ਕਿ ਮੰਗੋਲਾਂ ਵਾਸਤੇ ਪੰਜਾਬੀ ਸਾਹਿਤ ਅਤੇ ਗੁਰਬਾਣੀ 'ਚ ਵੀ ਮੁਗਲ ਸ਼ਬਦ ਦੀ ਹੀ ਵਰਤੋਂ ਕੀਤੀ ਗਈ ਹੈ। ਭਾਵੇਂ ਹਿੰਦੁਸਤਾਨੀ ਸ਼ਾਸਕ ਮੁਸਲ ਮਾਨ ਵੀ ਰਹੇ ਪਰੰਤੂ ਉਹਨਾਂ ਵਾਸਤੇ 'ਮੁਸਲਮਾਨ' ਜਾਂ 'ਪਠਾਣ' ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਮੰਗੋਲ ਹਾਕਮ ਹਮਲਾਵਰ ਸਨ, ਭਾਵੇਂ ਕਿ ਉਹ ਮੁਸਲਮਾਨ ਸਨ, ਉਹਨਾਂ ਲਈ ਮੁਗਲ ਸ਼ਬਦ ਦੀ ਵਰਤੋਂ ਕੀਤੀ ਗਈ ਹੈ:

1) ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥ (ਪੰਨਾ 360)
ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ॥

2) ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ॥ (ਪੰਨਾ 418)

18) ਗੁਰੂ ਅਰਜਨ ਸਾਹਿਬ ਦੀ ਸ਼ਹਾਦਤ

ਸਮਾਂ ਕਈ ਵਾਰ ਕਿਤਨਾ ਹੀ ਜ਼ਿਆਦਾ ਬੇ-ਲਿਹਾਜ਼ ਤੇ ਇਨਸਾਨ ਕਿਤਨਾ ਨਿਰਦਈ, ਅੰਨ੍ਹਾ, ਮੁਤਅੱਸਬੀ ਅਤੇ ਸੁਆਰਥੀ ਬਣ ਜਾਂਦਾ ਹੈ। ਗੁਰੂ ਅਰਜਨ ਸਾਹਿਬ ਵਰਗੀ ਨਿਰਮਾਣ ਸ਼ਖਸੀਅਤ, ਰੱਬੀ-ਸੰਗੀਤ ਨਾਲ ਮਖਮੂਰ, 'ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ' ਦਾ ਤਰਾਨਾ ਗਾਉਣ ਵਾਲੀ ਅਤੇ 'ਸਭੁ ਕੋ ਮੀਤ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ' ਦਾ ਨਾਅਰਾ ਬੁਲੰਦ ਕਰਨ ਵਾਲੀ ਦਿੱਬ-ਦ੍ਰਿਸ਼ਟ ਆਤਮਾ ਨੂੰ ਤਸੀਹੇ ਦੇਕੇ ਸ਼ਹੀਦ ਕੀਤਾ ਜਾਣਾ ਇਨਸਾਨ ਦੀ ਪਰਲੇ ਦਰਜੇ ਦੀ ਅੰਨ੍ਹੀ ਕਠੋਰਤਾ ਦਾ ਅਣਕਿਆਸਿਆ ਨਮੂਨਾ ਹੈ।

ਉਹ ਕਿਤਨੇ ਪੱਥਰ ਦਿਲ, ਤੰਗ ਦਿਲ ਅਤੇ ਤਅੱਸੁਬੀ ਹੋਣਗੇ, ਜਿਨ੍ਹਾਂ ਨੇ 'ਬੁਰਾ ਭਲਾ ਕਹੁ ਕਿਸ ਨੋ ਕਹੀਐ ਸਗਲੇ ਜੀਅ ਤੁਮਾਰੇ' ਰਾਹੀਂ ਸਭ ਨੂੰ ਪਰਮਾਤਮਾ

ਦੇ ਜੀਵਦੱਸਣ ਤੇ ਪਿਆਰ ਕਰਨ ਵਾਲੇ, 'ਤੁਮਰੀ ਕ੍ਰਿਪਾ ਤੇ ਸਭੁ ਕੋ ਅਪਨਾ ਮਨ ਮਹਿ ਇਹੈ ਬੀਚਾਰਿਓ॥' ਦੇ ਫੁਰਮਾਨ ਰਾਹੀਂ ਅਕਾਲ ਪੁਰਖ ਦੇ ਪੈਦਾ ਕੀਤੇ ਹੋਏ ਹਰ ਪ੍ਰਾਣੀ ਨੂੰ ਆਪਣਾ ਸਮਝਣ ਵਾਲੀ ਮਹਾਨ ਆਤਮਾ, 'ਹਮ ਨਹੀ ਚੰਗੇ ਬੁਰਾ ਨਹੀ ਕੋਇ॥' ਅਨੁਸਾਰ ਹਰੇਕ ਨੂੰ ਚੰਗਾ ਸਮਝਣ ਵਾਲੇ ਸਮਦ੍ਰਿਸ਼ਟ ਲੋਕ-ਹਿਤੈਸ਼ੀ ਨੂੰ ਇਤਨੇ ਅਜ਼ਾਬ ਦੇਕੇ ਸ਼ਹੀਦ ਕੀਤਾ ਸੀ।

ਉਹ ਕਿਤਨੀ ਨੀਚ ਜ਼ਹਿਨੀਅਤ ਦੇ ਮਾਲਕ ਹੋਣਗੇ, ਜਿਨ੍ਹਾਂ ਨੇ 'ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ॥' ਦੇ ਐਲਾਨ ਨਾਲ ਸਭ ਨੂੰ ਆਪਣਾ ਸਜਣ ਸਮਝਣ ਵਾਲੇ ਲੋਕ-ਦਰਦੀ, 'ਨਾ ਕੋ ਦੁਸਮਨੁ ਦੋਖੀਆ ਨਾ ਹੀ ਕੋ ਮੰਦਾ॥' ਦੇ ਫੁਰਮਾਨ ਅਨੁਸਾਰ ਜਿਸ ਨੂੰ ਨਾ ਕੋਈ ਦੁਸ਼ਮਣ ਨਜ਼ਰ ਆਵੇ ਅਤੇ ਨਾ ਹੀਂ ਮਾੜਾ, 'ਰੋਸੁ ਨ ਕਾਹੂ ਸੰਗ ਕਰਹੁ ਆਪਨ ਆਪੁ ਬੀਚਾਰਿ॥ ਹੋਇ ਨਿਮਾਨਾ ਜਗਿ ਰਹਹੁ ਨਾਨਕ ਨਦਰੀ ਪਾਰਿ॥ ਦੇ ਉਪਦੇਸ਼ ਰਾਹੀਂ ਮਨੁੱਖ ਨੂੰ ਕਿਸੇ ਨਾਲ ਗੁੱਸਾ ਨਾ ਕਰਨ, ਆਪਣੇ ਆਪ ਨੂੰ ਵਿਚਾਰ ਕੇ ਸੁਧਾਰਣ, ਸੰਸਾਰ 'ਚ ਨਿਰਮਾਣਤਾ ਨਾਲ ਜੀਅ ਕੇ, ਅਕਾਲ ਪੁਰਖ ਦੀ ਬਖਸ਼ਿਸ਼ ਹਾਸਲ ਕਰਕੇ ਸੰਸਾਰ 'ਚ ਸਫਲ ਜੀਵਨ ਜੀਉਣ ਦੀ ਪ੍ਰੇਰਨਾ ਦੇਣ ਵਾਲੇ ਮਾਨਵ-ਹਿਤੈਸ਼ੀ ਨੂੰ ਤਸੀਹੇ ਦੇ ਦੇ ਸ਼ਹੀਦ ਕੀਤਾ ਸੀ।

ਉਹ ਕਿਤਨੇ ਨਿਰਦਈ, ਕਿਤਨੇ ਹੀ ਪੱਥਰ ਦਿਲ, ਕਿਤਨੇ ਜ਼ਾਲਮ, ਕਿਤਨੇ ਕਠੋਰ-ਚਿੱਤ, ਕਿਤਨੇ ਨੀਚ, ਕਿਤਨੀ ਗਿਰਾਵਟ ਅਤੇ ਕਿਤਨੀ ਵਹਿਸ਼ੀਆਨਾ ਜ਼ਮੀਰ ਦੇ ਮਾਲਕ ਹੋਣਗੇ, ਜਿਨ੍ਹਾਂ ਨੇ ਅੱਤ ਦੀ ਨਿਮਰਤਾ ਤੇ ਨਿਰਮਾਣਤਾ ਤੇ ਸ਼ਾਂਤੀ ਦੇ ਪੁੰਜ, ਪਿਆਰ, ਹਮਦਰਦੀ ਤੇ ਸੁਹਿਰਦਤਾ ਦੇ ਸਾਗਰ, ਲੋਕ ਭਲਾਈ ਦੇ ਸ਼ੈਦਾਈ, ਉੱਚ ਦਰਜੇ ਦੇ ਮਾਨਵ-ਹਿਤੈਸ਼ੀ, ਮਹਾਨ ਅਧਿਆਤਮਿਕ ਅਨੁਭਵੀ, ਉੱਚਤਮ ਰੂਹਾਨੀ ਸਾਹਿਤਕ ਅਜ਼ਮਤ ਦੇ ਮਾਲਕ ਅਤੇ ਮਹਾਨ ਬ੍ਰਹਮ ਗਿਆਨੀ ਗੁਰੂ ਅਰਜਨ ਸਾਹਿਬ ਨੂੰ ਹਾੜ੍ਹ ਦੇ ਅਤਿ ਤਪਤ ਮਹੀਨੇ 'ਚ ਲਾਲ ਤੱਤੀ ਤਵੀ 'ਤੇ ਬਿਠਾ ਕੇ, ਸੀਸ 'ਤੇ ਤੱਤਾ ਰੇਤਾ ਪਾ ਕੇ ਅਤੇ ਉਬਲਦੀ ਦੇਗ 'ਚ ਬਿਠਾ ਕੇ ਅਣਮਨੁੱਖੀ ਤਸੀਹੇ ਦੇਂਦਿਆਂ ਸ਼ਹੀਦ ਕੀਤਾ। ਵਹਿਸ਼ੀਪੁਣੇ ਦੀ ਉਹ ਇਕ ਅੱਤ ਸੀ ਪਰੰਤੂ ਸ਼ਾਂਤੀ ਦੇ ਪੁੰਜ ਦੀ ਸਹਿਨਸ਼ੀਲਤਾ ਨੇ ਉਸ ਨੂੰ ਵੀ ਮਾਤ ਕਰ ਵਿਖਾਇਆ।

ਗੁਰੂ ਅਰਜਨ ਸਾਹਿਬ ਨੇ ਨਾ ਵਕਤ ਦੇ ਹਾਕਮਾਂ ਦੀ ਈਨ ਮੰਨੀ ਅਤੇ ਨਾਹੀਂ ਗੁਰੂ ਗਰੰਥ ਸਾਹਿਬ 'ਚ ਕਿਸੇ ਕਿਸਮ ਦੀ ਤਬਦੀਲੀ ਕਰਨੀ ਮੰਨੀ, ਸਗੋਂ ਲੂੰ-ਕੰਡੇ ਖੜੇ ਕਰਨ ਵਾਲੇ ਤਸੀਹੇ ਸਹਿ ਕੇ ਸ਼ਹੀਦੀ ਕਬੂਲ ਕੀਤੀ। ਦਿੱਲੀ ਦੀ ਸਰਕਾਰ ਵਲੋਂ ਸਿੱਖੀ ਦੇ ਬੂਟੇ ਨੂੰ ਜੜ੍ਹੋਂ ਪੁੱਟ ਦੇਣ ਦਾ ਇਹ ਪਹਿਲਾ ਮਾਰੂ ਵਾਰ ਸੀ। ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਸ਼ੈਤਾਨੀਅਤ ਨੇ ਗੁਰੂ ਸਾਹਿਬ ਦੇ ਸਰੀਰ ਨੂੰ

ਤਾਂ ਖਤਮ ਕਰ ਲਿਆ ਸੀ ਪਰੰਤੂ ਗੁਰੂ ਸਾਹਿਬ ਦੀ ਜਗਾਈ ਅਬੁੱਝ ਜੋਤਿ ਅੱਜ ਵੀ ਲਟ-ਲਟ ਜਗ ਰਹੀ ਹੈ, ਸਾਰੀ ਮਨੁੱਖਤਾ ਨੂੰ ਚਾਨਣ ਦੇ ਰਹੀ ਹੈ ਅਤੇ ਤਪਦੀਆਂ ਰੂਹਾਂ ਨੂੰ ਠਾਰ ਰਹੀ ਹੈ।

ਸਿੱਖ ਕੌਮ ਦੇ ਇਤਿਹਾਸ ਅੰਦਰ ਉਂਜ ਤਾਂ ਕੋਈ ਵੀ ਅਜਿਹਾ ਮਹੀਨਾ ਨਹੀਂ, ਕੋਈ ਵੀ ਅਜਿਹਾ ਦਿਹਾੜਾ ਨਹੀਂ, ਜਿਹੜਾ ਕਿਸੇ ਨਾ ਕਿਸੇ ਮਹਾਨ ਸ਼ਹੀਦ ਨਾਲ ਜੁੜਿਆ ਹੋਇਆ ਨਾ ਹੋਵੇ ਪਰੰਤੂ ਜੂਨ ਦੇ ਮਹੀਨੇ 'ਚ ਢਾਹੇ ਗਏ ਅਜ਼ਾਬ, ਕਹਿਰਾਂ ਦੇ ਤਸੀਹੇ ਅਤੇ ਵਹਿਸ਼ੀਆਨਾ ਜ਼ੁਲਮ ਮਨੁੱਖ ਦੀ ਅੱਤ ਦੀ ਕਠੋਰਤਾ ਦੇ ਭਿਆਨਕ ਨਮੂਨੇ ਹਨ। ਚਾਰ ਸੌ ਸਾਲ ਪਹਿਲਾਂ ਜੂਨ ਦੇ ਮਹੀਨੇ 'ਚ ਪਰਉਪਕਾਰੀ ਗੁਰੂ ਅਰਜਨ ਸਾਹਿਬ ਨੂੰ ਚਾਰ-ਪੰਜ ਦਿਨ ਦੇ ਲੰਮੇ ਸਮੇਂ ਤਕ ਭਿਆਨਕ, ਦਿਲ-ਕੰਬਾਊ ਅਤੇ ਦਰਦਨਾਕ ਤਸੀਹੇ ਦੇ-ਦੇ ਕੇ ਉਹਨਾਂ ਨੂੰ ਸ਼ਹੀਦ ਕੀਤਾ ਗਿਆ ਸੀ। ਇਹ ਦਿੱਲੀ ਸਰਕਾਰ ਵਲੋਂ ਸਿੱਖੀ 'ਤੇ ਪਹਿਲਾ ਮਾਰੂ ਵਾਰ ਸੀ।

ਜੂਨ ਦਾ ਮਹੀਨਾ ਹਰ ਸਾਲ ਲੋਕ ਹਿਤੈਸ਼ੀ ਗੁਰੂ ਅਰਜਨ ਸਾਹਿਬ ਦੀ ਦਿਲ -ਕੰਬਾਊ ਸ਼ਹਾਦਤ ਦੀ ਯਾਦ ਤਾਜ਼ਾ ਕਰਨ ਲਈ ਅਤੇ ਸਾਨੂੰ ਆਪਣੇ ਮਹਾਨ ਵਿਰਸੇ ਤੋਂ ਜਾਣੂ ਕਰਾਉਣ ਲਈ, ਅੱਗ ਵਾਂਗ ਤਪਦੀ ਹੋਈ ਧੁੱਪ ਦੀ ਬੁੱਕਲ ਮਾਰ ਕੇ, ਸਾਡੇ ਸਾਹਮਣੇ ਆ ਬੈਠਦਾ ਹੈ। ਇਸ ਦੀ ਲੂਹ ਦੇਣ ਵਾਲੀ ਤਪਸ਼ ਸਾਨੂੰ ਇਸ ਗਲ ਤੋਂ ਜਾਣੂ ਕਰਾਉਂਦੀ ਹੈ ਕਿ ਗੁਰੂ ਸਾਹਿਬ ਕਿਤਨੇ ਮਹਾਨ ਸਨ। ਸਾਡੇ ਨਰੋਏ ਭਵਿਖ ਲਈ ਆਪਣੇ ਪਵਿਤਰ ਸੀਸ 'ਤੇ ਸੜਦੀ ਰੇਤ ਪਵਾਉਂਦੇ ਰਹੇ ਅਤੇ ਉਬਾਲੇਖਾਂਦੀ ਦੇਗ 'ਚ ਬੈਠ ਕੇ ਵੀ ਸ਼ਾਂਤ ਚਿਤ ਰਹੇ।

ਇਸ ਮਹੀਨੇ 'ਚ ਸਿੱਖੀ ਨੇ ਮਹਾਨ ਮੋੜ ਕੱਟਿਆ ਅਤੇ ਇਸ ਮਹੀਨੇ ਦੀ ਬੁੱਕਲ 'ਚ ਸਿੱਖ ਸ਼ਕਤੀ ਦੀ ਜਿੱਤ ਅਤੇ ਕੁਰਬਾਨੀਆਂ ਦੀ ਲੰਮੀ ਕਹਾਣੀ ਹੈ, ਜੋ ਆਪਣੀ ਕੁੱਖ 'ਚੋਂ ਨਿਕਲੇ ਨਤੀਜਿਆਂ ਤੋਂ ਜਾਣੂ ਕਰਵਾ ਕੇ ਰੱਤ-ਰੰਗੇ ਇਤਿਹਾਸ ਦੀ ਰੌਸ਼ਨੀ 'ਚ ਉੱਜਲੇ ਭਵਿੱਖ ਦੀ ਸਿਰਜਨਾ ਕਰਨ ਲਈ ਪ੍ਰੇਰਨਾ ਦੇ ਰਹੀ ਹੈ। ਸਿਆਣਿਆਂ ਦਾ ਕਥਨ ਹੈ ਕਿ ਇਤਿਹਾਸ ਸਚਾਈ ਦੀ ਰੌਸ਼ਨੀ ਅਤੇ ਜ਼ਿੰਦਗੀ ਦਾ ਉਸਤਾਦ ਹੈ। ਸਾਹਿਬ ਪੰਚਮ ਪਾਤਸ਼ਾਹ ਦਾ ਫੁਰਮਾਨ "ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ॥" ਸੰਕਟਾਂ 'ਚ ਘਿਰੇ ਹੋਏ ਸਮੁੱਚੇ ਸਿੱਖ ਜਗਤ ਨੂੰ ਅਗੰਮੀ ਸ਼ਕਤੀ ਤੋਂ ਜਾਣੂ ਕਰਵਾ ਕੇ ਅਕਾਲ ਪੁਰਖ ਦੀ ਕਿਰਪਾ ਦੇ ਪਾਤਰ ਹੋਣ ਦਾ ਅਹਿਸਾਸ ਕਰਵਾ ਰਿਹਾ ਹੈ।

ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਸਿੱਖ ਕੌਮ ਦੀ ਪਹਿਲੀ ਸਿਰਤਾਜ ਸ਼ਹਾਦਤ ਹੈ। ਪਹਿਲੀ, ਇਸ ਕਰਕੇ ਕਿ ਇਸ ਤੋਂ ਪਹਿਲਾਂ ਇਸ ਤਰ੍ਹਾਂ ਦੀ ਕੋਈ ਹੋਰ ਸ਼ਹਾਦਤ ਨਹੀਂ ਸੀ ਹੋਈ। ਸਿਰਤਾਜ ਇਸ ਕਰਕੇ ਕਿ ਇਸ ਸ਼ਹਾਦਤ ਨੇ ਪੰਜਾਬ

ਦੀ ਧਰਤੀ ਤੋਂ ਜਿਹੜੀ ਅਮਰ ਸ਼ਹੀਦ-ਪਰੰਪਰਾ ਦਾ ਪ੍ਰਾਰੰਭ ਕੀਤਾ, ਉਸ ਦੀ ਸਿਰਤਾਜੀ ਗੁਰੂ ਅਰਜਨ ਸਾਹਿਬ ਨੇ ਕੀਤੀ ਹੈ। ਸਿੱਖ ਕੌਮ ਦੀ ਸਾਰੀ ਉਸਾਰੀ ਭਾਵੇਂ 'ਆਦਰਸ਼ ਦੀ ਸ਼ਕਤੀ' 'ਤੇ ਹੀ ਹੋਈ ਹੈ, ਪਰ ਨੀਂਹਾਂ 'ਚ ਜਿਹੜੀ ਸ਼ਹਾਦਤ-ਸ਼ਿਲਾ ਰੱਖੀ ਗਈ ਹੈ, ਗੁਰੂ ਅਰਜਨ ਸਾਹਿਬ ਦੀ 'ਸ਼ਹਾਦਤ' ਉਸ ਸ਼ਹਾਦਤ-ਸ਼ਿਲਾ ਦਾ ਪਹਿਲਾ ਦਿੱਬ-ਚਮਤਕਾਰ ਹੈ। ਆਪ ਜੀ ਨੇ ਸ਼ਹਾਦਤ ਦੇਕੇ 'ਪਰਤਖ ਹਰਿ' ਦੀ ਸ਼ਕਤੀ ਦਾ ਪ੍ਰਗਟਾਵਾ ਕਰ ਵਿਖਾਇਆ। ਗੁਰੂ ਅਰਜਨ ਸਾਹਿਬ ਦੀ ਸ਼ਹਦਤ ਸਿੱਖ ਇਤਿਹਾਸ 'ਚ ਪਹਿਲੀ ਮਹਾਨ ਸ਼ਹਾਦਤ ਹੈ ਜਿਸ ਨੇ ਸਿੱਖੀ ਦੇ ਬੂਟੇ ਨੂੰ ਨ ਰੂਪੀ ਪਾਣੀ ਦੇਕੇ ਵਿਕਾਸ ਤੇ ਵਿਗਾਸ ਬਖਸ਼ਿਆ।

ਸਿੱਖ ਇਤਿਹਾਸ 'ਚ ਸ਼ਹੀਦੀ ਦਾ ਮੁੱਢ ਪੰਚਮ ਪਾਤਸ਼ਾਹ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਤੋਂ ਹੀ ਆਰੰਭ ਹੁੰਦਾ ਹੈ। ਸਿੱਖੀ ਅੰਦਰ ਇਹ ਪਹਿਲੀ ਮਹੱਤਵਪੂਰਨ ਲਾਸਾਨੀ ਸ਼ਹਾਦਤ ਦੀ ਕੁਰਬਾਨੀ ਹੈ ਜਿਸ ਨੇ ਸਿੱਖੀ ਦੇ ਬੂਟੇ ਨੂੰ ਆਪਣੇ ਪਵਿਤਰ ਖ਼ੂਨ ਨਾਲ ਸਿੰਜਿਆ ਹੈ। ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਮਗਰੋਂ ਦਾ ਸਾਰਾ ਸਿੱਖ ਇਤਿਹਾਸ ਭਾਣੇ ਨੂੰ ਮਿਠਾ ਕਰਕੇ ਮੰਨਣ ਵਾਲੇ ਪਰਵਾਨਿਆਂ ਦੀਆ ਕੁਰਬਾਨੀਆ ਨਾਲ ਭਰਿਆ ਪਿਆ ਹੈ। ਸਿੱਖ ਇਤਿਹਾਸ ਦਾ ਹਰ ਪੰਨਾ ਕਿਸੇ ਨਾ ਕਿਸੇ ਮਹਾਨ ਸ਼ਹੀਦ ਦੇ ਪਵਿੱਤਰ ਖ਼ੂਨ ਨਾਲ ਰੰਗਿਆ ਹੋਇਆ ਹੈ। ਇਹ ਤਾਂ ਕੁਰਬਾਨੀਆਂ ਤੇ ਸ਼ਹੀਦੀਆਂ ਦੀ ਇਕ ਸਿਲਸਿਲੇਵਾਰ ਅਟੁੱਟ ਲੜੀ ਹੈ। ਪੰਜਾਬ ਦੀ ਧਰਤੀ ਦਾ ਚੱਪਾ-ਚੱਪਾ ਸਿੱਖ ਕੌਮ ਦੇ ਖ਼ੂਨ ਨਾਲ ਲੱਥ-ਪੱਥ ਹੋਇਆ ਪਿਆ ਹੈ।

ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਦੋਫਾੜ ਕੀਤਾ ਗਿਆ; ਭਾਈ ਦਿਆਲਾ ਜੀ ਨੂੰ ਉਬਲਦੀ ਦੇਗ 'ਚ ਉਬਾਲਿਆ ਗਿਆ; ਭਾਈ ਸਤੀ ਦਾਸ ਜੀ ਨੂੰ ਰੂੰ 'ਚ ਲਪੇਟ ਕੇ ਅੱਗ ਲਗਾਈ ਗਈ; ਭਾਈ ਮਨੀ ਸਿੰਘ ਜੀ ਨੇ ਬੰਦ-ਬੰਦ ਕਟਵਾਏ; ਭਾਈ ਤਾਰੂ ਸਿੰਘ ਜੀ ਨੇ ਆਪਣਾ ਖੋਪਰ ਲੁਹਾਇਆ; ਕਈ ਸਿਦਕੀ ਸਿੱਖਾਂ ਨੂੰ ਚਰਖੜੀਆਂ 'ਤੇ ਚਾੜ੍ਹ ਕੇ ਸਰੀਰ ਨੂੰ ਤੂੰਬਾ-ਤੂੰਬਾ ਕਰਕੇ ਉਡਾਇਆ ਗਿਆ ਅਤੇ ਸਿੱਖ ਮਾਵਾਂ ਨੇ ਆਪਣੇ ਬੱਚਿਆਂ ਦੇ ਟੋਟੇ-ਟੋਟੇ ਕਰਵਾ ਕੇ ਗਲਾਂ 'ਚ ਹਾਰ ਪਵਾਏ, ਪਰ ਸਿੱਖੀ ਸਿਦਕ ਨਹੀਂ ਹਾਰਿਆ। ਉਹਨਾਂ ਅਣਖੀਲੇ ਸਿੱਖਾਂ ਨੇ ਪਤਿਤ ਹੋ ਕੇ ਜਿਊਂਦੇ ਰਹਿਣ ਨਾਲੋਂ ਮੌਤ ਨੂੰ ਚੰਗੇਰਾ ਸਮਝਿਆ। ਉਹਨਾਂ ਦੀ ਨਿੱਤ ਦੀ ਅਰਦਾਸ 'ਚ ਇਹੀ ਲਾਲਸਾ ਹੁੰਦੀ ਸੀ ਕਿ 'ਸਿੱਖੀ ਕੇਸਾਂ ਸਵਾਸਾਂ ਸੰਗ ਨਿਭੇ'।

ਸ਼ਹੀਦੀਆਂ ਨਾਲ ਦਮਕਦਾ ਸਿੱਖ ਇਤਿਹਾਸ ਆਪਣੀ ਬੁੱਕਲ 'ਚ ਅਜਿਹੀਆਂ ਬੇਮਿਸਾਲ ਕੁਰਬਾਨੀ ਦੀਆਂ ਗਾਥਾਵਾਂ, ਘਟਨਾਵਾਂ ਅਤੇ ਘੱਲੂਘਾਰਿਆਂ ਨੂੰ ਸਮੇਟੀ ਬੈਠਾ ਹੈ, ਜਿਨ੍ਹਾਂ ਨੂੰ ਪੜ੍ਹਨ ਤੇ ਸੁਣਨ ਵਾਲਾ ਦੰਗ ਰਹਿ ਜਾਂਦਾ ਹੈ। ਮੁਕਤਸਰ ਦੀ

ਧਰਤੀ ਦੇ 40 ਸਿੰਘਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਜੋ 40 ਮੁਕਤੇ ਕਹਿ ਕੇ ਸਤਿਕਾਰੇ ਜਾਂਦੇ ਹਨ। ਮਾਈ ਭਾਗ ਕੌਰ ਜੀ ਨੇ ਜ਼ਾਲਮਾਂ ਦੇ ਇਸ ਤਰ੍ਹਾਂ ਆਹੂ ਲਾਏ ਸਨ ਜਿਵੇਂ ਕੋਈ ਕਿਸਾਨ ਕਣਕ ਦੀ ਵਾਢੀ ਕਰ ਰਿਹਾ ਹੋਵੇ। ਇਸ ਤੋਂ ਬਿਨਾਂ ਹਜ਼ਾਰਾਂ ਹੋਰ ਅਜਿਹੇ ਸਿੰਘਾਂ ਸਿੰਘਣੀਆਂ ਨੇ ਸਿੱਖੀ ਦੇ ਬੂਟੇ ਨੂੰ ਆਪਣੇ ਖ਼ੂਨ ਨਾਲ ਸਿੰਜਿਆ।

ਸੱਚ ਦਾ ਰਾਹ ਵਿਖਾਣ ਵਾਲੇ ਅਤੇ ਦੂਜਿਆਂ ਲਈ ਪਰਉਪਕਾਰ ਕਰਨ ਵਾਲੇ ਆਤਮਿਕ ਤੌਰ ਤੇ ਖ਼ਾਲਕ ਤੇ ਖਲਕਤ ਨਾਲ ਇਕ ਰੂਪ ਹੋ ਜਾਂਦੇ ਹਨ। ਆਪਣੇ ਖਾਣ ਪੀਣ ਲਈ ਪੁਰਸ਼ਾਰਥੀ ਹੋਣਾ ਹਰ ਜੀਵ-ਜੰਤੂ, ਪਸ਼ੂ-ਪੰਛੀ ਅਤੇ ਮਨੁੱਖ ਮਾਤਰ ਦਾ ਪ੍ਰਾਕ੍ਰਿਤਕ ਕਰਮ ਹੈ। ਅਪਣੱਤ ਲਈ ਕੀਤਾ ਕੰਮ ਪਸ਼ੂ ਬਿਰਤੀ ਦਾ ਸੂਚਕ ਹੈ ਅਤੇ ਦੂਜਿਆਂ ਦੀ ਭਲਾਈ ਲਈ ਕੀਤਾ-ਕੰਮ ਹੀ ਮਨੁੱਖ ਦਾ ਪ੍ਰਾਕ੍ਰਿਤਕ ਫਰਜ਼ ਹੈ। ਸਰਬੱਤ ਦੇ ਭਲੇ ਦੀ ਭਾਵਨਾ ਨਾਲ ਕੀਤਾ ਕੰਮ ਉੱਤਮ ਹੈ। ਦੂਜਿਆਂ ਦੀ ਭਲਾਈ ਅਤੇ ਸਰਬੱਤ ਦੇ ਭਲੇ ਨੂੰ ਸਾਹਮਣੇ ਰੱਖ ਕੇ ਕਰਮ ਕਰਨੇ ਸਦਗੁਣ ਵਾਲੇ ਕਰਮ ਹਨ।

ਸਭ ਤੋਂ ਵੱਡੀ ਪਹਿਲੀ ਕੁਰਬਾਨੀ ਹੈ ਹਉਮੈ ਦੀ ਕੁਰਬਾਨੀ, ਜਿਸ ਬਿਨਾਂ ਕੋਈ ਵੀ ਕੁਰਬਾਨੀ ਸੰਭਵਨਹੀਂ। ਦੂਜਿਆਂ ਲਈ ਕੁਰਬਾਨੀ ਜਾਂ ਕਿਸੇ ਦੀ ਭਲਾਈ ਲਈ ਜਾਂ ਕਿਸੇ ਲਈ ਕੁਝ ਕਰ ਸਕਣ ਵਾਲੇ ਕੰਮ ਕੁਰਬਾਨੀ ਵਾਲੇ ਕਰਮ ਹਨ, ਪਰ ਦੂਜਿਆਂ ਦੀ ਖਾਤਰ ਆਪਣੀ ਜਾਨ ਵਾਰ ਦੇਣੀ ਕਰਮ ਮਾਰਗ ਦੀ ਸਭ ਤੋਂ ਵੱਡੀ ਕੁਰਬਾਨੀ ਹੈ। ਕੁਰਬਾਨੀ ਕਰਮ ਦੀ ਸਿਖਰ ਹੈ ਤੇ ਸ਼ਹਾਦਤ ਉਸ ਸਿਖਰ ਦੀ ਟੀਸੀ ਹੈ। ਅਜਿਹੀ ਕੁਰਬਾਨੀ ਨਾਲ ਜੀਵਨ ਸਫਲ ਹੁੰਦਾ ਹੈ:

ਨਾਨਕ ਸਿਰੁ ਦੇ ਛੁਟੀਐ ਦਰਗਹ ਪਤਿ ਪਾਇ॥ (ਪੰਨਾ 421)

ਸਿੱਖ ਧਰਮ 'ਚ ਦੂਜਿਆਂ ਦੀ ਸੇਵਾ ਕਰਨ ਅਤੇ ਲੋੜ ਪੈਣ ਤੇ ਆਪੇ ਦੀ ਕੁਰਬਾਨੀ ਭਾਵਸ਼ਹੀਦੀ ਦੇਣ ਦਾ ਬੀਜ ਸਿੱਖ ਫਲਸਫੇ 'ਚ ਹੀ ਮੌਜੂਦ ਸੀ। ਇਹ, ਇੰਨਾ ਮੁਕੰਮਲ, ਵਿਸ਼ਾਲ ਤੇ ਡੂੰਘਾ ਇਨਕਲਾਬ ਸੀ ਕਿ ਇਸ ਲਈ ਕੁਰਬਾਨੀਆਂ ਦੇਣੀਆਂ ਹੀ ਪੈਣੀਆਂ ਸਨ। ਇਹ ਮਾਰਗ ਇੰਛਾ ਕਠਨ ਹੈ ਕਿ ਸਿਰ ਦਿੱਤੇ ਬਿਨਾਂ ਸਫਲਤਾ ਨਹੀ ਸੀ ਹੋਣੀ। ਇਸੇ ਲਈ ਗੁਰੂ ਨਾਨਕ ਸਾਹਿਬ ਨੇ ਇਸ ਮਾਰਗ 'ਤੇ ਚੱਲਣ ਵਾਲੇ ਲਈ ਸਿਰ ਦੇਣ ਦੀ ਸ਼ਰਤ ਰੱਖੀ ਸੀ:

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥ (ਪੰਨਾ 1412)

ਸੰਸਾਰ ਅੰਦਰ ਗੋਲੀ ਖਾ ਕੇ, ਫਾਂਸੀ ਚੜ੍ਹਕੇ ਜਾਂ ਤਲਵਾਰ ਦੇ ਵਾਰ ਨਾਲ ਜਾਂ ਹੁਣ ਮਨੁੱਖੀ ਬੰਬ ਬਣ ਕੇ, ਸ਼ਹਾਦਤਾਂ ਹੁੰਦੀਆਂ ਆਈਆਂ ਹਨ, ਪਰ ਤੱਤੀ ਤਵੀ 'ਤੇ ਬੈਠ ਕੇ, ਸੀਸ ਉਪਰ ਅੱਗ-ਤੱਤਾ ਰੇਤਾ ਪੁਆ ਕੇ, ਉਬਲਦੀ ਦੇਗ 'ਚ ਉਬਲੀਕੇ, 'ਤੇਰਾ ਕੀਆ ਮੀਠਾ ਲਾਗੈ' ਆਖ ਕੇ, ਸ਼ਾਂਤਚਿਤ ਰਹਿ ਕੇ, ਸ਼ਹਾਦਤ ਦੇ ਕੇ, ਅਨੋਖੀ, ਬੇਮਿਸਾਲ ਤੇ ਅਦੁੱਤੀ ਸ਼ਹਾਦਤ ਦੀ ਪਿਰਤ ਪਾਣ ਵਾਲੇ ਸ਼ਾਂਤੀ ਦੇ ਪੁੰਜ ਗੁਰੂ ਅਰਜਨ ਸਾਹਿਬ ਹੀ ਸਨ। ਅਜਿਹੇ ਅਤਿਆਚਾਰ ਕਰਨ ਵਾਲਿਆਂ ਵਿਰੁੱਧ ਇਕ ਸ਼ਬਦ ਵੀ ਮੂੰਹੋਂ ਨਾ ਕੱਢਣ ਵਾਲੇ ਗੁਰੂ ਸਾਹਿਬ ਨੇ ਅਜਿਹੀ ਲਾਸਾਨੀ ਸ਼ਹੀਦੀ ਦੇ ਕੇ ਸੰਸਾਰ ਸਾਹਮਣੇ ਸ਼ਹਾਦਤ ਦਾ ਇਕ ਨਵਾਂ ਸੰਕਲਪ ਰੱਖਿਆ:

1) ਪ੍ਰਭ ਕੀ ਆਗਿਆ ਮਾਨੈ ਮਾਥੈ (ਪੰਨਾ 268)

2) ਤੇਰਾ ਕੀਆ ਮੀਠਾ ਲਾਗੈ॥ (ਪੰਨਾ 394)

ਗੁਰੂ ਸਾਹਿਬ ਦੀ ਸ਼ਹਾਦਤ ਦੇ ਆਖਰੀ ਪੜਾਅ ਅਰਥਾਤ ਸ਼ਹਾਦਤ ਕਿਵੇਂ ਹੋਈ ਦੇ ਸਬੰਧ 'ਚ ਵੀ ਇਕ ਅਜਿਹਾ ਭੁਲੇਖਾ ਮੌਜੂਦ ਹੈ ਜੋ ਗੁਰੂ ਸਾਹਿਬ ਦੀ ਮਹਾਨ ਸ਼ਹਾਦਤ ਨੂੰ ਆਤਮਘਾਤ 'ਚ ਬਦਲ ਦਿੰਦਾ ਹੈ। ਇਹ ਭੁਲੇਖਾ ਕਵੀ ਸੰਤੋਖ ਸਿੰਘ ਜੀ ਵਲੋਂ ਗੁਰੂ ਸਾਹਿਬ ਦੀ ਵਡਿਆਈ ਕਰਦੇ-ਕਰਦੇ ਅਪਮਾਨ ਕਰ ਦਿੱਤਾ ਜਾਪਦਾ ਹੈ। ਉਹ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਰਾਸ ਚਾਰ 'ਚ ਲਿਖਦੇ ਹਨ:

ਪੰਜ ਦਿਨਾਂ ਦੇ ਤਸੀਹਿਆਂ ਤੋਂ ਬਾਅਦ ਜਦੋਂ ਗੁਰੂ ਸਾਹਿਬ ਨੂੰ ਉਨ੍ਹਾਂ ਗਊ ਦੇ ਚਮੜੇ 'ਚ ਮੜ੍ਹਾਉਣ ਦੀ ਧਮਕੀ ਦਿੱਤੀ ਤਾਂ "ਗੁਰੂ ਸਾਹਿਬ ਨੇ ਰਾਵੀ 'ਚ ਇਸ਼ਨਾਨ ਕਰਨ ਦੀ ਆਗਿਆ ਮੰਗੀ।" ਛਾਲਿਆਂ ਨਾਲ ਭਰੇ ਸਰੀਰ ਸਮੇਤ ਉਹ ਉਥੇ ਗਏ, ਆਖਰੀ ਇਸ਼ਨਾਨ ਕੀਤਾ ਤੇ ਮੁੜ ਕੇ ਵਾਪਸ ਨਹੀਂ ਆਏ। ਇਸ ਵਿਚਾਰ ਦਾ ਨਤੀਜਾ ਇਹ ਨਿਕਲਦਾ ਹੈ ਕਿ ਗੁਰੂ ਸਾਹਿਬ ਗਊ ਦੀ ਖੱਲ 'ਚ ਮੜ੍ਹੇ ਜਾਣ ਤੋਂ ਭੈ-ਭੀਤ ਹੋਏ ਅਤੇ ਉਹਨਾਂ ਆਤਮ-ਹੱਤਿਆ ਕਰ ਲਈ। ਜਿਹੜੇ ਗੁਰੂ ਸਾਹਿਬ ਤੱਤੀ ਤਵੀ 'ਤੇ ਬੈਠਣ ਜਾਂ ਅੱਗ-ਤੱਤਾ ਰੇਤਾ ਪੁਆ ਕੇ ਸ਼ਾਂਤ-ਚਿਤ ਰਹੇ, ਉਹ ਗਊ ਦੇ ਚਮੜੇ 'ਚ ਮੜ੍ਹਾਉਣ ਤੋਂ ਕਿਵੇਂ ਡਰ ਸਕਦੇ ਸਨ?

ਅਸਲੀਅਤ 'ਚ ਸਚਾਈ ਇਹ ਹੈ ਕਿ ਜਹਾਂਗੀਰ ਮੰਗੋਲ ਨਸਲ ਨਾਲ ਸਬੰਧ ਰੱਖਦਾ ਸੀ ਅਤੇ ਉਹ ਗੁਰੂ ਸਾਹਿਬ ਨੂੰ ਆਪਣੇ ਪਿਤਾ ਪੁਰਖੀ ਚੰਗੇਜ਼ ਖਾਂ ਦੇ ਬੱਧੇ 'ਯਾਸਾ' ਦੇ ਕਾਨੂੰਨ ਨਾਲ ਸਜ਼ਾ ਦੇਣਾ ਚਾਹੁੰਦਾ ਸੀ। 'ਯਾਸਾ' ਦੇ ਕਾਨੂੰਨ ਅਨੁਸਾਰ ਕਿਸੇ ਧਾਰਮਕ ਰੂਹਾਨੀ ਆਗੂ ਦਾ ਖ਼ੂਨ ਨਹੀਂ ਸੀ ਡੋਲ੍ਹਿਆ ਜਾਂਦਾ ਜਿਵੇਂ ਕਿ ਅਸੀਂ ਪਿੱਛੇ ਪੜ੍ਹ ਆਏ ਹਾਂ। ਯਾਦ ਰਹੇ ਕਿ ਆਪਣੇ ਨਿਯਮਾਵਲੀ ਸੰਗ੍ਰਹਿ 'ਚ ਚੰਗੇਜ਼ ਖ਼ਾਂ ਨੇ ਆਪਣੇ ਕਬਾਇਲੀ ਨਿਯਮਾਂ ਅਤੇ ਵਿਸ਼ਵਾਸਾਂ ਨੂੰ ਪੂਰਨ ਤਰਜੀਹ ਦਿੱਤੀ ਸੀ।

ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਚੰਗੇਜ਼ ਖ਼ਾਂ ਅਤੇ ਉਸ ਦੇ ਮੁਖਾਲੀ ਨਾਂ ਦੇ ਇਕ ਜਰਨੈਲ ਨੂੰ ਇਕ ਵਾਰੀ ਕੁਝ ਕਾਰਨਾਂ ਕਰਕੇ ਬਿੱਕੀਆਂ (ਧਾਰਮਕ ਹਸਤੀਆਂ) ਨੂੰ ਸਜ਼ਾਂ ਦੇਣੀ ਪਈ ਸੀ, ਤਾਂ ਉਨ੍ਹਾਂ ਨੇ ਇਕ ਬਿੱਕੀ ਨੂੰ ਗਰਮ ਪਾਣੀ 'ਚ ਉਬਾਲਿਆ ਅਤੇ ਦੂਸਰੇ ਨੂੰ ਹੱਥ-ਪੈਰ ਬੰਨ੍ਹ ਕੇ ਦਰਿਆ 'ਚ ਰੋੜ੍ਹ ਦਿੱਤਾ, ਤਾਂ ਜੋ ਖ਼ੂਨ ਦਾ ਕਤਰਾ ਧਰਤੀ 'ਤੇ ਨਾ ਡਿੱਗੇ ਅਤੇ ਮੌਤ ਪਿਛੋਂ ਬਿੱਕੀਆਂ (ਧਾਰਮਕ ਪੁਰਸ਼ਾਂ) ਦੀਆਂ ਰੂਹਾਂ ਕਬੀਲੇ ਨੂੰ ਤੰਗ ਨਾ ਕਰਨ। ਜਹਾਂਗੀਰ ਗੁਰੂ ਸਾਹਿਬ ਦੀ ਧਾਰਮਿਕ ਮਹਾਨਤਾ ਨੂੰ ਜਾਣਦਾ ਸੀ, ਜਿਸ ਕਰਕੇ ਉਸ ਨੇ ਗੁਰੂ ਸਾਹਿਬ ਨੂੰ ਤਸੀਹੇ ਦੇਕੇ ਦਰਿਆ 'ਚ ਰੁੜ੍ਹਵਾਇਆ ਜਿਵੇਂ ਕਿ ਚੰਗੇਜ਼ ਖ਼ਾਂ ਨੇ ਇਕ ਬਿੱਕੀ ਨੂੰ ਦਰਿਆ 'ਚ ਰੋੜ੍ਹਿਆ ਸੀ। ਇਸ ਦੇ ਨਾਲ ਗੁਰੂ ਸਾਹਿਬ ਨੂੰ ਹੋਰ ਤਸੀਹੇ ਦੇਣ ਲਈ ਵੀ ਸਿਪ੍ਹਾਹੀਆਂ ਸਮੇਤ ਰਾਵੀ 'ਚ ਇਸ਼ਨਾਨ ਵਾਸਤੇ ਲਿਜਾਂਦਾ ਗਿਆ ਤਾਂ ਜੋ ਛਾਲਿਆਂ 'ਤੇ ਠੰਡਾ ਪਾਣੀ ਪਾ ਕੇ ਉਹਨਾਂ ਨੂੰ ਹੋਰ ਪੀੜਤ ਕੀਤਾ ਜਾ ਸਕੇ।

ਇਸ ਤੱਥ ਦੀ ਪ੍ਰੋੜ੍ਹਤਾ ਕਵੀ ਸੰਤੋਖ ਸਿੰਘ ਤੋਂ ਪਹਿਲਾਂ ਦੇ ਦੋ ਇਤਿਹਾਸਕਾਰ ਕਰਦੇ ਹਨ। ਰਤਨ ਸਿੰਘ ਭੰਗੂ ਲਿਖਦਾ ਹੈ ਕਿ, ਕੀ ਗੁਰੂ ਅਰਜਨ ਸਾਹਿਬ ਨੂੰ ਦਰਿਆ ਰਾਵੀ 'ਚ ਨਹੀਂ ਸੁੱਟਿਆ ਗਿਆ? :

'ਕਿਆ ਗੁਰ ਅਰਜਨ ਦਰਿਆਇ ਨ ਬੋਰਥੋ।'
(ਪ੍ਰਾਚੀਨ ਪੰਥ ਪ੍ਰਕਾਸ਼, 534, ਤੁਕ 17-18)

ਇਹ ਵਿਚਾਰ ਸਿੱਖਾਂ 'ਚ 1841 ਤੀਕ ਪ੍ਰਚੱਲਤ ਸੀ। ਇਸੇ ਵਿਚਾਰ ਦੀ ਪ੍ਰੋੜ੍ਹਤਾ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਦੇ ਇਤਿਹਾਸਕਾਰ ਸੋਹਨ ਲਾਲ ਨੇ ਵੀ ਕੀਤੀ ਹੈ। ਉਹ ਉਮਾਦਤ-ਉਤ-ਤਵਾਰੀਖ 'ਚ ਲਿਖਦਾ ਹੈ:

"ਕਾਫੀ ਤਸੀਹੇ ਦੇਣ ਬਾਅਦ ਉਨ੍ਹਾਂ ਨੇ ਸੰਤ (ਗੁਰੂ ਅਰਜਨ ਸਾਹਿਬ)ਨੂੰ ਰਾਵੀ 'ਚ ਸੁੱਟ ਦਿੱਤਾ।"

ਕੇਸਰ ਸਿੰਘ ਛਿੱਬਰ, ਜਿਸ ਨੇ ਆਪਣੀ ਪੁਸਤਕ 'ਬੰਸਾਵਲੀ-ਨਾਮਾ' 1769 ਈਸਵੀ 'ਚ ਲਿਖੀ, ਉਹ ਵੀ ਇਸੇ ਤੱਥ ਦੀ ਪ੍ਰੋੜ੍ਹਤਾ ਕਰਦਾ ਹੈ:

"ਸੋ ਬਧੇ ਹੀ ਦਿਤੇ ਨਦੀ ਰੁੜ੍ਹਾਇ।" (ਚਰਨ 141)

ਉਪਰੋਕਤ ਤੱਥਾਂ ਤੋਂ ਇਹ ਹੀ ਸਪਸ਼ਟ ਸਿੱਟਾ ਨਿਕਲਦਾ ਹੈ ਕਿ ਜਹਾਂਗੀਰ ਦੇ ਹੁਕਮ ਮੁਤਾਬਕ 'ਸਿਯਾਸਤ ਤੇ ਯਾਸਾ' ਅਨੁਸਾਰ ਗੁਰੂ ਸਾਹਿਬ ਨੂੰ ਤਸੀਹੇ ਦਿੱਤੇ ਗਏ ਅਤੇ ਅਖੀਰ 'ਚ ਉਹਨਾਂ ਦੇ ਛਾਲਿਆਂ ਨਾਲ ਭਰਪੂਰ ਸਰੀਰ ਨੂੰ ਰਾਵੀ 'ਚ ਰੋੜ੍ਹ ਕੇ ਸ਼ਹੀਦ ਕਰ ਦਿੱਤਾ ਗਿਆ।

ਜਦੋਂ ਕਿਸੇ ਹਕੂਮਤ ਨੇ ਜਨਤਾ ਦੇ ਕਿਸੇ ਹਰਮਨ ਪਿਆਰੇ ਆਗੂ ਜਾਂ ਮਹਾਂਪੁਰਖ 'ਤੇ ਹੱਥ ਪਾਣਾ ਹੋਵੇ, ਤਾਂ ਇਹੋ ਜਿਹਾ ਤਰੀਕਾ ਵਰਤਿਆ ਜਾਂਦਾ ਹੈ ਕਿ

ਆਮ ਲੋਕਾਂ ਨੂੰ ਛੇਤੀ ਪਤਾ ਨਾ ਲੱਗੇ। ਭੜਕੀ ਹੋਈ ਜਨਤਾ ਤੋਂ ਹਾਕਮਾਂ ਨੂੰ ਬਹੁਤ ਡਰ ਲੱਗਦਾ ਹੈ। ਗੁਰੂ ਅਰਜਨ ਸਾਹਿਬ ਨੂੰ ਤਸੀਹੇ ਦੇਕੇ ਮਾਰਨ ਦਾ ਹੁਕਮ ਦੇਕੇ ਜਹਾਂਗੀਰ ਆਪ ਤਾਂ ਕੁਝ ਇਤਿਹਾਸਕਾਰਾਂ ਅਨੁਸਾਰ ਸਿੰਧ ਅਤੇ ਕੁਝ ਅਨੁਸਾਰ ਕਸ਼ਮੀਰ ਚਲਾ ਗਿਆ ਸੀ। ਮੁਰਤਜ਼ਾ ਖ਼ਾਂ ਨੇ ਇਸ ਹੁਕਮ ਨੂੰ ਗੁਪਤ ਰੱਖ ਕੇ ਹੀ ਗੁਰੂ ਸਾਹਿਬ ਨੂੰ ਲਾਹੌਰ ਸੱਦ ਭੇਜਿਆ ਸੀ।

ਪ੍ਰਚਲਤ ਧਾਰਨਾ ਮੁਤਾਬਕ ਸ਼ੇਖ ਬੁਖਾਰੀ ਮੁਰਤਜ਼ਾ ਖਾਂ ਨੇ ਗੁਰੂ ਸਾਹਿਬ ਨੂੰ ਅੰਮ੍ਰਿਤਸਰ ਤੋਂ ਲਾਹੌਰ ਮੰਗਵਾਇਆ ਅਤੇ ਗ੍ਰਿਫਤਾਰ ਕਰਕੇ ਸ਼ਹੀਦ ਕਰਨ ਦਾ ਕੰਮ ਚੰਦੂ ਦੇ ਹਵਾਲੇ ਕੀਤਾ ਗਿਆ। ਇਹ ਜ਼ਿਕਰ ਮਈ ਦੇ ਅਖੀਰ ਦਾ ਸੀ। ਅੱਜ ਕਲ੍ਹ ਦੇ ਹਿਸਾਬ ਨਾਲ ਜੂਨ ਦਾ ਦੂਜਾ ਹਫਤਾ ਬਣਦਾ ਹੈ। ਚੰਦੂ ਕੌਣ ਸੀ, ਉਸ ਦਾ ਸਰਕਾਰੀ ਰੁਤਬਾ ਕੀ ਸੀ, ਗੁਰੂ ਸਾਹਿਬ ਨੂੰ ਚੰਦੂ ਦੇ ਹਵਾਲੇ ਕਿਵੇਂ ਕੀਤਾ ਗਿਆ, ਕਿਉਂ ਕੀਤਾ ਗਿਆ? ਆਦਿਕ ਬਹੁਤ ਸਾਰੇ ਸੁਆਲਾਂ ਅੱਗੇ ਪ੍ਰਸ਼ਨ ਚਿੰਨ੍ਹ ਲੱਗੇ ਹੋਏ ਹਨ ਕਿਉਂਕਿ ਸਾਡੇ ਇਤਿਹਾਸ 'ਚ ਬਹੁਤ ਕੁਝ ਰਲਗਡ ਕੀਤਾ ਜਾ ਚੁੱਕਾ ਹੈ, ਜਿਸ ਦੀ ਪੁਣਛਾਣ ਹੋਣ ਵਾਲੀ ਹੈ। ਆਮ ਪ੍ਰਚਲਤ ਵਿਚਾਰ ਅਨੁਸਾਰ ਚੰਦੂ ਨੂੰ ਜ਼ਾਤੀ ਵੈਰ ਸੀ। ਸਤਿਗੁਰੂ ਜੀ ਦੇ ਲਾਹੌਰ ਅਪੜਨ ਦੀ ਦੇਰ ਸੀ ਕਿ ਤੁਰੰਤ ਗ੍ਰਿਫਤਾਰ ਕਰਕੇ ਚੰਦੂ ਵਲੋਂ ਉਸ ਦੀ ਹਵੇਲੀ 'ਚ ਅੰਦਰਖਾਤੇ ਕਹਿਰ ਦੇ ਤਸੀਹੇ ਦੇਣੇ ਸ਼ੁਰੂ ਕੀਤੇ ਗਏ।

ਅਜਿਹਾ ਜ਼ੁਲਮ ਤੇ ਅਤਿਆਚਾਰ ਲੁਕਿਆ ਰਹਿਣ ਵਾਲਾ ਤਾਂ ਹੈ ਹੀ ਨਹੀਂ ਸੀ। ਅੰਮ੍ਰਿਤਸਰ ਨਿਵਾਸੀਆਂ ਨੂੰ ਤਾਂ ਸਤਿਗੁਰੂ ਜੀ ਦੇ ਉਥੋਂ ਤੁਰਨ 'ਤੇ ਹੀ ਹੌਲ ਪੈ ਗਿਆ ਸੀ। ਲਾਹੌਰ 'ਚ ਵੀ ਬਿਜਲੀ ਵਾਂਗ ਘਰ-ਘਰ ਖ਼ਬਰ ਹੋ ਗਈ। ਅੱਠ ਸਾਲ ਪਹਿਲਾਂ ਗੁਰੂ ਸਾਹਿਬ ਨੇ ਕਾਲ-ਪੀੜਤ ਲਾਹੌਰ ਨਿਵਾਸੀਆਂ ਲਈ ਆਪਣੀ ਜਾਨ ਤਲੀ ਤੇ ਰੱਖ ਕੇ ਜਿਹੜੀ ਘਾਲਣਾ ਘਾਲੀ ਸੀ, ਉਹ, ਉਸ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਇਸ ਖ਼ਬਰ ਨਾਲ ਸਾਰੇ ਸ਼ਹਿਰ 'ਚ ਹਾਹਾਕਾਰ ਮਚ ਗਈ ਸੀ।

ਹਾਕਮ ਤਾਂ ਹਕੂਮਤ ਦੇ ਨਸ਼ੇ 'ਚ ਸਨ ਉਹਨਾਂ ਪਾਪੀਆਂ ਦੇ ਹਿਰਦੇ ਪੱਥਰ ਬਣ ਚੁੱਕੇ ਸਨ, ਉਹ ਜਨਤਾ ਦੀ ਗੱਲ ਕਿਵੇਂ ਸੁਣ ਸਕਦੇ ਹਨ? ਉਸ ਬੁੱਚੜ-ਖਾਨੇ ਤਕ ਹੋਰ ਕਿਸੇ ਦੀ ਪਹੁੰਚ ਹੋ ਹੀ ਨਹੀਂ ਸੀ ਸਕਦੀ, **ਗਰੀਬਾਂ** ਦਾ ਇਕ ਦਰਦੀ ਸਾਈਂ ਮੀਆਂ ਮੀਰ ਵਾਹੋ-ਦਾਹੀ ਉਥੇ ਭੱਜਾ ਆਇਆ ਸਤਿਗੁਰੂ 'ਤੇ ਹੋਏ ਅਤਿਆਚਾਰਾਂ ਨੂੰ ਵੇਖ ਕੇ ਮੀਆਂ ਮੀਰ ਜੀ ਦੇ ਅੰਦਰ ਕਾਤੀਆਂ ਚਲ ਗਈਆਂ। ਗੁਰੂ ਸਾਹਿਬ 'ਤੇ ਅਤਿਆਚਾਰਾਂ ਦਾ ਹੁਕਮ ਦੇਣ ਵਾਲਾ ਬਾਦਸ਼ਾਹ ਜਹਾਂਗੀਰ ਸੀ, ਉਹ ਉਸ ਵੇਲੇ ਲਾਹੌਰ 'ਚ ਹੈ ਨਹੀਂ ਸੀ। ਵੈਰੀਆਂ ਨੇ ਮੀਆਂ ਮੀਰ ਅੱਗੇ ਆਪਣੀ ਬੇ-ਬਸੀ ਜ਼ਾਹਰ ਕੀਤੀ ਕਿ ਬਾਦਸ਼ਾਹ ਦੀ ਹੁਕਮ-ਅਦੂਲੀ ਕਰਨ ਦੀ ਕਿਸੇ ਨੂੰ ਹਿੰਮਤ ਨਹੀਂ ਸੀ ਪੈ ਸਕਦੀ। ਇਸ ਤਰ੍ਹਾਂ ਲਾਹੌਰ ਨਿਵਾਸੀਆਂ ਦੇ ਦਿਲਾਂ ਦਾ ਪਾਤਸ਼ਾਹ ਉਹਨਾਂ ਦੇ ਆਪਣੇ ਹੀ ਸ਼ਹਿਰ 'ਚ ਕੋਹ ਕੋਹ ਕੇ ਸ਼ਹੀਦ ਕਰ ਦਿੱਤਾ ਗਿਆ।

ਆਮ ਪ੍ਰਚਲਤ ਧਾਰਨਾ ਮੁਤਾਬਕ ਚੰਦੂ ਨੇ ਗੁਰੂ ਅਰਜਨ ਸਾਹਿਬ ਨੂੰ ਸੜਦੇ ਉਬਲਦੇ ਪਾਣੀ ਦੀ ਦੇਗ 'ਚ ਬਿਠਾਇਆ। ਅਗਲੇ ਦਿਨ ਉਹਨਾਂ ਦੇ ਨੰਗੇ ਪਿੰਡੇ 'ਤੇ ਸੜਦੀ ਸੜਦੀ ਤੱਤੀ ਰੇਤ ਪੁਆਈ ਗਈ। ਫੇਰ ਉਹਨਾਂ ਨੂੰ ਲੋਹ 'ਤੇ ਬਿਠਾ ਕੇ ਹੇਠਾਂ ਅੱਗ ਦਾ ਭਾਂਬੜ ਮਚਾਇਆ ਗਿਆ। ਸਤਿਗੁਰਾਂ ਦਾ ਸਾਰਾ ਪਿੰਡਾ ਛਾਨਣੀ ਛਾਨਣੀ ਹੋ ਗਿਆ। ਇਸ ਹਾਲਤ 'ਚ ਉਹਨਾਂ ਨੂੰ ਲੈ ਜਾ ਕੇ ਰਾਵੀ ਦੇ ਠੰਢੇ ਪਾਣੀ 'ਚ ਬਿਠਾ ਦਿੱਤਾ ਗਿਆ। ਜਦ ਆਪ ਜੀ ਦੀ ਜੋਤਿ ਰੱਬੀ ਜੋਤਿ ਨਾਲ ਜਾ ਰਲੀ, ਤਾਂ ਆਪ ਜੀ ਦੇ ਸਰੀਰ ਨੂੰ ਰਾਵੀ 'ਚ ਹੀ ਰੋੜ੍ਹ ਦਿੱਤਾ ਗਿਆ।

ਅਕਾਲ ਪੁਰਖ ਨਾਲ ਇਕਮਿਕ ਹੋਏ, ਰੱਬੀ ਰੰਗ 'ਚ ਅਭੇਦ, ਮਨੁੱਖਤਾ ਦੇ ਦਰਦੀ, ਪਰਉਪਕਾਰੀ, ਮਹਾਨ ਤਪੱਸਵੀ, ਦੂਰ-ਅੰਦੇਸ਼, ਦਿੱਬ-ਦ੍ਰਿਸ਼ਟ ਗੁਰੂ ਸਾਹਿਬ ਅੱਤ ਦੇ ਭਿਆਨਕ, ਨਿਰਦਈ ਅਤੇ ਬਿਖੜੇ ਹਾਲਾਤ 'ਚ ਅਖੀਰ ਤਕ ਅਡੋਲ, ਨਿਰਭੈ ਅਤੇ ਸ਼ਾਂਤ-ਚਿਤ ਰਹੇ। ਇਸ ਮਹਾਨ ਸ਼ਹਾਦਤ ਵਾਲੇ ਸਥਾਨ 'ਤੇ ਰਾਵੀ ਕੰਢੇ ਲਹੌਰ ਵਿਖੇ ਗੁਰਦੁਆਰਾ ਡੇਰਾ ਸਾਹਿਬ ਸਥਿਤ ਹੈ।

ਗੁਰੂ ਅਰਜਨ ਸਾਹਿਬ ਨੂੰ ਦਿੱਤੇ ਜਾ ਰਹੇ ਅਣਮਨੁੱਖੀ ਤਸੀਹਿਆਂ ਨੇ ਸਿੱਖਾਂ ਦੇ ਦਿਲਾਂ ਅੰਦਰ ਤਾਂ ਛੁਰੀ ਚਲਾਣੀ ਹੀ ਸੀ, ਹਿੰਦੂ ਤੇ ਮੁਸਲਮਾਨ ਵੀ ਤੜਪ ਉਠੇ ਸਨ। ਇਹ ਸਭ ਖਬਰਾਂ ਜਹਾਂਗੀਰ ਨੂੰ ਅੱਪੜਦੀਆਂ ਰਹੀਆਂ ਸਨ। ਕਾਬਲੋਂ ਲਾਹੌਰ ਵਾਪਸ ਆ ਕੇ ਜਹਾਂਗੀਰ ਨੇ ਲਾਹੌਰ-ਨਿਵਾਸੀਆਂ ਦੇ ਤਪੇ ਦਿਲਾਂ ਨੂੰ ਠੰਢਾ ਕਰਨ ਲਈ ਚੰਦੂ ਨੂੰ ਲਾਹੌਰ-ਨਿਵਾਸੀਆਂ ਦੇ ਹਵਾਲੇ ਕਰ ਦਿੱਤਾ ਅਤੇ ਆਪ ਆਗਰੇ ਵਲ ਚਲਾ ਗਿਆ। ਲਾਹੌਰ-ਨਿਵਾਸੀਆਂ ਨੂੰ ਚੰਦੂ ਦੀਆਂ ਹਿਰਦੇ-ਵੇਧਕ ਕਰਤੂਤਾਂ ਦੀ ਯਾਦ ਅਜੇ ਭੁਲੀ ਨਹੀਂ ਸੀ। ਜਿਸ ਭਠਿਆਰੇ ਨੂੰ ਮਜਬੂਰ ਕਰਕੇ ਚੰਦੂ ਨੇ ਗੁਰੂ ਅਰਜਨ ਸਾਹਿਬ ਦੇ ਸਰੀਰ 'ਤੇ ਸੜਦੀ ਰੇਤ ਪੁਆਈ ਸੀ, ਉਸ ਨੂੰ ਵੀ ਉਹ ਸੱਲ ਭੁੱਲੇ ਨਹੀਂ ਸਨ। ਜਦ ਚੰਦੂ ਲੋਕਾਂ ਦੇ ਹੱਥ ਆਇਆ, ਤਾਂ ਉਸ ਭਠਿਆਰੇ ਨੇ ਉਹਨੀਂ ਹੱਥੀਂ ਚੰਦੂ 'ਤੇ ਸੜਦੀ ਰੇਤ ਦੇ ਕੜਛੇ ਪਾ ਕੇ ਆਪਣੇ ਦਿਲ ਦੀ ਭੜਾਸ ਕੱਢੀ।

ਨਿਰਦਈ ਹਾਕਮਾਂ ਨੇ ਸੁਆਰਥੀ ਜਾਤਿ-ਅਭਿਮਾਨੀ ਬ੍ਰਾਹਮਣਾਂ ਦੀ ਮਿਲੀਭੁਗਤ ਨਾਲ ਲੋਕ-ਹਿਤੈਸ਼ੀ ਪੰਜਵੇਂ ਪਾਤਸ਼ਾਹ ਨੂੰ ਸ਼ਹੀਦ ਕਰਕੇ ਜਾਗ ਪਈ ਮਨੁੱਖਤਾ ਨੂੰ ਵੰਗਾਰਿਆ। ਸ਼ਾਹੀ ਜਬਰ ਵਿਰੁੱਧ ਮਨੁੱਖੀ ਆਤਮਾ ਹਲੂਣੀ ਗਈ ਅਤੇ ਲੋਕਾਂ ਦੇ ਮਨਾਂ ਅੰਦਰ ਰੋਹ ਦਾ ਜਜ਼ਬਾ ਜਾਗਿਆ। ਇਸ ਤਰ੍ਹਾਂ ਸਿੱਖ ਸੰਗਤਾਂ ਅੰਦਰ ਭਗਤੀ ਦੀ ਰੱਖਿਆ ਲਈ ਸ਼ਕਤੀ ਦੀ ਲੋੜ ਦਾ ਅਹਿਸਾਸ ਜਾਗਿਆ। ਸਦੀਆਂ ਤੋਂ ਪੈਰਾਂ ਹੇਠ ਲਤਾੜੀਂਦੇ ਆ ਰਹੇ ਮਾਝੇ, ਮਾਲਵੇ ਤੇ ਦੁਆਬੇ ਦੇ ਗੱਭਰੂਆਂ ਦੇ ਡੌਲਿਆਂ 'ਚ ਲਹੂ ਨੇ ਜੋਸ਼ ਮਾਰਿਆ। ਗੁਰੂ ਨਾਨਕ ਮਿਸ਼ਨ ਦੇ ਪਹਿਲੇ ਪੜਾਅ 'ਚ ਗੁਰੂ ਸਾਹਿਬਾਨ ਦੇ ਜਗਾਏ ਹੋਏ ਸਿੱਖਾਂ ਦੇ ਅਮਲੀ ਜੀਵਨ ਅੰਦਰ ਹੁਣ ਸੰਤਪੁਣੇ ਦੇ ਗੁਣ ਆ ਚੁੱਕੇ ਸਨ। ਉਹਨਾਂ ਅੰਦਰ ਮਨੁੱਖ ਹੋਣ ਦਾ ਅਹਿਸਾਸ ਜਾਗ ਚੁੱਕਾ ਸੀ

ਅਤੇ ਮੁੜ ਨਿਰਦਈ ਤੇ ਸੁਆਰਥੀਆਂ ਦੇ ਜ਼ੁਲਮ ਦਾ ਨਿਸ਼ਾਨਾ ਬਣਨ ਲਈ ਉਹ ਤਿਆਰ ਨਹੀਂ ਸਨ। ਉਹ ਸਿਪਾਹੀ ਦੀ ਟਰੇਨਿੰਗ ਲਈ ਝਟ ਤਿਆਰ ਹੋ ਗਏ। ਗੁਰੂ ਅਰਜਨ ਸਾਹਿਬ ਨੇ ਪਹਿਲੀ ਲਾਸਾਨੀ ਸ਼ਹਾਦਤ ਦੇਕੇ ਖਾਲਸੇ ਦੇ ਪਹਿਲੇ ਪੜਾਅ ਦੀ ਸੰਪੂਰਨਤਾ ਕੀਤੀ। ਗੁਰੂ ਹਰਿਗੋਬਿੰਦ ਸਾਹਿਬ ਨੇ ਸੰਤ ਬਣ ਚੁੱਕੇ ਸਿੱਖਾਂ ਨੂੰ ਸਿਪਾਹੀ ਦੀ ਟਰੇਨਿੰਗ ਦੇਣੀ ਸ਼ੁਰੂ ਕਰ ਦਿੱਤੀ।

ਗੁਰੂ ਨਾਨਕ ਮਿਸ਼ਨ ਦੇ ਪਹਿਲੇ ਪੜਾਅ ਤਕ ਸੱਚ ਦਾ ਅਮਲੀ ਜੀਵਨ ਜੀਉਣਾ ਸਿਖਾਇਆ ਗਿਆ, ਸੰਤਪਨ ਦਾ ਕਿਰਦਾਰ ਪੁੰਗਾਰਿਆ, ਪਾਲਿਆ ਅਤੇ ਵਧਾਇਆ ਫੁਲਾਇਆ ਗਿਆ। ਭਗਤੀ ਦੀ ਜਦ ਅਣਖ, ਗੈਰਤ ਅਤੇ ਅਜ਼ਾਦੀ ਦੇ ਇਮਤਿਹਾਨ ਦੀ ਘੜੀ ਆਈ, ਤਾਂ ਭਗਤੀ ਨੇ ਅਣਮਨੁੱਖੀ ਤਸੀਹੇ ਝਲ ਕੇ, ਸ਼ਹਾਦਤ ਦੇਕੇ, ਇਤਿਹਾਨ ਪਾਸ ਕੀਤਾ। ਗੁਰੂ ਅਰਜਨ ਸਾਹਿਬ ਦੀ ਭਿਆਨਕ ਤਸੀਹਿਆਂ ਨਾਲ ਸ਼ਹਾਦਤ ਭਗਤੀ ਦਾ ਆਖਰੀ ਇਤਿਹਾਨ ਸੀ ਅਤੇ ਭਗਤੀ 'ਚੋਂ ਪੈਦਾ ਹੋਈ ਬਰਦਾਸ਼ਤ ਸ਼ਕਤੀ ਦਾ ਉਹ ਪ੍ਰਚੰਡ ਨਮੂਨਾ ਸੀ। ਗੁਰੂ ਅਰਜਨ ਸਾਹਿਬ ਨੂੰ ਜਦੋਂ ਭਾਈ ਸੰਗਰੂ ਜੀ ਤੇ ਭਾਈ ਜੈਤਾ ਜੀ ਨੇ ਤਲਵਾਰ ਧਾਰਨ ਕਰਨ ਲਈ ਬੇਨਤੀ ਕੀਤੀ ਤਾਂ ਗੁਰੂ ਅਰਜਨ ਸਾਹਿਬ ਨੇ ਬਚਨ ਕੀਤਾ ਸੀ ਕਿ:

"ਅਸਾਂ ਜੋ ਸ਼ਸਤਰ ਪਕੜਨੇ ਹੈਨਿ ਸੋ (ਗੁਰੂ) ਹਰਿਗੋਬਿੰਦ ਦਾ ਰੂਪ ਧਾਰ ਕੇ ਪਕੜਨੇ ਹਨ, ਸਮਾਂ ਕਲਜੁਗ ਦਾ ਵਰਤਨਾ ਹੈ। ਸ਼ਸਤਰਾਂ ਦੀ ਵਿਦਿਆ ਕਰ ਮੀਰ ਦੀ ਮੀਰੀ ਖਿਚ ਲੈਣੀ ਹੈ ਅਤੇ ਸ਼ਬਦ ਦੀ ਪ੍ਰੀਤ ਕਰ ਪੀਰ ਦੀ ਪੀਰੀ ਲੈ ਲੈਣੀ ਹੈ। ਤੁਸੀਂ ਛੇਵੇਂ ਪਾਤਸ਼ਾਹ ਦੇ ਹਜ਼ੂਰ ਰਹਿਣਾ" (ਸਿੱਖਾਂ ਦੀ ਭਗਤਮਾਲਾ, ਸਫਾ 158) ਲਾਹੌਰ ਰਵਾਨਾ ਹੋਣ ਤੋਂ ਪਹਿਲਾਂ ਗੁਰੂ ਅਰਜਨ ਸਾਹਿਬ ਨੇ ਆਪਣੇ ਬੇਟੇ (ਗੁਰੂ) ਹਰਿਗੋਬਿੰਦ ਜੀ ਨੂੰ ਆਖਰੀ ਹੁਕਮ ਦਿੱਤਾ ਕਿ:

'ਆਪਣੇ ਤਖਤ 'ਤੇ ਖ਼ੁਦ ਮੁਖ਼ਤਿਆਰ ਹੋ ਕੇ ਬੈਠੋ ਅਤੇ ਆਪਣੀ ਯੋਗਤਾ ਮੁਤਾਬਕ ਫੌਜ ਰੱਖੋ।'

ਗੁਰੂ ਹਰਿਗੋਬਿੰਦ ਸਾਹਿਬ ਨੇ ਤਖਤ 'ਤੇ ਬੈਠਦਿਆਂ ਹੀ ਮਸੰਦਾਂ ਨੂੰ ਹਦਾਇਤ ਕੀਤੀ ਕਿ ਅੱਗੇ ਤੋਂ ਸਿੱਖ ਨਗਦ ਭੇਟਾ ਦੀ ਬਜਾਏ ਸੋਹਣੇ ਵਧੀਆ ਘੋੜੇ ਤੇ ਸ਼ਸਤਰ ਖਰੀਦ ਕੇ ਭੇਜਿਆ ਕਰਨ। ਦੂਰ ਦੂਰ ਪ੍ਰਾਂਤਾਂ ਤੇ ਦੇਸ਼ਾਂ 'ਚ ਵਸਦੇ ਵਪਾਰੀ ਸਿੱਖਾਂ ਨੇ ਗੁਰੂ ਦੇ ਹੁਕਮ ਮੁਤਾਬਕ ਵਧੀਆ ਨਸਲ ਦੇ ਘੋੜੇ ਅਤੇ ਸ਼ਸਤਰ ਭੇਜਣੇ ਸ਼ੁਰੂ ਕਰ ਦਿੱਤੇ। ਗੁਰੂ ਹਰਿਗੋਬਿੰਦ ਸਾਹਿਬ ਨੇ ਚੋਣਵੇਂ 52 ਸੂਰਮੇ ਆਪਣੇ ਪਾਸ ਰੱਖੇ, ਤਾਂ ਜੋ ਉਹ ਸਿੱਖਾਂ ਨੂੰ ਸ਼ਸਤਰ-ਵਿਦਿਆ ਸਿਖਾ ਸਕਣ। ਗੁਰੂ ਸਾਹਿਬ ਦੀ ਇਹ ਰੁਚੀ ਵੇਖ ਕੇ ਮਾਝੇ, ਮਾਲਵੇ ਤੇ ਦੁਆਬੇ ਦੇ ਪੰਜ ਸੌ ਦੇ ਕਰੀਬ ਜਵਾਨ ਸਿੱਖ ਗੱਭਰੂ ਗੁਰੂ ਸਾਹਿਬ ਪਾਸ ਆ ਇਕੱਠੇ ਹੋਏ। ਤਨਖਾਹ ਤੋਂ ਬਿਨਾਂ ਹੀ ਸਿੱਖਾਂ ਦੀ ਇਹ ਸਿਰ-ਧੜ ਦੀ ਬਾਜ਼ੀ ਲਾਣ ਵਾਲੀ ਅਲੌਕਿਕ ਫੌਜ ਬਣਨ ਲੱਗ ਪਈ। ਸਿੱਖ

ਜਵਾਨ ਦੂਰੋਂ ਦੂਰੋਂ ਆ ਕੇ, ਮਹੀਨਿਆਂ-ਬੱਧੀ ਅੰਮ੍ਰਿਤਸਰ ਰਹਿ ਕੇ, ਇਥੋਂ ਘੋੜਸਵਾਰੀ ਤੇ ਸ਼ਸਤਰ-ਵਿਦਿਆ ਸਿੱਖ ਲੈਂਦੇ ਅਤੇ ਫਿਰ ਆਪਣੇ ਘਰੀਂ ਕਿਰਤ-ਕਾਰੇ ਜਾ ਲੱਗਦੇ ਸਨ।

ਗੁਰੂ ਹਰਿਗੋਬਿੰਦ ਸਾਹਿਬ ਨੇ ਸਿੱਖੀ ਦੇ ਦੂਜੇ ਪੜਾਅ ਦਾ ਕੰਮ ਬੜੀ ਤੇਜ਼ੀ ਨਾਲ ਆਰੰਭ ਦਿੱਤਾ। ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ 1609 'ਚ ਅਕਾਲ ਤਖਤ ਦੀ ਸਿਰਜਣਾ ਕੀਤੀ। ਅਕਾਲ ਤਖਤ ਦੇ ਸਾਹਮਣੇ ਖੁਲ੍ਹਾ ਦਲਾਨ ਹੈ, ਜਿਥੇ ਹਜ਼ਾਰਾਂ ਦੀ ਗਿਣਤੀ 'ਚ ਸਰੋਤੇ ਬੈਠ ਸਕਦੇ ਹਨ। ਗੁਰੂ ਸਾਹਿਬ ਨੇ ਸਿੱਖਾਂ ਨੂੰ ਸ੍ਰੀ ਅਕਾਲ ਤਖਤ ਦੇ ਸਾਹਮਣੇ ਲੌਢੇ ਪਹਿਰ ਇਕੱਠੇ ਹੋਣ ਦਾ ਹੁਕਮ ਦਿੱਤਾ, ਜਿਥੇ ਢਾਡੀ ਲੋਕ ਜੋਧਿਆਂ ਦੀਆਂ ਵਾਰਾਂ ਗਾਉਂਦੇ ਸਨ। ਸਿੱਖਾਂ ਅੰਦਰ ਬੀਰ-ਰਸ ਪੈਦਾ ਕਰਨ ਲਈ ਇਹ ਉੱਦਮ ਕੀਤਾ ਗਿਆ। ਇਸ ਤਰ੍ਹਾਂ ਸਿੱਖਾਂ ਅੰਦਰ ਸਵੈ-ਰੱਖਿਆ ਦਾ ਅਹਿਸਾਸ ਜਾਗਣਾ ਸ਼ੁਰੂ ਹੋਇਆ।

ਸੰਤ ਸਿਪਾਹੀ ਜਦ ਪੂਰੀ ਤਰ੍ਹਾਂ ਤਿਆਰ ਹੋ ਗਏ ਤਾਂ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣਾ ਸੀਸ ਦੇ ਕੇ ਦੂਜਿਆਂ ਦੇ ਧਰਮ ਲਈ ਜਾਨ ਦੇਣ ਦਾ ਆਖਰੀ ਸਬਕ ਪੜ੍ਹਾਇਆ। ਹਰ ਮਨੁੱਖ ਨੂੰ ਅਜ਼ਾਦੀ ਨਾਲ ਆਪਣੇ ਇਸ਼ਟ ਮੁਤਾਬਕ ਪਾਠ ਪੂਜਾ ਕਰ ਸਕਣ ਦੀ ਅਜ਼ਾਦੀ ਦੇ ਬੁਨਿਆਦੀ ਮਨੁੱਖੀ ਹੱਕਾਂ ਲਈ ਜਾਨ ਦੇਣੀ ਸਿਖਾਈ। ਕਾਇਰ ਬਣ ਚੁੱਕੇ ਹਿੰਦੂਆਂ ਨੂੰ ਆਪਣੀ ਅਣਖ, ਸਵੈ-ਮਾਣ ਅਤੇ ਸਵੈ-ਭਰੋਸੇ ਲਈ ਸੀਸ ਦੇਣਾ ਸਿਖਾਇਆ।

ਦਸ਼ਮੇਸ਼ ਪਿਤਾ ਨੇ ਅੰਮ੍ਰਿਤ ਦੀ ਦਾਤ ਬਖ਼ਸ਼ ਕੇ, ਖਾਲਸੇ ਦੀ ਸਾਜਨਾ ਕਰ ਕੇ, ਬੀਰ ਰਸੀ ਸਾਹਿਤ ਰਚ ਕੇ, ਜਬਰ ਵਿਰੁੱਧ ਲੜ ਕੇ, ਆਪਣੀ ਤੇ ਆਪਣੇ ਸਾਰੇ ਸਰਬੰਸ ਦੀ ਕੁਰਬਾਨੀ ਦੇਕੇ, ਸੱਚ ਖਾਤਰ ਕੁਰਬਾਨੀ ਦੇਣ ਦੀ ਅਜਿਹੀ ਲੀਹ ਪਾਈ, ਕਿ ਉਹਨਾਂ ਦੇ ਸਾਜੇ ਪੰਥ ਦੇ ਅਣਗਿਣਤ ਸੂਰਮੇ ਆਪਣੀਆਂ ਸ਼ਹੀਦੀਆਂ ਨਾਲ ਖਾਲਸਾ ਪੰਥ ਦੇ ਇਤਿਹਾਸ ਦੇ ਸੁਨਹਿਰੀ ਪੰਨੇ ਲਿਖ ਗਏ। ਖਾਲਸੇ ਦੇ ਗੌਰਵਮਈ ਇਤਿਹਾਸ 'ਤੇ ਝਾਤ ਮਾਰਿਆਂ ਸਪਸ਼ਟ ਹੋ ਜਾਂਦਾ ਹੈ ਕਿ ਖਾਲਸਈ ਕਿਰਦਾਰ ਦੀ ਹਰ ਕਿਰਨ ਆਪਣੀ ਬੁਕਲ 'ਚ ਇਨਕਲਾਬੀ ਕਮਾਲ ਲੁਕਾਈ ਬੈਠੀ ਹੈ।

ਉਹਨਾਂ ਹੱਸਦਿਆਂ ਬੰਦ-ਬੰਦ ਕਟਾਏ, ਆਰਿਆਂ ਨਾਲ ਤਨ ਚਿਰਵਾਏ, ਖੋਪਰੀਆਂ ਲੁਹਾਈਆਂ, ਉਬਲਦੀਆਂ ਦੇਗਾਂ 'ਚ ਉਬਾਲੇ ਖਾਧੇ, ਦੁਸ਼ਮਣ ਨਾਲ ਸਨਮੁਖ ਲੜ ਕੇ ਸ਼ਹੀਦੀਆਂ ਪਾਈਆਂ, ਫਾਂਸੀਆਂ ਦੇ ਰੱਸਿਆਂ ਨੂੰ ਚੁੰਮਿਆ, ਖੰਨੀ ਖੰਨੀ ਰੋਟੀ ਨਾਲ ਕਈ-ਕਈ ਦਿਨ ਕਟ ਕੇ ਮੈਦਾਨ 'ਚ ਜੂਝਦੇ ਰਹੇ। ਅਜਿਹੇ ਵੱਡਮੁਲੇ ਵਿਰਸੇ 'ਤੇ ਹਰ ਸਿੱਖ ਨੂੰ ਗੌਰਵਹੈ, ਫ਼ਖ਼ਰ ਹੈ ਅਤੇ ਮਾਣ ਹੈ। ਹਰ ਸਿੱਖ ਨੂੰ ਇਸ ਗੱਲ ਤੇ ਮਾਣ ਤੇ ਗੌਰਵਹੈ ਕਿ ਉਸ ਦੀ ਕੌਮ ਦਾ ਇਤਿਹਾਸ ਸ਼ਾਨਦਾਰ ਹੈ, ਰਵਾਇਤਾਂ ਮਹਾਨ ਹਨ

ਅਤੇ ਵਿਰਸਾ ਬੇ-ਮਿਸਾਲ ਹੈ। ਇਕ ਈਸਾਈ ਯਾਤਰੂ ਨੇ ਹਰਿਮੰਦਰ ਸਾਹਿਬ ਦੀ ਯਾਤਰਾ ਸਮੇਂ ਇਹ ਗੱਲ ਕਹੀ ਸੀ ਕਿ: 'ਸਾਡੇ ਪਾਸ ਤਾਂ ਇਕ ਈਸਾ ਸੀ ਤੇ ਅਸੀਂ ਸਾਰੇ ਯੂਰਪ ਨੂੰ ਈਸਾਈ ਬਣਾ ਲਿਆ, ਤੁਹਾਡੇ ਪਾਸ ਤਾਂ ਸੈਂਕੜੇ ਈਸਾ ਮੌਜੂਦ ਹਨ, ਫਿਰ ਵੀ ਤੁਸੀਂ ਥੋੜ੍ਹੀ ਗਿਣਤੀ 'ਚ ਹੀ ਰਹੇ ਹੋ।'

ਅੱਜ ਤੋਂ ਚਾਰ ਸੌ ਸਾਲ ਪਹਿਲਾਂ ਜੂਨ ਦੇ ਹੀ ਇਸ ਮਹੀਨੇ 'ਚ ਸਿੱਖੀ ਨੇ ਮਹਾਨ ਮੋੜ ਕੱਟਿਆ ਅਤੇ ਇਸ ਮਹੀਨੇ ਦੀ ਬੁੱਕਲ 'ਚ ਸਿੱਖ ਸ਼ਕਤੀ ਦੀ ਜਿੱਤ ਅਤੇ ਕੁਰਬਾਨੀਆਂ ਦੀ ਲੰਮੀ ਕਹਾਣੀ ਹੈ, ਜੋ ਆਪਣੀ ਕੁੱਖ 'ਚੋਂ ਨਿਕਲੇ ਨਤੀਜਿਆਂ ਤੋਂ ਜਾਣੂ ਕਰਵਾ ਕੇ ਰੱਤ-ਰੰਗੇ ਇਤਿਹਾਸ ਦੀ ਰੌਸ਼ਨੀ 'ਚ ਉੱਜਲੇ ਭਵਿੱਖ ਦੀ ਸਿਰਜਣਾ ਕਰਨ ਲਈ ਪ੍ਰੇਰ ਰਹੀ ਹੈ। ਸਿਆਣਿਆਂ ਦਾ ਕਥਨ ਹੈ ਕਿ ਇਤਿਹਾਸ ਸਚਾਈ ਦੀ ਰੌਸ਼ਨੀ ਅਤੇ ਜ਼ਿੰਦਗੀ ਦਾ ਉਸਤਾਦ ਹੈ। ਸਾਹਿਬ ਪੰਚਮ ਪਾਤਸ਼ਾਹ ਦਾ ਫੁਰਮਾਨ "ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ॥" ਸੰਕਟਾਂ 'ਚ ਘਿਰੇ ਹੋਏ ਸਮੁੱਚੇ ਸਿੱਖ ਜਗਤ ਨੂੰ ਅਗੰਮੀ ਸ਼ਕਤੀ ਤੋਂ ਜਾਣੂ ਕਰਵਾ ਕੇ ਅਕਾਲ ਪੁਰਖ ਦੀ ਕਿਰਪਾ ਦੇ ਪਾਤਰ ਹੋਣ ਦਾ ਅਹਿਸਾਸ ਕਰਵਾ ਰਿਹਾ ਹੈ।

ਗੁਰੂ ਸਾਹਿਬ ਨੂੰ ਦਿੱਤੇ ਗਏ ਤਸੀਹੇ ਵੇਖ ਕੇ ਉਮਦਹਤੁਲ-ਤਵਾਰੀਖ ਦਾ ਲੇਖਕ ਲਿਖਦਾ ਹੈ ਕਿ ਕਲਮ ਲਹੂ ਦੇ ਹੰਝੂ ਕੇਰਦੀ ਹੈ, ਅੱਖਾਂ ਰੋਂਦੀਆਂ ਹਨ, ਦਿਲ ਕੰਬਦਾ ਹੈ ਅਤੇ ਜਾਨ ਹੈਰਾਨ ਹੁੰਦੀ ਹੈ। ਪ੍ਰਸਿੱਧ ਇਤਿਹਾਸਕਾਰ ਗਾਰਡਨ ਕਹਿੰਦਾ ਹੈ ਕਿ 'ਇਸ ਸ਼ਹਾਦਤ ਨੇ ਸਿੱਖਾਂ ਦੇ ਨਰਮ ਤੇ ਸ਼ਾਂਤ ਜਜ਼ਬਿਆਂ ਨੂੰ ਅੱਗ ਲਾ ਦਿੱਤੀ ਸੀ।' ਇਤਿਹਾਸਕਾਰ ਹਰੀ ਰਾਮ ਗੁਪਤਾ ਲਿਖਦਾ ਹੈ ਕਿ 'ਹੁਣ ਸਿੱਖਾਂ ਨੇ ਸਰਕਾਰ ਦੇ ਕੇਂਦਰ ਦੇ ਤੌਰ ਤੇ ਦਿੱਲੀ ਵਲ ਵੇਖਣਾ ਬੰਦ ਕਰ ਦਿੱਤਾ। ਉਹ ਅੰਮ੍ਰਿਤਸਰ ਕੇਂਦਰ ਉਤੇ ਛੇਵੇਂ ਪਾਤਸ਼ਾਹ ਨੂੰ ਮੁਗ਼ਲ ਸ਼ਹਿਨਸ਼ਾਹ ਦੇ ਟਾਕਰੇ ਸੱਚਾ ਪਾਤਸ਼ਾਹ ਸਮਝਦੇ ਹਨ।' ਇਵੇਂ ਹੀ ਏ.ਸੀ. ਬੈਨਰ ਜੀ ਲਿਖਦੇ ਹਨ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਨਗਾਰਾ ਵਜਾਉਣ ਦੀ ਰਸਮ ਚਾਲੂ ਕਰ ਦਿੱਤੀ, ਜੋ ਕਿ ਮੁਗ਼ਲ ਸੈਨਾ 'ਚ ਪ੍ਰਭੁਤਾ ਦੀ ਨਿਸ਼ਾਨੀ ਸਮਝੀ ਜਾਂਦੀ ਸੀ। ਪੰਜਵੇਂ ਪਾਤਸ਼ਾਹ ਜੀ ਦੀ ਸ਼ਹਾਦਤ ਦੇ ਸਿੱਟਿਆਂ ਬਾਰੇ ਇਕ ਕਵੀ ਨੇ ਬੜੇ ਭਾਵਪੂਰਤ ਢੰਗ ਨਾਲ ਆਪਣੇ ਨਵੇਕਲੇ ਅੰਦਾਜ਼ 'ਚ ਬਿਆਨ ਕੀਤਾ ਹੈ:

ਛਾਲੇ ਦੇ ਇਕ ਇਕ ਫੁੱਲ ਵਿੱਚੋਂ ਗੁਲਜ਼ਾਰ ਪੈਦਾ ਹੋ ਗਈ।
ਸੁਖਮਨੀ ਵਿੱਚੋਂ ਚੰਡੀ ਦੀ ਵਾਰ ਪੈਦਾ ਹੋ ਗਈ।
ਦੇਗ ਦੇ ਉਬਲਦੇ ਪਾਣੀਓਂ ਤੂਫਾਨ ਪੈਦਾ ਹੋ ਗਿਆ।
ਸੂਣਿਐ ਤਵੀ ਦੇ ਲੋਹੇ 'ਚੋਂ ਤਲਵਾਰ ਪੈਦਾ ਹੋ ਗਈ।

19) ਗੁਰੂ ਅਰਜਨ ਸਾਹਿਬ ਦਾ ਗੁਰੂ ਨਾਨਕ ਮਿਸ਼ਨ ਦੇ ਪਹਿਲੇ ਪੜਾਅ ਦੀ ਸੰਪੂਰਨਤਾ ਵਿੱਚ ਪਾਇਆ ਯੋਗਦਾਨ

ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਨਿਰੀ ਇਤਿਹਾਸਕ ਘਟਨਾ ਹੀ ਨਹੀਂ ਸਗੋਂ ਇਸ ਨਾਲ ਗੁਰੂ ਨਾਨਕ ਮਿਸ਼ਨ ਦੇ ਵਿਕਾਸ ਅਥਵਾ ਗੁਰਮਤਿ ਦਰਸ਼ਨ ਅਤੇ ਸਿੱਖੀ ਸਿਧਾਂਤਾਂ ਦੀ ਪ੍ਰਗਤੀ ਵੀ ਜੁੜੀ ਹੋਈ ਹੈ। ਇਸ ਨਾਲ ਸਿੱਖੀ ਅਸੂਲ ਤੇ ਗੁਰਮਤਿ ਦਰਸ਼ਨ ਵੀ ਸੰਮਿਲਤ ਹਨ। ਗੁਰੂ ਅਰਜਨ ਸਾਹਿਬ ਦੀ ਮਹਾਨ ਸ਼ਹਾਦਤ ਨਾਲ ਸਿੱਖ ਇਤਿਹਾਸ 'ਚ ਇਕ ਨਵੇਂ ਦੌਰ ਦਾ ਮੁੱਢ ਬੱਝਿਆ। ਆਪ ਜੀ ਨੇ ਆਪਣੀ ਸ਼ਹਾਦਤ ਦੇ ਕੇ ਗੁਰੂ ਮਿਸ਼ਨ ਦੇ ਪਹਿਲੇ ਪੜਾਅ ਦੀ ਸੰਪੂਰਨਤਾ ਕੀਤੀ। ਇਥੋਂ ਹੀ ਪੀਰੀ ਦੇ ਨਾਲ ਮੀਰੀ ਦਾ ਜੋੜ ਸ਼ੁਰੂ ਹੋਇਆ।

ਖ਼ਾਲਸੇ ਦੀ ਸਾਜਨਾ ਕੋਈ ਬੇਹਰਕਤ ਸੁਪਨਾ ਨਹੀਂ ਸੀ। ਇਹ, ਗੁਰੂ ਨਾਨਕ ਸਾਹਿਬ ਦੇ ਪੂਰਵ-ਚਿੰਤਤ ਪ੍ਰੋਗਰਾਮ ਤੇ ਮਿਸ਼ਨ ਦਾ ਅਨਿਖੜਵਾਂ ਹਿਸਾ ਸੀ। ਖ਼ਾਲਸੇ ਦੀ ਵਿਸ਼ਾਲ ਟਰੇਨਿੰਗ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਸੀ। ਪੰਚਮ ਪਾਤਸ਼ਾਹ ਦੀ ਸ਼ਹਾਦਤ ਨਾਲ ਗੁਰੂ ਨਾਨਕ ਮਿਸ਼ਨ ਦੇ ਪਹਿਲੇ ਪੜ੍ਹਾ ਦੀ ਟਰੇਨਿੰਗ ਦੀ ਸੰਪੂਰਨਤਾ ਹੁੰਦੀ ਹੈ ਅਤੇ ਦੂਜੇ ਪੜਾਅ ਦਾ ਆਰੰਭ ਹੁੰਦਾ ਹੈ। ਗੁਰੂ ਨਾਨਕ ਮਿਸ਼ਨ ਦੇ ਪਹਿਲੇ ਪੜ੍ਹਾ 'ਚ ਸਿੱਖਾਂ ਨੂੰ ਆਤਮਿਕ ਵਿਕਾਸ ਤੇ ਸਦਾਚਾਰਕ ਕਦਰਾਂ-ਕੀਮਤਾਂ 'ਚ ਪਰਪੱਕ ਕੀਤਾ ਗਿਆ। 137 ਸਾਲਾਂ ਦੇ ਲੰਮੇ ਸਮੇਂ 'ਚ ਸਿਮਰਨ-ਸੇਵਾ ਰਾਹੀਂ ਹੁਕਮ ਮੰਨਣ, ਅਣਥੱਕ ਨਿਸ਼ਕਾਮ ਸੇਵਾ ਕਰਨ, ਸਹਿਨਸ਼ੀਲਤਾ, ਨਿਮਰਤਾ ਅਤੇ ਨਿਰਮਾਣਤਾ ਆਦਿਕ ਸੰਤਪੁਨੇ ਦੇ ਗੁਣਾਂ 'ਚ ਨਿਪੁੰਨ ਕੀਤਾ ਗਿਆ। ਇਨਸਾਫ ਤੇ ਸੱਚ ਖਾਤਰ ਲਾਲ ਤੱਤੀ ਤਵੀ 'ਤੇ ਬੈਠਕੇ, ਸ਼ਾਂਤਚਿੱਤ ਰਹਿਕੇ, ਅਕਹਿ ਤੇ ਅਸਹਿ ਤਸੀਹੇ ਝੱਲ ਕੇ, ਆਪਣੀ ਸ਼ਹਾਦਤ ਦੇਕੇ, ਰੱਬ ਦੇ ਭਾਣੇ ਨੂੰ ਮਿਠਾ ਕਰਕੇ ਮੰਨਣ ਦਾ ਆਖਰੀ ਸਬਕ ਪੜ੍ਹਾਇਆ ਗਿਆ।

ਮਨੁੱਖ ਨੇ ਪ੍ਰਹਲਾਦ ਭਗਤ ਬਣਨਾ ਹੈ, ਨਿਰ-ਇੱਛਕ ਤੇ ਨਿਸ਼ਕਾਮ ਬਣਨਾ ਹੈ, ਦਇਆਵਾਨ ਤੇ ਪਰਉਪਕਾਰੀ ਬਣਨਾ ਹੈ ਅਤੇ ਦੂਜਿਆਂ ਲਈ ਜੀਣ-ਥੀਣ ਦੇ ਪ੍ਰਾਕ੍ਰਿਤਕ ਨਿਯਮ ਦਾ ਧਾਰਨੀ ਬਣਨਾ ਹੈ। ਇਸੇ ਕਰਕੇ ਪਹਿਲੇ ਪੜਾਅ ਵਿੱਚ ਸਿੱਖਾਂ ਨੂੰ ਪਹਿਲਾਂ ਆਤਮਿਕ ਤੌਰ ਤੇ ਬਲਵਾਨ ਬਣਾਇਆ ਗਿਆ ਸੀ, ਭਗਤੀ ਦੇ ਸਾਰੇ ਗੁਣਾਂ ਵਿੱਚ ਨਿਪੁੰਨ ਕੀਤਾ ਗਿਆ ਸੀ ਅਤੇ ਫੇਰ ਸਰੀਰਕ ਤੌਰ ਤੇ ਬਲਵਾਨ ਬਣਾਇਆ ਗਿਆ ਸੀ। ਸਿਪਾਹੀ ਦੀ ਟਰੇਨਿੰਗ ਨਾਲ ਸਿੱਖੀ ਦਾ ਦੂਜਾ ਪੜਾਅ ਆਰੰਭ ਹੁੰਦਾ ਹੈ। ਸਿੱਖਾਂ ਨੂੰ ਦੇਗ ਦੇ ਨਾਲ ਤੇਗ ਵਾਹੁਣੀ ਸਿਖਾਈ ਗਈ। ਬਲਵਾਨ

ਬਣਨਾ, ਘੋੜ ਸਵਾਰੀ ਕਰਨੀ, ਹਰ ਪ੍ਰਕਾਰ ਦੀਆਂ ਕਸਰਤਾਂ ਕਰਨੀਆਂ, ਮੁਕਾਬਲੇ ਕਰਨੇ, ਗਤਕੇ ਦੀਆਂ ਮਸ਼ਕਾਂ ਕਰਨੀਆਂ, ਬੰਦੂਕਾਂ ਚਲਾਣੀਆਂ, ਸ਼ਿਕਾਰ ਖੇਡਣੇ ਅਤੇ ਜੰਗੀ ਮਸ਼ਕਾਂ ਕਰਨੀਆਂ ਗੁਰੂ ਨਾਨਕ ਮਿਸ਼ਨ ਦੇ ਪਲਾਨ ਦਾ ਹੀ ਹਿੱਸਾ ਸਨ।

ਪਹਿਲੇ ਪੜਾਅ ਦੀ ਸੰਪੂਰਨਤਾ ਲਈ ਪੰਜਵੇਂ ਪਾਤਸ਼ਾਹ ਨੇ ਦੋ ਮਹਾਨ ਕੰਮ ਕੀਤੇ। ਪਹਿਲਾ, ਹਰਿਮੰਦਰ ਸਾਹਿਬ ਦੀ ਸਥਾਪਨਾ ਕੀਤੀ ਅਤੇ ਦੂਜਾ, ਗੁਰੂ ਗਰੰਥ ਸਾਹਿਬ ਦੀ ਸੰਪਾਦਨਾ। ਇਸ ਤਰ੍ਹਾਂ ਸਿੱਖ ਕੌਮ ਕੋਲ ਆਪਣਾ ਸਦੀਵੀ ਇਲਾਹੀ ਵਿਧਾਨ ਵੀ ਹੋ ਗਿਆ ਅਤੇ ਜਥੇਬੰਦਕ ਕੇਂਦਰ ਵੀ ਬਣ :ਗਆ।। ਸਿੱਖੀ ਦੇ ਪਹਿਲੇ ਪੜਾਅ ਦੀ ਸੰਪੂਰਨਤਾ ਲਈ ਸਮੁੱਚੀ ਮਨੁੱਖਤਾ ਨੂੰ ਸਦੀਵੀ ਸੇਧ ਦੇਣ ਲ ਈ ਧੁਰ ਕੀ ਬਾਣੀ ਦੀ ਸੰਪਾਦਨਾ ਕਰਕੇ, ਸਦੀਵੀ ਰੱਬੀ ਗਿਆਨ ਦਾ ਵੱਡਮੁੱਲਾ ਖ਼ਜ਼ਾਨਾ ਬਖਸ਼ਿਆ, ਗਿਆ ਅਤੇ ਸਰੋਵਰ ਬਣਾਏ ਗਏ। ਹਰਿਮੰਦਰ ਸਾਹਿਬ ਦੀ ਰਚਨਾ ਕਰਕੇ, ਗੁਰੂ ਗਰੰਥ ਸਾਹਿਬ ਦੀ ਸਥਾਪਨਾ ਕਰਕੇ, ਸਿੱਖੀ ਦੇ ਕੌਮੀ ਜੀਵਨ ਦੇ ਪਲਰਨ-ਪ੍ਰੁੰਗਰਨ ਲਈ ਅਤੇ ਗੁਰਸਿੱਖੀ ਦੇ ਪ੍ਰਸਾਰ-ਪ੍ਰਚਾਰ ਲਈ ਸ੍ਰੀ ਅੰਮ੍ਰਿਤਸਰ ਸਾਹਿਬ ਦਾ ਮਹਾਨ ਕੇਂਦਰੀ ਸਥਾਨ ਕਾਇਮ ਕੀਤਾ ਗਿਆ।

ਸਿੱਖਾਂ ਨੂੰ ਹਰ ਪ੍ਰਕਾਰ ਦੀ ਕਿਰਤ-ਕਮਾਈ ਦੇ ਕਾਰ-ਵਿਹਾਰ ਵਲ ਲਾਇਆ ਗਿਆ। ਕਿਰਤ ਦੇ ਵੱਖ-ਵੱਖ ਕਸਬਾਂ 'ਚ ਟਰੇਨਿੰਗ ਦਿੱਤੀ ਗਈ। ਖੇਤੀ ਦੇ ਨਾਲ ਨਾਲ ਲੁਹਾਰਾ, ਤਰਖਾਣਾ, ਤਾਮੀਰੀ ਕੰਮ ਆਦਿਕ ਕਸਬਾਂ ਅਤੇ ਵਪਾਰ ਕਰਨ ਲਈ ਉਤਸ਼ਾਹਤ ਕੀਤਾ ਗਿਆ। ਘੋੜਿਆਂ ਦੇ ਵਪਾਰ ਕਰਨ ਵਲ ਲਾਇਆ ਗਿਆ, ਤਾਂ ਜੋ ਸਿੱਖ ਚੰਗੇ ਘੋੜ ਸਵਾਰ ਬਣ ਸਕਣ। ਘੋੜ-ਸਵਾਰੀ ਕਰਨੀ ਸਿਖਾਈ ਗਈ। ਘੋੜਿਆ ਦੇ ਵਪਾਰ ਲਈ ਕਾਬਲ ਆਦਿਕ ਸ਼ਹਿਰਾਂ ਵਿੱਚ ਭੇਜਿਆ ਗਿਆ। ਜਦ ਇਹ ਸਾਰੇ ਕੰਮ ਸੰਪੂਰਨ ਹੋ ਗਏ, ਤਾਂ ਪੰਜਵੇਂ ਪਾਤਸ਼ਾਹ ਨੇ ਸੱਚ ਤੇ ਅਸੂਲ ਦੀ ਖ਼ਾਤਰ ਸੜਦੀ ਲਾਲ ਤਵੀ 'ਤੇ ਬੈਠ ਕੇ, ਸ਼ਾਂਤ-ਚਿੱਤ ਰਹਿਕੇ, ਆਪਣੀ ਸ਼ਹੀਦੀ ਦੇ ਕੇ, ਰੱਬ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਣ ਦਾ ਆਖ਼ਰੀ ਸਬਕ ਪੜ੍ਹਾਇਆ। ਇਸ ਪਹਿਲੇ ਪੜਾਅ ਦੇ ਅਖੀਰ 'ਤੇ ਪੰਜਵੇਂ ਸਰੂਪ ਵਿੱਚ 'ਪਹਿਲਾ ਮਰਣੁ ਕਬੂਲਿ, ਜੀਵਣ ਕੀ ਛਡਿ ਆਸ॥ ਹੋਹੁ ਸਭਨਾ ਕੀ ਰੇਣੁਕਾ, ਤਉ ਆਉ ਹਮਾਰੈ ਪਾਸਿ॥' ਦੇ ਆਦੇਸ਼ ਨਾਲ ਜਿਥੇ ਮਰਣ ਲਈ ਤੱਤਪਰ ਰਹਿਣ ਦੀ ਸ਼ਰਤ ਫੇਰ ਦੁਹਰਾਈ ਗਈ, ਉਥੇ ਨਾਲ ਹੀ ਨਿਰਮਾਣ ਹੋਣ ਦੀ ਸ਼ਰਤ ਵੀ ਰੱਖ ਦਿੱਤੀ ਗਈ।

ਪਹਿਲੇ ਪੜਾਅ 'ਤੇ ਹੀ ਹਰ ਸਿੱਖ ਲਈ ਦਸਵੰਧ ਦੇਣਾ ਲਾਜ਼ਮੀ ਬਣਾ ਦਿੱਤਾ ਗਿਆ ਸੀ। ਇਹ ਘਟਨਾ ਜਿੱਥੇ ਬਹੁਤ ਮਹੱਤਵਪੂਰਨ ਹੈ, ਉਥੇ ਭੇਦਭਰੀ ਵੀ ਹੈ

ਜਿਹੜੀ ਕਿ ਸੁਹਿਰਦ ਪਾਠਕਾਂ ਦਾ ਖ਼ਾਸ ਧਿਆਨ ਮੰਗਦੀ ਹੈ। ਉਹ ਇਹ ਕਿ ਸੰਸਾਰ ਅੰਦਰ ਰਾਜ-ਸੱਤਾ ਦੇ ਦੋ ਬੁਨਿਆਦੀ ਹੱਕ ਪ੍ਰਵਾਣਿਤ ਹਨ। ਸ਼ਸਤਰ ਰੱਖ ਸਕਣੇ ਅਤੇ ਟੈਕਸ ਵਸੂਲਣਾ। ਸਿੱਖ ਮਿਸ਼ਨ ਦੇ ਪਹਿਲੇ ਪੜਾਅ ਦੇ ਅਖ਼ੀਰ 'ਤੇ ਪੰਜਵੇਂ ਪਾਤਸ਼ਾਹ ਨੇ ਹਰ ਸਿੱਖ ਲਈ ਆਪਣੀ ਆਮਦਨ ਦਾ ਦਸਵਾਂ ਹਿਸਾ (ਇੱਕ ਕਿਸਮ ਦਾ ਲੋਕ ਭਲਾਈ ਵਾਸਤੇ ਈਸ਼ਵਰੀ ਕੱਰ)ਦਸਵੰਧ ਦੇ ਰੂਪ ਵਿੱਚ ਦੇਣਾ ਲਾਜ਼ਮੀ ਬਣਾਇਆ।

ਦਸਵੰਧ ਕੁਦਰਤ ਦੇ ਕਾਨੂੰਨ ਨਾਲ ਮੇਲ ਖਾਂਦਾ ਗੁਰੂ ਦਾ ਇਕ ਕਿਸਮ ਦਾ ਕਰ ਹੈ ਜਿਹੜਾ ਕਿ ਹਰ ਸਿੱਖ ਨੂੰ ਦੇਣਾ ਬਣਦਾ ਹੈ। ਗੁਰੂ ਸਾਹਿਬ ਨੇ ਵੰਡ ਕੇ ਛਕਣ ਅਤੇ ਦੂਜਿਆਂ ਦੇ ਜੀਣ-ਥੀਣ 'ਚ ਹਿਸਾ ਪਾਉਣ ਦਾ ਇਹ ਨੇਮ ਬਣਾਇਆ, ਜਿਸ ਦੀ ਹਰ ਸਿੱਖ ਨੇ ਪਾਲਣਾ ਕਰਨੀ ਹੈ। ਦਸਵੰਧ ਨਾ ਦਾਨ ਹੈ, ਨਾ ਕਿਸੇ 'ਤੇ ਅਹਿਸਾਨ ਹੈ ਅਤੇ ਨਾ ਹੀਂ ਇਹ ਦੇਣ 'ਚ ਕੋਈ ਵਡਿਆਈ ਹੈ, ਸਗੋਂ ਲੋਕ ਭਲਾਈ ਵਾਸਤੇ ਦੇਣਾ ਪ੍ਰਾਕ੍ਰਿਤਕ ਇਨਸਾਨੀ ਫਰਜ਼ ਹੈ। ਸਿੱਖ ਦਾ ਚੜ੍ਹਾਵਾ ਦਾਨ ਨਹੀਂ ਹੈ, ਇਸ ਦਾ ਆਧਾਰ ਦਸਵੰਧ (ਵੰਡ ਕੇ ਛਕਣ 'ਤੇ ਆਧਾਰਤ) ਈਸ਼ਵਰੀ ਕੱਰ ਹੈ। ਇਹ ਗੁਰੂ ਦਾ ਕੱਰ ਸਿੱਖ ਦੇ ਜ਼ਿਮੇ ਦੇਣਾ ਬਣਦਾ ਹੈ, ਜੋ ਹਰ ਇੱਕ ਸਿੱਖ ਨੇ ਜ਼ਰੂਰ ਦੇਣਾ ਹੈ ਅਤੇ ਦੇਣਾ ਵੀ ਸ਼ਰਧਾ ਨਾਲ ਹੈ।

ਇਥੇ ਪਹਿਲੇ ਪੜਾਅ ਦੀ ਇੱਕ ਹੋਰ ਘਟਨਾ ਵੀ ਨੋਟ ਕਰਨ ਵਾਲੀ ਹੈ। ਉਹ ਇਹ ਕਿ ਪੰਜਵੇਂ ਪਾਤਸ਼ਾਹ ਨੇ ਗੁਰੂ ਨਾਨਕ ਦੇ ਹਲੇਮੀ ਰਾਜ ਦਾ ਮਨੋਰਥ-ਪੱਤਰ (Manifesto) ਵੀ ਪਹਿਲੇ ਪੜਾਅ ਵਿੱਚ ਹੀ ਸੁਣਾ ਦਿੱਤਾ ਸੀ। ਆਪ ਜੀ ਨੇ ਫ਼ੁਰਮਾਇਆ ਕਿ ਹੁਣ ਹਿੰਦੁਸਤਾਨ 'ਚ ਅਜਿਹਾ ਰਾਜ ਕਾਇਮ ਹੋਵੇਗਾ ਜਿਸ 'ਚ ਇਸ ਦੇ ਸਭ ਵਸਨੀਕ ਸੁੱਖੀ-ਸਾਂਦੀ ਵਸੱਣਗੇ, ਕੋਈ ਵੀ ਕਿਸੇ 'ਤੇ ਅਨਿਆਂ ਨਹੀਂ ਕਰ ਸਕੇਗਾ ਅਤੇ ਨਾ ਹੀਂ ਲੋਕਾਂ ਦੇ ਬੁਨਿਆਦੀ ਹੱਕਾਂ-ਅਧਿਕਾਰਾਂ ਨੂੰ ਲਿਤਾੜ ਸਕੇਗਾ:

ਹੁਣਿ ਹੁਕਮੁ ਹੋਆ ਮਿਹਰਵਾਣ ਦਾ,
ਪੈ ਕੋਇ ਨ ਕਿਸੈ ਰਵਾਣ ਦਾ॥
ਸਭ ਸੁਖਾਲੀ ਵੁਠੀਆ,
ਇਹੁ ਹੋਆ ਹਲੇਮੀ ਰਾਜੁ ਜੀਉ॥ (ਪੰਨਾ 74)

ਜਦ ਲੋਕ-ਅਧਿਕਾਰਾਂ 'ਤੇ ਸਮਕਾਲੀ ਹਕੂਮਤ ਵਲੋਂ ਬਾਕਾਇਦਾ ਵਾਰ ਹੋਣ ਲੱਗ ਪਏ, ਲੋਕਾਂ ਦਾ ਸਵੈ-ਮਾਣ ਖਤਰੇ 'ਚ ਦੇਖਿਆ ਅਤੇ ਲੋਕ-ਹਿੱਤਾਂ ਦੀ ਰਾਖੀ ਦਾ ਸਮਾਂ ਆਇਆ, ਤਾਂ ਆਪ ਜੀ ਨੇ ਲੋਕ-ਵੈਰੀਆਂ ਦੀ ਤੰਗਦਿਲੀ ਜ਼ਮੀਰ ਨੂੰ ਹਲੂਣਿਆ, ਵੰਗਾਰਿਆਂ ਅਤੇ ਜਬਰ ਦਾ ਮੁਕਾਬਲਾ ਸਬਰ ਨਾਲ ਕਰ ਕੇ, ਮਨੁੱਖਤਾ

ਨੂੰ ਇਕ ਨਵੀਂ ਜੀਵਨ-ਜਾਂਚ ਸਿਖਾਂਦਿਆਂ ਆਪਣੇ ਆਦਰਸ਼ ਦੀ ਪੂਰਤੀ ਲਈ ਸ਼ਹਾਦਤ ਦੇ ਦਿੱਤੀ।

ਪੰਚਮ ਪਾਤਸ਼ਾਹ ਦੀ ਲਾਸਾਨੀ ਸ਼ਹਾਦਤ ਨੇ ਸਿੱਖ ਕੌਮ ਨੂੰ ਹਕੂਮਤੀ ਜਬਰ ਅੱਗੇ ਡਟਣ ਦੀ ਨਵੀਂ ਦਿਸ਼ਾ ਵਿਖਾਈ। ਸਿੱਖਾਂ ਨੂੰ ਜ਼ੁਲਮ ਨਾਲ ਟੱਕਰ ਲੈਣ, ਸਬਰ-ਸੰਤੋਖ ਨਾਲ ਅਕਾਲ ਪੁਰਖ ਦਾ ਭਾਣਾ ਮੰਨਣ ਅਤੇ ਦ੍ਰਿੜਤਾ ਨਾਲ ਆਪਣੇ ਹੱਕਾਂ ਦੀ ਰੱਖਿਆ ਕਰਨੀ ਸਿਖਾਈ। ਸਿੱਖੀ ਦੇ ਅਸੂਲਾਂ ਅਤੇ ਕਦਰਾਂ-ਕੀਮਤਾਂ 'ਤੇ ਪਹਿਰਾ ਦਿੰਦਿਆਂ ਅੰਤ ਆਪਣੀ ਸ਼ਹਾਦਤ ਦੇਕੇ, ਆਉਣ ਵਾਲੀਆਂ ਪੀੜ੍ਹੀਆਂ ਨੂੰ ਸਮਝਾ ਗਏ ਕਿ ਜ਼ੁਲਮ, ਜਬਰ ਅਤੇ ਅਨਿਆਂ ਦਾ ਟਾਕਰਾ ਹਰ ਹੀਲੇ ਕੀਤਾ ਜਾਣਾ ਚਾਹੀਦਾ ਹੈ। ਇਸ ਸ਼ਹਾਦਤ ਨੇ ਸਿੱਖੀ ਮਹਿਲ ਦੀਆਂ ਨੀਹਾਂ ਨੂੰ ਅਜਿਹਾ ਪੱਕਾ ਤੇ ਮਜ਼ਬੂਤ ਕਰ ਦਿੱਤਾ ਕਿ ਆਉਣ ਵਾਲੇ ਸਮੇਂ ਦੇ ਜ਼ੁਲਮ ਦੇ ਝੱਖੜ ਇਸ ਦਾ ਕੁਝ ਨਾ ਵਿਗਾੜ ਸਕੇ।

ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਤੋਂ ਪੀਰੀ ਨਾਲ ਮੀਰੀ ਦਾ ਸੁਮੇਲ ਇਸ ਮਾਰਗ ਦੇ ਦੂਜੇ ਪੜਾਅ ਦਾ ਆਰੰਭ ਸੀ। ਜਿਵੇਂ ਇਕ ਸਰਜਨ ਨੂੰ ਸਰੀਰਕ ਗਿਆਨ ਦੀ ਪੂਰੀ ਸਿਧਾਂਤਕ ਟਰੇਨਿੰਗ ਦੇਣ ਮਗਰੋਂ ਹੀ ਉਸ ਦੇ ਹੱਥ ਵਿੱਚ ਚਾਕੂ ਦਿੱਤਾ ਜਾਂਦਾ ਹੈ, ਤਿਵੇਂ ਹੀ ਸੰਤਪਨ ਦੀ ਟਰੇਨਿੰਗ ਦੇਣ ਮਗਰੋਂ ਹੀ ਸੰਤ ਦੇ ਹੱਥ ਵਿੱਚ ਕ੍ਰਿਪਾਨ ਫੜਾਈ ਜਾਣੀ ਸੀ। ਇਸ ਸਾਰੀ ਤਸਵੀਰ ਦਾ ਖ਼ਾਕਾ ਬਾਬੇ ਨਾਨਕ ਨੇ ਆਪ ਹੀ ਖਿਚਿਆ ਸੀ। ਜਿਸ ਨੂੰ ਸੰਪੂਰਨ ਕਰਨ ਲਈ ਲੰਮੇਰੇ ਸਮੇਂ ਦੀ ਲੋੜ ਸੀ। ਇਸ ਦੇ ਹਰ ਰੰਗ ਨੂੰ ਪਕੇਰਿਆਂ ਕਰਨ 'ਤੇ ਚੋਖਾ ਸਮਾਂ ਲੱਗਣਾ ਸੀ ਕਿਉਂਕਿ ਇਹ ਸਾਰਾ ਕੰਮ ਕੁਦਰਤ ਦੇ ਕਾਨੂੰਨ ਅਨੁਸਾਰ ਹੋਣਾ ਸੀ ਨਾ ਕਿ ਕਰਾਮਾਤਾਂ ਨਾਲ। ਹਰ ਸਬਕ ਆਪ ਕੁਰਬਾਨੀ ਦੇਕੇ ਸਿਖਾਣਾ ਸੀ ਅਤੇ ਇਸ ਵਿੱਚ ਕੁਝ ਰੰਗ ਭਰਨ ਲਈ ਆਪਣੇ ਖ਼ੂਨ ਦੀ ਕੁਰਬਾਨੀ ਵੀ ਦੇਣੀ ਸੀ।

ਕਈ ਪੰਥ ਦੋਖੀ ਇਹ ਕਹਿੰਦੇ ਹਨ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਸ਼ਸਤਰ ਧਾਰਨ ਕਰਕੇ ਗੁਰੂ ਨਾਨਕ ਮਿਸ਼ਨ ਨਾਲੋਂ ਤੋੜ ਵਿਛੋੜਾ ਕੀਤਾ ਸੀ। ਅਸਲੀਅਤ ਤਾਂ ਇਹ ਹੈ ਕਿ ਸਭ ਗੁਰੂ ਸਾਹਿਬਾਨ ਨੇ ਗੁਰੂ ਨਾਨਕ ਮਿਸ਼ਨ ਨੂੰ ਹੀ ਅੱਗੇ ਤੋਰਿਆ। ਗੁਰੂ ਅਰਜਨ ਸਾਹਿਬ ਨੇ ਗੁਰੂ ਨਾਨਕ ਮਿਸ਼ਨ ਦੇ ਪਹਿਲੇ ਪੜਾਅ ਦੀ ਸੰਪੂਰਨਤਾ 'ਚ ਵਿਸ਼ੇਸ਼ ਭੂਮਿਕਾ ਨਿਭਾਈ ਅਤੇ ਦੂਜੇ ਪੜਾਅ ਲਈ ਜ਼ਮੀਨ ਤਿਆਰ ਕੀਤੀ।

ਇਹ ਤਾਂ ਦੋ ਸੌ ਸਾਲ ਤੋਂ ਉਪਰ ਦੀ ਲੰਮੀ ਘਾਲਣਾ ਦਾ ਸਿੱਟਾ ਸੀ। ਮਨੁੱਖ ਤੋਂ ਸਿੱਖ, ਸਿੱਖ ਤੋਂ ਗੁਰਮੁੱਖ, ਗੁਰਮੁੱਖ ਤੋਂ ਸੰਤ ਸਿਪਾਹੀ ਅਤੇ ਸੰਤ ਸਿਪਾਹੀ ਤੋਂ ਖ਼ਾਲਸੇ ਦਾ ਰੂਪ ਦੇਣ ਦਾ ਲੰਮਾ ਮਾਰਗ ਸੀ। ਇਸ ਮਿਸ਼ਨ ਦੀ ਪੂਰਤੀ ਲਈ ਬਾਬੇ

ਨਾਨਕ ਨੂੰ ਦਸ ਜਾਮਿਆਂ ਵਿੱਚ ਆਉਣਾ ਪਿਆ। ਆਪ ਜੀ ਨੇ ਹਰ ਰੂਪ ਵਿੱਚ ਇੱਕ ਨਵਾਂ ਸਬਕ ਸਿਖਾਇਆ ਅਤੇ ਹਰ ਸਰੂਪ ਵਿੱਚ ਨਵੀਂ ਸ਼ਕਤੀ, ਨਵੇਂ ਸਿਧਾਂਤ ਅਤੇ ਨਵੇਂ ਨਿਸ਼ਾਨੇ ਪ੍ਰਗਟਾਏ।

ਗੁਰੂ ਹਰਿਗੋਬਿੰਦ ਸਾਹਿਬ ਨੇ ਸਿੱਖ ਲਹਿਰ ਨੂੰ ਅੱਗੇ ਤੋਰਨ ਲਈ ਆਪਣੀ ਸਾਰੀ ਸ਼ਕਤੀ ਹਰਿਮੰਦਰ ਸਾਹਿਬ ਦੀ ਉੱਚਤਾ, ਅਕਾਲ ਤਖਤ ਸਾਹਿਬ ਅਤੇ ਸਿੱਖ ਕੌਮ ਦੀ ਉਸਾਰੀ ਵਾਸਤੇ ਲਾਈ। ਬਾਕੀ ਗੁਰੂ ਸਾਹਿਬਾਨ ਵਾਂਗ ਆਪ ਜੀ ਦਾ ਵੀ ਇਹ ਦ੍ਰਿੜ ਵਿਸ਼ਵਾਸ ਸੀ ਕਿ ਧਰਮ ਅਸਥਾਨਾਂ ਦਾ ਮੰਤਵਮਨੁੱਖ ਨੂੰ ਸੱਚ, ਸੰਤੋਖ ਤੇ ਸਾਹਸ ਪ੍ਰਦਾਨ ਕਰਨਾ ਹੈ, ਜੋ ਮਨੁੱਖ ਨੂੰ ਆਤਮਕ ਤੌਰ ਤੇ ਸ਼ਕਤੀਸ਼ਾਲੀ ਬਣਾਂਦੇ ਹਨ।

ਗੁਰੂ ਸਾਹਿਬ ਸਿੱਖ ਸ਼ਕਤੀ ਦੇ ਪ੍ਰਚਾਰ-ਪਸਾਰ ਵਾਸਤੇ ਪੂਰੀ ਤਰ੍ਹਾਂ ਸੁਚੇਤ ਸਨ। ਆਪ ਜੀ ਨੇ ਕਰਤਾਰਪੁਰ ਵਰਗੇ ਕਈ ਨਵੇਂ ਨਗਰ ਵਸਾ ਕੇ ਸਿੱਖੀ ਦੇ ਨਵੇਂ ਕੇਂਦਰ ਸਥਾਪਤ ਕੀਤੇ। ਪੰਜਾਬੋਂ ਬਾਹਰ ਜਦ ਸਿੱਖ ਪ੍ਰਚਾਰਕ ਭੇਜਦੇ ਸਨ, ਤਾਂ ਉਹਨਾਂ ਦੀ ਸੁਰੱਖਿਆ ਵਾਸਤੇ ਸੌ-ਸੌ ਘੋੜ ਸਵਾਰ ਨਾਲ ਭੇਜਦੇ ਸਨ। ਆਪ ਜੀ ਨੇ ਧਰਮ ਕਾਰਜਾਂ ਨੂੰ ਵੀ ਪੂਰੀ ਤਰ੍ਹਾਂ ਜਾਰੀ ਰੱਖਿਆ ਅਤੇ ਨਾਲ ਨਾਲ ਸਿਪਾਹੀ ਦੀ ਟਰੇਨਿੰਗ ਦਾ ਕੰਮ ਵੀ ਜਾਰੀ ਰੱਖਿਆ।

ਗੁਰੂ ਨਾਨਕ ਪਾਤਸ਼ਾਹ ਦੇ ਰਾਜ-ਜੋਗ ਦਾ ਸਿਧਾਂਤ ਮੀਰੀ ਪੀਰੀ ਦੇ ਰੂਪ 'ਚ ਸਾਕਾਰ ਹੋਣਾ ਸ਼ੁਰੂ ਹੋਇਆ ਅਤੇ ਅਕਾਲ ਤਖਤ ਸਾਹਿਬ ਹੋਂਦ 'ਚ ਆਇਆ। ਸਿਪਾਹੀ ਦੀ ਟਰੇਨਿੰਗ ਦਾ ਕੰਮ ਆਰੰਭ ਹੋਇਆ, ਸ਼ਿਕਾਰ ਖੇਡਣੇ, ਕਸਰਤਾਂ ਕਰਨੀਆਂ ਅਤੇ ਜੰਗੀ ਮਸ਼ਕਾਂ ਕਰਨੀਆਂ ਆਰੰਭ ਹੋਈਆਂ। ਸ਼ਾਸਤਰ (ਗੁਰਬਾਣੀ) ਨਾਲ ਸ਼ਸਤਰ ਦਾ ਮੇਲ ਹੋਇਆ। ਸ਼ਾਂਤ-ਰਸ ਨਾਲ ਬੀਰ-ਰਸ ਦਾ ਸੰਜੋਗ ਹੋਇਆ। ਨੌਵੇਂ ਪਾਤਸ਼ਾਹ ਨੇ ਦੂਜਿਆਂ ਦੇ ਧਰਮ ਨੂੰ ਬਚਾਉਣ ਲਈ ਸੀਸ ਕਟਾਉਣ ਦਾ ਆਖ਼ਰੀ ਸਬਕ ਪੜ੍ਹਾਇਆ। ਇਸ ਤਰ੍ਹਾਂ ਦੂਜੇ ਪੜ੍ਹਾ ਦੀ ਟਰੇਨਿੰਗ ਪੂਰੀ ਹੋਣ 'ਤੇ ਜਦ ਸੰਤ ਸਿਪਾਹੀ ਤਿਆਰ ਹੋਇਆ, ਤਾਂ ਦਸਵੇਂ ਪਾਤਸ਼ਾਹ ਨੇ ਖਾਲਸਾ ਸਾਜ ਕੇ ਗੁਰੂ ਨਾਨਕ ਮਿਸ਼ਨ ਦੀ ਸੰਪੂਰਨਤਾ ਕੀਤੀ।

ਮੁਗਲਸ਼ਾਹੀ ਤਖਤ ਵਲੋਂ ਕੀਤੇ ਜਾ ਰਹੇ ਜ਼ੁਲਮ, ਹੰਕਾਰਮਈ ਐਲਾਨਨਾਮੇ ਅਤੇ ਬੇਇਨਸਾਫੀਆਂ ਨੂੰ ਠੱਲ੍ਹ ਪਾਉਣ ਲਈ ਆਪ ਜੀ ਨੇ ਅਕਾਲ ਤਖ਼ਤ ਸਾਹਿਬ ਦੀ ਸਿਰਜਨਾ ਕੀਤੀ ਅਤੇ ਫੁਰਮਾਇਆ ਕਿ ਇਹ ਅਕਾਲ ਪੁਰਖ ਦਾ ਆਪਣਾ ਤਖਤ ਹੈ। ਇਥੇ ਸਭ ਬਰਾਬਰ ਹੋਣਗੇ। ਇਹ ਜਾਤਪਾਤ, ਰੂਪ-ਰੰਗ, ਛੋਟੇ-ਵੱਡੇ ਅਤੇ ਇਲਾਕਾਈ ਵਿਤਕਰਿਆਂ ਤੋਂ ਰਹਿਤ ਹੋਵੇਗਾ। ਇਸ ਤਖਤ ਤੋਂ ਨਾ ਕਿਸੇ ਨੂੰ ਡਰਾਇਆ ਜਾਏਗਾ ਅਤੇ ਨਾ ਹੀਂ ਇਸ ਤਖਤ ਨੂੰ ਮੰਨਣ ਵਾਲੇ ਕਿਸੇ ਜ਼ਾਲਮ ਤੋਂ ਡਰਨਗੇ।

ਆਪ ਜੀ ਨੇ ਫੁਰਮਾਇਆ ਕਿ ਇਥੋਂ ਜਿਹੜੇ ਹੁਕਮ ਜਾਰੀ ਹੋਣਗੇ, ਉਹ ਮਨੁੱਖਤਾ ਦੀ ਆਤਮਕ ਤੇ ਸੰਸਾਰਕ ਭਲਾਈ ਦਾ ਸਾਧਨ ਹੋਣਗੇ। ਇਥੋਂ ਨਾ ਕਿਸੇ ਨਾਲ ਬੇਇਨਸਾਫੀ ਹੋਵੇਗੀ, ਨਾ ਕਿਸੇ 'ਤੇ ਜ਼ੋਰ-ਜ਼ੁਲਮ ਕੀਤਾ ਜਾਏਗਾ ਅਤੇ ਨਾ ਹੀਂ ਕਿਸੇ 'ਤੇ ਹੋ ਰਹੇ ਜ਼ੋਰ-ਜ਼ੁਲਮ ਨੂੰ ਝੱਲਿਆ ਜਾਏਗਾ। ਮੀਰੀ ਤੇ ਪੀਰੀ ਦੇ ਸੰਜੋਗ ਦੇ ਇਸ ਐਲਾਨ ਨਾਲ ਸਿੱਖਾਂ ਅੰਦਰ ਨਵਾਂ ਉਤਸ਼ਾਹ ਤੇ ਉਮਾਹ ਜਾਗਿਆ। ਬਾਬੇ ਨਾਨਕ ਦੇ ਰਾਜ ਜੋਗ ਦੇ ਉਲੀਕੇ ਪ੍ਰਲਾਨ ਨੂੰ ਹੀ ਗੁਰੂ ਹਰਿਗੋਬਿੰਦ ਸਾਹਿਬ ਅਮਲੀ ਰੂਪ ਦੇ ਰਹੇ ਸਨ।

ਨੌਂ ਗੁਰੂ ਸਾਹਿਬਾਨ ਨੇ ਗੁਰੂ ਨਾਨਕ ਸਾਹਿਬ ਦੇ ਸੱਚ ਦੀ ਅਵਾਜ਼ ਦੇ ਵਾਹਕ ਬਣ ਕੇ ਇਤਿਹਾਸ ਦੀਆਂ ਤਲਖ਼ ਹਕੀਕਤਾਂ ਨਾਲ ਟਕਰਾਦਿਆਂ ਉਸ ਨੂੰ ਸਿਖਰ ਤਕ ਪਹੁੰਚਾਇਆ। 1699 ਦੀ ਵਿਸਾਖੀ ਦਾ ਇਨਕਲਾਬੀ ਕਾਰਨਾਮਾ ਉਸੇ ਸੱਚ ਦੀ ਸਿਖਰ ਹੀ ਤਾਂ ਸੀ। ਸਮੁੱਚਾ ਸਿੱਖ ਇਤਿਹਾਸ ਅਤੇ ਸਿੱਖ ਵਿਰਸਾ ਕਿਸੇ ਕਿਸਮ ਦੀ ਵੀ ਗ਼ੁਲਾਮੀ ਨਾ ਕਬੂਲਣ ਦੇ ਸੱਚ 'ਤੇ ਹੀ ਖੜਾ ਹੈ। ਉਸੇ ਸੱਚ ਦਾ ਪਰਚਮ ਝੁਲਦਾ ਰੱਖਣ ਲਈ ਭਾਵੇਂ ਕਿਸੇ ਨੂੰ ਚਰਖੜੀਆਂ 'ਤੇ ਚਾੜ੍ਹਿਆ ਗਿਆ, ਕਿਸੇ ਨੂੰ ਦੇਗ 'ਚ ਉਬਾਲ ਦਿੱਤਾ ਗਿਆ, ਕਿਸੇ ਦੀ ਖੋਪਰੀ ਲਾਹ ਦਿੱਤੀ ਗਈ, ਪਰ ਉਹਨਾਂ ਹਰ ਕੀਮਤ ਤਾਰ ਕੇ ਵੀ ਉਸ ਸੱਚ ਦੀ ਜੋਤਿ ਨੂੰ ਜਗਾਈ ਰੱਖਿਆ।

ਨੌਵੇਂ ਸਰੂਪ ਵਿੱਚ ਦੂਜਿਆਂ ਦੇ ਧਰਮ ਨੂੰ ਬਚਾਉਣ ਖ਼ਾਤਰ ਆਪਣਾ ਸਿਰ ਕਟਾਣਾ ਸਿਖਾਇਆ ਗਿਆ। ਇਸ ਆਖ਼ਰੀ ਸਬਕ ਨਾਲ ਸਿਖਲਾਈ ਦਾ ਕੋਰਸ ਜਦ ਪੂਰਾ ਹੋ ਗਿਆ, ਤਾਂ ਦਸਮ ਪਾਤਸ਼ਾਹ ਨੇ ਗੁਰੂ ਨਾਨਕ ਦੇ ਮਾਰਗ 'ਤੇ ਸਿਰ ਤਲੀ 'ਤੇ ਧਰਕੇ ਚਲਣ ਵਾਲਿਆਂ ਨੂੰ ਪ੍ਰੀਖਿਆ ਦਾ ਪਰਚਾ ਪਾਇਆ। ਟਰੇਨਿੰਗ ਦਾ ਕੋਰਸ ਪੂਰਾ ਹੋ ਜਾਣ 'ਤੇ ਦਸ਼ਮੇਸ਼ ਪਿਤਾ ਨੇ "ਇਤੁ ਮਾਰਗਿ ਪੈਰੁ ਧਰੀਜੈ। ਸਿਰੁ ਦੀਜੈ ਕਾਣਿ ਨ ਕੀਜੈ॥" ਦਾ ਦੋ ਸੌ ਸਾਲਾਂ ਤੋਂ ਵੱਧ ਸਮੇਂ ਤੋਂ ਅਭਿਆਸ ਕਰਦੇ ਆ ਰਹੇ ਸਿੱਖਾਂ ਨੂੰ 1699 ਦੇ ਸੁਭਾਗੇ ਵਿਸਾਖੀ ਵਾਲੇ ਦਿਹਾੜੇ ਕਰੜੇ ਇਮਤਿਹਾਨ ਦਾ ਪਰਚਾ ਪਾਇਆ ਸੀ ਜਿਸ 'ਚ ਸਿੰਘ ਪੂਰੇ ਨੰਬਰ ਲੈ ਕੇ ਪਾਸ ਹੋਏ ਸਨ।

ਮਰਦ ਅਗੰਮੜੇ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਪ੍ਰਤੱਖ ਪਾਹੁਲ ਦੇ ਅਲੌਕਿਕ ਚਮਤਕਾਰ ਨੇ ਸਾਰੇ ਸੰਸਾਰ ਦੀਆਂ ਅੱਖਾਂ ਚੁੰਧਿਆ ਕੇ ਰੱਖ ਦਿੱਤੀਆਂ। ਖ਼ਾਲਸਾ ਸਜਦਿਆਂ ਹੀ ਪਿਛਲੀ ਕੁਲ ਨਾਸ, ਕਰਮ ਨਾਸ, ਵਰਣ ਨਾਸ, ਵਹਿਮ-ਭਰਮ ਨਾਸ, ਪਾਪ ਨਾਸ ਅਤੇ ਉਚ-ਨੀਚ ਦੀਆਂ ਵਿੱਥਾਂ ਦਾ ਨਾਸ ਕਰ ਵਿਖਾਇਆ। ਅਵਤਾਰ ਪੂਜਾ, ਦੇਵੀ-ਦੇਵਤਿਆਂ ਦੀ ਪੂਜਾ, ਬੁੱਤ ਪੂਜਾ, ਨਾਗ ਪੂਜਾ, ਬ੍ਰਿਛ ਪੂਜਾ, ਲਕਸ਼ਮੀ (ਧਨ)ਪੂਜਾ, ਪਿੱਪਲ ਪੂਜਾ ਅਤੇ ਗੋਰ-ਮੜ੍ਹੀ ਆਦਿਕ ਦੀ ਪੂਜਾ ਦੀ ਸਦਾ ਲਈ ਫੱਟੀ ਪੋਚ ਦਿੱਤੀ ਗਈ। ਕੱਲ੍ਹ ਦੇ ਬੁਜ਼ਦਿਲ ਨਿਰਭੈ ਤੇ ਨਿਰਵੈਰ ਸੰਤ ਸਿਪਾਹੀ ਬਣ ਗਏ।

ਪੰਜ ਕਕਾਰੀ ਰਹਿਤ ਮਰਯਾਦਾ ਰੱਖਣੀ, ਪੰਜ ਕਕਾਰੀ ਵਰਦੀ ਵਿੱਚ ਸਜਣਾ, ਪੰਜ ਹੀ ਬਾਣੀਆਂ ਦਾ ਪਾਠ ਕਰਨਾ, ਪੰਜਾਂ ਦਾ ਹੀ ਸਨਮਾਨ ਕਰਨਾ, ਪੰਜਾਂ ਦਾ ਹੀ ਫ਼ੈਸਲਾ ਮੰਨਣਾ, ਸਦਾ ਹੀ ਸੱਚਾ ਤੇ ਧਰਮੀ ਜੀਵਨ ਜੀਉਣਾ ਖ਼ਾਲਸੇ ਦਾ ਨੇਮ ਬਣਾ ਦਿੱਤਾ ਗਿਆ। ਖ਼ਾਲਸੇ ਨੇ ਆਤਮਕ ਤੇ ਸਰੀਰਕ ਦੋਹਾਂ ਪੱਖਾਂ ਤੋਂ ਬਲਵਾਨ ਹੋਕੇ ਵਿਚਰਨਾ ਹੈ। ਖ਼ਾਲਸੇ ਨੇ ਆਪਣੀਆਂ ਮਨ-ਬਿਰਤੀਆਂ ਨੂੰ ਰਹਿਤ ਮਰਯਾਦਾ ਦੇ ਜ਼ਬਤ ਵਿੱਚ ਇਕਸੁਰ ਕਰਨਾ ਹੈ। ਪੰਜ ਕਕਾਰ - ਕੇਸ, ਕੰਘਾ, ਕੜਾ, ਕਛਹਿਰਾ ਅਤੇ ਕ੍ਰਿਪਾਨ, ਖ਼ਾਲਸੇ ਦੇ ਸਰੀਰ ਦੇ ਲਾਜ਼ਮੀ ਅੰਗ ਬਣਾ ਦਿੱਤੇ ਗਏ। ਚਾਰ ਕੁਰਹਿਤਾਂ- ਸਰੀਰ ਦੇ ਕਿਸੇ ਵੀ ਹਿੱਸੇ ਤੋਂ ਕੇਸਾਂ ਦੀ ਬੇ-ਅਦਬੀ ਕਰਨੀ, ਤੰਬਾਕੂ, ਸ਼ਰਾਬ ਆਦਿਕ ਨਸ਼ਿਆਂ ਦੀ ਵਰਤੋਂ ਕਰਨੀ, ਕੁੱਠੇ ਮਾਸ ਦੀ ਵਰਤੋਂ ਕਰਨੀ (ਰਹਿਤ ਮਰਯਾਦਾ ਅਨੁਸਾਰ)ਅਤੇ ਪਰ-ਇਸਤਰੀ ਦੇ ਗਮਨ ਕਰਨ ਨੂੰ ਬੱਜਰ ਪਾਪ ਕਰਾਰ ਦੇ ਦਿੱਤਾ ਗਿਆ।

ਪੂਜਾ ਇਕ ਅਕਾਲ ਪੁਰਖ ਦੀ, ਪਰਚਾ ਸ਼ਬਦ ਦਾ ਅਤੇ ਦੀਦਾਰ ਖ਼ਾਲਸੇ ਦਾ ਲਾਜ਼ਮੀ ਬਣਾ ਦਿੱਤਾ ਗਿਆ। ਇੱਕ ਅਕਾਲ ਪੁਰਖ ਦਾ ਇੱਕ ਇਸ਼ਟ, ਇੱਕੋ ਗੁਰੂ, ਇੱਕੋ ਅੰਮ੍ਰਿਤ, ਇੱਕੋ ਬਾਟਾ, ਇੱਕੋ ਸੰਗਤ ਤੇ ਇੱਕ ਪੰਗਤ ਨਾਲ ਰਾਜਾ ਰੰਕ ਬਰਾਬਰੀ ਦੇ ਡੰਕੇ ਵਜਾ ਦਿੱਤੇ ਗਏ। ਹਜ਼ਾਰਾਂ ਸਾਲਾਂ ਵਿੱਚ ਜੋ ਕੋਈ ਨਾ ਕਰ ਸਕਿਆ, ਦਸ਼ਮੇਸ਼ ਪਿਤਾ ਨੇ ਥੋੜੇ ਜਿਹੇ ਸਮੇਂ ਵਿੱਚ ਕਰ ਵਿਖਾਇਆ। ਪਾਹੁਲ ਛਕਦਿਆਂ ਹੀ ਖ਼ਾਲਸੇ ਦੇ ਹੱਥ ਵਿੱਚ ਕ੍ਰਿਪਾਨ, ਮੂੰਹ ਵਿੱਚੋਂ ਕਰਤਾਰ ਅਤੇ ਹਿਰਦੇ ਵਿੱਚੋਂ ਪਿਆਰ ਦੇ ਝਰਨੇ ਵੱਗ ਤੁਰੇ; ਉਹਨਾਂ ਦੇ ਹਿਰਦਿਆਂ ਵਿੱਚੋਂ ਅਣਖ ਤੇ ਗੈਰਤ ਦੀਆਂ ਲਾਟਾਂ ਬਲ ਉਠੀਆਂ; ਉਹਨਾਂ ਦੇ ਚਿਹਰੇ ਦਗ-ਦਗ ਕਰਨ ਲਗ ਪਏ; ਉਹਨਾਂ ਦੀ ਦਿੱਸਣੀ ਨਵੀਂ; ਪ੍ਰੇਰਨਾ ਨਵੀਂ ਤੇ ਨਵਾਂ ਹੀ ਚਾਹ-ਉਮਾਹ ਮਨੁੱਖਤਾ ਨੂੰ ਨਵੀਂ ਆਸ ਦੇਣ ਲੱਗ ਪਏ; ਕੱਲ੍ਹ ਦੇ ਬੁਜ਼ਦਿਲ ਨਿਰਭੈ ਤੇ ਨਿਰਵੈਰ ਸੰਤ ਸਿਪਾਹੀ ਬਣ ਗਏ।

ਖ਼ਾਲਸੇ ਨੂੰ ਨਿਆਰੇ ਇਸ਼ਟ, ਨਿਆਰੇ ਗਰੰਥ ਅਤੇ ਨਿਆਰੇ ਪੰਥ ਨਾਲ ਜੋੜਿਆ ਗਿਆ। ਖ਼ਾਲਸੇ ਨੂੰ ਨਵੇਂ ਦੈਵੀ ਆਦਰਸ਼, ਨਵੇਂ ਦੈਵੀ ਨਿਸ਼ਾਨੇ, ਨਵੇਂ ਦੈਵੀ ਨਿਯਮ, ਨਵੇਂ ਪਹਿਰਾਵੇ, ਨਵੇਂ ਹੀ ਨਾਂ ਅਤੇ ਨਵੇਂ ਹੀ ਦੈਵੀ ਜੀਵਨ ਦਾ ਧਾਰਨੀ ਬਣਾਇਆ ਗਿਆ। ਖ਼ਾਲਸੇ ਦਾ ਰੂਪ ਨਿਆਰਾ, ਖ਼ਾਲਸੇ ਦੀ ਵਰਦੀ ਨਿਆਰੀ, ਖ਼ਾਲਸੇ ਦੇ ਬੋਲ-ਬਾਲੇ ਨਿਆਰੇ, ਖ਼ਾਲਸੇ ਦਾ ਖਾਣ-ਪੀਣ ਨਿਆਰਾ, ਖ਼ਾਲਸੇ ਦੀ ਰਹਿਣੀ-ਬਹਿਣੀ ਨਿਆਰੀ ਭਾਵਸਭ ਕੁਝ ਹੀ ਖ਼ਾਲਸੇ ਦਾ ਨਿਆਰਾ ਬਣਾ ਦਿੱਤਾ ਗਿਆ। ਹਰ ਸਿੱਖ ਮਰਦ ਦੇ ਨਾਂ ਨਾਲ 'ਸਿੰਘ' ਜੋੜ ਕੇ ਅਤੇ ਹਰ ਸਿੱਖ ਇਸਤਰੀ ਦੇ ਨਾਂ ਨਾਲ 'ਕੌਰ' ਪਦ ਜੋੜ ਕੇ ਸਭ ਨੂੰ ਸਾਂਝੀਵਾਲਤਾ ਦੀ ਲੜੀ

ਵਿੱਚ ਪਰੋ ਦਿੱਤਾ ਗਿਆ ਅਤੇ ਇਸ ਤਰ੍ਹਾਂ ਖ਼ਾਲਸੇ ਨੂੰ ਸੰਸਾਰ ਦੀ ਨਵੇਕਲੀ ਕੌਮ ਬਣਾ ਦਿੱਤਾ ਗਿਆ।

ਸ਼ਸਤਰ ਧਾਰਨ ਕਰਨ ਅਤੇ ਇਸ ਦੀ ਟਰੇਨਿੰਗ ਛੇਵੇਂ ਪਾਤਸ਼ਾਹ ਤੋਂ ਆਰੰਭ ਹੋਈ ਜਿਸ ਦੇ ਸੰਪੂਰਣ ਹੋਣ 'ਤੇ ਦਸਵੇਂ ਪਾਤਸ਼ਾਹ ਨੇ ਨਾ ਕੇਵਲ ਸ਼ਸਤਰਧਾਰੀ ਹੋਣਾ ਲਾਜ਼ਮੀ ਬਣਾਇਆ ਸਗੋਂ ਕ੍ਰਿਪਾਨ (ਸ਼ਸਤਰ)ਦਾ ਹਰ ਵੇਲੇ ਕੋਲ ਰੱਖਣਾ ਵੀ ਲਾਜ਼ਮੀ ਬਣਾਇਆ। ਉਸੇ ਦਿਨ ਤੋਂ ਹੀ ਸ਼ਸਤਰ ਖ਼ਾਲਸਈ ਪ੍ਰਭੁਤਾ ਦਾ ਨਿਸ਼ਾਨ ਬਣ ਚੁੱਕਾ ਹੈ। ਬਿਨਾਂ ਕਿਸੇ ਰੋਕ-ਟੋਕ ਦੇ ਅਤੇ ਬਿਨਾਂ ਕਿਸੇ ਪਾਬੰਦੀ ਦੇ ਕ੍ਰਿਪਾਨ ਧਾਰਨ ਕਰਨਾ ਖ਼ਾਲਸਈ ਸਰਬ-ਸਮਰਥਕ (Sovereign) ਹੱਕ ਹੈ ਕਿਉਂਕਿ ਗੁਰੂ ਸਾਹਿਬਾਨ ਨੇ ਖ਼ਾਲਸੇ ਨੂੰ 'ਸ਼ਸਤ੍ਰਨ ਕੇ ਅਧੀਨ ਹੈ ਰਾਜ' ਦੇ ਸੰਕਲਪ ਤੋਂ ਪੂਰੀ ਤਰ੍ਹਾਂ ਸੁਚੇਤ ਕਰਨਾ ਸੀ।

20) ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਤੇ ਚੁਰਾਸੀ ਦੇ ਘੱਲੂਘਾਰੇ

ਜਹਾਂਗੀਰ ਨੇ ਜਿੱਥੇ ਸਿੱਖ ਲਹਿਰ ਨੂੰ ਖਤਮ ਕਰ ਦੇਣ ਲਈ ਗੁਰੂ ਅਰਜਨ ਸਾਹਿਬ ਨੂੰ ਤਸੀਹੇ ਦੇਕੇ ਸ਼ਹੀਦ ਕੀਤਾ ਸੀ, ਉਥੇ ਇੰਦਰਾ ਗਾਂਧੀ ਨੇ ਗੁਰੂ ਅਰਜਨ ਦੇਵਜੀ ਦੇ ਸ਼ਹੀਦੀ ਦਿਹਾੜੇ 'ਤੇ ਸਮੁੱਚੀ ਸਿੱਖ ਕੌਮ ਦੀ ਨਸਲਘਾਤ ਕਰ ਦੇਣ ਦੇ ਪਲਾਨ ਅਧੀਨ ਚੁਰਾਸੀ ਦਾ ਘੱਲੂਘਾਰਾ ਵਰਤਾਇਆ ਸੀ, ਜੋ ਪੰਚਮ ਪਾਤਸ਼ਾਹ ਦੇ ਸ਼ਹੀਦੀ ਦਿਹਾੜੇ ਨਾਲ ਜੁੜ ਗਿਆ ਹੈ। ਜਹਾਂਗੀਰ ਨੇ ਤਾਂ ਸਿੱਖ ਲਹਿਰ ਨੂੰ ਖਤਮ ਕਰਨ ਲਈ ਇਸ ਦੇ ਆਗੂ ਨੂੰ ਹੀ ਸ਼ਹੀਦ ਕਰਵਾਇਆ ਸੀ, ਪਰ ਇੰਦਰਾ ਗਾਂਧੀ ਨੇ ਤਾਂ ਸਮੁੱਚੀ ਸਿੱਖ ਕੌਮ ਦੀ ਨਸਲਘਾਤ ਕਰ ਦੇਣ ਲਈ ਇਹ ਘੱਲੂਘਾਰਾ ਵਰਤਾਇਆ ਸੀ।

ਕਿਸੇ ਕੌਮ ਦੇ ਸਭ ਲੋਕਾਂ ਨੂੰ ਮਾਰ ਮੁਕਾ ਦੇਣ ਦਾ ਹਥਿਆਰ ਪਹਿਲਾਂ ਵੀ ਵਰਤਿਆ ਜਾਂਦਾ ਰਿਹਾ ਹੈ। ਸਿੱਖਾਂ ਨੂੰ ਖਤਮ ਕਰਨ ਲਈ ਇਹ ਢੰਗ ਮੁਗ਼ਲ ਹਾਕਮਾਂ, ਅਹਿਮਦ ਸ਼ਾਹ ਅਬਦਾਲੀ, ਫਰਖ਼ਸੀਅਰ ਅਤੇ ਲਖਪਤ ਰਾਏ ਵਰਗਿਆਂ ਸੂਬੇਦਾਰਾਂ ਨੇ ਵੀ ਵਰਤਿਆ ਸੀ। ਲੱਭ ਲੱਭ ਕੇ ਸਭ ਨੂੰ ਮਾਰ ਮੁਕਾ ਦਿਓ, ਕੋਈ ਬਾਕੀ ਨਾ ਰਹਿਣ ਦਿਓ ਅਤੇ ਸਾਰਿਆਂ ਨੂੰ ਮਾਰ ਦਿਓ। ਇਹੋ ਕੁਝ ਹਿਟਲਰ ਨੇ ਯਹੂਦੀਆਂ ਨੂੰ ਖਤਮ ਕਰਨ ਲਈ ਕੀਤਾ ਸੀ। ਇਹੋ ਢੰਗ ਸਿੱਖਾਂ 'ਤੇ ਵਰਤਿਆ ਗਿਆ ਅਤੇ ਅੱਜ ਵੀ ਵਰਤਿਆ ਜਾ ਰਿਹਾ ਹੈ।

ਇਥੇ ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਜਿਸ ਨੇ ਵੀ ਸਿੱਖ ਕੌਮ ਨੂੰ ਮਾਰ-ਮੁਕਾਉਣ ਦਾ ਸੁਪਨਾ ਲਿਆ, ਉਸ ਨੇ ਹੀ ਅੰਮ੍ਰਿਤਸਰ 'ਤੇ ਹਮਲਾ ਕੀਤਾ ਅਤੇ ਹਰਿਮੰਦਰ ਸਾਹਿਬ ਅੰਦਰ ਜਗਦੀ ਜੋਤਿ ਨੂੰ ਬੁਝਾ ਦੇਣ ਦਾ ਯਤਨ ਕੀਤਾ।

ਉਹਨਾਂ ਨੂੰ ਇਸ ਗੱਲ ਦੀ ਸੋਝੀ ਨਹੀਂ ਸੀ ਕਿ ਸਿੱਖ ਲਹਿਰ ਦੀ ਉਸਾਰੀ 'ਪਰ ਅਧੀਨ ਸੁਪਨੇ ਸੁਖ ਨਾਹੀ' ਅਤੇ 'ਪਰਵਾਹ ਨਾਹੀ ਕਿਸੇ ਕੇਰੀ' ਦੇ ਸੀਮਿੰਟ ਨਾਲ ਹੋ ਰਹੀ ਸੀ। ਸ੍ਰੀ ਹਰਿਮੰਦਰ ਸਾਹਿਬ ਸਿੱਖਾਂ ਦੀ ਸੁਰਤਿ, ਮਤਿ ਅਤੇ ਬੁਧਿ ਦਾ ਹਮੇਸ਼ਾ ਮਰਕਜ਼ ਬਿੰਦੂ ਰਿਹਾ ਹੈ, ਇਹ ਸਿੱਖ ਕੌਮ ਦਾ ਹਮੇਸ਼ਾ ਪ੍ਰੇਰਨਾ ਸਰੋਤ ਰਿਹਾ ਹੈ ਅਤੇ ਸਿੱਖ ਕੌਮ ਦੀ ਅਣਖ ਤੇ ਅਜ਼ਾਦੀ ਦਾ ਪ੍ਰਤੀਕ ਬਣਿਆ ਰਿਹਾ ਹੈ। ਸਿੱਖ ਕੌਮ ਹਰ ਮੋਰਚਾ ਇਥੋਂ ਹੀ ਆਰੰਭ ਕਰਦੀ ਆ ਰਹੀ ਹੈ। ਹਰ ਕੌਮੀ ਮੋਰਚੇ ਦਾ ਆਰੰਭ ਬਿੰਦੂ ਹਮੇਸ਼ਾ ਅੰਮ੍ਰਿਤਸਰ ਹੀ ਰਿਹਾ ਹੈ। ਇੰਦਰਾ ਗਾਂਧੀ ਨੇ ਵੀ ਸਿੱਖ ਨਸਲਕੁਸ਼ੀ ਕਰਨ ਲਈ ਅੰਮ੍ਰਿਤਸਰ 'ਤੇ ਹੀ ਫੌਜਾਂ ਚਾੜ੍ਹੀਆਂ।

ਸਿੱਖ ਲਹਿਰ ਦੀ ਵੱਧ ਰਹੀ ਸ਼ਕਤੀ ਨੂੰ ਮਾਰ-ਮੁਕਾਉਣ ਲਈ ਹੀ ਜਹਾਂਗੀਰ ਨੇ ਗੁਰੂ ਅਰਜਨ ਸਾਹਿਬ ਨੂੰ ਅਣਮਨੁੱਖੀ ਤਸੀਹੇ ਦੇਕੇ ਸ਼ਹੀਦ ਕਰਵਾਇਆ ਸੀ। ਉਸ ਨੂੰ ਯਕੀਨ ਸੀ ਕਿ ਅਜਿਹੇ ਕਹਿਰਾਂ ਦੇ ਭਿਆਨਕ ਤਸੀਹੇ ਦੇਣ ਨਾਲ ਸ਼ਰਧਾਲੂ ਸਿੱਖ ਭੈਭੀਤ ਹੋ ਜਾਣਗੇ ਅਤੇ ਸਿੱਖ ਲਹਿਰ ਹੌਲੀ ਹੌਲੀ ਖਤਮ ਹੋ ਜਾਏਗੀ। ਜ਼ਹਾਂਗੀਰ ਤੋਂ ਬਾਅਦ ਸ਼ਾਹਜਹਾਨ ਬਾਦਸ਼ਾਹ ਜਦ ਤਖਤ 'ਤੇ ਬੈਠਾ, ਤਾਂ ਉਸ ਨੂੰ ਵੀ ਸਿੱਖ ਕੌਮ ਦੇ ਸ਼ਕਤੀਸ਼ਾਲੀ ਹੋ ਜਾਣ ਦਾ ਸੋਮਾ ਹਰਿਮੰਦਰ ਸਾਹਿਬ ਹੀ ਦਿੱਸਿਆ ਸੀ। ਉਸ ਦਾ ਵੀ ਬੁਨਿਆਦੀ ਵਿਰੋਧ ਸਿੱਖੀ ਦੀ ਵੱਧ ਰਹੀ ਸ਼ਕਤੀ ਤੇ ਆਭਾ ਨਾਲ ਹੀ ਸੀ। ਬਾਦਸ਼ਾਹ ਸ਼ਾਹਜਹਾਨ ਦਾ ਦਰਬਾਰ ਵੀ ਸਿੱਖਾਂ ਦੀ ਵੱਧ ਰਹੀ ਸ਼ਕਤੀ ਤੋਂ ਬਹੁਤ ਔਖਾ ਹੋਇਆ ਸੀ।

ਉਹ ਵੀ ਹੈਰਾਨ ਤੇ ਪਰੇਸ਼ਾਨ ਹੋਏ ਸਨ ਕਿ ਗੁਰੂ ਸਾਹਿਬ ਨੇ ਤਖਤ ਕਿਉਂ ਬਣਵਾਇਆ? ਨਿਸ਼ਾਨ ਸਾਹਿਬ ਕਿਉਂ ਝੁਲਾਂਦੇ ਹਨ? ਆਪਣੇ ਆਪ ਨੂੰ 'ਪਾਤਸ਼ਾਹ' ਕਿਉਂ ਅਖਵਾਉਂਦੇ ਹਨ? ਸੂਰਮਗਤੀ ਦੀਆਂ ਵਾਰਾਂ ਕਿਉਂ ਸੁਣਾਂਦੇ ਹਨ ਅਤੇ ਸ਼ਸਤਰ-ਅਸਤਰ ਕਿਉਂ ਪਹਿਨਦੇ ਹਨ? ਫੌਜ ਇਕੱਠੀ ਕਿਉਂ ਕਰ ਰਹੇ ਹਨ? ਕਿਲ੍ਹੇ ਕਿਉਂ ਉਸਾਰ ਰਹੇ ਹਨ? ਘੋੜ ਸਵਾਰੀ, ਤੀਰ-ਅੰਦਾਜ਼ੀ ਅਤੇ ਸ਼ਿਕਾਰ-ਮਾਰੀ ਕਿਉਂ ਕਰ ਰਹੇ ਹਨ? ਸ਼ਾਹਜਹਾਨ ਹਾਲੀ ਗੁਰੂ-ਘਰ ਨੂੰ ਦਬਾਣ ਲਈ ਸੋਚ ਹੀ ਰਿਹਾ ਸੀ ਕਿ ਸਿੱਖਾਂ ਨੇ ਸ਼ਿਕਾਰ ਖੇਡਦਿਆਂ ਇਕ ਦਿਨ ਹਕੂਮਤ ਦਾ ਇਕ ਬਾਜ਼ ਕਬਜ਼ੇ 'ਚ ਕਰ ਲਿਆ। ਇਸ ਬਾਜ਼ ਦਾ ਖੁਸ ਜਾਣਾ ਹਕੂਮਤ ਨੇ ਕੁਝ ਇਸ ਤਰ੍ਹਾਂ ਹੀ ਲਿਆ ਜਿਵੇਂ ਕਿ ਉਸ ਦੇ ਤਾਜ ਨੂੰ ਹੱਥ ਪਾਏ ਗਏ ਹੋਣ। ਹਕੂਮਤ ਨੇ ਬਾਜ਼ ਮੋੜਨ ਲਈ ਆਖਿਆ ਅਤੇ ਨਾਲ ਹੀ ਡਰਾਵਾ ਵੀ ਦਿੱਤਾ। ਸਿੱਖਾਂ ਨੇ ਨਾ ਤਾਂ ਡਰ-ਡਰਾਵੇ ਦੀ ਪ੍ਰਵਾਹ ਕੀਤੀ ਅਤੇ ਨਾ ਹੀਂ ਬਾਜ਼ ਹੀ ਮੋੜਿਆ।

ਸ਼ਾਹੀ ਵਜ਼ੀਰਾਂ ਨੂੰ ਆਪਣੀਆਂ ਫੌਜਾਂ ਦੇ ਲਸ਼ਕਰ ਦਾ ਨਸ਼ਾ ਸੀ, ਪਰ ਗੁਰੂ ਹਰਿਗੋਬਿੰਦ ਸਾਹਿਬ ਨੂੰ ਆਪਣੇ ਨਿਡਰ ਤੇ ਮਰ-ਮਿਟਣ ਵਾਲੇ ਬਹਾਦਰਾਂ 'ਤੇ

ਗੌਰਵਸੀ। ਜਦੋਂ ਦੋਹਾਂ ਧਿਰਾਂ 'ਚ ਅੰਮ੍ਰਿਤਸਰੋਂ ਬਾਹਰ ਯੁੱਧ ਹੋਇਆ, ਤਾਂ ਗੁਰੂ ਸਾਹਿਬ ਨੇ ਆਪਣੀ ਸਪੁੱਤਰੀ ਦੀ ਸ਼ਾਦੀ 'ਚ ਰੁਝੇ ਹੋਣ ਦੇ ਬਾਵਜੂਦ ਵੀ ਸ਼ਾਹੀ ਫੌਜਾਂ ਨਾਲ ਅਜਿਹਾ ਡੱਟਵਾਂ ਯੁੱਧ ਕੀਤਾ ਕਿ ਸ਼ਾਹੀ ਫੌਜਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਇਵੇਂ ਹੀ ਗੁਰੂ ਸਾਹਿਬ ਨੂੰ ਸ਼ਾਹਜਹਾਨ ਦੀਆਂ ਫੌਜਾਂ ਨਾਲ ਤਿੰਨ ਹੋਰ ਲੜਾਈਆਂ ਲੜਨੀਆਂ ਪਈਆਂ ਸਨ। ਪਰ ਕਮਾਲ ਇਹ ਕਿ ਉਹਨਾਂ ਤਿੰਨਾਂ 'ਚ ਹੀ ਗੁਰੂ ਸਾਹਿਬ ਨੇ ਸਫਲ ਸੈਨਿਕ ਨੀਤੀ ਕਾਰਨ ਪੂਰੀ ਤਰ੍ਹਾਂ ਜਿੱਤਾਂ ਪ੍ਰਾਪਤ ਕੀਤੀਆਂ ਸਨ।

ਸ਼ਾਹੀ ਹਮਲਿਆਂ ਦਾ ਇਕ ਪ੍ਰਤੀਕਰਮ ਇਹ ਹੋਇਆ ਕਿ ਸਿੱਖ ਕੌਮ ਪੂਰੀ ਤਰ੍ਹਾਂ ਜਥੇਬੰਦ ਵੀ ਹੋ ਗਈ ਅਤੇ ਵਿਰੋਧੀ ਧਿਰਾਂ ਤੋਂ ਸੁਚੇਤ ਵੀ ਹੋ ਗਈ ਸੀ। ਦੂਜਾ, ਪ੍ਰਾਪਤ ਕੀਤੀਆਂ ਜਿੱਤਾਂ ਸਦਕਾ ਸਿੱਖ ਕੌਮ ਦਾ ਜੋਸ਼ ਤੇ ਉਤਸ਼ਾਹ ਹੋਰ ਵੱਧ ਗਿਆ। ਤੀਜਾ, ਸ਼ਾਹੀ ਹਕੂਮਤ ਨੂੰ ਵੀ ਇਹ ਅਨੁਭਵ ਹੋ ਗਿਆ ਕਿ ਗੁਰੂ-ਘਰ ਨਾਲ ਟੱਕਰ ਲੈਣੀ ਸੌਖੀ ਨਹੀਂ। ਨਤੀਜੇ ਵਜੋਂ ਗੁਰੂ ਹਰਿ ਰਾਇ ਸਾਹਿਬ ਨੇ ਭਾਵੇਂ ਆਪਣੇ ਦਰਬਾਰ 'ਚ 2200 ਘੋੜ ਸਵਾਰ ਰੱਖੇ, ਪਰ ਵੇਲੇ ਦੀ ਹਕੂਮਤ ਨੂੰ ਰੱਤਾ ਵੀ ਜੁਰਅੱਤ ਨਾ ਪੈ ਸਕੀ ਕਿ ਗੁਰੂ-ਦਰਬਾਰ ਵਲ ਮੂੰਹ ਕਰ ਸਕੇ।

ਜੂਨ ਦੇ ਮਹੀਨੇ 'ਚ ਹੀ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸ ਦੇ ਸਾਥੀ ਸਿੰਘਾਂ ਨੂੰ ਕਹਿਰਾਂ ਦੇ ਅਣਮਨੁੱਖੀ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਸੀ। ਸੰਨ ਚੁਰਾਸੀ ਦੇ ਜੂਨ ਮਹੀਨੇ 'ਚ ਹੀ ਗੁਰੂ ਅਰਜਨ ਸਾਹਿਬ ਦੇ ਸ਼ਹੀਦੀ ਗੁਰਪੁਰਬ ਸਮੇਂ ਸਿੱਖ ਨਸਲਕੁਸ਼ੀ ਦੇ ਪਲਾਨ ਅਧੀਨ, ਸਿੱਖੀ ਦੇ ਬੂਟੇ ਨੂੰ ਉਖੇੜ ਕੇ ਰੱਖ ਦੇਣ ਵਾਲਾ ਭਿਅੰਕਰ ਘੱਲੂਘਾਰਾ ਵਾਪਰਿਆ ਜਿਸ 'ਚ 50 ਹਜ਼ਾਰ ਤੋਂ ਵੱਧ ਉਹਨਾਂ ਨਿਰਦੋਸ਼ ਤੇ ਨਿਹੱਥੇ ਸਿੱਖ ਯਾਤਰੂਆਂ, ਬੱਚਿਆਂ, ਇਸਤਰੀਆਂ, ਜਵਾਨਾਂ, ਬਜ਼ੁਰਗਾਂ ਨੂੰ ਕੋਹ-ਕੋਹ ਕੇ ਮਾਰਿਆ ਗਿਆ ਜਿਹੜੇ ਕਿ ਆਪਣੇ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਦਾ ਸ਼ਹੀਦੀ ਦਿਹਾੜਾ ਮਨਾਉਣ ਲਈ ਇਕੱਤਰ ਹੋਏ ਸਨ। ਇਹ ਘੱਲੂਘਾਰਾ ਬ੍ਰਾਹਮਣਵਾਦ ਦੀ ਦਹਿਸ਼ਤ ਤੇ ਵਹਿਸ਼ਤ ਦਾ ਅਤਿ ਘਿਨਾਉਣਾ ਕਾਲਾ ਕਾਰਾ ਸੀ।

ਜਿਵੇਂ ਮੁਗ਼ਲਾਂ ਨੇ ਸਿੱਖ ਕੌਮ ਦੇ ਸਭ ਲੋਕਾਂ ਨੂੰ ਮਾਰ ਮੁਕਾ ਦੇਣ ਦਾ ਹਥਿਆਰ ਵਰਤਿਆ ਸੀ। ਉਵੇਂ ਹੀ ਸਭ ਨੂੰ ਮਾਰ ਮੁਕਾ ਦੇਣ ਦਾ ਹਥਿਆਰ ਅਠੱਤਰ ਦੀ ਖੂਨੀ ਵਿਸਾਖੀ ਤੋਂ ਆਰੰਭ ਹੋ ਕੇ ਚੁਰਾਸੀ ਦੇ ਦੋ ਘੱਲੂਘਾਰਿਆਂ ਤੋਂ ਹੁੰਦਾ ਹੋਇਆ ਝੂਠੇ ਮੁਕਾਬਲੇ ਬਣਾ-ਬਣਾ ਕੇ ਮਾਰਨ, ਲਾਵਾਰਸ ਲਾਸ਼ਾਂ ਬਣਾ ਕੇ ਮਾਰਨ ਅਤੇ ਜੇਲ੍ਹਾਂ ਵਿੱਚ ਤੜਪਾ-ਤੜਪਾ ਕੇ ਮਾਰਨ ਤਕ ਤੋਂ ਚਲਿਆ ਆ ਰਿਹਾ ਹੈ। ਇਸ ਦੇ ਨਾਲ ਹੀ ਬ੍ਰਾਹਮਣਵਾਦ ਵਲੋਂ ਇਕ ਹੋਰ ਨਵਾਂ ਢੰਗ ਵੀ ਵਰਤਿਆ ਗਿਆ। ਸਿੱਖ

ਨਸਲ ਨੂੰ ਤਬਾਹ ਕਰਨ ਅਤੇ ਇਸ ਨੂੰ ਵਧਣੋਂ ਰੋਕਣ ਲਈ ਜਬਰੀ ਨਸ-ਬੰਦੀ ਦਾ ਪਰੋਗਰਾਮ ਵੀ ਸਿੱਖਾਂ 'ਤੇ ਠੋਸਿਆ ਗਿਆ ਸੀ ਤਾਂ ਜੋ ਸਿੱਖਾਂ ਦੀ ਨਸਲ ਨੂੰ ਵਧਣੋਂ ਰੋਕਿਆ ਜਾ ਸਕੇ। ਇਹੋ ਕੁਝ ਮੁਸਲਮਾਨਾਂ ਨਾਲ ਵੀ ਕੀਤਾ ਗਿਆ ਸੀ। ਭਾਰਤੀ ਹਾਕਮਾਂ ਨੇ ਜਬਰੀ ਨਸਬੰਦੀ ਦੀ ਮੁਹਿੰਮ 'ਚ ਸਿੱਖਾਂ ਤੇ ਮੁਸਲਮਾਨਾਂ ਨੂੰ ਵਿਸ਼ੇਸ਼ ਤੌਰ ਤੇ ਨਿਸ਼ਾਨਾ ਬਣਾਇਆ ਸੀ, ਤਾਂ ਜੋ ਇਹਨਾਂ ਦੀ ਨਸਲਘਾਤ ਅਸਾਨੀ ਨਾਲ ਕੀਤੀ ਜਾ ਸਕੇ।

ਮੈਂ ਇਥੇ ਚੁਰਾਸੀ ਦੇ ਦੋਹਾਂ ਘੱਲੂਘਾਰਿਆਂ ਦਾ ਸੰਖੇਪ ਵੇਰਵਾ ਦੇਣ ਦਾ ਯਤਨ ਕੀਤਾ ਹੈ ਤਾਂ ਜੋ ਪਾਠਕਾਂ ਨੂੰ ਇਹਨਾਂ ਘੱਲੂਘਾਰਿਆਂ ਪਿੱਛੇ ਕੰਮ ਕਰ ਰਹੇ ਸਿੱਖ ਨਸਲਕੁਸ਼ੀ ਦੇ ਸ਼ੈਤਾਨੀ ਪਲਾਨ ਤੋਂ ਪੂਰੀ ਤਰ੍ਹਾਂ ਜਾਣੂ ਕਰਾਇਆ ਜਾ ਸਕੇ।

ਅੱਠਤਰ ਦੀ ਖ਼ੂਨੀ ਵਿਸਾਖੀ ਅਤੇ ਚੁਰਾਸੀ ਦੇ ਦੋਵੇਂ ਘਲੂਘਾਰੇ ਕੋਈ ਇਕੜ-ਦੁੱਕੜ ਵਾਪਰੀਆਂ ਘਟਨਾਵਾਂ ਨਹੀਂ ਸਨ, ਜਿਵੇਂ ਕਿ ਕਈ ਮੇਰੇ ਲੇਖਕ ਵੀਰ ਇਹ ਦੱਸਣ ਦਾ ਯਤਨ ਕਰਦੇ ਹਨ, ਸਗੋਂ ਬ੍ਰਾਹਮਣਵਾਦ ਵਲੋਂ ਸਿੱਖੀ ਦੀ ਫੱਟੀ ਪੋਚ ਦੇਣ ਦੀ ਪੰਜਾਹ ਸਾਲਾ ਪਲਾਨ ਦੀਆਂ ਆਖ਼ਰੀ ਕੜੀਆਂ ਸਨ। ਬ੍ਰਾਹਮਣਵਾਦ ਨੇ ਹੀ ਸਿੱਖ ਨਸਲਕੁਸ਼ੀ ਦੇ ਪਲਾਨ ਨੂੰ ਸਿਰੇ ਚਾੜ੍ਹਨ ਤੋਂ ਪਹਿਲਾਂ, ਸਿੱਖ ਲੀਡਰਾਂ ਦੀ ਵਫ਼ਾਦਾਰੀ ਪਰਖਣ ਅਤੇ ਸਿੱਖ ਕੌਮ ਦੀ ਜ਼ਮੀਰ (ਕਿਤਨੀ ਕੁ ਮਰ ਚੁੱਕੀ ਹੈ) ਦਾ ਪ੍ਰਤਿਕਰਮ ਵੇਖਣ ਲਈ ਨਿਰੰਕਾਰੀਆਂ ਹੱਥੋਂ ਅੱਠਤਰ ਦੀ ਖ਼ੂਨੀ ਵਿਸਾਖੀ ਦਾ ਕਾਰਾ ਕਰਵਾਇਆ ਸੀ। ਚੁਰਾਸੀ ਦੇ ਘਲੂਘਾਰੇ ਉਸੇ ਪਲਾਨ ਦੀ ਆਖ਼ਰੀ ਕੜੀਆਂ ਸਨ, ਜਿਸ ਲਈ ਅਜ਼ਾਦੀ ਦੇ ਪਹਿਲੇ ਦਿਨ ਤੋਂ ਹੀ ਤਿਆਰੀਆਂ ਹੁੰਦੀਆਂ ਰਹੀਆਂ ਸਨ ਅਤੇ ਕਿਸੇ ਢੁਕਵੇਂ ਸਮੇਂ ਦੀ ਉਡੀਕ ਵਿੱਚ ਬ੍ਰਾਹਮਣਵਾਦ ਇਸ ਆਖ਼ਰੀ ਮਾਰੂ ਵਾਰ ਲਈ ਘਾਤ ਲਾਈ ਬੈਠਾ ਰਿਹਾ ਸੀ।

ਸਿੱਖ ਨਸਲਕੁਸ਼ੀ ਦੀਆਂ ਚਾਰ ਕੜੀਆਂ ਬਣਾਈਆਂ ਗਈਆਂ ਸਨ। ਪਹਿਲੀ ਕੜੀ ਸੀ ਓਪਰੇਸ਼ਨ ਬਲਿਊਸਟਾਰ, ਦੂਜੀ ਸੀ ਓਪਰੇਸ਼ਨ ਵੁੱਡਰੋਜ਼। ਤੀਜੀ ਸੀ ਓਪਰੇਸ਼ਨ ਸ਼ਾਂਤੀ ਅਤੇ ਚੌਥੀ ਕੜੀ ਸੀ ਪਾਕਿਸਤਾਨ ਨਾਲ ਜੰਗ ਛੇੜ ਕੇ ਆਪਣੀ ਹੀ ਫੌਜ ਕੋਲੋਂ ਦਰਬਾਰ ਸਾਹਿਬ ਕੰਪਲੈਕਸ ਸਣੇ ਸਿੱਖ ਕੌਮ ਦਾ ਦਲੀਆ ਮਲੀਆ ਕਰਵਾਉਣ ਦੀ। ਦੂਜੀ ਕੜੀ ਓਪਰੇਸ਼ਨ ਵੁੱਡਰੋਜ਼ ਪਹਿਲੀ ਕੜੀ ਓਪਰੇਸ਼ਨ ਬਲਿਊਸਟਾਰ ਦੀ ਪੂਰਕ ਕੜੀ ਸੀ।

ਸਾਕਾ ਨੀਲਾ ਤਾਰਾ ਦੀ ਕੜੀ ਅਨੁਸਾਰ ਸਾਰੇ ਇਤਿਹਾਸਕ ਗੁਰਦੁਆਰਿਆਂ ਅੰਦਰ ਗੁਰੂ ਅਰਜਨ ਸਾਹਿਬ ਦਾ ਸ਼ਹੀਦੀ ਗੁਰਪੁਰਬ ਮਨਾਉਣ ਲਈ ਜੁੜੀਆਂ ਸਿੱਖ ਸੰਗਤਾਂ ਦਾ ਵੱਧ ਤੋਂ ਵੱਧ ਕਤਲੇਆਮ ਕੀਤਾ ਜਾਣਾ ਸੀ ਅਤੇ ਓਪਰੇਸ਼ਨ ਵੁੱਡਰੋਜ਼ ਰਾਹੀਂ ਪੰਜਾਬ ਦੇ ਸਾਰੇ ਪਿੰਡਾਂ 'ਚ ਕਤਲੇਆਮ ਕੀਤਾ ਜਾਣਾ ਸੀ। ਇਹ

ਦੋਵੇਂ ਕੜੀਆਂ ਨਾਲੋਂ ਨਾਲ ਚੱਲਣੀਆਂ ਸਨ।

ਓਪਰੇਸ਼ਨ ਵੁੱਡਰੋਜ਼ ਦੌਰਾਨ ਪੰਜਾਬ ਵਿਚ 15-50 ਸਾਲ ਦੀ ਉਮਰ ਦੇ ਸਿੱਖਾਂ ਨੂੰ ਹਰ ਪਿੰਡ, ਹਰ ਕਸਬੇ ਅਤੇ ਹਰ ਸ਼ਹਿਰ 'ਚੋਂ ਲੱਭ-ਲੱਭ ਕੇ ਖਤਮ ਕੀਤਾ ਜਾਣਾ ਸੀ। ਫੌਜ ਦੇ ਕਮਾਂਡਰਾਂ ਵਲੋਂ ਫੌਜੀਆਂ ਨੂੰ ਇਹ ਹਿਦਾਇਤਾਂ ਦੇ ਦਿੱਤੀਆਂ ਗਈਆਂ ਸਨ ਕਿ ਹਰ ਅੰਮ੍ਰਿਤਧਾਰੀ ਸਿੱਖ ਦਹਿਸ਼ਤਗਰਦ ਹੈ ਅਤੇ ਉਸ ਨੂੰ ਵੇਖਦਿਆਂ ਸਾਰ ਗੋਲੀ ਮਾਰ ਦਿੱਤੀ ਜਾਏ। ਇਹੀ ਕਾਰਨ ਹੈ ਕਿ ਪਹਿਲੇ ਦੋਹਾਂ ਉਪਰੇਸ਼ਨਾਂ ਦੌਰਾਨ ਕੇਸਰੀ ਪਗੜੀ ਵਾਲਿਆਂ ਨੂੰ ਵੇਖਦਿਆਂ ਸਾਰ ਗੋਲੀ ਮਾਰ ਦਿੱਤੀ ਜਾਂਦੀ ਰਹੀ। 15-50 ਸਾਲ ਦੇ ਹਰ ਸਿੱਖ ਦੇ ਵਾਰੰਟ ਕੱਢ ਦਿੱਤੇ ਗਏ ਸਨ ਅਤੇ ਵੇਖਦਿਆਂ ਸਾਰ ਖਤਮ ਕਰ ਦੇਣ ਦੇ ਹੁਕਮ ਦੇ ਦਿੱਤੇ ਗਏ ਸਨ।

ਇਤਨੇ ਕਤਲੇਆਮ ਮਗਰੋਂ ਸਿੱਖਾਂ ਅੰਦਰ ਜੇ ਕੋਈ ਸਾਹ-ਸਤ ਬਾਕੀ ਰਹਿ ਜਾਏ, ਜਿਸ ਦੀ ਕਿ ਸਰਕਾਰ ਨੂੰ ਪੂਰੀ ਆਸ ਸੀ ਅਤੇ ਸਿੱਖ ਭੜਕ ਕੇ ਬਦਲੇ ਵਜੋਂ ਹਿੰਦੂਆਂ ਦੀ ਮਾਰ-ਧਾੜ ਕਰਨ ਦੀ ਕੋਸ਼ਿਸ਼ ਕਰਨ, ਤਾਂ ਉਸ ਬਹਾਨੇ ਦਿੱਲੀ ਤੇ ਬਾਕੀ ਦੇ ਸਾਰੇ ਭਾਰਤ ਦੇ ਸ਼ਹਿਰਾਂ ਵਿਚ ਵਸਦੇ ਸਿੱਖਾਂ ਨੂੰ ਮਾਰ ਮੁਕਾਉਣ ਦੀਆਂ ਸਕੀਮਾਂ ਤਿਆਰ ਕੀਤੀਆਂ ਗਈਆਂ। ਇੰਦਰਾ ਨੂੰ ਪਹਿਲੀ ਕੜੀ ਅਤੇ ਦੂਜੀ ਕੜੀ ਦੇ ਅਮਲ ਉਪਰੰਤ ਸਿੱਖਾਂ ਵਲੋਂ ਹਿੰਦੂਆਂ ਵਿਰੁੱਧ ਰੋਹ ਦੇ ਉਭਾਰ ਦੀ ਪੂਰੀ ਆਸ ਸੀ। ਪਰ ਇੰਝ ਹੋਇਆ ਨਹੀਂ ਸੀ, ਜਿਸ ਦਾ ਮੁੱਖ ਕਾਰਨ ਇਹ ਸੀ ਕਿ ਪੰਜਾਬ ਦਾ ਚੱਪਾ-ਚੱਪਾ ਫ਼ੌਜ ਦੇ ਕਬਜ਼ੇ ਵਿੱਚ ਸੀ ਅਤੇ ਇਤਨੀ ਵੱਡੀ ਪੱਧਰ ਦੇ ਵਹਿਸ਼ੀਆਨਾ ਕਤਲੇਆਮ ਨਾਲ ਸਿੱਖਾਂ ਅੰਦਰ ਉਦੋਂ ਬਦਲਾ ਲੈ ਸਕਣ ਦੀ ਹਿੰਮਤ ਵੀ ਬਾਕੀ ਨਹੀਂ ਸੀ ਰਹੀ ਅਤੇ ਲੀਡਰਸ਼ਿਪ ਵੀ ਸਰਕਾਰ ਨਾਲ ਮਿਲੀ ਹੋਈ ਸੀ। ਇਸ ਤਰ੍ਹਾਂ ਉਦੋਂ ਸਰਕਾਰ ਨੂੰ ਤੀਜਾ ਕਦਮ ਚੁੱਕਣ ਦਾ ਮੌਕਾ ਨਹੀਂ ਸੀ ਮਿਲਿਆ ਅਤੇ ਇਸੇ ਤਿਆਰ ਪਈ ਸਕੀਮ ਨੂੰ ਬਾਅਦ ਵਿੱਚ ਰਾਜੀਵਨੇ ਆਪਣੀ ਮਾਂ ਦੇ ਕਤਲ ਸਮੇਂ ਵਰਤਿਆ ਸੀ।

ਚੌਥੀ ਕੜੀ ਏਦੂੰ ਵੀ ਜ਼ਿਆਦਾ ਖਤਰਨਾਕ ਸੀ ਜਿਸ ਮੁਤਾਬਕ ਪਾਕਿਸਤਾਨ ਨਾਲ ਜੰਗ ਛੇੜ ਕੇ, ਅੰਮ੍ਰਿਤਸਰ ਤੇ ਗੁਰਦਾਸਪੁਰ ਨੂੰ ਮੈਦਾਨਿ ਜੰਗ ਬਣਾਕੇ, ਆਪਣੀ ਹੀ ਫ਼ੌਜ ਕੋਲੋਂ ਦਰਬਾਰ ਸਾਹਿਬ ਕੰਪਲੈਕਸ ਸਣੇ ਸਿੱਖ ਕੌਮ ਦਾ ਦਲੀਆ ਮਲੀਆ ਕਰਵਾਉਣਾ ਸੀ। ਬਹਾਨਾ ਇਹ ਦਿੱਤਾ ਜਾਣਾ ਸੀ ਕਿ ਸਿੱਖਾਂ ਨੇ ਬਗ਼ਾਵਤ ਕਰ ਦਿੱਤੀ ਸੀ। ਉਦੋਂ ਸਾਰੇ ਹਿੰਦੂ ਫ਼ਿਰਕੂ ਪ੍ਰੈਸ ਵਲੋਂ ਸਿੱਖਾਂ ਨੂੰ ਦੇਸ਼-ਧ੍ਰੋਹੀ ਗਰਦਾਨ ਕੇ ਸਿੱਖਾਂ ਵਿਰੁੱਧ ਨਫ਼ਰਤ ਤੇ ਘਿਰਣਾ ਦੀਆਂ ਦੀਵਾਰਾਂ ਉਚੀਆਂ ਕੀਤੀਆਂ ਜਾਣੀਆਂ ਸਨ। ਇਸ ਸਬੰਧ ਵਿੱਚ ਉਦੋਂ ਪਾਕਿਸਤਾਨ ਵਿਰੁਧ ਬਿਆਨ ਵੀ ਦਾਗਣੇ ਸ਼ੁਰੂ ਹੋ ਗਏ ਸਨ। ਵਿਗਿਆਨਕ ਹਥਿਆਰਾਂ ਨਾਲ ਲੈਸ ਹੋਈ ਫ਼ੌਜ ਵੀ ਬਾਰਡਰ 'ਤੇ

ਇਕਠੀ ਹੋਣੀ ਸੁਰੂ ਹੋ ਗਈ ਸੀ। ਪਲਾਨ ਮੁਤਾਬਕ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦਿਹਾੜੇ 8 ਨਵੰਬਰ ਦੇ ਨੇੜੇ ਤੇੜੇ ਜੰਗ ਸ਼ੁਰੂ ਕੀਤੀ ਜਾਣੀ ਸੀ।

ਜੰਗ ਸ਼ੁਰੂ ਕਰਨ ਦੀਆਂ 2-6 ਨਵੰਬਰ 1984 ਦੀਆਂ ਤਰੀਕਾਂ ਦੀ ਚਰਚਾ ਵੀ ਸ਼ੁਰੂ ਹੋ ਗਈ ਸੀ, ਪਰ ਅਕਾਲ ਪੁਰਖ ਨੂੰ ਇੰਜ ਨਹੀਂ ਭਾਇਆ ਅਤੇ ਉਸ ਨੇ ਇੰਦਰਾ ਨੂੰ ਆਪਣੇ ਦਰਬਾਰ ਵਿੱਚ ਹਾਜ਼ਰ ਹੋਣ ਦਾ ਹੁਕਮ ਭੇਜ ਦਿੱਤਾ ਸੀ। ਇਸ ਤਰ੍ਹਾਂ ਸਿੱਖਾਂ ਦੀ ਫੱਟੀ ਪੋਚ ਦੇਣ ਦੇ ਸੁਪਨੇ ਲੈਣ ਵਾਲੀ ਇੰਦਰਾ ਦੀ ਆਪਣੀ ਹੀ ਫੱਟੀ ਪੋਚੀ ਗਈ। ਇਥੇ ਇਹ ਵੀ ਦੱਸ ਦੇਣਾ ਉਚਿਤ ਹੈ ਕਿ ਸੰਨ 1965 ਦੀ ਲੜਾਈ ਵੇਲੇ ਵੀ ਭਾਰਤੀ ਫੌਜ ਦੇ ਮੁਖੀ ਦੀ ਅੰਮ੍ਰਿਤਸਰ ਤੇ ਗੁਰਦਾਸਪੁਰ ਨੂੰ ਰਣਭੂਮੀ ਬਣਾਉਣ ਦੀ ਪੂਰੀ ਤੇ ਪੱਕੀ ਸਕੀਮ ਸੀ, ਪਰ ਸਿੱਖ ਜਨਰਲ ਹਰਬਖ਼ਸ਼ ਸਿੰਘ ਨੇ ਉਸ ਖ਼ਤਰਨਾਕ ਚਾਲ ਦੀ ਡਟ ਕੇ ਵਿਰੋਧਤਾ ਕੀਤੀ ਸੀ ਅਤੇ ਉਦੋਂ ਇਹ ਭਾਣਾ ਨਹੀਂ ਸੀ ਵਰਤਿਆ। ਇਸ ਸਾਰੇ ਪਲਾਨ ਦੀ ਵਧੇਰੇ ਜਾਣਕਾਰੀ ਲਈ ਪਾਠਕ ਇਸੇ ਲੇਖਕ ਦੀ 'ਸਿੱਖ ਨਸਲਕੁਸ਼ੀ ਤੇ ਚੁਰਾਸੀ ਦੇ ਘੱਲੂਘਾਰੇ' ਨਾਂ ਦੀ ਪੁਸਤਕ ਪੜ੍ਹ ਸਕਦੇ ਹਨ।

ਸੰਸਾਰ ਦੇ ਵਰਤਮਾਨ ਇਤਿਹਾਸ 'ਚ ਇੰਝ ਪਹਿਲੀ ਵਾਰ ਹੋਇਆ ਕਿ ਸ਼ਰਾਬ 'ਚ ਗੁਟ ਹੋਈ ਆਪਣੀ ਹੀ ਭਾਰਤੀ ਬੁੱਚੜ ਫੌਜ ਵਲੋਂ 50 ਹਜ਼ਾਰ ਤੋਂ ਵੱਧ ਉਹਨਾਂ ਨਿਰਦੋਸ਼ ਤੇ ਨਿਹੱਥੇ ਸਿੱਖ ਯਾਤਰੂਆਂ, ਬੱਚਿਆਂ, ਇਸਤਰੀਆਂ, ਜਵਾਨਾਂ, ਬਜ਼ੁਰਗਾਂ ਨੂੰ ਕੋਹ-ਕੋਹ ਕੇ ਮਾਰਿਆ ਗਿਆ ਸੀ, ਜਿਹੜੇ ਕਿ ਆਪਣੇ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਦਾ ਸ਼ਹੀਦੀ ਦਿਹਾੜਾ ਮਨਾਉਣ ਲਈ ਇਕੱਤਰ ਹੋਏ ਸਨ। ਆਓ, ਉਸ ਘੱਲੂਘਾਰੇ ਸਬੰਧੀ ਕੁਝ ਵਿਚਾਰ ਕਰੀਏ।

ਇਹ, ਇਕ ਹਕੀਕਤ ਹੈ ਕਿ ਦਰਬਾਰ ਸਾਹਿਬ 'ਤੇ ਕੀਤਾ ਵਹਿਸ਼ੀਆਨਾ ਹਮਲਾ ਵੀਹਵੀਂ ਸਦੀ ਦਾ ਬੜਾ ਹੀ ਭਿਆਨਕ ਤੇ ਦਿਲ ਕੰਬਾਊਂ ਹਮਲਾ ਸੀ। ਸਿੱਖ ਨਸਲਕੁਸ਼ੀ ਕਰਨ ਲਈ ਗਿਣੀ ਮਿਥੀ ਸਾਜ਼ਿਸ਼ ਦਾ ਇਹ ਨੰਗਾ ਨਾਚ ਸੀ। ਇਸ 'ਚ ਭਾਰਤ ਦੀ ਸਾਰੀ ਸਰਕਾਰੀ ਮਸ਼ੀਨਰੀ ਝੋਕ ਦਿੱਤੀ ਗਈ ਸੀ। ਉਸ ਦੇ ਨਾਲ ਹੀ ਉਸ ਨੂੰ ਵਿਉਂਤਣ, ਨੇਪਰੇ ਚਾੜ੍ਹਨ ਅਤੇ ਸਮੇਟਣ 'ਚ ਜਿਸ ਧੋਖਾਦੇਹੀ, ਫਰੇਬ, ਝੂਠ ਅਤੇ ਵਿਸ਼ਵਾਸਘਾਤ ਦਾ ਸਹਾਰਾ ਲਿਆ ਗਿਆ, ਉਹ ਹਿੰਦੂ ਵਰਗ ਦੀਆਂ ਵਿਰਾਸਤੀ ਖ਼ੂਬੀਆਂ ਦਾ ਹੂਬਹੂ ਨਮੂਨਾ ਹੈ। ਸਿੱਖ ਨਸਲਕੁਸ਼ੀ ਕਰਨ ਲਈ ਚੁਣ-ਚੁਣ ਕੇ ਸਿੱਖਾਂ ਨੂੰ ਮਾਰ ਮੁਕਾਉਣ 'ਚ ਕੋਈ ਕਸਰ ਨਹੀਂ ਸੀ ਛੱਡੀ ਗਈ।

ਜੂਨ ਚੁਰਾਸੀ ਦਾ ਘਲੂਘਾਰਾ ਵਰਤਮਾਨ ਸਮੇਂ ਦੇ ਸਿੱਖ ਇਤਿਹਾਸ ਦਾ ਰੌਂਗਟੇ ਖੜ੍ਹੇ ਕਰ ਦੇਣਾ ਵਾਲਾ ਸਭ ਤੋਂ ਵੱਡਾ ਖ਼ੂਨੀ ਕਾਂਡ ਹੈ, ਜਿਸ ਦੀ ਤੜਪਾਊ ਕਸਕ ਸਮੁੱਚੀ ਸਿੱਖ ਕੌਮ ਨੂੰ ਸਦੀਆਂ ਤੀਕ ਤੜਪਾਉਂਦੀ ਰਹੇਗੀ। ਬ੍ਰਾਹਮਣਵਾਦ ਵਲੋਂ

ਜਿਸ ਵਿਸਾਹਘਾਤਕ ਵਿਉਂਤਬੰਦੀ ਨਾਲ ਸਿੱਖ ਕੌਮ ਦੇ ਖ਼ੂਨ ਨਾਲ ਹੋਲੀ ਖੇਡੀ ਗਈ, ਉਸ ਦੀ ਮਿਸਾਲ ਸੰਸਾਰ ਵਿੱਚ ਹੋਰ ਕਿਤੇ ਨਹੀਂ ਮਿਲਦੀ। ਅੱਜ ਤਕ ਸੰਸਾਰ ਵਿੱਚ ਫ਼ੌਜ, ਦੁਸ਼ਮਣ ਫ਼ੌਜ ਦੇ ਦੰਦ ਖੱਟੇ ਕਰਨ ਲਈ ਤਾਂ ਵਰਤੀ ਜਾਂਦੀ ਰਹੀ ਹੈ, ਪਰ ਆਪਣੇ ਹੀ ਨਿਰਦੋਸ਼ ਤੇ ਨਿਹੱਥੇ ਨਾਗਰਿਕ ਬੱਚਿਆਂ, ਇਸਤਰੀਆਂ ਅਤੇ ਬਜ਼ੁਰਗਾਂ ਉਤੇ ਧੋਖੇ ਨਾਲ ਇਤਨੇ ਵਹਿਸ਼ੀਆਨਾ ਜ਼ੁਲਮ ਢਾਹੁਣ ਵਾਲੀ ਵਰਤਮਾਨ ਸਮੇਂ ਦੀ ਉਭਰ ਰਹੀ ਇਹ ਪਹਿਲੀ ਨਿਰਦਈ ਹਿੰਦੂਤਵੀ ਹਕੂਮਤ ਹੈ।

ਮਨੁੱਖਤਾ ਦੇ ਇਤਿਹਾਸ ਵਿੱਚ ਸਮੇਂ-ਸਮੇਂ ਜ਼ਾਲਮ ਪੈਦਾ ਹੁੰਦੇ ਆਏ ਹਨ। ਚੰਗੇਜ਼ ਖ਼ਾਂ, ਨਾਦਰ ਸ਼ਾਹ, ਅਹਿਮਦ ਸ਼ਾਹ ਅਬਦਾਲੀ, ਔਰੰਗਜ਼ੇਬ ਅਤੇ ਹਿਟਲਰ ਆਦਿਕ ਜ਼ਾਲਮਾਂ ਨੇ ਵੀ ਆਪੋ ਆਪਣੇ ਸਮੇਂ ਰੱਜ ਕੇ ਤਰਥੱਲੀ ਮਚਾਈ ਸੀ, ਪਰ ਯਾਤਰਾ ਕਰਨ ਗਏ ਹਜ਼ਾਰਾਂ ਨਿਰਦੋਸ਼ ਤੇ ਨਿਹੱਥੇ ਆਮ ਲੋਕਾਂ ਉਤੇ ਸ਼ਰਾਬ ਵਿੱਚ ਗੁੱਟ ਹੋਈਆਂ ਫ਼ੌਜਾਂ ਚਾੜ੍ਹ ਕੇ ਇਤਨੀ ਨਿਰਦੈਤਾ ਨਾਲ ਕੋਹ-ਕੋਹ ਕੇ ਮਾਰਨਾ ਕੇਵਲ ਤੇ ਕੇਵਲ ਭਾਰਤੀ ਸਰਕਾਰ ਦੇ ਜ਼ਿਮੇ ਹੀ ਆਇਆ। ਉਹ ਭਿਅੰਕਰ ਅਤਿਆਚਾਰ ਕਿਸੇ ਬਦੇਸ਼ੀ ਹਮਲਾਵਰ ਜਾਂ ਗ਼ੈਰ-ਮੁਲਕੀ ਜਾਬਰ ਹੁਕਮਰਾਨ ਵਲੋਂ ਨਹੀਂ ਸਨ ਕੀਤੇ ਗਏ, ਸਗੋਂ ਆਪਣੇ ਹੀ ਦੇਸ਼ ਦੀ ਕਥਿਤ ਨੈਸ਼ਨਲ ਹਕੂਮਤ ਵਲੋਂ, ਜਿਸ ਅਕ੍ਰਿਤਘਣ ਨੂੰ ਇਸ ਹਕੂਮਤ ਦੇ ਤਖ਼ਤੇ 'ਤੇ ਬਿਠਾਉਣ ਲ ਈ ਸਿੱਖ ਕੌਮ ਨੇ ਲੱਖਾਂ ਜਾਨਾਂ ਵਾਰੀਆਂ, ਆਪਣੇ ਮਹਾਨ ਪਵਿੱਤਰ ਗੁਰਧਾਮਾਂ ਦੇ ਵਿਛੋੜੇ ਪਾਏ ਅਤੇ ਆਪਣੇ ਅਰਬਾਂ-ਖਰਬਾਂ ਦੇ ਕਾਰੋਬਾਰ ਤੇ ਜੱਦੀ ਜਾਇਦਾਦਾਂ ਤੋਂ ਹੱਥ ਧੋਣੇ ਪਏ।

ਸੰਸਾਰ ਅੰਦਰ ਜਾਬਰ ਤੇ ਬਾਬਰ ਹਮੇਸ਼ਾ ਆਉਂਦੇ ਰਹਿੰਦੇ ਹਨ ਅਤੇ ਉਹ ਕੇਵਲ ਆਪਣਾ ਨਾਂ ਹੀ ਬਦਲਦੇ ਹਨ। ਜ਼ਾਲਮ, ਕਦੀ ਚੰਗੇਜ਼ ਖ਼ਾਂ ਬਣਕੇ ਆਉਂਦਾ ਹੈ ਅਤੇ ਕਦੀ ਨਾਦਰ ਸ਼ਾਹ ਬਣਕੇ। ਕਦੀ ਹਲਾਕੂ ਬਣਕੇ ਆਉਂਦਾ ਹੈ ਅਤੇ ਕਦੀ ਅਹਿਮਦ ਸ਼ਾਹ ਅਬਦਾਲੀ ਬਣਕੇ। ਕਦੀ ਤੈਮੂਰ ਦੇ ਰੂਪ ਵਿੱਚ ਆਉਂਦਾ ਹੈ ਅਤੇ ਕਦੀ ਔਰੰਗਜ਼ੇਬ ਬਣਕੇ। ਕਦੀ ਹਿਟਲਰ ਦੇ ਰੂਪ ਵਿੱਚ ਆਉਂਦਾ ਹੈ ਅਤੇ ਕਦੀ ਇੰਦਰਾ ਤੇ ਰਾਜੀਵਦੇ ਰੂਪ ਵਿੱਚ। ਜਾਬਰ ਦਾ ਨਾਂ ਬਦਲਦਾ ਹੈ, ਪਰ ਅਮਲ ਨਹੀਂ। ਅਮਲ ਸਭ ਦਾ ਮਨੁੱਖਤਾ 'ਤੇ ਜ਼ੁਲਮ ਕਰਨਾ ਹੀ ਹੁੰਦਾ ਹੈ। ਹਰ ਜਾਬਰ ਮਨੁੱਖਤਾ ਦਾ ਕਾਤਲ ਹੁੰਦਾ ਹੈ ਅਤੇ ਹਰ ਜਾਬਰ ਦੇ ਜ਼ੁਲਮ ਕਰਨ ਦਾ ਢੰਗ ਵੀ ਵੱਖਰਾ ਹੀ ਹੁੰਦਾ ਹੈ। ਅੱਜ ਤਕ ਜ਼ਾਲਮ ਕਹਿਰਾਂ ਦੇ ਜ਼ੁਲਮ ਤਾਂ ਕਰਦੇ ਆਏ ਹਨ, ਪਰ ਧੋਖੇ ਨਾਲ ਨਹੀਂ, ਸਗੋਂ ਸ਼ਰੇਆਮ ਜ਼ੁਲਮ ਦਾ ਨੰਗਾ ਨਾਚ ਨੱਚਦੇ ਆਏ ਹਨ। ਇਸ ਦੇ ਉਲਟ ਬ੍ਰਾਹਮਣਵਾਦ ਇੱਕ ਵਖਰੀ ਕਿਸਮ ਦਾ ਜਾਬਰ ਹੈ।

ਨਵਾਂ ਉਠ ਰਿਹਾ ਇਹ ਹਿੰਦੂ ਸਾਮਰਾਟ ਚਾਣਕੀਆ ਨੀਤੀ ਦਾ ਧਾਰਨੀ ਹੈ।

ਧੋਖੇ ਨਾਲ ਆਪਣੇ ਦੁਸ਼ਮਣ ਨੂੰ ਮਾਰਨਾ ਇਸ ਦੀ ਨੀਤੀ ਦਾ ਆਧਾਰ ਹੈ। ਬਗਲ ਗੀਰ ਹੋਕੇ ਪਿੱਠ ਵਿੱਚ ਛੁਰਾ ਮਾਰਨਾ ਇਸ ਦੀ ਨੀਤੀ ਦੀ ਵਿਸ਼ੇਸ਼ਤਾ ਹੈ। ਇੱਕ ਹੱਥ ਨਾਲ ਆਪਣੇ ਸ਼ਿਕਾਰ ਨੂੰ ਪਲੋਸਣਾ ਅਤੇ ਦੂਜੇ ਨਾਲ ਉਸ ਦੀ ਜੇਬ ਕੱਟਣੀ ਇਸ ਦਾ ਕਿੱਤਾ ਹੈ। 'ਦਿਲ ਵਿੱਚ ਹੋਰ, ਕਹਿਣਾ ਕੁਝ ਹੋਰ ਅਤੇ ਕਰਨਾ ਕੁਝ ਹੋਰ' ਇਸ ਦੀ ਜਗਤ ਪ੍ਰਸਿੱਧ ਚਾਣਕੀਆ ਨੀਤੀ ਹੈ। ਅਜੋਕੇ ਹਿੰਦੂ ਸਾਮਰਾਜ ਦੀ ਚਾਣਕੀਆ ਨੀਤੀ ਨਾਜ਼ੀ ਹਿਟਲਰ ਨਾਲੋਂ ਵੀ ਜ਼ਿਆਦਾ ਖ਼ਤਰਨਾਕ ਹੈ। ਇਸ ਦੀ ਨੀਤੀ ਨਾਜ਼ੀ ਹਿਟਲਰ ਦੀ ਨੀਤੀ ਨਾਲੋਂ ਇੱਕ ਕਦਮ ਅਗਾਂਹ ਨੂੰ ਜਾਂਦੀ ਹੈ। ਹਿਟਲਰ ਜਿੱਥੇ ਦੂਜੀਆਂ ਕੌਮਾਂ ਨੂੰ ਗ਼ੁਲਾਮ ਬਣਾ ਕੇ ਉਹਨਾਂ ਨੂੰ ਦੂਜੇ ਦਰਜੇ ਦਾ ਸ਼ਹਿਰੀ ਬਣਾਈ ਰੱਖਣਾ ਚਾਹੁੰਦਾ ਸੀ, ਉਥੇ ਬ੍ਰਾਹਮਣਵਾਦ ਗ਼ੁਲਾਮ ਬਣਾ ਕੇ, ਨਾ ਕੇਵਲ ਚੌਥੇ ਦਰਜੇ ਦਾ ਸ਼ਹਿਰੀ ਬਣਾਈ ਰੱਖਣਾ ਚਾਹੁੰਦਾ ਹੈ, ਸਗੋਂ ਆਪਣੀਆਂ ਗ਼ੁਲਾਮ ਕੌਮਾਂ ਦਾ ਧਰਮ ਵੀ ਬਦਲ ਦੇਣਾ ਚਾਹੁੰਦਾ ਹੈ, ਤਾਂ ਜੋ ਉਹ ਚੌਥੇ ਦਰਜੇ ਦੇ ਸ਼ਹਿਰੀ (ਸ਼ੂਦਰ)ਬਣ ਕੇ ਇਸ ਦੀ ਸੇਵਾ ਕਰਨੀ ਆਪਣਾ ਧਰਮ ਸਮਝਣ ਅਤੇ ਇਸ ਦਾ ਬਚਿਆ-ਖੁਚਿਆ ਖਾ ਕੇ ਦਿਲੋਂ ਇਸ ਦੀ ਚਾਕਰੀ ਕਰਨ।

ਇਸੇ ਆਸ਼ੇ ਅਧੀਨ ਬ੍ਰਾਹਮਣਵਾਦ ਸਿੱਖਾਂ ਦਾ ਧਰਮ ਵੀ ਬਦਲਣਾ ਚਾਹੁੰਦਾ ਹੈ ਅਤੇ ਗ਼ੁਲਾਮ ਵੀ ਬਣਾਈ ਰੱਖਣਾ ਚਾਹੁੰਦਾ ਹੈ, ਤਾਂ ਜੋ ਗ਼ੁਲਾਮ ਸਿੱਖ ਆਪਣੇ ਮਾਲ ਕਾਂ ਲਈ ਜ਼ਮੀਨਾਂ ਵਾਹੁੰਦੇ ਰਹਿਣ, ਅਨਾਜ ਪੈਦਾ ਕਰਦੇ ਰਹਿਣ, ਆਪਣੇ ਹੱਡ ਭੰਨਦੇ ਰਹਿਣ, ਲਾਲਿਆਂ ਦਾ ਭਾਰ ਢੋਂਹਦੇ ਰਹਿਣ, ਸਰਹੱਦਾਂ ਦੀ ਰਾਖੀ ਕਰਦੇ ਰਹਿਣ, ਹਮੇਸ਼ਾ ਕਰਜ਼ਾਈ ਬਣੇ ਰਹਿਣ ਅਤੇ ਬਾਣੀਏ ਦੀ ਮੁਨਾਫ਼ੇ ਦੀ ਚੱਕੀ ਦੇ ਗਾਲੇ ਬਣੇ ਰਹਿਣ। ਇਸ ਆਸ਼ੇ ਦੀ ਪੂਰਤੀ ਲਈ, ਦੂਜੀਆਂ ਕੌਮਾਂ ਨੂੰ ਮਿਟਾ ਕੇ ਬ੍ਰਾਹਮਣਵਾਦ ਭਾਰਤੀ ਉਪ ਮਹਾਂਦੀਪ ਦਾ ਸਮਰਾਟ ਬਣਨ ਦੇ ਸੁਪਨੇ ਲੈ ਰਿਹਾ ਹੈ ਜਿਵੇਂ ਕਦੀ ਹਿਟਲਰ ਨੇ ਸਾਰੀ ਦੁਨੀਆ 'ਤੇ ਰਾਜ ਕਰਨ ਦੇ ਸੁਪਨੇ ਲਏ ਸਨ।

ਸਿਆਸਤ ਤੋਂ ਅਨਜਾਣ ਜਿਹੜੇ ਭੋਲੇ ਲੋਕ ਇਹ ਕਹਿੰਦੇ ਹਨ ਕਿ ਜੇ ਸੰਤ ਜਰਨੈਲ ਸਿੰਘ ਜੀ ਭਿੰਡਰਾਂ ਵਾਲੇ ਦਰਬਾਰ ਸਾਹਿਬ ਅੰਦਰ ਨਾ ਹੁੰਦੇ, ਤਾਂ ਹਮਲਾ ਨਹੀਂ ਸੀ ਹੋਣਾ। ਜੇ ਇਹ ਗੱਲ ਦਲੀਲ ਖ਼ਾਤਰ ਮੰਨ ਵੀ ਲਈਏ ਕਿ ਦਰਬਾਰ ਸਾਹਿਬ 'ਤੇ ਹਮਲਾ ਸੰਤਾਂ ਦੇ ਕਾਰਨ ਹੋਇਆ, ਤਾਂ ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਸਾਰੇ ਪੰਜਾਬ ਅਤੇ 42 ਹੋਰ ਇਤਿਹਾਸਕ ਗੁਰਦੁਆਰਿਆਂ ਅੰਦਰ ਤਾਂ ਸੰਤ ਜੀ ਨਹੀਂ ਸਨ। ਬਾਕੀ ਦੇ ਗੁਰਦੁਆਰਿਆਂ ਵਿੱਚ ਫ਼ੌਜਾਂ ਭੇਜ ਕੇ ਕਿਉਂ ਸਿੱਖਾਂ ਦਾ ਕਤਲੇਆਮ ਕੀਤਾ ਗਿਆ?

ਅਸਲੀਅਤ ਤਾਂ ਇਹ ਹੈ ਕਿ ਸਿੱਖ ਭਾਵੇਂ ਜੋ ਵੀ ਕਰਦੇ, ਉਹ ਸਿੱਖ ਨਸਲ ਕੁਸ਼ੀ ਦਾ ਵਾਰ ਹੋਣਾ ਹੀ ਸੀ। ਉਸ ਮਾਰੂ ਵਾਰ ਦਾ ਸਭ ਤੋਂ ਵੱਡਾ ਕਾਰਨ ਵਜ਼ਾਰਤਾਂ

ਤੇ ਪ੍ਰਧਾਨਗੀਆਂ ਕਾਇਮ ਦਾਇਮ ਰੱਖਣ ਲਈ ਸਿਖ ਲੀਡਰਾਂ ਦੀ ਆਪਸੀ ਫੁਟ ਅਤੇ ਗ਼ਦਾਰੀਆਂ ਸਨ। ਜੇ ਖ਼ੁਦਗਰਜ਼ ਤੇ ਗ਼ਦਾਰ ਸਿਖ ਲੀਡਰਾਂ ਨੇ ਪ੍ਰਧਾਨਗੀਆਂ ਤੇ ਵਜ਼ਾਰਤਾਂ ਬਦਲੇ ਸਰਕਾਰ ਦੇ ਹੱਥਠੋਕੇ ਬਣਕੇ ਉਸ ਨੂੰ ਹਮਲਾ ਕਰਨ ਦੀ ਹਰੀ ਝੰਡੀ ਨਾ ਦਿੱਤੀ ਹੁੰਦੀ, ਤਾਂ ਉਸ ਹਾਲਤ ਵਿੱਚ ਇੰਦਰਾ ਨੇ ਹਮਲਾ ਕਰਨ ਦੀ ਜੁਰਅਤ ਨਹੀਂ ਸੀ ਕਰਨੀ ਅਤੇ ਸ਼ਾਇਦ ਸਿੱਖ ਕੌਮ ਨੂੰ ਚੁਰਾਸੀ ਦੇ ਘਲੂਘਾਰਿਆਂ ਦਾ ਸੰਤਾਪ ਇਤਨੀ ਜਲਦੀ ਨਾ ਹੰਢਾਉਣਾ ਪੈਂਦਾ।

ਸੰਤਾਂ ਦੇ ਸ਼ਹੀਦ ਹੋ ਜਾਣ ਮਗਰੋਂ ਵੀ ਸਿਖ ਇਸਤਰੀਆਂ, ਬੱਚਿਆਂ, ਬਜ਼ੁਰਗਾਂ ਨੂੰ ਕਿਉਂ ਗੋਲੀਆਂ ਦਾਗਦੇ ਰਹੇ? ਸਾਰੇ ਪੰਜਾਬ ਅੰਦਰ ਕਿਉਂ ਚੁਣ-ਚੁਣ ਕੇ ਜਵਾਨ ਸਿੱਖਾਂ ਨੂੰ ਮਾਰਦੇ ਰਹੇ? ਨਵੰਬਰ ਚੁਰਾਸੀ ਵਿੱਚ ਸਾਰੇ ਭਾਰਤ ਵਿੱਚ 15-50 ਸਾਲ ਦੇ ਸਿੱਖਾਂ ਨੂੰ ਕਿਉਂ ਚੁਣ-ਚੁਣ ਕੇ ਮਾਰਿਆ ਗਿਆ ਸੀ? ਕੀ ਸਿਖ ਨਸਲਕੁਸ਼ੀ ਦਾ ਹੀ ਇਹ ਸਬੂਤ ਨਹੀਂ ਕਿ ਇੰਦਰਾ ਗਾਂਧੀ ਨੇ ਹਮਲੇ ਤੋਂ ਚਾਰ ਦਿਨ ਪਹਿਲਾਂ ਰੇਡੀਓ 'ਤੇ ਬਿਆਨ ਦਿੱਤਾ ਸੀ ਕਿ ਦਰਬਾਰ ਸਾਹਿਬ 'ਤੇ ਹਮਲਾ ਨਹੀਂ ਕੀਤਾ ਜਾਏਗਾ, ਤਾਂ ਜੋ ਵੱਧ ਤੋਂ ਵੱਧ ਸਿਖ ਇਕਠੇ ਹੋਣ ਅਤੇ ਸਿੱਖਾਂ ਦੀ ਚੰਗੀ ਤਰ੍ਹਾਂ ਨਸਲਕੁਸ਼ੀ ਹੋ ਸਕੇ।

ਇਕ ਹੋਰ ਵੀ ਸੋਚਣ ਵਾਲੀ ਗੱਲ ਇਹ ਹੈ ਕਿ ਕੀ ਵਹਿਸ਼ੀਆਨਾ ਹਮਲਾ ਕਰਨ ਤੋਂ ਬਿਨਾਂ ਸਰਕਾਰ ਸਾਹਮਣੇ ਹੋਰ ਕੋਈ ਚਾਰਾ ਨਹੀਂ ਸੀ? ਕੀ ਹਮਲਾ ਕੀਤੇ ਬਿਨਾਂ ਹੋਰ ਕੋਈ ਰਾਹ ਬਾਕੀ ਨਹੀਂ ਸੀ ਰਹਿ ਗਿਆ? ਕੀ ਦਰਬਾਰ ਸਾਹਿਬ ਅੰਦਰ ਹਜ਼ਾਰਾਂ ਨਿਰਦੋਸ਼ਾਂ ਦਾ ਖ਼ੂਨ ਕੀਤੇ ਬਿਨਾਂ ਕਥਿਤ ਚਾਲੀ ਅੱਤਵਾਦੀਆਂ ਨੂੰ ਪਕੜਨ ਦਾ ਹੋਰ ਕੋਈ ਤਰੀਕਾ ਨਹੀਂ ਸੀ? ਕੀ ਦਰਬਾਰ ਸਾਹਿਬ ਕੰਪਲੈਕਸ ਦਾ ਰਸਦ-ਪਾਣੀ ਬੰਦ ਕਰਕੇ ਜਾਂ ਬਿਜਲੀ-ਪਾਣੀ ਬੰਦ ਕਰਕੇ, ਉਹਨਾਂ ਨੂੰ ਬਾਹਰ ਆਉਣ 'ਤੇ ਮਜਬੂਰ ਨਹੀਂ ਸੀ ਕੀਤਾ ਜਾ ਸਕਦਾ? ਇਹ ਸਭ ਕੁਝ ਕੀਤਾ ਜਾ ਸਕਦਾ ਸੀ, ਜੇ ਸਰਕਾਰ ਦਾ ਅਸਲੀ ਮੰਤਵਕਥਿਤ ਅੱਤਵਾਦੀਆਂ ਨੂੰ ਪਕੜਨਾ ਹੀ ਹੁੰਦਾ। ਸਰਕਾਰ ਤਾਂ ਵੱਧ ਤੋਂ ਵੱਧ ਸਿੱਖਾਂ ਨੂੰ ਮਾਰ ਕੇ ਸਿਖ ਕੌਮ ਦੀ ਹੋਂਦ ਨੂੰ ਖ਼ਤਮ ਕਰਨਾ ਚਾਹੁੰਦੀ ਸੀ।

ਸਿੱਖਾਂ ਦੀ ਨਸਲਕੁਸ਼ੀ ਕਰ ਕੇ ਇੰਦਰਾ ਗਾਂਧੀ ਇਕ ਪਾਸੇ ਤਾਂ ਹਿੰਦੂਆਂ ਦੀ ਰੱਖਿਅਕ ਬਣ ਕੇ ਇਤਿਹਾਸ ਵਿੱਚ ਆਪਣਾ ਨਾਮ ਚਮਕਾਉਣਾ ਚਾਹੁੰਦੀ ਸੀ ਅਤੇ ਦੂਜਾ ਉਹ ਪਚਾਸੀ ਦੀਆਂ ਇਲੈਕਸ਼ਨਾਂ ਜਿੱਤ ਕੇ ਆਪਣੇ ਖ਼ਾਨਦਾਨ ਲਈ ਹੋਰ ਪੰਜਾਹ ਸਾਲ ਤਕ ਰਾਜ ਕਰਦੇ ਰਹਿਣ ਦੀ ਮੁਹਰ ਲੱਗਵਾ ਲੈਣਾ ਚਾਹੁੰਦੀ ਸੀ।

ਜੇ ਸੰਤ ਭਿੰਡਰਾਂਵਾਲਿਆਂ ਦੀਆਂ ਸਰਗਰਮੀਆਂ ਹੀ ਸਾਕਾ ਨੀਲਾ ਤਾਰਾ ਦਾ ਮੁੱਖ ਕਾਰਨ ਸੀ, ਤਾਂ ਉਸ ਨੂੰ ਪਕੜ ਸਕਣ ਦੀ ਪੇਸ਼ਕਸ਼ ਤਾਂ ਅੰਮ੍ਰਿਤਸਰ ਦੇ ਉਦੋਂ

(ਜੁਲਾਈ 1983 ਤੋਂ ਜੂਨ 1984 ਤਕ ਰਹੇ)ਡਿਪਟੀ ਕਮਿਸ਼ਨਰ ਸ. ਗੁਰਦੇਵਸਿੰਘ ਨੇ ਸਰਕਾਰ ਨੂੰ ਦਿੱਤੀ ਸੀ। ਹੇਠਾਂ ਦਿੱਤਾ ਉਹਨਾਂ ਦਾ ਬਿਆਨ ਬਿਲਕੁਲ ਸਪਸ਼ਟ ਹੈ:

'ਮੈਂ ਚੰਡੀਗੜ੍ਹ ਵਿਖੇ ਮੁੱਖ ਅਫਸਰਾਂ ਨੂੰ ਦੱਸ ਦਿੱਤਾ ਸੀ ਕਿ ਜੇ ਉਹ ਸੰਤ ਭਿੰਡਰਾਂਵਾਲੇ ਨੂੰ ਗ੍ਰਿਫਤਾਰ ਕਰਨਾ ਚਾਹੁੰਦੇ ਹੋਣ, ਤਾਂ ਇਸ 'ਚ ਕੋਈ ਵੱਡੀ ਔਕੜ ਨਹੀਂ ਆਵੇਗੀ। ਮੇਰੇ ਸੂਹੀਆਂ ਨੇ ਮੈਨੂੰ ਇਹ ਦੱਸ ਦਿੱਤਾ ਸੀ, ਕਿ ਦਰਬਾਰ ਸਾਹਿਬ ਵਿਚਲੇ ਖਾੜਕੂਆਂ ਕੋਲ ਦੋ ਤਿੰਨ ਸੌ ਤੋਂ ਵੱਧ ਬੰਦੂਕਾਂ ਨਹੀਂ ਹਨ। ਉਨ੍ਹਾਂ ਦੀਆਂ ਬੰਦੂਕਾਂ ਕੋਈ ਬਹੁਤੀਆਂ ਆਧੁਨਿਕ ਵੀ ਨਹੀਂ ਸਨ। ਬਾਅਦ 'ਚ ਫੌਜ ਨੇ ਸ਼ਿਕਾਇਤ ਕੀਤੀ ਕਿ ਉਨ੍ਹਾਂ ਨੂੰ ਲੋੜੀਂਦੀ ਸੂਚਨਾ ਪ੍ਰਾਪਤ ਨਹੀਂ ਸੀ। ਮੈਨੂੰ ਨਹੀ ਪਤਾ ਕਿ ਉਨ੍ਹਾਂ ਨੇ ਕਿਸ ਸੂਚਨਾ ਦੇ ਆਧਾਰ 'ਤੇ ਕਾਰਵਾਈ ਕੀਤੀ। ਉਸ ਵੇਲੇ ਦਰਬਾਰ ਸਾਹਿਬ ਅੰਦਰ ਦਰਜਨ ਤੋਂ ਵੱਧ ਸੂਹੀਆ ਏਜੰਸੀਆਂ ਸਰਗਰਮ ਸਨ ਅਤੇ ਬਹੁਤੀ ਵਾਰੀ ਇਕ ਦੂਜੇ ਨੂੰ ਕੱਟਣ 'ਚ ਰੁੱਝ ਜਾਂਦੀਆਂ ਸਨ। ਮੈਨੂੰ ਆਪਣੀ ਸੀ. ਆਈ. ਡੀ. 'ਤੇ ਪੂਰਾ ਵਿਸ਼ਵਾਸ ਸੀ। ਜੇ ਮੈਨੂੰ ਸਪੱਸ਼ਟ ਹਿਦਾਇਤਾਂ ਦਿੱਤੀਆਂ ਜਾਂਦੀਆਂ, ਤਾਂ ਮੈਂ ਭਿੰਡਰਾਂਵਾਲੇ ਨੂੰ ਗ੍ਰਿਫਤਾਰ ਕਰਨ ਲਈ ਇਕ ਆਪਰੇਸ਼ਨ ਦਾ ਪ੍ਰਬੰਧ ਕਰ ਸਕਦਾ ਸੀ। ਪਰ ਮੁੱਖ ਮੰਤਰੀ ਦਰਬਾਰਾ ਸਿੰਘ, ਪੰਜਾਬ ਦਾ ਗਵਰਨਰ ਪਾਂਡੇ ਅਤੇ ਪੰਜਾਬ ਦਾ ਮੁੱਖ ਸਕੱਤਰ ਕੇ. ਡੀ. ਵਾਸੂਦੇਵਾ ਨੇ ਮੈਨੂੰ ਸਪਸ਼ਟ ਸ਼ਬਦਾਂ 'ਚ ਦੱਸ ਦਿੱਤਾ ਸੀ, ਕਿ ਭਿੰਡਰਾਂਵਾਲੇ ਵਿਰੁੱਧ ਕਾਰਵਾਈ ਕਰਨ ਦੀ ਪਹਿਲ ਦਾ ਹੁਕਮ ਚੰਡੀਗੜ੍ਹ ਤੋਂ ਜਾਰੀ ਕੀਤਾ ਜਾਵੇਗਾ ਅਤੇ ਚੰਡੀਗੜ੍ਹ ਨੂੰ ਆਦੇਸ਼ ਦਿੱਲੀ ਤੋਂ ਪ੍ਰਾਪਤ ਹੁੰਦੇ ਹਨ। ਮੈਂ ਇਸ ਤਜਵੀਜ਼ ਦੀ ਮੁਖਾਲਫਤ ਕੀਤੀ ਕਿ ਫੌਜ ਬੁਲਾਈ ਜਾਵੇ। ਮੇਰੇ ਪਾਸ ਅਜਿਹਾ ਕਰਨ ਦੇ ਕਾਰਨ ਬਹੁਤ ਸਨ। ਜੇ ਦਰਬਾਰ ਸਾਹਿਬ 'ਤੇ ਛਾਪਾ ਮਾਰਿਆ ਜਾਣਾ ਸੀ, ਤਾਂ ਉਸ ਦੀ ਸਫਲਤਾ ਲਈ ਸਥਾਨਕ ਪੁਲਿਸ ਦਾ ਸਹਿਯੋਗ ਨਿਰਣਾਇਕ ਸੀ।'

ਇਥੇ ਇਹ ਗੱਲ ਪਾਠਕਾਂ ਦਾ ਖ਼ਾਸ ਧਿਆਨ ਮੰਗਦੀ ਹੈ ਕਿ ਸਰਕਾਰ ਨੂੰ ਕੇਵਲ ਸ਼ਕ ਹੀ ਸੀ ਕਿ ਕਥਿਤ 40 ਅੱਤਵਾਦੀਆਂ ਨੇ ਹਿੰਦੂਆਂ ਦੇ ਕਤਲ ਕੀਤੇ ਸਨ। ਭਾਵੇਂ ਕਤਲ ਕਰਵਾਏ ਗਏ ਸਨ ਸਰਕਾਰ ਦੀ ਆਪਣੀ ਥਰਡ ਏਜੰਸੀ ਵਲੋਂ, ਪਰ ਹਮਲੇ ਦਾ ਬਹਾਨਾ ਲੱਭਣ ਲਈ ਨਾਂ ਮੜ੍ਹ ਦਿੱਤੇ ਗਏ ਸਨ ਸੰਤਾਂ ਤੇ ਉਹਨਾਂ ਦੇ ਅਨੁਆਈਆਂ ਦੇ ਨਾਂ ਨਾਲ।

ਥਰਡ ਏਜੰਸੀ ਵਲੋਂ ਕਰਵਾਏ ਗਏ ਹਿੰਦੂਆਂ ਦੇ ਕਤਲਾਂ ਦੇ ਜਵਾਬ ਵਿੱਚ ਕਰਨਾਲ ਤੇ ਪਾਨੀਪਤ ਵਿੱਚ ਗੁਰਦੁਅਰੇ ਸਾੜੇ ਜਾ ਚੁੱਕੇ ਸਨ, ਤੀਹ ਦੇ ਕਰੀਬ ਰਾਹ-ਗੁਜ਼ਰ ਸਿੱਖ ਕਤਲ ਕੀਤੇ ਜਾ ਚੁੱਕੇ ਸਨ, ਕਈਆਂ ਦੇ ਦਾੜ੍ਹੀ ਕੇਸ ਮੁੰਨ ਕੇ

ਉਹਨਾਂ ਨੂੰ ਪਤਿਤ ਕੀਤਾ ਜਾ ਚੁੱਕਾ ਸੀ। ਕੀ ਸਰਕਾਰ ਨੂੰ ਦਸ-ਪੰਦਰਾਂ ਹਿੰਦੂਆਂ ਦੇ ਮਾਰੇ ਜਾਣ ਦਾ ਮੁੱਲ ਵਸੂਲ ਨਹੀਂ ਸੀ ਹੋਇਆ? ਕੀ ਸਰਕਾਰ ਦਾ ਇਤਨੇ ਕੁਝ ਨਾਲ ਮਨ ਸ਼ਾਂਤ ਨਹੀਂ ਸੀ ਹੋਇਆ? ਇਸ ਦਾ ਮਤਲਬ ਤਾਂ ਇਹ ਹੋਇਆ ਕਿ ਸਿੱਖਾਂ ਦਾ ਕਤਲ ਕਰਨ ਵਾਲੇ ਦੋਸ਼ੀ ਨਹੀਂ, ਕਿਉਂਕਿ ਸਭ ਦੇ ਸਾਹਮਣੇ ਸਿੱਖਾਂ ਨੂੰ ਮਾਰਿਆ ਗਿਆ, ਪੁਲਸ ਦੇ ਸਾਹਮਣੇ ਸਿੱਖਾਂ ਨੂੰ ਕਤਲ ਕੀਤਾ ਗਿਆ ਸੀ, ਪਰ ਸਰਕਾਰ ਨੇ ਉਹਨਾਂ ਦੋਸ਼ੀਆਂ 'ਤੇ ਕੋਈ ਐਕਸ਼ਨ ਨਹੀਂ ਸੀ ਲਿਆ। ਕਿਉਂਕਿ ਸਰਕਾਰ ਦੀਆਂ ਨਜ਼ਰਾਂ ਵਿੱਚ ਸਿੱਖਾਂ ਨੂੰ ਮਾਰਨਾਂ ਜੁਰਮ ਨਹੀਂ ਸਗੋਂ ਪੁੰਨ ਹੈ।

ਕੀ ਦਸ-ਪੰਦਰਾਂ ਹਿੰਦੂਆਂ ਦੇ ਮਾਰੇ ਜਾਣ ਦੇ ਸ਼ਕ ਵਿੱਚ ਕਥਿਤ ਮਸ਼ਕੂਕ ਅੱਤਵਾਦੀਆਂ ਨੂੰ ਪਕੜਨ ਲਈ ਹਜ਼ਾਰਾਂ ਯਾਤਰਾ ਕਰਨ ਗਏ ਨਿਰਦੋਸ਼ ਸਿੱਖਾਂ, ਇਸਤਰੀਆਂ, ਬੱਚਿਆਂ ਤੇ ਬਜ਼ੁਰਗਾਂ ਨੂੰ ਕੋਹ-ਕੋਹ ਕੇ ਮਾਰਨ ਵਾਲੇ ਦੋਸ਼ੀ ਨਹੀਂ? ਜੇ ਹਜ਼ਾਰਾਂ ਦਾ ਕਤਲੇਆਮ ਕਰਨ ਵਾਲੇ, ਅਕਾਲ ਤਖ਼ਤ ਸਾਹਿਬ ਢਾਹੁਣ ਵਾਲੇ ਅਤੇ ਹਜ਼ਾਰਾਂ ਨਿਹੱਥੇ ਸਿੱਖ ਸ਼ਹਿਰੀਆਂ ਨੂੰ ਗੋਲੀਆਂ ਨਾਲ ਭੁੰਨਣ ਵਾਲੇ ਦੋਸ਼ੀ ਨਹੀਂ, ਤਾਂ ਕਥਿਤ ਮਸ਼ਕੂਕ ਅੱਤਵਾਦੀ ਕਿਵੇਂ ਦੋਸ਼ੀ ਹੋ ਸਕਦੇ ਹਨ? ਉਹਨਾਂ ਦਾ ਤਾਂ ਦੋਸ਼ ਸਾਬਤ ਵੀ ਨਹੀਂ ਸੀ ਹੋਇਆ।

ਸਿੰਘੋ, ਜ਼ਰਾ ਸੋਚੋ। ਕੀ ਦਸ-ਪੰਦਰਾਂ ਹਿੰਦੂਆਂ ਦੇ ਮਸ਼ਕੂਕ ਕਾਤਲਾਂ ਦੀ ਸਜ਼ਾ ਸਿੱਖਾਂ ਦਾ ਅਕਾਲ ਤਖ਼ਤ ਸਾਹਿਬ ਢਹਿਢੇਰੀ ਕਰ ਦੇਣਾ ਹੈ? ਹਜ਼ਾਰਾਂ ਨੂੰ ਕੋਹ-ਕੋਹ ਕੇ ਮਾਰਨਾ ਹੈ? ਹਜ਼ਾਰਾਂ ਇਸਤਰੀਆਂ ਦੀ ਬੇਪਤੀ ਕਰਨੀ ਹੈ? ਹਜ਼ਾਰਾਂ ਬੱਚਿਆਂ ਨੂੰ ਯਤੀਮ ਬਣਾਉਣਾ ਹੈ? ਸਿੱਖ ਕੌਮ ਦੇ ਸਾਰੇ ਇਤਿਹਾਸਕ ਵਿਰਸੇ ਨੂੰ ਤਬਾਹ ਕਰ ਦੇਣਾ ਹੈ? ਸਿੱਖਾਂ ਦੇ ਪੰਜ ਸੌ ਸਾਲ ਦੇ ਸਾਂਭੇ ਤੋਸ਼ਾਖ਼ਾਨੇ ਨੂੰ ਲੁੱਟਣਾ ਹੈ? ਅਤੇ ਮਸ਼ਕੂਕ ਅੱਤਵਾਦੀਆਂ ਨੂੰ ਵਿਜਯੰਤ ਟੈਂਕ ਦੇ ਜ਼ਹਿਰੀਲੇ ਗੋਲਿਆਂ ਨਾਲ ਮਾਰਨਾ ਹੈ? ਇਤਨੇ ਜ਼ੁਲਮ ਕਰਨ ਵਾਲਿਆਂ ਲਈ ਵੀ ਕੋਈ ਸਜ਼ਾ ਹੋਣੀ ਚਾਹੀਦੀ ਹੈ ਕਿ ਨਹੀਂ?

ਵੇਖੋ ਮਨੂਵਾਦੀ ਸਰਕਾਰ ਦਾ ਇਨਸਾਫ਼। ਹਜ਼ਾਰਾਂ ਨਿਰਦੋਸ਼ ਸਿੱਖ ਯਾਤਰੂਆਂ ਦਾ ਕਤਲ ਕਰਨ ਵਾਲਿਆਂ ਨੂੰ ਸਜ਼ਾ ਦੇਣੀ ਤਾਂ ਇੱਕ ਪਾਸੇ ਰਹੀ, ਉਹਨਾਂ ਵਹਿਸ਼ੀ ਕਾਤਲਾਂ ਨੂੰ ਤਰੱਕੀਆਂ ਦਿੱਤੀਆਂ ਗਈਆਂ, ਕਿਉਂਕਿ ਉਹਨਾਂ ਸਿੱਖਾਂ ਦਾ ਕਤਲੇਆਮ ਕਰਕੇ ਭਾਰਤ ਮਾਂ ਦੀ ਸਭ ਤੋਂ ਵੱਡੀ ਸੇਵਾ ਕੀਤੀ ਸੀ। ਜਿਹੜੇ ਫ਼ੌਜੀ ਸਿੱਖਾਂ ਨੂੰ ਮਾਰਦੇ-ਮਾਰਦੇ ਆਪ ਮਰ ਗਏ, ਉਹਨਾਂ ਦੀ ਬਹਾਦਰੀ ਦੀ ਦਾਦ ਦੇਂਦਿਆਂ ਉਹਨਾਂ ਦੇ ਪਰਿਵਾਰਾਂ ਨੂੰ ਇੱਕ-ਇੱਕ ਲੱਖ ਰੁਪਏ ਇਨਾਮ ਵਜੋਂ ਦਿੱਤੇ ਗਏ, ਜੋ ਚੀਨ ਤੇ ਪਾਕਿਸਤਾਨ ਨਾਲ ਲੜੀਆਂ ਲੜਾਈਆਂ ਵੇਲੇ ਵੀ ਨਹੀਂ ਸੀ ਕੀਤਾ ਗਿਆ। ਇਸ ਦਾ ਸਪਸ਼ਟ ਮਤਲਬ ਤਾਂ ਇਹ ਹੋਇਆ ਕਿ ਸਿੱਖ ਭਾਰਤ ਦੇ

ਚੀਨ ਤੇ ਪਾਕਿਸਤਾਨ ਨਾਲੋਂ ਵੀ ਵੱਡੇ ਦੁਸ਼ਮਣ ਹਨ। ਕੀ ਕਦੀ ਸਿੱਖ ਲੀਡਰਾਂ ਦੀਆਂ ਅੱਖਾਂ ਤੋਂ ਖ਼ੁਦਗਰਜ਼ੀ ਦੇ ਖੋਪੇ ਲੱਥਣਗੇ?

ਸਰਕਾਰ ਦੇ ਆਪਣੇ ਵਾਈਟ ਪੇਪਰ ਅਨੁਸਾਰ ਕਥਿਤ 40 ਅੱਤਵਾਦੀ ਤਾਂ ਦਰਬਾਰ ਸਾਹਿਬ ਕੰਪਲੈਕਸ ਅੰਦਰ ਛੁਪੇ ਹੋਏ ਸਨ, ਫੇਰ ਬਾਕੀ ਦੇ 42 ਇਤਿਹਾਸਕ ਗੁਰਦੁਆਰਿਆਂ ਵਿੱਚ ਬੁਚੱੜ ਫ਼ੌਜ ਵਲੋਂ ਨਿਰਦੋਸ਼ ਸਿੱਖਾਂ ਦਾ ਕਿਉਂ ਕਤਲੇਆਮ ਕੀਤਾ ਗਿਆ? ਸਾਰੇ ਪੰਜਾਬ ਵਿੱਚ ਕਿਉਂ ਸਿੱਖਾਂ ਨੂੰ ਵੇਖਦਿਆਂ ਸਾਰ ਗੋਲੀਆਂ ਨਾਲ ਭੁੰਨ ਦੇਣ ਦੇ ਫ਼ੌਜ ਨੂੰ ਹੁਕਮ ਦਿੱਤੇ ਗਏ ਸਨ? ਜ਼ਾਹਰ ਹੈ ਕਿ ਪੰਦਰਾਂ ਤੋਂ ਪੰਜਾਹ ਸਾਲ ਦੇ ਵੱਧ ਤੋਂ ਵੱਧ ਸਿੱਖਾਂ ਨੂੰ ਮਾਰ ਕੇ ਸਿੱਖਾਂ ਦੀ ਨਸਲ ਨੂੰ ਤਬਾਹ ਕਰਨ ਦਾ ਉਹ ਨਾਪਾਕ ਮਨਸੂਬਾ ਸੀ।

ਹਮਲੇ ਤੋਂ ਪਹਿਲਾਂ ਪੰਜਾਬ ਦੇ ਹਰ ਪਿੰਡ ਵਿੱਚ ਸੀ.ਆਰ.ਪੀ.ਅਤੇ ਬੀ.ਐਸ.ਐਫ.ਦੇ ਜਵਾਨ ਤਾਇਨਾਤ ਸਨ। ਫਿਰ ਪੰਜਾਬ ਦੇ ਹਰ ਪਿੰਡ ਵਿੱਚ ਮਿਲਟਰੀ ਨੂੰ ਕਿਉਂ ਭੇਜਿਆ ਗਿਆ? ਸਾਫ਼ ਜ਼ਾਹਰ ਹੈ, ਸਿੱਖ ਨਸਲਕੁਸ਼ੀ ਕਰਨ ਲਈ। ਕਿਤਨੀ ਫ਼ੌਜ ਭੇਜੀ ਗਈ ਹੋਣੀ ਹੈ, ਇਸ ਦਾ ਅੰਦਾਜ਼ਾ ਉਹਨਾਂ ਫ਼ੌਜੀਆਂ ਲ ਈ ਭੇਜੀ ਸ਼ਰਾਬ ਤੋਂ ਲਗਾਇਆ ਜਾ ਸਕਦਾ ਹੈ। ਪੰਜਾਬ ਸਰਕਾਰ ਦੇ 'ਕਰ ਤੇ ਆਬਕਾਰੀ ਵਿਭਾਗ' ਨੇ ਆਪਣੇ ਇੱਕ ਨੋਟੀਫਿਕੇਸ਼ਨ ਰਾਹੀਂ ਸੱਤ ਲੱਖ ਰੰਮ ਦੀਆਂ ਬੋਤਲਾਂ, ਤੀਹ ਹਜ਼ਾਰ ਵਿਸਕੀ ਦੇ ਅੱਧੀਏ, ਸੱਠ ਹਜ਼ਾਰ ਬਰਾਂਡੀ ਦੇ ਅੱਧੀਏ, ਇੱਕ ਲੱਖ ਸੱਠ ਹਜ਼ਾਰ ਬੀਅਰ ਦੀਆਂ 'ਆਬਕਾਰੀ ਕਰ' ਮੁਕਤ ਬੋਤਲਾਂ ਦਾ ਪ੍ਰਬੰਧ ਕੀਤਾ ਸੀ। ਉਸ ਸਰਕਾਰੀ ਨੋਟੀਫ਼ਿਕੇਸ਼ਨ ਵਿੱਚ ਸਾਫ਼ ਸ਼ਬਦਾਂ ਵਿੱਚ ਲਿਖਿਆ ਹੋਇਆ ਸੀ ਕਿ ਇਹ ਸ਼ਰਾਬ 'ਆਪਰੇਸ਼ਨ ਬਲਿਊ ਸਟਾਰ' ਲਈ ਤਾਇਨਾਤ ਸੁਰੱਖਿਆ ਸੈਨਾਵਾਂ ਦੇ ਅਮਲੇ ਦੇ ਵਰਤੋਂ ਵਾਸਤੇ ਹੈ।

ਹਮਲੇ ਦੇ ਨੇੜੇ-ਤੇੜੇ ਦਰਜਨ ਤੋਂ ਵੱਧ ਸਰਕਾਰੀ ਤੇ ਗ਼ੈਰ-ਸਰਕਾਰੀ ਗੁਪਤ ਏਜੰਸੀਆਂ ਦਰਬਾਰ ਸਾਹਿਬ ਅੰਦਰ ਤੇ ਬਾਹਰ ਕੰਮ ਕਰ ਰਹੀਆਂ ਸਨ। ਸਰਕਾਰ ਨੂੰ ਮਿੰਟ-ਮਿੰਟ ਦੀ ਖ਼ਬਰ ਪਹੁੰਚ ਰਹੀ ਸੀ। ਸਰਕਾਰ ਨੂੰ ਸਭ ਕੁਝ ਪਤਾ ਸੀ, ਸਰਕਾਰ ਦੀ ਪਲਾਨ ਮੁਤਾਬਕ ਹੀ ਥਰਡ ਏਜੰਸੀ ਵਲੋਂ ਉਹ ਸਾਰੀ ਖੇਡ ਖੇਡੀ ਜਾ ਰਹੀ ਸੀ। ਥਰਡ ਏਜੰਸੀ ਨੇ ਆਪ ਹੀ ਹਥਿਆਰ ਦਰਬਾਰ ਸਾਹਿਬ ਅੰਦਰ ਪਹੁੰਚਾਏ ਸਨ ਅਤੇ ਉਸ ਨੂੰ ਇੱਕ ਇੱਕ ਹਥਿਆਰ ਦੀ ਪੂਰੀ ਜਾਣਕਾਰੀ ਸੀ।

ਸਰਕਾਰ ਦੇ ਵਾਈਟ ਪੇਪਰ ਮੁਤਾਬਕ ਉਥੇ ਤਾਂ ਕੇਵਲ 40 ਕਥਿਤ ਅਤਿਵਾਦੀ ਹੀ ਸਨ। ਕੀ ਇਤਨੀ ਵੱਡੀ ਫੌਜ ਦੀ ਗਿਣਤੀ 40 ਕਥਿਤ ਅਤਿਵਾਦੀਆਂ ਨੂੰ ਪਕੜਨ ਲਈ ਗਈ ਸੀ? ਅੱਜ ਤਕ ਕਿਤੇ ਵੀ ਕਿਸੇ ਵੀ ਬਗ਼ਾਵਤ ਨੂੰ ਕੁਚਲਣ ਲਈ ਏਨੀ ਵੱਡੀ ਗਿਣਤੀ 'ਚ ਫੌਜ ਦੀ ਵਰਤੋਂ ਨਹੀਂ ਸੀ ਕੀਤੀ ਗਈ।

ਸੰਡੇ ਟਾਈਮਜ਼ ਲੰਡਨ ਦੇ 17 ਜੂਨ, 1984 ਦੇ ਅੰਕ 'ਚ ਉਸ ਦੀ ਪੱਤਰਕਾਰ ਮੈਰੀ ਐਨ ਵੀਵਰ ਨੇ ਲਿਖਿਆ ਕਿ 'ਅਜ਼ਾਦੀ ਪਿੱਛੋਂ ਏਨੀ ਵੱਡੀ ਗਿਣਤੀ 'ਚ ਫੌਜ ਨੇ ਕੋਈ ਆਪਰੇਸ਼ਨ ਨਹੀਂ ਕੀਤਾ। ਦਰਬਾਰ ਸਾਹਿਬ 'ਤੇ ਹਮਲੇ ਲਈ 1,50,000 ਫੌਜੀਆਂ ਨੂੰ ਲਾਇਆ ਗਿਆ, ਜਦ ਕਿ 35,000 ਹੋਰ ਫੌਜੀ ਤਿਆਰ ਬਰ ਤਿਆਰ ਖੜ੍ਹੇ ਹੁਕਮ ਦੀ ਉਡੀਕ 'ਚ ਸਨ।'

ਕੀ ਛੇ ਡਵੀਜਨਾਂ ਫ਼ੌਜ ਦੀਆਂ, ਦੋ ਜਨਰਲ, 24 ਟੈਂਕ ਸਣੇ ਤੋਪਖ਼ਾਨੇ ਦੇ, ਛੇ ਹੈਲੀਕਾਪਟਰ, ਬੱਕਤਰ-ਬੰਦ ਗੱਡੀਆਂ, 40 ਖਾੜਕੂਆਂ ਨੂੰ ਪਕੜਨ ਲਈ ਵਰਤੇ ਜਾਣੇ ਸਨ ਜਾਂ ਸਿਖ ਨਸਲਕੁਸ਼ੀ ਲਈ? ਹੋਰ ਵੇਖੋ, ਬੁੱਚੜ ਫ਼ੌਜ ਵਲੋਂ ਟੈਂਕ ਵੀ ਭਾਰਤੀ ਫ਼ੌਜ ਦਾ ਪ੍ਰਮੁੱਖ ਲੜਾਕੂ ਵਿਜਯੰਤ ਟੈਂਕ ਵਰਤਿਆ ਗਿਆ, ਜਿਸ ਦੀ 105 ਮਿਲੀਮੀਟਰ ਦੀ ਮੁੱਖ ਤੋਪ ਰਾਹੀਂ ਅਕਾਲ ਤਖ਼ਤ ਸਾਹਿਬ 'ਤੇ 'ਹਾਈ ਐਕਸਪਲੋਸਿਵਸਕੂਐਸ਼ ਹੈਡ' ਵਾਲੇ ਜ਼ਹਿਰੀਲੇ ਗੋਲੇ ਵਰ੍ਹਾਏ ਗਏ। ਜਨਰਲ ਜਗਜੀਤ ਸਿੰਘ ਅਰੋੜਾ, ਜਿਸ ਨੇ ਢੱਠੇ ਹੋਏ ਅਕਾਲ ਤਖ਼ਤ ਸਾਹਿਬ ਦਾ ਅਧਿਐਨ ਕੀਤਾ ਸੀ, ਦਾ ਖ਼ਿਆਲ ਹੈ ਕਿ ਲਗਭਗ 80 ਅਜਿਹੇ ਘਾਤਕ ਗੋਲੇਵਰ੍ਹਾਏ ਗਏ ਹੋਣਗੇ।

ਫਿਰ ਹਮਲੇ ਦਾ ਦਿਨ ਵੀ ਉਹ ਚੁਣਿਆ, ਜਿਸ ਦਿਨ ਸਾਰੇ ਗੁਰਦੁਆਰੇ ਸੰਗਤਾਂ ਨਾਲ ਖਚਾ-ਖਚ ਭਰੇ ਹੁੰਦੇ ਹਨ। ਵਾਧਾ ਇਹ ਕਿ ਇੰਦਰਾ ਨੇ ਹਮਲੇ ਤੋਂ ਚਾਰ ਦਿਨ ਪਹਿਲਾਂ ਟੀ.ਵੀ. 'ਤੇ ਐਲਾਨ ਕਰਕੇ ਸਿਖ ਯਾਤਰੂਆਂ ਨੂੰ ਵਿਸ਼ਵਾਸ ਦਿਵਾਇਆ ਕਿ ਦਰਬਾਰ ਸਾਹਿਬ 'ਤੇ ਹਮਲਾ ਨਹੀਂ ਕੀਤਾ ਜਾਏਗਾ, ਤਾਂ ਜੋ ਵੱਧ ਤੋਂ ਵੱਧ ਸਿਖ ਸ਼ਹੀਦੀ ਗੁਰਪੁਰਬ ਸਮੇਂ ਗੁਰਦੁਆਰਿਆਂ ਅੰਦਰ ਇੱਕਠੇ ਹੋਣ ਅਤੇ ਇੱਕਠੇ ਹੋਏ ਸਿੱਖਾਂ ਦੀ ਅਸਾਨੀ ਨਾਲ ਨਸਲਕੁਸ਼ੀ ਹੋ ਸਕੇ। ਕੀ ਇਸ ਤੋਂ ਸਾਫ਼ ਜ਼ਾਹਰ ਨਹੀਂ ਕਿ ਸਰਕਾਰ ਨੇ ਸਿਖ ਨਸਲਕੁਸ਼ੀ ਕਰਨੀ ਸੀ? ਇਸ ਤੋਂ ਵੱਧ ਧੋਖਾ ਤੇ ਵਿਸ਼ਵਾਸਘਾਤ ਹੋਰ ਕੀ ਹੋ ਸਕਦਾ ਹੈ? ਇਸੇ ਕਰਕੇ ਗੁਰੂ ਸਾਹਿਬ ਨੇ ਬਿੱਪ੍ਰਾਂ 'ਤੇ ਵਿਸ਼ਵਾਸ ਨਾ ਕਰਨ ਦਾ ਆਦੇਸ਼ ਦਿੱਤਾ ਹੋਇਆ ਹੈ।

ਦੋ ਸਦੀਆਂ ਪਹਿਲਾਂ 1736 ਈ: ਦੀ ਦੀਵਾਲੀ ਵਾਲੇ ਦਿਨ ਮੁਗ਼ਲ ਫੌਜ ਨੇ ਦਰਬਾਰ ਸਾਹਿਬ 'ਤੇ ਇਸੇ ਤਰ੍ਹਾਂ ਦਾ ਹੀ ਘਿਨਾਉਣਾ ਹਮਲਾ ਕੀਤਾ ਸੀ। ਅਹਿਮਦ ਸ਼ਾਹ ਅਬਦਾਲੀ ਨੇ ਜਦੋਂ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਸੀ, ਤਾਂ ਉਸ ਨੇ ਵੀ ਵਿਸਾਖੀ ਵਾਲਾ ਦਿਨ ਹੀ ਚੁਣਿਆ ਸੀ, ਤਾਂ ਜੋ ਵੱਧ ਤੋਂ ਵੱਧ ਇਕੱਠੇ ਹੋਏ ਸਿੱਖਾਂ ਦਾ ਘਾਣ ਕੀਤਾ ਜਾ ਸਕੇ ਕਿਉਂਕਿ ਉਸ ਦਿਨ ਸਿੱਖ ਸੰਗਤਾਂ ਖਾਲਸੇ ਦਾ ਜਨਮ ਦਿਹਾੜਾ ਮਨਾਉਣ ਲਈ ਇਕੱਠੀਆਂ ਹੋਣੀਆਂ ਸਨ। ਜਲ੍ਹਿਆ ਵਾਲਾ ਬਾਗ਼ ਦਾ ਖ਼ੂਨੀ ਸਾਕਾ ਵੀ 13 ਅਪ੍ਰੈਲ 1919 ਨੂੰ ਵਿਸਾਖੀ ਵਾਲੇ ਦਿਨ

ਹੀ ਵਾਪਰਿਆ ਸੀ।

ਸਿੱਖ ਨਸਲਕੁਸ਼ੀ ਦਾ ਇਸ ਤੋਂ ਵੱਧ ਹੋਰ ਕਿਹੜਾ ਵੱਡਾ ਸਬੂਤ ਹੋ ਸਕਦਾ ਹੈ ਕਿ ਦਰਬਾਰ ਸਾਹਿਬ ਦੇ ਹਮਲੇ ਲਈ ਭਾਰਤੀ ਫ਼ੌਜ ਚਕਰੌਤਾ ਦੀਆਂ ਪਹਾੜੀਆਂ 'ਤੇ ਦਰਬਾਰ ਸਾਹਿਬ ਦਾ ਮਾਡਲ ਬਣਾ ਕੇ ਕਈ ਮਹੀਨੇ ਮਸ਼ਕਾਂ ਕਰਦੀ ਰਹੀ। ਬ੍ਰਾਹਮਣਵਾਦ ਵਲੋਂ ਸਿੱਖੀ ਦਾ ਰੜਕਦਾ ਕੰਡਾ ਕੱਢਣ ਲਈ ਅਤੇ ਬੋਧੀਆਂ ਵਾਂਗ ਸਿੱਖੀ ਦੀ ਹੋਂਦ ਖ਼ਤਮ ਕਰ ਦੇਣ ਦਾ ਸਿੱਖੀ ਉਪਰ ਉਹ ਆਖ਼ਰੀ ਵਾਰ ਸੀ। ਸਿੱਖ ਵਿਰੋਧੀ ਹਾਲਾਤ ਪੈਦਾ ਕਰਨ ਲਈ ਪੰਜਾਬ ਅੰਦਰ ਹਿੰਦੂਆਂ ਦੇ ਸਿਆਸੀ ਕਤਲ ਕਰਨ ਵਾਲੀ ਵੀ ਸਰਕਾਰ ਦੀ ਆਪਣੀ ਥਰਡ ਏਜੰਸੀ ਹੀ ਸੀ ਨਾ ਕਿ ਜੁਝਾਰੂ ਸਿੰਘ। ਹਮਲਾ ਕਰਨ ਦਾ ਬਹਾਨਾ ਲੱਭਣ ਲਈ ਅੱਤਵਾਦੀਆਂ ਨੂੰ ਪਕੜਨ ਦਾ ਫ਼ਰੇਬ ਕੀਤਾ ਗਿਆ ਸੀ। ਇਸ ਵਿੱਚ ਜ਼ਰਾ ਜਿੰਨਾ ਵੀ ਸ਼ਕ ਨਹੀਂ ਕਿ ਹਿੰਦੂ ਸਾਮਰਾਜ ਦੀ ਉਹ ਸਿੱਖ ਨਸਲਕੁਸ਼ੀ ਦੀ ਵਿਸਾਹਘਾਤਕ ਸਾਜ਼ਿਸ਼ ਸੀ।

ਕੀ ਇਹ ਸਿੱਖ ਨਸਲਕੁਸ਼ੀ ਨਹੀਂ ਸੀ? 2 ਜੂਨ ਨੂੰ ਸਾਰਾ ਦਰਬਾਰ ਸਾਹਿਬ ਕੰਪਲੈਕਸ ਫ਼ੌਜ ਦੇ ਹਵਾਲੇ ਕਰ ਦਿੱਤਾ ਗਿਆ। 4 ਜੂਨ ਨੂੰ ਸਾਰਾ ਪੰਜਾਬ ਫ਼ੌਜ ਦੇ ਹਵਾਲੇ ਕਰ ਦਿੱਤਾ ਗਿਆ ਅਤੇ ਸਾਰੀ ਦੁਨੀਆ ਨਾਲੋਂ ਕੱਟ ਦਿੱਤਾ ਗਿਆ। ਸਾਰੇ ਪੰਜਾਬ ਵਿੱਚ ਚੱਪੇ-ਚੱਪੇ 'ਤੇ ਫ਼ੌਜ ਤਾਇਨਾਤ ਕਰ ਦਿੱਤੀ ਗਈ। ਸਾਰੇ ਪੰਜਾਬ ਵਿੱਚੋਂ ਸਭ ਪੱਤਰਕਾਰਾਂ ਨੂੰ ਬਾਹਰ ਕੱਢ ਦਿੱਤਾ ਗਿਆ। ਸਾਰੇ ਪੰਜਾਬ ਅੰਦਰ ਸਾਰੀ ਬਸ ਸਰਵਿਸ, ਸਾਰੀਆਂ ਰੇਲ ਗੱਡੀਆਂ ਅਤੇ ਹਵਾਈ ਉੜਾਨਾਂ ਬੰਦ ਕਰ ਦਿੱਤੀਆਂ ਗਈਆਂ। ਪਾਕਿਸਤਾਨ ਦੀਆਂ ਹੱਦਾਂ ਸੀਲ ਕਰ ਦਿੱਤੀਆਂ ਗਈਆਂ ਮਤਾਂ ਕੋਈ ਸਿੱਖ ਦੌੜਕੇ ਜ਼ਿੰਦਾ ਬਚ ਨਾ ਜਾਏ।

ਡਾਕ-ਤਾਰ ਦੀਆਂ ਸੇਵਾਂ ਬੰਦ ਕਰ ਦਿੱਤੀਆਂ ਗਈਆਂ। ਟੈਲੀਫ਼ੂਨ ਕੱਟ ਦਿੱਤੇ ਗਏ। ਸਾਰੇ ਅੰਮ੍ਰਿਤਸਰ ਸ਼ਹਿਰ ਦੀ ਬਿਜਲੀ ਕੱਟ ਦਿੱਤੀ ਗਈ। ਸਾਰੇ ਪੰਜਾਬ ਵਿੱਚ ਕਰਫ਼ਿਊ ਲਗਾ ਦਿੱਤਾ ਗਿਆ ਸਣੇ ਪਿੰਡਾਂ ਦੇ। ਬੁੱਚੜ ਫ਼ੌਜ ਦੀਆਂ 105 ਮਿਲੀਮੀਟਰ ਦੀਆਂ ਤੋਪਾਂ ਦੇ ਭਾਰੇ ਗੋਲਿਆਂ ਤੇ ਮਸ਼ੀਨਗੰਨਾਂ ਦੀ ਅੰਨ੍ਹੀ ਫ਼ਾਇਰਿੰਗ ਨੇ ਸਾਰੇ ਸ਼ਹਿਰ ਨੂੰ ਕੰਬਣੀ ਛੇੜ ਦਿੱਤੀ ਸੀ। ਮੀਲਾਂ ਤਕ ਦਰਵਾਜ਼ੇ ਤੇ ਖਿੜਕੀਆਂ ਖੜਕ-ਖੜਕ ਕੇ ਟੁਟਣੇ ਸ਼ੁਰੂ ਹੋ ਗਏ ਸਨ। ਹਰ ਪਾਸੇ ਭਿਆਨਕ ਜੰਗ ਦਾ ਨਜ਼ਾਰਾ ਸੀ, ਪਰ ਉਦੋਂ ਮਨੂ ਸਰਕਾਰ ਵਲੋਂ ਰੇਡੀਓ 'ਤੇ ਦੱਸਿਆ ਜਾ ਰਿਹਾ ਸੀ ਕਿ ਸ਼ਹਿਰ ਵਿੱਚ ਸਭ ਅਮਨ-ਅਮਾਨ ਹੈ। ਪੰਜਾਬ ਅੰਦਰ ਇੱਕੋ ਇੱਕ ਰਹਿ ਗਏ ਪੱਤਰਕਾਰ ਬ੍ਰਹਮ ਚੇਲਾਨੀ ਨੇ ਇਸ ਵਹਿਸ਼ੀ ਸਰਕਾਰ ਦੇ ਚਿੱਟੇ ਝੂਠ ਦਾ ਭਾਂਡਾ ਚੰਗੀ ਤਰ੍ਹਾਂ ਭੰਨਿਆ ਸੀ।

ਕੀ ਉਹ ਸਭ ਕੁਝ ਦਰਬਾਰ ਸਾਹਿਬ ਅੰਦਰ ਲੁਕੇ 40 ਕਥਿਤ ਅੱਤਵਾਦੀਆਂ ਨੂੰ ਪਕੜਨ ਲਈ ਕੀਤਾ ਗਿਆ ਸੀ ਜਾਂ ਸਿੱਖਾਂ ਦੀ ਨਸਲਘਾਤ ਕਰਨ ਲਈ? ਕੌਣ ਮੰਨੇਗਾ ਸਰਕਾਰ ਦੇ ਚਿੱਟੇ ਝੂਠ ਨੂੰ। ਕੋਈ ਸਿਰਫ਼ਿਰਾ ਮੰਨ ਸਕਦਾ ਹੈ ਜਾਂ ਕੋਈ ਜ਼ਰਖ਼ਰੀਦ ਕੌਲੀਚੱਟ ਲੀਡਰ ਮੰਨ ਸਕਦਾ ਹੈ ਜਾਂ ਕੋਈ ਜ਼ਮੀਰ-ਵੇਚੂ ਜ਼ਰਖ਼ਰੀਦ ਲੇਖਕ ਮੰਨ ਸਕਦਾ ਹੈ,ਪਰ ਹਰ ਅਣਖ ਵਾਲਾ ਸਿੱਖ ਜਾਣਦਾ ਹੈ ਕਿ ਉਹ ਸਿੱਖ ਕੌਮ ਦੀ ਨਸਲਕੁਸ਼ੀ ਦਾ ਹੀ ਪਲਾਨ ਸੀ।

ਮਨੂਵਾਦੀ ਸਰਕਾਰ ਦੀ ਚਾਣਕੀਆ ਨੀਤੀ ਆਪਣੇ ਦੁਸ਼ਮਣ ਨੂੰ ਹਮੇਸ਼ਾ ਧੋਖੇ ਨਾਲ ਮਾਰਦੀ ਹੈ। ਗਿਣੀ ਮਿਥੀ ਸਾਜ਼ਿਸ਼ ਅਨੁਸਾਰ ਸਿੱਖ ਨਸਲਕੁਸ਼ੀ ਦਾ ਇੱਕ ਹੋਰ ਗੁੱਝਾ ਜਾਲ ਵਿਛਾਇਆ ਗਿਆ ਸੀ। ਉਹ ਇਹ ਕਿ ਪੁਲਸ ਨੇ ਭਿੰਡਰਾਂਵਾਲਿਆਂ ਦੇ ਵੱਧ ਤੋਂ ਵੱਧ ਅਨੁਆਈਆਂ ਨੂੰ ਦਰਬਾਰ ਸਾਹਿਬ ਦੇ ਇਰਦ-ਗਿਰਦ ਤਕਰੀਬਨ 800 ਗਜ਼ ਦੂਰ ਤਕ ਨਾ ਕੇਵਲ ਆਪਣੇ ਕਬਜ਼ੇ ਜਮਾਉਣ ਦਿੱਤੇ,ਸਗੋਂ ਆਪਣੀ ਸੀ.ਆਈ.ਡੀ.(ਨੀਲੀ ਪਗੜੀਧਾਰ)ਰਾਹੀਂ ਉਹਨਾਂ ਦੀ ਮਾਇਕ ਸਹਾਇਤਾ ਵੀ ਕੀਤੀ ਅਤੇ ਉਹਨਾਂ ਦੇ ਰਹਿਣ ਲਈ ਸਹੂਲਤਾਂ ਦੇ ਪ੍ਰਬੰਧ ਵੀ ਕੀਤੇ,ਤਾਂ ਜੋ ਵੱਧ ਤੋਂ ਵੱਧ ਸਿੱਖ ਨੌਜਵਾਨ ਉਥੇ ਇੱਕਠੇ ਹੋਣ ਅਤੇ ਸਭ ਨੂੰ ਅਸਾਨੀ ਨਾਲ ਖ਼ਤਮ ਕੀਤਾ ਜਾ ਸਕੇ। ਇਸ ਪਿੱਛੇ ਇੱਕ ਹੋਰ ਗੁੱਝਾ ਨਾਪਾਕ ਮਨਸੂਬਾ ਵੀ ਸੀ। ਉਹ ਇਹ ਕਿ ਅੱਗੇ ਤੋਂ ਫ਼ੌਜੀ ਹਮਲਾ ਸੁਖਾਲਾ ਬਨਾਣ ਲਈ ਦਰਬਾਰ ਸਾਹਿਬ ਦੇ ਇਰਦ ਗਿਰਦ ਦੇ ਹਿੱਸੇ ਨੂੰ ਰੜਾ ਮੈਦਾਨ ਬਣਾ ਦੇਣ ਦਾ।

ਉਸ ਵਹਿਸ਼ੀਆਨਾ ਹਮਲੇ ਸਮੇਂ ਪੰਜ ਸੌ ਘਰਾਂ ਨੂੰ ਅਤੇ ਤਿੰਨ ਸੌ ਸਿੱਖ ਦੁਕਾਨਾਂ ਨੂੰ ਮਿੱਟੀ ਦਾ ਢੇਰ ਬਣਾ ਕੇ ਰੱਖ ਦਿੱਤਾ ਗਿਆ ਸੀ। ਚਾਣਕੀਆ ਨੀਤੀਕਾਰਾਂ ਨੇ ਇੱਕ ਪੱਥਰ ਨਾਲ ਤਿੰਨ ਸ਼ਿਕਾਰ ਮਾਰੇ। ਹਜ਼ਾਰਾਂ ਨੌਜਵਾਨ ਸਿੱਖਾਂ ਨੂੰ ਇੱਕਠੇ ਕਰਕੇ ਮਾਰ ਮੁਕਾਇਆ। ਦਰਬਾਰ ਸਾਹਿਬ ਦੇ ਨਾਲ ਲੱਗਦੇ ਇਲਾਕੇ ਨੂੰ ਰੜਾ ਮੈਦਾਨ ਬਣਾਇਆ ਅਤੇ ਹਜ਼ਾਰ ਤੋਂ ਵੱਧ ਸਿੱਖਾਂ ਨੂੰ ਆਰਥਕ ਤੌਰ ਤੇ ਤਬਾਹ ਕਰਕੇ-ਰੱਖ ਦਿੱਤਾ।

ਸਰਕਾਰ ਦੇ ਆਪਣੇ ਵਾਈਟ ਪੇਪਰ ਮੁਤਾਬਕ ਪਕੜਨਾ ਤਾਂ ਸੀ ਚਾਲੀ ਕਥਿਤ ਅੱਤਵਾਦੀਆਂ ਨੂੰ,ਜਦ ਉਹ ਮਾਰੇ ਜਾ ਚੁੱਕੇ ਸਨ,ਤਾਂ ਫਿਰ ਸਾਰੇ ਸਿੱਖ ਯਾਤਰੂ ਇਸਤਰੀਆਂ,ਬੱਚਿਆਂ,ਬਜ਼ੁਰਗਾਂ,ਜਵਾਨਾਂ ਨੂੰ ਕਿਉਂ ਗੋਲੀਆਂ ਨਾਲ ਭੁੰਨਿਆ ਗਿਆ? ਨਿਰਦੋਸ਼ ਯਾਤਰੂਆਂ ਦੇ ਹੱਥ ਪਿੱਛੇ ਬੰਨ੍ਹ-ਬੰਨ੍ਹ ਕੇ ਸਭ ਨੂੰ ਗੋਲੀਆਂ ਨਾਲ ਭੁੰਨਣ ਤੋਂ ਕੀ ਭਾਵਲਿਆ ਜਾ ਸਕਦਾ ਹੈ? ਸਾਰੇ ਪੰਜਾਬ ਵਿਚ ਫ਼ੌਜ ਨੂੰ ਇਹ ਹੁਕਮ ਕਿਉਂ ਦਿੱਤਾ ਗਿਆ ਕਿ 15 ਤੋਂ 50 ਸਾਲ ਦਾ ਕੋਈ ਸਿੱਖ ਬਚ ਕੇ ਨਾ ਨਿਕਲ ਸਕੇ। ਕੈਦੀ ਬਣਾਉਣ ਦੀ ਥਾਂ ਗੋਲੀਆਂ ਨਾਲ ਭੁੰਨਣ ਦੀਆਂ ਹਿਦਾਇਤਾਂ

ਕਿਉਂ ਦਿੱਤੀਆਂ ਗਈਆਂ ਸਨ? ਸਾਫ਼ ਜ਼ਾਹਰ ਹੈ ਕਿ ਸਿੱਖਾਂ ਦੀ ਨਸਲ ਖ਼ਤਮ ਕਰਨੀ ਸੀ।

ਸਰਕਾਰ ਅਨੁਸਾਰ ਚਾਲੀ ਅੱਤਵਾਦੀ ਤਾਂ ਦਰਬਾਰ ਸਾਹਿਬ ਅੰਦਰ ਸਨ। ਫ਼ੌਜ ਨੂੰ ਇਹ ਹਿਦਾਇਤਾਂ ਕਿਉਂ ਦਿੱਤੀਆਂ ਗਈਆਂ ਕਿ ਸੜਕਾਂ 'ਤੇ ਜੋ ਸਿੱਖ ਸਾਹਮਣੇ ਆਵੇ ਜਾਂ ਹਜੂਮ ਨੂੰ ਵੇਖਦੇ ਸਾਰ ਫ਼ੌਰਨ ਗੋਲੀ ਮਾਰ ਦੇਵੋ। ਅੱਤਵਾਦੀ ਤਾਂ ਚਾਲੀ ਸਨ, ਪਰੰਤੂ ਫ਼ੌਜ ਨੂੰ ਇਹ ਖ਼ੁਫ਼ੀਆ ਸਰਕੂਲਰ ਕਿਉਂ ਜਾਰੀ ਕੀਤਾ ਗਿਆ ਕਿ ਸਾਰੇ ਅੰਮ੍ਰਿਤਧਾਰੀ ਸਿੱਖ ਖ਼ਤਰਨਾਕ ਹਨ। ਉਹਨਾਂ ਕਤਲ ਕਰਨ ਦੀਆਂ ਕਸਮਾਂ ਖਾਧੀਆਂ ਹੋਈਆਂ ਹਨ ਅਤੇ ਉਹ ਲੁੱਟਾਂ-ਖੋਹਾਂ ਕਰਨ ਵਾਲੇ ਹਨ। ਕੀ ਸਾਰੀ ਸਿੱਖ ਕੌਮ ਇਹੋ ਜੇਹੀ ਹੈ? ਕੀ ਇਹ ਸਿੱਖੀ ਉਪਰ ਵਾਰ ਨਹੀਂ? ਕੀ ਇਹ ਗੁਰੂ ਗੋਬਿੰਦ ਸਿੰਘ ਸਾਹਿਬ 'ਤੇ ਵਾਰ ਨਹੀਂ? ਸਿੱਖਾਂ ਵਿਰੁੱਧ ਅਜਿਹੇ ਫ਼ਤਵੇ ਤਾਂ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੇ ਵੀ ਨਹੀਂ ਸਨ ਦਿੱਤੇ। ਹੇਠਲਾ ਸਰਕੂਲਰ ਜਾਰੀ ਕਰਨ ਤੋਂ ਕੀ ਭਾਵਲਿਆ ਜਾ ਸਕਦਾ ਹੈ –

1) "Shoot at sight anyone on the streets and at once fire at the mob." (India Today 30-6-84)

2)"A recent circular issued to the units by way of baat cheet describes all Amritdharis as dangerous people, pledged to commit murder, arson and acts of terrorism, photocopies of this circular have found their way out of the army."

(Indian Express 18-9-84)

ਕਥਿਤ ਅੱਤਵਾਦੀਆਂ ਨੂੰ ਪਕੜਨ ਦੀ ਖੇਡ ਤਾਂ 6 ਜੂਨ ਨੂੰ ਹੀ ਖ਼ਤਮ ਹੋ ਗਈ ਸੀ। 7 ਜੂਨ ਨੂੰ ਸੰਤ ਜਰਨੈਲ ਸਿੰਘ ਜੀ, ਭਾ. ਅਮਰੀਕ ਸਿੰਘ ਅਤੇ ਭਾ. ਸੁਬੇਗ ਸਿੰਘ ਆਦਿਕ ਸ਼ਹੀਦਾਂ ਦੀਆਂ ਲਾਸ਼ਾਂ ਦੀ ਪ੍ਰਦਰਸ਼ਨੀ ਕਰਕੇ ਉਹਨਾਂ ਦੁਆਲੇ ਭੰਗੜੇ ਪਾਕੇ ਲੱਡੂ-ਮਿਠਾਈਆਂ, ਸ਼ਰਾਬਾਂ ਤੇ ਸਿਗਰਟਾਂ ਉਸ ਖ਼ੁਸ਼ੀ ਵਿੱਚ ਵੰਡੀਆਂ ਜਾ ਚੁੱਕੀਆਂ ਸਨ। ਬੁਚੱੜ ਫ਼ੌਜ ਦਾ ਸਾਰੇ ਕੰਪਲੈਕਸ ਉਤੇ ਪੂਰਾ ਕਬਜ਼ਾ ਹੋ ਚੁੱਕਾ ਸੀ।

ਹਜ਼ਾਰਾਂ ਸਿੱਖ ਯਾਤਰੂਆਂ ਦੇ ਵਹਿਸ਼ੀਆਨਾ ਕਤਲੇਆਮ ਮਗਰੋਂ ਸਿੱਖ ਕੌਮ ਦੇ ਪੰਜ ਸੌ ਸਾਲ ਦੇ ਇਤਿਹਾਸਕ ਵਿਰਸੇ ਦੀ ਸਭ ਤੋਂ ਵੱਡੀ ਲਾਇਬਰੇਰੀ ਸਾੜਨ ਤੋਂ ਕੀ ਭਾਵ ਲਿਆ ਜਾ ਸਕਦਾ ਹੈ? ਕੀ ਸਿੱਖ ਕੌਮ ਦੀ ਇਤਿਹਾਸਕ ਲਾਇਬਰੇਰੀ

ਵੀ ਉਹਨਾਂ 40 ਕਥਿਤ ਅੱਤਵਾਦੀਆਂ ਨੂੰ ਪਕੜਨ ਵਿੱਚ ਆਉਂਦੀ ਹੈ? ਇਹ ਤਾਂ ਹਰ ਕੋਈ ਜਾਣਦਾ ਹੈ ਕਿ ਕਿਸੇ ਕੌਮ ਦੇ ਇਤਿਹਾਸ ਨੂੰ ਖ਼ਤਮ ਕਰ ਦੇਣ ਨਾਲ ਹੀ ਉਹ ਕੌਮ ਖ਼ਤਮ ਹੁੰਦੀ ਹੈ। ਸਾਫ਼ ਜ਼ਾਹਰ ਹੈ ਕਿ ਉਹ ਹਮਲਾ ਬੋਧੀਆਂ ਵਾਂਗ ਸਿੱਖ ਕੌਮ ਦੀ ਨਸਲ ਖ਼ਤਮ ਕਰ ਦੇਣ ਲਈ ਹੀ ਕੀਤਾ ਗਿਆ ਸੀ। ਇਹ ਇੱਕ ਵੱਖਰੀ ਗੱਲ ਹੈ ਕਿ ਸਿੱਖ ਕੌਮ ਨੂੰ ਖ਼ਤਮ ਕਰਨ ਵਾਲੇ ਆਪ ਹੀ ਖ਼ਤਮ ਹੁੰਦੇ ਆਏ ਹਨ।

350 ਸਾਲਾਂ ਤੋਂ ਸੰਭਾਲ ਕੇ ਰੱਖੇ ਗੁਰੂ ਹਰਿਗੋਬਿੰਦ ਸਾਹਿਬ ਦੇ ਸ਼ਸਤਰਾਂ ਤੇਗਾਂ, ਖੰਡੇ, ਢਾਲਾਂ ਆਦਿਕ ਦੇ ਸਿੱਖ ਇਤਿਹਾਸਕ ਵਿਰਸੇ ਨੂੰ ਤੋੜ-ਭੰਨ ਕੇ ਸਾੜ ਸੁਆਹ ਕਰ ਦੇਣ ਤੋਂ ਕੀ ਭਾਵਲਿਆ ਜਾ ਸਕਦਾ ਹੈ? ਸਿੱਖ ਕੌਮ ਦੇ ਸਾਹਿਤਕ ਤੇ ਇਤਿਹਾਸਕ ਵਿਰਸਿਆਂ ਨੂੰ ਤਬਾਹ ਕਰਨ ਤੋਂ ਸਪਸ਼ਟ ਨਹੀਂ ਕਿ ਇਹ ਫ਼ਰੇਬੀ ਤੇ ਧੋਖੇਬਾਜ਼ ਸਰਕਾਰ ਸਿੱਖ ਕੌਮ ਦੀ ਹੋਂਦ ਖ਼ਤਮ ਕਰਨ 'ਤੇ ਤੁਲੀ ਹੋਈ ਹੈ। ਸਿੱਖ ਵਿਰਸੇ ਦੀ ਲਾਇਬਰੇਰੀ ਅਤੇ ਸਿੱਖ ਗੁਰੂਆਂ ਦੇ ਸ਼ਸਤਰਾਂ ਦਾ ਤਬਾਹ ਕੀਤੇ ਜਾਣ ਨਾਲ ਚਾਲੀ ਅੱਤਵਾਦੀਆਂ ਦਾ ਕੀ ਸਬੰਧ ਸੀ?

ਸਿੱਖ ਕੌਮ ਨੂੰ ਸਿਰ ਜੋੜ ਕੇ ਸੋਚਣ ਦੀ ਲੋੜ ਹੈ। ਚਾਲੀ ਅੱਤਵਾਦੀਆਂ ਨੂੰ ਪਕੜਨ ਦੇ ਬਹਾਨੇ ਕਿਹੜਾ ਜ਼ੁਲਮ ਤੇ ਅਤਿਆਚਾਰ ਹੈ, ਜਿਹੜਾ ਇਸ ਮੱਕਾਰ ਸਰਕਾਰ ਨੇ ਨਹੀਂ ਕੀਤਾ। ਦਰਬਾਰ ਸਾਹਿਬ ਦੇ ਆਸ ਪਾਸ ਦੀਆਂ ਇਮਾਰਤਾਂ ਉਤੇ ਟੈਂਕਾਂ ਨਾਲ ਗੋਲੇ ਮਾਰ-ਮਾਰ ਕੇ ਹਰ ਪਾਸੇ ਤਬਾਹੀ ਮਚਾਈ ਗਈ ਸੀ। ਅਕਾਲ ਤਖ਼ਤ ਸਾਹਿਬ ਢਹਿ-ਢੇਰੀ ਕਰਨ ਮਗਰੋਂ ਸਾਰੇ ਦਰਬਾਰ ਸਾਹਿਬ ਅੰਦਰ ਨਿਰਦੋਸ਼ ਸਿੱਖ ਯਾਤਰੂਆਂ ਦੀ ਕਤਲੇਆਮ ਕੀਤੀ ਗਈ। ਚਾਰੇ ਪਾਸੇ ਪਰਕਰਮਾਂ 'ਤੇ ਲਾਸ਼ਾਂ ਦੇ ਢੇਰ ਲਗ ਗਏ ਸਨ। ਲਾਲ ਸੂਹੇ ਸਰੋਵਰ ਵਿੱਚ ਲਾਸ਼ਾਂ ਤਰ ਰਹੀਆਂ ਸਨ। ਲਾਸ਼ਾਂ ਦੇ ਢੇਰ ਲਗ ਗਏ ਸਨ ਅਤੇ ਬਦਬੂ ਮਾਰਨ ਲੱਗ ਪਈਆਂ ਸਨ। 20 ਜੂਨ ਤਕ ਰਾਗੀ ਸਿੰਘ ਆਪਣੇ ਨੱਕ ਰੁਮਾਲ ਨਾਲ ਢੱਕ ਕੇ ਕੀਰਤਨ ਕਰਨ ਲਈ ਅੰਦਰ ਜਾਂਦੇ ਰਹੇ, ਕਿਉਂਕਿ ਹਜ਼ਾਰਾਂ ਲਾਸ਼ਾਂ ਨਹੀਂ ਸਨ ਸਾਂਭੀਆਂ ਜਾ ਸਕੀਆਂ। ਜ਼ੁਲਮ ਤੇ ਕਹਿਰ ਦੀ ਵੀ ਕੋਈ ਹੱਦ ਹੁੰਦੀ ਹੈ। ਦਰਬਾਰ ਸਾਹਿਬ ਅੰਦਰ ਅਤੇ ਬਾਹਰ ਆਲੇ ਦੁਆਲੇ ਅਜਿਹੀ ਲੁੱਟ-ਮਾਰ ਕੀਤੀ ਗਈ ਕਿ ਰਹੇ ਰੱਬ ਦਾ ਨਾਂ।

ਪਹਿਲਾਂ ਦਰਬਾਰ ਸਾਹਿਬ ਅੰਦਰ ਨਾਦਰਸ਼ਾਹੀ ਲੁੱਟ ਮਚਾਈ ਗਈ। 32 ਲੱਖ ਰੁਪਏ ਦਸਵੰਧ ਦੀ ਕੈਸ਼ ਰਕਮ, ਸੋਨੇ ਦੀ ਮੁੱਠ ਵਾਲਾ ਪਿਸਤੌਲ, ਮ. ਰਣਜੀਤ ਸਿੰਘ ਅਤੇ ਹੋਰ ਸਿੱਖ ਮਹਾਰਾਜਿਆਂ ਵਲੋਂ ਭੇਟ ਕੀਤੀਆਂ ਭਾਂਤ-ਭਾਂਤ ਦੀਆਂ ਵੱਡਮੁੱਲੀਆਂ ਸੁਗਾਤਾਂ, 40 ਕਿਲੋ ਸੋਨਾ (ਜਿਹੜਾ ਕਿ ਗੁਰਬਚਨੇ ਨੂੰ ਮਾਰਨ ਵਾਲੇ ਨੂੰ ਸੋਨੇ ਨਾਲ ਤੋਲਣ ਲਈ ਇਕਠਾ ਕੀਤਾ ਗਿਆ ਸੀ) ਅਤੇ ਹੀਰੇ ਜਵਾਹਰਾਤ ਆਦਿਕ ਇਤਿਹਾਸਕ ਕੀਮਤੀ ਸੁਗਾਤਾਂ ਤੋਸ਼ੇਖ਼ਾਨੇ ਵਿੱਚੋਂ ਲੁੱਟੀਆਂ ਗਈਆਂ। ਹੋਰ ਤਾਂ ਹੋਰ

ਭੁੱਖੜ ਫੌਜੀਆਂ ਨੇ ਲੰਗਰ ਦੇ ਅਮਿਣਵੇਂ ਘਿਉ, ਆਟੇ, ਦਾਲਾਂ ਅਤੇ ਕਣਕ ਦੇ ਅੰਬਾਰ ਵੀ ਲੁੱਟਕੇ ਖ਼ਾਲੀ ਕਰ ਵਿਖਾਏ। ਜਿਹੜੇ ਫੌਜੀ ਮਾਰੇ ਗਏ, ਉਹਨਾਂ ਦੀਆਂ ਜੇਬਾਂ ਤੇ ਟੋਪੀਆਂ ਵਿੱਚੋਂ ਤੋਸ਼ੇਖ਼ਾਨੇ ਦੇ ਲੁੱਟੇ ਹੀਰੇ ਜਵਾਹਰਾਤ ਨਿਕਲੇ ਸਨ। ਸਿੱਖ ਕੌਮ ਨੂੰ ਤਬਾਹ ਕਰ ਦੇਣ ਲਈ ਸਿੱਖਾਂ ਦੇ ਪੰਜ ਸੌ ਸਾਲ ਦੇ ਵਿਰਸੇ ਨੂੰ ਲੁੱਟਿਆ ਸਾੜਿਆ ਗਿਆ ਅਤੇ ਤਬਾਹ ਕੀਤਾ ਗਿਆ।

ਖ਼ਾਸ ਖ਼ਾਸ ਲਿਖਤਾਂ ਦੇ ਸੌ ਤੋਂ ਵੱਧ ਬੋਰੇ ਭਰ ਕੇ ਬਾਹਰ ਲਿਜਾਏ ਗਏ ਅਤੇ ਬਾਕੀ ਦੀ ਲਾਇਬਰੇਰੀ ਨੂੰ ਫੂਕ ਦਿੱਤਾ ਗਿਆ। ਸਾਡੇ ਕੌਮ ਵੇਚੂ ਲੀਡਰਾਂ ਅੱਜ ਤਕ ਉਸ ਮਹਾਨ ਵਿਰਸੇ ਦੀ ਕੋਈ ਉਘ-ਸੁਘ ਹੀ ਨਹੀਂ ਲਈ। ਲੈਣ ਵੀ ਕਿਉਂ? ਇਹ ਕਰੋੜਾਂ-ਅਰਬਾਂ ਵਿੱਚ ਖੇਡ ਰਹੇ ਹਨ। ਵਜ਼ਾਰਤਾਂ ਬਣ ਗਈਆਂ ਹਨ, ਕਰੋੜਾਂ-ਅਰਬਾਂ ਹੋਰ ਬਣਾਉਣ ਲਈ। ਇਹਨਾਂ ਭਾਣੇ ਕੌਮ ਤੇ ਕੌਮ ਦਾ ਵਿਰਸਾ ਤਬਾਹ ਹੋਵੇ, ਤਾਂ ਪਿਆ ਹੋਵੇ। 2500 ਪੁਰਾਤਨ ਹੱਥ ਲਿਖਤ ਬੀੜਾਂ ਨੂੰ ਅਗਨ ਭੇਟ ਕਰ ਦਿੱਤਾ ਗਿਆ, ਗੁਰੂ ਸਾਹਿਬਾਨ ਦੇ ਦਸਤਿ ਮੁਬਾਰਕ ਨਾਲ ਲਿਖੇ ਹੁਕਮਨਾਮੇ ਆਦਿਕ ਫੂਕ ਦਿੱਤੇ ਗਏ, 25 ਲੱਖ ਰੁਪਏ ਦੀਆਂ ਅਲਮਾਰੀਆਂ, ਰੈਕ, ਆਦਿਕ ਫ਼ਰਨੀਚਰ ਸਾੜਕੇ ਸੁਆਹ ਕਰ ਦਿੱਤੇ ਗਏ ਅਤੇ ਸਭ ਰੁਮਾਲੇ ਫੂਕ ਦਿੱਤੇ ਗਏ। ਅੱਜ ਉਹਨਾਂ ਹੀ ਬੁੱਚੜਾਂ ਨਾਲ ਹੀ ਸਾਡੇ ਆਗੂ ਭਾਈਵਾਲੀ ਪਾਈ ਬੈਠੇ ਹਨ। ਇਹਨਾਂ ਨੂੰ ਕਦ ਹੋਸ਼ ਆਏਗੀ?

ਸੇਵਾਦਾਰਾਂ ਨੂੰ ਮਾਰ ਮੁਕਾ ਕੇ ਉਹਨਾਂ ਦੇ ਘਰਾਂ ਨੂੰ ਲੁਟਿਆ ਗਿਆ। ਇਸਤਰੀਆਂ ਦੀਆਂ ਪੱਤਾਂ ਲੁੱਟੀਆਂ ਗਈਆਂ ਅਤੇ ਫੇਰ ਗੋਲੀਆਂ ਨਾਲ ਭੁੰਨ ਕੇ ਉਹਨਾਂ ਨੂੰ ਖ਼ਤਮ ਕਰ ਦਿੱਤਾ ਗਿਆ। ਪਿਆਸ ਨਾਲ ਤੜਪਦਿਆਂ ਨੂੰ ਗੋਲੀਆਂ ਦਾਗੀਆਂ ਗਈਆਂ। ਘੋਨਮੋਨ ਜਨਰਲ ਬਰਾੜ ਨੇ ਦਮਦਮੀ ਟਕਸਾਲ ਦੇ ਪੰਜ ਤੋਂ ਨੌਂ ਸਾਲ ਦੇ 100 ਬੱਚਿਆਂ ਨੂੰ ਲਾਈਨਾਂ ਵਿੱਚ ਖੜੇ ਕਰਕੇ ਗੋਲੀਆਂ ਨਾਲ ਭੁੰਨਵਾਇਆ। ਇਸ ਨਿਰਦਈ ਤੇ ਬੇ-ਸ਼ਰਮ ਫ਼ੌਜ ਨੇ ਤਾਂ ਜਨੇਵਾ ਕਨਵੈਨਸ਼ਨ ਦੇ ਸਾਰੇ ਅਸੂਲਾਂ ਨੂੰ ਛਿੱਕੇ 'ਤੇ ਟੰਗ ਕੇ, ਸਾਰੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰ ਕੇ ਆਪਣੇ ਹੀ ਨਿਹੱਥੇ ਸ਼ਹਿਰੀ ਇਸਤਰੀਆਂ, ਬੱਚਿਆਂ, ਬਜ਼ੁਰਗਾਂ, ਜਵਾਨਾਂ, ਦੇ ਹੱਥ ਪਿੱਛੇ ਬੰਨ੍ਹਕੇ ਗੋਲੀਆਂ ਦਾਗੀਆਂ। ਇਹ ਹੈ ਭਾਰਤੀ ਡੈਮੋਕਰੈਸੀ ਦਾ ਅਸਲੀ ਚਿਹਰਾ। ਇਹ ਭਾਰਤੀ ਫ਼ੌਜ ਤਾਂ ਹਿਟਲਰ ਦੀ ਨਾਜ਼ੀ ਫ਼ੌਜ ਨੂੰ ਵੀ ਮਾਤ ਪਾ ਗਈ।

ਇਸ ਜ਼ਾਲਮ ਮਨੂ ਸਰਕਾਰ ਦੇ ਜੱਜ ਵੀ ਸਿੱਖ ਨਸਲਕੁਸ਼ੀ ਕਰਨ ਵਿੱਚ ਪਿੱਛੇ ਨਹੀਂ ਸਨ ਰਹੇ। 4 ਤੋਂ 12 ਸਾਲ ਦੇ 28 ਬੱਚੇ ਸਣੇ ਨੇਤਰਹੀਣ ਬੱਚਿਆਂ ਦੇ, ਜਿਹੜੇ ਕਿ ਬੁੱਚੜ ਫ਼ੌਜ ਦੀ ਕਤਲੇਆਮ ਤੋਂ ਬਚ ਗਏ ਸਨ, ਉਹਨਾਂ ਨੂੰ ਦਫ਼ਾ 107 (ਅਮਨ ਭੰਗ ਕਰਨ) ਅਧੀਨ ਲੁਧਿਆਣਾ ਜੇਲ੍ਹ ਵਿੱਚ ਸੁਟਿਆ ਗਿਆ, ਜਿਸ

ਅਨਰਥ ਨੂੰ ਵੇਖ ਕੇ ਹਿੰਦੂ ਅਖ਼ਬਾਰ 'ਇੰਡੀਅਨ ਐਕਸਪ੍ਰੈਸ' ਆਪਣੇ 29 ਅਗਸਤ 1984 ਦੇ ਪਰਚੇ ਵਿੱਚ ਦੇਣ ਲਈ ਮਜਬੂਰ ਹੋਇਆ।

ਦਰਬਾਰ ਸਾਹਿਬ ਨੂੰ ਤਬਾਹ ਕਰ ਦੇਣ ਦੇ ਮਨਸੂਬੇ ਅਧੀਨ ਬੜੀ ਬੇ-ਦਰਦੀ ਨਾਲ ਤਬਾਹੀ ਮਚਾਈ ਗਈ ਸੀ। ਪ੍ਰਕਰਮਾਂ ਦੀਆਂ ਕੰਧਾਂ, ਡਿਉੜੀਆਂ, ਬੁੰਗਿਆਂ ਅਤੇ ਹੋਰਨਾਂ ਇਮਾਰਤਾਂ 'ਤੇ ਲੱਖਾਂ ਗੋਲੀਆਂ ਗੋਲਿਆਂ ਦੇ ਨਿਸ਼ਾਨ ਤੇ ਮਘੋਰੇ ਪੈ ਗਏ ਸਨ। 300 ਤੋਂ ਵੱਧ ਗੋਲੀਆਂ ਗੋਲਿਆਂ ਦੇ ਨਿਸ਼ਾਨ ਇੱਕਲੇ ਦਰਬਾਰ ਸਾਹਿਬ ਦੀ ਮੁਖ ਬਿਲਡਿੰਗ 'ਤੇ ਪਏ ਸਨ। ਹਰਿਮੰਦਰ ਸਾਹਿਬ ਅੰਦਰ ਪ੍ਰਕਾਸ਼ ਹੋਏ ਗੁਰੂ ਗਰੰਥ ਸਾਹਿਬ ਦੇ ਗੋਲੀਆਂ ਨਾਲ 82 ਪੰਨਿਆਂ ਵਿੱਚ ਛੇਕ ਪੈ ਗਏ ਸਨ। ਉਥੇ ਕੀਰਤਨ ਕਰ ਰਹੇ ਕੀਰਤਨੀਆਂ ਨੂੰ ਗੋਲੀਆਂ ਨਾਲ ਉਥੇ ਹੀ ਭੁੰਨ ਕੇ ਰੱਖ ਦਿੱਤਾ ਗਿਆ। ਬ੍ਰਾਹਮਣਵਾਦ ਨੇ ਆਪਣੇ ਘਿਨਾਉਣੇ ਕਾਲੇ ਕਾਰਿਆਂ ਦੇ ਨਿਸ਼ਾਨ, ਦਿੱਲੀ ਦੇ ਇੱਕ ਸਿੱਖ ਰਾਹੀਂ, ਰੰਗ-ਰੋਗ਼ਨ ਦੇ ਬਹਾਨੇ ਮਿਟਵਾ ਦਿੱਤੇ, ਤਾਂ ਜੋ ਨਾ ਦੁਨੀਆ ਨੂੰ ਵਹਿਸ਼ੀਆਨਾ ਹਮਲੇ ਦੀ ਅਸਲੀਅਤ ਦਾ ਪਤਾ ਲਗ ਸਕੇ ਅਤੇ ਨਾ ਹੀਂ ਸਿੱਖਾਂ ਦੀ ਕਿਸੇ ਅਗਲੇਰੀ ਨਸਲ ਨੂੰ ਹੀ।

ਸੁਆਰਥੀ, ਮੂੜ੍ਹ, ਕੌਲੀ-ਚੱਟ ਲੋਕ ਤਕੜੇ ਪੈਸੇ ਦੀ ਚਮਕ-ਦਮਕ ਵੇਖ ਕੇ ਕੁਝ ਵੀ ਕਰਨ ਲਈ ਤਿਆਰ ਹੋ ਜਾਂਦੇ ਹਨ। ਦੋ ਸੌ ਮੀਟਰ ਦੀ ਵਿਥ 'ਤੇ ਹੀ ਇਸੇ ਮਨੂਵਾਦੀ ਸਰਕਾਰ ਨੇ ਜਲ੍ਹਿਆਂ ਵਾਲੇ ਬਾਗ਼ ਵਿਚ ਅੰਗਰੇਜ਼ੀ ਜਨਰਲ ਡਾਇਰ ਵਲੋਂ ਚਲਾਈਆਂ ਗਈਆਂ ਗੋਲੀਆਂ ਦੇ ਨਿਸ਼ਾਨਾਂ ਦੁਆਲੇ ਜਾਲੀ ਲਗਵਾ ਕੇ, ਉਸ ਜ਼ਖਮੀ ਯਾਦ ਨੂੰ ਸੁਰਖਿਅਤ ਰੱਖਿਆ ਹੋਇਆ ਹੈ। ਉਸ ਜਨਰਲ ਡਾਇਰ 'ਤੇ ਤਾਂ ਅੰਗਰੇਜ਼ੀ ਸਰਕਾਰ ਨੇ ਮੁਕੱਦਮਾ ਚਲਾਕੇ, ਉਸ ਦੇ ਕੀਤੇ ਜ਼ੁਲਮਾਂ ਦੀ ਉਸ ਨੂੰ ਸਜ਼ਾ ਵੀ ਦਿੱਤੀ ਸੀ, ਪਰ ਭਾਰਤੀ ਸਰਕਾਰ ਨੇ ਉਸ ਨਾਲੋਂ ਹਜ਼ਾਰਾਂ ਗੁਣਾ ਵੱਧ ਗੋਲੀਆਂ ਚਲਾ ਕੇ ਵਹਿਸ਼ੀਆਨਾ ਜ਼ੁਲਮ ਕਰਨ ਵਾਲੇ ਆਪਣੇ ਜ਼ਾਲਮ ਜਰਨੈਲਾਂ ਨੂੰ ਤਰੱਕੀਆਂ ਦਿੱਤੀਆਂ।

ਇਕੱਲੀ ਗੁਰੂ ਰਾਮਦਾਸ ਸਰਾਂ ਵਿੱਚ ਤਿੰਨ ਹਜ਼ਾਰ ਤੋਂ ਵੱਧ ਨਿਹੱਥੇ ਤੇ ਨਿਰਦੋਸ਼ ਸਿੱਖਾਂ, ਇਸਤਰੀਆਂ, ਬੱਚਿਆਂ, ਬਜ਼ੁਰਗਾਂ, ਨੂੰ ਕੋਹ-ਕੋਹ ਕੇ ਮਾਰਿਆ ਗਿਆ। ਸਰਾਂ ਦਾ ਕੋਈ ਅਜਿਹਾ ਕਮਰਾ ਨਹੀਂ ਸੀ, ਜਿਥੇ ਲਾਸ਼ਾਂ ਨਹੀਂ ਸਨ। ਉਥੇ ਵੀ ਉਸੇ ਯੋਜਨਾ-ਬਧ ਤਰੀਕੇ ਨਾਲ ਸਿੱਖ ਨਸਲਕੁਸ਼ੀ ਕੀਤੀ ਗਈ। ਹਰ ਕਮਰੇ ਦੀ ਖਿੜਕੀ ਵਿੱਚੋਂ ਪਹਿਲਾਂ ਅੱਗ ਲਾਉਣ ਵਾਲਾ ਬੰਬ ਸੁਟਿਆ ਗਿਆ ਅਤੇ ਫੇਰ ਅੰਨ੍ਹੇਵਾਹ ਫ਼ਾਇਰਿੰਗ ਕਰਕੇ ਸਭ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਗੁਰੂ ਰਾਮਦਾਸ ਸਰਾਂ ਦੇ ਵਿਹੜੇ ਵਿੱਚ ਡੇਢ ਹਜ਼ਾਰ ਤੋਂ ਵੱਧ ਸਿੰਘਾਂ ਸਿੰਘਣੀਆਂ ਨੂੰ ਇੱਕਠਿਆਂ ਬਿਠਾ ਕੇ ਸਰਾਂ ਦੀ ਉਪਰਲੀ ਮੰਜ਼ਲ ਤੋਂ ਗਰੇਨੇਡ ਸੁਟੇ ਗਏ। ਜਦ

ਲੋਕਾਂ ਇਧਰ ਉਧਰ ਭੱਜਣਾ ਸ਼ੁਰੂ ਕੀਤਾ, ਤਾਂ ਚੌਹਾਂ ਪਾਸਿਉਂ ਬੁੱਚੜ ਫ਼ੌਜੀਆਂ ਸਭ ਨੂੰ ਗੋਲੀਆਂ ਨਾਲ ਭੁੰਨ ਸੁਟਿਆ। ਉਹਨਾਂ ਵਿੱਚ ਛੇ ਸੌ ਤੋਂ ਵੱਧ ਬੀਬੀਆਂ ਤੇ ਬੱਚਿਆਂ ਦਾ ਸ਼ਾਂਤਮਈ ਗ੍ਰਿਫ਼ਤਾਰੀ ਦੇਣ ਆਇਆ ਸੰਗਰੂਰ ਦਾ ਜਥਾ ਵੀ ਸੀ, ਜਿਸ ਦੀ ਕਮਾਂਡ ਜ਼ਿਲਾ ਸੰਗਰੂਰ ਦੇ ਜਥੇਦਾਰ ਨਛੱਤਰ ਸਿੰਘ ਤੇ ਉਹਨਾਂ ਦੀ ਮਾਤਾ ਜੀ ਕਰ ਰਹੇ ਸਨ। ਚਾਰ ਚੁਫੇਰੇ ਲਾਸ਼ਾਂ ਦੇ ਢੇਰ ਲਗ ਗਏ ਸਨ ਅਤੇ ਹਰ ਪਾਸੇ ਜ਼ਖ਼ਮੀ ਸਿੰਘ ਸਿੰਘਣੀਆਂ ਪਿਆਸ ਨਾਲ ਕਰਾਹ ਰਹੇ ਸਨ।

ਜੂਨ ਦਾ ਸੜਦਾ ਬਲਦਾ ਮਹੀਨਾ ਸੀ। 4 ਜੂਨ ਤੋਂ ਉਥੇ ਪਾਣੀ ਨਹੀਂ ਸੀ, ਕਿਉਂਕਿ ਨਿਰਦਈ ਫ਼ੌਜੀਆਂ ਨੇ ਪਾਣੀ ਦੀ ਟੈਂਕੀ ਤਬਾਹ ਕਰ ਦਿੱਤੀ ਸੀ ਅਤੇ ਹੈਂਡ ਪੰਪ ਤਾਂ ਉਥੇ ਕੋਈ ਹੈ ਹੀ ਨਹੀਂ ਸੀ। ਪਾਣੀ ਖੁਣੋਂ ਤੜਪ-ਤੜਪ ਕੇ ਸਿੰਘ, ਸਿੰਘਣੀਆਂ, ਬੱਚੇ, ਬਜ਼ੁਰਗ ਮਰ ਰਹੇ ਸਨ। ਚਾਰ ਚੁਫੇਰੇ ਖਿਲਰੀਆਂ ਲਾਸ਼ਾਂ ਵਿੱਚੋਂ ਜੇ ਕੋਈ ਪਾਣੀ ਲਈ ਤੜਫ ਰਿਹਾ ਜ਼ਖ਼ਮੀ ਸਿੰਘ ਪਾਣੀ ਦਾ ਘੁਟ ਮੰਗਦਾ, ਤਾਂ ਉਸ ਨੂੰ ਉਸੇ ਵੇਲੇ ਗੋਲੀ ਨਾਲ ਭੁੰਨ ਕੇ ਚੁੱਪ ਕਰਾ ਦਿੱਤਾ ਜਾਂਦਾ।

ਜਥੇਦਾਰ ਨਛੱਤਰ ਸਿੰਘ ਜ਼ਖ਼ਮੀ ਹਾਲਤ ਵਿੱਚ ਅੰਤਲੇ ਸਾਹਾਂ 'ਤੇ ਸਨ ਅਤੇ ਉਹਨਾਂ ਦੀ ਬਜ਼ੁਰਗ ਮਾਤਾ ਉਹਨਾਂ ਦੇ ਮੂੰਹ ਵਿੱਚ ਪਾਣੀ ਪਾਉਣ ਲਗੀ, ਤਾਂ ਇਕ ਫ਼ੌਜੀ ਨੇ ਉਸ ਨੂੰ ਬੱਟ ਮਾਰ ਕੇ ਆਖਿਆ ਕਿ 'ਹਟ ਬੁੜ੍ਹੀਆ, ਮਤ ਪਿਲਾ ਇਸ ਕੋ ਪਾਨੀ, ਮਰਨੇ ਦੋ ਇਸ ਕੋ।' ਇੱਕ 65 ਸਾਲ ਦਾ ਬਜ਼ੁਰਗ ਪਾਣੀ ਲਈ ਤੜਪ ਰਿਹਾ ਸੀ ਅਤੇ ਉਸ ਇਕ ਫ਼ੌਜੀ ਨੂੰ ਪੁੱਛਿਆ ਕਿ 'ਸਾਹਿਬ ਏਕ ਘੁੱਟ ਪਾਨੀ ਲੇਲੂੰ'। ਉਹ ਫੌਜੀ ਕੜਕਵੀਂ ਅਵਾਜ਼ ਵਿੱਚ ਗਾਲ੍ਹ ਕੱਢਦਿਆਂ ਬੋਲਿਆ, 'ਪਾਨੀ ਨਹੀਂ ਮਿਲੇਗਾ। ਸਾਲਾ ਪਾਨੀ ਮਾਂਗਤਾ ਹੈ। ਪਹਿਲੇ ਕਹਿਤੇ ਥੇ ਹਰਿਆਣੇ ਕੋ ਪਾਨੀ ਨਹੀਂ ਦੇਨਾ, ਰਾਜਿਸਥਾਨ ਕੋ ਪਾਨੀ ਨਹੀਂ ਦੇਨਾ, ਅਬ ਤੁਮ ਕੋ ਹਰਾਮਜ਼ਾਦੇ ਪਾਨੀ ਪੀਨੇ ਕੇ ਲੀਏ ਨਹੀਂ ਮਿਲੇਗਾ।' ਉਹਨਾਂ ਫੌਜੀਆਂ ਵਲੋਂ ਮਾਵਾਂ ਭੈਣਾਂ ਦੀਆਂ ਗਾਲਾਂ ਕੱਢ ਕੇ ਹਰ ਸਿੱਖ ਨੂੰ ਦੁਰਕਾਰਿਆ, ਤਿਰਸਕਾਰਿਆ ਅਤੇ ਫਿਟਕਾਰਿਆ ਗਿਆ। ਧੰਨ ਹਨ ਸਾਡੇ ਬੇਸ਼ਰਮ ਤੇ ਬੇਜ਼ਮੀਰ ਲੀਡਰ ਜਿਹੜੇ ਵਜ਼ਾਰਤਾਂ ਖਾਤਰ ਸਭ ਕੁਝ ਭੁਲਾਈ ਬੈਠੇ ਹਨ।

ਅਜਿਹੀਆਂ ਹਜ਼ਾਰਾਂ ਲੂੰ-ਕੰਡੇ ਖੜ੍ਹੇ ਕਰ ਦੇਣ ਵਾਲੀਆਂ ਹੱਡਬੀਤੀਆਂ ਘਟਨਾਵਾਂ ਹਨ, ਜੋ ਲੇਖ ਨੂੰ ਸੀਮਤ ਰਖੱਣ ਖ਼ਾਤਰ ਇਥੇ ਨਹੀਂ ਦਿੱਤੀਆਂ ਜਾ ਸਕਦੀਆਂ। ਇਥੇ ਕੇਵਲ ਟ੍ਰਿਬਿਊਨ ਅਖ਼ਬਾਰ ਦੇ ਸਬ ਆਫ਼ਿਸ ਸ਼੍ਰੋਮਣੀ ਕਮੇਟੀ ਦੇ ਪਬਲਿਸਿਟੀ ਇੰਚਾਰਜ ਸ. ਗੁਰਮੀਤ ਸਿੰਘ ਚੀਮਾ ਦੀ ਹਮਲੇ ਸਮੇਂ ਦੀ ਅੱਖੀਂ ਡਿੱਠੀ ਪਾਣੀ ਦੀ ਹੱਡਬੀਤੀ ਘਟਨਾ ਦੇਣੀ ਜ਼ਰੂਰੀ ਸਮਝਦਾ ਹਾਂ, ਜਿਹੜੀ ਕਿ ਸ. ਹਰਬੀਰ ਸਿੰਘ ਭੰਵਰ ਨੇ 'ਡਾਇਰੀ ਦੇ ਪੰਨੇ' ਦੇ ਸਫ਼ਾ 129 'ਤੇ ਦਿੱਤੀ ਹੈ।

ਉਹ ਇਸ ਤਰ੍ਹਾਂ ਹੈ ਕਿ ਲੋਕ ਉਦੋਂ ਪਾਣੀ ਲਈ ਕਰਾਹ ਰਹੇ ਸਨ। ਪਾਣੀ ਦੀਆਂ ਟੂਟੀਆਂ ਜਿਥੇ ਲੋਕ ਇਸ਼ਨਾਨ ਕਰਦੇ ਸਨ ਅਤੇ ਕੁਝ ਲੋਕ ਉਥੇ ਪੇਸ਼ਾਬ ਵੀ ਕਰਦੇ ਸਨ, ਦਾ ਪਾਣੀ ਗੰਦੀ ਨਾਲੀ ਤੋਂ ਉਛਲ ਕੇ ਇੱਕ ਛੱਪੜੀ ਦਾ ਰੂਪ ਧਾਰ ਚੁੱਕਾ ਸੀ, ਜਿਥੇ ਮਨੁੱਖੀ ਲਾਸ਼ਾਂ ਦਾ ਵੀ ਢੇਰ ਲਗ ਚੁੱਕਾ ਸੀ ਅਤੇ ਉਹਨਾਂ ਦਾ ਲਹੂ ਵੀ ਉਸ ਛੱਪੜੀ ਦੇ ਪਾਣੀ ਵਿੱਚ ਮਿਲ ਗਿਆ ਸੀ। ਪੇਸ਼ਾਬ ਦਾ, ਗੰਦੀ ਨਾਲੀ ਦਾ ਅਤੇ ਲਹੂ ਦਾ ਮਿਲਵਾਂ ਪਾਣੀ, ਉਹ ਸਵੇਰੇ ਚਾਰ ਤੋਂ ਲੈਕੇ ਡੇਢ ਵਜੇ ਦੁਪਹਿਰ ਤਕ ਫ਼ੌਜੀਆਂ ਦੇ ਤਰਲੇ ਕੱਢ ਕੇ ਪੀਂਦੇ ਰਹੇ ਸਨ। ਇਹ ਅਖ਼ਬਾਰ ਦੇ ਸਬ ਆਫ਼ਿਸ ਦੇ ਇੰਚਾਰਜ ਨਾਲ ਬੀਤੀ ਘਟਨਾ ਹੈ।

ਇਤਨੀ ਵੱਡੀ ਪੱਧਰ ਦੇ ਕਤਲੇਆਮ ਮਗਰੋਂ ਜਦ ਫ਼ੌਜੀਆਂ ਲਈ ਲਾਸ਼ਾਂ ਸਾਂਭਣੀਆਂ ਬਹੁਤ ਔਖੀਆਂ ਹੋ ਗਈਆਂ, ਤਾਂ ਉਹਨਾਂ ਕਤਲੇਆਮ ਤੋਂ ਬਚ ਗਏ ਸਿੱਖਾਂ, ਇਸਤਰੀਆਂ, ਬੱਚਿਆਂ ਬਜ਼ੁਰਗਾਂ ਨੂੰ ਜੰਗੀ ਕੈਦੀ ਕਰਾਰ ਦੇ ਕੇ ਸਭ ਨੂੰ ਫ਼ੌਜੀ ਕੈਂਪਾਂ ਵਿੱਚ ਲਿਜਾਇਆ ਗਿਆ, ਜਿਥੇ ਉਹਨਾਂ ਦੀ ਪੁਣਛਾਣ ਕੀਤੀ ਗਈ। 5 ਸਾਲ ਤੋਂ 80 ਸਾਲ ਦੇ ਬਜ਼ੁਰਗ ਤਕ ਦੇ ਪੁਲਸ ਨੇ ਫ਼ਿੰਗਰ ਪਰਿੰਟ ਲਏ ਅਤੇ ਸਲੇਟਾਂ 'ਤੇ ਉਹਨਾਂ ਦੇ ਨਾਂ ਲਿਖ ਕੇ, ਉਹਨਾਂ ਦੀਆਂ ਛਾਤੀਆਂ 'ਤੇ ਰੱਖ ਕੇ ਫ਼ੋਟੋਆਂ ਲਈਆਂ ਗਈਆਂ।

ਇੱਕ ਇੱਕ ਕਮਰੇ ਵਿੱਚ 60-70 ਮਨੁੱਖਾਂ ਨੂੰ ਪਸ਼ੂਆਂ ਵਾਂਗ ਵਾੜ ਦਿੱਤਾ ਗਿਆ, ਜਿਥੇ ਕੋਈ ਪੱਖਾ ਤਕ ਨਹੀਂ ਸੀ ਅਤੇ ਜੂਨ ਦਾ ਬਲਦਾ ਸੜਦਾ ਮਹੀਨਾ ਸੀ। ਪਸ਼ੂਆਂ ਨਾਲੋਂ ਵੀ ਭੈੜੀ ਖ਼ੁਰਾਕ। ਆਟੇ ਵਿੱਚ ਸੁੱਸਰੀ ਤੇ ਚਾਵਲਾਂ ਵਿੱਚ ਸੁੰਡੀਆਂ। ਦੇਣ ਵਾਲੇ ਫ਼ੌਜੀ ਮਾਵਾਂ ਭੈਣਾਂ ਦੀਆਂ ਗਾਲ੍ਹਾਂ ਕੱਢਕੇ, ਕੱਚੀਆਂ ਭੁੰਨੀਆਂ ਰੋਟੀਆਂ ਇੰਜ ਸੁਟਦੇ, ਜਿਵੇਂ ਕੁੱਤੇ ਅੱਗੇ ਸੁਟੀਆਂ ਜਾਂਦੀਆਂ ਹਨ। ਉਥੇ ਫ਼ੌਜੀ ਹਰ ਵੇਲੇ ਸਿੱਖਾਂ ਅਤੇ ਸਿੱਖਾਂ ਦੇ ਗੁਰਦੁਆਰਿਆਂ ਸਬੰਧੀ ਹੱਤਕ ਭਰੇ ਤਾਅਨੇ ਮਾਰ-ਮਾਰ ਕੇ, ਸਿੱਖਾਂ ਦੀ ਅਣਖ ਤੇ ਗ਼ੈਰਤ 'ਤੇ ਸੱਟਾਂ ਮਾਰਕੇ, ਸਿੱਖਾਂ ਨੂੰ ਗ਼ੁਲਾਮੀ ਦਾ ਅਹਿਸਾਸ ਕਰਾਉਂਦੇ ਸਨ। ਉਦੋਂ ਗ਼ਦਾਰ ਸਿੱਖ ਲੀਡਰਾਂ ਨੂੰ ਰੈਸਟ ਹਾਊਸਾਂ ਵਿੱਚ ਰੱਖਿਆ ਜਾ ਰਿਹਾ ਸੀ। ਹੈਰਾਨਗੀ ਹੁੰਦੀ ਹੈ ਕਿ ਇਤਨੀ ਹੇਠੀ, ਇਤਨਾ ਅਪਮਾਨ ਅਤੇ ਇਤਨਾ ਤ੍ਰਿਸਕਾਰ ਹੋਣ ਮਗਰੋਂ ਵੀ ਸਿੱਖ ਕੌਮ ਨੇ ਕੋਈ ਸਬਕ ਨਹੀਂ ਸਿਖਿਆ। ਅਸੀਂ ਉਹਨਾਂ ਨੂੰ ਹੀ ਲੀਡਰ ਬਣਾਈ ਬੈਠੇ ਹਾਂ, ਜਿਨ੍ਹਾਂ ਨੇ ਦਰਬਾਰ ਸਾਹਿਬ 'ਤੇ ਹਮਲਾ ਕਰਵਾਇਆ ਸੀ ਅਤੇ ਜਿਨ੍ਹਾਂ ਨੂੰ ਸਰਕਾਰ ਨੇ ਰੈਸਟ ਹਾਊਸਾਂ ਵਿੱਚ ਰੱਖਿਆ ਸੀ ਜਦ ਕਿ ਸਰਕਾਰ ਸਾਰੇ ਪੰਜਾਬ ਵਿੱਚ ਸਿੱਖਾਂ ਦਾ ਕਤਲੇਆਮ ਕਰ ਰਹੀ ਸੀ।

ਸਿੱਖਾਂ ਦੀ ਨਸਲਘਾਤ ਕਰਨ ਲਈ ਜਿਸ ਵਿਸਾਹਘਾਤ ਨਾਲ ਸਿੱਖਾਂ ਨੂੰ ਹਰ ਪਾਸਿਓਂ ਘੇਰਕੇ, ਜਿਸ ਢੰਗ ਨਾਲ ਚੁਣ-ਚੁਣ ਕੇ ਸਿੱਖਾਂ ਨੂੰ ਕੋਹ-ਕੋਹ ਕੇ ਮਾਰਿਆ

ਗਿਆ ਅਤੇ ਜਿਸ ਵਿਉਂਤਬੰਦੀ ਨਾਲ ਸਿੱਖਾਂ ਨੂੰ ਗੋਲੀਆਂ ਨਾਲ ਭੁੰਨਿਆ ਗਿਆ, ਉਸ ਦਾ ਹੂ-ਬਹੂ ਖਿਚਿਆ ਨਕਸ਼ਾ 'ਆਰਮੀ ਐਕਸ਼ਨ ਇਨ ਪੰਜਾਬ' ਦੇ ਸਫ਼ਾ 46 ਦੀਆਂ ਹੇਠ ਲਿਖੀਆਂ ਲਾਈਨਾਂ ਪੜ੍ਹਨ ਵਾਲੀਆਂ ਹਨ-

"The whole of Punjab and especially the Golden Temple Complex ,was turned into a murderous mouse trap from where people could neither escape nor could they seek succour of any kind."(Army action in Punjab, page 46)

"ਸਾਰਾ ਪੰਜਾਬ, ਵਿਸ਼ੇਸ਼ ਕਰਕੇ ਗੋਲਡਨ ਟੈਂਪਲ ਕੰਪਲੈਕਸ ਚੂਹੇ ਫਸਾਉਣ ਵਾਲੀ ਕੜਿੱਕੀ ਭਾਵਮੌਤ ਦੀ ਕੜਿੱਕੀ ਦਾ ਰੂਪ ਧਾਰੇ ਹੋਏ ਸਨ, ਜਿਸ ਅੰਦਰ ਫਸੇ ਲੋਕਾਂ ਲਈ ਨ ਨਿਕਲ ਸਕਣ ਦਾ ਕੋਈ ਰਾਹ ਸੀ ਅਤੇ ਨਾ ਹੀਂ ਕਿਸੇ ਸਹਾਇਤਾ ਲਈ ਚਾਰਾ-ਜੋਈ ਕਰ ਸਕਦੇ ਸਨ।"

(ਆਰਮੀ ਐਕਸ਼ਨ ਇਨ ਪੰਜਾਬ, ਸਫ਼ਾ 46)

ਉਪਰਲੀ ਹੀ ਪੁਸਤਕ ਦੇ ਸਫ਼ਾ 49 'ਤੇ ਹੇਠਲੀਆਂ ਦਰਜ ਲਾਈਨਾਂ ਉਸ ਵਹਿਸ਼ਿਆਨਾ ਹਮਲੇ ਦੀ ਇਤਿਹਾਸਕ ਥਾਂ ਵੀ ਬੜੇ ਭਾਵਪੂਰਤ ਢੰਗ ਨਾਲ ਪੇਸ਼ ਕਰਦੀਆਂ ਹਨ -

"Thus the operation Blue Star will go down in history as one of the biggest massacre of unarmed civilions by the organised military force of a nation."

"ਇਉਂ 'ਔਪਰੇਸ਼ਨ ਬਲਿਊ ਸਟਾਰ' ਇਤਿਹਾਸ ਅੰਦਰ ਇੱਕ ਕੌਮ ਦੀ ਜਥੇਬੰਦ ਫ਼ੌਜ ਵਲੋਂ ਨਿਹੱਥੇ ਸ਼ਹਿਰੀਆਂ ਦੇ ਇੱਕ ਬਹੁਤ ਵੱਡੇ ਕਤਲੇਆਮ ਕਰਕੇ ਜਾਣਿਆ ਜਾਏਗਾ।"

ਜੋਇਸ ਪੈਟੀਗਰੀਓ ਨੇ ਲਿਖਿਆ ਹੈ ਕਿ ਦਰਬਾਰ ਸਾਹਿਬ 'ਤੇ ਵਹਿਸ਼ੀਆਨਾ ਹਮਲਾ ਕਿਸੇ ਸਿਆਸੀ ਹਸਤੀ ਜਾਂ ਕਿਸੇ ਸਿਆਸੀ ਜੱਦੋਜਹਿਦ ਨੂੰ ਖਤਮ ਕਰਨ ਲਈ ਨਹੀਂ ਸੀ ਕੀਤਾ ਗਿਆ, ਸਗੋਂ ਲੋਕਾਂ (ਸਿੱਖਾਂ) ਦਾ ਸਭਿਆਚਾਰ, ਉਹਨਾਂ ਦੇ ਦਿਲ 'ਤੇ ਸੱਟ ਮਾਰ ਕੇ, ਉਹਨਾਂ ਦੀ ਸਪਿਰਿਟ ਅਤੇ ਆਤਮ ਵਿਸ਼ਵਾਸ ਨੂੰ ਖਤਮ ਕਰ ਦੇਣ ਲਈ ਕੀਤਾ ਗਿਆ ਸੀ। - - ਫੌਜ ਨੂੰ ਜਨੂਨੀ ਝੱਲ ਚੜ੍ਹ ਗਿਆ ਸੀ ਅਤੇ ਉਹ ਹਰ ਉਸ ਸਿੱਖ ਆਦਮੀ, ਔਰਤ ਅਤੇ ਬੱਚੇ ਨੂੰ ਮਾਰ ਕੇ ਖਤਮ ਕਰਨ

ਲੱਗ ਪਈ ਸੀ, ਜਿਹੜਾ ਕਿ ਦਰਬਾਰ ਸਾਹਿਬ ਕੰਪਲੈਕਸ 'ਚ ਨਜ਼ਰ ਆਇਆ:

> **"not to eliminate a political figure or a political movement but to suppress the culture of a people, to attack their heart, to strike a blow at their spirit and self-confidence. The army . . . went berserk and killed every Sikh man, woman and child who could be found inside the temple complex."**

ਅਕਤੂਬਰ-ਨਵੰਬਰ ਚੁਰਾਸੀ ਦਾ ਘੱਲੂਘਾਰਾ

ਅਕਾਲ ਤਖ਼ਤ ਸਾਹਿਬ ਦੇ ਢਾਹੇ ਜਾਣ ਅਤੇ ਗਿਣੀ ਮਿਥੀ ਸਕੀਮ ਅਨੁਸਾਰ ਇਤਨੀ ਵੱਡੀ ਪੱਧਰ ਦੇ ਕਤਲੇਆਮ ਕੀਤੇ ਜਾਣ ਉਪਰੰਤ ਇੰਦਰਾ ਸਰਕਾਰ ਨੂੰ ਸਿੱਖਾਂ ਵਲੋਂ ਬਦਲੇ ਦੀ ਭਾਵਨਾ ਦੀ ਪੂਰੀ ਆਸ ਸੀ, ਜਿਸ ਬਹਾਨੇ ਉਸ, ਪੰਜਾਬ ਤੋਂ ਬਾਹਰ ਦੇ ਪੰਦਰਾਂ ਤੋਂ ਪੰਜਾਹ ਸਾਲ ਦੀ ਉਮਰ ਦੇ ਸਿੱਖਾਂ ਨੂੰ ਮਾਰ ਮੁਕਾਉਣ ਦੀ ਸਕੀਮ ਵੀ ਨਾਲ ਹੀ ਤਿਆਰ ਕਰਵਾ ਰੱਖੀ ਸੀ। ਪੰਜਾਬ ਤੋਂ ਬਾਹਰ ਦੇ ਹਰ ਸ਼ਹਿਰ ਦੀ ਵੋਟਰ ਲਿਸਟ ਤੋਂ ਸਿੱਖਾਂ ਦੇ ਘਰਾਂ, ਦੁਕਾਨਾਂ, ਫ਼ੈਕਟਰੀਆਂ ਅਤੇ ਗੁਰਦੁਆਰਿਆਂ 'ਤੇ ਨਿਸ਼ਾਨੀਆਂ ਲਗਾ ਰੱਖੀਆਂ ਸਨ। ਇਥੋਂ ਤਕ ਕਿ ਸਿੱਖਾਂ ਦੇ ਸਕੂਟਰਾਂ, ਟੈਕਸੀਆਂ, ਕਾਰਾਂ, ਬਸਾਂ, ਕੋਚਾਂ, ਟਰੱਕਾਂ ਦੇ ਨੰਬਰ ਵੀ ਵਹਿਕਲ ਰਜਿਸਟਰੇਸ਼ਨ ਦਫ਼ਤਰਾਂ ਤੋਂ ਲੈਕੇ ਲਿਸਟਾਂ ਤਿਆਰ ਕਰ ਰੱਖੀਆਂ ਸਨ। ਦਿੱਲੀ ਵਿੱਚ ਤਾਂ ਵੋਟਰ ਲਿਸਟਾਂ ਦੇ ਨਾਲ-ਨਾਲ ਰਾਸ਼ਨ ਕਾਰਡਾਂ ਦਾ ਵੀ ਪ੍ਰਬੰਧ ਕੀਤਾ ਗਿਆ ਸੀ। ਇਸ ਪਲਾਨ ਨੂੰ ਸਿਰੇ ਚਾੜ੍ਹਨ ਲਈ ਗੁੰਡੇ ਵੀ ਹਰ ਸ਼ਹਿਰ ਵਿੱਚ ਤਿਆਰ ਕਰ ਦਿੱਤੇ ਗਏ ਸਨ।

ਜਦ ਸਾਰੀਆਂ ਸਕੀਮਾਂ ਤਿਆਰ ਹੋ ਗਈਆਂ, ਤਾਂ ਉਹਨਾਂ ਨੂੰ ਅਮਲ ਵਿੱਚ ਲਿ ਆਉਣ ਲਈ ਰਾਤ ਦਿਨ ਰੇਡੀਓ, ਟੈਲੀਵਿਯਨ, ਅਖ਼ਬਾਰਾਂ ਰਾਹੀਂ ਜ਼ਹਿਰ ਉਗਲ ਕੇ ਸਿੱਖਾਂ ਵਿਰੁੱਧ ਨਫ਼ਰਤ ਤੇ ਘਿਰਣਾ ਦੀਆਂ ਦੀਵਾਰਾਂ ਉਚੀਆਂ ਕੀਤੀਆਂ ਗਈਆਂ ਸਨ ਅਤੇ ਸਿੱਖਾਂ ਦੇ ਕਤਲੇਆਮ ਦੀ ਜ਼ਮੀਨ ਵੀ ਤਿਆਰ ਕਰ ਰੱਖੀ ਸੀ, ਪਰ ਸਿੱਖਾਂ ਵਲੋਂ ਕੋਈ ਬਦਲਾ ਨਾ ਲਿਆ ਗਿਆ, ਕਿਉਂਕਿ ਸਿਖ ਲੀਡਰ ਤਾਂ ਸਰਕਾਰ ਨਾਲ ਮਿਲੇ ਹੋਏ ਸਨ ਅਤੇ ਉਹਨਾਂ ਆਪਣੀ ਚੌਧਰ ਵਿੱਚ ਰੋੜਾ ਬਣਨ ਵਾਲੇ ਸੰਤ ਜਰਨੈਲ ਸਿੰਘ ਨੂੰ ਮਰਵਾਉਣ ਲਈ ਆਪ ਹੀ ਤਾਂ ਸਰਕਾਰ ਨੂੰ ਹਮਲੇ ਦਾ ਸੱਦਾ ਦਿੱਤਾ ਸੀ, ਉਹ ਤਾਂ ਰੈਸਟ ਹਾਊਸਾਂ ਵਿੱਚ ਪਹੁੰਚਾ ਦਿੱਤੇ ਗਏ ਸਨ। ਲੀਡਰਾਂ ਬਿਨਾਂ ਕਿਸ ਨੇ ਬਦਲੇ ਦੀ ਸੋਚਣੀ ਸੀ? ਸਿੱਖਾਂ ਵਲੋਂ ਕੋਈ ਪ੍ਰਤੀਕਰਮ ਨਾ ਹੋਣ ਦੇ ਕਾਰਨ ਉਹ ਸਕੀਮ ਜੂਨ ਚੁਰਾਸੀ ਵਿੱਚ ਨਹੀਂ ਸੀ ਵਰਤੀ ਜਾ ਸਕੀ।

ਉਸੇ ਤਿਆਰ ਪਈ ਸਕੀਮ ਨੂੰ ਰਾਜੀਵਨੇ ਇੰਦਰਾ ਦੇ ਕਤਲ ਉਪਰੰਤ ਵਰਤ ਕੇ ਨਵੰਬਰ ਚੁਰਾਸੀ ਦਾ ਘਲੂਘਾਰਾ ਵਰਤਾਇਆ ਸੀ।

31 ਅਕਤੂਬਰ 1984 ਵਾਲੇ ਦਿਨ ਨੂੰ ਜਦ ਹਜ਼ਾਰਾਂ ਹੀ ਨਿਰਦੋਸ਼ ਸਿੱਖ ਜਵਾਨਾਂ, ਬੱਚਿਆਂ, ਇਸਤਰੀਆਂ, ਬਜ਼ੁਰਗਾਂ ਦੇ ਖ਼ੂਨ ਨਾਲ ਹੱਥ ਰੰਗਣ ਵਾਲੀ ਇੰਦਰਾ ਗਾਂਧੀ ਨੂੰ ਸੋਧਾ ਲਾਇਆ ਗਿਆ ਸੀ

ਅਤੇ ਵੱਖ-ਵੱਖ ਪ੍ਰਾਂਤਾਂ ਦੇ ਮੁਖ ਮੰਤਰੀ ਦਿੱਲੀ ਪਹੁੰਚੇ ਸਨ, ਤਾਂ ਉਹਨਾਂ ਨੂੰ ਰਾਜੀਵਨੇ ਟੀ. ਵੀ. 'ਤੇ ਕਿਹਾ ਸੀ ਕਿ 'ਜਾਓ, ਆਪੋ ਆਪਣੇ ਸੂਬਿਆਂ ਵਿੱਚ ਅਤੇ ਕਰੋ ਆਪਣਾ ਕੰਮ, ਇਥੇ ਤੁਸੀਂ ਕੀ ਕਰ ਰਹੇ ਹੋ?' ਉਹਨਾਂ ਵਾਪਸ ਜਾ ਕੇ, ਤਿਆਰ ਪਏ ਸਿੱਖ ਨਸਲਕੁਸ਼ੀ ਦੇ ਪਲਾਨ ਮੁਤਾਬਕ ਆਪੋ ਆਪਣੇ ਸੂਬਿਆਂ ਦੀ ਵਾਗਡੋਰ ਗੁੰਡਿਆਂ, ਕਾਤਲਾਂ, ਲੁਟੇਰਿਆਂ ਤੇ ਧਾੜਵੀਆਂ ਦੇ ਹਵਾਲੇ ਕਰ ਦਿੱਤੀ ਅਤੇ ਪੁਲਸ ਨੂੰ ਉਹਨਾਂ ਦੀ ਸਹਾਇਤਾ ਕਰਨ 'ਤੇ ਲਾ ਦਿੱਤਾ, ਤਾਂ ਜੋ ਸਿੱਖਾਂ ਨੂੰ ਮਾਰ ਮੁਕਾਉਣ ਦੀ ਉਸ ਤਿਆਰ ਪਈ ਸਕੀਮ ਨੂੰ ਸਿਰੇ ਚਾੜ੍ਹਨ ਵਿੱਚ ਕਿਸੇ ਕਿਸਮ ਦਾ ਕੋਈ ਵਿਘਨ ਨਾ ਪੈ ਸਕੇ।

ਬਸ ਫੇਰ ਕੀ ਸੀ। ਸਿੱਖਾਂ ਦੇ ਕਤਲੇਆਮ ਦੀ ਐਸੀ ਹਨੇਰੀ ਝੁਲੀ ਕਿ ਰਹੇ ਰੱਬ ਦਾ ਨਾਂ। ਭਾਰਤ ਦੇ ਵੱਖ-ਵੱਖ ਵੱਡੇ ਵੱਡੇ ਸ਼ਹਿਰਾਂ ਵਿੱਚ, ਜਿੱਥੇ ਜਿੱਥੇ ਵੀ ਸਿੱਖਾਂ ਦੀ ਥੋੜ੍ਹੀ ਬਹੁਤੀ ਵਸੋਂ ਸੀ, ਉਥੇ ਉਥੇ ਸਿੱਖਾਂ ਨੂੰ ਮਾਰ ਮੁਕਾਉਣ ਦੇ ਤਿਆਰ ਪਏ ਪਲਾਨ ਨੂੰ ਅਮਲੀ ਰੂਪ ਦੇਕੇ ਸਿੱਖਾਂ ਦਾ ਕਤਲੇਆਮ ਕੀਤਾ ਗਿਆ। ਦਿੱਲੀ, ਪਟਨਾ ਸਾਹਿਬ, ਧਨਬਾਦ, ਰੁੜਕੇਲਾ, ਬੁਕਾਰੋ, ਸਹਾਰਨਪੁਰ, ਕਾਨ੍ਹਪੁਰ, ਕਲ ਕੱਤਾ, ਕਰਨਾਲ, ਹਿਸਾਰ, ਆਦਿਕ ਸ਼ਹਿਰਾਂ ਵਿੱਚ ਪੰਜਾਹ ਹਜ਼ਾਰ ਤੋਂ ਵੱਧ ਸਿੱਖਾਂ ਦਾ ਖ਼ੂਨ ਵਹਾਕੇ ਇੰਦਰਾ ਦੇਵੀ ਦੀ ਭੇਟ ਚੜ੍ਹਾਇਆ ਗਿਆ। ਪੰਜਾਬ ਦੇ ਗੁਆਂਢੀ ਇਕੱਲੇ ਹਰਿਆਣਾ ਵਿੱਚ ਹੀ ਢਾਈ ਹਜ਼ਾਰ ਸਿੱਖਾਂ ਦਾ ਕਤਲੇਆਮ ਕੀਤਾ ਗਿਆ। 31 ਗੁਰਦੁਆਰੇ ਸਾੜੇ ਗਏ, ਤਿੰਨ ਸੌ ਦੇ ਕਰੀਬ ਦੁਕਾਨਾਂ ਅਤੇ 59 ਛੋਟੇ ਵੱਡੇ ਕਾਰਖ਼ਾਨੇ ਸਾੜ ਦਿੱਤੇ ਗਏ।

ਉਹ ਸਾੜ-ਫੂਕ, ਕਤਲੇਆਮ ਅਤੇ ਬਲਾਤਕਾਰੀ ਦਾ ਦੌਰ ਸਿੱਖ ਨਸਲਕੁਸ਼ੀ ਦਾ ਹੀ ਹਿਸਾ ਸੀ। ਸਿੱਖਾਂ ਦੀ 15 ਤੋਂ 50 ਸਾਲ ਦੀ ਸਮੁੱਚੀ ਪੀੜ੍ਹੀ ਨੂੰ ਖ਼ਤਮ ਕਰ ਦੇਣਾ ਸੀ। ਸਿੱਖਾਂ ਦੀ ਨਸਲ ਨੂੰ ਖ਼ਤਮ ਕਰਨ ਅਤੇ ਸਿੱਖਾਂ ਨੂੰ ਹੀਣਿਆਂ ਬਣਾਕੇ, ਗ਼ੁਲਾਮ ਬਣਾਈ ਰੱਖਣ ਦੇ ਮਨਸੂਬੇ ਅਧੀਨ ਪੰਦਰਾਂ ਤੋਂ ਪੰਜਾਹ ਸਾਲ ਦੀ ਉਮਰ ਤਕ ਦੇ ਸਿੱਖਾਂ ਨੂੰ ਘਰਾਂ ਵਿੱਚੋਂ ਘਸੀਟ ਕੇ, ਬਾਹਰ ਸੜਕਾਂ 'ਤੇ ਲਿਆਕੇ, ਲੋਹੇ ਦੇ ਰਾਡਾਂ ਨਾਲ ਉਹਨਾਂ ਦੇ ਸਿਰ ਭੰਨ-ਭੰਨ ਕੇ, ਅਧਮੋਏ ਕਰ ਦੇਣ ਮਗਰੋਂ ਉਹਨਾਂ ਨੂੰ ਜੀਉਂਦੇ ਸਾੜਿਆ ਗਿਆ। ਕਈਆਂ ਦੇ ਪਹਿਲਾਂ ਦਾੜ੍ਹੀ-ਕੇਸ ਕਤਲ

ਕੀਤੇ ਗਏ ਅਤੇ ਫੇਰ ਉਹਨਾਂ 'ਤੇ ਤੇਲ ਛਿੜਕ ਕੇ ਅੱਗ ਲਾ ਦਿੱਤੀ ਗਈ। ਜੀਉਂਦੇ ਸੜਦੇ-ਤੜਪਦੇ ਸਿੱਖਾਂ ਨੂੰ ਵੇਖ ਕੇ ਮੋਨਾ-ਮੋਨਾ ਕਹਿਕੇ, ਉਹਨਾਂ ਦੀਆਂ ਖਿੱਲੀਆਂ ਉਡਾਈਆਂ ਗਈਆਂ।

ਆਦਮੀਆਂ ਨੂੰ ਮਾਰ ਦੇਣ ਮਗਰੋਂ ਮਾਵਾਂ ਦੀਆਂ ਗੋਦਾਂ ਵਿੱਚੋਂ ਦੁੱਧ ਚੁੰਘਦੇ ਬੱਚਿਆਂ ਨੂੰ ਧੂਹ-ਧੂਹ ਕੇ ਬਲਦੀਆਂ ਅੱਗਾਂ ਵਿੱਚ ਜੀਉਂਦਿਆਂ ਸੁੱਟ ਕੇ ਭੁੰਨ ਦਿੱਤਾ ਗਿਆ। ਆਦਮੀਆਂ ਤੇ ਬੱਚਿਆਂ ਨੂੰ ਮਾਰ ਮੁਕਾਉਣ ਮਗਰੋਂ ਇਸਤਰੀਆਂ ਨੂੰ ਨੰਗਿਆਂ ਕਰਕੇ ਪਸ਼ੂਆਂ ਵਾਂਗ ਸੜਕਾਂ 'ਤੇ ਹੀ ਉਹਨਾਂ ਨਾਲ ਬਲਾਤਕਾਰ ਕੀਤਾ ਗਿਆ। ਵੀਹ ਵੀਹ ਸਾਲ ਦੇ ਵਹਿਸ਼ੀ ਮੁੰਡਿਆਂ ਨੇ ਪੰਜਾਹ ਤੇ ਅੱਸੀ ਸਾਲ ਦੀਆਂ ਮਾਂ-ਬਰਾਬਰ ਇਸਤਰੀਆਂ ਨਾਲ ਗੈਂਗ ਬਲਾਤਕਾਰ ਕੀਤੇ। ਕਈ ਹਾਲਤਾਂ ਵਿੱਚ ਅਧਮੋਏ ਪੁੱਤਰਾਂ ਸੋਹਮਣੇ ਉਹਨਾਂ ਦੀਆਂ ਮਾਵਾਂ ਨਾਲ, ਅਧਮੋਏ ਭਰਾਵਾਂ ਸਾਹਮਣੇ ਉਹਨਾਂ ਦੀਆਂ ਭੈਣਾਂ ਨਾਲ ਅਤੇ ਅਧਮੋਏ ਪਿਉ ਤੇ ਸਹੁਰਿਆਂ ਸਾਹਮਣੇ ਉਹਨਾਂ ਦੀਆਂ ਧੀਆਂ ਤੇ ਨੂੰਹਾਂ ਨਾਲ ਬਲਾਤਕਾਰ ਕਰਕੇ, ਮਨੁੱਖਤਾ ਨੂੰ ਸ਼ਰਮਾਇਆ ਗਿਆ। ਸੈਂਕੜੇ ਸਿੱਖ ਇਸਤਰੀਆਂ ਨੂੰ ਅਗ਼ਵਾ ਕਰਕੇ ਬੰਬਈ ਦੇ ਚਕਲਿਆਂ 'ਤੇ ਜਾ ਬਿਠਾਇਆ।

ਇੱਥੋਂ ਤਕ ਕਿ ਉਹਨਾਂ ਗ਼ੁੰਡਿਆਂ ਨੌਂ-ਨੌਂ ਤੇ ਦਸ-ਦਸ ਸਾਲ ਦੀਆਂ ਬੱਚੀਆਂ ਨਾਲ ਵੀ ਮੂੰਹ ਕਾਲਾ ਕੀਤਾ। ਹਿੰਦੂ ਸਾਮਰਾਜ ਦੀ ਉਹ ਵੇਦਕ ਪ੍ਰਦਰਸ਼ਨੀ ਪੂਰੇ ਚਾਰ ਦਿਨ ਹੁੰਦੀ ਰਹੀ। ਮੌਕੇ ਦੇ ਕੁਝ ਗਵਾਹਾਂ ਨੇ ਦੱਸਿਆ ਕਿ ਇੱਕ ਥਾਣੇਦਾਰ ਨੇ ਧਾੜਵੀਆਂ ਨੂੰ ਕਿਹਾ ਕਿ 'ਇਨ ਕੋ ਮਾਰਨੇ ਕੇ ਲੀਏ ਤੁਮਹਾਰੇ ਪਾਸ ਤੀਨ ਦਿਨ ਹੈਂ। ਅਪਨਾ ਕਾਮ ਹੁਸ਼ਿਆਰੀ ਸੇ ਕਰੋ। ਕਿਸੀ ਏਕ ਕੋ ਭੀ ਜ਼ਿੰਦਾ ਨਾ ਛੋੜੋ, ਨਹੀਂ ਤੋ ਮੁਝੇ ਸਜ਼ਾ ਮਿਲੇਗੀ।'

ਸਿੱਖਾਂ ਦੀਆਂ ਦੁਕਾਨਾਂ, ਕਾਰਾਂ, ਬਸਾਂ, ਸਕੂਟਰਾਂ, ਟੈਕਸੀਆਂ, ਘਰਾਂ, ਕਾਰਖ਼ਾਨਿਆਂ ਨੂੰ ਸਾੜਿਆ ਗਿਆ। 350 ਦੇ ਕਰੀਬ ਦਿੱਲੀ ਤੇ ਆਸ ਪਾਸ ਦੇ ਗੁਰਦੁਆਰੇ ਸਾੜੇ-ਫੂਕੇ ਗਏ। ਗਲਾਂ ਵਿੱਚ ਟਾਇਰ ਪਾ-ਪਾ ਕੇ ਸਿੱਖਾਂ ਨੂੰ ਜੀਉਂਦਿਆਂ ਸਾੜਿਆ ਗਿਆ। ਸੜਕਾਂ 'ਤੇ ਜਿਥੇ ਵੀ ਕੋਈ ਸਿੱਖ ਸਾਹਮਣੇ ਆਇਆ, ਉਸ ਨੂੰ ਉਥੇ ਹੀ ਮਾਰ ਦਿੱਤਾ ਗਿਆ। ਭਾਵੇਂ ਉਹ ਅਕਾਲੀ ਸੀ, ਕਾਂਗਰਸੀ ਸੀ ਜਾਂ ਕਾਮਰੇਡ। ਉਹਨਾਂ ਕਿਸੇ ਵੀ ਸਿੱਖ ਨੂੰ ਨਹੀਂ ਬਖ਼ਸ਼ਿਆ।

ਕਾਨ੍ਹਪੁਰ, ਬੁਕਾਰੋ, ਲਖਨਊ, ਕਲਕੱਤਾ, ਪਟਨਾ ਸਾਹਿਬ, ਸਹਾਰਨਪੁਰ, ਜਗਾਧਰੀ, ਕਰਨਾਲ, ਆਦਿਕ ਵੱਡੇ-ਵੱਡੇ ਸ਼ਹਿਰਾਂ ਵਿੱਚ ਸਭ ਪਾਸੇ ਉਸੇ ਪਲਾਨ ਨਾਲ, ਉਸੇ ਢੰਗ ਨਾਲ ਅਤੇ ਐਨ ਉਹੀ ਹਥਿਆਰ ਵਰਤਿਆ ਗਿਆ, ਜੋ ਦਿੱਲੀ ਵਿੱਚ ਵਰਤਿਆ ਗਿਆ। ਕਿਸੇ ਵੀ ਪਾਰਟੀ ਜਾਂ ਉਸ ਪਾਰਟੀ ਦੇ ਲੀਡਰ ਨੇ ਸਾਰੇ ਮੁਲ

ਕ ਵਿੱਚ ਸਿੱਖਾਂ ਉਤੇ ਢਾਹੇ ਗਏ ਕਹਿਰਾਂ ਦੇ ਜ਼ੁਲਮ ਵਿਰੁਧ ਅੱਜ ਤਕ ਅਵਾਜ਼ ਨਹੀਂ ਉਠਾਈ। ਮਨੂ ਪਾਰਲੀਮੈਂਟ ਦੇ ਕਿਸੇ ਇੱਕ ਵੀ ਐਮ.ਪੀ.ਨੇ ਇਤਨੇ ਜ਼ੁਲ ਮ ਵਿਰੁੱਧ ਹਾਅ ਦਾ ਨਾਅਰਾ ਨਹੀਂ ਸੀ ਮਾਰਿਆ। ਕਿਸੇ ਵੀ ਦੋਸ਼ੀ ਨੂੰ ਅੱਜ ਤਕ ਸਜ਼ਾ ਨਹੀਂ ਦਿੱਤੀ ਗਈ। ਫਿਟਕਾਰ ਹੈ ਸਾਡੇ ਸੁਆਰਥੀ ਲੀਡਰਾਂ ਨੂੰ ਜਿਹੜੇ ਸ਼ਰਮ ਹਯਾ ਘੋਲ ਕੇ ਪੀਤੀ ਬੈਠੇ ਹਨ।

ਦਿੱਲੀ ਵਿੱਚ ਕਹਿਰਾਂ ਦੇ ਹੋਏ ਜ਼ੁਲਮ,ਵਹਿਸ਼ੀਆਨਾ ਕਤਲੇਆਮ ਅਤੇ ਇਸਤਰੀਆਂ ਦੀਆਂ ਹੋਈਆਂ,ਬੇਪਤੀਆਂ ਨੂੰ ਵੇਖਕੇ ਉਥੋਂ ਦੀਆਂ ਦੋ ਨਿਰਪੱਖ ਸੰਸਥਾਵਾਂ 'ਪੀਪਲਜ਼ ਯੂਨੀਅਨ ਫ਼ਾਰ ਸਿਵਲ ਰਾਈਟਸ' (P.U.C.L.) ਅਤੇ ਪੀਪਲ ਜ਼ ਯੂਨੀਅਨ ਫ਼ਾਰ ਡੈਮੋਕਰੈਟਿਕ ਰਾਈਟਸ'(P.U.D.R.) ਨੇ ਲੂੰ-ਕੰਡੇ ਖੜੇ ਕਰ ਦੇਣ ਵਾਲੀ 54 ਸਫ਼ੇ ਦੀ ਰਿਪੋਰਟ ਛਾਪੀ। ਉਪਰਲੀਆਂ ਸੰਸਥਾਵਾਂ ਵਿੱਚ ਰੀਟਾਇਰਡ ਜੱਜ,ਵਕੀਲ ਅਤੇ ਸ਼ਹਿਰ ਦੇ ਪਤਵੰਤੇ ਨਿਰਪੱਖ ਲੋਕ ਸਨ,ਜਿਨ੍ਹਾਂ ਦਾ ਕਿਸੇ ਪਾਰਟੀ ਨਾਲ ਕੋਈ ਸਬੰਧ ਨਹੀਂ ਸੀ।

ਉਹਨਾਂ ਲੋਕਾਂ ਟੈਕਸੀਆਂ ਦੇ ਕਾਫ਼ਲੇ ਦੇ ਰੂਪ ਵਿੱਚ ਵੱਖ ਵੱਖ ਬਸਤੀਆਂ ਵਿੱਚ ਆਪ ਜਾਕੇ,ਥਾਂ-ਥਾਂ 'ਤੇ ਘੁੰਮ ਫਿਰ ਕੇ,ਮੌਕੇ 'ਤੇ ਪਹੁੰਚ ਕੇ,ਸਭ ਕੁਝ ਅੱਖੀ ਵੇਖਿਆ। ਕੈਂਪਾਂ ਵਿੱਚ ਜਾ ਕੇ ਪੀੜਤ ਲੋਕਾਂ,ਵਿਧਵਾ ਹੋਈਆਂ ਇਸਤਰੀਆਂ ਅਤੇ ਯਤੀਮ ਹੋਏ ਬੱਚਿਆਂ ਨੂੰ ਮਿਲੇ। ਉਨ੍ਹਾਂ ਦੀਆਂ ਦਰਦ ਭਰੀਆਂ ਹੱਡਬੀਤੀਆਂ ਆਪਣੀ ਕੰਨੀਂ ਸੁਣੀਆਂ। ਪੁਲਸ ਤੇ ਫ਼ੌਜੀ ਅਧਿਕਾਰੀਆਂ ਨੂੰ ਮਿਲੇ,ਸਿਆਸੀ ਆਗੂਆਂ ਨੂੰ ਮਿਲੇ,ਅਖ਼ਬਾਰੀ ਨੁਮਾਇੰਦਿਆਂ ਨੂੰ ਮਿਲੇ ਅਤੇ ਅਖ਼ਬਾਰਾਂ ਵਿੱਚ ਛਪੀਆਂ ਰਿਪੋਰਟਾਂ ਨੂੰ ਪੜ੍ਹਿਆ। ਇਹ ਸਭ ਕੁਝ ਕਰਨ ਮਗਰੋਂ ਉਨ੍ਹਾਂ ਨੇ ਆਪਣੀਆਂ ਨਿਰਪੱਖ ਤੇ ਸੁਤੰਤਰ ਖੋਜਾਂ ਦੇ ਆਧਾਰ 'ਤੇ ਜੋ ਸਰਬ ਸੰਮਤੀ ਨਾਲ ਸਿੱਟੇ ਕੱਢੇ,ਉਨ੍ਹਾਂ ਵਿੱਚੋਂ ਹੇਠ ਲਿਖੇ ਕੁਝ ਪਹਿਰੇ ਪਾਠਕਾਂ ਦਾ ਖ਼ਾਸ ਧਿਆਨ ਮੰਗਦੇ ਹਨ-

> **1) "There is no doubt about this that it was well-planned, possibly the plan had been worked out much earlier, that in case such situation arose,this would be done,how the politicians would take advantage."**
>
> "ਇਸ ਵਿੱਚ ਸ਼ਕ ਦੀ ਬਿਲਕੁਲ ਕੋਈ ਗੁੰਜਾਇਸ਼ ਨਹੀਂ ਕਿ ਇਹ ਸਾਰਾ ਕੁਝ ਪਹਿਲਾਂ ਬਹੁਤ ਚੰਗੀ ਤਰ੍ਹਾਂ ਵਿਉਂਤਿਆ ਗਿਆ ਸੀ ਅਤੇ ਜਾਪਦਾ ਹੈ ਕਿ ਇਹ ਪਲਾਨ ਬਹੁਤ ਪਹਿਲਾਂ ਉਲੀਕਿਆ ਗਿਆ ਸੀ, ਤਾਂ ਜੋ ਜਦ ਵੀ ਲੋੜ ਪਏ,ਤਾਂ ਉਸ ਦੀ ਵਰਤੋਂ ਕੀਤੀ ਜਾ ਸਕੇ ਅਤੇ ਸਿਆਸੀ ਆਗੂ ਇਸ ਦਾ ਲਾਭ ਲੈ ਸਕਣ"

(ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਸਿਵਾਏ ਇਹਨਾਂ ਸਤਰਾਂ ਦੇ ਲਿਖਾਰੀ ਨੇ ਸਰਕਾਰ ਦੀ ਇਸ ਤਿਆਰ ਪਈ ਸਕੀਮ ਦਾ ਨਾ ਅੱਜ ਤਕ ਕਿਸੇ ਨੇ ਜ਼ਿਕਰ ਕੀਤਾ ਹੈ ਅਤੇ ਨਾਹੀਂ ਇਸ ਸਬੰਧੀ ਕਿਸੇ ਨੇ ਖੋਜ ਹੀ ਕੀਤੀ ਹੈ। ਇਹ ਇਤਿਹਾਸਕ ਤੱਥ ਸਿੱਖ ਇਤਿਹਾਸ ਦਾ ਜ਼ਰੂਰੀ ਭਾਗ ਬਣਨਗੇ। -ਲੇਖਕ)

2) "The attacks on members of Sikh community were the outcome of well organised plan marked by acts of both commision and omission by important politicians of the Congress (I) at the top and by authorities in the administration - - The attacks on Sikhs followed a common pattern in all colonies and were masterminded by some powerful organised group - - There was also a definite pattern discernible in the choice of victoms as they largely belonged to the age-group 20 to 50."

"ਸਿੱਖਾਂ ਉਪਰ ਕੀਤੇ ਗਏ ਵਾਰ ਸੋਚ ਸਮਝ ਕੇ ਬਾਕਾਇਦਾ ਉਲੀਕੀ ਗਈ ਵਿਉਂਤ (plan) ਅਨੁਸਾਰ ਹੀ ਕੀਤੇ ਗਏ ਸਨ, ਜਿਸ ਦੀ ਵਰਤੋਂ ਕਾਂਗਰਸ ਦੇ ਜਾਣੇ ਪਛਾਣੇ ਉਘੇ ਸਿਆਸੀ ਬੰਦਿਆਂ ਵਲੋਂ ਮਿਲੀ ਸੇਧ ਅਧੀਨ ਹਕੂਮਤ ਦੇ ਮੁਖੀ ਕਰਮਚਾਰੀ ਕਰ ਰਹੇ ਸਨ। ਉਹ ਸੇਧ ਇਤਨੀ ਸਪਸ਼ਟ ਸੀ ਕਿ ਸਭ ਕਿਸੇ ਨੂੰ ਪਤਾ ਸੀ ਕਿ ਕੀ ਕਰਨਾ ਹੈ ਅਤੇ ਕੀ ਨਹੀਂ ਕਰਨਾ। - - ਸਿੱਖਾਂ ਉਪਰ ਹੋਏ ਵਾਰ ਸਾਰੀਆਂ ਆਬਾਦੀਆਂ (colonies) ਵਿੱਚ ਇਕ-ਸਾਰ ਤੇ ਇੱਕੋ ਭਾਂਤ (Pattern) ਦੇ ਸਨ। ਇਨ੍ਹਾਂ ਦੀ ਇਕਸਾਰਤਾ ਇਸ ਗੱਲ ਦਾ ਪਰਤੱਖ ਸਬੂਤ ਸੀ ਕਿ ਇਹ ਸਾਰੇ ਮਜ਼ਬੂਤ ਜਥੇਬੰਦ ਧੜੇ ਦੇ ਦਿਮਾਗ ਦੀ ਕਾਢ ਸੀ। - - ਏਨਾ ਹੀ ਨਹੀਂ, ਸਗੋਂ ਇਸ ਵਿਉਂਤ ਅਧੀਨ ਮਾਰੇ ਜਾਣ ਵਾਲੇ ਬੰਦਿਆਂ ਦੀ ਚੋਣ ਕਰਨ ਦਾ ਪੈਟਰਨ ਵੀ ਇਕਸਾਰ ਸੀ। ਉਹ ਸੀ 20 ਤੋਂ 50 ਸਾਲ ਤਕ ਦੇ ਮਨੁੱਖਾਂ ਦਾ ਕਤਲ ਕਰਨਾ।"

(ਉਪਰਲਾ ਬਿਆਨ ਵੀ ਇਹਨਾਂ ਸਤਰਾਂ ਦੇ ਲਿਖਾਰੀ ਦੀ ਖੋਜ ਦੀ ਪੁਸ਼ਟੀ ਕਰਦਾ ਹੈ ਕਿ ਸਰਕਾਰ 15 ਤੋਂ 50 ਸਾਲ ਦੇ ਸਿੱਖਾਂ ਨੂੰ ਕਤਲ ਕਰਕੇ ਸਿੱਖ ਨਸਲਘਾਤ ਕਰਨੀ ਚਾਹੁੰਦੀ ਸੀ।)

3) "The happenings in Tirlokpury between oct.31 and nov. 2 were a gruesome picture of intense butchery. Within 48 hours at least 400 Sikhs mainly youngmen

were burnt alive with the connivance of local police machinery and active participation of an organised group of miscreants led by a Congress (I) councillor Ashok Kumar."

"31 ਅਕਤੂਬਰ ਤੋਂ 2 ਨਵੰਬਰ ਤਕ ਤ੍ਰਿਲੋਕਪੁਰੀ ਵਿੱਚ ਵਰਤੇ ਹਾਲ 'ਤ ਸਿਖਰ ਦੇ ਕਸਾਈਪੁਣੇ ਦੀ ਇੱਕ ਅਤਿ ਭਿਆਨਕ ਤਸਵੀਰ ਸਨ। 48 ਘੰਟਿਆਂ ਦੇ ਅੰਦਰ-ਅੰਦਰ 400 ਸਿੱਖਾਂ, ਵਧੇਰੇ ਕਰਕੇ ਨੌਜਵਾਨਾਂ ਨੂੰ, ਲੋਕਲ ਪੁਲਸ ਦੀ ਮਿਲੀਭੁਗਤ ਅਤੇ ਇੰਦਰਾ ਕਾਂਗਰਸ ਦੇ ਕੌਂਸਲ ਰ ਅਸ਼ੋਕ ਕੁਮਾਰ ਦੀ ਅਗਵਾਈ ਹੇਠ ਲਿਆਂਦੇ ਬਦਮਾਸ਼ਾਂ ਦੇ ਜਥੇਬੰਦ ਗ੍ਰੋਹ ਨੇ ਜੀਉਂਦੇ ਸਾੜਕੇ ਸੁਆਹ ਕਰ ਦਿੱਤਾ ਸੀ।"

4) It was a continuous spree of arson, rape and murders."

"ਇਹ ਸਾੜ ਫੂਕ, ਬਲਾਤਕਾਰੀ ਅਤੇ ਕਤਲਾਂ ਦੀ ਮਹਿਫ਼ਲ ਦਾ ਨਿਰੰਤਰ ਚੱਲ ਰਿਹਾ ਦੌਰ ਸੀ।"

5) "Its (Government) deliberate inaction and its callousness towards relief are far-reaching." - - "It is indeed a matter of great cocern that the Govt. has made no serious enquiries into the entire tragic episode, which seems to be so well planned and designed."

"ਸਰਕਾਰ ਵਲੋਂ ਪੀੜਤ ਲੋਕਾਂ ਨੂੰ ਸਹਾਰਾ ਤੇ ਸਹਾਇਤਾ ਦੇਣ ਦੇ ਕੰਮ ਵਿੱਚ ਵਿਖਾਈ ਨਿਰਦਇਤਾ ਤੇ ਲਾਪ੍ਰਵਾਹੀ ਨੇ ਅਖ਼ੀਰਲੀ ਹੱਦ ਛੂਹ ਲਈ ਸੀ। - - ਇਹ ਇੱਕ ਚਿੰਤਾ-ਜਨਕ ਗੱਲ ਬਣ ਜਾਂਦੀ ਹੈ ਅਤੇ ਇਸ ਵਿੱਚ ਉੱਕਾ ਹੀ ਸ਼ਕ ਨਹੀਂ, ਜਦ ਅਸੀਂ ਵੇਖਦੇ ਹਾਂ ਕਿ ਸਰਕਾਰ ਵਲੋਂ ਇਸ ਭਿਅੰਕਰ ਦੁਖਾਂਤ ਕਾਂਡ ਦੀ ਕੋਈ ਪੁੱਛ-ਪੜਤਾਲ ਨਹੀਂ ਕੀਤੀ ਗਈ, ਜੋ ਕਿ ਸੋਚਿਆ ਸਮਝਿਆ ਪਲਾਨ ਜਾਪਦਾ ਹੈ।"

(ਉਪਰਲਾ ਹਵਾਲਾ ਵੀ ਇਹਨਾਂ ਸਤਰਾਂ ਦੇ ਲਿਖਾਰੀ ਦੀ ਖੋਜ ਦੀ ਪੁਸ਼ਟੀ ਕਰਦਾ ਹੈ ਕਿ ਸਰਕਾਰ ਨੇ ਸਿਖ ਨਸਲਕੁਸ਼ੀ ਦੇ ਪਲਾਨ ਅਧੀਨ ਹੀ ਉਹ ਘੱਲੂਘਾਰੇ ਵਰਤਾਏ ਸਨ।)

ਉਪਰਲੀਆਂ ਮਨੁੱਖੀ ਅਧਿਕਾਰਾਂ ਦੀਆਂ ਨਿਰਪੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਸਰਕਾਰ ਨੇ ਇਤਨੇ ਭਿਅੰਕਰ ਦੁਖਾਂਤ ਦੀ ਕੋਈ ਪੁੱਛ-ਪੜਤਾਲ ਨਹੀਂ ਕਰਾਈ। ਹੁਣ ਸੁਆਲ ਉਠਦਾ ਹੈ ਕਿ ਸਰਕਾਰ ਕਿਸ ਗੱਲ ਦੀ ਪੁੱਛ-ਪੜਤਾਲ ਕਰਾਏ? ਸਿੱਖ ਨਸਲਕੁਸ਼ੀ ਦੇ ਪਲਾਨ ਮੁਤਾਬਕ ਉਸ ਨੇ ਆਪ ਹੀ ਤਾਂ ਸਿੱਖਾਂ ਦਾ ਕਤਲੇਆਮ ਕਰਾਇਆ ਸੀ। ਕੀ ਉਹ ਆਪਣੇ ਕਾਲੇ ਕਾਰਿਆਂ ਦਾ ਆਪ ਭਾਂਡਾ ਫੋੜਦੀ? ਮਨੂ ਸਰਕਾਰ ਦੇ ਕਾਲੇ ਕਾਰਿਆਂ ਦੀ ਪੁੱਛ-ਪੜਤਾਲ ਕਰਨ ਦੀ ਜੁਰਅਤ ਕਿਸ ਵਿਚ ਹੈ? ਲਾਵਾਰਸ ਲਾਸ਼ਾਂ ਦੀ ਛਾਣਬੀਣ ਕਰਨ ਵਾਲੇ ਸਰਦਾਰ ਖਾਲੜਾ ਨੂੰ ਅਜਿਹੇ ਢੰਗ ਨਾਲ ਖੁਰਦ-ਬੁਰਦ ਕੀਤਾ ਗਿਆ, ਤਾਂ ਜੋ ਕੋਈ ਹੋਰ ਅਜਿਹਾ ਕੰਮ ਕਰਨ ਦੀ ਮੁੜ ਜੁਰਅਤ ਹੀ ਨਾ ਕਰ ਸਕੇ।

ਭਾਰਤ ਅੰਦਰ ਅਖੌਤੀ ਡੈਮੋਕਰੈਸੀ ਦੀਆਂ ਕਦਰਾਂ ਕੀਮਤਾਂ ਦੀਆਂ ਧੱਜੀਆਂ ਉਡਾਈਆਂ ਗਈਆਂ, ਕਾਨੂੰਨ ਅਨੁਸਾਰ ਚਲਣ ਵਾਲੇ ਦੇਸ਼ ਧਰੋਹੀ ਬਣ ਗਏ, ਪੰਜਾਬ ਦੇ ਖਾੜਕੂਆਂ ਨਾਲ ਨਿਪਟਣ ਲਈ ਵੱਖਰੇ ਕਾਨੂੰਨ ਬਣਾਏ ਗਏ। ਉਹਨਾਂ ਦੇ ਮਨੁੱਖੀ ਅਧਿਕਾਰ ਕੁਚਲ ਦਿੱਤੇ ਗਏ, ਕਾਨੂੰਨ ਨੂੰ ਛਿੱਕੇ ਤੇ ਟੰਗ ਕੇ ਪੁਲਿਸ ਆਪ ਹੀ ਕਾਨੂੰਨ ਤੇ ਜੱਜ ਬਣਕੇ ਤਸੀਹੇ ਦੇ-ਦੇ ਕੇ ਮਾਰਨ ਲੱਗ ਪਈ, ਝੂਠੇ ਮੁਕਾਬਲੇ ਬਣਾ ਕੇ ਅਤੇ ਲਾਵਾਰਸ ਲਾਸ਼ਾਂ ਕਰਾਰ ਦੇਕੇ ਉਹਨਾਂ ਨੂੰ ਸਾੜਦੀ ਰਹੀ। ਪੁਲਿਸ ਨੂੰ ਖੁੱਲੀ ਛੁੱਟੀ ਦੇ ਦਿੱਤੀ ਗਈ ਸੀ ਜਿਸ ਨੂੰ ਚਾਹੇ ਜਦੋਂ ਚਾਹੇ ਗੋਲੀ ਮਾਰ ਕੇ ਖਤਮ ਕਰ ਦੇਵੇ। ਇਹ ਗੱਲ ਹੁਣ ਸਪਸ਼ਟ ਹੋਕੇ ਸਾਹਮਣੇ ਆ ਗਈ ਹੈ ਕਿ ਭਾਰਤ ਦੀ ਵਿਧਾਨ ਪਾਲਿਕਾ, ਨਿਆਂ ਪਾਲਿਕਾ ਅਤੇ ਕਾਰਜ ਪਾਲਿਕਾ ਘੱਟ ਗਿਣਤੀਆਂ ਨੂੰ ਕੁੱਟਣ ਤੇ ਲੁੱਟਣ ਲਈ ਹਰ ਕਿਸਮ ਦੀ ਨੈਤਿਕਤਾ ਅਤੇ ਆਪੂੰ ਬਣਾਏ ਕਾਨੂੰਨੀ ਢਾਂਚੇ ਦੀਆਂ ਸ਼ਰ੍ਹੇਆਮ ਧੱਜੀਆਂ ਉਡਾਣ ਤੋਂ ਵੀ ਨਹੀਂ ਸ਼ਰਮਾਉਂਦੀਆਂ ਅਸਲੀਅਤ ਤਾਂ ਇਹ ਹੈ ਕਿ ਜਦੋਂ ਜੀਅ ਕਰੇ, ਸਿੱਖਾਂ ਨੂੰ ਮਾਰਨ ਦਾ ਅਧਿਕਾਰ ਲੁਕਵੇਂ ਢੰਗ ਨਾਲ ਕੇਂਦਰੀ ਸਰਕਾਰ ਨੇ ਮੰਨ ਲਿਆ ਹੋਇਆ ਹੈ। ਸਾਬਕਾ ਦੋ ਜੱਜਾਂ ਅਜੀਤ ਸਿੰਘ ਬੈਂਸ (ਮਨੁੱਖੀ ਅਧਿਕਾਰ ਸੰਸਥਾ ਦੇ ਚੇਅਰਮੈਨ)ਅਤੇ ਸੀ. ਐਸ. ਟਿਵਾਣਾ ਨੇ ਕਿਹਾ ਹੈ:

> 'ਭਾਰਤ 'ਚ ਸਿੱਖਾਂ ਨੂੰ ਕੋਈ ਇਨਸਾਫ ਨਹੀਂ ਮਿਲ ਸਕਦਾ। ਅਤੇ ਇਹ 'ਸਰਕਾਰ ਦੱਖਣੀ ਅਫਰੀਕਾ ਦੀ ਨਸਲਵਾਦੀ ਸਰਕਾਰ ਨਾਲੋਂ ਵਧੇਰੇ ਬਰਬਰੀਅਤ ਭਰੀ ਹੈ।'

ਭਾਰਤ ਅੰਦਰ ਜਾਂਚ ਕਮਿਸ਼ਨ ਕਾਇਮ ਕਰਨ ਦਾ ਅਰਥ ਕਿਸੇ ਮਸਲੇ 'ਤੇ ਮਿੱਟੀ ਪਾਣਾ ਹੁੰਦਾ ਹੈ। ਇਸ ਦੀ ਨਿਯੁਕਤੀ ਲੋਕਾਂ ਦੀਆਂ ਅੱਖਾਂ ਪੂੰਝਣ ਲਈ ਕੀਤੀ ਜਾਂਦੀ ਹੈ। ਪੁਛ-ਪੜਤਾਲ ਕਰਕੇ ਸਚਾਈ ਦਾ ਪਤਾ ਕਰਨ ਦੀ ਥਾਂ ਕਿਸੇ ਭਾਈਚਾਰੇ

ਦੇ ਭੜਕੇ ਹੋਏ ਜਜ਼ਬਾਤਾਂ 'ਤੇ ਠੰਡਾ ਪਾਣੀ ਛਿੜਕਣ ਦੀ ਭਾਵਨਾ ਨਾਲ ਕਾਇਮ ਕੀਤਾ ਜਾਂਦਾ ਹੈ। ਇਸ ਦੇ ਜੱਜ ਚੋਣਵੇਂ ਹੁੰਦੇ ਹਨ ਜਿਨ੍ਹਾਂ ਨੂੰ ਅਜਿਹੇ ਨਾਜ਼ਕ ਮਸਲੇ ਖੁਰਦ-ਬੁਰਦ ਕਰਨ ਵਿੱਚ ਖਾਸੀ ਮੁਹਾਰਤ ਹੁੰਦੀ ਹੈ। ਅਜਿਹੇ ਕਮਿਸ਼ਨ ਉਦੋਂ ਆਪਣਾ ਕੰਮ ਪੂਰਾ ਕਰਕੇ ਫ਼ੈਸਲਾ ਦੇਂਦੇ ਹਨ, ਜਦ ਉਸ ਭਾਈਚਾਰੇ ਦੇ ਲੋਕਾਂ ਦੇ ਮਨਾਂ ਉਤੋਂ ਵਾਪਰੀ ਘਟਨਾ ਦੇ ਅਸਰ ਫਿਕੇ ਪੈ ਚੁੱਕੇ ਹੁੰਦੇ ਹਨ ਅਤੇ ਸਾਰੀ ਕਾਰਵਾਈ ਇਕ ਮਹਿਜ਼ ਅੱਖਾਂ ਪੂੰਝਣ ਵਾਲੀ ਬਣਕੇ ਰਹਿ ਜਾਂਦੀ ਹੈ। ਕਮਿਸ਼ਨ ਨੂੰ ਜਾਂ ਤਾਂ ਅਸਲੀ ਮਸਲੇ ਦੀਆਂ ਹੱਦਾਂ ਤੋਂ ਦੂਰ-ਦੂਰ ਤੱਕ ਦੀ ਪੜਤਾਲ ਕਰਨ ਦੇ ਆਦੇਸ਼ ਦਿੱਤੇ ਜਾਂਦੇ ਹਨ ਜਾਂ ਉਹਨਾਂ ਨਿਰਣਿਆਂ ਨੂੰ ਉਹ ਜਾਣ ਬੁਝ ਕੇ ਅਣਗੌਲਿਆ ਰੱਖ ਦੇਂਦੇ ਹਨ। ਭਾਰਤੀ ਉਚੀਆਂ ਅਦਾਲਤਾਂ ਦੇ ਸਿਟਿੰਗ ਜਾਂ ਰਿਟਾਇਰਡ ਜੱਜ ਤਾਂ ਘੱਟ ਗਿਣਤੀਆਂ ਦੇ ਮਸਲਿਆਂ ਨੂੰ ਕਾਨੂੰਨੀ ਢੰਗ ਨਾਲ ਜਕੜਨ ਦੀਆਂ ਵਿਉਂਤਾਂ ਦੱਸਦੇ ਹਨ। ਕਮਿਸ਼ਨਾਂ 'ਚੋਂ ਕਿਸੇ ਘੱਟ ਗਿਣਤੀ ਨੂੰ ਕਦੇ ਕੁਝ ਨਹੀਂ ਲੱਭ ਸਕਦਾ।

ਭਾਗ 5

21) ਸਿੱਖ ਕੌਮ ਦੀ ਵਰਤਮਾਨ ਹਾਲਤ?

ਅੱਜ ਹਰ ਸਿੱਖ, ਸਿਵਾਏ ਖ਼ੁਦਗਰਜ਼ ਤੇ ਸੁਆਰਥੀ ਸਿੱਖ ਲੀਡਰਾਂ ਦੇ, ਹੈਰਾਨ ਤੇ ਪਰੇਸ਼ਾਨ ਹੈ ਕਿ ਸਾਡੀ ਇਤਨੀ ਦੁਰਦਸ਼ਾ ਕਿਉਂ ਹੋਈ? ਕਿਵੇਂ ਹੋਈ? ਕਿਸ ਕੀਤੀ? ਅਤੇ ਇਸ ਸਭ ਕੁਝ ਦਾ ਕੌਣ ਜ਼ਿਮੇਵਾਰ ਹੈ? ਅਜੋਕੇ ਹਾਲਾਤ ਵਿੱਚ ਅੱਜ ਸਿੱਖ ਕੌਮ ਆਪਣੀ ਨਿਆਰੀ ਪਛਾਣ ਤੇ ਨਿਆਰੇ ਗੌਰਵਨੂੰ ਕਿਵੇਂ ਬਹਾਲ ਕਰੇ? ਅਤੇ ਅੱਜ ਸਿੱਖ ਕੌਮ ਦਾ ਕੀ ਕਰਤਵਹੋਣਾ ਚਾਹੀਦਾ ਹੈ?

ਸਿੱਖ ਕੌਮ ਅੱਜ ਬੜੇ ਗੰਭੀਰ ਸੰਕਟ ਵਿੱਚ ਦੀ ਗੁਜ਼ਰ ਰਹੀ ਹੈ। ਖ਼ਾਲਸੇ ਦਾ ਧਰਮ, ਖ਼ਾਲਸੇ ਦਾ ਸਰੂਪ, ਖ਼ਾਲਸੇ ਦਾ ਸ਼ਾਨਦਾਰ ਇਤਿਹਾਸਕ ਵਿਰਸਾ, ਖ਼ਾਲਸੇ ਦੀਆਂ ਅਦੁੱਤੀ ਰਵਾਇਤਾਂ, ਖ਼ਾਲਸੇ ਦਾ ਦਲੇਰਾਨਾ ਕਿਰਦਾਰ, ਖ਼ਾਲਸੇ ਦਾ ਸਨਮਾਨ ਅਤੇ ਖ਼ਾਲਸੇ ਦੀ ਨਵੇਕਲੀ ਹੋਂਦ ਨੂੰ ਮਾਰ ਮੁਕਾਉਣ ਦਾ ਖ਼ੂਨੀ ਦੌਰ ਪਿਛਲੇ ਅਠਾਈ ਸਾਲਾਂ ਤੋਂ ਨਿਰੰਤਰ ਜਾਰੀ ਹੈ।

ਇੱਕ ਪਾਸੇ, ਅੱਜ ਦਾ ਬ੍ਰਾਹਮਣਵਾਦ ਰਾਸ਼ਟਰਵਾਦ ਦੇ ਪਰਦੇ ਥੱਲੇ ਵੈਦਿਕ ਸੰਸਕ੍ਰਿਤੀ ਦੇ ਜਾਲ ਵਿਛਾਕੇ, ਬੁੱਧ ਧਰਮ ਵਾਂਗ ਸਾਡੇ ਧਰਮ, ਸਾਡੇ ਸਭਿਆਚਾਰ ਅਤੇ ਸਾਡੀ ਬੋਲੀ ਨੂੰ ਆਪਣੀ ਪਲੀਤ ਬੁਕੱਲ ਵਿੱਚ ਲੁਕੋ ਲੈਣ ਦੇ ਸੁਪਨੇ ਲੈ ਰਿਹਾ ਹੈ; ਜਮਹੂਰੀਅਤ ਦਾ ਬੁਰਕਾ ਪਾ ਕੇ ਇਹ ਮਗਰਮੱਛ ਸਿੱਖ ਕੌਮ ਦੀ ਨਵੇਕਲੀ ਹੋਂਦ ਨੂੰ ਨਿਗਲਣ ਦੇ ਆਹਰ ਵਿੱਚ ਹੈ; ਸਾਰਾ ਆਰੀਆ ਸਮਾਜੀ ਪ੍ਰੈਸ, ਰੇਡੀਓ ਤੇ ਟੈਲੀਵਿਯਨ ਸਿੱਖੀ ਨੂੰ ਖੋਰਨ ਵਿੱਚ ਜੁੱਟੇ ਹੋਏ ਹਨ। ਦੂਜੇ ਪਾਸੇ, ਸਿੱਖ ਕੌਮ ਦੀ ਵਾਗਡੋਰ ਦੰਭੀਆਂ, ਸਰਕਾਰੀ ਪਿੱਠੂਆਂ, ਖ਼ੁਦਗਰਜ਼ਾਂ ਤੇ ਵਿਸਾਹਘਾਤਕ ਡੋਗਰਿਆਂ ਦੇ ਹੱਥਾਂ ਵਿੱਚ ਆਈ ਹੋਈ ਹੈ। ਕੀ ਦੇਸ਼ ਵਿੱਚ ਅਤੇ ਕੀ ਵਿਦੇਸ਼ ਵਿੱਚ- ਸਭ ਪਾਸੇ ਇਹੋ ਹਾਲ ਹੈ।

ਅੱਜ ਹਰ ਪਾਸੇ ਪਤਿਤ-ਪੁਣੇ ਦੀ ਹਨੇਰੀ ਝੁੱਲ ਪਈ ਹੈ। ਕਿਧਰੇ ਸਿਰ ਦੇ ਕੇਸ ਕਤਲ ਹੋ ਰਹੇ ਹਨ; ਕਿਧਰੇ ਦਾੜ੍ਹੀ ਕਤਰੀ ਜਾ ਰਹੀ ਹੈ; ਕਿਤੇ ਸਰੀਰ ਦੇ ਰੋਮਾਂ ਦੀ ਬੇ-ਅਦਬੀ ਹੋ ਰਹੀ ਹੈ; ਕਿਤੇ ਭਰਵੱਟੇ ਮੁੰਨੇ ਜਾ ਰਹੇ ਹਨ; ਸਿੱਖ ਕੌਮ ਦੀ ਨਵੀਂ ਪਨੀਰੀ ਸਿੱਖੀ ਤੋਂ ਬਾਗ਼ੀ ਹੁੰਦੀ ਜਾ ਰਹੀ ਹੈ; ਸਿੱਖ ਜਵਾਨਾਂ ਅੰਦਰ ਕੇਸ ਕਤਲ ਕਰਵਾਉਣ, ਰੰਗ ਬਰੰਗੇ ਢੰਗ ਨਾਲ ਕਤਰੀਆਂ ਦਾੜ੍ਹੀਆਂ ਮੁਛਾਂ ਦੇ ਫ਼ੈਸ਼ਨ ਅਤੇ ਸ਼ਰਾਬ, ਅਫ਼ੀਮ ਤੇ ਤੰਬਾਕੂ ਆਦਿਕ ਨਸ਼ਿਆਂ ਦੀ ਨਾਮੁਰਾਦ ਬੀਮਾਰੀ ਦਾ ਕੈਂਸਰ ਜ਼ੋਰਾਂ ਨਾਲ ਫੈਲਦਾ ਜਾ ਰਿਹਾ ਹੈ। ਆਪਣੇ ਆਪ ਨੂੰ ਪੰਥਕ ਲੀਡਰ ਅਖਵਾਉਣ ਵਾਲੇ, ਆਪਣੇ ਰਿਸ਼ਤੇਦਾਰਾਂ ਨੂੰ ਠੇਕੇ ਦੇਕੇ, ਉਹਨਾਂ ਨੂੰ ਅਮੀਰ ਬਣਾਉਣ

ਲਈ, ਪੰਜਾਬ ਵਿੱਚ ਕਦਮ-ਕਦਮ 'ਤੇ ਸ਼ਰਾਬ ਦੇ ਠੇਕਿਆਂ ਦੇ ਜਾਲ ਵਿਛਾ ਕੇ, ਸਿੱਖਾਂ ਨੂੰ ਸ਼ਰਾਬੀ ਤੇ ਅਫ਼ੀਮਚੀ ਬਣਾ ਰਹੇ ਹਨ। ਜਿਸ ਕੌਮ ਦੇ ਲੀਡਰ ਆਪ ਸ਼ਰਾਬੀ ਹੋਣ, ਜਿਹੜੇ ਗੁਰਦੁਆਰਾ ਚੋਣਾਂ ਵੇਲੇ ਸ਼ਰਾਬਾਂ ਦੇ ਡਰੰਮ ਮੂਧੇ ਕਰਦੇ ਹੋਣ, ਉਸ ਕੌਮ ਨੂੰ ਸ਼ਰਾਬੀ ਬਣਨ 'ਚ ਬਹੁਤੀ ਦੇਰ ਨਹੀਂ ਲੱਗਦੀ। ਅੱਜ 80□□ਖ ਬੱਚੇ ਨਸ਼ਈ ਵ ਭਿਸ਼ਕਵਰ ਬਣ ਚੁੱਕੇ ਹਨ। ਅੱਜ ਸਿੱਖ ਕੌਮ ਲਈ ਇਹ ਇੱਕ ਬਹੁਤ ਵੱਡੀ ਵੰਗਾਰ ਬਣ ਕੇ ਸਾਹਮਣੇ ਆ ਖਲੋਤੀ ਹੈ।

ਸਿੱਖਾਂ ਨੂੰ ਸ਼ਰਾਬ ਦੇ ਸਮੁੰਦਰ 'ਚ ਅਤੇ ਸਿੱਖੀ ਨੂੰ ਹਿੰਦੂ ਮਹਾਂਸਾਗਰ 'ਚ ਡੋਬ ਦੇਣ 'ਤੇ ਸਾਰਾ ਜ਼ੋਰ ਲਾਇਆ ਜਾ ਰਿਹਾ ਹੈ। ਦਿਆਨੰਦ ਮੈਡੀਕਲ ਕਾਲਜ ਲੁਧਿਆਣਾ ਦੇ ਸਾਬਕਾ ਪ੍ਰਿੰਸੀਪਲ ਲਿਵਤਾਰ ਸਿੰਘ ਚਾਵਲਾ ਅਨੁਸਾਰ 'ਸੂਬਾ ਪੰਜਾਬ 'ਚ ਦੁਨੀਆ 'ਚ ਸਭ ਤੋਂ ਵੱਧ ਪ੍ਰਤੀ ਜੀਅ ਸ਼ਰਾਬ ਦਾ ਸੇਵਨ ਹੁੰਦਾ ਹੈ। ਪੰਜਾਬ ਦੇ ਹਸਪਤਾਲਾਂ 'ਚ ਸ਼ਰਾਬ ਨਾਲ ਸਬੰਧਤ ਰੋਗਾਂ ਦੇ ਰੋਗੀਆਂ ਦੀ ਗਿਣਤੀ ਬੜੇ ਖਤਰਨਾਕ ਅਨੁਪਾਤ 'ਚ ਵੱਧ ਰਹੀ ਹੈ। ਪੰਜਾਬ ਅੰਦਰ ਸੜਕਾਂ 'ਤੇ ਹੁੰਦੀਆਂ ਦੁਰਘਟਨਾਵਾਂ 'ਚ ਹੁੰਦੀਆਂ ਮੌਤਾਂ 'ਚੋਂ 35% ਹਾਦਸਿਆਂ ਦਾ ਕਾਰਨ ਸ਼ਰਾਬ ਹੁੰਦਾ ਹੈ। ਘੱਲੂਘਾਰਿਆਂ ਅਤੇ 'ਅਖੌਤੀ ਮੁਕਾਬਲਿਆਂ' ਦੀ ਮਾਰ ਤੋਂ ਬਚ ਨਿਕਲੇ ਸਿੱਖ ਜਵਾਨਾਂ ਨੂੰ ਅਮਲੀ ਤੇ ਸ਼ਰਾਬੀ ਬਣਾ ਕੇ ਸਿੱਖਾਂ ਦੀ ਨਸਲਘਾਤ ਕੀਤੀ ਜਾ ਰਹੀ ਹੈ।

ਜੇ ਪੰਜਾਬ 'ਚ ਪਹਿਲਾਂ ਦੀ ਤਰ੍ਹਾਂ ਇਕ ਵਾਰ ਫੇਰ ਉਹੀ ਪੰਥਕ ਵਜ਼ਾਰਤ ਬਣ ਗਈ, ਤਾਂ ਪੰਜਾਬ ਦੇ ਨਲਕਿਆਂ 'ਚੋਂ ਪਾਣੀ ਦੀ ਥਾਂ ਸ਼ਰਾਬ ਆਇਆ ਕਰੇਗੀ। ਪੰਜਾਬ 'ਚ ਦੁੱਧ ਦੀ ਬਜਾਏ ਸ਼ਰਾਬ ਦੀਆਂ ਨਦੀਆਂ ਵਹਿ ਤੁਰਨਗੀਆਂ।

ਕੁਝ ਗਜ਼ਾਂ ਦੀ ਵਿੱਥ ਤੇ ਜਿੱਥੇ ਹਰਿਆਣਾ ਪ੍ਰਾਂਤ ਦੀ ਸਰਕਾਰ ਤਾਂ ਮੁਕੰਮਲ ਨਸ਼ਾਬੰਦੀ ਦੇ ਪ੍ਰੋਗਰਾਮ ਨੂੰ ਬੜੀ ਸਖਤੀ ਨਾਲ ਲਾਗੂ ਕਰਦੀ ਰਹੀ, ਉਥੇ ਸਾਡੀ ਅਖੌਤੀ ਪੰਥਕ ਸਰਕਾਰ ਸ਼ਰਾਬ ਤੋਂ ਕਰੋੜਾਂ ਰੁਪਏ ਦੀ ਵਧੇਰੇ ਆਮਦਨੀ ਦੀਆਂ ਟਾਹਰਾਂ ਮਾਰਦੀ ਰਹੀ। 'ਦੀ ਹਿੰਦੁਸਤਾਨ ਟਾਈਮਜ਼' 16 ਜੂਨ 1997 'ਚ ਹੇਠ ਲਿਖੀ ਸੁਰਖੀ ਹੇਠ ਛਪੀ ਖਬਰ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਕਿਸ ਤਰ੍ਹਾਂ ਸਿੱਖ ਕੌਮ ਨੂੰ ਨਸ਼ੇ ਦੇ ਹਥਿਆਰ ਨਾਲ ਮਾਰਿਆ ਜਾ ਰਿਹਾ ਹੈ:

"ਨਸ਼ੀਲੀਆਂ ਦਵਾਈਆਂ ਦੇ ਸ਼ਿਕੰਜੇ 'ਚ ਫਸਿਆ ਅੰਮ੍ਰਿਤਸਰ"

'ਪ੍ਰਾਪਤ ਖਬਰਾਂ ਅਨੁਸਾਰ ਇਸ ਸਰਹੱਦੀ ਜ਼ਿਲੇ 'ਚ ਨਸ਼ੀਲੀਆਂ ਵਸਤੂਆਂ ਦਾ ਪ੍ਰਯੋਗ ਖਤਰਨਾਕ ਦਰ ਨਾਲ ਵੱਧ ਰਿਹਾ ਹੈ। 14 ਤੋਂ 25 ਸਾਲ ਤਕ ਦੀ ਉਮਰ ਦੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਦੇ ਵਿਦਿਆਰਥੀ, ਵਪਾਰੀ, ਰਿਕਸ਼ਾ ਵਾਹੁਣ

ਵਾਲੇ, ਬੱਸਾਂ ਦੇ ਡਰਾਈਵਰ-ਕੰਡਕਟਰ ਬੜੀ ਵੱਡੀ ਗਿਣਤੀ 'ਚ ਨਸ਼ੀਲੀਆਂ ਦਵਾਈਆਂ ਦੀ ਵਰਤੋਂ ਕਰ ਰਹੇ ਹਨ। ਜਵਾਨ ਲੜਕੀਆਂ, ਨਰਸਾਂ ਤੇ ਬਸਤੀਆਂ 'ਚ ਰਹਿਣ ਵਾਲੀਆਂ ਔਰਤਾਂ ਆਪਣੀਆਂ ਮੁਸ਼ਕਲਾਂ ਵਾਲੀ ਜ਼ਿੰਦਗੀ ਤੋਂ ਬਚਣ ਲਈ ਨਸ਼ੀਲੀਆਂ ਦਵਾਈਆਂ ਪ੍ਰਯੋਗ 'ਚ ਲਿਆ ਰਹੀਆਂ ਹਨ।'

ਨਸ਼ੀਲੀਆਂ ਦਵਾਈਆਂ ਬਾਰੇ ਜਾਣਕਾਰੀ ਦਿੰਦਿਆਂ ਅੱਗੇ ਜਾ ਕੇ ਉਹੀ ਪੱਤਰਕਾਰ ਲਿਖਦਾ ਹੈ:

'ਇ। ਜ਼ਿਲ੍ਹੇ ਦੇ ਨਸ਼ਈ ਕੁਦਰਤੀ ਤੇ ਕਾਰਖਾਨਿਆਂ 'ਚ ਬਣੀਆਂ ਦੋਵੇਂ ਕਿਸਮ ਦੀਆਂ ਨਸ਼ੀਲੀਆਂ ਵਸਤੂਆਂ ਵਰਤਦੇ ਹਨ। ਕੋਕੇਨ, ਅਫੀਮ, ਹੈਰੋਇਨ ਅਤੇ ਸਮੈਕ ਜ਼ਿਆਦਾ ਵਰਤੋਂ 'ਚ ਆ ਰਹੀਆਂ ਹਨ ਕਿਉਂਕਿ ਇਹ ਪਿੰਡਾਂ ਅਤੇ ਆਮ ਥਾਵਾਂ 'ਤੇ ਬੜੀ ਅਸਾਨੀ ਨਾਲ ਮਿਲ ਜਾਂਦੀਆਂ ਹਨ। ਕਿਉਂਕਿ ਹੁਣ ਅਫੀਮ ਤੇ ਹੈਰੋਇਨ ਜ਼ਿਆਦਾ ਮਹਿੰਗੀਆਂ ਹੁੰਦੀਆਂ ਜਾਂਦੀਆਂ ਹਨ, ਇਸ ਲਈ ਟੀਕੇ ਤੇ ਹੋਰ ਨਸ਼ੀਲ ਿਆਂ ਦਵਾਈਆਂ ਜੋ ਬਜ਼ਾਰ 'ਚ ਅਸਾਨੀ ਨਾਲ ਮਿਲ ਜਾਂਦੀਆਂ ਹਨ, ਨੌਜਵਾਨਾਂ ਵਲੋਂ ਵਰਤੀਆਂ ਜਾ ਰਹੀਆਂ ਹਨ। ਨੌਜਵਾਨ ਸਿੱਧੇ ਨਾੜ 'ਚ ਲੱਗਣ ਵਾਲੇ ਟੀਕਿਆਂ ਦੀ ਵਰਤੋਂ ਕਰਦੇ ਹਨ। ਇਹ ਬੜਾ ਮਾਰੂ ਸਾਬਤ ਹੋ ਸਕਦਾ ਹੈ ਕਿਉਂਕਿ ਇਸ ਤੋਂ ਐਚ. ਆਈ. ਵੀ. (ਏਡਜ਼)ਵਾਇਰਸ ਫੈਲ ਸਕਦੀ ਹੈ।'

ਅੱਗੇ ਇਹਨਾਂ ਨਸ਼ੀਲੀਆਂ ਦਵਾਈਆਂ ਦੇ ਖੌਫਨਾਕ ਸਿੱਟਿਆਂ ਦੀ ਜਾਣਕਾਰੀ ਦੇਂਦਿਆਂ ਲਿਖਦਾ ਹੈ:

'ਹਰ ਸਾਲ 10 ਸਾਲ ਤੋਂ 35 ਸਾਲ ਦੀ ਉਮਰ ਤਕ ਦੇ 5000 ਪ੍ਰਾਣੀ ਇਹਨਾਂ ਨਸ਼ੀਲੀਆਂ ਦਵਾਈਆਂ ਦੀ ਵਰਤੋਂ ਕਰਕੇ ਮਰ ਰਹੇ ਹਨ। ਇਹਨਾਂ 5000 ਮਰਣ ਵਾਲਿਆਂ 'ਚੋਂ 1200 ਮਰਣ ਵਾਲੇ ਵਿਦਿਆਰਥੀ 16 ਤੋਂ 21 ਸਾਲ ਤਕ ਦੀ ਉਮਰ ਦੇ ਹਨ। ਹੁਣ ਮਰਣ ਵਾਲਿਆਂ ਦੀ ਗਿਣਤੀ ਹੋਰ ਵੀ ਤੇਜ਼ੀ ਨਾਲ ਵੱਧ ਰਹੀ ਹੈ। ਨਾੜਾਂ ਰਾਹੀਂ ਨਸ਼ੀਲੇ ਟੀਕੇ ਲਾਉਣ ਵਾਲਿਆਂ ਸਬੰਧੀ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ ਦਾ ਕਹਿਣਾ ਹੈ ਕਿ ਇਹਨਾਂ 'ਚੋਂ 50% ਤੋਂ ਜ਼ਿਆਦਾ ਲੋਕ ਐਚ. ਆਈ. ਵੀ. (ਏਡਜ਼ ਵਾਇਰਸ)ਦਾ ਸ਼ਿਕਾਰ ਹਨ। ਨਸ਼ੀਲੀਆਂ ਦਵਾਈਆਂ ਵਰਤਣ ਵਾਲੇ ਅਸਲ 'ਚ ਹੋਰ ਲਿੰਗ ਸਬੰਧੀ ਬੀਮਾਰੀਆਂ ਦੇ ਵੀ ਸ਼ਿਕਾਰ ਹਨ।'

ਇਕ ਹਿੰਦੂ ਅਖਬਾਰ ਵਲੋਂ ਦਿੱਤੇ ਗਏ ਉਪਰਲੇ ਅੰਕੜੇ ਸਿੱਖ ਨਸਲਘਾਤ ਦੀ ਮੂੰਹ ਬੋਲਦੀ ਤਸਵੀਰ ਹਨ। ਹੋ ਸਕਦਾ ਹੈ ਕਿ ਹੁਣ ਇਹਨਾਂ ਅੰਕੜਿਆਂ ਨਾਲੋਂ ਕਈ ਗੁਣਾ ਵੱਧ ਮੌਤਾਂ ਹੋ ਰਹੀਆਂ ਹੋਣ। ਇਹ ਅੰਕੜੇ ਇਕੱਲੇ ਅੰਮ੍ਰਿਤਸਰ ਜ਼ਿਲ੍ਹੇ ਬਾਰੇ ਹਨ। ਇਸ ਹਿਸਾਬ ਨਾਲ ਸਾਰੇ ਪੰਜਾਬ 'ਚ ਤਾਂ ਲੱਖ ਦੇ ਨੇੜੇ ਤੇੜੇ ਦੀ

ਗਿਣਤੀ ਜਾ ਅਪੜਦੀ ਹੈ। ਮਰਣ ਵਾਲਿਆਂ 'ਚ 20% ਵਿਦਿਆਰਥੀ ਹਨ। ਇਹਨਾਂ ਦਵਾਈਆਂ ਨਾਲ ਹੋਏ ਬਿਮਾਰ ਤੇ ਨਰਕੀ ਜੀਵਨ ਭੋਗਣ ਵਾਲਿਆਂ ਦੀ ਗਿਣਤੀ ਵੱਖਰੀ ਹੈ। ਏਡਜ਼ ਦੀ ਮਾਰੂ ਬਿਮਾਰੀ ਨੇ ਇਸੇ ਕਰਕੇ ਪੰਜਾਬ 'ਚ ਵੀ ਹੱਲਾ ਬੋਲ ਦਿੱਤਾ ਹੋਇਆ ਹੈ। ਨਸ਼ੀਲੀਆਂ ਦਵਾਈਆਂ ਦੀਆਂ ਸ਼ਿਕਾਰ ਸਕੂਲਾਂ-ਕਾਲਜਾਂ ਦੀਆਂ ਵਿਦਿਆਰਥਣਾਂ ਇਹਨਾਂ ਡਰੱਗਜ਼ ਨੂੰ ਖਰੀਦਣ ਲਈ ਜਿਸਮ ਫਰੋਸ਼ੀ ਵੀ ਮਜਬੂਰਨ ਕਰਦੀਆਂ ਹੋਣਗੀਆਂ। ਹੁਣ ਸੁਆਲ ਪੈਦਾ ਹੁੰਦਾ ਹੈ ਕਿ ਗੁਰੂਆਂ ਦੀ ਧਰਤੀ ਜਿੱਥੋਂ ਸਿੱਖੀ ਦਾ ਜਨਮ ਹੋਇਆ, ਜਿੱਥੇ ਸਿੱਖੀ ਪਲਰੀ ਪੁੰਗਰੀ ਤੇ ਜਵਾਨ ਹੋਈ, ਉਥੇ ਇਹ ਸਭ ਅਨਰਥ ਕਿਉਂ ਹੋ ਰਿਹਾ ਹੈ?

ਮੇਰੀ ਖੋਜ ਮੁਤਾਬਕ ਸਾਡੀਆਂ ਸਾਰੀਆਂ ਕਮਜ਼ੋਰੀਆਂ, ਸਾਡੀਆਂ ਸਾਰੀਆਂ ਮੁਸੀਬਤਾਂ, ਸਾਡੀਆਂ ਸਾਰੀਆਂ ਔਕੜਾਂ, ਸਾਡੀਆਂ ਸਾਰੀਆਂ ਆਪਸੀ ਪਾਟੋ-ਧਾੜ ਦੀਆਂ ਰੁਚੀਆਂ, ਸਾਡੀਆਂ ਸਾਰੀਆਂ ਸੁਆਰਥਕ ਗਤੀਵਿਧੀਆਂ ਅਤੇ ਅੱਜ ਦੀਆਂ ਸਾਰੀਆਂ ਸਿੱਖ ਸਮੱਸਿਆਵਾਂ ਸਿੱਖ ਸਿਧਾਂਤਾਂ ਦੀ ਉਲੰਘਣਾ ਦੀ ਉਪਜ ਹਨ। ਜਾਬਰ ਤੇ ਜਬਰ ਨੇ ਸਾਡੇ ਸਰੀਰ 'ਤੇ ਅਸਰ ਉਦੋਂ ਹੀ ਕੀਤਾ ਹੈ ਜਦੋਂ ਅਸੀਂ ਆਤਮਿਕ ਤੌਰ ਤੇ ਕਮਜ਼ੋਰ ਹੋਏ ਹਾਂ। ਆਤਮਿਕ ਤੌਰ ਤੇ ਅਸੀਂ ਕਮਜ਼ੋਰ ਉਦੋਂ ਹੋਏ ਹਾਂ ਜਦੋਂ ਅਸੀਂ ਆਪਣੇ ਸਿਧਾਂਤਕ ਵਿਰਸੇ ਨਾਲੋਂ ਟੁੱਟੇ ਹਾਂ। ਜਦੋਂ-ਜਦੋਂ ਅਸੀਂ ਆਪਣੇ ਮੀਰੀ ਪੀਰੀ ਦੇ ਸਿਧਾਂਤਕ ਵਿਰਸੇ ਨਾਲ ਜੁੜੇ ਰਹੇ ਹਾਂ, ਸਿੱਖ ਸਿਧਾਂਤਾਂ ਨੂੰ ਅਮਲੀ ਰੂਪ ਦਿੰਦੇ ਰਹੇ ਹਾਂ, ਅਸੀਂ ਚੜ੍ਹਦੀ ਕਲਾ ਵਿੱਚ ਰਹੇ ਹਾਂ।

ਸਚਾਈ ਤਾਂ ਇਹ ਹੈ ਕਿ ਅਸੀਂ ਅੱਜ ਉਹ ਕੁਝ ਕਰ ਰਹੇ ਹਾਂ, ਜਿਸ ਤੋਂ ਸਾਡੇ ਗੁਰੂਆਂ ਨੇ ਸਾਨੂੰ ਵਾਰ-ਵਾਰ ਰੋਕਿਆ। ਅੱਜ ਸਾਡੇ ਗੁਰਦੁਆਰਿਆਂ ਅੰਦਰ ਗੁਰਮਤਿ ਦੀ ਬਜਾਇ ਬ੍ਰਾਹਮਣਵਾਦੀ ਕਰਮਕਾਂਡਾਂ ਦਾ ਪਰਚਾਰ ਹੋ ਰਿਹਾ ਹੈ। ਸਾਡੇ ਪਰਚਾਰਕ ਰਮਾਇਣ-ਮਹਾਂਭਾਰਤ ਦੀਆਂ ਸੌੜੀਆਂ ਗਲੀਆਂ ਵਿੱਚ ਗਵਾਚੇ ਫਿਰਦੇ ਹਨ। ਗੁਰਮਤਿ ਚਾਨਣ ਤੋਂ ਉਹ ਕੋਹਾਂ ਦੂਰ ਹਨ। ਜਾਣੇ-ਅਨਜਾਣੇ ਅੱਜ, ਬ੍ਰਾਹਮਣਵਾਦ ਪੋਲੇ ਪੈਰੀਂ ਗੁਰਦੁਆਰਿਆਂ ਅੰਦਰ ਕਾਬਜ਼ ਹੋ ਚੁੱਕਾ ਹੈ। ਹੁਣ ਰਾਸ਼ਟਰੀਆ ਸਿੱਖ ਸੰਗਤ ਰਾਹੀਂ ਗੁਰਦੁਆਰਿਆਂ ਅੰਦਰ ਮੂਰਤੀਆਂ ਟਿਕਾਈਆਂ ਜਾ ਰਹੀਆਂ ਹਨ। ਅਖੌਤੀ ਪੰਥਕ ਲੀਡਰਾਂ ਦੀ ਮਿਲੀ ਭੁਗਤ ਨਾਲ ਗੁਰਦੁਆਰਿਆਂ ਨੂੰ ਮੰਦਰਾਂ ਵਿੱਚ ਬਦਲਿਆ ਜਾ ਰਿਹਾ ਹੈ।

ਗੁਰਦੁਆਰਿਆਂ ਦਾ ਮਸਲਾ ਸਿੱਖ ਕੌਮ ਦਾ ਸਭ ਤੋਂ ਗੰਭੀਰ ਮਸਲਾ ਹੈ। ਕੀ ਦੇਸ਼ ਵਿੱਚ ਤੇ ਕੀ ਵਿਦੇਸ਼ਾਂ ਵਿੱਚ- ਹਰ ਥਾਂ ਗੁਰਦੁਆਰਿਆਂ ਦੀ ਗੋਲਕ ਤੇ ਚੌਧਰ ਦੇ ਝਗੜੇ ਹਨ। ਅੱਧਪੜ੍ਹ, ਅਨਪੜ੍ਹ ਤੇ ਅਨਮਤੀ ਪ੍ਰਬੰਧਕਾਂ ਨੇ ਆਪਣੀਆਂ ਚੌਧਰਾਂ ਤੇ ਪ੍ਰਧਾਨਗੀਆਂ ਦੀ ਹਉਮੈਂ ਨੂੰ ਪੱਠੇ ਪਾਉਣ ਲਈ ਤਾਂ ਆਪਣੇ ਗੁਰੂ ਨੂੰ ਵੀ

ਕਚਹਿਰੀਆਂ ਵਿੱਚ ਜਾ ਖਲਾਰਿਆ। ਗੁਰੂ ਘਰਾਂ ਦੇ ਲੱਖਾਂ ਪੌਂਡ-ਡਾਲਰ ਕੌਮ ਦੀ ਭਲਾਈ 'ਤੇ ਖਰਚ ਕਰਨ ਦੀ ਥਾਂ ਕੋਰਟਾਂ ਤੇ ਵਕੀਲਾਂ ਦੀਆਂ ਫ਼ੀਸਾਂ ਵਿੱਚ ਰੋੜ੍ਹਨ ਲੱਗ ਪਏ ਹੋਏ ਹਨ ਜਾਂ ਸੋਨੇ ਦੀਆਂ ਪਾਲਕੀਆਂ ਤੇ ਸੰਗਮਰਮਰਾਂ 'ਤੇ ਥੱਪੇ ਜਾ ਰਹੇ ਹਨ।

ਸਾਡੇ ਗੁਰਦੁਅਰਿਆਂ - ਸਾਡੀ ਕੌਮ ਦੇ ਸ਼ਕਤੀ ਘਰਾਂ (Power Houses) ਉਤੇ ਸਰਕਾਰੀ ਸਰਬਰਾਹ ਕਬਜ਼ਾ ਜਮਾਈ ਬੈਠੇ ਹਨ। ਅੱਜ ਗੁਰਦੁਆਰਿਆਂ ਦੇ ਨੀਂਹ ਪੱਥਰ ਕਿਸੇ ਸਿੱਖੀ ਜੀਵਨ ਵਾਲੇ ਮਹਾਂਪੁਰਸ਼ ਤੋਂ ਰਖਵਾਉਣ ਦੀ ਬਜਾਏ ਵਜ਼ੀਰਾਂ, ਪ੍ਰਧਾਨ ਮੰਤਰੀਆਂ, ਰਾਣੀਆਂ ਅਤੇ ਸ਼ਹਿਜ਼ਾਦਿਆਂ ਤੋਂ ਰੱਖਵਾਏ ਜਾਂਦੇ ਹਨ। ਕਦੀ ਰਾਜੇ ਤੇ ਬਾਦਸ਼ਾਹ ਗੁਰੂ ਦਰਸ਼ਨਾਂ ਲਈ ਆਉਂਦੇ ਸਨ, ਅੱਜ ਸਾਡੇ ਅਨਮਤੀ ਪ੍ਰਬੰਧਕ ਇਨਵੀਟੇਸ਼ਨ ਕਾਰਡ ਛਪਵਾ ਕੇ ਵਜ਼ੀਰਾਂ ਤੇ ਸ਼ਹਿਜ਼ਾਦਿਆਂ ਨੂੰ ਬੁਲਾਉਂਦੇ ਹਨ। ਆਪਣੀ ਹਉਮੈਂ ਨੂੰ ਪੱਠੇ ਪਾਉਣ ਲਈ ਅਤੇ ਆਪਣੀ ਚੌਧਰ ਨੂੰ ਚਮਕਾਉਣ ਲਈ ਯੂਕੇ ਦੇ ਇਕ ਗੁਰਦੁਆਰੇ ਵਲੋਂ ਮਲਕਾ ਤੇ ਸ਼ਹਿਜ਼ਾਦੇ ਨੂੰ ਬੁਲਾਉਣ ਲਈ ਇਨਵੀਟੇਸ਼ਨ ਕਾਰਡ ਛਪਵਾਏ ਗਏ।

ਸਿੱਖ ਸਿਧਾਂਤਾਂ ਨੂੰ ਪਿੱਠ ਦੇਕੇ ਇਹ ਡੋਗਰੇ ਸਰਬਰਾਹ ਸਿੱਖ ਸੰਸਥਾਵਾਂ ਦੀ ਭੰਨ-ਤਰੋੜ ਕਰਨ ਵਿੱਚ ਜੁੱਟੇ ਹੋਏ ਹਨ ਅਤੇ ਬੁੱਕਲ ਦਾ ਸੱਪ ਬਣਕੇ ਡਸ ਰਹੇ ਹਨ। ਇਹਨਾਂ ਦੀ ਗੋਲਕ ਦੀ ਭੁੱਖ ਤੇ ਚੌਧਰ ਦੀ ਭੁੱਖ ਕਾਰਨ ਹੀ ਆਪਸੀ ਲੜਾਈ ਝਗੜੇ ਹੁੰਦੇ ਹਨ। ਗੁਰਦੁਆਰੇ ਧਰਮ ਦਾ ਕੇਂਦਰ ਹਨ, ਇਥੋਂ ਹੀ ਅਧਰਮ ਕਿਉਂ? ਇਹ ਸਾਰੀ ਮਨੁੱਖਤਾ ਦੀ ਏਕਤਾ ਦਾ ਸੋਮਾ ਹਨ, ਇਥੋਂ ਹੀ ਅਨੇਕਤਾ ਕਿਉਂ? ਇਹ ਸ਼ਾਂਤੀ ਦਾ ਘਰ ਹਨ, ਇਥੋਂ ਹੀ ਅਸ਼ਾਂਤੀ ਕਿਉਂ? ਇਹ ਪਿਆਰ ਦਾ ਕੇਂਦਰ ਹਨ, ਇਥੋਂ ਹੀ ਲੜਾਈ ਝਗੜੇ ਤੇ ਨਫਰਤ ਕਿਉਂ? ਇਹ ਹਨ ਗੰਭੀਰ ਮਸਲੇ ਵਿਚਾਰਨ ਵਾਲੇ।

ਅੱਜ ਸਿਖ ਕੌਮ ਕੋਲ ਗੁਰਦੁਆਰੇ ਵੀ ਬੇਹੱਦ ਹਨ, ਸੰਸਥਾਵਾਂ ਵੀ ਅਨੇਕਾਂ ਹਨ ਅਤੇ ਪ੍ਰਚਾਰਕਾਂ ਤੇ ਕੀਰਤਨੀਆਂ ਦਾ ਵੀ ਕੋਈ ਘਾਟਾ ਨਹੀਂ; ਅਖੰਡ ਪਾਠਾਂ ਦੀਆਂ ਲੜੀਆਂ ਵੀ ਹਰ ਪਾਸੇ ਚਲ ਰਹੀਆਂ ਹਨ; ਕੜਾਹ ਪ੍ਰਸ਼ਾਦ ਕਰਾਉਣ ਵਾਲਿਆਂ ਦਾ ਵੀ ਕੋਈ ਘਾਟਾ ਨਹੀਂ; ਛੈਣੇ, ਢੋਲਕੀਆਂ, ਵਾਜਿਆਂ, ਸਾਜ਼ਾਂ, ਬਾਣੀ ਧੁਨਾਂ ਵੀ ਜ਼ੋਰਾਂ ਵਿੱਚ ਹਨ, ਪਰ ਨਿਰੋਲ ਧਨ ਦੀ ਛਣਕਾਰ ਲਈ।

ਅੱਜ ਗੁਰੂ ਗਰੰਥ ਸਾਹਿਬ ਨੂੰ ਦਿਖਾਵੇ ਦੇ ਮੱਥੇ ਟੇਕਣ ਵਾਲੇ ਵੀ ਅਨੇਕ ਹਨ; ਰੁਪਏ, ਪੌਂਡ, ਡਾਲਰ ਤੇ ਸੋਨੇ ਦੀ ਭੇਟਾ ਚੜ੍ਹਾਉਣ ਵਾਲੇ ਵੀ ਬੇਹੱਦ ਹਨ; ਸੋਹਣੇ ਰੁਮਾਲੇ, ਸੋਹਣੀਆਂ ਪਾਲਕੀਆਂ ਤੇ ਸੋਹਣੇ ਚੰਦੋਏ ਭੇਟਾ ਕਰਨ ਵਾਲੇ ਵੀ ਅਨੇਕ ਹਨ; ਇਸ ਸਭ ਕੁਝ ਦੇ ਬਾਵਜੂਦ ਸਿੱਖੀ ਅੱਜ ਢਹਿੰਦੀ ਕਲਾ ਵਲ ਜਾ ਰਹੀ

ਹੈ; ਸਿੱਖੀ ਤੋਂ ਵਿਸ਼ਵਾਸ ਉਡਦਾ ਜਾ ਰਿਹਾ ਹੈ; ਸਿੱਖੀ ਸਰੂਪ ਖੰਭ ਲਾ ਕੇ ਉਡਦਾਂ ਜਾ ਰਿਹਾ ਹੈ; ਗੁਰਬਾਣੀ ਦਾ ਸਤਿਕਾਰ ਘਟਦਾ ਜਾ ਰਿਹਾ ਹੈ; ਸੰਤਡੰਮ, ਗੁਰੂਡੰਮ ਅਤੇ ਪ੍ਰਧਾਨਡਮ ਹਰ ਪਾਸੇ ਹਾਵੀ ਹੋ ਰਿਹਾ ਹੈ।

ਗੁਰਦੁਆਰਾ ਪ੍ਰਬੰਧਕ ਖ਼ੁਸ਼ ਹਨ ਕਿ ਸੰਗਤ ਬਹੁਤ ਆਉਣ ਲਗ ਪਈ ਹੈ ਅਤੇ ਆਮਦਨ ਬਹੁਤ ਵੱਧ ਗਈ ਹੈ। ਪਰਚਾਰਕ ਖ਼ੁਸ਼ ਹਨ ਕਿ ਉਹਨਾਂ ਨੂੰ ਰਜਵਾਂ ਚੜ੍ਹਾਵਾ ਚੜ੍ਹ ਗਿਆ ਹੈ। ਇਹ ਕੌਣ ਸੋਚੇਗਾ ਕਿ ਕੀ ਕਿਸੇ ਪ੍ਰਚਾਰਕ ਨੇ ਕਥਾ ਕਰਕੇ ਕਿਸੇ ਨੂੰ ਸ਼ਰਾਬ ਪੀਣ ਦੀ ਲਾਹਨਤ ਤੋਂ ਹਟਾਇਆ? ਜਾਂ ਕਿਸੇ ਨੂੰ ਕੇਸਾਂ ਦੀ ਬੇ-ਅਦਬੀ ਕਰਨੋਂ ਹਟਾਇਆ? ਜਾਂ ਕਿਸੇ ਨੂੰ ਸਿੱਖੀ ਵਲ ਪ੍ਰੇਰਿਆ? ਕੀ 'ਹਕੁ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ' ਦਾ ਪਾਠ ਕਰਨ ਵਾਲਾ ਜਾਂ ਕਥਾ ਸੁਣਨ ਵਾਲਾ ਸਿਖ ਦੁਕਾਨਦਾਰ ਦੂਜਿਆਂ ਨਾਲੋਂ ਵੱਧ ਦਿਆਨਤਦਾਰ ਹੈ? ਜਾਂ ਇੱਕ ਸਿਖ ਡਾਕਟਰ ਦੂਜੇ ਡਾਕਟਰਾਂ ਨਾਲੋਂ ਵੱਧ ਮਨੁੱਖ-ਹਿਤੈਸ਼ੀ ਹੈ? ਜਾਂ ਇੱਕ ਸਿਖ ਵਕੀਲ ਦੂਜੇ ਵਕੀਲਾਂ ਨਾਲੋਂ ਵੱਧ ਦਿਆਨਤਦਾਰ ਹੈ? ਕੀ ਸਾਡਾ ਤੇ ਸਾਡੇ ਲੀਡਰਾਂ ਦਾ ਕਿਰਦਾਰ ਗੁਰਬਾਣੀ ਅਨੁਕੂਲ ਹੈ? ਅੱਜ ਹਰ ਸਿਖ ਨੂੰ ਆਪਣੇ ਅੰਦਰ ਝਾਤ ਮਾਰਨ ਦੀ ਲੋੜ ਹੈ।

ਸਾਨੂੰ ਆਪਣੇ ਸਿੱਖੀ ਕਿਰਦਾਰ 'ਤੇ ਨੇਕਨੀਤੀ ਤੇ ਦਿਆਨਤਦਾਰੀ ਨਾਲ ਝਾਤ ਮਾਰਨ ਦੀ ਲੋੜ ਹੈ। ਸਾਬਤ ਸੂਰਤ ਸਿੱਖੀ ਨੂੰ ਅੱਜ ਕਿਉਂ ਖੋਰਾ ਲੱਗ ਰਿਹਾ ਹੈ? ਸਾਡੀ ਨੌਜਵਾਨ ਪੀੜ੍ਹੀ ਕਿਉਂ ਸਿੱਖੀ ਨਾਲੋਂ ਟੁੱਟ ਰਹੀ ਹੈ? ਸਾਡੀਆਂ ਸਿੱਖ ਕੁੜੀਆਂ ਕਿਉਂ ਸਿੱਖ ਮੁੰਡਿਆਂ ਨਾਲ ਵਿਆਹ ਕਰਵਾਉਣ ਲਈ ਤਿਆਰ ਨਹੀਂ? ਅਤੇ ਕਿਉਂ ਮੁਸਲਮਾਨਾਂ ਤੇ ਕਾਲਿਆਂ ਨਾਲ ਭੱਜ ਰਹੀਆਂ ਹਨ? ਸਰਕਾਰ ਦੀ ਪੁਸ਼ਤਪਨਾਹੀ ਨਾਲ ਕਈ ਬਾਬਿਆਂ ਦੇ ਡੇਰੇ ਬਲਾਤਕਾਰ ਦੇ ਅੱਡੇ ਬਣ ਚੁੱਕੇ ਹਨ। ਜਦ ਕਿ ਔਰਤ ਹੀ ਕਿਸੇ ਕੌਮ ਦੀ ਪਾਲਣ-ਪੋਸਣ ਵਾਲੀ ਹੈ। ਜੇ ਅਸੀਂ ਆਪਣੀਆਂ ਆਉਣ ਵਾਲੀਆਂ ਨਸਲਾਂ ਦੀ ਪਾਲਣਹਾਰ ਨੂੰ ਹੀ ਗਵਾ ਬੈਠਾਂਗੇ, ਤਾਂ ਸਾਡੀ ਨਸਲ ਤਾਂ ਆਪਣੇ ਆਪ ਖ਼ਤਮ ਹੋ ਜਾਣੀ ਹੈ।

ਅੱਜ ਸਿਖ ਕੌਮ ਅੰਦਰ ਹਰ ਪਾਸੇ ਪਾਖੰਡ ਪ੍ਰਧਾਨ ਹੈ। ਖ਼ਾਲਸਾ ਆਪਣੇ ਮੂਲ ਨਾਲੋਂ ਟੁੱਟ ਚੁੱਕਾ ਹੈ ਅਤੇ ਬਿੱਪ੍ਰਵਾਦ ਵਿੱਚ ਖਚਤ ਹੋਕੇ ਗੁਰੂ ਦੇ ਹੁਕਮਾਂ ਨੂੰ ਲ ਤਾੜ ਰਿਹਾ ਹੈ। ਖ਼ੁਆਰ ਤਾਂ ਹੋਣਾ ਹੀ ਹੈ। ਨਾ ਇਸ ਕੋਲ ਭਗਤੀ ਰਹਿ ਗਈ ਹੈ ਅਤੇ ਨਾ ਹੀ ਸ਼ਕਤੀ। ਭੇਖੀ ਬਾਣਾ ਪ੍ਰਧਾਨ ਹੈ ਹਰ ਪਾਸੇ। ਬਾਣੀ ਤੇ ਬਾਣਾ ਹੈ ਪਰ ਕਮਾਈ ਦਾ ਨਾਂ ਨਿਸ਼ਾਨ ਨਹੀਂ। ਪਾਖੰਡ, ਸੁਆਰਥ ਅਤੇ ਭੇਖ ਦੇ ਪਰਦਿਆਂ ਥੱਲੇ ਸਿੱਖੀ ਜੀਵਨ ਅਲੋਪ ਹੋ ਚੁੱਕਾ ਹੈ। ਕਥਨੀ ਬਹੁਤ ਹੈ ਪਰ ਕਰਨੀ ਬਿਲਕੁਲ ਹੈ ਹੀ ਨਹੀਂ।

ਸ਼ਕਲ ਕਾਗ਼ਜ਼ੀ ਸ਼ੇਰਾਂ ਦੀ ਜ਼ਰੂਰ ਹੈ ਪਰ ਸੋਚਣੀ ਤੇ ਦਿਲ ਗਿੱਦੜਾਂ ਨਾਲੋਂ ਵੀ ਘਟੀਆ। ਕਕਾਰਾਂ ਦਾ ਧਾਰਨੀ ਹੈ ਅਤੇ ਗਿਣਤੀ ਪੂਰੀ ਕਰਨ ਲਈ ਭਾਵੇਂ ਇਕ ਇੰਚ ਦੀ ਕ੍ਰਿਪਾਨ ਕੰਘੇ ਨਾਲ ਹੀ ਕਿਉਂ ਨਾ ਚਿਪਕਾਣੀ ਪਵੇ। ਖ਼ਾਲਸੇ ਦੇ ਮਸੰਦ ਜਥੇਦਾਰ ਲਿਸ਼ਕਦੇ ਮਿਆਨਾਂ ਵਾਲੀਆਂ ਸਿਰੀ ਸਾਹਿਬਾਂ ਤਾਂ ਚੁੱਕੀ ਫਿਰਦੇ ਹਨ ਪਰ ਨਾ ਵਰਤਣੀ ਆਉਂਦੀ ਹੈ ਅਤੇ ਨਾ ਹੀ ਵਰਤਣ ਦੀ ਹਿੰਮਤ ਹੀ ਹੈ। ਅੱਜ ਖ਼ਾਲਸੇ ਦੀ ਸਿਰੀ ਸਾਹਿਬ ਕਮਜ਼ੋਰ ਦੀ ਰੱਖਿਅਕ ਨਹੀਂ, ਸਗੋਂ ਵਿਖਾਵੇ ਦਾ ਇਕ ਚਿੰਨ੍ਹ ਬਣ ਚੁਕੀ ਹੈ। ਅੱਜ ਦੇ ਖ਼ਾਲਸੇ ਦੀਆਂ ਤਲਵਾਰਾਂ ਆਪਣੀਆਂ ਧੀਆਂ-ਭੈਣਾਂ ਦੀ ਪਤ ਬਚਾਉਣ ਦੇ ਅਸਮਰਥ ਹਨ।

ਸਰਕਾਰੀ ਕਹਿਰ ਤੋਂ ਬਚੱਣ ਲਈ ਸਿੱਖ ਮਿਸ਼ਨਰੀ ਸੰਸਥਾਵਾਂ ਆਪਣੇ ਆਪ ਨੂੰ ਕੇਵਲ ਧਾਰਮਿਕ ਹਿੱਸੇ (ਪੀਰੀ)ਤਕ ਸੀਮਤ ਕਰਕੇ ਆਪ ਹੀ ਪੀਰੀ ਨਾਲੋਂ ਮੀਰੀ ਵੱਖ ਕੀਤੀ ਬੈਠੀਆਂ ਹਨ। ਸਾਡਾ ਪ੍ਰਚਾਰਕ ਵਰਗ ਰਮਾਇਣ ਮਹਾਂਭਾਰਤ ਦੀਆਂ ਹਨੇਰੀਆਂ ਗਲੀਆਂ ਵਿੱਚ ਗਵਾਚਾ ਫਿਰਦਾ ਹੈ। ਗੁਰਬਾਣੀ ਦੇ ਚਾਨਣ ਤੋਂ ਇਹ ਕੋਹਾਂ ਦੂਰ ਫਿਰਦੇ ਹਨ। ਨਾ ਇਹਨਾਂ ਅੰਦਰ ਕੌਮੀ ਦਰਦ ਹੈ ਅਤੇ ਨਾ ਹੀ ਕੌਮ ਨੂੰ ਸੇਧ ਦੇਣ ਦੀ ਸਮਰਥਾ। ਇਹਨਾਂ ਦੀ ਪ੍ਰਚਾਰਕ ਸੋਚ ਪੌਂਡਾਂ ਤੇ ਡਾਲਰਾਂ ਦੁਆਲੇ ਹੀ ਘੁਮਦੀ ਹੈ। ਇਹਨਾਂ ਦੇ ਭਾਣੇ ਜਿਵੇਂ ਪੰਜਾਬ ਵਿੱਚ ਕੁਝ ਹੋਇਆ ਹੀ ਨਹੀਂ। ਇਹ ਕਬੂਤਰ ਵਾਂਗ ਅੱਖਾਂ ਮੀਟੀ ਬੈਠੇ ਹਨ। ਆਪਸੀ ਫੁਟ ਕਾਰਨ ਪੰਥ ਲੀਰੋ ਲੀਰ ਹੋਇਆ ਪਿਆ ਹੈ।

ਅੱਜ ਸਾਧ ਸੰਗਤ ਨੂੰ ਸੁਚੇਤ ਹੋਣ ਦੀ ਲੋੜ ਹੈ। ਗੁਰੂ ਘਰਾਂ ਦੇ ਪ੍ਰਬੰਧਕਾਂ ਦੀ ਚੋਣ ਦਾ ਆਧਾਰ ਗੁਣ, ਯੋਗਤਾ ਅਤੇ ਅਮਲੀ ਜੀਵਨ ਦੀ ਕਸਵੱਟੀ ਹੋਣੀ ਚਾਹੀਦੀ ਹੈ। ਸਾਰੇ ਗੁਰੂ ਸਾਹਿਬਾਨ ਨੇ ਸਿੱਖੀ ਦੇ ਬੂਟੇ ਲਈ ਯੋਗ ਗੁਣਾਂ ਵਾਲੇ ਮਾਲੀ ਦੀ ਹੀ ਚੋਣ ਕੀਤੀ ਸੀ। ਗੁਰੂ ਘਰ ਦੇ ਪ੍ਰਬੰਧਕ ਪੂਰਨ ਅੰਮ੍ਰਿਤਧਾਰੀ ਸਿੰਘ ਹੋਣ, ਪੂਰਨ ਸਿੱਖੀ ਜੀਵਨ ਵਾਲੇ ਹੋਣ, ਸਿੱਖ ਧਰਮ ਅਤੇ ਸਿੱਖ ਇਤਿਹਾਸ ਤੋਂ ਪੂਰੀ ਤਰ੍ਹਾਂ ਜਾਣੂ ਹੋਣ। ਜਿਹੜਾ ਸਿੱਖ ਆਪ ਹੀ ਰਹਿਤ ਮਰਯਾਦਾ ਦਾ ਧਾਰਨੀ ਨਹੀਂ, ਉਹ ਗੁਰੂ ਘਰ ਦਾ ਪ੍ਰਬੰਧਕ ਕਿਵੇਂ ਬਣ ਸਕਦਾ ਹੈ?

ਗੁਰਦੁਆਰੇ ਨਿਰੇ ਪੂਜਾ ਅਸਥਾਨ ਨਹੀਂ ਸਗੋਂ ਇਹ ਗੁਰਮਤਿ ਦੇ ਮਨੁੱਖੀ ਜੀਵਨ-ਜਾਚ ਦੇ ਸਿਖਲਾਈ ਘਰ ਹਨ, ਜਿੱਥੇ ਸਿੱਖੀ ਦਾ ਮੁਜੱਸਮਾ ਕੁਦਰਤ ਦੀ ਨਿਯਮਾਵਲੀ ਮੁਤਾਬਕ ਘੜਿਆ ਜਾਣਾ ਹੈ। ਸਿੱਖ ਕੌਮ ਕੋਲ ਅੱਜ ਨਾ ਗੁਰਦੁਆਰਿਆਂ ਦੀ ਘਾਟ ਹੈ, ਨਾ ਉਪਦੇਸ਼ਕਾਂ ਦੀ ਅਤੇ ਨਾ ਹੀ ਵਸੀਲਿਆਂ ਦੀ। ਜੇ ਘਾਟ ਹੈ ਤਾਂ ਸਿੱਖੀ ਦੇ ਜੀਵਨ ਦੀ ਕਮਾਈ ਵਾਲੇ ਪ੍ਰਬੰਧਕਾਂ ਤੇ ਉਪਦੇਸ਼ਕਾਂ ਦੀ। ਅੱਜ ਸਿੱਖ ਕੌਮ ਦੇ ਆਗੂਆਂ ਦੀ ਕਥਨੀ ਤੇ ਕਰਣੀ ਦਾ ਸੰਤੁਲਨ ਗਵਾਚ ਚੁੱਕਾ ਹੈ।

ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਸਿੱਖ ਕੌਮ ਹੀ ਸੰਸਾਰ ਦੀ ਇੱਕੋ ਇੱਕ ਕੌਮ ਹੈ, ਜਿਸ ਕੋਲ ਯੋਗਤਾ, ਗੁਣ, ਸੇਵਾ, ਕੁਰਬਾਨੀ ਅਤੇ ਨਿਸ਼ਕਾਮਤਾ ਦੇ ਆਧਾਰ 'ਤੇ ਆਗੂ ਚੋਣ ਕਰਨ ਦਾ ਸ਼ਾਨਦਾਰ ਵਿਰਸਾ ਵੀ ਹੈ ਅਤੇ ਜਿਸ ਨੂੰ ਆਗੂ ਚੋਣ ਕਰਨ ਦੀ ਅਮਲੀ ਟਰੇਨਿੰਗ ਵੀ ਮਿਲ ਚੁੱਕੀ ਹੈ। ਇਸ ਦੇ ਨਾਲ ਹੀ ਸਿੱਖ ਕੌਮ ਹੀ ਦੁਨੀਆ ਦੀ ਇਕ ਅਜਿਹੀ ਅਵੇਸਲੀ ਕੌਮ ਹੈ, ਜਿਹੜੀ ਆਪਣੇ ਇਸ ਸ਼ਾਨਦਾਰ ਵਿਰਸੇ ਨੂੰ ਪਿੱਠ ਦੇਈ ਬੈਠੀ ਹੈ।

ਸਿੱਖ ਕੌਮ ਦਾ ਸਭ ਤੋਂ ਵੱਡਾ ਦੁਖਾਂਤ ਇਹ ਹੈ ਕਿ ਜਦ ਵੀ ਇਸ ਨੇ ਮਾਰ ਖਾਧੀ, ਆਪਣੇ ਹੀ ਜਰਨੈਲਾਂ ਤੇ ਜਥੇਦਾਰਾਂ ਦੇ ਵਿਸਾਹਘਾਤ ਕਾਰਨ। ਸਿੱਖਾਂ ਨੇ ਔਖੇ ਤੋਂ ਔਖੇ ਸਮੇਂ ਵੀ ਕਦੀ ਪਿੱਠ ਨਹੀਂ ਵਿਖਾਈ। ਸਿੱਖ ਸ਼ਕਤੀ ਨੂੰ ਨਾ ਅੱਜ ਤਕ ਕੋਈ ਹਰਾ ਸਕਿਆ ਹੈ ਅਤੇ ਨਾ ਹੀਂ ਮੁਕਾ ਹੀ ਸਕਿਆ ਹੈ। ਇਸ ਦੇ ਆਪਣੇ ਹੀ ਆਗੂ ਇਸ ਨੂੰ ਤਬਾਹ ਕਰਦੇ ਆਏ ਨੇ।

ਕੌਮ ਦੇ ਪਹਿਰੇਦਾਰ ਹੀ ਜਦ ਕੌਮ ਘਾਤਕ ਬਣ ਬੈਠਣ, ਤਾਂ ਕੌਮ ਨੇ ਤਾਂ ਖ਼ੁਆਰ ਹੋਣਾ ਹੀ ਹੈ। ਸਿੱਖ ਲੀਡਰਾਂ ਦੀ ਗੁਰਦੁਆਰਿਆਂ ਦਾ ਧਾਨ ਖਾਣ ਦੀ ਭੁੱਖ, ਕੁਰਸੀ ਦੀ ਭੁੱਖ, ਚੌਧਰ ਦੀ ਭੁੱਖ, ਧਨ ਇੱਕਠਾ ਕਰਨ ਦੀ ਭੁੱਖ ਅਤੇ ਵਜ਼ੀਫੇਆਂ ਦੀ ਭੁੱਖ ਬੇਸ਼ਰਮੀ ਦੀਆਂ ਸਾਰੀਆਂ ਹੱਦਾਂ ਪਾਰ ਕਰ ਗਈ ਹੈ। ਸਿੱਖ ਕੌਮ ਚੰਗੇ ਲੀਡਰ ਪੈਦਾ ਕਰਨ ਵਿੱਚ ਬੁਰੀ ਤਰ੍ਹਾਂ ਪਛੜ ਗਈ ਹੈ, ਜਿਸ ਦਾ ਕਾਰਨ ਅਸੀਂ ਆਪਣੇ ਸ਼ਾਨਦਾਰ ਵਿਰਸੇ ਨੂੰ ਪਿੱਠ ਦੇਈ ਬੈਠੇ ਹਾਂ।

ਗੁਰੂ ਸਾਹਿਬਾਨ ਦੇ ਸਮੇਂ ਤੋਂ ਲੈਕੇ ਰਣਜੀਤ ਸਿੰਘ ਦੇ ਰਾਜ ਕਾਇਮ ਹੋਣ ਤਕ ਸਿੱਖੀ ਦੇ ਬੂਟੇ ਲਈ ਹਮੇਸ਼ਾ ਯੋਗ ਗੁਣਾਂ ਵਾਲੇ ਮਾਲੀ ਦੀ ਚੋਣ ਹੁੰਦੀ ਰਹੀ। ਉਚੇ ਤੇ ਸੁੱਚੇ ਜੀਵਨ ਅਤੇ ਕੁਰਬਾਨੀ ਕਰਨ ਵਾਲੇ ਨਿਸ਼ਕਾਮ ਆਗੂ ਹੀ ਕੌਮ ਦੀ ਅਗਵਾਈ ਕਰਦੇ ਰਹੇ। ਜਦੋਂ ਤਕ ਸਿੱਖ ਕੌਮ ਗੁਰੂ ਦੇ ਦੱਸੇ ਰਾਹਾਂ 'ਤੇ ਚੱਲਦੀ ਰਹੀ, ਸਦਾ ਚੜ੍ਹਦੀ ਕਲਾ ਵਿੱਚ ਰਹਿੰਦੀ ਰਹੀ। ਓਦੋਂ ਆਗੂ ਉਹ ਬਣਦੇ ਰਹੇ, ਜਿਹੜੇ ਸਿੱਖੀ ਜੀਵਨ ਵਾਲੇ ਸਨ, ਕਹਿਣੀ ਤੇ ਕਰਨੀ ਦੇ ਸੰਤੁਲਨ ਵਾਲੇ ਸਨ ਅਤੇ ਸਿੱਖੀ ਜੀਵਨ ਦਾ ਨਮੂਨਾ ਬਣਕੇ ਦੂਜਿਆਂ ਨੂੰ ਪ੍ਰੇਰਨਾ ਦੇਂਦੇ ਰਹੇ। ਇਸ ਦੇ ਬਿਲਕੁਲ ਉਲਟ ਪਿਛਲੇ ਛਿਅੱਤਰ ਸਾਲਾਂ ਤੋਂ ਸਾਡੀ ਲੀਡਰਸ਼ਿਪ ਨੇ ਆਪਣੀਆਂ ਜ਼ਮੀਰਾਂ ਵੇਚਕੇ, ਗ਼ੁਲਾਮੀ ਕਬੂਲੀ ਹੋਈ ਹੈ। ਨਾ ਇਹਨਾਂ ਨੂੰ ਸਿੱਖ ਧਰਮ ਨਾਲ ਪਿਆਰ ਹੈ, ਨਾ ਪੰਥ ਨਾਲ ਕੋਈ ਸਨੇਹ ਹੈ ਅਤੇ ਨਾ ਹੀਂ ਕੌਮੀ ਗੌਰਵਦਾ ਹੀ ਕੋਈ ਅਹਿਸਾਸ ਹੈ। ਪੰਥ ਦੇ ਨਾਂ 'ਤੇ ਆਪਣੀਆਂ ਲੀਡਰੀਆਂ, ਵਜ਼ੀਰੀਆਂ ਅਤੇ ਚੌਧਰਾਂ ਕਾਇਮ ਕਰਨੀਆਂ ਇਹਨਾਂ ਦਾ ਪੇਸ਼ਾ ਰਿਹਾ ਹੈ।

ਮੇਰੀ ਸਮਝ ਮੁਤਾਬਕ ਜਿਸ ਕੌਮ ਅੰਦਰ ਮਨੁੱਖੀ ਗੁਣਾਂ ਨਾਲੋਂ ਧਨ ਦੀ ਕਦਰ

ਵੱਧ ਹੋਣ ਲੱਗ ਪਏ, ਗੁਣਵਾਨ ਦੀ ਥਾਂ ਧਨਵਾਨ ਨੂੰ ਆਗੂ ਬਨਾਣਾ ਸ਼ੁਰੂ ਹੋ ਜਾਏ, ਤਾਂ ਸਮਝ ਲੈਣਾ ਚਾਹੀਦਾ ਹੈ ਕਿ ਉਸ ਕੌਮ ਦੇ ਸਦਾਚਾਰਕ ਜੀਵਨ ਵਿੱਚ ਪਤਨ ਆ ਚੁੱਕਾ ਹੈ। ਸਦਾਚਾਰਕ ਜੀਵਨ ਵਿੱਚ ਪਤਨ ਉਦੋਂ ਆਉਂਦਾ ਹੈ, ਜਦੋਂ ਧਾਰਮਿਕ ਜੀਵਨ ਵਿੱਚ ਪਤਨ ਆ ਜਾਂਦਾ ਹੈ ਅਤੇ ਸੁਆਰਥ ਮਨੁੱਖ ਦਾ ਧਰਮ ਬਣ ਜਾਂਦਾ ਹੈ, ਜਿਹੜਾ ਮਨੁੱਖ ਨੂੰ ਨਕੇਲ ਪਾਈ ਜਿਧਰ ਚਾਹੁੰਦਾ ਹੈ, ਖਿਚੀ ਫਿਰਦਾ ਹੈ। ਜਿਥੇ ਮਾਇਆ ਪ੍ਰਧਾਨ ਹੈ, ਉਥੇ ਹਉਮੈਂ ਪ੍ਰਧਾਨ ਬਣ ਜਾਂਦੀ ਹੈ। ਜਿਥੇ ਹਉਮੈਂ ਪ੍ਰਧਾਨ ਹੈ, ਉਥੇ ਮਨਮਤ ਦਾ ਰਾਜ ਬਣ ਜਾਂਦਾ ਹੈ। ਮਨਮਤ, ਮਾਇਆ, ਅਧਿਕਾਰ ਤੇ ਅਖ਼ਤਿਆਰ ਹੀ ਮਨੁੱਖ ਨੂੰ ਡੇਗਣ ਦਾ ਕਾਰਨ ਬਣਦੇ ਹਨ।

ਸਾਡੇ ਗੁਰਦੁਆਰਿਆਂ ਅਤੇ ਸਾਡੀਆਂ ਸੰਸਥਾਵਾਂ 'ਤੇ ਧਨਵਾਨ ਹੀ ਪ੍ਰਧਾਨ ਹਨ ਕਿਉਂਕਿ ਅਸੀਂ ਗੁਣਵਾਨ ਦੀ ਥਾਂ ਧਨਵਾਨ ਦੀ ਕਦਰ ਕਰਨ ਲੱਗ ਪਏ ਹਾਂ। ਧਨਵਾਨਾਂ ਦਾ ਧਰਮ ਤਾਂ ਧਨ ਹੁੰਦਾ ਹੈ। ਜਿਸ ਕੌਮ ਵਿੱਚ ਧਨ ਦੀ ਕਦਰ ਮਨੁੱਖੀ ਗੁਣਾਂ ਦੀ ਕਦਰ ਨਾਲੋਂ ਵਧ ਹੋਣ ਲੱਗ ਪਏ, ਤਾਂ ਸਮਝ ਲੈਣਾ ਚਾਹੀਦਾ ਹੈ ਕਿ ਉਸ ਕੌਮ ਦੇ ਸਦਾਚਾਰਕ ਜੀਵਨ ਵਿੱਚ ਪਤਨ ਆ ਚੁੱਕਾ ਹੈ ਜਿਸ ਦੇ ਇਲਾਜ ਦੀ ਫ਼ੌਰੀ ਲੋੜ ਹੈ। ਇਲਾਜ ਸ਼ੁਰੂ ਕਰਨ ਤੋਂ ਪਹਿਲਾਂ ਰੋਗ ਦੀ ਪਛਾਣ ਕਰਨੀ ਜ਼ਰੂਰੀ ਹੈ।

ਜਦ ਗੁਣਵਾਨ ਦੀ ਥਾਂ ਧਨਵਾਨ ਸੰਭਾਲ ਲੈਂਦੇ ਹਨ, ਤਾਂ ਧਨਵਾਨਾਂ ਦੀ ਮੰਡੀ ਵਿੱਚ ਤਾਂ ਸਭ ਕੁਝ ਵਿਕਦਾ ਹੈ, ਮਨੁੱਖ ਵਿਕਦਾ ਹੈ, ਦੀਨ-ਈਮਾਨ ਵਿਕਦੇ ਹਨ, ਜ਼ਮੀਰਾਂ ਵਿਕਦੀਆਂ ਹਨ, ਇੱਜ਼ਤ-ਆਬਰੂ ਵਿਕਦੀ ਹੈ, ਅਸਮਤਾਂ ਵਿਕਦੀਆਂ ਹਨ ਅਤੇ ਕੌਮਾਂ ਵਿਕਦੀਆਂ ਹਨ ਧਨ ਇੱਕਠਾ ਕਰਨ ਲਈ। ਸਭ ਤੋਂ ਵੱਡੇ ਦੁਖਾਂਤ ਦੀ ਗੱਲ ਇਹ ਹੈ ਕਿ ਸਿੱਖ ਕੌਮ ਨੇ ਕਹਿਰਾਂ ਦੇ ਜ਼ੁਲਮ ਹੰਢਾਉਣ ਉਪਰੰਤ ਵੀ ਕੋਈ ਸਬਕ ਨਹੀਂ ਸਿੱਖਿਆ ਅਤੇ ਅੱਜ ਫਿਰ ਵਾਗਡੋਰ ਉਹਨਾਂ ਹੀ ਕੌਮ ਘਾਤਕਾਂ, ਬੇਗ਼ੈਰਤ ਜ਼ਮੀਰ-ਫ਼ਿਰੋਸ਼ਾਂ ਅਤੇ ਕੌਲੀਚੱਟਾਂ ਦੇ ਹੱਥਾਂ ਵਿੱਚ ਦਿੱਤੀ ਹੋਈ ਹੈ, ਜਿਨ੍ਹਾਂ ਹੁਣ ਤਕ ਕੌਮ ਨੂੰ ਗ਼ੁਲਾਮ ਬਣਾਇਆ ਹੋਇਆ ਹੈ।

ਧਾਰਮਿਕ ਜੀਵਨ ਪਤਿਤ ਹੋਣ ਨਾਲ ਸੁਆਰਥ ਮਨੁੱਖ ਦਾ ਮੁੱਖ ਧਰਮ ਬਣ ਜਾਂਦਾ ਹੈ। ਜਿੱਥੇ ਸੁਆਰਥ ਹੈ, ਉਥੇ ਸਦਾਚਾਰਕ ਜੀਵਨ ਵਿਚ ਪਤਨ ਆ ਜਾਂਦਾ ਹੈ। ਸਦਾਚਾਰਕ ਜੀਵਨ ਵਿੱਚ ਪਤਨ ਆ ਜਾਣ ਨਾਲ ਉਥੋਂ ਦੇ ਲੋਕਾਂ ਦੀ ਕਥਨੀ ਤੇ ਕਰਨੀ ਵਿੱਚ ਫ਼ਰਕ ਆ ਜਾਂਦਾ ਹੈ। ਉਥੇ ਸੁਆਰਥ ਮਨੁੱਖ ਨੂੰ ਨਕੇਲ ਪਾਈ ਜਿਧਰ ਚਾਹੁੰਦਾ ਹੈ, ਖਿੱਚੀ ਫਿਰਦਾ ਹੈ। ਸੁਆਰਥੀ ਮਨੁੱਖ ਮਨਮਤੀ ਬਣ ਜਾਂਦਾ ਹੈ। ਸੁਆਰਥ ਤੇ ਮਨਮਤ ਇੱਕਠੇ ਹੋਕੇ ਹਉਮੈਂ ਨੂੰ ਜਨਮ ਦਿੰਦੇ ਹਨ। ਹਉਮੈਂ ਤੇ ਮਨਮਤ ਹੀ ਸਾਰੇ ਪੁਆੜਿਆਂ ਦੀਵ ਜੜ੍ਹ ਹੈ, ਜੋ ਏਕਤਾ ਨੂੰ ਅਨੇਕਤਾ ਵਿੱਚ ਪਾੜਦੀ ਹੈ।

ਅੱਜ ਸਿੱਖ ਕੌਮ ਦੇ ਆਗੂਆਂ ਅੰਦਰ ਸੁਆਰਥ ਤੇ ਹਉਮੈਂ ਦਾ ਕੈਂਸਰ ਫੈਲ ਚੁੱਕਾ ਹੈ। ਗੁਰੂ ਸਾਹਿਬ ਨੇ ਇਸ ਹਉਮੈਂ ਨੂੰ ਦੀਰਘ ਰੋਗ ਦੱਸਕੇ, ਨਾਲ ਹੀ ਇਸ ਤੋਂ ਬਚਣ ਲਈ ਸਿਮਰਨ ਤੇ ਸੇਵਾ ਦਾ ਵਿਗਿਆਨਕ ਢੰਗ ਵੀ ਦੱਸਿਆ, ਪਰ ਸਾਡੇ ਇਹ ਬਿਪ੍ਰ ਆਗੂ ਗੁਰੂ ਨੂੰ ਤਾਂ ਪਿੱਠ ਦੇਈ ਬੈਠੇ ਹਨ। ਸੁਆਰਥ ਖਾਤਰ ਮਨੁੱਖ ਆਪਣੀ ਜ਼ਮੀਰ ਵੇਚ ਬੈਠਦਾ ਹੈ। ਮਨੁੱਖ ਗ਼ੁਲਾਮ ਉਦੋਂ ਹੀ ਹੁੰਦਾ ਹੈ, ਜਦੋਂ ਉਹ ਆਪਣੇ ਵਿਰਸੇ ਦੀ ਗੌਰਵਤਾ ਦਾ ਅਹਿਸਾਸ ਖੋਹ ਬੈਠਦਾ ਹੈ। ਜਿਹੜੀ ਕੌਮ ਆਪਣੇ ਬੀਤੇ ਤੋਂ ਸਬਕ ਨਹੀਂ ਸਿੱਖਦੀ, ਉਸ ਦਾ ਉਹੀ ਹਾਲ ਹੁੰਦਾ ਹੈ, ਜੋ ਅੱਜ ਸਿੱਖ ਕੌਮ ਦਾ ਹੋ ਰਿਹਾ ਹੈ। ਅਸੀਂ ਆਪਣਾ ਅਣਖੀਲਾ ਕੌਮੀ ਵਿਰਸਾ ਭੁਲਾਈ ਬੈਠੇ ਹਾਂ। ਇਸ ਸਭ ਕੁਝ ਦੇ ਜ਼ਿਮੇਵਾਰ ਅਸੀਂ ਆਪ ਹਾਂ। ਆਪਣੇ ਅੰਦਰ ਝਾਤ ਮਾਰਕੇ ਵੇਖਣ ਦੀ ਲੋੜ ਹੈ ਕਿ ਕੀ ਅਸੀਂ ਗੁਰੂ ਨਾਨਕ- ਗੁਰੂ ਗੋਬਿੰਦ ਸਿੰਘ ਦੇ ਸਿੱਖ ਹਾਂ ਅਤੇ ਸਾਡਾ ਗੁਰੂ ਗਰੰਥ ਸਾਹਿਬ ਵਲ ਮੂੰਹ ਹੈ ਜਾਂ ਨਹੀ?

ਕਿਥੇ ਸਿੱਖੀ ਦੀ ਤਿਆਗ, ਕੁਰਬਾਨੀ ਅਤੇ ਸੇਵਾ ਕਰਨ ਦੀ ਭਾਵਨਾ ਅਤੇ ਕਿਥੇ ਖੁਦ.ਗਰਜ਼ੀ, ਜ਼ਮੀਰ-ਫ਼ਿਰੋਸ਼ੀ, ਇਜ਼ਤ-ਫ਼ਿਰੋਸ਼ੀ, ਕੌਮ-ਫ਼ਿਰੋਸ਼ੀ ਅਤੇ ਕੁਨਬਾ-ਪਰਵਰੀ? ਸੋਚਣ ਵਾਲੀ ਗੱਲ ਹੈ ਕਿ ਹਿੰਦੁਸਤਾਨ ਬਣਿਆ, ਪਾਕਿਸਤਾਨ ਬਣਿਆ, ਸਾਨੂੰ ਕੀ ਮਿਲਿਆ? ਹਿੰਦੁਸਤਾਨ ਦੀਆਂ ਸਾਰੀਆਂ ਕੌਮਾਂ ਨੇ ਇਤਨੀਆਂ ਕੁਰਬਾਨੀਆਂ ਨਹੀਂ ਸੀ ਦਿੱਤੀਆਂ, ਜਿਤਨੀਆਂ ਸਿੱਖਾਂ ਨੇ ਦਿੱਤੀਆਂ। ਸਾਡੀ ਰਾਜਨੀਤਕ ਪ੍ਰਾਪਤੀ ਕਿਥੇ? ਸਾਡੇ ਲੀਡਰਾਂ ਦੀ ਸੋਚ ਕਿਥੇ ਖੜੀ ਹੈ? ਕੀ ਧਨਵਾਨਾਂ ਦੀਆਂ ਵਜ਼ਾਰਤਾਂ ਲਈ ਹੀ ਸਭ ਕੁਰਬਾਨੀਆਂ ਦਿੱਤੀਆਂ ਗਈਆਂ? ਕੀ ਖ਼ੂਨ ਡੋਲ੍ਹਣਾ ਹੀ ਸਾਡਾ ਨਿਸ਼ਾਨਾ ਹੈ?

ਹਰਿਆਣਾ ਤੇ ਹਿਮਾਚਲ ਬਣੇ, ਕਿਹੜੀ ਕੁਰਬਾਨੀ ਉਹਨਾਂ ਨੇ ਦਿੱਤੀ? ਸਾਡੇ ਲੀਡਰਾਂ ਦੋ ਢਾਈ ਲੱਖ ਸਿੱਖਾਂ ਦਾ ਘਾਣ ਕਰਵਾਇਆ, ਅਕਾਲ ਤਖ਼ਤ ਸਾਹਿਬ ਢੁਆਇਆ, ਹਜ਼ਾਰਾਂ ਸਿਖ ਬੱਚਿਆਂ ਨੂੰ ਯਤੀਮ ਕਰਵਾਇਆ, ਹਜ਼ਾਰਾਂ ਸਿਖ ਇਸਤਰੀਆਂ ਨੂੰ ਵਿਧਵਾ ਬਣਵਾਇਆ, ਧੀਆਂ-ਭੈਣਾਂ ਦੀ ਬੇ-ਪਤੀ ਕਰਾਈ, ਹਜ਼ਾਰਾਂ ਸਿੱਖ ਅੱਜੇ ਤਕ ਜੇਲ੍ਹਾਂ ਦਾ ਨਰਕ ਭੋਗ ਰਹੇ ਹਨ, ਕਾਹਦੇ ਲਈ? ਇਹਨਾਂ ਸੁਆਰਥੀ ਲੋਟੂਆਂ ਦੀਆਂ ਵਜ਼ਾਰਤਾਂ ਲਈ? ਇੰਜ ਕਿਉਂ ਹੋਇਆ? ਖ਼ੁਦ.ਗਰਜ਼, ਵਿਸਾਹਘਾਤਕ ਅਤੇ ਕੌਮ-ਵੇਚੂ ਜਥੇਦਾਰਾਂ ਦੀ ਗ਼ਲਤ ਰਹਿਨੁਮਾਈ ਅਤੇ ਸਾਡੀ ਗ਼ਫ਼ਲਤ ਕਾਰਨ। ਅਸੀਂ ਵੀ ਉਤਨੇ ਹੀ ਜ਼ਿਮੇਵਾਰ ਹਾਂ।

ਜਿਹੜਾ ਬਿਪਰ ਸਿੱਖਾਂ ਦੀ ਨਸਲ-ਘਾਤ ਕਰ ਦੇਣਾ ਚਾਹੁੰਦਾ ਹੈ, ਜਿਹੜਾ ਬ੍ਰਾਹਮਣਵਾਦ ਸਿੱਖਾਂ ਨੂੰ ਮੁੜ ਹਿੰਦੂਆਂ ਵਿੱਚ ਜਜ਼ਬ ਕਰ ਲੈਣ ਦੇ ਸੁਪਨੇ ਲੈ ਰਿਹਾ ਹੈ, ਜਿਹੜਾ ਬ੍ਰਾਹਮਣਵਾਦ ਸਿੱਖਾਂ ਨੂੰ ਹੀਣਿਆਂ ਬਣਾਕੇ ਗ਼ੁਲਾਮ ਬਣਾਈ ਰੱਖਣਾ

ਚਾਹੁੰਦਾ ਹੈ, ਜਿਹੜਾ ਬ੍ਰਾਹਮਣਵਾਦ ਸਿੱਖਾਂ ਦਾ ਕਤਲੇਆਮ ਕਰ ਰਿਹਾ ਹੈ, ਜਿਹੜਾ ਬ੍ਰਾਹਮਣਵਾਦ ਪਿਛਲੇ ਉਨਾਹਟ ਸਾਲਾਂ ਤੋਂ ਸਿਖੀ ਦੀਆਂ ਜੜ੍ਹਾਂ ਵੱਢ ਰਿਹਾ ਹੈ, ਉਸ ਨਾਲ ਹੀ ਸਾਡੇ ਲੀਡਰ ਕਿਉਂ ਭਾਈਵਾਲੀ ਪਾਈ ਬੈਠੇ ਹਨ ਅਤੇ ਰੋਟੀ-ਬੇਟੀ ਦੇ ਰਿਸ਼ਤੇ ਗੰਢੀ ਬੈਠੇ ਹਨ? ਅਜਿਹੇ ਗ਼ਦਾਰਾਂ ਨੂੰ ਅਸੀਂ ਕਿਉਂ ਲੀਡਰ ਬਣਾਇਆ ਹੋਇਆ ਹੈ?

ਸਾਡੇ ਗੁਰੂ ਸਾਹਿਬਾਨ ਨੇ ਊਚ-ਨੀਚ ਦੇ ਟੋਏ-ਟਿੱਬੇ ਪੱਧਰੇ ਕੀਤੇ, ਅਸੀਂ ਮੁੜ ਉਹੀ ਵਲਗਣਾਂ ਖੜ੍ਹੀਆਂ ਕਰ ਲਈਆਂ। ਅਸੀਂ ਤਾਂ ਗੁਰਦੁਆਰਿਆਂ ਦੀਆਂ ਵੰਡੀਆਂ ਪਾਉਣੋਂ ਵੀ ਨਹੀ ਹਟੇ; ਰਾਮਗੜ੍ਹੀਆਂ ਦਾ ਗੁਰਦੁਆਰਾ ਵੱਖਰਾ; ਜੱਟਾਂ ਦਾ ਵੱਖਰਾ; ਭਾਪਿਆਂ ਦਾ ਵੱਖਰਾ; ਰਵਿਦਾਸੀਆਂ ਦਾ ਵੱਖਰਾ; ਇਥੇ ਹੀ ਬਸ ਨਹੀਂ, ਕੋਈ ਐਸ ਸੰਤ ਦਾ ਤੇ ਕੋਈ ਓਸ ਸੰਤ ਦਾ ਗੁਰਦੁਆਰਾ। ਅੱਜ ਤਾਂ ਅੰਮ੍ਰਿਤ ਛਕਾਉਣ ਵਾਲੀਆਂ ਸੰਸਥਾਵਾਂ ਦੇ ਵੀ ਆਪੋ ਆਪਣੇ ਦਰਜੇ ਬਣ ਚੁੱਕੇ ਹਨ; ਕੋਈ ਐਸ ਸੰਤ ਤੋਂ ਅੰਮ੍ਰਿਤ ਪਾਨ ਕਰਕੇ ਆਪਣੀ ਹਉਮੈਂ ਨੂੰ ਪੱਠੇ ਪਾਉਂਦਾ ਹੈ ਅਤੇ ਕੋਈ ਓਸ ਸੰਤ ਤੋਂ ਅੰਮ੍ਰਿਤ ਪਾਨ ਕਰਨ ਵਿੱਚ ਵਡਿਆਈ ਸਮਝਦਾ ਹੈ, ਦਸ਼ਮੇਸ਼ ਪਿਤਾ ਦੇ ਅੰਮ੍ਰਿਤ ਦਾ ਤਾਂ ਹੁਣ ਕੋਈ ਨਾਂ ਹੀ ਨਹੀ ਲੈਂਦਾ।

ਸਾਨੂੰ ਸੋਚਣ ਦੀ ਲੋੜ ਹੈ ਕਿ ਕੀ ਅੱਜ ਦਾ ਖ਼ਾਲਸਾ ਉਸੇ ਖ਼ਾਲਸਈ ਆਦਰਸ਼, ਉਸੇ ਖ਼ਾਲਸਈ ਵਿਸ਼ਵਾਸ, ਉਸੇ ਖ਼ਾਲਸਈ ਕਿਰਦਾਰ, ਉਸੇ ਖ਼ਾਲਸਈ ਅਣਖ, ਉਸੇ ਖ਼ਾਲਸਈ ਸੂਰਬੀਰਤਾ ਦਾ ਮਾਲਕ ਹੈ, ਜਿਸ ਨੂੰ ਦਸਾਂ ਗੁਰੂਆਂ ਸਿਰਜਿਆ, ਬਣਾਇਆ ਤੇ ਉਜਾਗਰ ਕੀਤਾ ਸੀ? ਜਿਸ ਕੌਮ ਕੋਲ ਆਪਣੇ ਰਾਜ ਦਾ ਸੁਪਨਾ ਹੈ, ਆਪਣੇ ਗੁਰੂਆਂ ਦੇ ਹਲੇਮੀ ਰਾਜ ਦਾ ਆਦਰਸ਼ ਹੈ, ਜਿਸ ਕੌਮ ਕੋਲ ਸ਼ਾਨਦਾਰ ਗੌਰਵਮਈ ਵਿਰਸਾ ਹੈ, ਗੌਰਵਮਈ ਸ਼ਹੀਦੀ ਇਤਿਹਾਸ ਹੈ, ਗੌਰਵਮਈ ਆਚਾਰ-ਕਿਰਦਾਰ ਹੈ, ਅਠਾਰਵੀਂ ਸਦੀ ਦੀਆਂ ਬੇਮਿਸਾਲ ਪ੍ਰਾਪਤੀਆਂ ਹਨ, ਉਹ ਕੌਮ ਅੱਜ ਗ਼ੁਲਾਮੀ ਨੂੰ ਕਿਉਂ ਸਵੀਕਾਰੀ ਬੈਠੀ ਹੈ?

ਕਦੀ ਅਸੀਂ ਸੋਚਿਆ ਹੈ ਕਿ ਸਾਡੀ ਇਤਨੀ ਦੁਰਦਸ਼ਾ ਕਿਉਂ ਹੋਈ? ਕਿਉਂ ਸਾਡੇ ਦਰਬਾਰ ਸਾਹਿਬ 'ਤੇ ਫੌਜਾਂ ਚਾੜ੍ਹੀਆਂ ਗਈਆਂ? ਗ਼ੁਲਾਮੀ ਕਾਰਨ ਹੀ ਸਾਡੇ ਗੁਰਧਾਮਾਂ 'ਤੇ ਫ਼ੌਜਾਂ ਚਾੜ੍ਹੀਆਂ ਗਈਆਂ, ਗ਼ੁਲਾਮੀ ਕਾਰਨ ਹੀ ਸਾਡੇ ਅਕਾਲ ਤਖ਼ਤ ਸਾਹਿਬ ਨੂੰ ਢਾਹਿਆ ਗਿਆ, ਗ਼ੁਲਾਮੀ ਕਾਰਨ ਹੀ ਸਾਡੇ ਇਤਿਹਾਸਕ ਵਿਰਸੇ ਦੀ ਲਾਇਬਰੇਰੀ ਨੂੰ ਸਾੜ ਕੇ ਸੁਆਹ ਕਰ ਦਿੱਤਾ ਗਿਆ। ਗ਼ੁਲਾਮੀ ਕਾਰਨ ਹੀ ਸਾਡੇ ਇਤਿਹਾਸਕ ਕੌਮੀ ਤੋਸ਼ੇਖ਼ਾਨੇ ਨੂੰ ਲੁੱਟਿਆ ਗਿਆ, ਗ਼ੁਲਾਮੀ ਕਾਰਨ ਹੀ ਸਾਡੀਆਂ ਜਰਨੈਲੀ ਸੜਕਾਂ 'ਤੇ ਤਲਾਸ਼ੀਆਂ ਲੈ ਕੇ ਸਾਨੂੰ ਜ਼ਲੀਲ ਕੀਤਾ ਗਿਆ, ਗ਼ੁਲਾਮੀ ਕਾਰਨ ਹੀ ਸਾਨੂੰ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਲਈ ਅੰਦਰ ਜਾਣ ਤੋਂ

ਪਹਿਲਾਂ ਤਲਾਸ਼ੀਆਂ ਦੇਣੀਆਂ ਪੈਂਦੀਆਂ ਰਹੀਆਂ ਅਤੇ ਗ਼ੁਲਾਮੀ ਕਾਰਨ ਹੀ ਸਾਡੀਆਂ ਧੀਆਂ ਭੈਣਾਂ ਦੀਆਂ ਬੇਪਤੀਆਂ ਹੋਈਆਂ।

ਗ਼ੁਲਾਮੀ ਕਾਰਨ ਹੀ ਜਹਾਜ਼ 'ਤੇ ਚੜ੍ਹਨ ਲਗਿਆਂ ਸਾਡੀਆਂ ਕਿਰਪਾਨਾਂ ਉਤਰਵਾ ਲਈਆਂ ਜਾਂਦੀਆਂ ਹਨ। ਗ਼ੁਲਾਮੀ ਕਾਰਨ ਹੀ ਅੱਜ ਰਾਜਿਸਥਾਨ ਵਿੱਚ ਅੰਮ੍ਰਿਤ ਛਕਣ ਅਤੇ ਛਕਾਉਣ ਵਾਲਿਆਂ ਦੇ ਨਾਂਵਾਂ ਦੀ ਲਿਸਟ ਉਥੋਂ ਦੀ ਸਰਕਾਰ ਨੂੰ ਦੇਣੀ ਪੈਂਦੀ ਹੈ। ਗ਼ੁਲਾਮੀ ਕਾਰਨ ਹੀ ਭਾਰਤੀ ਹਵਾਈ ਫ਼ੌਜ ਦੇ ਹਰਵਿੰਦਰ ਸਿੰਘ ਨੂੰ ਦਾੜ੍ਹੀ ਖੁੱਲ੍ਹੀ ਰਖੱਣ ਕਰਕੇ ਏਅਰਫ਼ੋਰਸ ਵਿੱਚੋਂ ਕੱਢ ਦਿੱਤਾ ਗਿਆ। ਬਦੇਸ਼ੀ ਸਰਕਾਰਾਂ ਤਾਂ ਖ਼ਾਲਸੇ ਦੀ ਪਹਿਚਾਣ ਕੇਸ ਦਾੜ੍ਹੀ ਭਾਵਪੰਜ ਕਕਾਰਾਂ ਨੂੰ ਮਾਨਤਾ ਦੇ ਰਹੀਆਂ ਹਨ ਅਤੇ ਆਪਣੇ ਦੇਸ਼ ਦੇ ਕਾਨੂੰਨਾਂ ਵਿੱਚ ਵਿਧਾਨਕ ਸੋਧਾਂ ਕਰ ਰਹੀਆਂ ਹਨ, ਪਰ ਮਨੂਵਾਦੀ ਸਰਕਾਰ ਪਾਬੰਦੀਆਂ ਲਾ ਰਹੀ ਹੈ ਕਿਉਂਕਿ ਅਸੀਂ ਗ਼ੁਲਾਮ ਹਾਂ।

ਸਿੱਖ ਕੌਮ ਦੀਆਂ ਸਾਰੀਆਂ ਗਿਰਾਵਟਾਂ ਦਾ ਮੂਲ ਕਾਰਨ ਗ਼ੁਲਾਮੀ ਹੈ। ਇਹ ਗ਼ੁਲਾਮੀ ਹੀ ਸਾਰੀਆਂ ਬੀਮਾਰੀਆਂ ਦੀ ਜੜ੍ਹ ਹੈ। ਅਜ਼ਾਦੀ ਬਿਨਾਂ ਵਜ਼ਾਰਤਾਂ, ਧਨ, ਰੁਤਬੇ ਤੇ ਪਦਵੀਆਂ ਸਭ ਵਿਅਰਥ ਹਨ। ਜਿਹੜੀ ਕੌਮ ਆਪਣੇ ਕੌਮੀ ਵਿਰਸੇ ਦੀ ਗੌਰਵਤਾ ਦਾ ਅਹਿਸਾਸ ਖੋਹ ਬੈਠਦੀ ਹੈ, ਉਸ ਕੌਮ ਅੰਦਰੋਂ ਕੌਮੀ ਭਾਵਨਾ ਖਤਮ ਹੋ ਜਾਂਦੀ ਹੈ ਅਤੇ ਉਹ ਜਲਦੀ ਹੀ ਗ਼ੁਲਾਮ ਬਣ ਜਾਂਦੀ ਹੈ। ਆਪਣੇ ਕੌਮੀ ਵਿਰਸੇ ਤੇ ਮਾਣ ਕਰਨ ਨਾਲ ਹੀ ਮਨੁੱਖ ਅੰਦਰ ਕੌਮੀ ਭਾਵਨਾ ਜਾਗਦੀ ਹੈ।

ਉਹ ਕੌਮ ਹੀ ਗ਼ੁਲਾਮ ਬਣਦੀ ਹੈ, ਜਿਸ ਦੇ ਬਾਸ਼ਿੰਦੇ ਅਤੇ ਖ਼ਾਸ ਤੌਰ ਤੇ ਆਗੂ ਜ਼ਮੀਰ ਫ਼ਿਰੋਸ਼ ਹੋਣ, ਖ਼ੁਦਗ਼ਰਜ਼ ਹੋਣ ਅਤੇ ਗ਼ੁਲਾਮ ਬਿਰਤੀ ਵਾਲੇ ਹੋਣ। ਜੇ ਲੋਕ ਗ਼ੁਲਾਮ ਬਿਰਤੀ ਵਾਲੇ ਕਾਇਰ ਨਾ ਹੋਣ, ਤਾਂ ਕੋਈ ਸਾਮਰਾਜੀ ਤਾਕਤ ਉਹਨਾਂ ਨੂੰ ਗ਼ੁਲਾਮ ਬਨਾਣ ਦੀ ਜੁਰਅਤ ਹੀ ਨਹੀਂ ਕਰ ਸਕਦੀ। ਜ਼ਮੀਰ-ਫ਼ਿਰੋਸ਼ ਲੀਡਰਾਂ ਤੇ ਕਾਇਰ ਲੋਕਾਂ ਦੀ ਸਹਾਇਤਾ ਨਾਲ ਹੀ ਸਾਮਰਾਜੀ ਤਾਕਤਾਂ ਆਪਣੀਆਂ ਗ਼ੁਲਾਮ ਕੌਮਾਂ 'ਤੇ ਰਾਜ ਕਰਦੀਆਂ ਹਨ ਅਤੇ ਆਪਣੀ ਗ਼ੁਲਾਮ ਕੌਮ ਦੀ ਪੁਲਸ, ਫ਼ੌਜ ਤੇ ਸਰਕਾਰੀ ਅਮਲੇ ਨਾਲ ਹੀ ਗ਼ੁਲਾਮ ਬਣਾਈ ਰੱਖਦੀਆਂ ਹਨ।

ਗ਼ੁਲਾਮ ਲੋਕ ਆਪਣੀ ਪੁਲਸ, ਆਪਣੀ ਫ਼ੌਜ ਅਤੇ ਆਪਣੇ ਸਰਕਾਰੀ ਅਮਲੇ ਨਾਲ ਗ਼ੁਲਾਮੀ ਬੜੀ ਵਫ਼ਾਦਾਰੀ ਨਾਲ ਸਾਂਭ ਕੇ ਰੱਖਦੇ ਹਨ। ਗ਼ੁਲਾਮ ਕੌਮ ਦੇ ਲੋਕ ਹਾਕਮ ਜਮਾਤ ਦੇ ਦਿੱਤੇ ਖ਼ਿਤਾਬਾਂ 'ਤੇ ਫ਼ਖ਼ਰ ਕਰਨਾ ਸ਼ੁਰੂ ਕਰ ਦੇਂਦੇ ਹਨ ਅਤੇ ਹਾਕਮ ਜਮਾਤ ਦੀ ਬੋਲੀ ਤੇ ਸਭਿਆਚਾਰ ਨੂੰ ਆਪਣੀ ਬੋਲੀ ਤੇ ਸਭਿਆਚਾਰ ਨਾਲੋਂ ਉਚੇਰਾ ਸਮਝਣ ਲੱਗ ਪੈਂਦੇ ਹਨ ਅਤੇ ਆਪਣੀ ਬੋਲੀ ਤੇ ਸਭਿਆਚਾਰ ਨੂੰ ਭੁਲਾ ਕੇ ਅੰਤ ਵਿੱਚ ਆਪਣੀ ਹੋਂਦ ਵੀ ਗਵਾ ਬੈਠਦੇ ਹਨ। ਯੋਗ ਆਗੂ ਜਿਥੇ

ਕੌਮਾਂ ਤੇ ਮੁਲਕਾਂ ਦੀ ਤਕਦੀਰ ਬਦਲ ਕੇ ਰੱਖ ਦਿੰਦੇ ਹਨ, ਉਥੇ ਅਯੋਗ ਆਗੂ ਕੌਮਾਂ ਤੇ ਮੁਲਕਾਂ ਦੀ ਤਬਾਹੀ ਦਾ ਕਾਰਨ ਬਣਦੇ ਹਨ।

ਗ਼ੁਲਾਮੀ, ਬਿਰਛ ਖਾਣ ਜਾਣ ਵਾਲੀ ਅਮਰਬੇਲ ਵਾਂਗ ਹੈ ਜਿਹੜੀ ਬਿਰਛਾਂ ਉਪਰ ਫੈਲਦੀ ਹੈ ਅਤੇ ਉਹਨਾਂ ਦਾ ਰਸ ਚੂਸਕੇ, ਪਲਰਦੀ, ਪੁੰਗਰਦੀ ਤੇ ਵਧਦੀ ਹੈ। ਗ਼ੁਲਾਮੀ ਵੀ ਅਮਰਬੇਲ ਵਾਂਗ ਮਨੁੱਖ ਦੇ ਸਮੁੱਚੇ ਜੀਵਨ 'ਤੇ ਛਾ ਜਾਂਦੀ ਹੈ। ਮਨੁੱਖੀ ਜੀਵਨ ਸਰੀਰ, ਮਨ ਤੇ ਆਤਮਾ ਨਾਲ ਕਾਇਮ ਹੈ। ਇਹ ਤਿੰਨੇ ਅੰਗ ਗ਼ੁਲਾਮੀ ਦੇ ਮਾਰੂ ਵਾਰ ਦਾ ਸ਼ਿਕਾਰ ਹੋ ਜਾਂਦੇ ਹਨ। ਗ਼ੁਲਾਮੀ ਸਿਉਂਕ ਵਾਂਗ ਮਨੁੱਖ ਦੀ ਮਾਨਸਿਕ ਸ਼ਕਤੀ ਨੂੰ ਰੇਸ਼ਾ-ਰੇਸ਼ਾ ਕਰਕੇ ਰੱਖ ਦੇਂਦੀ ਹੈ। ਜਿਹੜਾ ਬੰਦਾ ਮਾਨਸਿਕ ਤੌਰ ਤੇ ਗ਼ੁਲਾਮ ਹੈ, ਉਹਦਾ ਸਰੀਰ ਤਾਂ ਆਪਣੇ ਆਪ ਗ਼ੁਲਾਮ ਬਣ ਜਾਂਦਾ ਹੈ ਕਿਉਂਕਿ ਮਨ ਹੀ ਤਾਂ ਸਰੀਰਕ ਘੋੜੇ ਦਾ ਕੋਚਵਾਨ ਹੈ। ਅੱਜ ਦਾ ਖਾਲਸਾ ਮਾਨਸਕ ਤੌਰ ਤੇ ਕਿਥੇ ਖੜਾ ਹੈ?

ਗ਼ੁਲਾਮੀ ਦਾ ਅਹਿਸਾਸ ਹੋਣਾ ਹੋਰ ਗੱਲ ਹੈ ਅਤੇ ਉਸ ਵਿਰੁੱਧ ਅਵਾਜ਼ ਉਠਾਣੀ ਹੋਰ ਗੱਲ। ਗ਼ੁਲਾਮੀ ਦਾ ਅਹਿਸਾਸ ਬਹੁਤ ਸਾਰੇ ਲੋਕਾਂ ਨੂੰ ਵੀ ਹੋ ਸਕਦਾ ਹੈ। ਪਰ ਕੋਈ ਵਿਰਲਾ ਹੀ ਗ਼ੁਲਾਮੀ ਦੀ ਰੜਕ ਨੂੰ ਆਪਣੀ ਤੇ ਆਪਣੀ ਕੌਮ ਦੀ ਹੋਂਦ ਲਈ ਘਾਤਕ ਮੰਨ ਕੇ ਮੈਦਾਨ 'ਚ ਨਿੱਤਰਦਾ ਹੈ। ਆਮ ਲੋਕ ਤਾਂ ਬੀਬੇ ਸ਼ਹਿਰੀ ਬਣ ਕੇ, ਚੁੱਪ ਰਹਿ ਕੇ, ਆਪਣੇ ਘਰੀਂ ਦੁਬਕ ਜਾਂਦੇ ਹਨ।

ਜੂਨ 1984 ਤੋਂ ਪਹਿਲਾਂ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਜਿੱਥੇ ਸਿੱਖ ਮਾਨਸਕਤਾ 'ਤੇ ਗ਼ੁਲਾਮੀ ਦੇ ਫੰਦੇ ਨੂੰ ਸ਼ਿਦਤ ਨਾਲ ਮਹਿਸੂਸ ਕੀਤਾ ਸੀ, ਉਥੇ ਬਾਕੀ ਸਿੱਖ ਲੀਡਰਾਂ ਨੇ ਬੀਬੇ ਸ਼ਹਿਰੀ ਬਣ ਕੇ ਦੁਬਕ ਜਾਣ 'ਚ ਹੀ ਭਲ ਈ ਸਮਝੀ ਸੀ। ਸੰਤ ਜਰਨੈਲ ਸਿੰਘ ਜੀ ਨੇ ਗੁਰੂ ਨਾਨਕ ਸਾਹਿਬ ਦੇ ਫਲਸਫੇ ਨੂੰ ਸਹੀ ਅਰਥਾਂ 'ਚ ਬੁੱਝਿਆ ਤੇ ਸਮਝਿਆ ਸੀ ਅਤੇ ਸਿੱਖ ਇਤਿਹਾਸਕ ਪਰੰਪਰਾ ਮੁਤਾਬਕ ਮੈਦਾਨ 'ਚ ਡੱਟ ਗਏ ਸਨ। ਉਹਨਾਂ ਗੁਲਾਮ ਬਿਰਤੀ ਦੇ ਸਾਊਪੁਣੇ ਨੂੰ ਗਲ ਨਾਲ ਨਹੀਂ ਸੀ ਲਾਇਆ, ਬਲਕਿ ਆਪਣੇ ਵਿਰਸੇ ਦੀ ਲਾਜ ਪਾਲਦਿਆਂ ਜੂਝ ਮਰਨ ਦਾ ਫੈਸਲਾ ਲਿਆ ਸੀ। ਜੇ ਉਹ ਵੀ ਦੁਨਿਆਵੀ ਗਿਣਤੀਆਂ ਮਿਣਤੀਆਂ ਦੀ ਸਿਆਸਤ 'ਚ ਪੈ ਜਾਂਦੇ, ਤਾਂ ਅੱਜ ਸਿੱਖ ਕੌਮ ਦਾ ਇਤਿਹਾਸ ਕੁਝ ਹੋਰ ਹੀ ਹੋਣਾ ਸੀ।

ਭਾਰਤ ਦੀ ਅਥਾਹ ਫੌਜੀ ਤਾਕਤ, ਲੱਖਾਂ ਦੀ ਗਿਣਤੀ ਵਾਲੀ ਵਿਗਿਆਨਕ ਹਥਿਆਰਾਂ ਨਾਲ ਲੈਸ ਫੌਜ, ਉਸ ਦੇ ਬੰਬ-ਬੰਦੂਕਾਂ ਦੇ ਅਥਾਹ ਅੰਬਾਰ, ਵਿਗਿਆਨਕ ਤੋਪਾਂ ਦੇ ਲਾਮ-ਲਸ਼ਕਰ ਅਤੇ ਉਸ ਦੀ ਐਟਮੀ ਸ਼ਕਤੀ ਆਦਿਕ 'ਤੇ ਸਰਸਰੀ ਨਜ਼ਰ ਮਾਰਿਆਂ ਹਰ ਸਮਝਦਾਰ ਮਨੁੱਖ ਵਾਂਗ ਉਹ ਵੀ ਇਹ ਗੱਲ ਚੰਗੀ ਤਰ੍ਹਾਂ

ਸਮਝਦੇ ਸਨ ਕਿ ਭਾਰਤ ਦੀ ਇਤਨੀ ਸ਼ਕਤੀ ਸਾਹਮਣੇ ਮੇਰੀਆਂ 50-60 ਬੰਦੂਕੜੀਆਂ ਕੀ ਕਰ ਲੈਣਗੀਆਂ? ਪਰ ਸੰਤ ਭਿੰਡਰਾਂਵਾਲਿਆਂ ਨੂੰ ਆਪਣੇ ਸ਼ਾਨਦਾਰ ਵਿਰਸੇ 'ਤੇ ਮਾਣ ਸੀ, ਉਹਨਾਂ ਦੇ ਮਨ ਅੰਦਰ ਸ਼ਹੀਦੀ ਸਿੱਖ ਪਰੰਪਰਾ ਵਸ ਚੁੱਕੀ ਸੀ ਅਤੇ ਉਹ ਉਸ ਪਰੰਪਰਾ ਦੀ ਜਿਉਂਦੀ ਜਾਗਦੀ ਜੋਤ ਹੋ ਨਿਬੜੇ ਸਨ।

ਉਹਨਾਂ ਨਾਲ ਸਿੱਖ ਵਿਰਸੇ ਨੂੰ ਸਮਰਪਤ ਸਿੰਘ ਸਨ ਜਿਨ੍ਹਾਂ ਨੇ ਸੀਸ ਤੱਲੀ ਤੇ ਧਰੇ ਹੋਏ ਸਨ। ਉਹਨਾਂ ਸੂਰਮਿਆਂ ਸਿੱਖ ਇਤਿਹਾਸ ਪ੍ਰਤੀ ਆਪਣੀ ਪ੍ਰਤੀਬੱਧਤਾ ਵਿਖਾਂਦਿਆਂ ਹਜ਼ਾਰਾਂ ਦੀ ਫੌਜ ਨੂੰ ਮਾਤ ਪਾ ਕੇ ਸੱਜਰਾ ਸਿੱਖ ਇਤਿਹਾਸ ਸਿਰਜ ਵਿਖਾਇਆ ਕਿਉਂਕਿ ਉਹਨਾਂ ਸਿੱਖ ਇਤਿਹਾਸ ਦੀ ਪਾਵਨਤਾ ਨੂੰ ਆਪਣੀ ਆਤਮਾ ਨਾਲ ਇਕਮਿਕ ਕਰ ਲਿਆ ਸੀ। ਉਹਨਾਂ ਆਪਣੇ ਵਿਰਸੇ ਦੀ ਪਤ ਰੱਖਣ ਲਈ ਆਪਣੀਆਂ ਜਾਨਾ ਕੁਰਬਾਨ ਕਰ ਦੇਣ ਦਾ ਅਨੋਖਾ ਕਾਰਨਾਮਾ ਜੂਨ 1984 'ਚ ਸਾਕਾਰ ਕਰ ਵਿਖਾਇਆ।

ਇਥੇ ਇਹ ਗੱਲ ਵੀ ਚੇਤੇ ਰੱਖਣ ਵਾਲੀ ਹੈ ਕਿ ਦੁਨਿਆਵੀ ਗਿਣਤੀਆਂ ਮਿਣਤੀਆਂ ਦੇ ਗਜ਼ ਨਾਲ ਮਾਪਣ ਵਾਲੇ ਇਤਿਹਾਸਕਾਰ ਸਿੱਖ ਲਹਿਰ ਦੇ ਫਲਸਫੇ ਦੀ ਰੂਹ ਨੂੰ ਨਹੀਂ ਸਮਝ ਸਕਦੇ। ਖ਼ਾਸ ਤੌਰ ਤੇ ਮੱਧ ਵਰਗ ਦੇ ਲੋਕ ਤਾਂ ਇਸ ਨੂੰ ਬਿਲਕੁਲ ਨਹੀਂ ਸਮਝ ਸਕਦੇ ਕਿਉਂਕਿ ਉਹਨਾਂ ਲੋਕਾਂ ਦੀ ਪ੍ਰਤੀਬੱਧਤਾ ਆਪਣੇ ਵਿਰਸੇ ਨਾਲੋਂ ਟੁੱਟ ਕੇ, ਆਪਣੇ ਸਮਾਜੀ ਤੇ ਸਿਆਸੀ ਭਵਿੱਖ ਨਾਲ ਵਧੇਰੇ ਜੁੜੀ ਹੁੰਦੀ ਹੈ। ਇਸ ਸ਼ਰੇਣੀ ਦੇ ਲੋਕਾਂ ਦਾ ਇਹ ਖਾਸਾ ਹੈ ਕਿ ਸਫਲਤਾ ਵੇਲੇ ਤਾਂ ਇਹ ਸਭ ਤੋਂ ਮੂਹਰੇ ਹੁੰਦੇ ਹਨ, ਪਰ ਥੋੜ੍ਹੀ ਜਿਹੀ ਮਾਰ ਪੈਣ ਨਾਲ ਹੀ ਇਹ ਪੁੱਠੇ ਪੈਰੀਂ ਭੱਜ ਤੁਰਦੇ ਹਨ। ਸੰਤ ਭਿੰਡਰਾਂਵਾਲਿਆਂ ਨੇ ਜਿੱਥੇ ਸਿੱਖ ਫਲਸਫੇ ਦੀ ਪਵਿੱਤਰਤਾ ਨੂੰ ਸਹੀ ਅਰਥਾਂ 'ਚ ਸਮਝਿਆ ਸੀ, ਉਥੇ ਬਾਕੀ ਦੇ ਸਿੱਖ ਲੀਡਰ ਉਸ ਦੇ ਨੇੜੇ ਤੇੜੇ ਵੀ ਨਹੀਂ ਸਨ।

ਇਤਿਹਾਸ ਦੇ ਸਭ ਤੋਂ ਖਤਰਨਾਕ ਸਮਿਆਂ 'ਚ ਵੀ ਸਿੱਖੀ ਸਪਿਰਟ ਦੀ ਕੀ ਰੂਹਾਨੀਅਤ ਹੁੰਦੀ ਹੈ, ਉਹ ਸੰਤ ਜਰਨੈਲ ਸਿੰਘ ਤੇ ਉਹਨਾਂ ਦੇ ਸਾਥੀਆਂ ਦੀ ਸਪਿਰਟ 'ਚੋਂ ਵੇਖੀ ਜਾ ਸਕਦੀ ਹੈ। ਅਜਿਹੀ ਸਿੱਖ ਦ੍ਰਿੜਤਾ ਤੇ ਸਪਿਰਟ ਕਿਸੇ ਸ਼ਬਦ ਦੀ ਮੁਥਾਜ ਨਹੀਂ ਹੈ ਅਤੇ ਨਾ ਹੀਂ ਕੋਈ ਕਲਮ ਸਿੱਖ ਮਾਨਸਕਤਾ 'ਚ ਵਸੀ ਸਦੀਵੀ ਸੱਚ ਦੀ ਅਵਾਜ਼ ਦੀ ਇਸ ਪਾਵਨਤਾ ਨੂੰ ਸਹੀ ਅਵਾਜ਼ ਦੇ ਸਕਦੀ ਹੈ। ਇਤਿਹਾਸ ਦੀ ਇਹੋ ਭਾਵਨਾ ਜੋ ਸਿੱਖਾਂ 'ਚ ਪੀੜ੍ਹੀ ਦਰ ਪੀੜ੍ਹੀ ਪੁੰਗਰਦੀ ਆ ਰਹੀ ਹੈ, ਔਰੰਗਜ਼ੇਬੀ ਤੇ ਬ੍ਰਾਹਮਣੀ ਤਰਜ਼ਿ ਜ਼ਿੰਦਗੀ 'ਤੇ ਹਮੇਸ਼ਾ ਭਾਰੂ ਰਹਿੰਦੀ ਰਹੀ ਹੈ। ਅਜਿਹੀ ਸਪਿਰਟ ਤੇ ਇਨਸਾਨੀ ਕਦਰਾਂ ਕੀਮਤਾਂ ਦੇ ਹੁੰਦਿਆਂ ਮੈਂ ਨਹੀ ਸਮਝਦਾ ਕਿ ਖਾਲਸਾ ਪੰਥ ਸਥਾਈ ਅਧੀਨਗੀ ਕਬੂਲਣ ਦੇ ਰਾਹ ਪੈ ਸਕੇਗਾ।

ਜੂਨ ਚੁਰਾਸੀ ਦੇ ਘੱਲੂਘਾਰੇ 'ਚ ਉਹ ਲੋਕ ਹੀ ਜ਼ਿੰਦਾ ਬਚੇ ਸਨ ਜਿਨ੍ਹਾਂ ਨੇ ਆਪਣੇ ਵਿਰਸੇ ਨਾਲੋਂ ਤੰਦ ਤੋੜ ਲਈ ਸੀ ਅਤੇ ਸਿਆਸੀ ਭਵਿੱਖ ਨੂੰ ਤਰਜੀਹ ਦਿੱਤੀ ਸੀ। ਉਸ ਸਮੇਂ ਸਿੱਖ ਲੀਡਰਸ਼ਿਪ 'ਚੋਂ ਜਿਹੜੇ ਲੋਕ ਸੰਤਾਂ ਵਾਲੇ ਪਾਸਿਓਂ ਖਿਸਕ ਕੇ ਬਚ ਗਏ ਸਨ ਜਾਂ ਬਚਾ ਲਏ ਗਏ ਸਨ, ਉਹ ਆਪਣੇ ਵਿਰਸੇ ਨੂੰ ਪਿੱਠ ਦੇ ਗਏ ਸਨ। ਪਰ ਆਪਣੇ ਮਹਾਨ ਵਿਰਸੇ ਨਾਲ ਜੁੜਿਆਂ ਨੇ 6 ਜੂਨ ਦੀ ਭਿਆਨਕ ਸਵੇਰ ਨੂੰ ਅਰਦਾਸਾਂ ਸੋਧ ਕੇ, ਸ਼ਹੀਦੀਆਂ ਪਾ ਕੇ, ਆਪਣੇ ਮਹਾਨ ਵਿਰਸੇ ਨਾਲ ਜਾ ਜੁੜੇ ਸਨ ਅਤੇ ਆਪਣੇ ਇਤਿਹਾਸ ਦੀ ਪਤ ਬਚਾ ਗਏ ਸਨ।

ਜੂਨ ਚੁਰਾਸੀ ਤੋਂ ਬਾਅਦ ਸਿੱਖ ਜਵਾਨਾਂ ਨੇ ਆਪਣੇ ਵਿਰਸੇ ਨੂੰ ਬਚਾਉਣ, ਆਪਣੇ ਵਿਰਸੇ ਨੂੰ ਜ਼ਿੰਦਾ ਰੱਖਣ ਅਤੇ ਆਪਣੇ ਇਤਿਹਾਸ ਦੀ ਪਰੰਪਰਾ ਨੂੰ ਬਹਾਲ ਰੱਖਣ ਲਈ ਬੇਹੱਦ ਕੁਰਬਾਨੀਆਂ ਦਿੱਤੀਆਂ। ਉਹਨਾਂ, ਇਹ ਕੁਰਬਾਨੀਆਂ ਪਵਿੱਤਰ ਉਦੇਸ਼ ਲਈ ਕੀਤੀਆਂ ਅਤੇ ਬਿਨਾਂ ਕਿਸੇ ਕਿਸਮ ਦੇ ਲੋਭ ਲਾਲਚ ਦੇ ਕੀਤੀਆਂ ਜੋ ਕਿ ਆਉਣ ਵਾਲੀਆਂ ਸਿੱਖ ਪੀੜ੍ਹੀਆਂ ਲਈ ਪ੍ਰੇਰਨਾ ਦਾ ਸਰੋਤ ਬਣਨਗੀਆਂ। ਖਾੜਕੂ, ਸਿੱਖ ਲਹਿਰ ਦੀਆਂ ਮੋਹਰਲੀਆਂ ਸਫਾਂ 'ਚ ਵਿਚਰਦੇ ਰਹੇ ਅਤੇ ਸਿਧਾਂਤਕ ਤੌਰ ਤੇ ਚੋਟੀ ਦੇ ਐਕਸ਼ਨਾਂ ਨੂੰ ਆਪਣੀ ਯੋਗਤਾ ਨਾਲ ਸਿਰੇ ਚੜ੍ਹਾਉਂਦੇ ਰਹੇ। ਉਹਨਾਂ ਬਹਾਦਰਾਂ ਨੇ ਆਪਣਾ ਲਹੂ ਦੇਕੇ ਸਿੱਖ ਕੌਮ ਨੂੰ ਜ਼ਿੰਦਾ ਰੱਖਣਯੋਗ ਸਾਹ ਮੁਹੱਈਆ ਕੀਤਾ।

ਜਿੰਨਾ ਵੱਡਾ ਹਮਲਾ ਸਿੱਖ ਮਾਨਸਕਤਾ 'ਤੇ ਹੋਇਆ ਸੀ, ਸਿੱਖ ਜਵਾਨੀ ਦਾ ਜਵਾਬ ਵੀ ਏਨਾ ਹੀ ਮੂੰਹ ਜ਼ੋਰ ਹੋਣਾ ਸੀ। ਉਸ ਜਵਾਬੀ ਕਾਰਵਾਈ 'ਚ ਬਹੁਤ ਸਾਰੀਆਂ ਗ਼ਲਤੀਆਂ ਵੀ ਹੋਈਆਂ ਹਨ, ਪਰ ਸਿੱਖ ਪੰਥ ਨੇ ਉਸ ਸਮੇਂ ਪ੍ਰਾਪਤੀਆਂ ਵੀ ਕੀਤੀਆਂ।ਸਿੱਖ ਪੰਥ ਦੇ ਖਿਲਾਫ ਸਮੁੱਚੀ ਹਿੰਦੂ ਸਟੇਟ ਨੇ ਜੋ ਫੌਜੀ ਤੇ ਵਿਚਾਰਧਾਰਕ ਜੰਗ ਲੜੀ ਅਤੇ ਜਿਸ ਤਰ੍ਹਾਂ ਭਾਰਤੀ ਸਟੇਟ ਨੇ ਸਿੱਖਾਂ ਦਾ ਯੋਜਨਾ ਬੱਧ ਢੰਗ ਨਾਲ ਕਤਲੇਆਮ ਕੀਤਾ, ਉਸ ਦੇ ਮੁਕਾਬਲੇ ਖਾੜਕੂਆਂ ਦੀਆਂ ਸਿੱਖ ਲਹਿਰ ਦੀਆਂ ਗ਼ਲਤੀਆਂ ਬਹੁਤ ਨਿਗੂਣੀਆਂ ਤੇ ਛੋਟੀਆਂ ਰਹਿ ਜਾਂਦੀਆਂ ਹਨ।

ਅੱਜ ਗੁਰੂ ਨਾਨਕ ਸਾਹਿਬ ਦੇ ਫਲਸਫੇ ਨੂੰ ਸਮਝਣ ਦੀ ਲੋੜ ਹੈ ਜਿਸ 'ਚ ਬਿਨਾਂ ਕਿਸੇ ਨਫੇ ਨੁਕਸਾਨ ਦੀ ਪ੍ਰਵਾਹ ਕੀਤਿਆਂ ਹਰ ਕਿਸਮ ਦੀ ਗ਼ੁਲਾਮੀ ਖਿਲਾਫ ਦ੍ਰਿੜਤਾ ਨਾਲ ਬਾਂਹ ਖੜੀ ਕਰਨ ਦਾ ਸੰਦੇਸ਼ ਦਿੱਤਾ ਹੋਇਆ ਹੈ। ਇਸ 'ਚ ਕੋਈ ਸ਼ਕ ਨਹੀਂ ਕਿ ਸਿੱਖ ਕੌਮ ਸਾਹਮਣੇ ਦਰਪੇਸ਼ ਸੰਕਟ ਕਾਫੀ ਗੁੰਝਲਦਾਰ ਹੈ ਅਤੇ ਔਕੜਾਂ ਭਰਿਆ ਹੈ। ਸਿੱਖ ਕੌਮ ਇਸ ਵੇਲੇ ਸਵੈ-ਮਾਣ ਤੋਂ ਹੀਣੀ ਹੋਈ ਪਈ ਹੈ। ਸੰਤ ਭਿੰਡਰਾਂਵਲਿਆਂ ਨੇ ਸਿੱਖਾਂ ਅੰਦਰ ਸਵੈਮਾਣ ਹੀ ਭਰਿਆ ਸੀ। ਉਹਨਾਂ ਕੌਮ 'ਚ ਜੋ ਸਵੈਮਾਣ ਭਰਿਆ ਸੀ, ਉਸ ਨੂੰ ਰਹਿੰਦੇ ਸਮੇਂ ਤਕ ਕਿਵੇਂ ਕਾਇਮ ਰੱਖਣਾ ਹੈ, ਇਸ ਬਾਰੇ ਸਿੱਖ ਕੌਮ ਨੇ ਹੁਣ ਫੈਸਲਾ ਕਰਨਾ ਹੈ। ਸਾਡਾ ਵਿਰਸਾ ਸਾਨੂੰ ਇਸ

ਔਕੜ ਭਰੇ ਰਾਹ ਲਈ ਵੀ ਚਾਨਣ ਦਿਖਾ ਰਿਹਾ ਹੈ। ਜੇ ਸਿੱਖ ਕੌਮ ਹਮੇਸ਼ਾ ਵਾਂਗ ਘੁਰਾੜੇ ਮਾਰਦੀ ਸੁੱਤੀ ਰਹੀ, ਤਾਂ ਇਤਿਹਾਸ ਨੇ ਤਾਂ ਆਪਣੇ ਵੇਗ 'ਚ ਉਹ ਫੈਸਲਾ ਕਰਵਾ ਹੀ ਲੈਣਾ ਹੈ। ਲੋੜ ਹੈ ਕਿ ਅਸੀਂ ਜਾਗੀਏ, ਆਪਣੇ ਵਿਰਸੇ ਤੇ ਸਿੱਖ ਲਹਿਰ ਪ੍ਰਤੀ ਆਪਣੇ ਮਨ ਵਿਚਲੇ ਵਿਸ਼ਵਾਸ ਨੂੰ ਡੋਲ੍ਹਣ ਨਾ ਦੇਈਏ। ਇਸ ਵਿਸ਼ਵਾਸ ਨਾਲ ਹੀ ਸਭ ਔਕੜਾਂ ਹਲ ਹੋ ਸਕਣਗੀਆਂ।

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਇਤਨੇ ਜ਼ੁਲਮ ਤੇ ਕਹਿਰ ਸਾਹਮਣੇ ਅੱਜ ਦਾ ਖ਼ਾਲਸਾ ਚੁਪ ਕਿਉਂ? ਜਿਸ ਖ਼ਾਲਸੇ ਨੇ ਲੋਕਾਂ ਨੂੰ ਕਬੁਧਿ ਕਰਨ ਤੋਂ ਹਟਾ ਕੇ ਮਾਨਸ ਜਾਤ ਦੇ ਹਰ ਅੰਗ ਨੂੰ ਸੱਚ-ਆਚਾਰ ਦੇ ਰਾਹੇ ਪਾਣਾ ਸੀ, ਜਿਸ ਖ਼ਾਲਸੇ ਨੇ ਸੰਤ-ਸੱਤਾ ਨੂੰ ਉਭਾਰਨਾ ਸੀ ਅਤੇ ਵਿਸ਼ੇ-ਵਿਕਾਰਾਂ ਵਿੱਚ ਗੜੂਦ ਕਬੁਧਿ ਨੂੰ ਸੋਧਣਾ ਸੀ, ਉਹ ਖ਼ਾਲਸਾ ਆਪ ਹੀ ਕਬੁਧਿ ਕਰਨ ਵਿੱਚ ਗ਼ਲਤਾਨ ਹੋ ਗਿਆ ਹੈ। ਪਤ ਦਾ ਜੀਵਨ ਜੀਉਣਾ ਗੁਰੂ ਨਾਨਕ ਦੇ ਧਰਮ ਦਾ ਆਦਰਸ਼ ਹੈ। ਕੀ ਅੱਜ ਸਿੱਖ ਪਤ ਦਾ ਜੀਵਨ ਜੀਉ ਰਹੇ ਹਨ? ਗ਼ੁਲਾਮੀ ਤੇ ਗਿਰਾਵਟ ਵਿੱਚ ਪਤ ਦਾ ਜੀਵਨ ਕਿਵੇਂ ਜੀਵਿਆ ਜਾ ਸਕਦਾ ਹੈ? ਆਪਣਾ ਧਰਮ, ਆਪਣਾ ਸਭਿਆਚਾਰ, ਆਪਣੀ ਬੋਲੀ, ਆਪਣਾ ਪਹਿਰਾਵਾ ਅਤੇ ਆਪਣੀ ਸੁਤੰਤਰਤਾ ਗਵਾ ਲੈਣ ਮਗਰੋਂ ਪਤ ਕਿਥੇ? ਆਪਣੀ ਅਣਖ ਤੇ ਗ਼ੈਰਤ ਨੂੰ ਇਕ ਪਾਸੇ ਰੱਖ ਕੇ ਅੱਜ ਦਾ ਖ਼ਾਲਸਾ ਵਜ਼ਾਰਤਾਂ ਬਣਾਉਣ ਲਈ ਤਰਲੋ ਮੱਛੀ ਕਿਉਂ? ਕੀ ਇਹੀ ਸਿੱਖੀ ਹੈ? ਅੱਜ ਦਾ ਖ਼ਾਲਸਾ ਗੁਰੂ ਅਰਜਨ ਸਾਹਿਬ ਦੇ ਹਲੇਮੀ ਰਾਜ ਨੂੰ ਕਿਉਂ ਪਿੱਠ ਦੇਈ ਬੈਠਾ ਹੈ?

22) ਅੱਜ ਦੇ ਪਦਾਰਥਵਾਦ 'ਚ 'ਹਲੇਮੀ ਰਾਜ' ਦੀ ਲੋੜ

ਅੱਜ ਦੇ ਸਾਇੰਸੀ ਯੁਗ ਅੰਦਰ ਸਾਇੰਸ ਦੀਆਂ ਵਿਗਿਆਨਕ ਖੋਜਾਂ ਤੇ ਕਾਢਾਂ ਨਿੱਤ ਨਵੀਆਂ ਪੁਲਾਂਘਾਂ ਪੁੱਟ ਰਹੀਆਂ ਹਨ। ਇਸ ਦੀਆਂ ਨਿਤ ਨਵੀਆਂ ਤੇ ਸੱਜਰੀਆਂ ਕਾਢਾਂ ਨੇ ਸੰਸਾਰ ਵਿੱਚੋਂ ਵਿਥਾਂ ਤੇ ਦੂਰੀਆਂ ਮਿਟਾ ਦਿੱਤੀਆਂ ਹਨ। ਇਸ ਸਦੀ ਵਿੱਚ ਵਿਗਿਆਨੀਆਂ ਨੂੰ 30,000 ਦੀ ਗਿਣਤੀ ਵਾਲੀ ਮਨੁੱਖੀ 'ਜੀਨ' ਵਰਗੀਆਂ ਬੜੀਆਂ ਮਹੱਤਵਪੂਰਨ ਲੱਭਤਾਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਦਾ ਮਨੁੱਖ ਦੇ ਸਮਾਜਕ ਜੀਵਨ 'ਤੇ ਬਹੁਤ ਡੂੰਘਾ ਅਸਰ ਪਿਆ ਹੈ, ਪੈ ਰਿਹਾ ਹੈ ਅਤੇ ਪਏਗਾ।

ਪੁਲਾੜ ਵਿੱਚ ਮਨੁੱਖੀ ਯੰਤਰਾਂ ਦੀ ਲਿਬਾਰਟਰੀ ਮਿੰਟ-ਮਿੰਟ ਦੀ ਜਾਣਕਾਰੀ ਦੇ ਰਹੀ ਹੈ। ਲਗਭਗ 31 ਕਰੋੜ ਕਿਲੋਮੀਟਰ ਦੀ ਦੂਰੀ 'ਤੇ ਪੁਲਾੜ ਵਿੱਚ ਗ੍ਰਹਿ 'ਤੇ ਮਨੁੱਖੀ ਯੰਤਰ ਨੇ ਉਤਾਰਾ ਕੀਤਾ ਹੈ। ਗਿਆਨ ਵਿਗਿਆਨ ਤੇ ਕਿਰਤ ਦਾ ਇਹ ਅਚੰਭਾ ਨਹੀਂ ਤਾਂ ਹੋਰ ਕੀ ਹੈ? ਪੱਛਮੀ ਦੇਸ਼ਾਂ ਵਿੱਚ ਸਾਇੰਸ ਤੇ ਤਕਨੀਕੀ ਗਿਆਨ ਦਾ ਵਿਕਾਸ ਉੱਚੀਆਂ ਸਿਖਰਾਂ ਛੂਹ ਰਿਹਾ ਹੈ। ਅੱਜ ਦੇ ਮਸ਼ੀਨੀ ਯੁਗ

ਨੇ ਮਨੁੱਖ ਦੀਆਂ ਸਰੀਰਕ ਲੋੜਾਂ ਦੀ ਪੂਰਤੀ ਲਈ ਪੈਦਾਵਾਰ ਦੇ ਖੇਤਰ ਵਿੱਚ ਇਨਕਲਾਬੀ ਵਾਧਾ ਕੀਤਾ ਹੈ।

ਲੋਕਾਂ ਪਾਸ ਧਨ-ਦੌਲਤ ਬੇਸ਼ੁਮਾਰ ਹੈ ਅਤੇ ਤਨ ਦੀਆਂ ਲੋੜਾਂ ਪੂਰੀਆਂ ਕਰਨ ਦੇ ਸਾਰੇ ਸਾਧਨ ਵੀ ਮੌਜੂਦ ਹਨ। ਅੱਜ ਪੱਛਮੀ ਦੇਸ਼ਾਂ ਦੀ ਵਸੋਂ ਸਾਹਮਣੇ ਰੋਟੀ ਕਪੜੇ ਅਤੇ ਮਕਾਨ ਦਾ ਮਸਲਾ ਕੋਈ ਮਸਲਾ ਨਹੀਂ ਰਿਹਾ। ਇਹਨਾਂ ਦੇਸ਼ਾਂ ਵਿੱਚ ਪਦਾਰਥਕ ਉੱਨਤੀ ਨਿਤ ਨਵੀਆਂ ਸਿਖਰਾਂ ਛੂਹ ਰਹੀ ਹੈ, ਪਰ ਇਹ ਪਦਾਰਥਕ ਸਹੂਲਤਾਂ ਮਨੁੱਖੀ ਹਿਰਦੇ ਨੂੰ ਸ਼ਾਂਤੀ ਦੇ ਸਕਣ ਵਿੱਚ ਬੁਰੀ ਤਰ੍ਹਾਂ ਫ਼ੇਲ੍ਹ ਹੋਈਆਂ ਹਨ। ਸਿੱਟੇ ਵਜੋਂ ਇਹਨਾਂ ਦੇਸਾਂ ਦੇ ਲੋਕਾਂ ਦੇ ਮਨ ਮਾਨਸਿਕ ਸ਼ਾਂਤੀ ਲਈ ਤਰਸ ਰਹੇ ਹਨ।

ਮਾਇਆ ਦੀ ਭਟਕਣ ਵਿੱਚ ਪਦਾਰਥਵਾਦ ਦੀ ਇਕ-ਪਾਸੜ ਦੌੜ ਨੇ ਮਨੁੱਖ ਨੂੰ ਬੇਚੈਨ ਕਰਕੇ ਰੱਖ ਦਿੱਤਾ ਹੈ ਅਤੇ ਇਹ ਪਦਾਰਥਕ ਦੌੜ ਬੜੀ ਤੇਜ਼ੀ ਨਾਲ ਵੱਧ ਰਹੀ ਹੈ। ਨਾ ਕਿਸੇ ਕੋਲ ਗੱਲ ਕਰਨ ਦਾ ਸਮਾਂ ਹੈ ਅਤੇ ਨਾ ਹੀਂ ਸੁਣਨ ਦਾ। ਹਰ ਕੋਈ ਸਰੀਰਕ ਸੁਖਾਂ ਦੀ ਪ੍ਰਾਪਤੀ ਦੀ ਦੌੜ ਵਿੱਚ ਹੈ ਅਤੇ ਇਹ ਦੌੜ ਹਰ ਚੜ੍ਹਦੀ ਸਵੇਰ ਨਾਲ ਤੇਜ਼ ਹੁੰਦੀ ਜਾ ਰਹੀ ਹੈ। ਜਿਤਨੀ ਦੌੜ ਤੇਜ਼ ਹੁੰਦੀ ਹੈ, ਉਤਨੀ ਹੀ ਜੀਵਨ ਤੇ ਮਨੁੱਖ ਦੀ ਪਕੜ ਢਿੱਲੀ ਪੈਂਦੀ ਜਾ ਰਹੀ ਹੈ ਅਤੇ ਇਸ ਢਿੱਲੀ ਪਕੜ ਨਾਲ ਤੇ ਡਾਵਾਂਡੋਲ ਵਿਸ਼ਵਾਸ ਨਾਲ ਜੀਵਨ ਛੱਲਾਂ ਦਾ ਸਾਹਮਣਾ ਕਰਨਾ ਔਖਾ ਬਣਦਾ ਜਾਂਦਾ ਹੈ। ਅਜਿਹੀ ਹਾਲਤ ਵਿੱਚ ਮਨੁੱਖ ਧਰਤੀ ਤੇ ਪੈਰ ਵੀ ਢਿੱਲੇ-ਢਿੱਲੇ ਹੀ ਧਰਦਾ ਹੈ।

ਮਨੁੱਖ ਕੁਦਰਤ ਦੀਆਂ ਸ਼ਕਤੀਆਂ 'ਤੇ ਹੌਲੀ ਹੌਲੀ ਕਾਬੂ ਪਾ ਰਿਹਾ ਹੈ। ਇਸ ਨੇ ਧਰਤੀ ਨੂੰ ਗੁਲਜ਼ਾਰ ਜਾਂ ਉਜਾੜ 'ਚ ਬਦਲਣ ਦੀ ਸ਼ਕਤੀ ਪ੍ਰਾਪਤ ਕਰ ਲਈ ਹੈ, ਪਰ ਅੱਜ ਦਾ ਮਨੁੱਖ, ਇਨਸਾਨੀ ਕਦਰਾਂ ਕੀਮਤਾਂ - ਬਰਾਬਰਤਾ, ਸਾਂਝੀਵਾਲਤਾ, ਸਰਬ ਮਿਤਰਤਾ, ਸਰਬ ਪਿਆਰ, ਸੁਤੰਤਰਤਾ ਆਦਿਕ ਦੇ ਕੁਦਰਤੀ ਰਾਹਾਂ ਤੋਂ ਬਹੁਤ ਦੁਰਾਡੇ ਚਲਾ ਗਿਆ ਹੈ। ਰੂਹਾਨੀ ਤੇ ਇਖਲਾਕੀ ਕਦਰਾਂ ਕੀਮਤਾਂ ਅਲੋਪ ਹੋ ਗਈਆਂ ਹਨ। ਸਰੀਰਕ ਸੁਖਾਂ ਦੇ ਸਾਧਨ ਤੇਜ਼ੀ ਨਾਲ ਵੱਧ ਰਹੇ ਹਨ। ਮਨੁੱਖੀ ਜੀਵਨ ਦੇ ਸੁਖ ਅਰਮ ਪਹਿਲਾਂ ਨਾਲੋਂ ਬਹੁਤ ਜ਼ਿਆਦਾ ਵਧੇਰੇ ਹੋਣ ਦੇ ਬਾਵਜੂਦ ਮਨੁੱਖੀ ਆਤਮਾ ਸੱਖਣੀ, ਭੁੱਖੀ, ਅਸ਼ਾਂਤ ਅਤੇ ਵਿਆਕੁਲ ਹੈ, ਜਿਸ ਦਾ ਮੁੱਖ ਕਾਰਨ ਰੂਹਾਨੀ ਖੱਪਾ ਹੈ। ਜਿਤਨੀ ਵੱਧ ਪਦਾਰਥਕ ਉੱਨਤੀ, ਉਤਨਾ ਹੀ ਵੱਧ ਰੂਹਾਨੀ ਖੱਪਾ ਵੱਡਾ ਹੁੰਦਾ ਜਾ ਰਿਹਾ ਹੈ। ਜਿਤਨਾ ਵੱਡਾ ਰੂਹਾਨੀ ਖੱਪਾ, ਉਤਨੀ ਹੀ ਵੱਧ ਮਨੁੱਖ ਦੀ ਮਾਨਸਿਕ ਅਸ਼ਾਂਤੀ ਵਧਦੀ ਜਾ ਰਹੀ ਹੈ। ਜ਼ਿੰਦਗੀ ਇਕ ਭਟਕਣ ਚੱਕਰ ਬਣਦੀ ਜਾ ਰਹੀ ਹੈ।

ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਜ਼ਿੰਦਗੀ ਦੀਆਂ ਸਮੱਸਿਆਵਾਂ ਏਨੀਆਂ ਜਟਿਲ ਹੁੰਦੀਆਂ ਜਾ ਰਹੀਆਂ ਹਨ, ਕਿ ਮਨੁੱਖ ਉਹਨਾਂ ਨੂੰ ਸੁਲਝਾਉਂਦਾ-ਸੁਲ ਝਾਉਂਦਾ ਖੁਦ ਹੀ ਇਕ ਸਮੱਸਿਆ ਬਣਦਾ ਜਾ ਰਿਹਾ ਹੈ। ਜਿਸ ਅਨੁਪਾਤ ਨਾਲ ਜ਼ਿੰਦਗੀ ਦੀ ਅਨਿਸਚਿਤਤਾ ਵਧਦੀ ਜਾ ਰਹੀ ਹੈ, ਉਸੇ ਅਨੁਪਾਤ ਨਾਲ ਮਨੁੱਖ ਬੇਚੈਨ ਤੇ ਅਸ਼ਾਂਤ ਹੁੰਦਾ ਜਾ ਰਿਹਾ ਹੈ। ਮਾਨਸਿਕ ਟਿਕਾਅ ਤੇ ਸ਼ਾਤੀ ਅਲੋਪ ਹੁੰਦੀ ਜਾ ਰਹੀ ਹੈ। ਘਰੋਗੀ ਨਿੱਘ ਅਲੋਪ ਹੁੰਦਾ ਜਾ ਰਿਹਾ ਹੈ। ਘਰਾਂ ਵਿੱਚ ਰਹਿੰਦੇ ਬੰਦਿਆਂ ਵਿੱਚ ਕੋਈ ਸੁਰ-ਤਾਲ ਨਹੀਂ ਰਿਹਾ ਅਤੇ ਘਰ ਦੇ ਕਿਸੇ ਮੈਂਬਰ ਵਿੱਚ ਮਾਨਸਿਕ ਟਿਕਾਅ ਨਹੀਂ। ਕੁਦਰਤੀ ਮੋਹ-ਪਿਆਰ ਦੀਆਂ ਚਿਣਗਾਂ ਮਚਣੋਂ ਬੰਦ ਹੋ ਗਈਆਂ ਹਨ।

ਅਸ਼ਾਂਤ ਹੋਇਆ ਬਉਰਾਨਾ ਮਨੁੱਖ ਇਸ ਜੀਵਨ ਨੂੰ ਇਕ ਉਲਝਣ ਬਣਾ ਬੈਠਾ ਹੈ। ਸਰੀਰਕ ਸੁਖਾਂ ਦੀ ਦੌੜ ਵਿੱਚ ਨਾ ਕੇਵਲ ਇਹ ਆਪਣੇ ਅਸਲੀ ਮਨੁੱਖੀ ਫ਼ਰਜ਼ ਤੋਂ ਲਾਂਭੇ ਜਾ ਰਿਹਾ ਹੈ, ਸਗੋਂ ਆਪਣੀਆਂ ਜੀਵਨ ਤੰਦਾਂ ਦੀ ਉਲਝੀ ਤਾਣੀ ਵਿੱਚ ਉਲਝਿਆ, ਪਲ਼ਚਿਆ ਅਤੇ ਬੌਂਦਲਿਆ ਫਿਰਦਾ ਹੈ। ਅਜੋਕਾ ਮਨੁੱਖ ਕੀਤੇ ਕੰਮਾਂ ਦੀ ਫਲ-ਪ੍ਰਾਪਤੀ ਲਈ ਉਤਾਵਲਾ ਹੈ। ਸਮੇਂ ਦੀ ਰਫ਼ਤਾਰ ਤੋਂ ਇਹ ਇਤਨਾ ਪਰਭਾਵਿਤ ਹੈ ਕਿ ਸਮੇਂ ਦੀ ਰਫ਼ਤਾਰ ਨਾਲ ਰਲ ਸਕਣ ਦੀ ਇਸ ਅੰਦਰ ਤੀਬਰ ਚੇਸ਼ਟਾ ਹੈ। ਇਸ ਚੇਸ਼ਟਾ ਦੀ ਪੂਰਤੀ ਲਈ ਵਿਗਿਆਨਕ ਸਾਧਨਾ ਨਾਲ ਲੱਦੀਕੇ ਇਹ ਰਾਤ-ਦਿਨ ਭਜਾ ਫਿਰਦਾ ਹੈ ਜਿਵੇਂ ਕਿ ਕਬੀਰ ਜੀ ਨੇ ਦਰਸਾਇਆ ਹੈ :-

'ਮਾਟੀ ਕੋ ਪੁਤਰਾ, ਕੈਸੇ ਨਚਤੁ ਹੈ॥
ਦੇਖੈ ਦੇਖੈ ਸੁਨੈ ਬੋਲੈ, ਦਉਰਿਓ ਫਿਰਤੁ ਹੈ'॥ (ਪੰਨਾ 487)

ਅੱਜ ਦੇ ਮਨੁੱਖ ਕੋਲ ਜਿਤਨਾ ਵੱਧ ਧਨ-ਦੌਲਤ, ਸੰਪਤੀ-ਜਾਇਦਾਦਾਂ ਅਤੇ ਅਖਤਿਆਰ-ਅਧਿਕਾਰ ਵਧਦੇ ਜਾਂਦੇ ਹਨ, ਉਤਨੀ ਹੀ ਜ਼ਿਆਦਾ ਇਸ ਦੀ ਲਾਲਸਾ ਵਧਦੀ ਜਾਂਦੀ ਹੈ, ਉਤਨਾ ਹੀ ਕ੍ਰੋਧ ਤੇ ਹੰਕਾਰ ਵਧਦਾ ਜਾਂਦਾ ਹੈ ਅਤੇ ਮਾਨਸਿਕ ਤਣਾਉ ਤੇ ਮੱਥੇ ਦੀਆਂ ਤਿਊੜੀਆਂ ਵੀ ਉਸੇ ਹਿਸਾਬ ਨਾਲ ਵਧਦੀਆਂ ਜਾਂਦੀਆਂ ਹਨ। ਹੰਕਾਰ ਵਿੱਚ ਅੰਨ੍ਹਾ ਹੋਇਆ ਮਨੁੱਖ ਆਪਣੇ ਸਾਕ-ਸੰਬੰਧੀਆਂ ਤੇ ਦੋਸਤਾਂ-ਮਿਤਰਾਂ ਨੂੰ ਤੰਗ ਕਰਕੇ ਉਹਨਾਂ ਦੀ ਹੇਠੀ ਕਰਨ ਵਿੱਚੋਂ ਆਪਣੀ ਖ਼ੁਸ਼ੀ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਇਸ ਤਰ੍ਹਾਂ ਹਉਮੈਂ ਵਿੱਚ ਗ੍ਰਸਿਆ ਇਹ ਮਨੁੱਖ ਗੁਣਾਂ ਨੂੰ ਤਿਲਾਂਜਲੀ ਦੇ ਦਿੰਦਾ ਹੈ। ਨਾ ਇਹ ਕਿਸੇ ਹੋਰ ਨੂੰ ਆਪਣੇ ਤੁਲ ਸਮਝਦਾ ਹੈ ਅਤੇ ਨਾ ਹੀ ਕਿਸੇ ਹੋਰ ਦੀ ਚੰਗਿਆਈ, ਭਲਿਆਈ ਜਾਂ ਵਡਿਆਈ ਬਰਦਾਸ਼ਤ ਕਰ ਸਕਦਾ ਹੈ। ਆਪਣੇ ਆਪ ਨੂੰ ਸਿਆਣਾ, ਚਾਤੁਰ, ਸਫ਼ਲ ਵਪਾਰੀ, ਕਾਮਯਾਬ ਲ ੀਡਰ, ਦਾਨੀ ਅਤੇ ਭਗਤ ਅਖਵਾਉਣ ਦੇ ਪਰਪੰਚ ਰਚਦਾ ਰਹਿੰਦਾ ਹੈ ਅਤੇ

ਦੂਜਿਆਂ ਵਾਸਤੇ ਸਦਾ ਬੁਰਾ ਚਿਤਵਦਾ ਵੀ ਹੈ ਅਤੇ ਕਰਦਾ ਵੀ। ਇਸ ਤਰ੍ਹਾਂ ਇਹ ਮਨੁੱਖ ਕਰਿਝਦਾ, ਝੂਰਦਾ, ਸੜਦਾ ਤੇ ਕਲਪਦਾ ਰਹਿੰਦਾ ਹੈ। ਇਸ ਦੀ ਹਉਮੈਂ ਇਸ ਨੂੰ ਅਰਾਮ, ਸ਼ਾਂਤੀ ਅਤੇ ਪਿਆਰ ਨਾਲ ਨਹੀਂ ਰਹਿਣ ਦੇਂਦੀ। ਜ਼ਿੰਦਗੀ ਨੂੰ ਨਰੋਏ ਪੈਰਾਂ ਤੇ ਖਲੋਣ ਲਈ ਸਹੀ ਆਧਾਰ ਦੀ ਲੋੜ ਹੈ।

ਪੱਛਮੀ ਦੇਸ਼ਾਂ ਕੋਲ ਧਨ ਹੈ, ਸਰੀਰਕ ਸੁਖ ਦੇ ਸਾਰੇ ਸਾਧਨ ਵੀ ਬੇਸ਼ੁਮਾਰ ਮੌਜੂਦ ਹਨ, ਪਰ ਇਸ ਸਭ ਕੁਝ ਦੇ ਬਾਵਜੂਦ ਇਥੋਂ ਦੇ ਲੋਕ ਸਗੋਂ ਵਧੇਰੇ ਬੇਚੈਨ ਹਨ। ਇਹ ਤਾਂ ਦੇ ਘਰੋਗੀ ਜੀਵਨ ਵਿੱਚੋਂ ਸੁਖ-ਚੈਨ ਖੰਭ ਲਾ ਕੇ ਉਡ ਗਏ ਹਨ। ਅੱਜ ਲਾਲ ' ਨੇ ਭਿਆਨਕ ਰੂਪ ਧਾਰ ਲਿਆ ਹੈ। ਇਹਨਾਂ ਕੋਲ ਜਿਤਨਾ ਵੱਧ ਧਨ ਹੈ, ਉ. ਨੇ ਹੀ ਵੱਧ ਇਹ ਹੋਰ ਧਨ ਇਕੱਠਾ ਕਰਨ ਦੀ ਦੌੜ ਵਿੱਚ ਹਨ। ਜਿਸ ਕੋਲ ' ਹੈ, ਉਹ ਹਜ਼ਾਰ ਲਈ, ਜਿਸ ਕੋਲ ਹਜ਼ਾਰ ਹੈ, ਉਹ ਲੱਖ ਲਈ, ਜਿਸ ਕੋਲ ਲੱਖ ਹੈ, ਉਹ ਕਰੋੜ ਲਈ ਅਤੇ ਜਿਸ ਕੋਲ ਕਰੋੜ ਹੈ, ਉਹ ਅਰਬ ਇਕੱਠਾ ਕਰਨ ਲਈ ਸਾਰੀ ਜ਼ਿੰਦਗੀ ਦਾਅ 'ਤੇ ਲਾਈ ਬੈਠਾ ਹੈ। ਜਿਤਨਾ ਵੱਧ ਕੋਈ ਧਨਵਾਨ ਹੈ, ਉਤਨਾ ਹੀ ਵੱਧ ਉਹ ਬੇਚੈਨ ਹੈ, ਅਸ਼ਾਂਤ ਹੈ ਅਤੇ ਭਟਕ ਰਿਹਾ ਹੈ। ਇਸ ਭਟਕਣ ਨੂੰ ਦੂਰ ਕਰਨ ਲਈ ਪਹਿਲਾਂ ਇਹ ਸ਼ਰਾਬ ਦਾ ਸਹਾਰਾ ਲੈਂਦਾ ਹੈ। ਜਦ ਇਸ ਨਾਲ ਦੂਰ ਨਹੀਂ ਹੁੰਦੀ, ਤਾਂ ਨਾਲ ਡਰੱਗਜ਼ ਲੈਣੀਆਂ ਸ਼ੁਰੂ ਕਰ ਦਿੰਦਾ ਹੈ। ਜਦ ਇਸ ਤਰ੍ਹਾਂ ਨਾਲ ਵੀ ਭਟਕਣ ਦੂਰ ਨਹੀਂ ਹੁੰਦੀ, ਤਾਂ ਇਹਨਾਂ ਦੋਹਾਂ ਦੀ ਵੱਧ ਮਾਤਰਾ ਵਿੱਚ ਵਰਤੋਂ ਕਰਦਿਆਂ-ਕਰਦਿਆਂ ਕਈ ਵਾਰ ਇਹ ਆਪਣਾ ਅੰਤ ਹੀ ਕਰ ਬਹਿੰਦਾ ਹੈ।

ਇਕ ਸਾਇੰਸਦਾਨ ਆਪਣੇ ਕਿੱਤੇ 'ਚ ਮਾਹਿਰ ਹੋ ਸਕਦਾ ਹੈ, ਵੱਧ ਤੋਂ ਵੱਧ ਧਨ ਕਮਾ ਸਕਦਾ ਹੈ, ਸਰੀਰਕ ਸੁਖ ਪ੍ਰਾਪਤ ਕਰ ਸਕਦਾ ਹੈ, ਸਰੀਰਕ ਸੰਤੁਸ਼ਟਤਾ ਪ੍ਰਾਪਤ ਕਰ ਸਕਦਾ ਹੈ, ਪਰੰਤੂ ਇਹ, ਇਕ ਪਾਸੜ ਸਰੀਰਕ ਸੰਤੁਸ਼ਟਤਾ ਹੈ, ਜਿਸ ਕਰਕੇ ਉਸ ਸਾਇੰਦਾਨ ਨੂੰ ਅਸਲੀ ਖੁਸ਼ੀ ਤੇ ਖੇੜਾ ਪ੍ਰਾਪਤ ਨਹੀਂ ਹੋ-ਸਕਦਾ। ਅਜਿਹਾ ਸਾਇੰਸਦਾਨ ਨਾ ਚੰਗਾ ਪਤੀ ਬਣ ਸਕਦਾ ਹੈ, ਨਾ ਚੰਗਾ ਪਿਤਾ ਬਣ ਸਕਦਾ ਹੈ, ਨਾ ਚੰਗਾ ਦੋਸਤ ਬਣ ਸਕਦਾ ਹੈ, ਨਾ ਇਕ ਚੰਗਾ ਮਨੁੱਖ ਬਣ ਸਕਦਾ ਹੈ ਅਤੇ ਨਾ ਹੀ ਉਹ ਆਪਣਾ ਮਨੁੱਖੀ ਫਰਜ਼ ਹੀ ਨਿਭਾ ਸਕਦਾ ਹੈ। ਧਰਮ ਦਾ ਭਾਵਮਨੁੱਖੀ ਪ੍ਰਾਕ੍ਰਿਤਕ ਫਰਜ਼ ਖਿਹਕੱ ਹੈ। ਇਹ ਫਰਜ਼ ਤਦ ਹੀ ਨਿਭਾਇਆ ਜਾ ਸਕਦਾ ਹੈ, ਜੇ ਮਨੁੱਖ ਦੇ ਮਨ, ਬਚਨ ਤੇ ਕਰਮ 'ਚ ਇਕਸੁਰਤਾ ਹੋਵੇ। ਜੋ ਉਹ ਸੋਚਦਾ ਹੈ, ਉਹੀ ਕਹਿੰਦਾ ਹੈ। ਜੋ ਕਹਿੰਦਾ ਹੈ, ਉਹੀ ਕੁਝ ਕਰਦਾ ਹੈ। (Thought,word, deed ਦੀ ਇਕਸੁਰਤਾ)

ਖੁਸ਼ਹਾਲੀ ਹੈ, ਅਮੀਰੀ ਹੈ, ਧਨ ਦੀ ਬਹੁਲਤਾ ਹੈ, ਸਰੀਰਕ ਸੁਖ-ਅਰਾਮ ਦੀ

ਬਹੁਲਤਾ ਹੈ, ਪਰ ਮਨ ਦੀ ਤਸੱਲੀ ਨਹੀਂ। ਵਿਗਿਆਨ ਤੇ ਟੈਕਨਾਲੋਜੀ ਸਦਕਾ ਸਰੀਰਕ ਸੁਖਾਂ ਦੀ ਬਹੁਲਤਾ ਹੈ, ਪਰ ਮਾਨਸਿਕ ਤੌਰ ਤੇ ਮਨੁੱਖ ਵਿਆਕੁਲ ਹੈ। ਵਿਗਿਆਨ ਨੇ ਸਰੀਰਕ ਸੁਖ-ਅਰਾਮ 'ਚ ਸਭ ਕੁਝ ਬਦਲ ਕੇ ਰੱਖ ਦਿੱਤਾ ਹੈ, ਪਰ ਮਨੁੱਖ ਦੇ ਮਨ ਨੂੰ ਨਹੀਂ ਬਦਲ ਸਕਿਆ। ਮਨੁੱਖ ਨੇ ਕਹਿਰਾਂ ਦਾ ਗਿਆਨ ਇਕੱਠਾ ਕਰ ਲਿਆ ਹੈ, ਪਰ ਅਗਿਆਨਤਾ ਨਹੀਂ ਤਿਆਗ ਸਕਿਆ। ਪਿਛਲੀ ਸਦੀ ਦੇ ਆਰੰਭ 'ਚ ਮਨੁੱਖ ਕੋਲ ਹਰ ਚੀਜ਼ ਦੀ ਥੁੜ ਸੀ, ਪਰੰਤੂ ਥੁੜਾਂ ਦੇ ਬਾਵਜੂਦ ਮਨੁੱਖ ਮਾਨਸਿਕ ਤੌਰ ਤੇ ਸੰਤੁਸ਼ਟ ਸੀ। ਅੱਜ ਹਰ ਚੀਜ਼ ਦੀ ਬਹੁਲਤਾ ਹੈ, ਪਰ ਸਾਡੇ ਮਨ ਅਸੰਤੁਸ਼ਟ ਹਨ। ਜਦ ਗੁਰਮਤਿ ਦਾ ਚਾਨਣ ਹੋ ਜਾਂਦਾ ਹੈ, ਤਾਂ ਮਨੁੱਖ ਛੋਟੀਆਂ ਮੋਟੀਆਂ ਦੁਨਿਆਵੀ ਮੰਗਾਂ ਦਾ ਗ਼ੁਲਾਮ ਨਹੀਂ ਰਹਿੰਦਾ।

ਗੁਰਬਾਣੀ ਰੂਹਾਨੀ ਪ੍ਰਕਾਸ਼ ਹੈ ਅਤੇ ਬ੍ਰਹਮੰਡਵਾਦੀ ਗਿਆਨ ਦਾ ਸੋਮਾ ਹੈ ਜਿਸ ਦੀ ਜੀਵਨ ਜੁਗਤੀ ਨਾਲ ਮਨੁੱਖ ਇਸ ਬਲਦੇ-ਸੜਦੇ ਈਰਖਾਲੂ ਸੰਸਾਰ ਵਿੱਚ ਅਨੰਦਮਈ ਢੰਗ ਨਾਲ ਆਪਣਾ ਜੀਵਨ ਗੁਜ਼ਾਰ ਸਕਦਾ ਹੈ। ਗੁਰੂ ਸਾਹਿਬ ਨੇ ਸਾਨੂੰ ਗੁਰਬਾਣੀ ਪੜ੍ਹਨ, ਸੁਣਨ, ਗਾਉਣ, ਵਿਚਾਰਨ ਤੇ ਅਮਲ ਕਰਨ ਦਾ ਉਪਦੇਸ਼ ਦਿੱਤਾ ਹੈ:-

ਭਗਤਿ ਭੰਡਾਰ ਗੁਰਬਾਣੀ ਲਾਲ॥
ਗਾਵਤ ਸੁਨਤ ਕਮਾਵਤ ਨਿਹਾਲ॥ (ਪੰਨਾ 376)

ਆਪਣੇ ਮੂਲ ਨੂੰ ਪਛਾਣ ਕੇ ਉਸ ਨਾਲ ਇਕਮਿਕ ਹੋਣਾ ਜਾਂ ਅਭੇਦ ਹੋਣਾ ਹੀ ਰੂਹਾਨੀਅਤ ਹੈ। ਰੂਹਾਨੀਅਤ ਜਾਗਰਤ ਅਵਸਥਾ ਦਾ ਨਾਂ ਹੈ ਭਾਵਚਾਨਣ ਹੋਈ ਆਤਮਾ। ਰੱਬੀ ਗੁਣਾਂ ਨੂੰ ਧਾਰਨ ਕਰਕੇ ਆਪਣੇ ਫਰਜ਼ ਉਨ੍ਹਾਂ ਗੁਣਾਂ ਅਨੁਸਾਰ ਨਿਭਾਉਣਾ ਹੀ ਰੱਬ ਨਾਲ ਅਭੇਦ ਹੋਣਾ ਹੈ। ਗੁਰਮਤਿ 'ਚ ਇਸ ਨੂੰ ਹੀ ਜੀਵਨ ਮੁਕਤਾ ਆਖਿਆ ਗਿਆ ਹੈ। ਇਹ ਹੀ ਆਪਣੇ ਮੂਲ ਦੀ ਪਛਾਣ ਹੈ। ਗੁਰਮਤਿ ਮੁਤਾਬਕ ਰੱਬੀ ਨਿਯਮਾਵਲੀ ਅਨੁਸਾਰ ਜੀਵਨ ਜੀਉਣਾ ਹੀ ਜੀਵਨ ਮੁਕਤਾ ਹੈ। ਕੁਦਰਤ ਦੀ ਹਰ ਸ਼ੈਅ 'ਚ ਕਾਦਰ ਦੀ ਪਹਿਚਾਣ ਕਰਨੀ ਹੈ ਅਤੇ ਬ੍ਰਹਮੰਡ ਨਾਲ ਆਪਣੇ ਆਪ ਨੂੰ ਇਕਮਿਕ ਕਰ ਲੈਣਾ ਹੈ। ਅਰਥਾਤ ਨਿੱਜਵਾਦ ਨੂੰ ਤਿਆਗ ਕੇ ਸਮੁੱਚੇ ਬ੍ਰਹਮੰਡ ਨਾਲ ਇਕਸੁਰ ਹੋ ਜਾਣਾ ਹੀ ਆਪਣੇ ਮੂਲ ਨੂੰ ਪਛਾਣ ਲੈਣਾ ਹੈ।

ਇਹ ਹੈ ਮੰਜ਼ਲ ਜਿਸ ਵਲ ਵਿਕਾਸ ਕਰਣਾ ਹੈ। ਇਸ ਮੰਜ਼ਲ ਨੂੰ ਤੈਅ ਕਰਨ ਲਈ ਗੁਰਮਤਿ ਨੇ ਇਕ ਜੀਵਨ ਜਾਂਚ ਪੇਸ਼ ਕੀਤੀ ਹੈ, ਜੋ ਬ੍ਰਹਮੰਡਵਾਦੀ ਅਸੂਲਾਂ 'ਤੇ ਆਧਾਰਤ ਹੈ। ਨਾਮ ਜਪਣਾ ਭਾਵ ਹਰ ਵੇਲੇ ਆਪਣੇ ਮੂਲ ਰੱਬ ਨੂੰ ਚੇਤੇ ਰੱਖਣਾ ਹੈ ਅਤੇ ਉਸ ਦੀ ਨਿਯਮਾਵਲੀ ਅਨੁਸਾਰ ਜੀਵਨ ਜੀਉਣਾ ਹੈ। ਕਿਰਤ ਕਰਨੀ ਹੈ, ਕੁਝ ਪੈਦਾ ਕਰਨਾ ਹੈ, ਆਪਣੇ ਹੱਥ ਪੈਰ ਹਿਲਾ ਕੇ ਆਪਣੇ ਸਰੀਰ ਨੂੰ

ਮਜ਼ਬੂਤ ਰੱਖਣਾ ਹੈ ਅਤੇ ਕੀਤੀ ਕਮਾਈ ਨੂੰ ਵੰਡ ਕੇ ਖਾਣਾ ਹੈ। ਕਿਸੇ ਦਾ ਹੱਕ ਨਹੀਂ ਮਾਰਨਾ ਹੈ, ਕਿਸੇ ਦਾ ਦਿਲ ਨਹੀਂ ਦੁਖਾਣਾ ਹੈ ਅਤੇ ਸਭ ਨੂੰ ਅਕਾਲ ਪੁਰਖ ਦੀ ਕਿਰਤ ਸਮਝ ਕੇ ਉਹਨਾਂ ਨੂੰ ਪਿਆਰਨਾ ਹੈ। ਅਜਿਹੇ ਜੀਵਨ ਢੰਗ ਨੂੰ ਆਪਣੇ ਰੋਜ਼ ਦੇ ਜੀਵਨ ਦਾ ਆਧਾਰ ਬਣਾਣਾ ਹੈ।

ਸਿੱਖ ਰੂਹਾਨੀਅਤ 'ਚ ਨਿੱਜ-ਮੁਕਤੀ ਦੀ ਥਾਂ ਸਮਾਜਕ ਮੁਕਤੀ ਮਨੁੱਖ ਦਾ ਨਿਸ਼ਾਨਾ ਹੈ। ਜਿਵੇਂ ਲੱਖਾਂ ਕਰੋੜਾਂ ਬੂੰਦਾਂ ਨੂੰ ਨਾਲ ਲਏ ਬਿਨਾਂ ਇਕੱਲੀ ਬੂੰਦ ਆਪਣੇ ਮੂਲ ਸਾਗਰ ਤਕ ਨਹੀਂ ਪਹੁੰਚ ਸਕਦੀ, ਉਵੇਂ ਹੀ ਇਕੱਲਾ ਮਨੁੱਖ ਸਮੁੱਚੇ ਸਮਾਜ ਨੂੰ ਨਾਲ ਲਏ ਬਿਨਾਂ ਮੰਜ਼ਲ ਤਕ ਨਹੀਂ ਅਪੜ ਸਕਦਾ। ਇਸੇ ਕਰਕੇ ਸਿੱਖ ਦਾ ਜੀਵਨ ਸੰਗਤ ਨਾਲ ਜੁੜਿਆ ਹੋਇਆ ਹੈ। ਆਪ ਤਰਨਾ ਹੈ ਅਤੇ ਦੂਜਿਆਂ ਨੂੰ ਤਾਰਨਾ ਹੈ। ਸਿੱਖ ਰੂਹਾਨੀਅਤ 'ਚ ਸਦਗੁਣਾਂ ਦਾ ਧਾਰਨੀ ਹੋਣਾ ਬਹੁਤ ਜ਼ਰੂਰੀ ਹੈ। 'ਵਿਣੁ ਗੁਣਿ ਕੀਤੇ ਭਗਤਿ ਨ ਹੋਇ' ਅਨੁਸਾਰ ਮਨੁੱਖ ਨੂੰ ਆਪਣੇ ਗੁਣਾਂ ਰਾਹੀਂ ਇਸ ਬ੍ਰਹਿਮੰਡ 'ਚ ਆਪਣਾ ਯੋਗਦਾਨ ਪਾਣਾ ਹੈ:

ਅਧਿਆਤਮ ਕਰਮ ਕਰੇ ਤਾ ਸਾਚਾ॥ (ਪੰ:223)

ਗੁਰਮਤਿ ਦੇ 'ਹਲੇਮੀ ਰਾਜ' ਦੀ ਫਿਲਾਸਫੀ ਬਿਲਕੁਲ ਸਪਸ਼ਟ ਹੈ। ਰੱਬ ਸਭ ਦਾ ਇਕ, ਰੱਬ ਦੇ ਕਾਨੂੰਨ ਸਭ ਲਈ ਇਕ, ਸਭ ਲਈ ਅਕਾਸ਼ ਇਕ, ਧਰਤੀ ਇਕ, ਸਾਰੀ ਮਨੁੱਖਤਾ ਇਕ ਅਤੇ ਇਕ ਹੀ ਨਜ਼ਾਮ ਅਜੋਕੇ ਮਨੁੱਖ ਦੀਆਂ ਮੁਸ਼ਕਲਾਂ ਦਾ ਹੱਲ ਹੈ। ਸਾਰੀ ਮਨੁੱਖਤਾ ਮਿੱਤਰ ਹੋਵੇ, ਸਾਰੀ ਧਰਤੀ ਹੀ ਮਿੱਤਰ ਹੋਵੇ, ਕਿਸੇ ਦੁਸ਼ਮਣ ਦੀਆਂ ਛਾਵਣੀਆਂ ਨਾ ਹੋਣ, ਦੁਨੀਆ ਦਾ ਸਾਰਾ ਨਜ਼ਾਮ ਮਿੱਤਰ ਨਜ਼ਾਮ ਹੋਵੇ। ਸਾਂਝੀ ਦੁਨੀਆ ਦਾ ਮਨੁੱਖੀ ਆਦਰਸ਼ ਸਦੀਵੀ ਆਦਰਸ਼ ਹੈ। ਫਾਸਲੇ ਤੇ ਸਮੇਂ 'ਤੇ ਮਨੁੱਖੀ ਫਤਹਿ ਨੇ ਸਾਂਝੀ ਦੁਨੀਆ ਦੇ ਸੁਪਨੇ 'ਚ ਵਿਸ਼ਵਾਸ ਪੱਕਾ ਕਰ ਦਿੱਤਾ ਹੈ। ਸਾਰੀ ਮਨੁੱਖਤਾ ਸਾਂਝੀ ਹੈ, ਸਾਰੀ ਮਨੁੱਖਤਾ ਦਾ ਜੀਵਨ ਸਾਂਝਾ ਹੈ, ਸਾਰੀ ਮਨੁੱਖਤਾ ਦੀ ਅਕਲ ਸਾਂਝੀ ਹੈ, ਸਾਰੀ ਮਨੁੱਖਤਾ ਦੀ ਮੰਜ਼ਲ ਸਾਂਝੀ ਹੈ, ਇਹ ਮਨੁੱਖੀ ਇਤਿਹਾਸ ਦਾ ਫੈਸਲਾ ਹੈ। ਇਹ ਬ੍ਰਹਿਮੰਡਵਾਦੀ ਸਿੱਖ ਧਰਮ ਦੀ ਭਵਿੱਖ ਦੀ ਹੋਣੀ ਦਾ ਅਮੁੜਵਾਂ ਰੌਂ ਹੈ।

ਮਨੁੱਖੀ ਜ਼ਿੰਦਗੀ ਦਾ ਮਨੋਰਥ ਇਸ ਬੇਓੜਕ, ਬੇਅੰਤ, ਅਮੁਕ ਬ੍ਰਹਿਮੰਡ 'ਚ ਆਪ ਖਿੜਨਾ ਹੈ ਅਤੇ ਦੂਜਿਆਂ ਨੂੰ ਖੇੜਾ ਵੰਡਣਾ ਹੈ। ਆਪ ਪੂਰਨ ਜੀਵਨ ਜੀਉਣਾ ਹੈ ਅਤੇ ਦੂਜਿਆਂ ਨੂੰ ਜੀਉਣ 'ਚ ਸਹਾਇਕ ਹੋਣਾ ਹੈ। ਕੁਦਰਤੀ ਪ੍ਰਵਾਹ ਵਾਂਗ ਵਗਦੇ, ਨਚਦੇ, ਤੁਰੇ ਜਾਣ 'ਚ ਹੀ ਮਨੁੱਖ ਦੀ ਭਲਾਈ ਹੈ। ਫੁੱਲ ਦਾ ਟਹਿਣੀ 'ਤੇ ਖਿੜਨਾ, ਮਹਿਕਣਾ, ਝੂਮਣਾ, ਖੁਸ਼ਬੂ ਰਾਹੀਂ ਆਪਾ ਵੰਡਣਾ ਅਤੇ ਓੜਕ ਟੁੱਟ-ਖਿਲਰ ਕੇ ਦੂਜਿਆਂ ਫੁੱਲ-ਬੂਟਿਆਂ ਦੇ ਪਲਰਣ ਪੁੰਗਰਣ 'ਚ ਸਹਾਇਕ ਹੋਣਾ

ਹੀ ਕੁਦਰਤ ਦਾ ਨੇਮ ਹੈ ਅਤੇ ਇਹੀ ਹਰ ਮਨੁੱਖ ਦਾ ਪ੍ਰਾਕ੍ਰਿਤਕ ਧਾਰਮਕ ਫਰਜ਼ ਹੈ।

ਕੁਦਰਤ ਦੀ ਹਰ ਸ਼ੈ ਦਾ ਸਰੋਤ ਪਰਮ ਅਨੰਦ ਅਕਾਲ ਪੁਰਖ ਹੈ। ਇਸੇ ਕਰਕੇ ਇਸ ਦੀ ਹਰ ਸ਼ੈ 'ਚ ਖਿੜਨ ਤੇ ਵਿਗਸਣ ਦੀ ਲਗਨ ਹੈ ਅਤੇ ਹਰ ਸ਼ੈ ਹੱਸਦੀ, ਖਿੜਦੀ ਅਤੇ ਨਿਖਰਦੀ ਹੈ। ਬ੍ਰਹਿਮੰਡ ਦੇ ਹਰੇਕ ਅੰਸ਼ ਦੀ ਪ੍ਰਕ੍ਰਿਤੀ ਖੇੜਾ ਹੈ। ਆਪ ਪਲਰਨਾ ਪੁੰਗਰਨਾ ਹੈ, ਖਿੜਨਾ ਹੈ ਅਤੇ ਦੂਜਿਆਂ ਨੂੰ ਖੇੜਾ ਵੰਡਣਾ ਹੈ। ਖਿੜਨ, ਮਹਿਕਣ, ਫਲਣ-ਫੂਲਣ ਅਤੇ ਦੂਜਿਆਂ ਦੇ ਕੰਮ ਆਉਣ 'ਚ ਹੀ ਜੀਵਨ ਦੀ ਸੰਪੂਰਨਤਾ (ਸਾਰਥਕਤਾ)ਹੈ ਅਤੇ ਪਰਮ ਸ਼ਕਤੀ ਨਾਲ ਅਭੇਦ ਹੋਣਾ ਹੈ।

ਹਰ ਨਵੀਂ ਕਲੀ ਖਿੜ ਕੇ, ਬ੍ਰਹਿਮੰਡ 'ਚ ਖੇੜਾ ਵੰਡ ਕੇ, ਖੇੜੇ ਦਾ ਸੰਦੇਸ ਦੇਣ ਆਉਂਦੀ ਹੈ। ਹਰ ਛੋਟੀ ਤੋਂ ਛੋਟੀ ਚੀਜ਼ 'ਚ ਇਹ ਲਗਨ ਭਰੀ ਹੋਈ ਹੈ। ਕਲੀ ਛੋਟੀ ਹੈ, ਇਹਦੇ ਦਿਲ 'ਚ ਖੁਸ਼ਬੂ ਦੇ ਕਿਣਕੇ ਗਿਣਵੇਂ ਹਨ, ਪਰ ਇਹ ਸਾਂਭ ਕੇ ਨਹੀਂ ਰੱਖਦੀ, ਸਗੋਂ ਇਹ ਦਿਲ ਆਪਣਾ ਚੁਤਰਫੀਂ ਲੁਟਾਈ ਜਾਂਦੀ ਹੈ। ਫੁੱਲਾਂ ਦਾ ਦਿਲ, ਦਰੱਖਤਾਂ ਦਾ ਦਿਲ, ਪੰਛੀਆਂ ਦਾ ਦਿਲ ਅਤੇ ਪਸ਼ੂਆਂ ਦਾ ਦਿਲ, ਇਹਨਾਂ ਸਭਨਾਂ 'ਚ ਕੁਝ ਹੋਣ, ਥੀਣ ਤੇ ਦੇਣ ਦੀ ਖੁਸ਼ੀ ਨਾਲ ਭਰਪੂਰ ਹੈ। ਜੇ ਇਹ ਗੁਣ ਨਹੀਂ ਹਨ ਤਾਂ ਮਨੁੱਖ 'ਚ।

ਰੱਬਤਾ ਦੇ ਕਮਾਲ ਦਾ ਚਮਤਕਾਰ ਹੈ ਇਕ ਬੀਜ। ਛੋਟੇ ਜਿਹੇ ਬੀਜ 'ਚ ਮਹਾਨ ਬੋਹੜ ਦੀ ਸੰਭਾਵਨਾ ਮੌਜੂਦ ਹੈ। ਜਿੰਨਾ ਚਿਰ ਬੀਜ ਅੰਦਰੋਂ ਫੁਟੀਆਂ ਜੜ੍ਹਾਂ ਦੀ ਖਾਦ ਬਣਕੇ ਕੁਦਰਤ ਦੇ ਤੱਤਾਂ ਨਾਲ ਇਕ-ਸਾਰ ਨਹੀਂ ਹੋ ਜਾਂਦਾ, ਉਹ ਪੂਰਨ ਬਿਰਛ ਦੀ ਪਦਵੀ ਨਹੀਂ ਪਾ ਸਕਦਾ। ਮਨੁੱਖ ਦੇ ਹਿਰਦੇ 'ਚ ਵੀ ਇਸੇ ਤਰ੍ਹਾਂ ਰੱਬਤਾ ਦਾ ਪ੍ਰਕਾਸ਼ ਹੁੰਦਾ ਹੈ, ਜਿੰਨਾ ਚਿਰ ਹਿਰਦੇ ਦੇ ਪਰਦੇ ਕਾਇਮ ਹਨ, ਰੱਬਤਾ ਲੁਕੀ ਰਹੇਗੀ।

ਮਨੁੱਖ ਵਿਗਿਆਨੀ ਬਣਦਾ ਹੈ, ਇੰਜੀਨੀਅਰ ਬਣਦਾ ਹੈ, ਅਧਿਆਪਕ ਬਣਦਾ ਹੈ, ਡਾਕਟਰ ਬਣਦਾ ਹੈ, ਪਰ ਅਸਲੀ ਅਰਥਾਂ 'ਚ ਮਨੁੱਖ ਨਹੀ ਬਣਦਾ। ਮਨ, ਮਨੁੱਖ ਨੂੰ ਸੁਖੀ ਕਰਨ ਦੇ ਉਪਰਾਲਿਆਂ ਦੇ ਜਾਲ 'ਚ ਉਲਝਾਈ ਰੱਖਦਾ ਹੈ ਅਤੇ ਮਨੁੱਖ ਹੇਰਾ ਫੇਰੀਆਂ, ਫਰੇਬ, ਧੋਖੇ, ਠੱਗੀਆਂ ਚੋਰੀਆਂ-ਡਾਕੇ ਆਦਿਕ ਸਭ ਕੁਕਰਮ ਕਰਨ ਲੱਗ ਜਾਂਦਾ ਹੈ। ਇਸ ਤਰ੍ਹਾਂ ਮਨ ਮਨੁੱਖ ਨੂੰ ਸੁਖੀ ਹੋਣ ਦੇ ਲਾਰਿਆਂ ਲੱਪਿਆਂ ਨਾਲ ਕਈ ਜਨਮ ਭਟਕਾਈ ਰੱਖਦਾ ਹੈ:

ਖਾਤ ਪੀਤ ਖੇਲਤ ਹਸਤ ਭਰਮੇ ਜਨਮ ਅਨੇਕ॥

ਅੱਜ ਦੇ ਮਨੁੱਖ ਨੇ ਕੁਦਰਤੀ ਨੇਮਾਂ ਦਾ ਉਲੰਘਣ ਕਰਕੇ ਆਪ ਹੀ ਸਭ

ਦੁਖ-ਕਲੇਸ਼ ਸਹੇੜੇ ਹਨ। ਸਭ ਰੋਗਾਂ ਦੀ ਮਾਂ ਗ਼ੈਰ-ਕੁਦਰਤੀ ਜੀਵਨ ਹੈ ਅਤੇ ਉਸ ਦਾ ਇਲਾਜ ਵੀ ਕੁਦਰਤੀ ਜੀਵਨ ਹੀ ਹੈ। ਕਸੂਰ ਕੁਦਰਤ ਦਾ ਨਹੀਂ, ਕਸੂਰ ਤਾਂ ਮਨੁੱਖ ਦਾ ਆਪਣਾ ਹੈ, ਜਿਹੜਾ ਕੁਦਰਤੀ ਜੀਵਨ ਤਿਆਗ ਕੇ ਇਕ ਮਸਨੂਹੀ ਜ਼ਿੰਦਗੀ 'ਚ ਐਸ਼ ਲੈਂਦਾ ਲੈਂਦਾ ਅਵੱਲੇ ਰੋਗਾਂ ਦਾ ਸ਼ਿਕਾਰ ਹੋ ਜਾਂਦਾ ਹੈ। ਮਨੁੱਖ ਦੇ ਸਭ ਦੁੱਖਾਂ ਅਤੇ ਰੋਗਾਂ ਦੀ ਮਾਂ ਅਗਿਆਨਤਾ ਹੈ, ਜੋ ਇਕਪਾਸੜ ਪਦਾਰਥਵਾਦੀ ਗਿਆਨ ਦੀ ਦੇਣ ਹੈ। ਅੱਜ ਦਾ ਮਨੁੱਖ ਸਭ ਕੁਝ ਸਰੀਰ ਲਈ ਕਰਦਾ ਹੈ ਅਤੇ ਰੂਹ ਲਈ ਕੁਝ ਨਹੀਂ। ਮਨੁੱਖ ਦਾ ਜੀਵਨ ਉਦੋਂ ਖੇੜੇ ਭਰਿਆ, ਸੰਤੁਸ਼ਟ ਅਤੇ ਸੁਖਾਵਾਂ ਹੋਵੇਗਾ, ਜਦ ਇਹ ਵਿਸ਼ੇ ਵਿਕਾਰਾਂ ਦੀ ਪਸ਼ੂ-ਖਸਲਤ ਤੋਂ ਛੁਟਕਾਰਾ ਪਾ ਕੇ ਇਨਸਾਨ ਬਣ ਜਾਏਗਾ।

ਅੱਜ ਜ਼ਿੰਦਗੀ ਬੜੇ ਖਤਰਨਾਕ ਮੋੜ 'ਤੇ ਖੜੀ ਹੈ। ਸਾਰੇ ਸੰਸਾਰ 'ਚ ਮਨੁੱਖ ਵਿਰੋਧੀ ਸਿਆਸਤ ਹਾਵੀ ਹੈ। ਜਿਹੜੀ ਸਿਆਸਤ ਵਿਗਿਆਨ ਨੂੰ ਮਾਰੂ ਹਥਿਆਰਾਂ ਲਈ ਵਰਤਦੀ ਹੈ, ਜਿਹੜੀ ਸਿਆਸਤ ਮਨੁੱਖੀ ਜ਼ਿੰਦਗੀ ਨੂੰ ਖੁਸ਼ਹਾਲ ਬਣਾਨ ਦੀ ਥਾਂ ਬਰਬਾਦ ਕਰਨ ਲਈ ਵਰਤਦੀ ਹੈ, ਜਿਹੜੀ

ਸਿਆਸਤ ਅੱਧੀ ਮਨੁੱਖਤਾ ਨੂੰ ਗ਼ੁਲਾਮੀ 'ਚ ਰੱਖ ਕੇ ਮਨੁੱਖੀ ਵਿਕਾਸ ਦਾ ਰਾਹ ਮੱਲੀ ਖਲੋਤੀ ਹੈ, ਜਿਹੜੀ ਸਿਆਸਤ 90% ਲੋਕਾਂ ਦੀ ਤਕਦੀਰ 'ਤੇ ਕਾਬਜ਼ ਹੋਕੇ ਜ਼ਿੰਦਗੀ ਦੇ ਦਰ ਬੰਦ ਕੀਤੀ ਬੈਠੀ ਹੈ, ਉਹਨਾਂ ਦਾ ਯੁੱਗ ਖਤਮ ਹੋਣ ਵਾਲਾ ਹੈ। ਨਿੱਜੀ ਉਲਾਰ ਦੀ ਸਿਆਸਤ ਦਾ ਯੁੱਗ ਅਖੀਰਲੇ ਸਾਹਾਂ 'ਤੇ ਹੈ। ਸੰਸਾਰ ਅੰਦਰ ਵਧਦੀ ਵਸੋਂ ਕੋਈ ਮਸਲਾ ਨਹੀਂ। ਹੁਣ ਨਾਲੋਂ ਦਸ ਗੁਣਾਂ ਜ਼ਿਆਦਾ ਵਸੋਂ ਸਿਰਫ ਸਮੁੰਦਰ ਦੀ ਪੈਦਾਵਾਰ ਨਾਲ ਜੀਵਨ ਗੁਜ਼ਾਰ ਸਕਦੀ ਹੈ।

ਕੇਵਲ ਸਹੀ ਸਿਆਸਤ ਅਪਨਾਉਣ ਦੀ ਢਿੱਲ ਹੈ। ਗੁਰੂ ਅਰਜਨ ਸਾਹਿਬ ਦੇ 'ਹਲੇਮੀ ਰਾਜ' ਦੀ ਸਿਆਸਤ ਅਪਨਾਉਣ ਦੀ ਲੋੜ ਹੈ ਜਿਸ ਮੁਤਾਬਕ ਸਾਰੀ ਧਰਤੀ ਸਾਰੀ ਮਨੁੱਖਤਾ ਦੀ ਸਾਂਝੀ ਮਿਲਖ ਸਮਝਣ ਦਾ ਦ੍ਰਿਸ਼ਟੀਕੋਨ ਅਪਨਾਣਾ ਪਏਗਾ। ਵਿਗਿਆਨ ਦੀ ਸਹਾਇਤਾ ਨਾਲ ਇਹਦੇ ਅਖੁੱਟ ਭੰਡਾਰ ਖੋਲ੍ਹੇ ਜਾ ਸਕਦੇ ਹਨ। ਜੰਗੀ ਹਥਿਆਰਾਂ ਤੇ ਐਟਮ ਬੰਬਾਂ ਨੂੰ ਵਰਤਣ ਵਾਲਿਆਂ ਨੂੰ ਆਦਮਖੋਰ ਸਮਝਿਆ ਜਾਏਗਾ। ਵਿਗਿਆਨ ਦੀ ਸ਼ਕਤੀ ਕੋਈ ਹੱਦ-ਬੰਨੇ ਪ੍ਰਵਾਨ ਨਹੀਂ ਕਰਦੀ।

ਸਾਰੀ ਮਨੁੱਖਤਾ ਨੂੰ ਲੋੜ ਅਨੁਸਾਰ ਖੁਰਾਕ ਪੈਦਾ ਕਰ ਸਕਣ ਦਾ ਹੱਕ ਹੈ। ਹਿੱਕ ਦੇ ਜ਼ੋਰ ਨਾਲ ਦੂਜਿਆਂ ਦੇ ਹੱਕ ਦਬਾਉਣਾ ਗ਼ਲਤ ਸੋਚ ਹੈ। ਮਨੁੱਖ ਦੀ ਇਸ ਗ਼ਲਤ ਸੋਚ ਨੇ ਹੀ ਧਰਤੀ ਦੀਆਂ ਵੰਡੀਆਂ ਪਾਕੇ ਮੁਲਕਾਂ 'ਚ ਵੰਡ ਦਿੱਤਾ ਹੋਇਆ ਹੈ। ਲਗਪਗ ਸਾਰੀ ਲੁਕਾਈ ਜ਼ਿੰਦਗੀ ਨੂੰ ਅਜ਼ਾਬ ਬਣਾਕੇ ਕਦਮ ਕਦਮ

'ਤੇ ਭਟਕ ਰਹੀ ਹੈ। ਕੁਦਰਤ 'ਚ ਕਿਸੇ ਵੀ ਚੀਜ਼ ਦਾ ਘਾਟਾ ਨਹੀਂ। ਇਹ ਹਰ ਲੋੜੀਂਦੀ ਚੀਜ਼ ਨਾਲ ਭਰਪੂਰ ਹੈ, ਪਰ ਮਨੁੱਖ ਭਰਪੂਰਤਾ ਦਾ ਨਾਸ਼ ਕਰਕੇ ਗਰੀਬੀ ਦੀ ਰੂੜੀ ਪੈਦਾ ਕਰਨ 'ਚ ਲੱਗਾ ਹੋਇਆ ਹੈ। ਜਦ ਹਾਲਤ ਅੱਤ ਤਕ ਪਹੁੰਚ ਜਾਂਦੀ ਹੈ, ਤਾਂ ਕੁਦਰਤ ਦੀਆਂ ਤਾਕਤਾਂ ਹਰਕਤ 'ਚ ਆਉਂਦੀਆਂ ਹਨ।

ਅੱਜ ਹਰ ਕੋਈ ਹਰ ਕਿਸੇ ਦਾ ਦੁਸ਼ਮਣ ਹੈ। ਅਮੀਰ ਆਪਣੀ ਐਸ਼ ਪ੍ਰਸਤੀ ਕਾਇਮ ਰੱਖਣ ਲਈ ਹਰ ਬੇਇਨਸਾਫੀ ਅਤੇ ਹਰ ਜ਼ੁਲਮ ਕਰਨ ਲਈ ਤਿਆਰ ਰਹਿੰਦੇ ਹਨ। ਜ਼ਿੰਦਗੀ ਦੀਆਂ 90% ਰੜਕਾਂ, ਨਾਕਾਮਯਾਬੀਆਂ, ਮਾਯੂਸੀਆਂ, ਨਾ-ਖ਼ੁਸ਼ੀਆਂ ਅਤੇ ਮੁਸ਼ਕਲਾਂ ਮਨੁੱਖ ਨੇ ਆਪ ਖੜੀਆਂ ਕੀਤੀਆਂ ਹੋਈਆਂ ਹਨ। ਸਾਡੇ ਸਭ ਦੁਖਾਂ, ਸਾਡੀਆਂ ਸਾਰੀਆਂ ਮੁਸ਼ਕਲਾਂ, ਸਾਡੇ ਸਾਰੇ ਝਗੜਿਆਂ ਦਾ ਮੂਲ ਕਾਰਨ ਸਾਡੀ ਗ਼ਲਤ ਸੋਚ ਹੈ। ਇਹ ਧਰਤੀ ਸਾਰੀ ਮਨੁੱਖਤਾ ਦੀ ਸਾਂਝੀ ਹੈ।

ਹਲੇਮੀ ਰਾਜ 'ਚ ਇਕ ਦੁਨੀਆ, ਇਕ ਮਨੁੱਖ ਅਤੇ ਇਕ ਨਿਜ਼ਾਮ ਹੋਵੇਗਾ। ਸਭ ਬਰਾਬਰ ਹੋਣਗੇ, ਸਰਬੱਤ ਦਾ ਭਲਾ ਮੰਗਿਆ ਜਾਏਗਾ, ਸਰਬੱਤ ਦਾ ਭਲਾ ਕੀਤਾ ਜਾਏਗਾ, ਸਰਬੱਤ ਦੀ ਰਾਖੀ ਕੀਤੀ ਜਾਏਗੀ ਅਤੇ ਕਿਸੇ ਨਾਲ ਬੇਇਨਸਾਫੀ ਨਹੀਂ ਕੀਤੀ ਜਾਏਗੀ ਭਾਵੇਂ ਉਹ ਧਰਤੀ ਦੇ ਕਿਸੇ ਵੀ ਹਿੱਸੇ 'ਚ ਰਹਿੰਦੇ ਹੋਣ। ਕੋਈ ਕਿਸੇ ਨਾਲ ਦੁਸ਼ਮਣੀ ਨਹੀ ਕਰੇਗਾ। ਹਲੇਮੀ ਰਾਜ 'ਚੋਂ ਨਿੱਜਵਾਦ ਦੇ ਨਾਲ ਦੁੱਖ ਵੀ ਅਲੋਪ ਹੋ ਜਾਣਗੇ। ਦੁੱਖ ਉਹਨੂੰ ਹੀ ਪਕੜਦਾ ਹੈ, ਜੋ ਮੇਰ-ਤੇਰ ਦੀ ਅੱਗ 'ਚ ਸੜਦਾ ਹੈ। ਮੇਰ-ਤੇਰ ਦੀ ਭਾਵਨਾ ਰੱਖਣ ਵਾਲਾ ਸਭ ਨੂੰ ਪਿਆਰ ਨਹੀ ਕਰ ਸਕਦਾ, ਨਾ ਸਭ ਨੂੰ ਮਿੱਤਰ ਸਮਝ ਸਕਦਾ ਹੈ, ਨਾ ਸਭਨਾ ਦਾ ਭਲਾ ਸੋਚ ਸਕਦਾ ਹੈ ਅਤੇ ਨਾਹੀ ਸਭ ਦੇ ਦਰਦ ਨੂੰ ਆਪਣਾ ਦਰਦ ਹੀ ਸਮਝ ਸਕਦਾ ਹੈ।

ਨਿੱਜੀ ਮਾਲਕੀ, ਨਿੱਜੀ ਕਾਮਯਾਬੀ, ਨਿੱਜ ਔਲਾਦ, ਨਿੱਜੀ ਸੁਖ-ਅਰਾਮ, ਨਿੱਜੀ ਮੁਕਤੀ, ਨਿੱਜੀ ਸਵਰਗ ਦੀ ਤਲਾਸ਼ 'ਚ ਭਟਕਣ ਵਾਲਿਆਂ ਨੂੰ ਕਦੀ ਤਸੱਲੀ ਨਹੀਂ ਮਿਲ ਸਕਦੀ। ਅੱਜ ਹਰ ਕਿਸੇ ਨੂੰ ਦੂਜੇ ਕੋਲੋਂ ਖਟ ਲੈਣ ਦੀ ਲਿਲ੍ਹ ਲੱਗੀ ਹੋਈ ਹੈ। ਮਨੁੱਖ ਭੋਲੇ ਮਿਰਗ ਵਾਂਗ ਆਪਣੀ ਹੀ ਨਾਭੀ ਦੀ ਸੁਗੰਧ ਪਿੱਛੇ ਦੌੜ ਦੌੜ ਹਫ ਰਿਹਾ ਹੈ। ਅੱਜ ਮਨੁੱਖ ਆਪਸ 'ਚ ਹੀ ਪਏ ਵਿਸ ਘੋਲਦੇ ਨੇ। ਅੱਜ ਮਨੁੱਖਾਂ 'ਚ ਵਿਖਾਵਾ ਤੇ ਭੇਖ ਬਹੁਤ ਹੈ, ਪਰ ਰੂਹਾਨੀਅਤ ਬਿਲਕੁਲ ਨਹੀਂ।

ਮਨੁੱਖ ਨਾਲੋਂ ਪਸ਼ੂ ਕੁਦਰਤ ਦੇ ਵਧੇਰੇ ਨੇੜੇ ਹੈ। ਪਸ਼ੂ ਸਾਂਝੀ ਖੁਰਲੀ 'ਤੇ ਖਲੋਤਾ ਹੋਇਆ ਵੀ ਉਤਨਾ ਕੁਝ ਹੀ ਖਾਂਦਾ ਹੈ, ਜਿਸ ਨਾਲ ਉਹਦਾ ਪੇਟ ਭਰ ਜਾਏ। ਪੇਟ ਭਰ ਜਾਣ ਅਤੇ ਰਜ ਜਾਣ ਉਪਰੰਤ ਉਹ ਖਾਣਾ ਬੰਦ ਕਰ ਦਿੰਦਾ ਹੈ, ਪਰ ਅਜੋਕਾ ਮਨੁੱਖ ਰਜਿਆ ਹੋਇਆ ਵੀ ਖਾਣਾ ਬੰਦ ਨਹੀਂ ਕਰਦਾ ਅਤੇ ਦੂਜਿਆਂ ਦਾ ਹਿੱਸਾ ਮਾਰਨ, ਡਕਾਰਨ ਅਤੇ ਹੜੱਪ ਕਰਨ ਦੀ ਘਾਤ 'ਚ ਰਹਿੰਦਾ ਹੈ। ਇਸ

ਦੀਆਂ ਅੱਖਾਂ ਦੂਜੇ ਦੇ ਮਾਲ-ਧਨ, ਸੰਪਤੀ, ਸੁਹੱਪਣ, ਰੂਪ ਅਤੇ ਜੋਬਨ 'ਤੇ ਲੱਗੀਆਂ ਰਹਿੰਦੀਆਂ ਹਨ। ਅੱਜ ਦੇ ਮਨੁੱਖ ਨੂੰ 'ਹਲੇਮੀ ਰਾਜ' ਦੇ ਅਸੂਲਾਂ ਦਾ ਧਾਰਨੀ ਬਣਨਾ ਪਏਗਾ:

ਹਕੁ ਪਰਾਇਆ ਨਾਨਕਾ ਉਸੁ ਸੂਅਰੁ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ, ਜਾ ਮੁਰਦਾਰੁ ਨ ਖਾਇ॥
ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥
ਮਾਰਣ ਪਾਹਿ ਹਰਾਮ ਮਹਿ, ਹੋਇ ਹਲਾਲੁ ਨ ਜਾਇ॥
ਨਾਨਕ ਗਲੀ ਕੂੜੀਈ, ਕੂੜੋ ਪਲੈ ਪਾਇ॥ (ਪੰਨਾ 140)

ਇਸ ਤਰ੍ਹਾਂ ਅੱਜ ਦਾ ਮਨੁੱਖ ਕੁਦਰਤ ਦੇ ਨੇਮਾਂ ਤੋਂ ਬੇਮੁਖ ਹੋ ਕੇ ਕੁਦਰਤ ਦੇ ਕਾਨੂੰਨਾਂ ਤੋਂ ਬਾਗ਼ੀ ਹੋਈ ਬੈਠਾ ਹੈ। ਸਿੱਟੇ ਵਜੋਂ ਮਨੁੱਖ ਅੰਦਰ ਬੀਮਾਰੀਆਂ ਦੀ ਭਰਮਾਰ ਹੈ। ਜਿਤਨੇ ਹਸਪਤਾਲ ਤੇ ਡਾਕਟਰ ਵੱਧ ਰਹੇ ਹਨ, ਉਹਨਾਂ ਤੋਂ ਕਈ ਗੁਣਾ ਵੱਧ ਬੀਮਾਰੀਆਂ ਵੱਧ ਰਹੀਆਂ ਹਨ। ਹਰ ਨਵੀਂ ਦਵਾਈ ਇਕ ਹੋਰ ਬੀਮਾਰੀ ਨੂੰ ਜਨਮ ਦੇਂਦੀ ਹੈ।

ਵਾਯੂਮੰਡਲ 'ਚ ਵਾਧੂ ਭਾਰ ਪਾਉਣ ਦੇ ਫਲਸਰੂਪ ਖਲਾਅ ਪੈਦਾ ਹੁੰਦਾ ਹੈ ਅਤੇ ਇਸ ਨਾਲ ਅਸੰਤੁਲਨ ਪੈਦਾ ਹੁੰਦਾ ਹੈ। ਕਿਉਂਕਿ ਸਾਰੇ ਜੀਵਨ ਸੰਗਠਨ ਇਕ ਦੂਜੇ ਨਾਲ ਸਬੰਧਤ ਹਨ, ਇਸ ਲਈ ਪ੍ਰਕ੍ਰਿਤੀ ਦੇ ਕਿਸੇ ਵੀ ਹਿੱਸੇ ਨੂੰ ਦੂਜੇ ਸਾਰੇ ਸਿਸਟਮਾਂ ਨੂੰ ਪ੍ਰਭਾਵਤ ਕੀਤੇ ਬਿਨਾਂ ਨਹੀਂ ਬਦਲਿਆ ਜਾ ਸਕਦਾ। ਪ੍ਰਕ੍ਰਿਤੀ ਦੇ ਸੂਖਮ ਇਸ਼ਾਰਿਆਂ ਨੂੰ ਸਮਝਣ ਦੇ ਪੱਖੋਂ ਮਨੁੱਖ ਅੰਨ੍ਹਾ ਤੇ ਬੋਲਾ ਬਣ ਚੁੱਕਾ ਹੈ। ਆਪਣੇ ਚੁਗਿਰਦੇ ਅਤੇ ਆਪਣੇ ਆਪ ਨੂੰ ਨੇਸਤੋ ਨਾਬੂਦ ਕਰਨ ਲਈ ਬੜੀ ਬੇਕਿਰਕੀ ਨਾਲ ਸਾਰੇ ਵਾਯੂਮੰਡਲ 'ਚ ਪਾੜੇ ਪਾਉਣ 'ਚ ਲੀਨ ਹੈ।

ਬ੍ਰਹਿਮੰਡ-ਪਸਾਰ ਦੇ 'ਹਲੇਮੀ ਰਾਜ' ਦੇ ਸਿਧਾਂਤ, ਸੰਜੋਗ ਤੇ ਵਿਜੋਗ ਦੀ ਕਾਰ ਨੂੰ ਸਮਝ ਲੈਣਾ ਜਾਂ ਬੁਝਾਰਤ ਨੂੰ ਬੁਝ ਲੈਣਾ ਹੀ ਬ੍ਰਹਿਮੰਡ-ਵਿਧਾਨ ਨਾਲ ਇਕਸੁਰ ਹੋਣਾ ਹੈ। ਸੰਜੋਗ ਵਿਜੋਗ ਨਾਲ ਹੀ ਸਾਰਾ ਬ੍ਰਹਿਮੰਡ ਕਾਇਮ ਹੈ। ਇਸ ਅਸੂਲ ਨਾਲ ਹੀ ਸਾਰਾ ਬ੍ਰਹਿਮੰਡ ਹੋਂਦ 'ਚ ਹੈ। ਇਕ ਜੰਮਦਾ ਹੈ, ਦੂਜਾ ਮਰਦਾ ਹੈ। ਹਰ ਜੀਵ-ਜੰਤੂ ਤੇ ਮਨੁੱਖ 'ਚ ਇਹੀ ਅਸੂਲ ਕੰਮ ਕਰ ਰਿਹਾ ਹੈ। ਸਾਡੇ ਸਰੀਰ ਅੰਦਰ ਵੀ ਇਹੀ ਅਸੂਲ ਕੰਮ ਕਰ ਰਿਹਾ ਹੈ, ਜੋ ਸਮੁੱਚੇ ਬ੍ਰਹਿਮੰਡ 'ਚ ਕੰਮ ਕਰ ਰਿਹਾ ਹੈ।

ਸਾਡਾ ਸਰੀਰ ਅਰਬਾਂ ਖਰਬਾਂ ਜੀਵਾਣੂਆਂ ਅਥਵਾ ਜੀਉਂਦੇ ਸੈਲਾਂ ਦਾ ਬਣਿਆ ਹੋਇਆ ਹੈ। ਇਹਨਾਂ 'ਚੋਂ ਲੱਖਾਂ ਕਰੋੜਾਂ ਰੋਜ਼ ਮਰਦੇ ਅਤੇ ਲੱਖਾਂ ਕਰੋੜਾਂ ਹੀ ਰੋਜ਼ ਜੰਮਦੇ ਹਨ। ਇਹਨਾਂ ਦੇ ਸੰਤੁਲਨ ਨਾਲ ਹੀ ਜੀਵਨ ਕਾਇਮ ਰਹਿੰਦਾ ਹੈ। ਜੋ ਜੀਵਾਣੂ ਅੱਜ ਸਾਡੇ ਸਰੀਰ ਨੂੰ ਬਣਾ ਰਹੇ ਹਨ, ਦਸਾਂ ਸਾਲਾਂ ਨੂੰ ਉਨ੍ਹਾਂ 'ਚੋਂ ਇਕ

ਵੀ ਸਾਡੇ ਸਰੀਰ 'ਚ ਨਹੀਂ ਹੋਵੇਗਾ। ਮੁਰਦਾ ਜੀਵਾਣੂ ਸਰੀਰ 'ਚੋਂ ਖਾਰਜ ਹੁੰਦੇ ਰਹਿੰਦੇ ਹਨ ਅਤੇ ਖੂਨ 'ਚੋਂ ਨਵੇਂ ਜੰਮਦੇ ਰਹਿੰਦੇ ਹਨ।

ਨੇਮ ਅਨੁਸਾਰ ਹੀ ਇਹ ਸ੍ਰਿਸ਼ਟੀ ਹੋਂਦ 'ਚ ਆਈ ਹੈ ਅਤੇ ਨੇਮ ਅਨੁਸਾਰ ਹੀ ਕਾਇਮ ਹੈ। ਸਾਰੀ ਸ੍ਰਿਸ਼ਟੀ ਉਸ ਦੇ ਅਟੱਲ ਕਾਨੂੰਨ ਅਧੀਨ ਚਲ ਰਹੀ ਹੈ। ਸਿਰਜਨਹਾਰ ਜ਼ਰੇ ਜ਼ਰੇ 'ਚ ਆਪ ਵਿਆਪਕ ਹੈ। ਸਭ ਕੁਝ ਨੇਮ ਅਨੁਸਾਰ ਹੋ ਰਿਹਾ ਹੈ। 'ਹੁਕਮੁ ਚਲਾਏ ਰਾਹੁ' ਦੇ ਫੁਰਮਾਨ ਅਨੁਸਾਰ ਇਸ ਬ੍ਰਹਮੰਡ ਦਾ ਸਾਰਾ ਪਸਾਰਾ ਉਹਨਾਂ ਨੇਮਾਂ ਦਾ ਅਨੁਸਾਰੀ ਹੈ। ਹਰ ਸ਼ੈ ਇਕ ਖਾਸ ਨੇਮ 'ਚ ਬੱਝੀ ਹੋਈ ਹੈ। ਉਹਨਾਂ ਨੇਮਾਂ ਦੀ ਪਾਲਨਾ ਕਰਨਾ ਹੀ ਮਨੁੱਖ ਦੀ ਪੂਰਨਤਾ ਹੈ।

ਕੁਦਰਤ ਦੀ ਨਿਯਮਾਵਲੀ ਦੀ ਪਾਲਨਾ ਕਰਨੀ ਹੀ ਮਨੁੱਖ ਦਾ ਧਰਮ ਹੈ। ਇਹ ਧਰਮ ਹੀ ਸ੍ਰਿਸ਼ਟੀ ਨੂੰ ਕਾਇਮ ਦਾਇਮ ਰੱਖਣ ਦੇ ਸਮਰਥ ਹੈ। ਕੁਦਰਤ ਦੇ ਨੇਮਾਂ ਅਨੁਸਾਰ ਜੀਵਨ ਜੀਉਣਾ ਹੀ ਅਸਲੀ ਧਰਮ ਹੈ। ਕੁਦਰਤ ਦੇ ਨੇਮਾਂ ਦੀ ਪਾਲਨਾ ਕਰਨ ਵਾਲਾ ਮਨੁੱਖ ਖੁਦਗਰਜ਼ ਨਹੀਂ ਰਹਿੰਦਾ, ਸਗੋਂ ਉਹ ਦੂਜਿਆਂ ਦੀ ਭਲਾਈ 'ਚ ਆਪਣੀ ਭਲਾਈ ਸਮਝਦਾ ਹੈ, ਦੂਜਿਆਂ ਨਾਲ ਨਿਆਂ ਕਰਦਾ ਹੈ, ਹਮਦਰਦੀ ਕਰਦਾ ਹੈ ਅਤੇ ਪਿਆਰ ਕਰਦਾ ਹੈ। ਅਜਿਹਾ ਜੀਵਨ ਜੀਣ ਵਾਲਾ ਹੀ ਸਚਿਆਰ ਮਨੁੱਖ ਪੂਰਨਤਾ ਪ੍ਰਾਪਤ ਕਰ ਲੈਂਦਾ ਹੈ:

ਜੇ ਕੋ ਬੂਝੈ ਹੋਵੈ ਸਚਿਆਰ

ਸਾਰੇ ਮਨੁੱਖਾਂ ਅੰਦਰ ਪੂਰਨਤਾ ਦੀ ਤੀਬਰ ਇੱਛਾ ਹੈ ਅਤੇ ਸਾਰੇ ਉਸ ਪਾਸੇ ਵਲ ਜਾਣ ਲਈ ਯਤਨਸ਼ੀਲ ਹਨ, ਪਰ ਜਿਸ ਦੇ ਕਰਮ ਨਿਰਮਲ ਹਨ ਭਾਵਕੁਦਰਤ ਦੀ ਨਿਯਮਾਵਲੀ ਅਨੁਸਾਰ ਹੋਣ, ਉਹ ਹੀ ਪੂਰਨਤਾ ਤਕ ਪਹੁੰਚਦੇ ਹਨ। ਜਿਸ ਦੇ ਕਰਮ ਕੁਦਰਤ ਦੀ ਨਿਯਮਾਵਲੀ ਅਨੁਕੂਲ ਨਹੀਂ, ਉਹ ਅਪੂਰਨ ਰਹਿੰਦੇ ਹਨ। ਸਦਾਚਾਰ ਮਨੁੱਖ ਦੀ ਪੂਰਨਤਾ ਦਾ ਜ਼ਾਮਨ ਹੈ। ਪੂਰਨਤਾ ਤਕ ਅਪੜਿਆ ਮਨੁੱਖ ਦੂਜਿਆਂ ਦੀ ਅਗਵਾਈ ਕਰਨ ਦੇ ਨਾ ਕੇਵਲ ਸਮਰਥ ਹੁੰਦਾ ਹੈ ਸਗੋਂ ਅਗਵਾਈ ਕਰਨਾ ਆਪਣਾ ਕਰਤੱਵਸਮਝਦਾ ਹੈ।

ਸਮੂਹ ਬ੍ਰਹਮੰਡ 'ਚ ਇਕਸਾਰਤਾ ਹੈ। ਇਹ ਸਾਰੀ ਜਗਤ-ਰਚਨਾ ਖਾਸ ਨੇਮਾਂ ਅਨੁਸਾਰ ਕੀਤੀ ਗਈ ਹੈ। ਉਹਨਾਂ ਨੇਮਾਂ ਦੇ ਅੰਦਰ ਰਹਿਕੇ ਸਾਰੇ ਤੱਤ ਆਪੋ ਆਪਣਾ ਕੰਮ ਕਰ ਰਹੇ ਹਨ, ਜਿਸ ਨਾਲ ਸਾਰੇ ਬ੍ਰਹਮੰਡ ਦੀ ਕਾਰ ਠੀਕ ਚਲ ਰਹੀ ਹੈ। ਕੁਦਰਤ 'ਚ ਨੇਮ ਸਦਾ ਇਕ-ਰਸ ਵਰਤੀਂਦੇ ਹਨ।

'ਹਲੇਮੀ ਰਾਜ' ਦਾ ਰਾਹ ਕੁਦਰਤ ਦੀ ਨਿਯਮਾਵਲੀ ਵਾਲਾ ਰਾਹ ਹੈ। ਕੁਦਰਤ ਦਾ ਰਾਹ, ਲੈਣ ਤੇ ਭੋਗਣ 'ਚ ਨਹੀਂ, ਸਗੋਂ ਹੋਣ, ਥੀਣ ਤੇ ਕੰਮ ਆਉਣ ਦਾ ਰਾਹ

ਹੈ। ਜਿਹੜੇ ਲੋਕ ਜ਼ਿੰਦਗੀ ਨੂੰ ਨਿੱਜੀ ਖ਼ੁਸ਼ੀਆਂ ਮਾਣਨ ਦਾ ਅਵਸਰ ਸਮਝਦੇ ਹਨ, ਉਨ੍ਹਾਂ ਨੂੰ ਕਦਮ ਕਦਮ 'ਤੇ ਮਾਯੂਸੀ ਹੁੰਦੀ ਹੈ। ਜ਼ਿੰਦਗੀ ਨਿੱਜੀ ਮਲਕੀਅਤ ਨਹੀਂ, ਹਰ ਮਨੁੱਖ ਦੀ ਜ਼ਿੰਦਗੀ ਸਮੁੱਚੀ ਜ਼ਿੰਦਗੀ ਦੇ ਅਧੀਨ ਹੈ। ਜੇ ਸਾਡੀਆਂ ਨਿੱਜੀ ਰੀਝਾਂ ਸਮੁੱਚੀ ਜ਼ਿੰਦਗੀ ਦੇ ਵਿਪ੍ਰੀਤ ਹਨ, ਤਾਂ ਅਸੀਂ ਕਦੀ ਸੰਤੁਸ਼ਟ ਨਹੀਂ ਹੋ ਸਕਦੇ। ਸਰਬੱਤ ਲਈ ਜੀਉਣਾ ਸਿੱਖੀ ਹੈ ਅਤੇ ਅਪਣੱਤ ਲਈ ਜੀਉਣਾ ਪਸ਼ੂਪੁਣਾ ਹੈ। ਪ੍ਰਸੰਨਤਾ ਤੇ ਸੰਤੁਸ਼ਟਤਾ ਲੈਣ ਤੇ ਭੋਗਣ 'ਚ ਨਹੀਂ, ਸਗੋਂ ਦੇਣ ਤੇ ਕੰਮ ਆਉਣ 'ਚ ਹੈ।

23) ਆਓ, ਸਮੇਂ ਦੇ ਹਾਣ ਦੇ ਬਣੀਏ ਅਤੇ ਆਪਣਾ ਫ਼ਰਜ਼ ਪਛਾਣੀਏ

ਸਾਡੀ ਇਹ ਖ਼ੁਸ਼ਕਿਸਮਤੀ ਹੈ ਕਿ ਚਾਰ ਸੌ ਸਾਲਾ ਸ਼ਤਾਬਦੀ ਸਾਡੇ ਸਮੇਂ ਵਿੱਚ ਆਈ ਹੈ। ਇਹ ਸ਼ਤਾਬਦੀ ਇੱਕ ਹੋਰ ਪੱਖੋਂ ਵੀ ਮਹੱਤਵ-ਪੂਰਨ ਹੈ ਕਿ ਅਸੀਂ ਇੱਕੀਵੀਂ ਸਦੀ ਵਿੱਚ ਪੈਰ ਰੱਖ ਲਏ ਹਨ। ਇਸ ਦੇ ਨਾਲ ਹੀ ਇੱਕ ਹੋਰ ਵਿਸ਼ੇਸ਼ਤਾ ਇਹ ਕਿ ਆਉਣ ਵਾਲੀਆਂ ਨਸਲਾਂ ਨੂੰ ਇਸ ਮਹਾਨ ਵਿਰਸੇ ਦੀ ਵਿਰਾਸਤ ਵੀ ਅਸੀਂ ਹੀ ਸੌਂਪਣੀ ਹੈ। ਇਸ ਕਰਕੇ ਇਹ ਵਿਸ਼ੇਸ਼ ਸ਼ਤਾਬਦੀ ਮਨਾਉਣ ਲਗਿਆਂ ਇਹ ਸੋਚਣਾ ਸਾਡਾ ਫ਼ਰਜ਼ ਬਣ ਜਾਂਦਾ ਹੈ ਕਿ ਇੱਕੀਵੀਂ ਸਦੀ ਵਿੱਚ ਅਸੀਂ 'ਖ਼ਾਲਸਾ ਪਹਿਚਾਣ' ਕਿਹੋ ਜਿਹੇ ਬਿੰਬ ੌਗਮਜਠਏ ਵਿੱਚ ਪੇਸ਼ ਕਰਨੀ ਹੈ?

ਕੀ ਅਸੀਂ ਆਉਣ ਵਾਲੀਆਂ ਨਸਲਾਂ ਨੂੰ ਖ਼ਾਲਸਈ ਫ਼ਿਲਾਸਫ਼ੀ, ਖ਼ਾਲਸਈ ਜੀਵਨ-ਜਾਂਚ, ਖ਼ਾਲਸਈ ਰਵਾਇਤਾਂ ਅਤੇ ਖ਼ਾਲਸਈ ਕਿਰਦਾਰ ਦੀ ਵਿਰਾਸਤ ਸੌਂਪਣ ਦੀ ਜ਼ਿਮੇਵਾਰੀ ਤੋਂ ਸੁਚੇਤ ਹਾਂ? ਅੱਜ ਸਾਨੂੰ ਗੰਭੀਰਤਾ ਨਾਲ ਸੋਚਣਾ ਪਏਗਾ ਕਿ ਪਿਛਲੇ ਪੰਜ ਸੌ ਸਾਲਾਂ ਤੋਂ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦਾ ਰੱਬੀ ਸੰਦੇਸ਼ ਦੇਣ ਵਾਲਾ ਸਿੱਖ ਧਰਮ ਆਲਮੀ ਧਰਮ ਕਿਉਂ ਨਹੀਂ ਬਣ ਸਕਿਆ? ਜਦ ਕਿ ਸੰਸਾਰ ਦਾ ਇਹ ਇੱਕਲਾ ਧਰਮ ਹੈ ਜਿਹੜਾ ਕਿ ਸਮੁੱਚੀ ਮਨੁੱਖਤਾ ਨੂੰ ਬ੍ਰਹਿਮੰਡਵਾਦੀ ਸੰਦੇਸ਼ ਦੇਣ ਵਾਲਾ ਹੈ ਅਤੇ ਸਮੁੱਚੀ ਮਨੁੱਖੀ ਨਸਲ ਨੂੰ ਏਕਤਾ ਦੀ ਲੜੀ ਵਿੱਚ ਪ੍ਰੋਣ ਵਾਲਾ ਹੈ।

ਅਜੋਕੇ ਹਾਲਾਤ ਨੂੰ ਸਾਹਮਣੇ ਰੱਖ ਕੇ ਗੁਰੂ ਨਾਨਕ ਸਾਹਿਬ ਦੇ ਮਨੁੱਖੀ ਸਮਾਨਤਾ ਦੇ ਸੰਕਲਪ ਨੂੰ ਸੁਰਜੀਤ ਕਰਨ ਦੀ ਇਤਿਹਾਸਕ ਲੋੜ ਹੋਰ ਵੀ ਵੱਧ ਗਈ ਹੈ। ਇੱਕੀਵੀਂ ਸਦੀ ਵਿੱਚ ਪਦਾਰਥਵਾਦ ਦੀ ਅੰਨ੍ਹੀ ਦੌੜ ਦਿਨ ਬਦਿਨ ਹੋਰ ਵੀ ਤਿੱਖੀ ਹੋ ਰਹੀ ਹੈ। ਡਰਿੰਕ ਕਲਚਰ, ਡਰੱਗ ਕਲਚਰ ਅਤੇ ਵਿਭਚਾਰ ਕਲਚਰ ਨੇ ਮਨੁੱਖਤਾ ਨੂੰ ਹੋਰ ਵਧੇਰੇ ਖ਼ੁਆਰ ਕਰਨਾ ਹੈ। ਇਹਨਾਂ ਪੱਛਮੀ ਮੁਲਕਾਂ ਤੋਂ ਉਜਲੇ ਭਵਿਖ ਦੀ ਆਸ ਰੱਖਣੀ ਵਿਅਰਥ ਹੈ। ਇਹ ਮਨੁੱਖਤਾ ਨੂੰ ਤਬਾਹੀ ਵਲ ਲਿਜਾ ਰਹੇ ਹਨ।

ਅੱਜ ਲੋੜ ਹੈ ਕਿ ਖ਼ਾਲਸਈ ਦ੍ਰਿਸ਼ਟੀਕੋਨ ਨੂੰ ਆਪਣੇ ਜੀਵਨ ਵਿੱਚ ਢਾਲ ਕੇ ਮਨੁੱਖੀ ਤਹਿਜ਼ੀਬ ਵਿੱਚ ਵਾਧਾ ਕਰਕੇ ਮਨੁੱਖਤਾ ਨੂੰ ਗੁਰਮਤਿ ਦਾ ਸਹੀ ਰਾਹ ਵਿਖਾਈਏ। ਪਹਿਲਾਂ ਆਪ ਗੁਰਮਤਿ ਦੇ ਰਾਹੀ ਬਣੀਏ ਅਤੇ ਆਪਣੇ ਕਾਰਵਿਹਾਰ ਵਿੱਚ ਗੁਰਮਤਿ ਸਿਧਾਂਤਾਂ ਨੂੰ ਰੂਪਮਾਨ ਕਰੀਏ। ਜ਼ਾਤ-ਪਾਤ ਦੇ ਕੋੜ੍ਹ ਨੂੰ ਹੂੰਝ ਕੇ ਬਾਹਰ ਸੁੱਟਣ ਦਾ ਪ੍ਰਣ ਕਰੀਏ ਅਤੇ ਇਸ ਕੋੜ੍ਹ ਦੀ ਰਹਿੰਦ-ਖੂੰਦ ਤੋਂ ਛੁਟਕਾਰਾ ਪਾਈਏ। ਮਿਹਨਤ-ਮੁਸ਼ੱਕਤ ਅਤੇ ਹੱਕ-ਹਲਾਲ ਦੀ ਕਮਾਈ ਨੂੰ ਆਪਣਾ ਜੀਵਨ ਆਧਾਰ ਬਣਾਈਏ ਅਤੇ ਦੂਜੇ ਦੇ ਹੱਕ 'ਤੇ ਛਾਪਾ ਮਾਰਨ ਦੀ ਰੁਚੀ ਨੂੰ ਤਿਆਗੀਏ।

ਜੇ ਅਸੀਂ ਆਪਣੀ ਕੌਮੀ ਹੋਂਦ ਨੂੰ ਮਿਟ ਜਾਣ ਤੋਂ ਬਚਾਣਾ ਹੈ, ਜੇ ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ ਡਰਿੰਕ, ਡਰੱਗ ਤੇ ਵਿਭਚਾਰ ਕਲਚਰ ਦੇ ਪੱਛਮੀ ਕੋੜ੍ਹ ਤੋਂ ਬਚਾਣਾ ਹੈ ਅਤੇ ਜੇ ਅਸੀਂ ਆਪਣੀ ਕੌਮ ਨੂੰ ਸੰਸਾਰ ਦੀ ਸਿਰਮੌਰ ਕੌਮ ਵੇਖਣਾ ਚਾਹੁੰਦੇ ਹਾਂ, ਤਾਂ ਸਾਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਵੱਧ ਤੋਂ ਵੱਧ ਜ਼ਬਾਨਾਂ ਵਿੱਚ ਨਰੋਆ ਤੇ ਵਿਗਿਆਨਕ ਸਿੱਖ ਸਾਹਿਤ ਪੈਦਾ ਕਰਨਾ ਪਏਗਾ। ਵਿਦਿਆ ਤੋਂ ਸਖਣੀ (ਪੁਸਤਕਾਂ ਤੋਂ ਬਿਨਾਂ)ਕੋਈ ਵੀ ਕੌਮ ਉਨਤੀ ਨਹੀਂ ਕਰ ਸਕਦੀ। ਵਿਦਿਆ ਤੇ ਸਿਖਿਆ ਹੀ ਕੌਮ ਨੂੰ ਅਨਪੜ੍ਹਤਾ, ਜਹਾਲਤ ਅਤੇ ਵਹਿਮਾਂ-ਭਰਮਾਂ ਤੋਂ ਦੂਰ ਕਰ ਸਕਦੀਆਂ ਹਨ।

ਖ਼ਾਲਸਾ ਜੀਵਨ-ਜਾਂਚ ਵਿੱਚ ਪੁਸਤਕ ਦਾ ਬਹੁਤ ਵੱਡਾ ਯੋਗਦਾਨ ਹੈ। ਗੁਰੂ ਨਾਨਕ ਸਾਹਿਬ ਦਾ 'ਵਿਦਿਆ ਵੀਚਾਰੀ ਤਾਂ, ਪਰਉਪਕਾਰੀ' ਸੰਦੇਸ਼ ਸਾਡੇ ਸਾਹਮਣੇ ਹੈ। ਦਸਮ ਪਾਤਸ਼ਾਹ ਦੇ ਸਮੇਂ ਤਲਵਾਰ ਦੇ ਨਾਲ ਨਾਲ ਕਲਮ ਦਾ ਅਮੁੱਕ ਤੇ ਅਰੁੱਕ ਵਹਿਣ ਵੀ ਵਹਿੰਦਾ ਰਹਿੰਦਾ ਸੀ। ਕਿਉਂ ਨਾ ਬਾਣੀ ਦੇ ਬੋਹਿਥ ਗੁਰੂ ਅਰਜਨ ਸਾਹਿਬ ਦੀ ਚਾਰ ਸੌ ਸਾਲਾ ਸ਼ਹੀਦੀ ਦੇ ਮੌਕੇ 'ਤੇ ਖ਼ਾਲਸਾ ਪੰਥ ਨੂੰ ਪੁਸਤਕਾਂ ਦੇ ਸਭਿਆਚਾਰ ਨਾਲ ਸ਼ਿੰਗਾਰੀਏ ਅਤੇ ਗੁਰਮਤਿ ਲਿਟਰੇਚਰ ਦਾ ਅਮੁੱਕ ਲੰਗਰ ਵਰਤਾਈਏ। ਪਾਠਾਂ ਦੀਆਂ ਲੜੀਆਂ ਤੋਰਨ, ਸੋਨੇ ਦੀਆਂ ਪਾਲਕੀਆਂ ਤੇ ਸੰਗਮਰਮਰਾਂ ਦੀਆਂ ਲਾਈਨਾਂ ਵਿਛਾਉਣ ਦੇ ਨਾਲ ਨਾਲ ਵੱਧ ਤੋਂ ਵੱਧ ਨਰੋਆ ਸਾਹਿਤ ਵੀ ਪੈਦਾ ਕਰਨ ਦੀ ਲੋੜ ਹੈ ਅਤੇ ਘਰ-ਘਰ ਪਹੁੰਚਾਉਣ ਦੀ ਲੋੜ ਹੈ। ਕੌਮ ਅੰਦਰ ਪੜ੍ਹਨ ਦੀ ਰੁਚੀ ਪੈਦਾ ਕਰਨ ਦੀ ਲੋੜ ਹੈ, ਆਪਣੀ ਕੌਮ ਅੰਦਰੋਂ ਜਹਾਲਤ ਤੇ ਅਨਪੜ੍ਹਤਾ ਦੂਰ ਕਰਨ ਦੀ ਲੋੜ ਹੈ ਅਤੇ ਆਪਣੀ ਕੌਮ ਨੂੰ ਪੜ੍ਹਿਆਂ ਲਿਖਿਆਂ ਦੀ ਕੌਮ ਬਣਾਉਣ ਦੀ ਲੋੜ ਹੈ। ਇਹ ਕੋਈ ਅਜਿਹਾ ਕੰਮ ਨਹੀਂ, ਜਿਹੜਾ ਕਿ ਨਾ ਕੀਤਾ ਜਾ ਸਕੇ।

ਦੁਨੀਆ ਦੀ ਕੋਈ ਅਜਿਹੀ ਉਲਝਣ ਨਹੀਂ, ਜਿਹੜੀ ਸੁਲਝਾਈ ਨਹੀਂ ਜਾ ਸਕਦੀ। ਕੋਈ ਅਜਿਹੀ ਮੁਸ਼ਕਲ ਨਹੀਂ, ਜਿਹੜੀ ਦੂਰ ਨਹੀਂ ਕੀਤੀ ਜਾ ਸਕਦੀ।

ਕੋਈ ਅਜਿਹੀ ਮੰਜ਼ਲ ਨਹੀਂ, ਜਿਹੜੀ ਅਪਹੁੰਚ ਹੋਵੇ। ਕੋਈ ਵੱਡੀ ਤੋਂ ਵੱਡੀ ਅਜਿਹੀ ਖਾਈ ਨਹੀਂ, ਜਿਹੜੀ ਟਪੀ ਨਾ ਜਾ ਸਕੇ। ਕੋਈ ਅਜਿਹੀ ਘਾਟ ਨਹੀਂ, ਜਿਹੜੀ ਪੂਰੀ ਨਾ ਕੀਤੀ ਜਾ ਸਕਦੀ ਹੋਵੇ। ਕੋਈ ਅਜਿਹੀ ਕਮਜ਼ੋਰੀ ਨਹੀਂ, ਜਿਹੜੀ ਦੂਰ ਨਹੀਂ ਕੀਤੀ ਜਾ ਸਕਦੀ। ਕੋਈ ਅਜਿਹਾ ਨਿਸ਼ਾਨਾ ਨਹੀਂ, ਜਿਹੜਾ ਫੁੰਡਿਆ ਨਹੀਂ ਜਾ ਸਕਦਾ। ਕੋਈ ਅਜਿਹੀ ਹਾਰ ਨਹੀਂ, ਜਿਹੜੀ ਜਿੱਤ ਵਿੱਚ ਨਹੀਂ ਬਦਲੀ ਜਾ ਸਕਦੀ। ਕੋਈ ਔਖੇ ਤੋਂ ਔਖਾ ਅਜਿਹਾ ਕੰਮ ਨਹੀਂ, ਜਿਹੜਾ ਨੇਪਰੇ ਨਹੀਂ ਚਾੜ੍ਹਿਆ ਜਾ ਸਕਦਾ। ਕੋਈ ਅਜਿਹੀ ਪ੍ਰੀਖਿਆ ਨਹੀਂ, ਜਿਸ ਵਿੱਚ ਸਫਲਤਾ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਕੋਈ ਅਜਿਹੀ ਸ਼ਕਤੀ ਨਹੀਂ, ਜਿਹੜੀ ਪੈਦਾ ਨਹੀਂ ਕੀਤੀ ਜਾ ਸਕਦੀ। ਆਪਣੇ ਅੰਦਰ ਦ੍ਰਿੜਤਾ ਪੈਦਾ ਕਰਨ ਦੀ ਲੋੜ ਹੈ।

ਦ੍ਰਿੜਤਾ, ਮਰਦਾਨਗੀ ਅਤੇ ਬਹਾਦਰੀ ਦਾ ਆਧਾਰ ਆਤਮ ਵਿਸ਼ਵਾਸ ਹੈ। ਆਤਮ ਵਿਸ਼ਵਾਸ ਨਾਲ ਹੀ ਕੌਮਾਂ ਜੇਤੂ ਬਣਦੀਆਂ ਹਨ। ਨਿਰੇ ਫ਼ੌਜੀ ਬਲ ਨਾਲ ਨਾ ਕੋਈ ਕੌਮ ਜੇਤੂ ਬਣ ਸਕਦੀ ਹੈ ਅਤੇ ਨਾਹੀਂ ਆਪਣੀ ਹੋਂਦ ਹੀ ਕਾਇਮ ਰੱਖ ਸਕਦੀ ਹੈ। ਆਤਮ ਵਿਸ਼ਾਵਸ਼ ਦੀ ਘਾਟ ਨਾਲ ਹੀ ਕੌਮਾਂ ਦਾ ਕੱਦ-ਕਾਠ ਨੀਵਾਂ ਹੁੰਦਾ ਹੈ। ਆਤਮ ਵਿਸ਼ਵਾਸ ਸਚਿਆਰ ਬਣਨ ਨਾਲ ਪੈਦਾ ਹੁੰਦਾ ਹੈ। ਸਚਿਆਰ ਬਣਨ ਲਈ ਦੈਵੀ ਗੁਣਾਂ ਦਾ ਧਾਰਨੀ ਬਣਕੇ, ਸੰਤ ਵੀ ਬਣਨਾ ਹੈ ਅਤੇ ਬਲਵਾਨ ਸਰੀਰ ਨਾਲ ਸ਼ਸਤਰ-ਬੱਧ ਹੋਕੇ ਸਿਪਾਹੀ ਵੀ ਬਣਨਾ ਹੈ। ਸ਼ਬਦ ਬੋਧ ਦੇ ਗਿਆਨ ਨੂੰ ਆਪਣੇ ਜੀਵਨ ਵਿੱਚ ਢਾਲਣਾ ਪੈਂਦਾ ਹੈ ਅਤੇ ਅਗਿਆਨਤਾ ਤੇ ਭਰਮ-ਭੁਲੇਖਿਆਂ ਨੂੰ ਦੂਰ ਕਰਕੇ ਮਨ ਨੂੰ ਬਲਵਾਨ ਬਨਾਣਾ ਪੈਂਦਾ ਹੈ। ਆਤਮ ਵਿਸ਼ਵਾਸ ਪੈਦਾ ਕਰਨ ਲਈ ਆਤਮਿਕ ਬਲ ਵੀ ਪੈਦਾ ਕਰਨਾ ਹੁੰਦਾ ਹੈ ਅਤੇ ਸਰੀਰਕ ਬਲ ਵੀ। ਜਿਸਮਾਨੀ ਤਾਕਤ ਵੀ ਬੜੀ ਜ਼ਰੂਰੀ ਹੈ ਅਤੇ ਇਸਦਾ ਹੋਣਾ ਲਾਜ਼ਮੀ ਵੀ ਹੈ, ਪਰ ਜਿਸਮਾਨੀ ਘੋੜੇ ਦੀ ਕੋਚਵਾਨ ਮਾਨਸਿਕ ਤਾਕਤ ਹੈ। ਭਾਵੇਂ ਬਲਵਾਨ ਆਤਮਾ ਨੂੰ ਬਲਵਾਨ ਸਰੀਰ ਦੀ ਲੋੜ ਹੈ, ਪਰ ਬਲਵਾਨ ਸਰੀਰ ਬਲਵਾਨ ਆਤਮਾ ਤੋਂ ਬਿਨਾਂ ਮੁਰਦਾ ਹੈ।

ਮਾਨਸਿਕ ਸ਼ਕਤੀ ਦਾ ਆਧਾਰ ਮਨ ਹੈ। ਗੁਰਮਤਿ ਅਨੁਸਾਰ ਮਨੁੱਖੀ ਮਨ ਸਿਰਜਣਹਾਰ ਸ਼ਕਤੀ ਦਾ ਹੀ ਅੰਸ਼ ਹੈ। ਇਸ ਵਿੱਚ ਅਥਾਹ ਸ਼ਕਤੀਆਂ ਤੇ ਸੰਭਾਵਨਾਵਾਂ ਲੁਕੀਆਂ ਹੋਈਆਂ ਹਨ, ਜਿਹੜੀਆਂ ਸ਼ਬਦ ਬੋਧ ਨੂੰ ਅਮਲੀ ਰੂਪ ਦੇਣ ਦੀ ਜੀਵਨ ਜੁਗਤੀ ਨਾਲ ਦ੍ਰਿਸ਼ਟਮਾਨ ਹੁੰਦੀਆਂ ਹਨ। ਜਿਵੇਂ ਨਿਰਬਲ ਸਰੀਰ ਨੂੰ ਲੋੜੀਦੀਂ ਖ਼ੁਰਾਕ ਤੇ ਕਸਰਤ ਦੇ ਯਤਨਾਂ ਨਾਲ ਬਲਵਾਨ ਬਣਾਇਆ ਜਾ ਸਕਦਾ ਹੈ, ਉਵੇਂ ਹੀ ਗਿਆਨ ਬੋਧ ਪ੍ਰਾਪਤ ਕਰਨ ਦੇ ਉਦਮ ਨਾਲ, ਮਨੁੱਖਤਾ ਦੀ ਸੇਵਾ ਕਰਨ ਦੇ ਯਤਨ ਨਾਲ ਅਤੇ ਸਰਬੱਤ ਦੇ ਭਲੇ ਦਾ ਧਾਰਨੀ ਬਣਨ ਨਾਲ ਮਨ ਨੂੰ ਬਲਵਾਨ ਬਣਾਇਆ ਜਾ ਸਕਦਾ ਹੈ।

ਦੁਨੀਆ ਅੰਦਰ ਸਭ ਕੁਝ ਬਲ ਨਾਲ ਹੁੰਦਾ ਹੈ। ਚੰਗੇ ਕੰਮ ਜਾਂ ਮੰਦੇ ਕੰਮ ਦੋਵੇਂ ਬਲ ਨਾਲ ਹੀ ਹੁੰਦੇ ਹਨ। ਜੀਉਣ ਦਾ ਹੱਕ ਤਕੜਿਆਂ ਨੂੰ ਪ੍ਰਾਪਤ ਹੈ। ਜ਼ੋਰਾਵਰਾਂ ਦਾ ਸਤੀਂ ਵੀਹੀਂ ਸੌ ਮੰਨਿਆ ਜਾਂਦਾ ਹੈ। 'ਦੁਨੀਆ ਮੰਨਦੀ ਜ਼ੋਰਾਂ ਨੂੰ, ਕੋਈ ਨਾ ਪੁੱਛੇ ਕਮਜ਼ੋਰਾਂ ਨੂੰ' ਦਾ ਲੋਕ ਅਖਾਣ ਇਸ ਗੱਲ ਦੀ ਗਵਾਹੀ ਭਰਦਾ ਹੈ। ਜੀਵਨ ਇੱਕ ਘੋਲ ਹੈ, ਜਿਸ ਵਿੱਚ ਤਕੜੇ ਹੀ ਜੇਤੂ ਬਣਦੇ ਹਨ। ਤਕੜੇ ਜਿੱਤਦੇ ਹਨ ਅਤੇ ਕਮਜ਼ੋਰ ਹਾਰਦੇ ਹਨ। ਹਾਰਿਆਂ ਤੇ ਫ਼ੇਲ੍ਹ ਹੋਇਆ ਨੂੰ ਕੋਈ ਨਹੀਂ ਪੁੱਛਦਾ, ਜੇਤੂਆਂ ਤੇ ਪਾਸ ਹੋਣ ਵਾਲਿਆਂ ਨੂੰ ਹੀ ਇਨਾਮ ਮਿਲਦੇ ਹਨ। ਤਾਕਤ ਨੂੰ ਹੀ ਸਲਾਮਾਂ-ਸਰਦਾਰੀਆਂ, ਰਾਜ-ਭਾਗ ਤੇ ਤਖ਼ਤ ਪ੍ਰਾਪਤ ਹੁੰਦੇ ਹਨ। ਕਮਜ਼ੋਰਾਂ ਤੇ ਮਾੜਿਆਂ ਦੀ ਇਸ ਸੰਸਾਰ ਵਿੱਚ ਕੋਈ ਥਾਂ ਨਹੀਂ। ਕਮਜ਼ੋਰ ਤੇ ਨਿਰਬਲ ਸਦਾ ਖ਼ੁਆਰ ਹੁੰਦੇ ਹਨ ਅਤੇ ਤਕੜਿਆਂ ਦੇ ਜ਼ਰ-ਖ਼ਰੀਦ ਗ਼ੁਲਾਮ ਬਣਦੇ ਹਨ। ਕਮਜ਼ੋਰੀ ਹਾਰ ਦੀ ਮਾਂ ਹੈ।

ਜਿਸ ਨੇ ਇਸ ਸੰਸਾਰ ਵਿੱਚ ਜੀਣਾ ਹੈ, ਉਸ ਨੂੰ ਲੋੜੀਂਦਾ ਬਲ ਪੈਦਾ ਕਰਕੇ ਆਪਣੀ ਸਹਾਇਤਾ ਆਪ ਕਰਨੀ ਪਏਗੀ। ਕੁਦਰਤ ਦਾ ਇਹ ਕਾਨੂੰਨ ਹੈ ਅਤੇ ਪ੍ਰਕਿਰਤੀ ਦੇ ਹਰ ਖੇਤਰ ਵਿੱਚ ਇਹ ਪ੍ਰਚਲਤ ਹੈ ਕਿ ਵੱਡੀ ਮੱਛੀ ਛੋਟੀ ਮੱਛੀ ਨੂੰ ਖਾਂਦੀ ਹੈ। ਪਸ਼ੂ, ਪੰਛੀ, ਕੀੜੇ-ਮਕੌੜਿਆਂ ਤੋ ਲੈਕੇ ਜੰਗਲੀ ਜਾਨਵਰਾਂ ਤਕ ਸਾਰੇ ਹੀ ਤਾਕਤ ਅੱਗੇ ਸਿਰ ਝੁਕਾਉਂਦੇ ਹਨ। ਸ਼ਕਤੀ ਹੀ ਅੰਤਮ ਤੇ ਸਦੀਵੀ ਗੁਣ ਹੈ ਅਤੇ ਕਮਜ਼ੋਰੀ ਬਹੁਤ ਵੱਡਾ ਔਗੁਣ ਹੈ। ਗੁਰਮਤਿ ਅਨੁਸਾਰ ਕਮਜ਼ੋਰ ਹੋਣਾ ਇੱਕ ਭਾਰੀ ਗੁਨਾਹ ਹੈ, ਜਿਸ ਲਈ ਮਨੁੱਖ ਨੂੰ ਸਜ਼ਾ ਭੁਗਤਣੀ ਪੈਂਦੀ ਹੈ। ਬਲਹੀਨ ਹਮੇਸ਼ਾ ਮਾਯੂਸ ਰਹਿੰਦਾ ਹੈ, ਮੁਰਝਾਇਆ ਰਹਿੰਦਾ ਹੈ ਅਤੇ ਉਸ ਦੀ ਰੂਹ ਦੱਬੀ-ਘੁਟੀ ਰਹਿੰਦੀ ਹੈ।

ਸਾਰਾ ਬ੍ਰਹਮੰਡ ਅਕਾਲ ਪੁਰਖ ਤੋਂ ਹੀ ਬਣਿਆ ਹੈ, ਸ਼ਕਤੀ ਦਾ ਹੀ ਬਣਿਆ ਹੋਇਆ ਹੈ ਅਤੇ ਇਸ ਵਿੱਚ ਸ਼ਕਤੀ ਦਾ ਹੀ ਪ੍ਰਤਾਪ ਹੈ। । ਹੁਣ ਤਾਂ ਗੁਰਬਾਣੀ ਦੇ ਇਸ ਕਥਨ ਨੂੰ ਸਾਇੰਸ ਨੇ ਵੀ ਮੰਨ ਲਿਆ ਹੈ ਕਿ ਸੰਸਾਰ ਸ਼ਕਤੀ ਦਾ ਸਮੁੰਦਰ ਹੈ ਅਤੇ ਇਸ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ। ਗੁਰਬਾਣੀ ਅਨੁਸਾਰ ਇੱਕ ਚਾਨਣ-ਇੱਕ ਨੂਰ ਅਥਵਾ ਇੱਕ ਸ਼ਕਤੀ ਤੋਂ ਹੀ ਇਹ ਸਭ ਸ੍ਰਿਸ਼ਟੀ ਦੀ ਘਾੜਤ ਘੜੀ ਗਈ ਹੈ-

1) "ਅਵਲਿ ਅਲਹ ਨੂਰ ਉਪਾਇਆ, ਕੁਦਰਤ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ, ਕਉਨ ਭਲੇ ਕੋ ਮੰਦੇ॥ (ਪੰਨਾ 1349)

2) "ਜ਼ਿਮੀ ਜ਼ਮਾ ਕੇ ਬਿਖੇ ਸਮਸਤ ਏਕ ਜੋਤਿ ਹੈ॥
ਨਾ ਘਾਟ ਹੈ, ਨਾ ਬਾਢ ਹੈ, ਨਾ ਘਾਟ ਬਾਢ ਹੋਤ ਹੈ॥" (ਗੁਰੂ ਗੋਬਿੰਦ ਸਿੰਘ)

ਇਹ ਸਭ ਰਚਨਾ ਸ਼ਕਤੀ ਦੀ ਬਣੀ ਹੋਈ ਹੈ। ਹਰ ਵੇਲੇ ਹਰਕਤ ਵਿੱਚ ਰਹਿਣਾ ਸ਼ਕਤੀ ਦਾ ਸੁਭਾਅ ਹੈ। ਇਸੇ ਕਰਕੇ ਸੰਸਾਰ ਦੀ ਹਰ ਸ਼ੈ ਹਰਕਤ ਵਿੱਚ ਹੈ। ਬ੍ਰਹਮੰਡ ਦੀ ਹਰ ਸ਼ੈ ਸਥੂਲਤਾ ਤੋਂ ਸੂਖਮਤਾ ਵਲ ਵੱਧ ਰਹੀ ਹੈ। ਸ਼ਕਤੀ ਦਾ ਇਹ ਖ਼ਾਸਾ ਹੈ ਕਿ ਜਿਤਨਾ ਵੱਧ ਇਸ ਨੂੰ ਕੇਂਦਰਤ ਕਰੋ, ਉਤਨਾ ਵੱਧ ਇਸ ਦਾ ਤਰਾਣ ਵਧਦਾ ਜਾਂਦਾ ਹੈ। ਇਕ ਮਿਸਾਲ ਹਾਜ਼ਰ ਹੈ। ਇਕ ਕਾਗਜ਼ 'ਤੇ ਸੂਰਜ ਦੀ ਰੋਸ਼ਨੀ ਕਈ ਸਾਲ ਪੈਂਦੀ ਰਹੇ, ਤਾਂ ਵੀ ਉਸ ਦਾ ਕੁਝ ਨਹੀਂ ਵਿਗੜਦਾ। ਜੇ ਉਸੇ ਰੋਸ਼ਨੀ ਨੂੰ ਇਕ ਲੈਨਜ਼ ਵਿੱਚੋਂ ਲੰਘਾ ਕੇ ਕੇਂਦਰਤ ਕਰਕੇ ਉਸੇ ਕਾਗਜ਼ 'ਤੇ ਸੁਟਿਆ ਜਾਏ, ਤਾਂ ਉਸ ਨੂੰ ਝਟ ਅੱਗ ਲੱਗ ਜਾਂਦੀ ਹੈ। ਸਾਡਾ ਸਰੀਰ ਵੀ ਸ਼ਕਤੀ ਨਾਲ ਚਲਦਾ ਹੈ। ਮਨ ਦੀ ਸ਼ਕਤੀ ਨੂੰ ਕੇਂਦਰਤ ਕਰਕੇ ਮਨੁੱਖ ਜੋ ਚਾਹੇ ਕਰ ਸਕਦਾ ਹੈ। ਮਨ ਨੂੰ ਕੇਂਦ੍ਰਤ ਕਰਨ ਲਈ ਸ਼ਬਦ ਬੋਧ ਦੀ ਲੋੜ ਹੈ।

ਮਨੁੱਖੀ ਮਨ ਬ੍ਰਹਮੰਡ ਦੀ ਵਿਸ਼ਾਲ ਸਿਰਜਣਾਤਮਕ ਸ਼ਕਤੀ ਦਾ ਹੀ ਹਿੱਸਾ ਹੈ। (ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ ਪੰਨਾ 441) ਮਨੁੱਖ ਵਿੱਚ ਉਹ ਸ਼ਕਤੀ ਕੰਮ ਕਰ ਰਹੀ ਹੈ, ਜਿਸ ਨਾਲ ਸਾਰਾ ਬ੍ਰਹਮੰਡ ਚੱਲ ਰਿਹਾ ਹੈ, ਜਿਸ ਨਾਲ ਸੂਰਜ, ਚੰਨ, ਤਾਰੇ ਭੌਂਦੇ ਹਨ ਅਤੇ ਜਿਸ ਨਾਲ ਹਵਾ, ਪਾਣੀ ਤੇ ਅੱਗ ਆਦਿਕ ਸ਼ਕਤੀਆਂ ਕੰਮ ਕਰ ਰਹੀਆਂ ਹਨ। ਜਿਸ ਮਨੁੱਖ ਦੀ ਨੀਅਤ ਸਾਫ਼ ਹੈ ਅਤੇ ਜਿਸ ਦਾ ਮਨੋਰਥ ਆਪਣੇ ਤੇ ਪਰਾਏ ਦੀ ਭਲਾਈ ਹੈ, ਉਹਦਾ ਹਰ ਕੰਮ ਨੇਪਰੇ ਚੜ੍ਹੇਗਾ। ਕੋਈ ਵੀ ਬੰਦਸ਼, ਕੋਈ ਵੀ ਰੁਕਾਵਟ ਅਤੇ ਕੋਈ ਵੀ ਤਾਕਤ ਉਹਦਾ ਰਾਹ ਨਹੀਂ ਰੋਕ ਸਕਦੀ। ਇਹ ਕੁਦਰਤ ਦਾ ਨੇਮ ਹੈ। ਕੁਦਰਤ ਦੀ ਹਰ ਜਾਨਦਾਰ ਤੇ ਬੇਜਾਨ ਸ਼ੈ ਦੂਜਿਆਂ ਦੇ ਜੀਣ-ਥੀਣ ਵਿੱਚ ਸਹਾਇਕ ਹੋ ਰਹੀ ਹੈ। ਸਾਰਾ ਬ੍ਰਹਮੰਡ ਇਸ ਨੇਮ ਨਾਲ ਹੀ ਚੱਲ ਰਿਹਾ ਹੈ। ਬ੍ਰਹਮੰਡ ਦੀ ਹਰ ਨਿੱਕੀ ਤੋਂ ਨਿੱਕੀ ਅਤੇ ਵੱਡੀ ਤੋਂ ਵੱਡੀ ਸ਼ੈ ਵਿੱਚ ਇਕ ਹੀ ਅਸੂਲ ਕੰਮ ਕਰ ਰਿਹਾ ਹੈ-

'ਜੋ ਬ੍ਰਹਮੰਡੇ ਸੋਈ ਪਿੰਡੇ' -ਪੰਨਾ 695

ਮਨੁੱਖ ਵੀ ਇਸ ਬ੍ਰਹਮੰਡ ਦਾ ਹੀ ਹਿੱਸਾ ਹੈ। ਇਸ ਦੀ ਸ਼ਕਤੀ ਦਾ ਕੋਈ ਅੰਤ ਨਹੀਂ, ਪਰ ਇਸ ਦੀ ਸ਼ਕਤੀ ਗ੍ਰਹਿਣ ਕਰਨ ਦੀ ਸਮਰਥਾ ਸੀਮਤ ਹੈ। ਇਹ ਆਪਣੀ ਸੀਮਾ ਵਧਾ ਸਕਦਾ ਹੈ, ਜੇ ਇਹ ਗਿਆਨ ਬੋਧ ਲੈਕੇ ਦ੍ਰਿੜਤਾ ਨਾਲ ਮਨ ਦੀ ਇਕਸੁਰਤਾ ਕਾਇਮ ਕਰ ਲਵੇ। ਜਿਹੜਾ ਇੱਕ-ਚਿਤ ਹੋ ਗਿਆ, ਜਿਸ ਵਿੱਚ ਦ੍ਰਿੜਤਾ ਆ ਗਈ, ਉਸ ਅੰਦਰ ਇਤਨੀ ਸ਼ਕਤੀ ਪੈਦਾ ਹੋ ਜਾਂਦੀ ਹੈ ਕਿ ਉਸ ਦਾ ਹਰ ਉਚੀ ਤੋਂ ਉਚੀ ਮੰਜ਼ਲ 'ਤੇ ਪਹੁੰਚ ਜਾਣਾ ਇਤਨਾ ਯਕੀਨੀ ਬਣ ਜਾਂਦਾ ਹੈ, ਜਿਤਨਾ ਕਿ ਹਰ ਕਾਲੀ ਰਾਤ ਮਗਰੋਂ ਪ੍ਰਭਾਤ ਦਾ ਚੜ੍ਹਨਾ ਯਕੀਨੀ ਹੈ। ਇਹ ਕੁਦਰਤ ਦਾ ਅੱਟਲ ਨੇਮ ਹੈ। ਅਟੁੱਟ ਵਿਸ਼ਵਾਸ, ਅਟੁੱਟ ਲਗਨ ਅਤੇ ਅਟੁੱਟ

ਦ੍ਰਿੜਤਾ ਸਾਹਮਣੇ ਤਾਂ ਹੋਣੀ ਵੀ ਹਥਿਆਰ ਸੁੱਟ ਦੇਂਦੀ ਹੈ।

ਦ੍ਰਿੜਤਾ ਮਨੁੱਖੀ ਸ਼ਕਤੀ ਦਾ ਅਜਿਹਾ ਸ਼ਕਤੀਸ਼ਾਲੀ ਹਥਿਆਰ ਹੈ, ਜਿਹੜਾ ਕਦੀ ਖੁੰਢਾ ਨਹੀਂ ਹੁੰਦਾ। ਦੁਨੀਆ ਅੰਦਰ ਜੇ ਕੋਈ ਸ਼ਕਤੀ ਅਸੰਭਵ ਨੂੰ ਸੰਭਵ ਬਣਾ ਸਕਦੀ ਹੈ, ਤਾਂ ਉਹ ਮਨੁੱਖੀ ਮਨ ਦੀ ਦ੍ਰਿੜਤਾ ਹੈ। ਦ੍ਰਿੜ ਇਰਾਦੇ ਅੱਗੇ ਸਭ ਮੁਸ਼ਕਲਾਂ ਝੁਕ ਜਾਂਦੀਆਂ ਹਨ। ਖ਼ਿਆਲਾਂ ਦੀ ਦ੍ਰਿੜਤਾ ਅਤੇ ਖ਼ਿਆਲਾਂ ਦੀ ਬਲ ਵਾਨਤਾ ਨਾਲ ਪਹਾੜ ਤਾਂ ਕਦੋਂ ਦੇ ਚੀਰੇ ਜਾ ਚੁੱਕੇ ਹਨ, ਹੁਣ ਤਾਂ ਮਨੁੱਖ ਪੁਲਾੜ ਵਿੱਚ ਘਰ ਬਨਾਣ ਦੀਆਂ ਤਿਆਰੀਆਂ ਕਰ ਰਿਹਾ ਹੈ। ਮਨੁੱਖ ਦੀ ਦ੍ਰਿੜਤਾ ਸਾਹਮਣੇ ਨਾ ਕੋਈ ਕੰਮ ਵੱਡਾ ਹੈ ਅਤੇ ਨਾ ਹੀਂ ਕੋਈ ਨਿਸ਼ਾਨਾ ਹੀ ਉੱਚਾ ਹੈ। ਮਨੁੱਖ ਦਾ ਦ੍ਰਿੜ ਇਰਾਦਾ ਕੁਦਰਤ ਦਾ ਦ੍ਰਿੜ ਇਰਾਦਾ ਬਣ ਜਾਂਦਾ ਹੈ। ਜੇ ਮਨੁੱਖ ਡਟਿਆ ਰਹੇ, ਹਾਰੇ ਨਾ, ਤਾਂ ਕੁਦਰਤ ਉਹਦੀ ਸਹਾਇਕ ਬਣਨ ਲਈ ਕਿਸੇ ਨਾ ਕਿਸੇ ਸ਼ਕਲ ਵਿੱਚ ਅੱਪੜਦੀ ਹੈ। ਕੁਦਰਤ ਦਾ ਇਹ ਨੇਮ ਹਰ ਪਾਸੇ ਕੰਮ ਕਰਦਾ ਵੇਖਿਆ ਜਾ ਸਕਦਾ ਹੈ। ਜਦ ਕਦੀ ਕਿਤੇ ਹਵਾ ਦਾ ਖ਼ਲਾ ਪੈਦਾ ਹੋ ਜਾਏ, ਤਾਂ ਹਵਾ ਹਨੇਰੀ ਬਣਕੇ ਉਥੇ ਪਹੁੰਚ ਕੇ ਉਸ ਖ਼ਲਾ ਨੂੰ ਦੂਰ ਕਰਦੀ ਹੈ।

ਅਠਾਰਵੀਂ ਸਦੀ ਦਾ ਖ਼ਾਲਸੇ ਦਾ ਇਤਿਹਾਸਕ ਕਿਰਦਾਰ ਇਸ ਗੱਲ ਦੀ ਗਵਾਹੀ ਭਰਦਾ ਹੈ। ਘੋੜਿਆਂ ਦੀਆਂ ਕਾਠੀਆਂ ਜਿਨ੍ਹਾਂ ਦਾ ਘਰ ਸੀ ਅਤੇ ਜਿਨ੍ਹਾਂ ਦੀ ਵਸੋਂ ਘਟ ਕੇ ਇਕ ਸਮੇਂ ਕੇਵਲ ਦੋ ਹਜ਼ਾਰ ਰਹਿ ਗਈ ਸੀ, ਉਹਨਾਂ ਆਪਣੇ ਖ਼ਾਲਸਈ ਕਿਰਦਾਰ ਅਤੇ ਮਨ ਦੀ ਦ੍ਰਿੜਤਾ ਨਾਲ ਹੀ ਮੁਗ਼ਲਸ਼ਾਹੀ ਲਸ਼ਕਰਾਂ ਨੂੰ ਹਰਾ ਕੇ ਜਮਰੌਦ ਤਕ ਖ਼ਾਲਸਈ ਨਿਸ਼ਾਨ ਜਾ ਝੁਲਾਇਆ ਸੀ। ਬਲਵਾਨ ਬਣਨ ਵਿੱਚ ਹੀ ਸਾਰੀਆਂ ਬਰਕਤਾਂ ਨੇ।

ਬਲਵਾਨ ਸਰੀਰ ਵਾਲੇ, ਬਲਵਾਨ ਮਨ ਵਾਲੇ ਅਤੇ ਬਲਵਾਨ ਖ਼ਿਆਲਾਂ ਵਾਲੇ ਮਨੁੱਖ ਹੀ ਕਾਮਯਾਬ ਹੁੰਦੇ ਹਨ। ਕਮਜ਼ੋਰ ਤਾਂ ਆਪਣੇ ਆਪ ਨੂੰ ਵੀ ਸਾਂਭਣ ਦੇ ਅਸਮਰਥ ਹੁੰਦੇ ਹਨ, ਦੂਜਿਆਂ ਦੀ ਉਹ ਕੀ ਸਹਾਇਤਾ ਕਰਨਗੇ? ਇਸ ਸੰਸਾਰ ਵਿੱਚ ਨਿਰਬਲ ਹੋਣਾ ਪਾਪ ਹੈ। ਅੱਜ ਸਿੱਖ ਕੌਮ ਨੂੰ ਕਮਜ਼ੋਰੀ ਛੱਡ ਦੇਣੀ ਚਾਹੀਦੀ ਹੈ ਅਤੇ ਦਲੇਰ ਬਣਨ ਦੀ ਲੋੜ ਹੈ। ਜਿੱਤਦਾ ਉਹੀ ਹੈ, ਜਿਸ ਕੋਲ ਬਲ ਹੁੰਦਾ ਹੈ। ਬਲ ਹੋਇਆਂ ਹੀ ਬੰਧਨ ਛੁਟਦੇ ਹਨ।

ਲੱਖਾਂ ਦੀ ਗਿਣਤੀ ਵਾਲੇ ਹਥਿਆਰਬੰਦ ਮੁਗ਼ਲਸ਼ਾਹੀ ਲਸ਼ਕਰ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਕਈ ਵਾਰ ਭਾਂਜਾਂ ਦਿੱਤੀਆਂ ਅਤੇ ਸਾਬਤ ਕਰ ਵਿਖਾਇਆ ਕਿ ਆਤਮ ਵਿਸ਼ਵਾਸ ਨਾਲ ਹੱਕ ਤੇ ਸੱਚ ਦੀਆਂ ਚਿੜੀਆਂ ਜ਼ਾਲਮ ਤੇ ਸੀਨਾਜ਼ੋਰ ਬਾਜ਼ਾਂ ਦੇ ਖੰਭ ਤੋੜ ਖਲਾਰਨ ਦੀ ਸ਼ਕਤੀ ਪੈਦਾ ਕਰ ਸਕਦੀਆਂ ਹਨ। ਅੱਜ ਸਿੱਖ ਕੌਮ ਨੂੰ ਬਲ ਪੈਦਾ ਕਰਨ ਦੀ ਫ਼ੌਰੀ ਲੋੜ ਹੈ। ਆਤਮਿਕ ਬਲ ਵੀ ਅਤੇ ਸਰੀਰਕ

ਬਲ ਵੀ। ਜਿਤਨੀ ਲੋੜ ਸੰਤ ਬਣਨ ਦੀ ਹੈ, ਉਤਨੀ ਹੀ ਅੱਜ ਸਿਪਾਹੀ ਬਣਨ ਦੀ ਵੀ ਲੋੜ ਹੈ। ਹਰ ਸਿੱਖ, ਇਸਤਰੀ, ਬੱਚੇ, ਬਜ਼ੁਰਗ ਨੂੰ ਸ਼ਸਤਰ-ਬੱਧ ਹੋਣ ਦੀ ਲੋੜ ਹੈ। ਸ਼ਸਤਰ-ਬੱਧ ਤੋਂ ਮੇਰਾ ਭਾਵਕੇਵਲ ਰਵਾਇਤੀ ਕ੍ਰਿਪਾਨ ਲਟਕਾਉਣ ਤੋਂ ਨਹੀਂ ਹੈ, ਸਗੋਂ ਸ਼ਸਤਰਾਂ ਦੀ ਵਰਤੋਂ ਸਿੱਖਣ ਤੋਂ ਹੈ। ਕਸਰਤਾਂ ਤੇ ਮਸ਼ਕਾਂ ਕਰਨ ਦੀ ਲੋੜ ਹੈ। ਸਾਡੇ ਗੁਰੂ ਸਾਹਿਬਾਨ ਨੇ ਸਾਨੂੰ ਸੰਤ ਤੇ ਸਿਪਾਹੀ ਬਣਾਇਆ ਸੀ ਅਤੇ ਅਣਖ, ਗ਼ੈਰਤ ਤੇ ਮਰਦਾਨਗੀ ਦਾ ਜੀਵਨ ਜੀਣਾ ਸਿਖਾਇਆ ਸੀ, ਪਰ ਅਸੀਂ ਗੁਰੂ ਦੇ ਹੁਕਮਾਂ ਨੂੰ ਪਿੱਠ ਦੇਕੇ ਸੁਖ-ਅਰਾਮ ਦੀ ਮਸਤੀ ਵਿੱਚ ਘੂਕ ਸੁੱਤੇ ਪਏ ਹਾਂ।

ਇਤਿਹਾਸ ਸਾਡੇ ਸਾਹਮਣੇ ਹੈ। ਜਦ ਤਕ ਖ਼ਾਲਸਾ ਗੁਰੂ ਦੇ ਦੱਸੇ ਰਾਹਾਂ 'ਤੇ ਚਲ ਦਾ ਰਿਹਾ, ਇਸ ਦੇ ਦ੍ਰਿੜ ਇਰਾਦੇ, ਸਿਦਕ ਤੇ ਦਲੇਰੀ ਸਾਹਮਣੇ ਦੁਨੀਆ ਦੀ ਕੋਈ ਤਾਕਤ ਨਹੀਂ ਸੀ ਟਿਕ ਸਕੀ; ਜ਼ਾਲਮ ਦੇ ਜ਼ੁਲਮ ਦੀਆਂ ਭੱਠੀਆਂ ਇਸ ਦਾ ਸਿਰੜ ਨਾ ਸਾੜ ਸਕੀਆਂ; ਇਸ ਦਾ ਪੁਰਜ਼ਾ-ਪੁਰਜ਼ਾ ਕਰਕੇ ਵੀ ਇਸ ਦੇ ਸਿਦਕ ਨੂੰ ਕੋਈ ਨਹੀਂ ਹਿਲਾ ਸਕਿਆ; ਇਸ ਦੀ ਦ੍ਰਿੜਤਾ ਨੂੰ ਗੱਡੀਆਂ ਦੇ ਇੰਜਨ ਵੀ ਨਾ ਭੰਨ ਸਕੇ; ਇਸ ਦੀ ਅਣਖ ਨੂੰ ਗੋਲੀਆਂ ਤੇ ਡਾਂਗਾਂ ਵੀ ਨਾ ਮਾਰ ਸਕੀਆਂ ਅਤੇ ਇਸ ਦੀ ਜ਼ਬਾਨ ਨੂੰ ਕੈਦਾਂ ਵੀ ਨਾ ਕੈਦ ਕਰ ਸਕੀਆਂ। ਹਰ ਹਨੇਰੀ, ਹਰ ਤੂਫ਼ਾਨ ਅਤੇ ਹਰ ਜ਼ੁਲਮ ਦੀ ਭੱਠੀ ਵਿੱਚੋਂ ਇਸ ਬਹਾਦਰ ਕੌਮ ਦੇ ਸੂਰਮੇ ਸਟੀਲ ਬਣ ਕੇ ਨਿਕਲੇ ਹਨ। ਜਿਸ ਕੌਮ ਦਾ ਜਨਮ ਸੀਸ ਭੇਟ ਵਿੱਚੋਂ ਹੋਇਆ ਅਤੇ ਜਿਹੜੀ ਕੌਮ ਜੰਮੀ ਹੀ ਮੌਤ ਵਿੱਚੋਂ ਹੈ, ਉਸ ਨੂੰ ਗੋਲੀਆਂ ਜੇਲ੍ਹਾਂ ਅਤੇ ਕੈਦਾਂ ਕਿਵੇਂ ਡਰਾ ਸਕਦੀਆਂ ਹਨ?

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਸਿੱਖਾਂ ਅੰਦਰ ਸਿੱਖੀ ਸਿਦਕ ਤੇ ਸਿੱਖ ਕਿਰਦਾਰ ਕਿਵੇਂ ਪੈਦਾ ਕੀਤਾ ਜਾਏ। ਸਾਡੇ ਕੋਲ ਅਕਾਲ ਤਖਤ ਸਾਹਿਬ ਦੀ ਮੀਰੀ ਤੇ ਪੀਰੀ ਦੇ ਸਿਧਾਂਤ ਦੀ ਸਰਬ ਉੱਚਤਮ ਅਦਾਲਤ ਮੌਜੂਦ ਹੈ। ਕੋਈ ਵੀ ਧਾਰਮਿਕ ਜਾਂ ਸਿਆਸੀ ਆਗੂ ਇਸ ਦੀ ਅਥਾਰਟੀ ਨੂੰ ਚੁਣੌਤੀ ਨਹੀਂ ਦੇ ਸਕਦਾ। ਇਸ ਦੇ ਵਕਾਰ ਨੂੰ ਦੁਬਾਰਾ ਬਹਾਲ ਕਰਨ ਦੀ ਫੌਰੀ ਲੋੜ ਹੈ। ਇਸ ਨੂੰ ਸੁਆਰਥੀ ਸਿਆਸੀ ਲੀਡਰਾਂ ਅਤੇ ਮਸੰਦ ਜਥੇਦਾਰਾਂ ਤੋਂ ਅਜ਼ਾਦ ਕਰਾਉਣ ਦੀ ਲੋੜ ਹੈ, ਜੋ ਕਿ ਅੱਜ ਸਿੱਖ ਦੋਖੀਆਂ ਦੇ ਹੱਥਾਂ 'ਚ ਹੈ। ਸ਼੍ਰੋ.ਗੁ.ਪ੍ਰ. ਕਮੇਟੀ ਅਕਾਲ ਤਖਤ ਸਾਹਿਬ ਦੇ ਅਧੀਨ ਹੋਵੇ ਅਤੇ ਕਿਸੇ ਵੀ ਸਿਆਸੀ ਲੀਡਰ ਨੂੰ ਉਸ ਦਾ ਪ੍ਰਧਾਨ ਨਾ ਬਣਨ ਦਿੱਤਾ ਜਾਏ। ਪ੍ਰਧਾਨਗੀ ਦੀ ਲਾਹਨਤ ਤੋਂ ਛੁਟਕਾਰਾ ਹੀ ਪਾ ਲੈਣਾ ਚਾਹੀਦਾ ਹੈ ਅਤੇ ਉਸ ਦੀ ਬਜਾਏ ਸੇਵਾ ਕਰਨ ਵਾਲੇ ਨੂੰ ਮੁੱਖ ਸੇਵਾਦਾਰ ਦੀ ਉਪਾਧੀ ਦਿੱਤੀ ਜਾਏ।

ਕੌਮ ਦੇ ਹਰ ਮਸਲੇ ਵਿੱਚ ਪੰਜ ਸਿੰਘ ਸਾਹਿਬਾਨ ਦੀ ਲੀਡਰਸ਼ਿਪ ਹੀ ਅਗਵਾਈ ਕਰੇ। ਕੌਮੀ ਮਸਲਿਆਂ ਲਈ ਅਕਾਲ ਤਖ਼ਤ ਸਾਹਿਬ ਲਈ ਸਾਰੀ ਕੌਮ

ਵਿੱਚੋਂ ਪੰਜ ਨਿਰਪੱਖ ਸਿੰਘ ਸਾਹਿਬਾਨ ਚੁਣੇ ਜਾਣ ਜੋ ਸਿੱਖ ਮਰਯਾਦਾ ਵਿੱਚ ਪਰਪੱਕ, ਪੂਰਨ ਅਮਲੀ ਜੀਵਨ ਵਾਲੇ ਗੁਰਸਿੱਖ ਹੋਣ ਅਤੇ ਜਿਨ੍ਹਾਂ ਨੇ ਪਿਛਲੇ ਪੰਜ ਸਾਲਾਂ ਵਿੱਚ ਪੰਥ ਲਈ ਕੋਈ ਵਿਸ਼ੇਸ਼ ਸੇਵਾ ਕੀਤੀ ਹੋਵੇ। ਇਸ ਦੇ ਨਾਲ ਹੀ ਉਹ ਪੰਥ ਲਈ ਜਾਨ ਦੀ ਬਾਜ਼ੀ ਲਾ ਸਕਣ ਵਾਲੇ ਨਿਧੜਕ ਜਰਨੈਲ ਹੋਣ, ਸੂਝਵਾਨ, ਨੀਤੀਵਾਨ, ਗਰੁੱਪ ਨਿਰਲੇਪ, ਸਿੱਖ ਚਿੰਤਨ ਅਤੇ ਸਿੱਖ ਇਤਿਹਾਸ ਤੋਂ ਪੂਰੀ ਤਰ੍ਹਾਂ ਜਾਣੂ ਹੋਣ। ਉਹ ਆਪਣੇ ਵਿੱਚੋਂ ਸਰਬ ਸੰਮਤੀ ਨਾਲ ਇਕ ਨੂੰ ਜਥੇਦਾਰ ਚੁਣ ਲੈਣ ਅਤੇ ਕੌਮ ਦੇ ਸਾਰੇ ਫ਼ੈਸਲੇ ਸਰਬਸੰਮਤੀ ਨਾਲ ਕਰਨ। ਇਸ ਤਰ੍ਹਾਂ ਅਕਾਲ ਤਖ਼ਤ ਤੋਂ ਨਿਕਲਿਆ ਏਕੇ ਦਾ ਫ਼ੁਰਮਾਨ ਕੌਮ ਦੀ ਕਿਸਮਤ ਬਦਲ ਕੇ ਰੱਖ ਦੇਣ ਦੀ ਸ਼ਕਤੀ ਰੱਖਦਾ ਹੈ। ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਸਿੱਖ ਕੌਮ ਅੰਦਰ ਸੰਕਟ ਵੇਲੇ ਇਕੱਠੇ ਹੋ ਜਾਣ ਦੀ ਰੁਚੀ ਅਜੇ ਵੀ ਮੌਜੂਦ ਹੈ।

ਪੰਜ ਸਿੰਘ ਸਾਹਿਬਾਨ ਆਪਣੇ ਸਲਾਹ ਮਸ਼ਵਰੇ ਲਈ ਕੁਝ ਸਲਾਹਕਾਰ ਰੱਖਣ। ਉਹ ਸਲਾਹਕਾਰ ਵੱਖ-ਵੱਖ ਵਿਸ਼ਿਆਂ ਵਿੱਚ ਪਰਬੀਣ ਹੋਣ ਅਤੇ ਉਹਨਾਂ ਆਪੋ ਆਪਣੇ ਵਿਸ਼ੇ ਦੀ ਪੀ. ਐਚ. ਡੀ. ਕੀਤੀ ਹੋਈ ਹੋਵੇ। ਕੌਮ ਦੇ ਬੁੱਧੀਜੀਵੀਆਂ ਤੇ ਵਿਚਾਰਵਾਨਾਂ ਦਾ ਇਹ ਥਿੰਕ ਟੈਂਕ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ ਦਾ ਸਲ 'ਹਕਾਰ ਬਣੇ, ਜਿਸ ਦਾ ਢੁਕਵਾਂ ਨਾਂ ਸੋਚ ਵਿਚਾਰ ਕੇ ਰੱਖਿਆ ਜਾ ਸਕਦਾ ਹੈ।

ਇਸ ਥਿੰਕ ਟੈਂਕ ਵਿੱਚ ਪੰਜ ਵਿਦਵਾਨ ਪੰਜਾਬੀ ਜ਼ਬਾਨ ਵਿੱਚ ਨਿਪੁੰਨ ਹੋਣ, ਪੰਜ ਗੁਰਮਤਿ ਫ਼ਿਲਾਸਫ਼ੀ ਵਿੱਚ ਨਿਪੁੰਨ ਹੋਣ, ਪੰਜ ਸਿੱਖ ਇਤਿਹਾਸ ਵਿੱਚ ਨਿਪੁੰਨ ਹੋਣ, ਪੰਜ ਅਕਾਲ ਤਖ਼ਤ ਸਾਹਿਬ ਦੇ ਦਾਰਸ਼ਨਿਕ ਤੇ ਇਤਿਹਾਸਕ ਪਿਛੋਕੜ ਵਿੱਚ ਨਿਪੁੰਨ ਹੋਣ, ਪੰਜ ਗੁਰਦੁਆਰਿਆਂ ਦੀ ਪਰਬੰਧ ਪ੍ਰਣਾਲੀ ਵਿੱਚ ਨਿਪੁੰਨ ਹੋਣ, ਪੰਜ ਆਰਥਿਕ ਪ੍ਰਣਾਲੀ ਵਿੱਚ ਨਿਪੁੰਨ ਹੋਣ, ਪੰਜ ਵਿਦਿਅਕ ਪ੍ਰਣਾਲੀ ਵਿੱਚ ਨਿਪੁੰਨ ਹੋਣ, ਪੰਜ ਸਿੱਖ ਸਭਿਆਚਾਰ ਵਿੱਚ ਨਿਪੁੰਨ ਹੋਣ, ਪੰਜ ਸਿਆਸਤ ਵਿੱਚ ਨਿਪੁੰਨ ਹੋਣ, ਪੰਜ ਹਿੰਦੂ ਸਿਆਸਤ ਵਿੱਚ ਨਿਪੁੰਨ ਹੋਣ, ਪੰਜ ਭਾਰਤੀ ਕਾਨੂੰਨ ਵਿੱਚ ਨਿਪੁੰਨ ਹੋਣ, ਦੋ ਸਫ਼ਾਰਤਖ਼ਾਨਾ ਪ੍ਰਣਾਲੀ ਵਿੱਚ ਨਿਪੁੰਨ ਹੋਣ, ਦੋ ਹਿੰਦੂ ਧਰਮ ਵਿੱਚ ਨਿਪੁੰਨ ਹੋਣ, ਦੋ ਹਿੰਦੂ ਸਭਿਆਚਾਰ ਵਿੱਚ ਨਿਪੁੰਨ ਹੋਣ, ਦੋ ਹਿੰਦੀ ਬੋਲੀ ਵਿੱਚ ਨਿਪੁੰਨ ਹੋਣ, ਦੋ ਸੰਸਕ੍ਰਿਤ ਵਿੱਚ ਨਿਪੁੰਨ ਹੋਣ, ਦੋ ਇਸਲਾਮ ਧਰਮ ਵਿੱਚ ਨਿਪੁੰਨ ਹੋਣ, ਦੋ ਮੁਸਲਿਮ ਸਭਿਆਚਾਰ ਵਿੱਚ ਨਿਪੁੰਨ ਹੋਣ, ਦੋ ਫ਼ਾਰਸੀ ਬੋਲੀ ਵਿੱਚ ਨਿਪੁੰਨ ਹੋਣ, ਦੋ ਇਸਾਈ ਧਰਮ ਵਿੱਚ ਨਿਪੁੰਨ ਹੋਣ। ਸਲਾਹਕਾਰਾਂ ਦੀ ਗਿਣਤੀ ਲੋੜ ਅਨੁਸਾਰ ਵਧਾਈ ਜਾਂ ਘਟਾਈ ਜਾ ਸਕਦੀ ਹੈ।

ਇਹਨਾਂ ਵਿਦਵਾਨਾਂ ਵਿੱਚੋਂ ਵਿਸ਼ੇ ਦੀ ਨਿਪੁੰਨਤਾ ਅਤੇ ਤਜਰਬੇ ਅਨੁਸਾਰ ਕੌਮ ਦੇ ਵੱਖ-ਵੱਖ ਕਾਰਜਾਂ ਲਈ ਇਹਨਾਂ ਵਿੱਚ ਡਿਊਟੀਆਂ ਵੰਡੀਆਂ ਜਾਣ।

ਚੋਟੀ ਦੇ ਪੰਜਾਬੀ, ਅੰਗਰੇਜ਼ੀ, ਅਰਬੀ, ਸੰਸਕ੍ਰਿਤ, ਹਿੰਦੀ, ਫ਼ਾਰਸੀ ਆਦਿਕ ਵੱਖ ਵੱਖ ਬੋਲੀਆਂ ਦੇ ਵਿਦਵਾਨ, ਗੁਰਮਤਿ ਫ਼ਿਲਾਸਫ਼ੀ, ਸਿੱਖ ਇਤਿਹਾਸ, ਸਿੱਖ ਸਭਿਆਚਾਰ ਆਦਿਕ ਦੇ ਵੀਹ-ਪੰਝੀ ਵਿਦਵਾਨ ਮਿਲ ਕੇ, ਹਰ ਪੱਖ ਨੂੰ ਘੋਖ ਕੇ, ਪਹਿਲੇ ਹੋ ਚੁੱਕੇ ਉਲਥਿਆਂ ਨੂੰ ਸਾਹਮਣੇ ਰੱਖ ਕੇ, ਗੁਰੂ ਗਰੰਥ ਸਾਹਿਬ ਦਾ ਅੰਗਰੇਜ਼ੀ, ਪੰਜਾਬੀ, ਹਿੰਦੀ ਆਦਿਕ ਬੋਲੀਆਂ ਵਿੱਚ ਉਲਥਾ ਕਰਨ, ਜੋ ਸਾਰੇ ਜਗਤ ਲਈ ਅੰਗਰੇਜ਼ੀ ਦਾ ਪ੍ਰਵਾਣਿਤ ਉਲਥਾ ਹੋਵੇ। ਇਸੇ ਤਰ੍ਹਾਂ ਦੇ ਵੀਹ-ਪੰਝੀ ਵਿਦਵਾਨ ਗੁਰੂ ਗਰੰਥ ਸਾਹਿਬ ਦੀ ਕਸਵਟੀ 'ਤੇ ਪਰਖ ਕੇ, ਸਿੱਖ ਇਤਿਹਾਸ ਅਤੇ ਸਿੱਖ ਪ੍ਰਕਾਸ਼ਨਾਂ ਦੀ ਪੁਣ-ਛਾਣ ਕਰ ਕੇ ਜਥੇਦਾਰ ਸਾਹਿਬ ਨੂੰ ਆਪਣੀ ਰਿਪੋਰਟ ਪੇਸ਼ ਕਰਨ, ਤਾਂ ਜੋ ਕੌਮ ਦੇ ਵਾਦ ਵਿਵਾਦ ਦੇ ਮਸਲਿਆਂ ਸਬੰਧੀ ਉਹ ਕੌਮ ਨਾਲ ਸਲਾਹ ਮਸ਼ਵਰਾ ਕਰ ਕੇ ਕੋਈ ਅੰਤਿਮ ਫ਼ੈਸਲਾ ਲੈ ਸਕਣ। ਇਵੇਂ ਹੀ ਕੁਝ ਵਿਦਵਾਨ ਸਾਰੇ ਸੰਸਾਰ ਅੰਦਰ ਸਿੱਖ ਕੌਮ 'ਤੇ ਹੋ ਰਹੇ ਹਮਲਿਆਂ ਦਾ ਜਵਾਬ ਦੇਣ ਦਾ ਫ਼ਰਜ਼ ਨਿਭਾਉਣ। ਇਸ ਥਿੰਕ ਟੈਂਕ ਦੀ ਨਿਗਰਾਨੀ ਹੇਠ ਸਿੱਖੀ ਦੇ ਪ੍ਰਚਾਰਕਾਂ ਦੀ ਟਰੇਨਿੰਗ ਦੇ ਚਾਰ ਪੰਜ ਕਾਲਜ ਖੋਲ੍ਹੇ ਜਾਣ। ਇਥੋਂ ਲੱਗੀ ਮੁਹਰ ਵਾਲੇ ਪ੍ਰਚਾਰਕ ਨੂੰ ਹੀ ਸਿੱਖੀ ਦਾ ਪ੍ਰਚਾਰ ਕਰਨ ਦੀ ਆਗਿਆ ਹੋਵੇ।

24) ਆਓ, ਗੁਰਮਤਿ ਅਨੁਸਾਰ ਅਮਲੀ ਜੀਵਨ ਜੀਵੀਏ

ਅਸੀਂ ਗੁਰੂ ਅਰਜਨ ਦੇਵਜੀ ਨੂੰ ਆਪਣੀ ਅਕੀਦਤ ਤੇ ਸ਼ਰਧਾ ਦੇ ਫੁੱਲ ਤਾਂ ਹੀ ਭੇਟ ਕਰ ਸਕਦੇ ਹਾਂ ਜੇਕਰ ਅਸੀਂ ਗੁਰੂ ਦੇ ਵਿਚਾਰਾਂ ਨੂੰ ਆਪਣੇ ਜੀਵਨ 'ਚ ਢਾਲੀਏ ਅਤੇ ਗੁਰੂ ਦੇ ਸੱਚੇ ਸਿੱਖ ਬਣ ਕੇ ਵਿਖਾਈਏ। ਆਓ! ਅਸੀਂ ਸਾਰੇ ਗੁਰੂ ਸਾਹਿਬ ਦੇ ਸ਼ਹੀਦੀ ਪੁਰਬ 'ਤੇ ਗੁਰੂ ਸਾਹਿਬ ਦੀ ਮਹਾਨ ਕੁਰਬਾਨੀ ਤੇ ਸ਼ਹੀਦੀ ਫਲ ਸਫੇ ਨੂੰ ਆਪਣੇ ਹਿਰਦਿਆਂ 'ਚ ਵਸਾ ਕੇ ਗੁਰੂ ਸਾਹਿਬ ਦੇ ਮਿਸ਼ਨ ਨੂੰ ਅੱਗੇ ਤੋਰੀਏ। ਇਹ ਹੋਣਾ ਹੈ ਆਪਣੇ ਜੀਵਨ 'ਚ ਸਿੱਖੀ ਦੇ ਅਸੂਲਾਂ ਨੂੰ ਢਾਲਣ ਨਾਲ।

ਗੁਰਮਤਿ ਦਾ ਫੈਸਲਾ ਸਪਸ਼ਟ ਹੈ ਕਿ ਜਿਹੜਾ ਮਨੁੱਖ ਆਪਣੇ ਆਪ ਨੂੰ ਅਮਲਾਂ ਨਾਲੋਂ ਵੱਖ ਕਰ ਰੱਖਦਾ ਹੈ, ਉਹ ਧਰਮੀ ਨਹੀਂ। ਉਸ ਪ੍ਰਚਾਰਕ ਦੇ ਸੱਚ ਦਾ ਪਰਚਾਰ ਕਿਸੇ ਕੰਮ ਨਹੀਂ ਜੇ ਉਸ ਦੇ ਰੋਜ਼ ਦੇ ਜੀਵਨ 'ਚ ਸੱਚ ਨਹੀਂ। ਅਸੀਂ ਭਾਵੇ ਜਿਤਨਾ ਵੀ ਜ਼ਿਆਦਾ ਨਾਮ ਜਪੀਏ, ਜਿਤਨੇ ਵੀ ਜ਼ਿਆਦਾ ਪਾਠ ਕਰੀਏ, ਜੇ ਅਸੀਂ ਮੰਦੇ ਕਰਮ ਕਰਦੇ ਹਾਂ, ਤਾਂ ਉਹ ਸਭ ਕੀਤੇ ਪਾਠ ਵਿਅਰਥ ਹਨ। ਜੇ ਅਸੀਂ ਸਾਰੀ ਉਮਰ ਪਾਠ ਪੂਜਾ ਕਰਦੇ ਰਹੀਏ ਅਤੇ ਨਾਲ ਨਾਲ ਮੰਦੇ ਕਰਮ ਵੀ ਕਰਦੇ ਰਹੀਏ, ਤਾਂ ਅਸੀਂ ਉਥੇ ਦੇ ਉਥੇ ਹੀ ਰਹਾਂਗੇ। ਚੰਗੇ ਕਰਮ ਕੀਤੇ ਬਿਨਾਂ ਨਿਸਤਾਰਾ ਨਹੀਂ ਹੋਣਾ:

ਅਧਿਆਤਮ ਕਰਮ ਕਰੇ ਤਾ ਸਾਚਾ॥ (ਪੰਨਾ 223)

ਚੰਗੇ ਕਰਮ ਕਰਨ ਲਈ ਸਾਨੂੰ ਸਭ ਤੋਂ ਪਹਿਲਾਂ ਆਪਣੀ ਮਨਫੀ ਸੋਚ ਤੋਂ ਬਚਣਾ ਪਏਗਾ। ਸੋਚਣ ਦਾ ਕੰਮ ਹੈ ਮਨ ਦਾ। ਇਸ ਨੂੰ ਕਾਬੂ ਰੱਖਣ ਲਈ ਦੋ ਕੰਮ ਕਰਨੇ ਪੈਣਗੇ। ਇਕ ਤਾਂ ਸ਼ਬਦ ਬੋਧ ਰਾਹੀਂ ਇਸ ਨੂੰ ਆਪਣੀ ਅਸਲੀਅਤ ਤੋਂ ਸੁਚੇਤ ਕਰਾਣਾ ਪਏਗਾ ਅਤੇ ਦੂਜੇ ਨਾਮ ਸਿਮਰਨ ਤੇ ਸੇਵਾ। ਨਾਮ ਜਪਣ ਨਾਲ ਮਨ ਨੂੰ ਕਾਰੇ ਲਾਈ ਰੱਖਣ ਨਾਲ ਇਸ ਨੂੰ ਸੋਚਾਂ ਸੋਚਣੇ ਦਾ ਸਮਾਂ ਘਟ ਮਿਲਦਾ ਹੈ। ਜੇ ਇਸ ਦੀਆਂ ਵਾਗਾਂ ਖੁਲ੍ਹੀਆਂ ਛੱਡ ਦੇਵੋ, ਤਾਂ ਇਹ ਚੰਗੀਆਂ ਸੋਚਾਂ ਘੱਟ ਅਤੇ ਮੰਦੀਆਂ ਸੋਚਾਂ ਵੱਧ ਸੋਚ੍ਹਦਾ ਹੈ। ਨਾਮ ਜਪਣਾ ਤੇ ਨਿਰਮਲ ਕਰਮ ਕਰਨਾ ਹੀ ਸਿੱਖੀ ਦਾ ਰਾਹ ਹੈ:

ਸਰਬ ਧਰਮ ਮਹਿ ਸ੍ਰੇਸ਼ਟ ਧਰਮ॥
ਹਰਿ ਕੋ ਨਾਮ ਜਪਿ ਨਿਰਮਲ ਕਰਮ॥ (ਪੰਨਾ 266)

ਮਨੁੱਖ ਅੰਦਰ ਵਸਦੇ ਨਾਮ ਦਾ ਕਿਸੇ ਨੂੰ ਪਤਾ ਨਹੀਂ ਲੱਗਦਾ, ਉਸ ਦੇ ਕਰਮ ਤੋਂ ਹੀ ਪਤਾ ਲੱਗਦਾ ਹੈ ਕਿ ਉਹ ਕਿਤਨਾ ਧਰਮੀ ਜਾਂ ਨੇਮੀ ਹੈ। ਦਾਨੀ ਨੂੰ ਜਾਂ ਨੇਮੀ ਦੇ ਧਾਰਮਿਕ ਪਹਿਰਾਵੇ ਨੂੰ ਵੇਖਕੇ ਲੋਕ ਵਾਹ ਵਾਹ ਕਰਦੇ ਹਨ, ਜਿਸ ਨਾਲ ਹੰਕਾਰ ਵਧਦਾ ਹੈ। ਗੁਰਮਤਿ ਦਾ ਸਿਮਰਨ ਦਾ ਕਰਮ ਐਸਾ ਹੈ ਜੋ ਹਰ ਪੱਧਰ ਦਾ ਗ੍ਰਹਿਸਤੀ ਸਹਜੇ ਹੀ ਕਰ ਸਕਦਾ ਹੈ। ਬਾਹਰਮੁਖੀ ਕਰਮ ਨਾ ਹੋਣ ਕਾਰਨ ਉਸ ਦੇ ਮਨ ਅੰਦਰ ਹੰਕਾਰ ਪੈਦਾ ਨਹੀ ਹੁੰਦਾ, ਸਗੋਂ ਉਸ ਦੇ ਮਨ ਅੰਦਰ ਨਿਮਰਤਾ ਪੈਦਾ ਹੁੰਦੀ ਹੈ।

ਮਰੀਜ਼ ਲਈ ਦਵਾਈ ਦਾ ਜਾਣ ਲੈਣਾ ਕਾਫੀ ਨਹੀਂ, ਦਵਾਈ ਖਾਣੀ ਪੈਣੀ ਹੈ, ਬਾਕਾਇਦਾ ਖਾਣੀ ਪੈਣੀ ਹੈ ਅਤੇ ਇਸ ਨਾਲ ਸੰਜਮ ਵੀ ਵਰਤਣਾ ਪੈਣਾ ਹੈ, ਤਾਂ ਹੀ ਠੀਕ ਹੋ ਸਕਣਾ ਹੈ। ਗੁਰਬਾਣੀ ਦੇ ਮਹਾਨ ਵਿਆਖਿਆਕਾਰ ਭਾਈ ਗੁਰਦਾਸ ਜੀ ਨੇ ਫੁਰਮਾਇਆ ਹੈ ਕਿ ਜਿਹੜਾ ਮਨੁੱਖ ਵੈਦ ਤੋਂ ਦਵਾਈ ਪੁਛ ਲੈਂਦਾ ਹੈ, ਨਾ ਦਵਾਈ ਖਾਂਦਾ ਹੈ ਅਤੇ ਨਾ ਹੀਂ ਖਾਣ-ਪੀਣ ਦਾ ਸੰਜਮ ਹੀ ਕਰਦਾ ਹੈ, ਉਹ ਕਿਵੇਂ ਠੀਕ ਹੋਵੇਗਾ?:

ਪੂਛਤ ਹੈ ਵੈਦ, ਖਾਤ ਔਖਧਿ ਨ ਸੰਜਮ ਸੈ ਕੈਸੇ ਮਿਟੇ ਰੋਗ ਸੁਖ ਸਹਿਜ ਸਮਾਈਏ।

ਤੈਰਾਕ ਬਣਨ ਲਈ ਪੁਸਤਕਾਂ ਪੜ੍ਹਨ ਅਤੇ ਤੈਰਾਕਾਂ ਦੀ ਸੰਗਤ ਕਰਨ ਨਾਲ ਤੈਰਾਕ ਬਣਨ ਦੀ ਭਾਵਨਾ ਤਾਂ ਪੈਦਾ ਹੋ ਸਕਦੀ ਹੈ, ਪਰੰਤੂ ਪਾਣੀ 'ਚ ਪੈਰ ਪਾਏ ਬਿਨਾਂ ਤੈਰਨਾ ਨਹੀਂ ਆਏਗਾ। ਪੁਸਤਕਾਂ ਪੜ੍ਹਨ ਨਾਲ ਤੈਰਨ ਦਾ ਸ਼ੌਕ, ਤੈਰਨ ਦੀ ਭਾਵਨਾ, ਤੈਰਨ ਦੇ ਫਾਇਦੇ, ਤੈਰਨ ਦੇ ਤਰੀਕੇ ਆਦਿ ਦੀ ਜਾਣਕਾਰੀ ਤਾਂ ਮਿਲ

ਸਕਦੀ ਹੈ, ਪਰੰਤੂ ਤੈਰਨ ਦੀ ਜਾਂਚ ਪਾਣੀ 'ਚ ਜਾਕੇ ਤੈਰ ਕੇ ਹੀ ਆਏਗੀ। ਪਾਣੀ 'ਚ ਹੱਥ ਪੈਰ ਮਾਰਨ ਦੀ ਦਲੇਰੀ ਕਰਨੀ ਜ਼ਰੂਰੀ ਹੈ। ਤੈਰਨਾ, ਤੈਰਨ ਨਾਲ ਹੀ ਆਉਣਾ ਹੈ। ਤੈਰਨ ਦੀ ਮਸ਼ਕ ਜਾਂ ਅਭਿਆਸ ਕੀਤੇ ਬਿਨਾਂ ਤੈਰਾਕ ਬਣ ਸਕਣਾ ਅਸੰਭਵ ਹੈ। ਤੈਰਨਾ ਹੁਨਰ ਹੈ, ਮਸ਼ਕ ਨਾਲ, ਅਭਿਆਸ ਨਾਲ, ਜੁਗਤ ਨਾਲ ਅਤੇ ਮਿਹਨਤ ਕਰਨ ਨਾਲ ਆਏਗਾ।

ਗਿਆਨ ਦੇ ਜਾਨਣ, ਵਿਚਾਰਨ ਅਤੇ ਅਮਲ 'ਚ ਲਿਆਉਣ ਨਾਲ ਹੀ ਲਾਭ ਪਹੁੰਚਦਾ ਹੈ। ਗੁਰਬਾਣੀ ਦਾ ਪਾਠ ਕਰਨਾ ਜਿਤਨਾ ਜ਼ਰੂਰੀ ਹੈ, ਉਤਨਾ ਹੀ ਜ਼ਰੂਰੀ ਜੀਵਨ 'ਚ ਇਸ ਦੀ ਵਰਤੋਂ ਕਰਨਾ ਹੈ। ਪਾਪ ਕੇਵਲ ਅਰਦਾਸ ਕੀਤਿਆਂ ਨਹੀਂ ਬਖਸ਼ੇ ਜਾਣੇ, ਸਗੋਂ ਪਾਪ ਕਰਨੇ ਬੰਦ ਕੀਤਿਆਂ ਬਖਸ਼ੇ ਜਾਣੇ ਹਨ। ਮਨੁੱਖੀ ਜੀਵਨ ਨੂੰ ਪਵਿੱਤਰ ਕਰਮ ਹੀ ਉੱਚਾ ਕਰ ਸਕਦੇ ਹਨ। ਪਵਿੱਤਰ ਕਰਮ ਕਰਨ ਦੀ ਭਾਵਨਾ ਸਭ ਸ੍ਰਿਸ਼ਟੀ ਨਾਲ ਸਾਂਝ ਪੈਦਾ ਕੀਤਿਆਂ ਪੈਦਾ ਹੋਣੀ ਹੈ।

ਜੋ ਅਸੀਂ ਬੀਜਾਂਗੇ, ਉਸੇ ਦੀ ਫਸਲ ਕਟਾਂਗੇ। ਕੁਦਰਤ ਦੀ ਹਰ ਸ਼ੈ ਇਸੇ ਅਸੂਲ ਨਾਲ ਕਾਇਮ ਹੈ। ਧਰਤੀ 'ਚ ਜਿਹੋ ਜਿਹਾ ਬੀਜ ਬੀਜਾਂਗੇ, ਉਸੇ ਦੀ ਫਸਲ ਕਟਾਂਗੇ। ਜਿਹੋ ਜਿਹਾ ਅਸੀਂ ਕਰਮ ਕਰਾਂਗੇ, ਉਹੋ ਜਿਹਾ ਹੀ ਸਾਨੂੰ ਫਲ ਮਿਲੇਗਾ। ਇਹ ਕੁਦਰਤ ਦਾ ਕਾਨੂੰਨ ਹੈ ਅਤੇ ਇਸ ਸਬੰਧੀ ਗੁਰਬਾਣੀ ਦਾ ਫੈਸਲਾ ਵੀ ਬਿਲਕੁਲ ਸਪਸ਼ਟ ਹੈ:

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ (ਪੰਨਾ 134)

As you sow, so shall you reap.

ਕੁਦਰਤ ਦਾ ਕਾਨੂੰਨ ਹੈ ਕਿ ਜੋ ਕੋਈ ਕਰੇਗਾ, ਉਸ ਦਾ ਫੱਲ ਵੀ ਜ਼ਰੂਰ ਭੁਗਤਣਾ ਪਏਗਾ। ਜੇ ਅਸੀਂ ਕਿਸੇ ਦੀ ਨਿੰਦਿਆ ਕਰਾਂਗੇ, ਤਾਂ ਸਾਡੀ ਨਿੰਦਾ ਵੀ ਅਵੱਸ਼ ਹੋਵੇਗੀ। ਜਿਹੋ ਜਿਹੇ ਅਸੀਂ ਕਰਮ ਕਰਾਂਗੇ, ਉਹੋ ਜਿਹੇ ਅਸੀਂ ਬਣਾਂਗੇ। ਗੁਰਬਾਣੀ ਸਾਨੂੰ ਇਸ ਹਕੀਕਤ ਬਾਰੇ ਵਾਰ-ਵਾਰ ਚਿਤਾਵਨੀ ਦਿੰਦੀ ਹੈ:

1) ਜੇਹੇ ਕਰਮ ਕਮਾਇ ਤੇਹਾ ਹੋਇ ਸੀ॥ (ਪੰਨਾ 729)
2) ਫਲ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ॥ (ਪੰਨਾ 468)
3) ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥ (ਪੰਨਾ 433)

ਸਾਨੂੰ ਹਰ ਇਕ ਨਾਲ ਉਹੋ ਜਿਹਾ ਸਲੂਕ ਕਰਨਾ ਚਾਹੀਦਾ ਹੈ, ਜਿਹੋ ਜਿਹਾ ਅਸੀਂ ਚਾਹੁੰਦੇ ਹਾਂ ਕਿ ਕੋਈ ਸਾਡੇ ਨਾਲ ਕਰੇ। ਜੇ ਅਸੀਂ ਕਿਸੇ ਨਾਲ ਧੋਖਾ ਕਰਦੇ ਹਾਂ ਤਾਂ ਕੱਲ੍ਹ ਨੂੰ ਸਾਡੇ ਨਾਲ ਵੀ ਧੋਖਾ ਹੋਵੇਗਾ। ਜੇ ਅਸੀਂ ਕਿਸੇ ਦੀ ਧੀ ਭੈਣ ਨੂੰ ਬੁਰੀ ਨਜ਼ਰ ਨਾਲ ਵੇਖਦੇ ਹਾਂ, ਤਾਂ ਸਾਡੀ ਧੀ ਭੈਣ ਦੀ ਵੀ ਇਜ਼ਤ ਨਹੀਂ ਬਚੇਗੀ।

ਜੋ ਸਲੂਕ ਅਸੀਂ ਕਿਸੇ ਨਾਲ ਕਰਦੇ ਹਾਂ, ਕਲ੍ਹ ਨੂੰ ਸਾਡੇ ਨਾਲ ਵੀ ਉਹੀ ਸਲੂਕ ਹੋਵੇਗਾ। ਹਰ ਕਰਮ ਦਾ ਪ੍ਰਤੀ ਕਰਮ ਹੋਣਾ ਕੁਦਰਤ ਦਾ ਅਟੱਲ ਨਿਯਮ ਹੈ। (To every action there is opposite and equal reaction.) ਗੁਰਬਾਣੀ ਸਾਨੂੰ ਅਮਲੀ ਜੀਵਨ ਜੀਉਣ ਦੀ ਵਾਰ-ਵਾਰ ਚਿਤਾਉਣੀ ਦਿੰਦੀ ਹੈ। ਗੁਰ ਉਪਦੇਸ਼ ਨੂੰ ਆਪਣੇ ਜੀਵਨ 'ਚ ਢਾਲਣ ਨਾਲ ਹੀ ਪ੍ਰਾਪਤੀ ਹੋਣੀ ਹੈ। ਮਹਿਜ਼ ਗੱਲਾਂ ਜਾਂ ਪਾਠ ਪੂਜਾ ਨਾਲ ਕੋਈ ਪ੍ਰਾਪਤੀ ਨਹੀਂ ਹੋਣੀ। ਗੁਰਬਾਣੀ ਦੀਆਂ ਸੈਂਕੜੇ ਟੂਕਾਂ ਦੇ ਸਕਦਾਂ ਹਾਂ। ਹੇਠ ਲਿਖੀਆਂ ਕੁਝ ਟੂਕਾਂ ਤੋਂ ਗੁਰਬਾਣੀ ਦਾ ਅਟੱਲ ਫੈਸਲਾ ਵਾਚਿਆ ਜਾ ਸਕਦਾ ਹੈ:

- ਕਥਨੈ ਕਹਿਣ ਨ ਛੁਟੀਐ ਨ ਪੜਿ ਪੁਸਤਕ ਭਾਰ॥ (ਪੰਨਾ 58)
- ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ॥ (ਪੰਨਾ 60)
- ਅਧ ਵਿਚਿ ਫਿਰੈ ਮਨਮੁਖ ਵੇਚਾਰਾ ਗਲੀ ਕਿਉ ਸੁਖੁ ਪਾਵੈ॥ (ਪੰਨਾ 305)
- ਓਇ ਹਾਜਰੁ ਮਿਠਾ ਬੋਲਦੇ ਬਾਹਰਿ ਵਿਸੁ ਕਢਹਿ ਮੁਖਿ ਘੋਲੇ॥ (ਪੰਨਾ 306)
  (ਬਾਹਰੋਂ ਹੋਰ ਤੇ ਅੰਦਰੋਂ ਹੋਰ)
- ਗਾਲੀ ਅਲੁ ਪਲਾਲੀਆ ਕੰਮਿ ਨ ਆਵਹਿ ਮਿਤ॥ (ਪੰਨਾ 320)
  (ਫੋਕੀਆਂ ਗਲਾਂ ਕਿਸੇ ਕੰਮ ਨਹੀਂ ਆਉਂਦੀਆਂ)
- ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ॥ (ਪੰਨਾ 361)
- ਕਰਣੀ ਬਾਝਹੁ ਭਿਸਤਿ ਨ ਪਾਇ॥ (ਪੰਨਾ 951)
- ਕਰਣੀ ਬਾਝਹੁ ਤਰੈ ਨ ਕੋਇ॥ (ਪੰਨਾ 951)
- ਜੈਸਾ ਬੀਜੈ ਸੋ ਲੂਣੇ ਜੋ ਖਟੇ ਸੁ ਖਾਇ॥ (ਪੰਨਾ 730)

ਇਹ ਠੀਕ ਹੈ ਕਿ ਸੱਚ ਰੂਪੀ ਬਾਣੀ ਗੁਰੂ ਗਰੰਥ ਸਾਹਿਬ 'ਚ ਸਾਕਾਰ ਸਾਡੇ ਕੋਲ ਹੈ, ਪਰ ਲੋੜ ਹੈ ਇਸ ਸੱਚ ਨੂੰ ਬਹਾਲ ਰੱਖਣ ਲਈ ਸਰੀਰਾਂ ਦੀ। ਇਹ ਪੱਥਰ ਤੇ ਲਕੀਰ ਹੈ ਕਿ "ਸਚ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥"। ਪਰ ਸਚ ਤੋਂ ਵੀ ਉਪਰ ਇਕ ਹੋਰ ਸ਼ੈਅ ਹੈ। ਉਹ ਹੈ ਸਚਾ ਆਚਾਰ ਭਾਵਸਚਿਆਰ ਬਣਨਾ। ਸਚਿਆਰ ਹੋਣ ਦਾ ਭਾਵਸੱਚ ਦਾ ਧਾਰਨੀ ਹੋਣਾ ਹੈ। ਆਪਣੀ ਰਹਿਣੀ-ਬਹਿਣੀ ਤੇ ਕਹਿਣੀ 'ਚ ਰੋਜ਼ ਦੇ ਕਾਰ-ਵਿਹਾਰ 'ਚ ਸੱਚ ਦੇ ਰੂਹਾਨੀ ਗੁਣ ਨੂੰ ਢਾਲਣਾ ਹੈ। ਸਿੱਖ ਨੇ ਆਪ ਸਚਿਆਰ ਬਣਨਾ ਹੈ ਅਤੇ ਦੂਜਿਆਂ ਨੂੰ ਸਚਿਆਰ ਹੋਣ ਲਈ ਪ੍ਰੇਰਨਾ ਹੈ।

'ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥' (ਪੰਨਾ 62)

ਗੁਰਬਾਣੀ ਰੂਹਾਨੀ ਪ੍ਰਕਾਸ਼ ਹੈ ਅਤੇ ਬ੍ਰਹਿਮੰਡਵਾਦੀ ਗਿਆਨ ਦਾ ਸੋਮਾ ਹੈ ਜਿਸ ਦੀ ਜੀਵਨ ਜੁਗਤੀ ਨਾਲ ਮਨੁੱਖ ਇਸ ਬਲਦੇ-ਸੜਦੇ ਈਰਖਾਲੂ ਸੰਸਾਰ ਵਿੱਚ ਅਨੰਦਮਈ ਢੰਗ ਨਾਲ ਆਪਣਾ ਜੀਵਨ ਗੁਜ਼ਾਰ ਸਕਦਾ ਹੈ। ਗੁਰੂ ਸਾਹਿਬ ਨੇ ਸਾਨੂੰ ਗੁਰਬਾਣੀ ਪੜ੍ਹਨ, ਸੁਣਨ, ਗਾਉਣ, ਵਿਚਾਰਨ ਅਤੇ ਅਮਲ ਕਰਨ ਦਾ ਉਪਦੇਸ਼ ਦਿੱਤਾ ਹੈ:

ਭਗਤਿ ਭੰਡਾਰ ਗੁਰਬਾਣੀ ਲਾਲ॥
ਗਾਵਤ ਸੁਨਤ ਕਮਾਵਤ ਨਿਹਾਲ॥ (ਪੰਨਾ 376)

ਇਸ 'ਚ ਕੋਈ ਸ਼ਕ ਨਹੀਂ ਕਿ ਹਰ ਸਿੱਖ ਖਾਲਸਾ ਪੰਥ ਦੀ ਚੜ੍ਹਦੀ ਕਲਾ ਚਾਹੁੰਦਾ ਹੈ ਅਤੇ ਸਿੱਖੀ ਉਪਰ ਹੋ ਰਹੇ ਹਮਲਿਆਂ ਤੋਂ ਸਿੱਖੀ ਨੂੰ ਬਚਾਉਣ ਦਾ ਚਾਹਵਾਨ ਹੈ। ਇਹ ਵੀ ਇਕ ਹਕੀਕਤ ਹੈ ਕਿ ਕੌਮ ਦੀ ਚੜ੍ਹਦੀ ਕਲਾ ਕੁਝ ਕੀਤਿਆਂ ਹੀ ਹੋਣੀ ਹੈ ਅਤੇ ਸਾਡੇ ਸਭ ਦੇ ਕੀਤੇ ਕਰਮਾਂ 'ਤੇ ਹੀ ਨਿਰਭਰ ਕਰਦੀ ਹੈ। ਅਜਿਹੀ ਹਾਲਤ ਵਿੱਚ ਸਿੱਖੀ ਨੂੰ ਬਚਾਉਣ ਲਈ ਹਰ ਸਿੱਖ ਨੂੰ ਯੋਗਤਾ ਮੁਤਾਬਕ ਯੋਗਦਾਨ ਪਾਉਣਾ ਪੈਣਾ ਹੈ ਤਾਂ ਹੀ ਸਿੱਖੀ ਬਚਣੀ ਹੈ। ਹਰ ਸਿੱਖ ਆਪਣੇ ਹੁਨਰ ਦੀ ਯੋਗਤਾ ਅਨੁਸਾਰ ਆਪਣੇ ਜੀਵਨ ਦਾ ਹਰੇਕ ਦਸਵਾਂ ਘੰਟਾ ਜਾਂ ਦਿਨ ਸਿੱਖ ਕੌਮ ਦੀ ਉੱਨਤੀ ਲਈ ਅਰਪਨ ਕਰੇ।

ਅੱਜ ਲੋੜ ਹੈ ਆਪਣੇ ਵਿਰਸੇ ਨੂੰ ਪਛਾਨਣ ਦੀ ਅਤੇ ਇਸ 'ਚ ਵਾਧਾ ਕਰਨ ਦੀ। ਜੀਵਨ ਦੇ ਹਰ ਖੇਤਰ 'ਚ ਕੌਮ ਨੂੰ ਅੱਗੇ ਲਿਜਾਣ ਦੀ ਲੋੜ ਹੈ। ਇਹ ਖੇਤਰ ਕੁਰਬਾਨੀ ਦਾ ਹੋਵੇ ਜਾਂ ਬਹਾਦਰੀ ਦਾ; ਸਾਹਿਤ ਦਾ ਹੋਵੇ ਜਾਂ ਕਲਾ ਦਾ ਹੋਵੇ; ਵਿਗਿਆਨ ਦਾ ਹੋਵੇ ਜਾਂ ਮਨੋਵਿਗਿਆਨ ਦਾ ਹੋਵੇ; ਪੱਤਰਕਾਰੀ ਦਾ ਹੋਵੇ ਜਾਂ ਸਮਾਚਾਰ ਦਰਪਨ ਦਾ ਹੋਵੇ; ਧਰਮ ਦਾ ਹੋਵੇ ਜਾਂ ਰਾਜਨੀਤੀ ਦਾ; ਗਲ ਕੀ ਹਰ ਖੇਤਰ 'ਚ ਕੌਮ ਨੂੰ ਨਿਪੁੰਨ ਬਨਾਉਣਾ ਸਾਡਾ ਸਭ ਦਾ ਫ਼ਰਜ਼ ਹੋਣਾ ਚਾਹੀਦਾ ਹੈ।

ਇਸ ਮਹਾਨ ਕੌਮੀ ਉਸਾਰੀ ਦੇ ਕੰਮ 'ਚ ਹਰ ਸਿੱਖ ਆਪਣੀ ਯੋਗਤਾ ਅਨੁਸਾਰ ਯੋਗਦਾਨ ਪਾਏ। ਜਿਸ ਦੀ ਕਲਮ ਚਲਦੀ ਹੈ, ਉਹ ਕਲਮ ਨਾਲ; ਜਿਸ ਦੀਆਂ ਬਾਹਾਂ ਉਠ ਸਕਦੀਆਂ ਹਨ, ਉਹ ਬਾਹਾਂ ਨਾਲ; ਜਿਸ ਦੀ ਜ਼ੁਬਾਨ ਬੋਲ ਸਕਦੀ ਹੈ, ਉਹ ਬੋਲ ਕੇ; ਜਿਸ ਦੀ ਸੋਚ ਸ਼ਕਤੀਸ਼ਾਲੀ ਹੈ, ਉਹ ਆਪਣੀ ਸੋਚ ਸ਼ਕਤੀ ਨਾਲ ਇਸ ਮਹਾਨ ਕੌਮੀ ਕਾਰਜ ਵਿੱਚ ਹਿਸਾ ਪਾਏ।

ਆਪਣੀ ਕਮਾਈ ਦਾ ਦਸਵੰਧ ਉਹਨਾਂ ਸੰਸਥਾਵਾਂ ਨੂੰ ਦੇਵੇ ਜੋ ਬ੍ਰਾਹਮਣਵਾਦ ਨੂੰ ਸਿੱਖੀ ਦੇ ਵਿਹੜੇ 'ਚੋਂ ਕੱਢਣ ਵਿੱਚ ਲੱਗੀਆਂ ਹੋਈਆਂ ਹਨ। ਆਪਣਾ ਦਸਵੰਧ ਉਥੇ ਦੇਵੇ ਜਿੱਥੇ ਉਸ ਦੀ ਯੋਗ ਵਰਤੋਂ ਹੁੰਦੀ ਹੋਵੇ। ਸੋਨੇ ਦੀਆਂ ਪਾਲਕੀਆਂ ਤੇ

ਸੰਗਮਰਮਰ ਲਾਉਣ ਵਾਲਿਆਂ ਨੂੰ ਦਸਵੰਧ ਦੇਣ ਦੀ ਬਜਾਏ ਘੱਲੂਘਾਰਿਆਂ ਦੌਰਾਨ ਯਤੀਮ ਹੋਏ ਸਿੱਖ ਬੱਚਿਆਂ, ਵਿਧਵਾ ਹੋਈਆਂ ਬੀਬੀਆਂ, ਜੇਲ੍ਹਾਂ 'ਚ ਰੁਲ ਰਹੇ ਜੁਝਾਰੂ ਸਿੰਘਾਂ, ਉਹਨਾਂ ਦੇ ਪਰਵਾਰਾਂ ਅਤੇ ਧਰਮੀ ਫੌਜੀਆਂ ਦੀ ਦੇਖ-ਭਾਲ ਕਰਨ ਵਾਲਿਆਂ ਨੂੰ ਦਿੱਤਾ ਜਾਏ। ਬਾਹਰਲੇ ਦੇਸ਼ਾਂ ਦੇ ਸਿੱਖ ਕੇਵਲ ਉਹਨਾਂ ਲੀਡਰਾਂ ਜਾਂ ਜਥੇਬੰਦੀਆਂ ਦੀ ਮਾਇਕ ਸਹਾਇਤਾ ਕਰਨ ਜੋ ਸਿੱਖੀ ਤੇ ਸਿੱਖ ਮਸਲਿਆਂ ਲਈ ਲੜ ਰਹੇ ਹਨ। ਜਿਹੜੇ ਮਰਜੀਵੜੇ ਗੁਰੂ ਅਰਜਨ ਸਾਹਿਬ ਦੇ ਨਕਸ਼ੇ ਕਦਮ 'ਤੇ ਚਲਦਿਆਂ ਖਾਲਸਾ ਪੰਥ ਲਈ ਆਪਣੀਆਂ ਜਾਨਾਂ ਵਾਰ ਗਏ ਹਨ, ਉਹਨਾਂ ਦੇ ਪਰਵਾਰਾਂ ਦੀ ਦੇਖ ਭਾਲ ਕਰਨੀ ਸਾਡਾ ਫ਼ਰਜ਼ ਬਣਦਾ ਹੈ। ਇਹ ਅਸੀਂ ਤਾਂ ਕਰ ਸਕਾਂਗੇ ਜੇ ਅਸ਼ੀਂ ਸੱਚ ਦੇ ਧਾਰਨੀ ਬਣਾਂਗੇ। ਇਹ ਹੀ ਸਾਡੀ ਗੁਰੂ ਸਾਹਿਬ ਨੂੰ ਸਭ ਤੋਂ ਵੱਡੀ ਸ਼ਰਧਾਂਜਲੀ ਹੋਵੇਗੀ।

ਲੋੜ ਹੈ ਕਿ ਅਸੀਂ ਲੋੜਵੰਦਾਂ, ਗ਼ਰੀਬਾਂ, ਅਨਾਥਾਂ ਤੇ ਮਜ਼ਲੂਮਾਂ ਲਈ ਆਪਣਾ ਆਪਾ ਵਾਰ ਕੇ ਸਿੱਖ ਹੋਣ ਦਾ ਅਮਲੀ ਸਬੂਤ ਦੇਈਏ। ਇੰਜ ਸਿੱਖ ਧਰਮ 'ਤੇ ਚਲਦਿਆਂ ਸਿੱਖ ਹੋਣ ਦਾ ਪ੍ਰਗਟਾਅ ਕਰਨ ਦੀ ਲੋੜ ਹੈ। ਪਰ ਜੋ ਸਿੱਖ ਸ਼ਕਲ ਧਾਰ ਕੇ ਜ਼ੁਲਮ ਤੇ ਪਾਪ ਦਾ ਹਥਿਆਰ ਬਣਦਾ ਹੈ, ਉਹ ਸਿੱਖੀ ਨੂੰ ਕਲੰਕਤ ਕਰਦਾ ਹੈ ਅਤੇ ਸਿੱਖੀ ਨੂੰ ਢਾਹ ਲਾਉਂਦਾ ਹੈ।

ਅੱਜ ਸਿੱਖ ਹੋਂਦ ਨੂੰ ਹਰ ਪਾਸਿਓਂ ਚੁਣੌਤੀ ਦਿੱਤੀ ਜਾ ਰਹੀ ਹੈ। ਸਾਡਾ ਇਹ ਫਰਜ਼ ਬਣਦਾ ਹੈ ਕਿ ਅਸੀਂ ਆਪਣੀ ਨਵੇਕਲੀ ਪਛਾਣ ਨੂੰ ਲੁਕਾ ਕੇ ਵਿਚਰਨ ਦੀ ਹੀਣਭਾਵਨਾ ਨੂੰ ਤਿਆਗ ਕੇ, ਸਗੋਂ ਨਿਧੜਕ ਹੋਕੇ, ਆਪਣੀ ਪਛਾਣ ਦੀ ਪ੍ਰਦਰਸ਼ਨੀ ਕਰਕੇ ਵਿਚਰੀਏ। ਸਿੱਖ ਵੀਰ-ਭੈਣ ਕਕਾਰਾਂ ਨੂੰ ਪਰਤੱਖ ਰੱਖ ਕੇ, ਦਾੜ੍ਹੀ-ਕੇਸਾਂ ਨੂੰ ਦਰਸ਼ਨੀ ਰੂਪ ਵਿੱਚ ਰੱਖ ਕੇ ਵਿਚਰਨ। ਇਸ ਨਾਲ ਚੜ੍ਹਦੀ ਕਲਾ ਦੀ ਭਾਵਨਾ ਜਾਗਦੀ ਹੈ।

ਸਿੱਖ ਹੋਂਦ ਦਾ ਡੱਟ ਕੇ ਪ੍ਰਗਟਾਵਾ ਕਰਨ ਦੀ ਲੋੜ ਹੈ। ਅੱਜ ਸਿੱਖਾਂ ਨੂੰ ਵਕਤ ਦੇ ਹਾਣ ਦੇ ਹੋਕੇ ਬ੍ਰਾਹਮਣਵਾਦ ਦਾ ਮੁਕਾਬਲਾ ਕਰਨ ਦੀ ਲੋੜ ਹੈ। ਸਿੱਖ ਧਰਮ ਸਾਡਾ ਸ਼ਾਨਦਾਰ ਵਿਰਸਾ ਹੈ ਅਤੇ ਅਮਾਨਤ ਵੀ। ਅਮਾਨਤ ਵਿੱਚ ਖਿਆਨਤ ਹੋਣੋ ਰੋਕਣਾ ਹਰ ਸਿੱਖ ਦਾ ਫਰਜ਼ ਬਣਦਾ ਹੈ। 'ਜੀ ਹਜ਼ੂਰ' ਬਣਿਆਂ ਕੁਝ ਨਹੀਂ ਹੋਣਾ। ਚਾਣਕੀਆ ਨੀਤੀ ਦੇ ਨਾਗ ਨੂੰ ਅਗੋਂ ਹੋਕੇ ਡੱਕਣਾ ਪਏਗਾ। ਸੱਪ ਲੰਘ ਜਾਣ 'ਤੇ ਲੀਹਾਂ ਨੂੰ ਕੁੱਟੀ ਜਾਣ ਦਾ ਕੋਈ ਲਾਭ ਨਹੀਂ ਹੋਣਾ। ਪਾਣੀ ਦੇ ਨਿਤਰਨ ਨਾਲ ਹੀ ਅਗਲਾ ਘੁੱਟ ਭਰਿਆ ਜਾ ਸਕਦਾ ਹੈ।

ਸਿੱਖ ਕੌਮ ਨੂੰ ਚੇਤਨ ਕਰਨ ਲਈ, ਸਿੱਖਾਂ 'ਤੇ ਹੋ ਰਹੇ ਬੌਧਿਕ ਹਮਲਿਆਂ ਨੂੰ ਠੱਲ੍ਹ ਪਾਉਣ ਲਈ ਅਤੇ ਉਹਨਾਂ ਦਾ ਢੁਕਵਾਂ ਜਵਾਬ ਦੇਣ ਲਈ ਆਪਣੇ ਮੀਡੀਏ

ਦਾ ਹੋਣਾ ਜ਼ਰੂਰੀ ਹੈ। ਇਸ ਲਈ ਰੇਡੀਓ, ਵੀਡੀਓ ਕੈਸਿਟਾਂ ਦੇ ਨਾਲ-ਨਾਲ ਸਿੱਖ ਰੇਡੀਓ ਸਟੇਸ਼ਨ, ਸਿੱਖ ਟੀ.ਵੀ. ਸਟੇਸ਼ਨ ਅਤੇ ਸਿੱਖ ਅਖਬਾਰ ਹੀ ਚੰਗੀ ਭੂਮਿਕਾ ਨਿਭਾ ਸਕਣਗੇ। ਜਨਤਕ ਥਾਵਾਂ, ਗੁਰਦੁਆਰਿਆਂ, ਲਾਇਬਰੇਰੀਆਂ ਆਦਿਕ ਥਾਵਾਂ ਵਿਖੇ ਨੋਟਿਸ ਬੋਰਡਾਂ 'ਤੇ ਅਜਿਹੀਆਂ ਹਰਕਤਾਂ ਨੂੰ ਵਿਸਥਾਰ ਨਾਲ ਲਿਖਿਆ ਜਾਣਾ ਚਾਹੀਦਾ ਹੈ ਤਾਂ ਜੋ ਸਮੁੱਚੀ ਕੌਮ ਨੂੰ ਇਸ ਤੋਂ ਜਾਣੂ ਕਰਵਾਇਆ ਜਾ ਸਕੇ। ਇਸ ਕੰਮ ਲਈ ਹਰ ਸੰਭਵਤੇ ਉਪਲੱਬਧ ਤਰੀਕਾ ਪੂਰੀ ਤਰ੍ਹਾਂ ਵਰਤਿਆ ਜਾਣਾ ਚਾਹੀਦਾ ਹੈ। ਦੇਸ ਵਿਦੇਸ਼ ਦੇ ਸਿੱਖ ਪੱਤਰਕਾਵਾਂ-ਰਸਾਲਿਆਂ ਰਾਹੀਂ, ਟੀ.ਵੀ. ਚੈਨਲਾਂ ਰਾਹੀਂ, ਛੋਟੇ ਛੋਟੇ ਕਿਤਾਬਚਿਆਂ ਰਾਹੀਂ, ਰੇਡੀਓ ਰਾਹੀਂ ਜਾਂ ਇਸ਼ਤਿਹਾਰਾਂ ਰਾਹੀਂ। ਇਕੀਵੀਂ ਸਦੀ ਸਾਇੰਸ ਦੀ ਸਦੀ ਹੈ ਅਤੇ ਪ੍ਰਚਾਰ ਲਈ ਇਲੈਕਟਰਾਨਿਕ ਮੀਡੀਆ ਜ਼ਿਆਦਾ ਕਾਰਗਰ ਸਾਬਤ ਹੋਵੇਗਾ।

ਇਥੇ ਇਹ ਦੱਸਣਾ ਕੁਥਾਂ ਨਹੀਂ ਹੋਵੇਗਾ ਕਿ ਤਕਰੀਬਨ ਜੀਵਨ ਦੇ ਹਰ ਖੇਤਰ 'ਚ ਹਿੰਦੂਤਵੀ ਹਾਕਮਾਂ ਦੀਆਂ ਲਗਾਤਾਰ ਬੇਇਨਸਾਫੀਆਂ, ਵਿਤਕਰਿਆਂ, ਵਿਕਾਸ ਦੀਆਂ ਸੀਮਤ ਸੰਭਾਵਨਾਵਾਂ ਅਤੇ ਦਾਬਿਆਂ ਦੇ ਬਾਵਜੂਦ ਕਿਰਤ ਕਮਾਈ ਕਰਨ ਵਾਲੀ ਘੱਟਗਿਣਤੀ ਸਿੱਖ ਕੌਮ ਆਪਣੇ ਪੈਰਾਂ 'ਤੇ ਖੜੀ ਹੈ। ਆਪਣੇ ਬਾਹੂ-ਬਲ, ਆਪਣੀ ਲਿਆਕਤ ਅਤੇ ਪੇਸ਼ਾਵਰਾਨਾ ਗੁਣਾਂ ਸਦਕਾ ਵਣਜ-ਵਪਾਰ, ਪ੍ਰਬੰਧਕੀ ਢਾਂਚੇ, ਪੇਸ਼ਾਵਰਾਨਾ ਨੌਕਰੀਆਂ, ਫੌਜੀ ਸੇਵਾਵਾਂ ਅਤੇ ਕਿਸਾਨੀ ਖੇਤਰ ਅੰਦਰ ਆਪਣੇ ਸਮਾਜੀ ਰੁਤਬੇ ਨੂੰ ਉਚਿਆਣ 'ਚ ਘੱਟ ਸਫਲਤਾ ਪ੍ਰਾਪਤ ਨਹੀਂ ਕੀਤੀ। ਹਿੰਦੂਤਵੀ ਸ਼ਿਕੰਜੇ ਦੇ ਬਾਵਜੂਦ ਸਿੱਖ ਬਹੁਤੇ ਪਿੱਛੇ ਨਹੀਂ ਰਹੇ।

ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਵਿਚਾਰਧਾਰਕ ਤੇ ਸਭਿਆਚਾਰਕ ਹਮਲੇ ਦੀ ਮਾਰ ਹੇਠ ਆਈ ਸਿੱਖ ਕੌਮ ਦਾ ਇਕ ਵੱਡਾ ਹਿੱਸਾ ਅੱਜ ਸਿੱਖ ਤਰਜ਼ਿ ਜ਼ਿੰਦਗੀ ਤੋਂ ਮੁਨਕਰ ਹੋ ਚੁੱਕਾ ਹੈ। ਇਸ 'ਚ ਵੀ ਕੋਈ ਸ਼ਕ ਨਹੀਂ ਕਿ ਜੂਨ ਚੁਰਾਸੀ ਤੋਂ ਬਾਅਦ ਕੌਮ ਦੀ ਸਦਾ ਲਈ ਮੌਤ ਹੋ ਜਾਣ ਦਾ ਸਭ ਤੋਂ ਵੱਡਾ ਮਸਲਾ ਸਿੱਖ ਕੌਮ ਸਾਹਮਣੇ ਖੜ੍ਹਾ ਹੋਇਆ ਪਿਆ ਹੈ। ਬੋਧੀਆਂ ਦੇ ਅੰਦਰ ਵੜ ਕੇ ਜਿਵੇਂ ਬੁੱਧ ਧਰਮ ਨੂੰ ਤਬਾਹ ਕੀਤਾ ਗਿਆ ਸੀ, ਉਵੇਂ ਹੀ ਅੱਜ 'ਰਾਸ਼ਟਰੀਆ ਸਿੱਖ ਸੰਗਤ' ਅਤੇ ਸਿੱਖ ਆਗੂਆਂ ਰਾਹੀਂ ਸ਼ਿਖੀ ਦੀ ਫੱਟੀ ਪੋਚੀ ਜਾ ਰਹੀ ਹੈ। ਸਾਨੂੰ ਇਹ ਗੱਲ ਸਦਾ ਚੇਤੇ ਰੱਖਣੀ ਚਾਹੀਦੀ ਹੈ ਕਿ ਕਿਸੇ ਕੌਮ ਦੀ ਸਦਾ ਸਦਾ ਲਈ ਮੌਤ ਹੋ ਜਾਣ ਨਾਲੋਂ ਕੋਈ ਵੀ ਹੋਰ ਵੱਡਾ ਨੁਕਸਾਨ ਨਹੀਂ ਹੁੰਦਾ।

ਆਓ! ਹਮੇਸ਼ਾ ਵਾਂਗ ਕੇਵਲ ਦਮਗਜੇ ਹੀ ਨਾ ਮਾਰੀ ਜਾਈਏ, ਪੁਰਖਿਆਂ ਦੀਆਂ ਦਿੱਤੀਆਂ ਕੁਰਬਾਨੀਆਂ ਤੋਂ ਸੇਧ ਲੈ ਕੇ ਕੁਝ ਕਰੀਏ ਵੀ। 'ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ' ਦਾ ਗੁਰ ਉਪਦੇਸ਼ ਸਪਸ਼ਟ ਹੈ ਕਿ ਕੁਝ ਕੀਤਿਆਂ ਹੀ

ਹੋਣਾ ਹੈ। ਹਰ ਸਿੱਖ ਆਪਣੇ ਘਰ ਤੋਂ ਸੁਧਾਰ ਸ਼ੁਰੂ ਕਰੇ। ਗੁਰਸਿੱਖੀ ਵਾਲਾ ਆਦਰਸ਼ਕ ਪਰਵਾਰਕ ਜੀਵਨ ਜੀਣਾ ਸ਼ੁਰੂ ਕਰੇ। ਰੋਜ਼ ਦੇ ਜੀਵਨ 'ਚ ਰੋਜ਼ੀ ਖਾਤਰ ਸਿੱਖੀ ਸਿਧਾਂਤਾਂ ਨੂੰ ਪਿੱਠ ਨਾ ਦਿੱਤੀ ਜਾਏ। 'ਪਰ ਧਨ ਪਰ ਦਾਰਾ ਪਰ ਨਿੰਦਾ ਇਨ ਸਿਉ ਪ੍ਰੀਤਿ ਨਿਵਾਰਿ॥' ਦੇ ਗੁਰ ਉਪਦੇਸ਼ ਨੂੰ ਆਪਣੇ ਜੀਵਨ ਦਾ ਆਧਾਰ ਬਣਾਈਏ। ਕਾਰ-ਵਿਹਾਰ 'ਚ ਸੁਆਰਥ ਤੋਂ ਉਚੇਰੇ ਹੋ ਕੇ ਸਾਰਿਆਂ ਦਾ ਭਲਾ ਲੋਚੀਏ ਅਤੇ 'ਹਕੁ ਪਰਾਇਆ ਨਾਨਕਾ ਉਸੁ ਸੂਅਰੁ ਉਸ ਗਾਇ' ਦੇ ਗੁਰ ਉਪਦੇਸ਼ ਦੇ ਧਾਰਨੀ ਬਣ ਕੇ, ਕਿਸੇ ਦਾ ਹੱਕ ਨਾ ਮਾਰੀਏ। ਕੂੜਿਆਰ ਨਾ ਬਣੀਏ, ਸਗੋਂ ਸਚਿਆਰ ਬਣੀਏ। ਰਾਜਨੀਤਕ, ਸਮਾਜਕ ਤੇ ਧਾਰਮਕ ਪਦ ਪਦਵੀਆਂ ਲਈ ਆਪਣੇ ਦੀਨ ਈਮਾਨ ਤੋਂ ਨਾ ਡੋਲੀਏ ਅਤੇ ਗੁਰਮਤਿ ਸਿਧਾਂਤਾਂ ਮੁਤਾਬਕ ਆਪਣਾ ਜੀਵਨ ਜੀਵੀਏ। ਇਹੋ ਸਾਡੀ ਸਭ ਤੋਂ ਵੱਡੀ ਸ਼ਰਧਾਂਜਲੀ ਹੋਵੇਗੀ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵਜੀ ਨੂੰ।

25) ਸ਼ਰਧਾਂਜਲੀ

ਜੀਉਂਦੀਆਂ ਜਾਗਦੀਆਂ ਕੌਮਾਂ ਹੀ ਆਪਣੇ ਬਜ਼ੁਰਗਾਂ ਤੇ ਮਹਾਂਪੁਰਸ਼ਾਂ ਦੀਆਂ ਯਾਦਾਂ ਮਨਾਉਂਦੀਆਂ ਹਨ ਕਿਉਂਕਿ ਅਜਿਹੇ ਸਮਾਰੋਹ ਕੌਮ ਦੇ ਵਾਰਸਾਂ ਦੇ ਮਨਾਂ 'ਚ ਉਮਾਹ, ਉਤਸ਼ਾਹ ਤੇ ਸਵੈ-ਮਾਣ ਪੈਦਾ ਕਰਨ ਲਈ ਹੀ ਤਾਂ ਹੁੰਦੇ ਹਨ। ਆਪਣੇ ਬਜ਼ੁਰਗਾਂ ਦੀਆਂ ਗੌਰਵਮਈ ਇਤਿਹਾਸਕ ਕੁਰਬਾਨੀਆਂ ਪ੍ਰਤੀ ਪ੍ਰੇਮ ਹੀ ਕੌਮਾਂ ਨੂੰ ਜਾਗਰਤ ਕਰਦਾ ਹੈ ਅਤੇ ਇਹ ਜਾਗਰਤੀ ਹੀ ਪ੍ਰਾਪਤੀਆਂ ਦਾ ਸਾਧਨ ਬਣਦੀ ਹੈ। ਇਤਿਹਾਸ ਕੌਮਾਂ ਦੀ ਜਿੰਦ-ਜਾਨ ਹੁੰਦਾ ਹੈ। ਇਸੇ ਕਰਕੇ ਜੀਉਂਦੀਆਂ ਜਾਗਦੀਆਂ ਕੌਮਾਂ ਬੀਤ ਚੁੱਕੇ ਸਮੇਂ ਨੂੰ ਇਤਿਹਾਸ ਦਾ ਅੰਗ ਬਣਾ ਕੇ ਸਦਾ ਚੇਤੇ ਰੱਖਦੀਆਂ ਹਨ। ਆਓ, ਇਸ ਮਹਾਨ ਦਿਹਾੜੇ 'ਤੇ ਗੁਰੂ ਅਰਜਨ ਦੇਵਜੀ ਦੇ ਦੱਸੇ ਰਾਹ 'ਤੇ ਤੁਰ ਕੇ, ਆਪਣੇ ਮਹਾਨ ਗੁਰੂ ਦੇ ਹਲੇਮੀ ਰਾਜ ਨੂੰ ਸਾਕਾਰ ਕਰਨ 'ਚ ਆਪਣਾ ਬਣਦਾ ਯੋਗਦਾਨ ਪਾ ਕੇ, ਸਤਿਗੁਰੂ ਨੂੰ ਸੱਚੀ ਸ਼ਰਧਾਂਜਲੀ ਪੇਸ਼ ਕਰੀਏ।

ਤੰਬੂਆਂ-ਕਨਾਤਾਂ ਤੇ ਪੱਖਿਆਂ-ਕੂਲਰਾਂ ਅੱਗੇ ਬੈਠ ਕੇ ਚਾਰ ਸੌ ਸਾਲਾ ਸ਼ਤਾਬਦੀ ਸਮਾਰੋਹ ਮਨਾਉਣ ਵਾਲੇ ਗੁਰੂ ਦੇ ਵਾਰਸੋ! ਇਹੋ ਮਹੀਨਾ ਤੇ ਇਹੋ ਦਿਨ ਸੀ ਜਦ ਜਹਾਂਗੀਰ ਦੀ ਤੱਤੀ ਹਕੂਮਤ ਨੇ ਤੱਤੀ ਦੇਗ, ਤੱਤੀ ਤਵੀ, ਤੱਤੀ ਰੇਤਾ ਪਾ ਕੇ ਸ਼ਾਂਤੀ ਦੇ ਪੁੰਜ ਗੁਰੂ ਅਰਜਨ ਸਾਹਿਬ 'ਤੇ ਤੱਤੇ ਜ਼ੁਲਮ ਕੀਤੇ ਸਨ। ਇਹੋ ਮਹੀਨਾ ਤੇ ਇਹੋ ਦਿਨ ਸੀ, ਜਦ ਪੰਚਮ ਸਾਤਸ਼ਾਹ ਦੇ ਸ਼ਹੀਦੀ ਪੁਰਬ ਮਨਾਉਣ ਲਈ ਸਿੱਖ ਸੰਗਤਾਂ ਜੁੜ ਬੈਠੀਆਂ ਸਨ, ਤਾਂ ਇੰਦਰਾ ਗਾਂਧੀ ਦੀ ਤੱਤੀ ਹਕੂਮਤ ਨੇ ਫੌਜਾਂ ਚਾੜ੍ਹਕੇ ਹਜ਼ਾਰਾਂ ਸਿੱਖ ਮਰਦਾਂ, ਇਸਤਰੀਆਂ, ਬੱਚਿਆਂ ਦਾ ਕਤਲੇਆਮ ਕਰ ਕੇ ਸਿੱਖ ਨਸਲਕੁਸ਼ੀ ਕੀਤੀ ਸੀ।

ਹਰ ਵਰ੍ਹੇ ਜਦੋਂ ਜੂਨ ਦਾ ਮਹੀਨਾ ਆਉਂਦਾ ਹੈ, ਤਾਂ ਇਹ ਮਹੀਨਾ ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵਜੀ ਦੀ ਸ਼ਹਾਦਤ ਦੀ ਯਾਦ ਕਰਾਉਂਦਾ ਹੈ। ਗੁਰੂ ਸਾਹਿਬ ਜਿਹੀ ਉੱਚੀ-ਸੁਚੀ, ਮਨੁੱਖਤਾ ਨੂੰ ਪਿਆਰ ਤੇ ਸੁਖ ਸ਼ਾਂਤੀ ਵੰਡਣ ਵਾਲੀ ਮਹਾਨ ਮਨੁੱਖ-ਹਿਤੈਸ਼ੀ ਸ਼ਖਸੀਅਤ ਨੂੰ ਅਸਹਿ ਤੇ ਅਕਹਿ ਤਸੀਹੇ ਦੇਕੇ ਸ਼ਹੀਦ ਕੀਤੇ ਜਾਣ ਨੂੰ ਚੇਤੇ ਕਰਕੇ ਹਰ ਸਿੱਖ ਦਾ ਹਿਰਦਾ ਧੁਰ-ਅੰਦਰੋਂ ਦੁਖ-ਪੀੜਾ ਮਹਿਸੂਸ ਕਰਨ ਲੱਗ ਜਾਂਦਾ ਹੈ।

ਜੂਨ ਦੇ ਮਹੀਨੇ 'ਚ ਸਾਡਾ ਹਿਰਦਾ ਆਪਣੇ ਮਹਾਨ ਗੁਰੂ ਸਾਹਿਬ ਨੂੰ, ਉਬਲ ਦੀ ਦੇਗ 'ਚ ਉਬਾਲੇ ਖਾ ਰਿਹਾ ਮਹਿਸੂਸ ਕਰ ਰਿਹਾ ਹੁੰਦਾ ਹੈ। ਸਾਡਾ ਇਹ ਧਰਮ ਬਣਦਾ ਹੈ ਕਿ ਅਸੀਂ ਇਸ ਮਹਾਨ ਦਿਹਾੜੇ 'ਤੇ ਆਪਣੇ ਮਹਾਨ ਗੁਰੂ ਸਾਹਿਬ ਦੀ ਦਿੱਤੀ ਸ਼ਹਾਦਤ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਉਸ ਮਾਰਗ 'ਤੇ ਤੁਰਨ ਦਾ ਪ੍ਰਣ ਕਰੀਏ। ਸ਼ਹੀਦਾਂ ਦੇ ਸਿਰਤਾਜ ਦੀ ਇਲਾਹੀ ਬਾਣੀ ਦੀ ਅਰਾਧਨਾ ਕਰਕੇ, ਉਹਨਾਂ ਦੀ ਬਾਣੀ ਦੇ ਉਦੇਸ਼ ਅਨੁਸਾਰ ਧਰਮ ਮਾਰਗ ਦੇ ਪਾਂਧੀ ਬਣਨ ਦਾ ਯਤਨ ਕਰੀਏ। ਸਿੱਖ ਇਨਕਲਾਬੀ ਲਹਿਰ ਦਾ ਮਚ ਨਾ ਮਰਨ ਦਿੱਤਾ ਜਾਵੇ, ਇਹ ਹੀ ਗੁਰੂ ਅਰਜਨ ਸਾਹਿਬ ਦੀ ਮਹਾਨ ਸ਼ਹੀਦੀ ਨੂੰ ਸਰਬੋਤਮ ਸ਼ਰਧਾਂਜਲੀ ਹੋਵੇਗੀ। ਤਦ ਹੀ ਸਮੁੱਚੀ ਕੌਮ ਨੂੰ ਪ੍ਰਾਪਤ ਹੋਣ ਵਾਲੀਆਂ ਕਾਮਯਾਬੀਆਂ ਸਿੱਖਾਂ ਦੇ ਗੌਰਮਈ ਇਤਿਹਾਸ 'ਚ ਵਾਧਾ ਕਰਨਗੀਆਂ।

ਗੁਰੂ ਅਰਜਨ ਦੇਵਜੀ ਦੀ ਸ਼ਹੀਦੀ ਸ਼ਤਾਬਦੀ ਦਾ ਇਹ ਅਵਸਰ ਡੂੰਘੇ ਸਵੈ-ਵਿਸ਼ਲੇਸ਼ਣ ਕਰਨ ਦਾ ਸਮਾਂ ਹੈ। ਪੰਚਮ ਪਾਤਸ਼ਾਹ ਨੇ ਸੱਚ ਦੀ ਸਥਾਪਤੀ ਲ ਈ ਸ਼ਹਾਦਤ ਦਿੱਤੀ। ਗੁਰਬਾਣੀ ਦੇ ਮਹਾਨ ਵਿਆਖਿਆਕਾਰ ਭਾਈ ਗੁਰਦਾਸ ਜੀ ਦੇ ਕਥਨ ਮੁਤਾਬਕ 'ਗੁਰੁ ਅਰਜਨੁ ਸਚੁ ਸਿਰਜਣਹਾਰਾ' ਭਾਵ ਗੁਰੂ ਅਰਜਨ ਸਾਹਿਬ ਸੱਚ ਦੇ ਸਿਰਜਣਹਾਰ ਹਨ। ਅੱਜ ਲੋੜ ਹੈ ਕਿ ਸੱਚ ਨੂੰ ਸਥਾਪਤ ਕਰਨ ਲਈ ਸ਼ਹਾਦਤ ਦੇਣ ਵਾਲੇ ਮਹਾਨ ਪਰਉਪਕਾਰੀ ਸਤਿਗੁਰੂ ਦੇ ਉਪਦੇਸ਼ ਨੂੰ ਵਿਚਾਰ ਕੇ ਆਪਣਾ ਜੀਵਨ ਸੰਵਾਰਨ ਦੀ ਅਤੇ ਸੰਵਰੇ ਜੀਵਨ ਨਾਲ ਅੱਗੇ ਉਸ ਸੱਚ ਪ੍ਰਸਾਰਨ ਦੀ।

ਜੇ ਅਸੀਂ ਸਿੱਖੀ ਨੂੰ ਪ੍ਰਫੁਲਤ ਹੁੰਦਾ ਵੇਖਣਾ ਚਾਹੁੰਦੇ ਹਾਂ, ਤਾਂ ਸਾਨੂੰ ਗੁਰੂ ਅਰਜਨ ਸਾਹਿਬ ਵਾਂਗ ਸੱਚ ਲਈ ਤਤਪਰ ਰਹਿਣ ਦੀ ਲੋੜ ਹੈ। ਤਨ ਮਨ ਗੁਰੂ ਨੂੰ ਅਰਪਨ ਕਰਨ ਦੀ ਲੋੜ ਹੈ। ਸੇਵਾ ਦੀ ਆਖਰੀ ਟੀਸੀ ਹੈ ਆਪਣਾ ਆਪ ਨਿਛਾਵਰ ਕਰ ਦੇਣਾ ਜਿਸ ਦੀ ਸਭ ਤੋਂ ਉੱਤਮ ਮਿਸਾਲ ਗੁਰੂ ਅਰਜਨ ਸਾਹਿਬ ਨੇ ਆਪ ਪੇਸ਼ ਕੀਤੀ ਹੈ। ਉਹਨਾਂ ਨੂੰ ਬਾਦਸ਼ਾਹ ਨੇ ਕਿਉਂ ਸ਼ਹੀਦ ਕੀਤਾ? ਕਿਉਂਕਿ ਉਹ ਬ੍ਰਹਮੰਡਵਾਦੀ ਸੱਚ ਦੇ ਧਰਮ ਦਾ ਪ੍ਰਚਾਰ ਕਰਦੇ ਸਨ ਅਤੇ

ਜ਼ੁਲਮ ਤੇ ਧੱਕੇਸ਼ਾਹੀ ਵਿਰੁੱਧ ਲੋਕਾਂ ਅੰਦਰ ਜਾਗਰਤੀ ਪੈਦਾ ਕਰਦੇ ਸਨ।

ਜਦੋਂ ਗੁਰੂ ਅਰਜਨ ਦੇਵਜੀ ਨੇ ਸੱਚ ਦੀ ਖਾਤਰ ਸ਼ਹਾਦਤ ਦਿੱਤੀ ਸੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਅਤੇ ਹਜ਼ਾਰਾਂ ਹੋਰ ਸਿੱਖਾਂ ਨੇ ਦੂਜਿਆਂ ਦੇ ਬੁਨਿਆਦੀ ਹੱਕਾਂ ਲਈ ਕੁਰਬਾਨੀਆਂ ਦਿੱਤੀਆਂ ਸਨ, ਉਦੋਂ ਆਪਣੇ ਆਪ ਨੂੰ ਸਭਿੱਅਕ ਅਖਵਾਉਣ ਵਾਲੇ ਇਹ ਪੱਛਮੀ ਦੇਸ਼ ਮਨੁੱਖਾਂ ਨੂੰ ਪਸ਼ੂਆਂ ਵਾਂਗ ਮੰਡੀਆਂ 'ਚ ਖਰੀਦ ਤੇ ਵੇਚ ਰਹੇ ਸਨ। ਉਦੋਂ ਇਹਨਾਂ ਦੀ ਡਿਕਸ਼ਨਰੀ 'ਚ ਡੈਮੋਕਰੈਸੀ ਨਾਂ ਦਾ ਕੋਈ ਸ਼ਬਦ ਹੀ ਨਹੀਂ ਸੀ, ਜਦੋਂ ਸਾਡੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਪੰਥ ਦੀ ਅਗਵਾਈ ਪੰਜ ਪਿਆਰਿਆਂ ਦੇ ਹੱਥ 'ਚ ਦੇ ਦਿੱਤੀ ਸੀ।

ਅੱਜ ਸਾਨੂੰ ਬੜੀ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ ਕਿ ਕੀ ਅਸੀਂ ਗੁਰੂ ਸਾਹਿਬ ਦੁਆਰਾ ਦਰਸਾਏ ਸਬਰ, ਸੰਤੋਖ, ਭਾਣਾ ਮੰਨਣ ਅਤੇ ਹੱਕ-ਸੱਚ ਤੇ ਧਰਮ ਦੇ ਰਾਹ ਤੋਂ ਕਿਤੇ ਅਗਾਂਹ-ਪਿਛਾਂਹ ਤਾਂ ਨਹੀਂ ਹੋ ਗਏ? ਕੀ ਅਸੀਂ ਗੁਰੂ ਸਾਹਿਬ ਦੇ ਦਰਸਾਏ ਰਾਹ 'ਤੇ ਹੀ ਹਾਂ ਅਤੇ ਗੁਰਮਤਿ ਮਾਰਗ ਤੋਂ ਕਿਤੇ ਟਾਲਾ ਤਾਂ ਨਹੀਂ ਵੱਟ ਰਹੇ?

ਅੱਜ ਹਰ ਇਕ ਸਿੱਖ ਦਾ ਸਭ ਤੋਂ ਉੱਤਮ ਯੋਗਦਾਨ ਹੈ ਖਾਲਸਾ ਬਣਨਾ। ਉਸ ਤੋਂ ਵੀ ਉੱਤਮ ਯੋਗਦਾਨ ਹੈ ਖਾਲਸੇ ਦਾ ਅਮਲੀ ਰਹਿਤ-ਬਹਿਤ ਦਾ ਜੀਵਨ ਜੀਊਣਾ। ਗੁਰੂ ਗਰੰਥ ਸਾਹਿਬ ਨਾਲ ਜੁੜਨਾ ਖਾਲਸੇ ਦੀ ਮੁੱਖ ਧਾਰਾ ਹੈ। ਇਹ ਹੀ ਸਾਡੀ ਪ੍ਰੇਰਨਾ ਦਾ ਸਰੋਤ ਅਤੇ ਆਤਮਕ ਬਲ ਦਾ ਸੋਮਾ ਹੈ। ਅੱਜ ਹਰ ਸਿੱਖ ਅੰਮ੍ਰਿਤਧਾਰੀ ਹੋਵੇ ਅਤੇ ਪੰਥ ਦੀ ਸੇਵਾ ਕਰੇ, ਤਾਂ ਹੀ ਪੰਥ ਚੜ੍ਹਦੀ ਕਲਾ 'ਚ ਜਾਏਗਾ। ਆਪਣੀ ਸਰੀਰਕ ਤੇ ਰੂਹਾਨੀ ਸ਼ਕਤੀ ਨੂੰ ਸਿੱਖ ਵਿਰੋਧੀ ਤਾਕਤਾਂ ਦੇ ਵਿਰੁੱਧ ਕੇਂਦਰਤ ਕਰਨ ਦੀ ਲੋੜ ਹੈ।

ਗੁਰੂ ਸਾਹਿਬਾਨ ਦੇ ਪੂਰਨਿਆਂ ਤੇ ਚੱਲਦਿਆਂ ਅਨੇਕਾਂ ਮਹਾਨ ਸ਼ਹੀਦਾਂ ਨੇ ਸਿੱਖ ਰਵਾਇਤਾਂ ਨੂੰ ਅੱਗੇ ਤੋਰ ਕੇ ਬੜੇ ਹੀ ਮਾਣ ਤੇ ਫ਼ਖ਼ਰ ਵਾਲੇ ਕਾਰਨਾਮੇ ਕੀਤੇ ਹਨ। ਜਿਨ੍ਹਾਂ ਸੂਰਮਿਆਂ ਤੋਂ ਖਾਲਸਾ ਪੰਥ ਦੀ ਪੈਰਾਂ 'ਚ ਰੁਲਦੀ ਪੱਗ ਜਰੀ ਨਹੀਂ ਸੀ ਗਈ, ਉਨ੍ਹਾਂ ਨੇ ਖਾਲਸਾ ਪੰਥ ਦੇ ਗਵਾਚੇ ਵਕਾਰ ਨੂੰ ਬਹਾਲ ਕਰਨ ਲਈ ਆਪਣੀਆਂ ਜਾਨਾਂ ਵਾਰ ਦਿੱਤੀਆਂ। ਉਹ ਮਹਾਨ ਸ਼ਹੀਦ ਵਰਤਮਾਨ ਸਿੱਖ ਇਤਿਹਾਸ ਦੇ ਚਾਨਣ ਮੁਨਾਰੇ ਬਣ ਗਏ ਹਨ। ਜਿਸ ਖਾਲਸਈ ਆਨ ਤੇ ਸ਼ਾਨ ਨਾਲ ਉਹਨਾਂ ਮਹਾਨ ਯੋਧਿਆਂ ਮੌਤ ਨਾਲ ਕਲੋਲ ਕੀਤੇ ਉਹ ਇਕ ਬੇਮਿਸਾਲ ਕੁਰਬਾਨੀ ਹੈ। ਅਸੀਂ ਉਹਨਾਂ ਮਹਾਨ ਯੋਧਿਆਂ ਦੀ ਬਹਾਦਰੀ ਤੇ ਕੁਰਬਾਨੀ ਨੂੰ ਵੀ ਸਿਜ਼ਦਾ ਕਰਨਾ ਹੈ।

ਜਿੱਥੇ ਅਸੀਂ ਮਹਾਨ ਗੁਰੂ ਅਰਜਨ ਸਾਹਿਬ ਨੂੰ ਸ਼ਰਧਾਂਜਲੀ ਪੇਸ਼ ਕਰਨੀ ਹੈ, ਉਥੇ ਅਸੀਂ ਗੁਰੂ ਸਾਹਿਬ ਦੇ ਮਿਸ਼ਨ ਨੂੰ ਸਾਕਾਰ ਕਰਨ ਵਾਲੇ ਸਮੂਹ ਮਹਾਨ

ਸ਼ਹੀਦਾਂ ਨੂੰ ਵੀ ਸ਼ਰਧਾਂਜਲੀਆਂ ਪੇਸ਼ ਕਰਨੀਆਂ ਹਨ। ਨਾਲ ਹੀ ਉਥੇ ਇਹ ਪ੍ਰਣ ਵੀ ਕਰਨਾ ਹੈ ਕਿ ਅਸੀਂ ਆਪਣੇ ਗੁਰੂ ਸਾਹਿਬ ਤੇ ਉਹਨਾਂ ਮਹਾਨ ਸ਼ਹੀਦਾਂ ਦੇ ਡੁਲ੍ਹੇ ਖ਼ੂਨ ਨੂੰ ਅਜਾਈਂ ਨਹੀ ਜਾਣ ਦਿਆਂਗੇ। ਆਪਣੀ ਅੱਡਰੀ ਤੇ ਨਿਆਰੀ ਹਸਤੀ ਨੂੰ ਕਾਇਮ ਰੱਖਣ ਲਈ ਅਜ਼ਾਦੀ ਦੇ ਸ਼ਾਤਮਈ ਸੰਘਰਸ਼ ਨੂੰ ਤਨ, ਮਨ ਤੇ ਧਨ ਨਾਲ ਉਨ੍ਹਾਂ ਚਿਰ ਜਾਰੀ ਰੱਖਾਂਗੇ, ਜਿੰਨਾਂ ਚਿਰ ਤਕ ਅਸੀਂ ਗੁਰੂ ਅਰਜਨ ਸਾਹਿਬ ਦੇ ਹਲੇਮੀ ਰਾਜ ਨੂੰ ਸਾਕਾਰ ਰੂਪ ਨਹੀਂ ਦੇ ਲੈਂਦੇ ਅਤੇ ਮਹਾਨ ਸ਼ਹੀਦਾਂ ਦਾ ਇਹ ਸੁਪਨਾ ਸਾਕਾਰ ਨਹੀਂ ਹੋ ਜਾਂਦਾ। ਸਾਡੇ ਮਹਾਨ ਸ਼ਹੀਦ ਅਜ਼ਾਦੀ ਦੀ ਸ਼ਮ੍ਹਾਂ ਨੂੰ ਜਗਾਈ ਰੱਖਣ ਦਾ ਸੰਦੇਸ਼ ਸਾਡੇ ਲਈ ਛੱਡ ਗਏ ਹਨ। ਇਸ ਜ਼ਿਮੇਵਾਰੀ ਨੂੰ ਨਿਭਾਉਣਾ ਹਰ ਸਿੱਖ ਦਾ ਕੌਮੀ ਫਰਜ਼ ਬਣਦਾ ਹੈ।

ਗੁਰੂ ਅਰਜਨ ਸਾਹਿਬ ਨੂੰ ਸ਼ਰਧਾਂਜਲੀ ਪੇਸ਼ ਕਰਨ ਸਮੇਂ ਅਜ ਹਰ ਸਿੱਖ ਨੂੰ ਇਹ ਪ੍ਰਤਿਗਿਆ ਕਰਨ ਦੀ ਵੀ ਲੋੜ ਹੈ ਕਿ ਹੁਣ ਤੋਂ ਉਹ ਸਿੱਖ ਸਮਾਜ 'ਚੋਂ ਗ਼ਦਾਰਾਂ, ਲੁਟੇਰਿਆਂ, ਧੋਖੇਬਾਜ਼ਾਂ, ਚਰਿੱਤਰਹੀਣਾਂ ਅਤੇ ਮਕਾਰਾਂ ਨਾਲ ਕਿਸੇ ਕੀਮਤ 'ਤੇ ਵੀ ਮੇਲਜੋਲ ਨਹੀਂ ਰੱਖੇਗਾ। ਅੱਜ ਹਰ ਸਿੱਖ ਨੂੰ "ਗੁਰਸਿਖ ਮੀਤ ਚਲਹੁ ਗੁਰ ਚਾਲੀਂ" ਦੇ ਫੁਰਮਾਨ ਮੁਤਾਬਕ ਆਪਣੇ ਅਮਲੀ ਜੀਵਨ ਰਾਹੀਂ ਆਪਣੀ ਧਾਰਮਕ ਚੇਤਨਤਾ ਅਤੇ 'ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥' ਅਨੁਸਾਰ ਆਪਣੇ ਖਾਲਸਈ ਕਿਰਦਾਰ ਨੂੰ ਇਤਨੀ ਉਚਿਆਣ ਤਕ ਲੈ ਜਾਣ ਦੀ ਲੋੜ ਹੈ ਕਿ ਸਾਰੀ ਦੁਨੀਆ ਗੁਰੂ ਨਾਨਕ ਦੇ ਖਾਲਸਾ ਪੰਥ ਤੇ ਅਕਾਲ ਤਖਤ ਸਾਹਿਬ ਤੋਂ ਅਗਵਾਈ ਲੈਣ ਲਈ ਆਵੇ। ਇਹ ਕੋਈ ਅਨਹੋਣੀ ਗੱਲ ਨਹੀਂ, ਅਠਾਰਵੀਂ ਸਦੀ ਦਾ ਸਾਡਾ ਖਾਲਸਈ ਕਿਰਦਾਰ ਇਸ ਦੀ ਸਾਖੀ ਭਰਦਾ ਹੈ।

ਅੰਤਿਕਾ

ਗੁਰੂ ਅਰਜਨ ਸਾਹਿਬ ਸਬੰਧੀ ਸੰਖੇਪ ਜਾਣਕਾਰੀ

ਜਨਮ:	15 ਅਪ੍ਰੈਲ 1563
ਪਿਤਾ:	ਗੁਰੂ ਰਾਮਦਾਸ ਸਾਹਿਬ
ਮਾਤਾ:	ਮਾਤਾ ਭਾਨੀ ਜੀ (ਸੇਵਾ ਤੇ ਦ੍ਰਿੜਤਾ ਦੀ ਮੂਰਤ)
ਜਨਮ ਅਸਥਾਨ:	ਗੋਇੰਦਵਾਲ ਸਾਹਿਬ, ਤਹਸੀਲ ਤਰਨ ਤਾਰਨ, ਜ਼ਿਲਾ ਅੰਮ੍ਰਿਤਸਰ
ਨਾਨਾ ਜੀ	ਗੁਰੂ ਅਮਰਦਾਸ ਸਾਹਿਬ
ਗੁਰਗੱਦੀ:	ਸੰਨ 1581-
ਸਮਕਾਲੀ ਬਾਦਸ਼ਾਹ:	ਅਕਬਰ ਤੇ ਜਹਾਂਗੀਰ
ਸ਼ਹੀਦੀ:	20 ਮਈ 1606

ਗੁਰੂ ਨਾਨਕ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ 43 ਸਾਲ ਬਾਅਦ ਗੁਰੂ ਅਰਜਨ ਸਾਹਿਬ ਪੰਜਵੇਂ ਗੁਰੂ ਥਾਪੇ ਗਏ। ਗੁਰੂ ਅਰਜਨ ਸਾਹਿਬ ਦੇ ਜਨਮ ਸਮੇਂ ਗੁਰੂ ਰਾਮਦਾਸ ਸਾਹਿਬ ਦੀ ਉਮਰ ਅਠਾਈ ਸਾਲ ਦੀ ਸੀ ਅਤੇ ਗੁਰੂ ਅਮਰਦਾਸ ਸਾਹਿਬ ਦੀ ਉਸ ਵੇਲੇ 84 ਸਾਲ ਦੀ ਸੀ। ਗੁਰੂ ਅਰਜਨ ਸਾਹਿਬ 18 ਸਾਲ ਦੀ ਉਮਰ 'ਚ ਗੁਰਗੱਦੀ ਤੇ ਬੈਠੇ।

ਗੁਰੂ ਨਾਨਕ ਸਾਹਿਬ ਦਾ ਜਨਮ - 20 ਵੈਸਾਖ

ਗੁਰੂ ਅੰਗਦ ਸਾਹਿਬ ਦਾ ਜਨਮ - 5 ਵੈਸਾਖ

ਗੁਰੂ ਅਰਜਨ ਸਾਹਿਬ ਦਾ ਜਨਮ -19 ਵੈਸਾਖ

ਗੁਰੂ ਅਰਜਨ ਸਾਹਿਬ ਦੀ ਬਾਣੀ

ਗੁਰੂ ਰਾਮਦਾਸ ਸਾਹਿਬ ਵਾਂਗ ਗੁਰੂ ਅਰਜਨ ਸਾਹਿਬ ਨੇ ਵੀ 30 ਰਾਗਾਂ 'ਚ ਬਾਣੀ ਉਚਾਰਨ ਕੀਤੀ। ਇਸ ਤੋਂ ਬਿਨਾਂ ਆਪ ਜੀ ਦੀ ਕੁਝ ਰਾਗ-ਮੁਕਤ ਬਾਣੀ ਵੀ ਮਿਲਦੀ ਹੈ ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

ਸ਼ਬਦ	1345
ਅਸ਼ਟਪਦੀਆਂ	62
ਛੰਤ	62

ਗੁਰੂ ਗਰੰਥ ਸਾਹਿਬ ਦੀਆਂ ਕੁਲ 22 'ਵਾਰਾਂ' 'ਚੋਂ ਗੁਰੂ ਅਰਜਨ ਸਾਹਿਬ ਦੀਆਂ 6 ਵਾਰਾਂ ਹੇਠ ਲਿਖੇ ਅਨੁਸਾਰ ਹਨ:

1) ਸਿਰੀ ਰਾਗ ਵਿੱਚ – ਪਹਰੇ 1 ਸ਼ਬਦ
2) ਮਾਝ 'ਚ – ਬਾਰਹ ਮਾਹਾ 14 ਪਉੜੀਆਂ – ਦਿਨ ਰੈਣਿ
3) ਗਉੜੀ 'ਚ – ਬਾਵਨ ਅਖਰੀ 57 ਸਲੋਕ ਅਤੇ 55 ਪਉੜੀਆਂ
   ਸੁਖਮਨੀ 24 ਸਲੋਕ ਅਤੇ 24 ਅਸ਼ਟਪਦੀਆਂ
4) ਆਸਾ 'ਚ – ਬਿਰਹੜੇ 3 ਸ਼ਬਦ
5) ਸੂਹੀ 'ਚ – ਗੁਣਵੰਤੀ 1 ਸ਼ਬਦ
6) ਮਾਰੂ 'ਚ – ਅੰਜੁਲੀਆਂ
   ਸੋਲਹੇ 14 ਸ਼ਬਦ

ਰਾਗਾਂ ਦੇ ਮੁਕਣ ਤੇ ਹੇਠ ਲਿਖੀਆਂ ਉਚੇਚੀਆਂ ਬਾਣੀਆਂ ਗੁਰੂ ਅਰਜਨ ਸਾਹਿਬ ਦੀਆਂ ਹਨ:

1)ਸਲੋਕ ਸਹਸਕ੍ਰਿਤੀ	67
2)ਗਾਥਾ	24
3)ਫੁਨਹੇ	23
4)ਚਉਬੋਲੇ	11
5)ਸਵਯੇ	20

ਇਸ ਤੋਂ ਬਿਨਾਂ ਸਲੋਕ ਵੀ ਹਨ, ਜੋ ਵਾਰਾਂ ਦੀਆਂ ਪਉੜੀਆਂ ਦੇ ਨਾਲ ਦਰਜ ਹਨ। ਉਹਨਾਂ ਸਾਰੇ ਸਲੋਕਾਂ ਦੀ ਗਿਣਤੀ 255 ਹੈ। ਇਹਨਾਂ ਵਾਰਾਂ ਤੋਂ ਵਧੇ ਹੋਏ ਸਲੋਕਾਂ ਦਾ ਸੰਗ੍ਰਹਿ ਗੁਰੂ ਗਰੰਥ ਸਾਹਿਬ ਦੇ ਅਖੀਰ ਤੇ ਦਰਜ ਹੈ। ਉਹਨਾਂ ਦੀ ਗਿਣਤੀ 22 ਹੈ। ਸਾਰੇ ਰਲਾ ਕੇ ਗੁਰੂ ਅਰਜਨ ਸਾਹਿਬ ਦੇ ਸਲੋਕ 277 ਹਨ।

ਗੁਰੂ ਅਰਜਨ ਸਾਹਿਬ ਦੀਆਂ 6 ਵਾਰਾਂ ਦੀਆਂ ਕੁਲ 110 ਪਉੜੀਆਂ ਹਨ। ਗਉੜੀ ਕੀ ਵਾਰ ਮ:4 'ਚ ਗੁਰੂ ਅਰਜਨ ਸਾਹਿਬ ਦੀਆਂ 5 ਪਉੜੀਆਂ ਹਨ, ਸਾਰੰਗ ਕੀ ਵਾਰ ਮ:4 'ਚ ਗੁਰੂ ਅਰਜਨ ਸਾਹਿਬ ਦੀ 1 ਪਉੜੀ ਹੈ, ਮਲ ਾਰ ਕੀ ਵਾਰ ਮ:1 'ਚ ਗੁਰੂ ਅਰਜਨ ਸਾਹਿਬ ਦੀ ਇਕ ਪਉੜੀ ਹੈ। ਕੁਲ ਜੋੜ ਪਉੜੀਆਂ 117 ਹੈ।

ਸਲੋਕ ਕਬੀਰ ਜੀ 'ਚ 5 ਸਲੋਕ ਗੁਰੂ ਅਰਜਨ ਸਾਹਿਬ ਦੇ ਹਨ। ਸਲੋਕ ਫਰੀਦ ਜੀ 'ਚ 8 ਸਲੋਕ ਗੁਰੂ ਅਰਜਨ ਸਾਹਿਬ ਦੇ ਹਨ। ਕੁਲ ਜੋੜ ਸਲੋਕਾਂ ਦਾ ਇਸ ਪ੍ਰਕਾਰ ਹੈ: 277 + 5 + 8 ॥ 290

ਲੰਮੀਆਂ ਬਾਣੀਆਂ:

- ਸੁਖਮਨੀ ਸਾਹਿਬ
- ਬਾਵਨ ਅੱਖਰੀ
- ਬਾਰਾ ਮਾਹ
- ਥਿਤੀ
- ਅੰਜੁਲੀਆਂ
- ਬਿਰਹੜੇ
- ਗਾਥਾ

- ਫੁਨਹੇ
- ਰਾਗ ਗਉੜੀ ਦੀ ਵਾਰ
- ਰਾਗ ਜੈਤਸਰੀ ਕੀ ਵਾਰ
- ਰਾਗ ਰਾਮਕਲੀ ਦੀ ਵਾਰ
- ਮਾਰੂ ਰਾਗ ਦੀ ਵਾਰ (ਡਖਣੇ)
- ਰਾਗ ਬਸੰਤ ਦੀ ਵਾਰ

2) ਬਹੁਤੇ ਭਾਗ ਵਾਲੀਆਂ ਬਾਣੀਆਂ: ਇਸ ਭਾਗ 'ਚ ਦੋ ਵਾਰਾਂ ਦੇ ਨਾਂ ਲੈ ਸਕਦੇ ਹਾਂ:

- ਗੂਜਰੀ ਰਾਗ ਦੀ ਵਾਰ- ਇਸ 'ਚ ਬਹੁਤੀ ਰਚਨਾ ਗੁਰੂ ਅਰਜਨ ਸਾਹਿਬ ਦੀ ਹੈ, ਪਰ ਕੁਝ ਸਲੋਕ ਹੋਰ ਗੁਰੂ ਸਾਹਿਬਾਨ ਦੇ ਹਨ।

- ਵਡਹੰਸ ਰਾਗ ਦੀ ਵਾਰ ਇਸ 'ਚ ਵੀ ਗੂਜਰੀ ਰਾਗ ਦੀ ਵਾਰ ਵਾਂਗ ਕੁਝ ਸਲੋਕ ਹੋਰ ਗੁਰੂ ਸਾਹਿਬਾਨ ਦੇ ਹਨ।

3) ਸ਼ਬਦ

ਖੁਲ੍ਹੇ ਸ਼ਬਦਾਂ ਦੀ ਗਿਣਤੀ 'ਚ ਵੀ ਗੁਰੂ ਅਰਜਨ ਸਾਹਿਬ ਦੀ ਬਾਣੀ ਸਾਰੇ ਗੁਰੂ ਸਾਹਿਬਾਨ ਜਾਂ ਭਗਤ ਵਿਅਕਤੀਆਂ ਤੋਂ ਵਧੇਰੇ ਹੈ। ਡਾਕਟਰ ਚਰਨ ਸਿੰਘ ਦੀ ਪੁਸਤਕ 'ਬਾਣੀ ਬੇਉਰਾ' ਅਨੁਸਾਰ 6 ਗੁਰੂ ਸਾਹਿਬਾਨ ਦੇ ਕੁਲ ਸ਼ਬਦ 4956 ਹਨ ਅਤੇ ਭਾਈ ਕਾਹਨ ਸਿੰਘ ਅਨੁਸਾਰ 5867 ਹਨ ਜਿਸ 'ਚੋਂ ਗੁਰੂ ਅਰਜਨ ਸਾਹਿਬ ਦੇ ਕ੍ਰਮਵਾਰ 2218 ਜਾਂ 2312 ਹਨ, ਜੋ ਭਿੰਨ-ਭਿੰਨ ਰਾਗਾਂ, ਛੰਦਾਂ ਤੇ ਵਿਸ਼ਿਆਂ ਆਦਿ ਬਾਬਤ ਹਨ।

ਬੈਨਰਜੀ:

ਬੈਨਰਜੀ ਗੁਰੂ ਅਰਜਨ ਸਾਹਿਬ ਸਬੰਧੀ ਠੀਕ ਹੀ ਕਹਿੰਦਾ ਹੈ ਕਿ: "1604 'ਚ ਸਿੱਖਾਂ ਇਕ ਸ਼ਕਤੀਸ਼ਾਲੀ ਜਥੇਬੰਦੀ ਬਣਾ ਲਈ ਸੀ। ਸੰਗਤ ਤੇ ਪੰਗਤ ਤੇ ਮਸੰਦ ਪ੍ਰਣਾਲੀ ਨਾਲ ਸਿੱਖ ਇਕ-ਮੁਠ ਹੋ ਗਏ। ਗੁਰੂ ਨਾਲ ਸਿਧਾ ਰਿਸ਼ਤਾ ਹੋਣ ਨਾਲ ਅਤੇ ਕੋਈ ਆਰਥਿਕ ਘਾਟ ਨਾ ਹੋਣ ਕਰ ਕੇ ਸਿੱਖਾਂ ਨੇ ਸਵੈ-ਸ਼ਾਸਨ ਦਾ ਸੁਆਦ ਚੱਖ ਲਿਆ ਸੀ।"

ਸੀ.ਐਚ.ਪਨੇ: ਸੀ.ਐਚ.ਪਨੇ ਲਿਖਦਾ ਹੈ ਕਿ:

"ਗੁਰੂ ਅਰਜਨ ਸਾਹਿਬ ਨੇ ਗੁਰੂ ਗਰੰਥ ਸਾਹਿਬ ਦੀ ਰਚਨਾ ਕਰਕੇ ਹੀ ਪ੍ਰਸਿਧੀ ਨਹੀਂ ਖੱਟੀ, ਸਗੋਂ ਉਹ ਪਹਿਲੇ ਗੁਰੂ ਸਨ, ਜਿਨ੍ਹਾਂ ਰਾਜਨੀਤੀ ਨੂੰ ਧਰਮ ਨਾਲ ਜੋੜਿਆ। ਸ੍ਰੀ ਅੰਮ੍ਰਿਤਸਰ ਨੂੰ ਆਪਣਾ ਕੇਂਦਰ ਬਣਾ ਕੇ ਸਿੱਖਾਂ ਲਈ ਕੁਝ ਨਿਯਮ ਬਣਾਏ। ਸਿੱਖੀ ਬੜੀ ਵਧੀ-ਫੁਲੀ, ਜਿਸ ਨਾਲ ਗੁਰੂ ਜੀ ਦਾ ਮਾਨ ਵੀ ਵਧਿਆ। ਇਸ ਵਧੇ ਮਾਨ ਤੇ ਇਜ਼ਤ ਕਰ ਕੇ ਹੀ ਮੁਗ਼ਲਾਂ ਨਾਲ ਟੱਕਰ ਹੋਈ ਤੇ ਸਿੱਖਾਂ 'ਤੇ ਅਤਿਆਚਾਰ ਆਰੰਭ ਹੋਏ।"

ਮੈਕਾਲਫ ਵੀ ਇਹੋ ਗੱਲ ਲਿਖਦਾ ਹੈ ਕਿ

"ਗੁਰੂ ਅਰਜਨ ਸਾਹਿਬ ਪਹਿਲੇ ਗੁਰੂ ਸਨ ਜਿਨ੍ਹਾਂ ਕੁਝ ਨਿਯਮ ਬਣਾਏ। ਏਸੇ ਕਾਰਨ ਸਿੱਖ ਇਕ ਦੂਜੇ ਦੇ ਨੇੜੇ ਹੋਏ, ਉਹਨਾਂ ਦੀ ਸੰਖਿਆ ਵਧੀ। ਇਨ੍ਹਾਂ ਸਫਲ ਤਾਵਾਂ ਨੇ ਹੀ ਗੁਰੂ ਜੀ ਦਾ ਅੰਤ ਕੀਤਾ। ਮੁਗ਼ਲ ਰਾਜ ਨੇ ਸਿੱਖੀ ਵਧਦੀ ਦੇਖ ਕੇ ਜੋਸ਼ ਖਾਧਾ ਤੇ ਗੁਰੂ ਜੀ ਹੋਰਾਂ ਨੂੰ ਬਲੀਦਾਨ ਦੇਣਾ ਪਿਆ।"

ਪ੍ਰਸਿਧ ਮੁਸਲਮਾਨ ਇਤਿਹਾਸਕਾਰ ਮੁਹੰਮਦ ਲਤੀਫ਼ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਬਾਰੇ ਕੁਝ ਅੱਖਰਾਂ 'ਚ ਇਉਂ ਲਿਖਦਾ ਹੈ:

"The death of Guru Arjan Sahib is a great turning point in the history of the Sikhs."

"ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਸਿੱਖਾਂ ਦੇ ਇਤਿਹਾਸ 'ਚ ਇਕ ਮਹਾਨ ਮੋੜ ਸੀ"

ਗੁਰੂ ਅਰਜਨ ਸਾਹਿਬ ਇਕ ਉਤਸ਼ਾਹਕ ਤੇ ਜਜ਼ਬੇ ਵਾਲੇ ਗੁਰੂ ਸਨ। ਉਹਨਾਂ ਦਾ ਨਿਸ਼ਾਨਾ ਬਹੁਤ ਉਚਾ ਸੀ। ਉਹਨਾਂ ਨੇ ਸਿੱਖ ਕੌਮ ਨੂੰ ਜਥੇਬੰਦ ਕੀਤਾ ਅਤੇ ਸਿੱਖਾਂ ਦੀ ਆਤਮ ਉੱਨਤੀ ਲਈ ਉਪਰਾਲੇ ਕੀਤੇ। (ਮੁਹੰਮਦ ਲਤੀਫ਼)

Duncan Greenless:

"His dominant qualities were Service, Humility and Love."

"ਗੁਰੂ ਅਰਜਨ ਸਾਹਿਬ ਦੇ ਮੁੱਖ ਗੁਣ ਸੇਵਾ, ਨਿਮਰਤਾ ਅਤੇ ਪ੍ਰੇਮ ਸਨ।"

Dun an Greenless:

"He was a great Statesman, peaceful organiser, philosopher, poet and a nation builder."

"ਉਹ (ਗੁਰੂ ਅਰਜਨ ਸਾਹਿਬ)ਇਕ ਮਹਾਨ ਨੀਤੀਵਾਨ, ਸ਼ਾਂਤਮਈ ਪ੍ਰਬੰਧਕ, ਦਾਰਸ਼ਨਿਕ, ਕਵੀ ਅਤੇ ਕੌਮ ਉਸਰੱਈਏ ਸਨ।"

Duncan Greenless: ਗੁਰੂ ਅਰਜਨ ਸਾਹਿਬ ਦੀ ਪ੍ਰਸਿੱਧ ਰਚਨਾ ਸੁਖਮਨੀ ਸਾਹਿਬ ਬਾਰੇ ਇਹੋ ਵਿਦਵਾਨ ਲਿਖਦਾ ਹੈ:

"It teaches us how to attain peace through life itself and not by running away from it."

"ਇਹ (ਸੁਖਮਨੀ ਸਾਹਿਬ)ਸਾਨੂੰ ਸਿਖਾਉਂਦੀ ਹੈ ਕਿ ਜੀਵਨ 'ਚੋਂ ਹੀ ਕਿਵੇਂ ਸ਼ਾਂਤੀ ਲੱਭਦੀ ਹੈ ਨਾ ਕਿ ਇਸ ਤੋਂ ਭੱਜ ਕੇ।"

'ਸ਼ਹਾਦਤ (ਗੁਰੂ ਅਰਜਨ ਸਾਹਿਬ ਦੀ)ਨੂੰ ਧਰਮ ਵਾਸਤੇ ਹੋਈ ਸ਼ਹਾਦਤ ਸਮਝਿਆ ਗਿਆ। ਇਸ ਸ਼ਹਾਦਤ ਨੇ ਧਾਰਮਿਕ ਜਜ਼ਬਿਆਂ ਨੂੰ ਝੰਜੋੜਿਆ ਅਤੇ ਚੁਪ ਕਰਕੇ ਬੈਠੀ ਕੌਮ ਨੂੰ ਲੜਾਕਾ ਬਣਾ ਦਿੱਤਾ। ਇਸੇ ਸ਼ਹਾਦਤ ਨੂੰ ਇਕੋ ਮੋੜ ਨਾਲ ਤੁਲਨਾ ਦਿੱਤੀ ਜਾ ਸਕਦੀ ਹੈ। ਇਸ ਸ਼ਹਾਦਤ ਨਾਲ ਸਿੱਖ ਲਹਿਰ ਦੀ ਸ਼ਕਲ ਹੀ ਬਦਲ ਗਈ। ਨਵੇਂ ਗੁਰੂ 'ਚ ਰਾਜਸੀ ਭਾਵਵਧੇਰੇ ਤਤਪਰ ਹੋ ਗਏ। ਉਹਨਾਂ ਨੇ ਫੌਜੀ ਬਾਣਾ ਧਾਰਨ ਕਰ ਲਿਆ ਅਤੇ ਸਿੱਖਾਂ 'ਚ ਸ਼ਸਤਰਾਂ ਦਾ ਪਿਆਰ ਵੀ ਜਾਗ ਪਿਆ। ਗੁਰੂ ਹਰਿਗੋਬਿੰਦ ਸਾਹਿਬ ਨੇ ਮਾਲਾ ਨੂੰ ਇਕ ਪਾਸੇ ਕਰਕੇ ਉਸ

ਮਾਲਾ ਨੂੰ ਤਲਵਾਰ ਦੇ ਕਬਜ਼ੇ ਨਾਲ ਬੰਨ੍ਹਿਆ ਤਾਂ ਜੋ ਧਰਮ ਦੀ ਰੱਖਿਆ ਕੀਤੀ ਜਾ ਸਕੇ। ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਤੋਂ ਪਿਛੋਂ ਰਾਜਨੀਤਕ ਝੁਕਾ ਸਿੱਖਾਂ 'ਚ ਪਰਗਟ ਹੋ ਗਏ।' **(ਜਾਰਡਨ)**

ਪੇਨ ਅਤੇ ਸਕਾਟ

"ਗੁਰੂ ਅਰਜਨ ਸਾਹਿਬ ਜੋ ਸਿੱਖਾਂ ਦੇ ਪੰਜਵੇਂ ਗੁਰੂ ਹਨ, ਉਹਨਾਂ ਨੇ ਗੁਰੂ ਨਾਨਕ ਜੀ ਦੇ ਉਪਦੇਸ਼ਾਂ ਨੂੰ ਸਹੀ ਸਮਝਿਆ ਅਤੇ ਉਨ੍ਹਾਂ ਦਾ ਠੀਕ ਪਰਚਾਰ ਕਰਨ ਦਾ ਜ਼ਿਮਾ ਆਪਣੇ 'ਤੇ ਲਿਆ।"

ਮੁਹਿਸਨਫਾਨੀ

"ਗੁਰੂ ਅਰਜਨ ਸਾਹਿਬ ਸਮੇਂ ਸਿੱਖਾਂ ਦੀ ਗਿਣਤੀ ਬਹੁਤ ਵਧ ਗਈ ਸੀ। ਕੋਈ ਅਜਿਹਾ ਵੱਡਾ ਸ਼ਹਿਰ ਦੇਸ਼ 'ਚ ਨਹੀਂ ਸੀ ਜਿੱਥੇ ਸਿੱਖ ਨਾ ਵਸਦੇ ਹੋਣ। ਗੁਰੂ ਹਰਿਗੋਬਿੰਦ ਸਾਹਿਬ ਨੂੰ ਕਈ ਤਕਲੀਫਾਂ ਦਾ ਸਾਹਮਣਾ ਕਰਨਾ ਪਿਆ। ਆਪਣੇ ਪਿਤਾ ਦੇ ਅਸੂਲਾਂ ਤੋਂ ਇਲਾਵਾ ਉਹਨਾਂ ਤਲਵਾਰ ਵੀ ਧਾਰਨ ਕੀਤੀ, ਫੌਜਾਂ ਵੀ ਰੱਖੀਆਂ ਅਤੇ ਸ਼ਿਕਾਰ ਵੀ ਖੇਡਣਾ ਸ਼ੁਰੂ ਕੀਤਾ।"

ਬਿੰਗਲੇ

"ਜਿੱਥੇ ਗੁਰੂ ਅਰਜਨ ਸਾਹਿਬ ਨੇ ਸਿੱਖਾਂ ਨੂੰ ਇਕ ਧਰਮ ਪੁਸਤਕ (ਬੀੜ ਸਾਹਿਬ) ਦਿੱਤੀ, ਉਥੇ ਸਾਂਝੇ ਬੈਠਣ ਲਈ ਅੰਮ੍ਰਿਤਸਰ ਦੀ ਬਖਸ਼ਿਸ਼ ਵੀ ਕੀਤੀ। ਅੰਮ੍ਰਿਤਸਰ ਪੰਜਾਬ ਦੇ ਐਨ ਵਿਚਕਾਰ ਹੋਣ ਕਰਕੇ ਜਲਦੀ ਹੀ ਸਿੱਖੀ ਦਾ ਕੇਂਦਰ ਬਣ ਗਿਆ।"

ਗਰੀਨ ਲੀਜ਼

"ਜਿਸ ਤਰ੍ਹਾਂ ਉਮਰ ਬਿਨ ਖਿਤਾਬ ਦੀ ਸ਼ਖਸੀਅਤ ਮੁਸਲਮਾਨਾਂ ਨੂੰ ਹੈ, ਉਸੇ ਤਰ੍ਹਾਂ ਗੁਰੂ ਅਰਜਨ ਸਾਹਿਬ ਸਿੱਖਾਂ ਨੂੰ ਪਿਆਰਾ ਹੈ। ਗੁਰੂ ਅਰਜਨ ਸਾਹਿਬ ਇਕ ਵੱਡਾ ਨੀਤੀਵਾਨ, ਸ਼ਾਂਤ ਪ੍ਰਭਾਵਵਾਲਾ ਆਗੂ, ਫਿਲਾਸਫਰ ਅਤੇ ਇਕ ਉਚ ਕੋਟੀ ਦਾ ਕਵੀ ਸੀ। ਵੱਡੇ ਭਰਾਵਾਂ ਦੇ ਗੁਸੈਲ ਸੁਭਾ ਦੇ ਸਾਵ੍ਹੇਂ ਉਹਨਾਂ ਦਾ ਸੁਭਾਅ ਸਦਾ ਨਿਮਰਤਾ ਰੱਖਣੀ ਤੇ ਮਿਠਬੋਲੜਾ ਰਹਿਣਾ ਉਹਨਾਂ ਦੀ ਵਡਿੱਤਣ ਦਰਸਾਉਣ ਲਈ ਕਾਫੀ ਹੈ।"

ਡਾਕਟਰ ਗੋਕਲ ਚੰਦ ਨਾਰੰਗ

"ਹੁਣ ਲੋਕਾਂ ਸਾਹਮਣੇ ਉਹ ਪੁਰਸ਼ ਆਇਆ, ਜੋ ਜਮਾਂਦਰੂ ਕਵੀ, ਅਮਲੀ ਫਿਲਾਸਫਰ, ਤਕੜਾ ਆਗੂ ਅਤੇ ਇਕ ਨੀਤੀਵਾਨ ਸੀ। ਗੁਰੂ ਅਰਜਨ ਸਾਹਿਬ ਨੇ ਇਹ ਗੱਲ ਸਮਝ ਲਈ ਸੀ ਕਿ ਅੰਮ੍ਰਿਤਸਰ ਦਾ ਇਕ ਪਿੰਡ ਤੋਂ ਸ਼ਹਿਰ ਬਨਾਣਾ ਸਿੱਖੀ ਦੇ ਪਾਂਧੀ ਲਈ ਅਤਿ ਜ਼ਰੂਰੀ ਹੈ। ਇਕ ਕਿਸਮ ਦੀ ਰਿਆਸਤ ਗੁਰੂ ਸਾਹਿਬ ਦੇ ਵੇਲੇ ਤੋਂ ਬਣਨੀ ਸ਼ੁਰੂ ਹੋ ਗਈ ਸੀ।"

ਬੈਨਰ ਜੀ

"ਸੰਨ 1604 'ਚ ਸਿੱਖਾਂ ਨੇ ਇਕ ਮਜ਼ਬੂਤ ਜਥੇਬੰਦੀ ਬਣਾ ਲਈ। ਸੰਗਤਾਂ ਤੇ ਮਸੰਦਾਂ ਨਾਲ ਗੁੰਦੀ ਹੋਈ ਜਥੇਬੰਦੀ ਨੇ ਸਿੱਖਾਂ ਨੂੰ ਇਕੱਠਿਆਂ ਕਰ ਦਿੱਤਾ। ਗੁਰੂ ਨਾਲ ਸਿੱਧਾ ਸਬੰਧ ਹੋਣ ਨਾਲ ਅਤੇ ਮਾਇਆ ਦੀ ਥੁੜ ਨਾ ਹੋਣ ਕਾਰਨ ਸਿੱਖਾਂ ਨੇ ਆਤਮ ਨਿਰਣੇ (ਸੈਲਫ਼ ਗੌਰਮਿੰਟ) ਦਾ ਅਨੰਦ ਮਾਣ ਲਿਆ।"

ਮੈਲਕਮ

"ਗੁਰੂ ਅਰਜਨ ਸਾਹਿਬ ਪਹਿਲੇ ਗੁਰੂ ਸਨ, ਜਿਨ੍ਹਾਂ ਨੇ ਅਸੂਲਾਂ ਨੂੰ ਖਾਸ ਮਰਯਾਦਾ 'ਚ ਬੰਨ੍ਹਿਆ। ਇਸ ਦੇ ਸਦਕਾ ਸਿੱਖ ਇਕ ਦੂਜੇ ਦੇ ਨੇੜੇ ਹੋਏ ਅਤੇ ਉਹਨਾਂ ਦੀ ਗਿਣਤੀ ਵਧਣੀ ਸ਼ੁਰੂ ਹੋਈ। ਇਹ ਕਾਮਯਾਬੀਆਂ ਸ਼ਹਾਦਤ ਦਾ ਕਾਰਨ ਬਣੀਆਂ। ਹਕੂਮਤ ਨੇ ਸਿੱਖੀ ਦੇ ਪਸਾਰੇ ਨੂੰ ਵੇਖ ਕੇ ਜੋਸ਼ ਖਾਧਾ ਅਤੇ ਗੁਰੂ ਜੀ ਨੂੰ ਆਪਣੀ ਕੁਰਬਾਨੀ ਦੇਣੀ ਪਈ।"

ਮਿਸਟਰ ਟਰੰਪ:

"ਗੁਰੂ ਗਰੰਥ ਸਾਹਿਬ ਭਾਰਤੀਆਂ ਬੋਲੀਆਂ ਦਾ ਖ਼ਜ਼ਾਨਾ ਹੈ"

ਗਾਰਡਨ:

"ਗੁਰੂ ਅਰਜਨ (ਸਾਹਿਬ)ਨੇ ਸੋਚਿਆ ਕਿ ਕੌਮ ਨੂੰ ਸੁਤੰਤਰ ਕਰਨ ਲਈ ਅਤੇ ਖਿਆਲਾਂ ਦੀ ਸਾਂਝ ਪੈਦਾ ਕਰਨ ਲਈ ਜ਼ਰੂਰੀ ਹੈ ਕਿ ਉਹਨਾਂ ਦੀ ਆਪਣੀ ਬੋਲੀ 'ਚ ਪਵਿੱਤਰ ਕਾਨੂੰਨ ਦੀ ਪੁਸਤਕ ਦਿੱਤੀ ਜਾਵੇ।"

ਮੈਕਾਲਫ:

"ਸਾਨੂੰ ਸੰਸਾਰ 'ਚ ਕਿਸੇ ਵੀ ਵੱਡੇ ਧਾਰਮਿਕ ਆਗੂ ਦੀ ਆਪਣੀ ਹੱਥੀ ਲਿਖੀ ਹੋਈ ਇਕ ਲਾਈਨ਼ ਵੀ ਨਹੀਂ ਮਿਲਦੀ। ਉਹਨਾਂ ਦੇ ਪ੍ਰਚਾਰ ਦਾ ਪਤਾ ਸਾਨੂੰ ਪ੍ਰਚਲਤ ਰਵਾਇਤਾਂ ਜਾਂ ਹੋਰਨਾਂ ਦੀਆਂ ਲਿਖਤਾਂ ਤੋਂ ਲੱਗਦਾ ਹੈ। ਬੁਧ, ਸੁਕਰਾਤ, ਫੈਸਾਕੋਰਸ ਆਦਿ ਦੀ ਵੀ ਕੋਈ ਲਿਖਤ ਨਹੀਂ ਮਿਲਦੀ। ਇਸਾਈ ਮਤ ਦੇ ਬਾਨੀ ਨੇ ਵੀ ਆਪਣੇ ਸਿਧਾਂਤਾਂ ਨੂੰ ਲਿਖਤ ਰੂਪ 'ਚ ਪੇਸ਼ ਨਹੀਂ ਕੀਤਾ। ਮੁਹੰਮਦ ਸਾਹਿਬ ਨੇ ਵੀ ਕੁਰਾਨ ਨੂੰ ਆਪਣੀ ਕਲਮ ਨਾਲ ਨਹੀਂ ਲਿਖਿਆ, ਸਗੋਂ ਉਸ ਨੂੰ ਖਲੀਫਿਆਂ ਜਾਂ ਨਾਮ ਲੇਵਿਆਂ ਨੇ ਹੀ ਲਿਖਿਆ ਜਾਂ ਇਕੱਤਰ ਕੀਤਾ। ਪ੍ਰੰਤੂ ਸਿੱਖ ਗੁਰੂਆਂ ਦੀ ਬਾਣੀ ਉਹਨਾਂ ਦੀ ਆਪਣੀ ਹੱਥੀਂ ਲਿਖੀ ਤੇ ਸੰਭਾਲੀ ਹੋਈ ਮਿਲਦੀ ਹੈ ਅਤੇ ਜੋ ਕੁਝ ਸਿਖਿਆ ਉਹਨਾਂ ਨੇ ਦਿੱਤੀ ਹੈ, ਸਾਨੂੰ ਉਸ ਦਾ ਪਤਾ ਉਹਨਾਂ ਦੀਆਂ ਆਪਣੀਆਂ ਲਿਖਤਾਂ ਤੋਂ ਹੀ ਲੱਗਦਾ ਹੈ।"

ਈਸ਼ਵਰੀ ਪ੍ਰਸ਼ਾਦ:

ਆਪਣੀ ਪੁਸਤਕ **(The Greatest Book of Synthesis Worthy of reverence)** 'ਚ 'ਆਈਨੇ ਅਕਬਰੀ' ਦਾ ਹਵਾਲੇ ਦੇਂਦੇ ਹੋਏ ਲਿਖਦੇ ਹਨ। "ਇਹ ਪਹਿਲਾ ਧਾਰਮਿਕ ਗਰੰਥ ਹੈ, ਜਿਸ 'ਚ ਦੇਸ਼ਾਂ, ਨਸਲਾਂ ਦੀਆਂ ਵਿਥਾਂ ਨੂੰ ਮੇਟ ਕੇ, ਹਰ ਹਿੰਦੂ, ਮੁਸਲਮਾਨ ਤੇ ਅਛੂਤ ਦੇ ਪਵਿੱਤਰ ਰੂਹਾਨੀ ਬਚਨਾਂ ਨੂੰ ਇਕੱਤਰ ਕਰ ਕੇ, ਇਕ ਸਮਾਨ ਸਤਿਕਾਰ ਦਿੱਤਾ ਹੈ। ਮੁਗ਼ਲ ਬਾਦਸ਼ਾਹ ਅਕਬਰ ਨੇ ਇਸ ਦਾ ਸਨਮਾਨ ਕਰਦੇ ਹੋਏ ਇਸ ਨੂੰ ਮਹਾਨ ਪਵਿੱਤਰ ਤੇ ਵੱਖ-ਵੱਖ ਖਿਆਲਾਂ ਦੇ ਮੇਲ ਦਾ ਗਰੰਥ ਮੰਨ ਕੇ ਸਿਰ ਝੁਕਾਇਆ ਸੀ।"

"ਗੁਰੂ ਗਰੰਥ ਸਾਹਿਬ ਨੂੰ ਕਈ ਥਾਵਾਂ ਤੋਂ ਪੜ੍ਹਾਉਣ ਤੋਂ ਪਿਛੋਂ ਮੁਗ਼ਲ ਬਾਦਸ਼ਾਹ ਅਕਬਰ ਬਹੁਤ ਪ੍ਰਸੰਨ ਹੋਇਆ ਅਤੇ ਉਸ ਨੇ 500 ਅਸ਼ਰਫੀ ਬਾਨੀ ਦੀ ਭੇਟਾ ਕੀਤੀ। 'ਆਈਨੇ ਅਕਬਰੀ 'ਚ ਪੰਨਾ 150 ਤੇ ਲਿਖਿਆ ਹੈ ਕਿ ਅਕਬਰ ਗੁਰੂ ਅਰਜਨ ਸਾਹਿਬ ਨੂੰ ਮਿਲਣ ਲਈ 24 ਨਵੰਬਰ 1598 ਈ: ਨੂੰ ਗੋਇੰਦਵਾਲ ਗਿਆ।"

ਸੁਜਾਨ ਰਾਏ:

"ਸਿੱਖਾਂ ਦੇ ਕੋਲ ਪੂਜਣ ਦਾ ਕੇਵਲ ਇਕ ਹੀ ਢੰਗ ਹੈ। ਉਹ ਗੁਰੂ ਦੀ ਬਾਣੀ ਦੇ ਸ਼ਬਦ ਪੜ੍ਹਦੇ ਹਨ ਅਤੇ ਬੜੇ ਪਿਆਰ ਨਾਲ ਰਾਗ 'ਚ ਗਾਉਂਦੇ ਹਨ।ਹਰਿਮੰਦਰ ਸਾਹਿਬ 'ਚ ਅਜੇ ਤਕ ਦਿਨ ਰਾਤ ਗੁਰਬਾਣੀ ਗਾਉਣ ਤੋਂ ਬਿਨਾਂ ਹੋਰ ਕੁਝ ਬੋਲਣ ਦੀ ਆਗਿਆ ਨਹੀਂ।"

ਡਾਕਟਰ ਰਾਧਾ ਕਰਿਸ਼ਨਨ:

"ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਤਿਨਾਮ ਵਾਲੀਆਂ ਉਹਨਾਂ ਧੁਨੀਆਂ ਅੱਗੇ ਜਿਨ੍ਹਾਂ ਨੂੰ ਨਿਰਮਲ ਵੇਦਨਾ ਅਤੇ ਅਪਾਰ ਸ਼ਰਧਾ 'ਚ ਗੜੂੰਦ ਹੋ ਗਾਇਆ ਗਿਆ ਹੈ, ਸਾਗਰਾਂ ਦੀਆਂ ਵਿਥਾਂ ਅਤੇ ਪਹਾੜਾਂ ਦੀਆਂ ਰੋਕਾਂ ਰਾਹ ਦੇਣਗੀਆਂ।"


ਗੁਰੂ ਅਰਜਨ ਦੇਵਜੀ ਦੀ ਬਾਣੀ 'ਚੋਂ ਦਮਕਾਂ ਮਾਰਦੀ ਉਹਨਾਂ ਦੀ ਰੂਹਾਨੀ ਪਰਉਪਕਾਰੀ ਸ਼ਖਸੀਅਤ

- ਮੀਤੁ ਕਰੈ ਸੋਈ ਹਮ ਮਾਨਾ॥ ਮੀਤ ਕੇ ਕਰਤਬ ਕੁਸਲ ਸਮਾਨਾ॥ (ਪੰਨਾ 187)
- ਪਰ ਕਾ ਬੁਰਾ ਨ ਰਾਖਹੁ ਚੀਤ॥
  ਤੁਮ ਕਉ ਦੁਖੁ ਨਹੀ ਭਾਈ ਮੀਤ॥ (ਪੰਨਾ 386)
- ਸਭੁ ਕੋ ਮੀਤ ਹਮ ਆਪਨ ਕੀ
  ਤਾ ਹਮ ਸਭਨਾ ਕੇ ਸਾਜਨ॥ (ਪੰਨਾ 671)
- ਬੁਰਾ ਭਲਾ ਕਹੁ ਕਿਸ ਨੂੰ ਕੀਐ ਸਗਲੇ ਜੀਅ ਤੁਮਾਰੇ॥ (ਪੰਨਾ 383)
- ਮਿਤ੍ਰ ਸਤ੍ਰ ਜਾ ਕੈ ਏਕ ਸਮਾਨੈ॥ ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ॥
  (ਪੰਨਾ 392)
- ਮਿਤ੍ਰ ਸਤ੍ਰ ਸਭ ਏਕ ਸਮਾਨੇ ਜੋਗ ਜੁਗਤਿ ਨੀਸਾਨੀ॥ (ਪੰਨਾ 496)
- ਨਾ ਕੋ ਦੁਸਮਨੁ ਦੋਖੀਆ ਨਾਹੀ ਕੋ ਮੰਦਾ (ਪੰਨਾ: 400)
- ਨਾ ਹਮ ਹਿੰਦੂ ਨ ਮੁਸਲਮਾਨ॥
  ਅਲਹ ਰਾਮ ਕੇ ਪਿੰਡ ਪਰਾਨ॥ (ਪੰਨਾ 1136)
- ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥
  (ਪੰਨਾ 97)
- ਰੋਸੁ ਨ ਕਾਹੂ ਸੰਗ ਕਰਹੁ ਆਪਨ ਆਪੁ ਬੀਚਾਰਿ॥
  ਹੋਇ ਨਿਮਾਨਾ ਜਗਿ ਰਹਹੁ ਨਾਨਕ ਨਦਰੀ ਪਾਰਿ॥ (ਪੰਨਾ 259)
- ਬੁਰਾ ਭਲਾ ਕਹੁ ਕਿਸ ਨੋ ਕਹੀਐ ਸਗਲੇ ਜੀਅ ਤੁਮਾਰੇ॥ (ਪੰਨਾ 383)
- ਮੰਦਾ ਨਾਹਿ ਕੋਇ ਹਾਂ॥ ਸੰਤ ਕੀ ਰੇਨ ਹੋਇ ਹਾਂ॥ (ਪੰਨਾ 410)
- ਭੈ ਬਿਨਸੇ ਭ੍ਰਮ ਮੋਹ ਗਏ ਕੋ ਦਿਸੈ ਨ ਬੀਆ॥
  ਨਾਨਕ ਰਾਖੇ ਪਾਰਬ੍ਰਹਮਿ ਫਿਰਿ ਦੂਖੁ ਨ ਥੀਆ॥ (ਪੰਨਾ 400)
- ਨਾ ਕੋ ਦੁਸਮਨੁ ਦੋਖੀਆ ਨਾ ਹੀ ਕੋ ਮੰਦਾ॥ (ਪੰਨਾ400)
- ਤੁਮਰੀ ਕ੍ਰਿਪਾ ਤੇ ਸਭੁ ਕੋ ਅਪਨਾ ਮਨ ਮਹਿ ਇਹੈ ਬੀਚਾਰਿਓ॥ (ਪੰਨਾ 529)

- ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ॥
  ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ॥ (ਪੰਨਾ 671)
- ਹਮ ਨਹੀ ਚੰਗੇ ਬੁਰਾ ਨਹੀ ਕੋਇ॥ (ਪੰਨਾ 728)
- ਨਾ ਕੋ ਬੈਰੀ ਨਾ ਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥
  (ਪੰ:1299)
- ਫਰੀਦਾ ਖਾਲਕੁ ਖਲਕ ਮਹਿ, ਖਲਕ ਵਸੈ ਰਬ ਮਾਹਿ॥
  ਮੰਦਾ ਕਿਸ ਨੋ ਆਖੀਐ, ਜਾ ਤਿਸੁ ਬਿਨੁ ਕੋਈ ਨਾਹਿ॥ (ਪੰਨਾ 1381)
- ਦਾਸਹ ਰੇਨੁ ਹੋਇ ਹਾਂ॥ (ਪੰਨਾ 410)
- ਪਹਿਲਾ ਮਰਣੁ ਕਬੂਲਿ, ਜੀਵਣ ਕੀ ਛਡਿ ਆਸ॥
  ਹੋਹੁ ਸਭਨਾ ਕੀ ਰੇਣੁਕਾ, ਤਉ ਆਉ ਹਮਾਰੈ ਪਾਸਿ॥ (ਪੰਨਾ 1102)
- ਮਨ ਅਪੁਨੇ ਤੇ ਬੁਰਾ ਮਿਟਾਨਾ॥
  ਪੇਖੈ ਸਗਲ ਸ੍ਰਿਸਟਿ ਸਾਜਨਾ॥ (ਪੰਨਾ 266)
- ਬਾਹਰਿ ਗਿਆਨ ਧਿਆਨ ਇਸਨਾਨ॥
  ਅੰਤਰਿ ਬਿਆਪੈ ਲੋਭੁ ਸੁਆਨੁ॥ (ਪੰਨਾ 267)
- ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ॥
  ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ॥ (ਪੰਨਾ 1000)
- ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ॥
  ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ॥
  (ਪੰਨਾ 1000)
- ਸੇਵਕ ਕੀ ਓੜਕਿ ਨਿਬਹੀ ਪ੍ਰੀਤਿ॥
  ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ। (ਪੰਨਾ 1000)

ਸਮਾਂ ਕਈ ਵਾਰ ਕਿਤਨਾ ਹੀ ਜ਼ਿਆਦਾ ਬੇ-ਲਿਹਾਜ਼ ਤੇ ਇਨਸਾਨ ਕਿਤਨਾ ਨਿਰਦਈ, ਅੰਨ੍ਹਾ, ਮੁਤਅੱਸਬੀ ਅਤੇ ਸੁਆਰਥੀ ਬਣ ਜਾਂਦਾ ਹੈ। ਗੁਰੂ ਅਰਜਨ ਸਾਹਿਬ ਵਰਗੀ ਨਿਰਮਾਣ ਸ਼ਖਸੀਅਤ, ਰੱਬੀ-ਸੰਗੀਤ ਨਾਲ ਮਖਮੂਰ, 'ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ' ਦਾ ਤਰਾਨਾ ਗਾਉਣ ਵਾਲੀ ਅਤੇ 'ਸਭੁ ਕੋ ਮੀਤ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ' ਦਾ ਨਾਅਰਾ ਬੁਲੰਦ ਕਰਨ ਵਾਲੀ ਦਿੱਬ-ਦ੍ਰਿਸ਼ਟ ਆਤਮਾ ਨੂੰ ਤਸੀਹੇ ਦੇਕੇ ਸ਼ਹੀਦ ਕੀਤਾ ਜਾਣਾ ਇਨਸਾਨ ਦੀ ਪਰਲੇ ਦਰਜੇ ਦੀ ਅੰਨ੍ਹੀ ਕਠੋਰਤਾ ਦਾ ਅਣਕਿਆਸਿਆ ਨਮੂਨਾ ਹੈ। ਉਹ ਕਿਤਨੇਂ ਪੱਥਰ ਦਿਲ, ਤੰਗ ਦਿਲ ਅਤੇ ਤਅੱਸੁਬੀ ਹੋਣਗੇ, ਜਿਨ੍ਹਾਂ ਨੇ 'ਬੁਰਾ ਭਲਾ ਕਹੁ ਕਿਸ ਨੋ ਕਹੀਐ ਸਗਲੇ ਜੀਅ ਤੁਮਾਰੇ' ਰਾਹੀਂ ਸਭ ਨੂੰ ਪਰਮਾਤਮਾ ਦੇ ਜੀਵਦੱਸਣ ਤੇ ਪਿਆਰ ਕਰਨ ਵਾਲੇ, 'ਤੁਮਰੀ ਕ੍ਰਿਪਾ ਤੇ ਸਭੁ ਕੋ ਅਪਨਾ ਮਨ ਮਹਿ ਇਹੈ ਬੀਚਾਰਿਓ॥' ਦੇ ਫੁਰਮਾਨ ਰਾਹੀਂ ਅਕਾਲ ਪੁਰਖ ਦੇ ਪੈਦਾ ਕੀਤੇ ਹੋਏ ਹਰ ਪ੍ਰਾਣੀ ਨੂੰ ਆਪਣਾ ਸਮਝਣ ਵਾਲੀ ਮਹਾਨ ਆਤਮਾ, 'ਹਮ ਨਹੀ ਚੰਗੇ ਬੁਰਾ ਨਹੀ ਕੋਇ॥' ਹਰੇਕ ਨੂੰ ਚੰਗਾ ਸਮਝਣ ਵਾਲੇ ਸਮਦ੍ਰਿਸ਼ਟ ਲੋਕ-ਹਿਤੈਸ਼ੀ ਨੂੰ ਇਤਨੇ ਅਜ਼ਾਬ ਦੇਕੇ ਸ਼ਹੀਦ ਕੀਤਾ ਸੀ।

ਉਹ ਕਿਤਨੇ ਹੀ ਜ਼ਿਆਦਾ ਨਿਰਦਈ, ਕਿਤਨੇ ਹੀ ਪੱਥਰ ਦਿਲ, ਕਿਤਨੇ ਜ਼ਾਲਮ, ਕਿਤਨੇ ਕਠੋਰ-ਚਿੱਤ, ਕਿਤਨੇ ਨੀਚ, ਕਿਤਨੀ ਗਿਰਾਵਟ ਅਤੇ ਕਿਤਨੀ ਵਹਿਸ਼ੀਆਨਾ ਜ਼ਮੀਰ ਦੇ ਮਾਲਕ ਹੋਣਗੇ, ਜਿਨ੍ਹਾਂ ਨੇ ਅੱਤ ਦੀ ਨਿਮਰਤਾ ਤੇ ਨਿਰਮਾਣਤਾ ਤੇ ਸ਼ਾਂਤੀ ਦੇ ਪੁੰਜ, ਪਿਆਰ, ਹਮਦਰਦੀ ਤੇ ਸੁਹਿਰਦਤਾ ਦੇ ਸਾਗਰ, ਲੋਕ ਭਲਾਈ ਦੇ ਸ਼ੈਦਾਈ, ਉੱਚ ਦਰਜੇ ਦੇ ਮਾਨਵ-ਹਿਤੈਸ਼ੀ, ਮਹਾਨ ਅਧਿਆਤਮਿਕ ਅਨੁਭਵੀ, ਉੱਚਤਮ ਸਾਹਿਤਕ ਅਜ਼ਮਤ ਦੇ ਮਾਲਕ ਅਤੇ ਮਹਾਨ ਬ੍ਰਹਮ ਗਿਆਨੀ ਗੁਰੂ ਅਰਜਨ ਸਾਹਿਬ ਨੂੰ ਹਾੜ੍ਹ ਦੇ ਅਤਿ ਤਪਤ ਮਹੀਨੇ 'ਚ ਲਾਲ ਤੱਤੀ ਤਵੀ 'ਤੇ ਬਿਠਾ ਕੇ, ਸੀਸ 'ਤੇ ਤੱਤਾ ਰੇਤਾ ਪਾ ਕੇ ਅਤੇ ਉਬਲਦੀ ਦੇਗ 'ਚ ਬਿਠਾ ਕੇ ਅਣਮਨੁੱਖੀ ਤਸੀਹੇ ਦੇਂਦਿਆਂ ਸ਼ਹੀਦ ਕੀਤਾ। ਵਹਿਸ਼ੀਪੁਣੇ ਦੀ ਉਹ ਇਕ ਅੱਤ ਸੀ ਪਰੰਤੂ ਸ਼ਾਂਤੀ ਦੇ ਪੁੰਜ ਦੀ ਸਹਿਨਸ਼ੀਲਤਾ ਨੇ ਉਸ ਨੂੰ ਵੀ ਮਾਤ ਕਰ ਵਿਖਾਇਆ। ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਸ਼ੈਤਾਨੀਅਤ ਨੇ ਗੁਰੂ ਸਾਹਿਬ ਦੇ ਸਰੀਰ ਨੂੰ ਤਾਂ ਖਤਮ ਕਰ ਲਿਆ ਸੀ ਪਰੰਤੂ ਗੁਰੂ ਸਾਹਿਬ ਦੀ ਸਿਧਾਂਤਕ ਸੱਚ ਦੀ ਜਗਾਈ ਅਬੁੱਝ ਜੋਤਿ ਅੱਜ ਵੀ ਲਟ-ਲਟ ਜਗ ਰਹੀ ਹੈ, ਸਾਰੀ ਮਨੁੱਖਤਾ ਨੂੰ ਚਾਨਣ ਦੇ ਰਹੀ ਹੈ ਅਤੇ ਤਪਦੀਆਂ ਰੂਹਾਂ ਨੂੰ ਠਾਰ ਰਹੀ ਹੈ।



S.S.NARANG
19-MANOR AVE
HOUNSLOW, MIDDX.(U.K)